# GURU NANAK BANI WICH MANAV-VAD DA SANKALP

# ਗੁਰੂ ਨਾਨਕ ਬਾਣੀ ਵਿਚ ਮਾਨਵਵਾਦ ਦਾ ਸੰਕਲਪ

THESIS
SUBMITTED TO THE PANJAB UNIVERSITY, CHANDIGARH
FOR THE DEGREE OF

**Doctor of Philosophy**

IN THE FACULTY OF LANGUAGES
January, 1990

PANJAB UNIVERSITY LIBRARY

By
**BALJIT KAUR**

# ਸ ਮ ਰ ਪ ਣ

**
**
**
**
**

ਪਰਮ ਸਤਿਕਾਰਯੋਗ ਸਵਰਗਵਾਸੀ ਭੈਣ ਜੀ

ਸ੍ਰੀਮਤੀ ਜਸਬੀਰ ਕੌਰ ਜੀ ਨੂੰ,

ਜਿਹੜੇ ਮੈਨੂੰ ਮਾਨਵਵਾਦੀ ਰਾਹਾਂ ਦੀ

ਸੇਧ ਦੇ ਕੇ

ਆਪ ਲੋਕਰਤ ਸਦੀਵੀ ਵਿਛੋੜਾ ਦੇ ਗਏ।

****

## ਤ ਤ ਕ ਰਾ


| | ਪੰਨਾ |
|---|---|
| ਧੰਨਵਾਦ | |
| ਭੂਮਿਕਾ: ਵਿਸ਼ਾ ਪ੍ਰਵੇਸ਼ | 1-6 |
| **ਅਧਿਆਇ ਪਹਿਲਾ:** | 7-76 |
| ਮਾਨਵਵਾਦ ਦਾ ਸੰਕਲਪ | |
| (ੳ) ਮਾਨਵਵਾਦ: ਪਰਿਭਾਸ਼ਾ ਤੇ ਲੱਛਣ | |
| (ਅ) ਮਾਨਵਵਾਦ: ਇਤਿਹਾਸਕ ਪਰਿਪੇਖ ਵਿਚ | |
| ਭਾਰਤੀ ਚਿੰਤਨ ਪਰੰਪਰਾ | |
| ਪੱਛਮੀ ਚਿੰਤਨ ਪਰੰਪਰਾ | |
| (ੲ) ਗੁਰੂ ਨਾਨਕ ਦਾ ਮਾਨਵਵਾਦ | |
| **ਅਧਿਆਇ ਦੂਜਾ:** | 77-124 |
| ਗੁਰੂ ਨਾਨਕ ਬਾਣੀ ਵਿਚ ਮਾਨਵਵਾਦ ਦਾ ਸੰਕਲਪ | |
| ਧਾਰਮਿਕ ਸੰਦਰਭ ਵਿਚ ਮਾਨਵਵਾਦ ਦਾ ਸੰਕਲਪ | |
| (ੳ) ਧਰਮ ਅਤੇ ਮਾਨਵੀ ਕੀਮਤਾਂ | |
| (ਅ) ੧ਓ ਮਾਨਵੀ ਏਕਤਾ ਦਾ ਪ੍ਰਤੀਕ | |
| (ੲ) ਕੂੜਿਆਰ ਤੋ ਸਚਿਆਰ ਵੱਲ | |
| **ਅਧਿਆਇ ਤੀਜਾ:** | 125-180 |
| ਸਮਾਜਿਕ ਸੰਦਰਭ ਵਿਚ ਮਾਨਵਵਾਦ ਦਾ ਸੰਕਲਪ | |
| (ੳ) ਗੁਰੂ ਨਾਨਕ ਤੇ ਸਮੇਂ ਦੀ ਸਮਾਜਿਕ ਸਥਿਤੀ | |
| (ਅ) ਅਮਾਨਵੀ ਕੀਮਤਾਂ ਤੋ ਮਾਨਵੀ ਕੀਮਤਾਂ ਵੱਲ | |
| (ੲ) ਇਸਤ੍ਰੀ-ਜਾਤੀ ਦਾ ਆਦਰ: ਮਾਨਵਵਾਦੀ ਦ੍ਰਿਸ਼ਟੀਕੋਣ | |

ਪੰਨਾ

ਅਧਿਆਇ ਚੌਥਾ: 181-211

ਰਾਜਨੀਤਿਕ ਅਤੇ ਆਰਥਿਕ ਸੰਦਰਭ ਵਿਚ ਮਾਨਵਵਾਦ ਦਾ ਸੰਕਲਪ

ਅਧਿਆਇ ਪੰਜਵਾਂ: 212-278

ਸਦਾਚਾਰਕ ਸੰਦਰਭ ਅਤੇ ਮਾਨਵਵਾਦ

(ੳ) ਮਾਨਵਵਾਦ ਦਾ ਆਧਾਰ-ਭੂਤ ਤੱਤ:ਸਦਾਚਾਰ

(ਅ) ਮਨੁੱਖ ਦੀ ਅੰਦਰੂਨੀ ਸ਼ਖਸੀਅਤ ਦਾ ਵਿਕਾਸ ਅਤੇ ਮਾਨਵਵਾਦ

(ੲ) ਗੁਰੂ ਨਾਨਕ ਬਾਣੀ ਰਾਹੀਂ ਵਿਸ਼ਵ-ਧਰਮ ਦੀ ਸਥਾਪਨਾ ।

ਸਿੰਘਾਵਲੋਕਨ 279-288

ਪੁਸਤਕ -ਸੂਚੀ 289-310

*****

## ਧੰਨਵਾਦ

ਮੈਂ ਧੰਨਵਾਦੀ ਹਾਂ:-

*** ਉਹਨਾਂ ਸਮੂਹ ਲੇਖਕਾਂ ਦੀ ਜਿਹਨਾਂ ਦੀਆਂ ਲਿਖਤਾਂ ਅਤੇ ਮੌਲਿਕ ਵਿਚਾਰਾਂ ਤੋਂ ਮੈਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਲਾਭ ਉਠਾਇਆ ।

*** ਪਰਮ ਸਤਿਕਾਰਯੋਗ ਡਾ. ਅਤਰ ਸਿੰਘ ਜੀ( ਬਾਬਾ ਫ਼ਰੀਦ ਚੇਅਰ) ਦੀ ਜਿਹਨਾਂ ਦੀ ਮੇਹਰਬਾਨੀ ਸਦਕਾ ਮਨਚਾਹੇ ਵਿਸ਼ੇ ਉਤੇ ਖੋਜ-ਨਿਬੰਧ ਲਿਖਣ ਦਾ ਅਵਸਰ ਪ੍ਰਾਪਤ ਹੋਇਆ ।

*** ਪੰਜਾਬੀ ਵਿਭਾਗ ਦੇ ਚੇਅਰਮੇਨ ਸਤਿਕਾਰਯੋਗ ਡਾ. ਕੇਸਰ ਸਿੰਘ ਜੀ ਕੇਸਰ ਜੀ ਦੀ ਜਿਹਨਾਂ ਦੀ ਵਿਦਵਤਾ ਤੋਂ ਮੈਂ ਹਮੇਸ਼ਾਂ ਪ੍ਰੇਰਨਾ ਲੈਂਦੀ ਰਹੀ ਹਾਂ।

*** ਆਪਣੇ ਖੋਜ-ਨਿਬੰਧ ਦੇ ਨਿਗਰਾਨ ਸਤਿਕਾਰਯੋਗ ਡਾ. ਰਘਬੀਰ ਸਿੰਘ ਜੀ ਦੀ, ਜਿਹਨਾਂ ਦੀ ਯੋਗ ਅਗਵਾਈ, ਬੌਧਿਕ ਸਹਾਇਤਾ ਅਤੇ ਪੂਰਨ ਸਹਿਯੋਗ ਨਾਲ ਇਹ ਕੰਮ ਮੁਕੰਮਲ ਹੋ ਸਕਿਆ ।

*** ਆਪਣੇ ਪਰਮ ਸਤਿਕਾਰਯੋਗ ਪਿਤਾ ਜੀ( ਪ੍ਰੋ. ਹਰਦਿਆਲ ਸਿੰਘ, ਐਮ.ਏ ਐਲ ਐਲ ਬੀ, ਗੌਰਮਿੰਟ ਪੋਸਟ ਗਰੈਜੂਏਟ ਨੈਸ਼ਨਲ ਕਾਲਿਜ ਸਿਰਸਾ,ਹਰਿਆਣਾ) ਦੀ ਸੁਹਿਰਦ ਅਤੇ ਕ੍ਰਿਪਾਲੂ ਦ੍ਰਿਸ਼ਟੀ ਦੀ,ਜਿਹਨਾਂ ਨੇ ਸਮੇਂ ਸਮੇਂ ਵਿਚਾਰ - ਵਟਾਂਦਰਾ ਕਰਕੇ ਮੇਰੀ ਗੁਰਬਾਣੀ ਪ੍ਰਤੀ ਸ਼ਰਧਾ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ ਅਤੇ ਇਸ ਪਰਿਪੇਖ ਨੂੰ ਸਮਝਣ ਵਿਚ ਭਰਪੂਰ ਮੁਲਵਾਨ ਅਗਵਾਈ ਕੀਤੀ।

*** ਸਤਿਕਾਰਯੋਗ ਡਾ.(ਮਿਸਿਜ਼) ਪੁਸ਼ਪਾ ਸ਼ਰਮਾ( ਪ੍ਰਿੰਸੀਪਲ,ਸੀ.ਐਮ.ਕੇ.ਨੈਸ਼ਨਲ ਗਰਲਜ਼ ਕਾਲਿਜ, ਸਰਸਾ, ਹਰਿਆਣਾ) ਦੀ ਜਿਹਨਾਂ ਤੋਂ ਵਿਅਕਤੀਗਤ ਰੂਪ ਵਿਚ ਮਿਲੀ ਪ੍ਰੇਰਨਾ ਅਤੇ ਪ੍ਰੋਤਸਾਹਨ ਲਈ ਮੈਂ ਸਦਾ ਹੀ ਆਭਾਰੀ ਰਹਾਂਗੀ।

*** ਆਪਣੇ ਮਾਨਯੋਗ ਪਤੀ( ਡਾ. ਗੁਰਮੁਖ ਸਿੰਘ ਜੀ,ਡੀ.ਐਚ.ਐਮ.ਐਸ.) ਦੀ ਜਿਹੜੇ ਮੇਰੇ ਜੀਵਨ ਦੇ ਹਰ ਪਹਿਲੂ ਵਿਚ ਸਦਾ ਹੀ ਪੂਰਨ ਰੂਪ ਵਿਚ ਸਹਿਯੋਗੀ ਰਹੇ।

*** ਮੈਂ ਆਪਣੀਆਂ ਸਹੇਲੀਆਂ ,ਮਿਸਿਜ਼ ਊਮਾ ਅਰੋੜਾ ਅਤੇ ਸੁਰਿੰਦਰ ਕੌਰ ਦੀ (ਰੀਸਰਚ ਸਕਾਲਰ, ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਜਿਹਨਾਂ ਤੋਂ ਮਿਲੇ ਸਨੇਹਮਈ ਸਹਿਯੋਗ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ।

****

## ਭੂਮਿਕਾ : ਵਿਸ਼ਾ ਪ੍ਰਵੇਸ਼

ਰਹੱਸਵਾਦ ਅਤੇ ਅਧਿਆਤਮਵਾਦ ਦੇ ਘੇਰੇ ਤੋਂ ਬਾਹਰ ਅਰਥਾਤ ਲੌਕਿਕ ਸੰਦਰਭ ਵਿਚ, ਗੁਰੂ ਨਾਨਕ ਦੇਵ ਜੀ ਦੇ ਚਿੰਤਨ ਦਾ ਅਧਿਐਨ ਅਤੇ ਇਸ ਸੰਦਰਭ ਵਿਚ ਅਨੁਸੰਧਾਨ ਦੀ ਪਰੰਪਰਾ ਦਾ ਮੁੱਢ, ਪਿਛਲੇ ਕੁਝ ਵਰ੍ਹਿਆਂ ਵਿਚ ਹੀ ਬੱਝਾ ਹੈ। ਮਾਨਵੀ ਉੱਨਤੀ ਲਈ ਬਹੁ- ਮੁਖੀ ਸਮਾਧਾਨ ਖੋਜਣੇ ਹੀ ਇਹ-ਲੋਕ ਦਾ ਸਰਬ-ਉੱਚ ਦਰਸ਼ਨ ਹੈ। ਨਵੀਨ ਪਰੰਪਰਾ ਦੇ ਇਸ ਆਰੰਭਕ ਦੌਰ ਵਿਚ ਮਾਨਵਵਾਦ ਵਰਗੀ ਨਵੀਂ ਕੀਮਤ-ਮੀਮਾਂਸਾ ਦੇ ਆਧਾਰ ਤੇ ਨਾਨਕ-ਬਾਣੀ ਦੀ ਘੋਖ-ਪਰਖ ਆਪਣੇ ਆਪ ਵਿਚ ਅਹਿਮੀਅਤ ਦੀ ਧਾਰਨੀ, ਆਨੰਦ ਦਾ ਇਕ ਅਮੁਕ ਸੋਮਾ ਹੈ।

ਵੀਹਵੀਂ ਸਦੀ ਨੇ ਸਾਡੇ ਦੇਸ਼ ਦੇ ਅਮੀਰ ਵਿਰਸੇ ਅਧਿਆਤਮਵਾਦ ਤੋਂ ਲੋਕਾਂ ਦਾ ਮੂੰਹ ਹੀ ਜਿਵੇਂ ਮੋੜ ਦਿੱਤਾ ਹੈ। ਪਦਾਰਥਵਾਦ ਨੇ ਸਾਡੇ ਜੀਵਨ ਦੇ ਹਰ ਖੇਤਰ ਉਤੇ ਆਪਣੀ ਛਾਇਆ ਪਾ ਦਿੱਤੀ ਹੋਈ ਹੈ, ਸਾਡਾ ਸੋਚਣ-ਢੰਗ ਬਦਲ ਗਿਆ ਹੈ, ਅਧਿਆਤਮਵਾਦ ਦੇ ਪਰਮਾਰਥ ਦੀ ਥਾਂ ਹੁਣ ਪਦਾਰਥਵਾਦ ਦੇ ਸੁਆਰਥ ਨੇ ਮੱਲ ਲਈ ਹੈ।

ਸਮਾਜਿਕ ਵਿਕਾਸ ਨੇ ਅਤੇ ਵਿਗਿਆਨ ਦੀ ਉੱਨਤੀ ਨੇ ਅੱਜ ਦੇ ਮਨੁੱਖ ਨੂੰ ਕਿਸੇ ਅਸੀਮ ਪ੍ਰਭੂ ਪਿੱਛੇ ਭਟਕਣ ਦੀ ਥਾਂ ਸਵੈ-ਸੰਪੂਰਨ ਹੋਣ ਦੀ ਰੁਚੀ ਵੱਲ ਪ੍ਰੇਰਿਆ ਹੈ। ਮਨੁੱਖ ਦੀਆਂ ਸਾਰੀਆਂ ਸ਼ਕਤੀਆਂ ਨਿੱਜੀ ਪੂਰਨਤਾ ਵਲ ਜੁਟ ਗਈਆਂ ਹਨ। ਇਹੋ ਕਾਰਣ ਹੈ ਕਿ ਪੂਰਬ-ਕਾਲੀ ਰਹੱਸਵਾਦ ਦੇ ਅਰਥ ਵੀ ਹੁਣ ਸਮਕਾਲੀਨ ਲੋੜਾਂ, ਕਦਰਾਂ-ਕੀਮਤਾਂ ਤੇ ਨਿਸ਼ਚੇ ਅਨੁਸਾਰ ਕੱਢੇ ਜਾਣ ਲੱਗ ਪਏ ਹਨ।

'ਅੱਜ ਮਨੁੱਖੀ ਜੀਵਨ ਵਿਚ ਪਰਉਪਕਾਰ, ਪਰਮਾਰਥ ਅਤੇ ਵਿਸ਼ਾਲਤਾ ਘੱਟ ਗਈ ਹੈ ਅਤੇ ਸੰਕੀਰਣਤਾ, ਸੁਆਰਥ ਵਧ ਗਿਆ ਹੈ। ਵਿਗਿਆਨ ਦੀ ਸਹਾਇਤਾ ਨਾਲ ਹੋਏ ਉਦਯੋਗੀਕਰਣ ਦੇ ਵਿਕਾਸ ਤੋਂ ਪ੍ਰਾਪਤ ਹੋਈ ਖੁਸ਼ਹਾਲੀ ਸਭ ਨੂੰ ਇਕੋ ਜਿਹੀ ਨਸੀਬ ਨਹੀਂ ਹੋਈ। ਨਿੱਤ ਦੇ ਮਾਹੌਲ ਵਿਚ ਮਨੁੱਖ ਅਜਨਬੀ ਹੋ ਗਿਆ ਹੈ। ਜਦੋਂ ਮਨੁੱਖ ਆਪਣੇ ਆਲੇ-ਦੁਆਲੇ ਦੇ ਮਾਹੌਲ ਨਾਲ ਹੀ ਇਕਸੁਰ ਨਹੀਂ ਤਾਂ ਉਹ ਸਮੁੱਚੀ ਮਾਨਵਤਾ ਨਾਲ ਕਿਵੇਂ ਇਕ-ਸੁਰ ਹੋਵੇਗਾ।

ਪਦਾਰਥਕ ਚੌਗਿਰਦੇ ਤੋਂ ਹੱਟ ਕੇ, ਮਨੁੱਖ ਨੂੰ ਅਧਿਆਤਮਕ ਚੌਗਿਰਦੇ 'ਚੋਂ ਹੀ ਸਕੂਨ ਲੱਭਣਾ ਪਵੇਗਾ। ਪਦਾਰਥਕ ਤੱਤਾਂ ਨੇ ਲਾਭ ਦਿੱਤਾ ਪਰ ਸਕੂਨ ਨਹੀਂ, ਕਿਉਂ? ਕਿਉਂਕਿ ਸਮਾਜ ਵਿਚ ਅਨਿਆਂ ਹੈ। ਮਨੁੱਖ ਦੁਖੀ ਹੈ। ਮਨੁੱਖਾ ਜੀਵਨ ਦੀ ਨਿਰਾਸਤਾ

ਨੇ ਉਸਨੂੰ ਮਾਨਵਤਾ ਦੇ ਸਾਰੇ ਤੱਤ ਨਾਲੋਂ ਤੋੜ ਦਿੱਤਾ ਹੈ। ਸਾਡੀ ਪ੍ਰੀਤਲੜੀ ਮਨੁੱਖ ਨੂੰ ਮਨੁੱਖ ਨਾਲ ਜੋੜਨ ਵਾਲੀ, ਟੁੱਟ ਗਈ ਹੈ। ਗੁਰੂ ਨਾਨਕ ਦਾ ਅਧਿਆਤਮਕ, ਮਾਨਵਵਾਦੀ ਚਿੰਤਨ ਹੀ ਇਸ ਖਿਖਰੇ ਹੋਏ ਮਨੁੱਖਤਾ ਨੂੰ ਏਕਤਾ ਦੇ ਸੂਤਰ ਵਿਚ ਪਿਰੋ ਸਕਦਾ ਹੈ। ਸਾਂਝਾ ਜਜ਼ਬਾ ਹੀ ਮਨੁੱਖਤਾ ਨੂੰ ਏਕਤਾ ਦੇ ਸੂਤਰ ਵਿਚ ਪਿਰੋ ਸਕਦਾ ਹੈ। ਅਧਿਆਤਮਿਕਤਾ ਦਾ ਇਕ ਗੁਣ ਇਹ ਵੀ ਹੈ ਕਿ ਇਹ ਸੰਬੰਧਿਤ ਜੀਵਾਂ ਵਿਚ ਸਾਂਝ ਪੈਦਾ ਕਰਦੀ ਹੈ। ਇਹ ਉਹ ਸ਼ਕਤੀ ਹੈ ਜਿਸ ਨਾਲ ਓਤ-ਪੋਤ ਹੋਣ ਨਾਲ ਜੀਵ ਆਪਣੇ ਗੁਆਂਢੀ ਨੂੰ ਭਾਈ ਸਮਝਦਾ ਹੈ ਅਤੇ ਆਪਣੇ ਆਪ ਨੂੰ ਇਕ ਜਮਾਤ ਦਾ ਸਾਂਝੀਦਾਰ ਮੰਨਦਾ ਹੈ। ਉਸਨੂੰ ਮਹਿਸੂਸ ਹੁੰਦਾ ਹੈ ਕਿ ਇਕ ਉੱਤਮ-ਸੰਪਰਕ ਦੇ ਅਧੀਨ ਉਹ ਦੋਵੇਂ ਇਕ ਰੁੱਖ ਦੇ ਦੋ ਟਾਹਣ ਹਨ। ਮਾਨਵ-ਵਿਅਕਤੀ ਵਿਚ ਚੰਗੇ ਤੱਤਾਂ ਦਾ ਲੋਪ ਕਦੇ ਵੀ ਨਹੀਂ ਹੁੰਦਾ। ਮਾਨਵਵਾਦੀ ਕੀਮਤਾਂ ਮਨੁੱਖੀ ਹਿਰਦੇ ਵਿਚ ਸਮੋਈਆਂ ਹੋਈਆਂ ਹਨ, ਲੋੜ ਸਿਰਫ, ਮਨੁੱਖ ਨੂੰ ਉਹਨਾਂ ਕੀਮਤਾਂ ਤੋਂ ਸੁਚੇਤ ਕਰਵਾਉਣ ਦੀ ਹੈ।

ਅੱਜ ਗੁਰਮਤਿ ਸਾਹਿਤ ਦਾ ਖੋਜਾਰਥੀ, ਮਧਕਾਲ ਦੇ ਪਾਠਕ ਜਾਂ ਸਰੋਤੇ ਨੂੰ ਸੰਬੋਧਨ ਨਹੀਂ ਕਰ ਰਿਹਾ, ਉਹ ਆਪਣੇ ਸਮਕਾਲੀ ਨੂੰ ਸੰਬੋਧਨ ਕਰ ਰਿਹਾ ਹੈ, ਜਿਸਨੇ ਜ਼ਿੰਦਗੀ ਬਾਬਤ ਹਰ ਗੱਲ ਵਿਗਿਆਨਕ ਚੇਤਨਤਾ ਦੇ ਰੂਪ ਵਿਚ ਹੀ ਸਮਝਣੀ ਸਿੱਖੀ ਹੋਈ ਹੈ। ਗੁਰਬਾਣੀ ਮਨੁੱਖ ਦੇ ਹਲਤ-ਪਲਤ ਦੋਹਾਂ ਦੀ ਰਾਖੀ ਕਰਦੀ ਹੈ। ਬਾਣੀ ਜ਼ਿੰਦਗੀ ਉਤੇ ਲਾਗੂ ਹੁੰਦੀ ਹੈ। ਗੁਰਬਾਣੀ ਮਾਨਵਵਾਦੀ ਕੀਮਤਾਂ ਦੀ ਪ੍ਰਕਟਤਾ ਹੈ। ਇਹ ਸਰਬ-ਸਾਂਝੀਵਾਲਤਾ ਦੀ ਲਖਾਇਕ ਹੈ।

ਜੇ ਸਭਿਅਤਾ, ਸਾਡੇ ਆਚਰਨ, ਬੁੱਧੀ, ਗਿਆਨ, ਸੌਂਦਰਯ, ਸਮਾਜਿਕ ਜੀਵਨ ਤੇ ਸਲੀਕੇ ਦੀ ਮਾਨਤਾ ਤੇ ਸੰਤੁਸ਼ਟਤਾ ਦਾ ਨਾਂ ਹੈ ਤਾਂ ਇਹਨਾਂ ਦੀ ਖੁਸ਼ਹਾਲੀ ਤੇ ਵਿਕਾਸ ਲਈ ਮਾਨਵੀ-ਮੁੱਲਾਂ ਅਤੇ ਮਾਨਵੀ ਸਭਿਅਤਾ ਨੂੰ ਸਰਬ-ਕਾਲੀ ਸਦੀਵੀ ਸ੍ਰੇਸ਼ਠਤਾ ਪ੍ਰਦਾਨ ਕਰਨ ਲਈ ਮਾਨਵਵਾਦੀ ਸੰਕਲਪਾਂ ਦਾ ਅਨੁਯਾਈ ਬਣਨਾ ਪਵੇਗਾ। ਇਸਦੇ ਨਾਲ ਨਾਲ ਦੁੱਖ ਦੀ ਗੱਲ ਇਹ ਹੈ ਕਿ : ਸੰਸਾਰ ਦੀ ਖੇਡ ਕੁਝ ਇਸ ਤਰ੍ਹਾਂ ਚਲ ਰਹੀ ਹੈ ਕਿ ਅਸੀਂ ਜਿੰਨੇ ਵੀ ਵਧੇਰੇ ਸਭਿਅ ਹੁੰਦੇ ਜਾ ਰਹੇ ਹਾਂ, ਵਿਗਿਆਨਕ ਉਨਤੀ ਦਾ ਆਨੰਦ ਮਾਣ ਰਹੇ ਹਾਂ, ਉਤਨੇ ਹੀ ਸਭਿਅਤਾ ਦੀ ਰਖਵਾਲੀ ਕਰਨ ਤੋਂ ਅਸਮਰਥ ਹੁੰਦੇ ਜਾ ਰਹੇ ਹਾਂ ਅਰਥਾਤ ਮਾਨਵਵਾਦ ਤੋਂ ਮੂੰਹ ਮੋੜੀ ਜਾ ਰਹੇ ਹਾਂ। ਇਸ ਸੰਸਾਰ ਵਿਚ ਨਵੀਂ ਰੂਹ ਤੇ ਨਵਾਂ ਰੰਗ ਮਾਨਵਵਾਦੀ ਦ੍ਰਿਸ਼ਟੀਕੋਣ ਹੀ ਭਰ ਸਕਦਾ ਹੈ। ਮਾਨਵਵਾਦ ਮਨੁੱਖ ਨੂੰ ਦਾਸਤਾ ਤੋਂ ਮੁਕਤ ਕਰਵਾ ਕੇ, ਮਾਨਵੀ ਗੌਰਵ (Human Dignity ) ਨੂੰ ਸਥਾਪਿਤ ਕਰਦਾ ਹੈ।

ਮਾਨਵਵਾਦੀ ਦ੍ਰਿਸ਼ਟੀਕੋਣ ਮਨੁੱਖ ਦੀ ਸੁਤੰਤਰਤਾ ਅਤੇ ਸਿਰਜਨਸ਼ੀਲਤਾ ਤੇ ਜ਼ੋਰ ਦਿੰਦਾ ਹੈ, ਸੰਕੀਰਣ ਅਤੇ ਸੰਪਰਦਾਇਕ ਭਾਵਨਾਵਾਂ ਜਿਹੜੀਆਂ ਮਾਨਵਤਾ ਵਿਰੋਧੀ ਹਨ, ਮਨੁੱਖੀ ਵਿਕਾਸ ਦੇ ਰਾਹ ਵਿਚ ਰੋੜਾ ਹਨ, ਨੂੰ ਜੜ੍ਹ ਤੋਂ ਹੀ ਖ਼ਤਮ ਕਰ ਸਕਦਾ ਹੈ। ਸ਼ਾਂਤੀ, ਪਿਆਰ, ਸਹਿਨਸ਼ੀਲਤਾ, ਸਮਾਨਤਾ ਭਰਾਤ੍ਰੀਅਤਾ ਸਦੀਵੀ ਮਾਨਵੀ ਕੀਮਤਾਂ ਹਨ। ਮਾਨਵਵਾਦੀ ਦਰਸ਼ਨ ਦੀਆਂ ਮੂਲਭੂਤ ਪ੍ਰਵਿਰਤੀਆਂ ਮਨੁੱਖੀ ਜੀਵਨ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਸਾਕਾਰ ਕਰਦੀਆਂ ਹਨ। ਮਾਨਵਵਾਦ ਹੀ ਸਾਹਿਤ ਦਾ ਸੱਚ ਹੈ।

ਸਾਹਿਤ ਵਿਚ ਸਦਾਚਾਰ, ਨੈਤਿਕਤਾ ਇਕ ਅਧਿਆਤਮਕ ਮੁੱਲ ਨਾ ਹੋ ਕੇ ਮਾਨਵੀ ਮੁੱਲ ਹੈ। ਇਥੇ ਮਨੁੱਖ ਦੀਆਂ ਮੂਲ-ਭੂਤ ਜ਼ਰੂਰਤਾਂ ਨੂੰ ਕੇਂਦਰ ਵਿਚ ਰੱਖਿਆ ਜਾਂਦਾ ਹੈ ਅਤੇ ਕਿਸੇ ਤਰ੍ਹਾਂ ਦੇ ਅਤਿਵਾਦੀ ਸਦਾਚਾਰ ਨੂੰ ਮਹੱਤਵ ਨਹੀਂ ਦਿੱਤਾ ਜਾਂਦਾ। ਨੈਤਿਕਤਾ ਦਾ ਪਾਲਨ ਦੋ ਪੱਧਰਾਂ ਤੇ ਕਰਨਾ ਹੁੰਦਾ ਹੈ -ਇਕ ਸਮਾਜਿਕ ਪੱਧਰ ਤੇ ਦੂਸਰਾ ਨਿੱਜੀ ਪੱਧਰ ਤੇ। ਸਮਾਜਿਕ ਜੀਵਨ ਵਿਚ ਪਵਿੱਤਰਤਾ ਅਤੇ ਸਦਾਚਾਰ ਸਥਾਪਿਤ ਕਰਨ ਦੇ ਲਈ ਕੁਝ ਨੈਤਿਕ ਅਤੇ ਆਚਰਣਿਕ ਨਿਯਮ ਬਣਾਏ ਜਾਂਦੇ ਹਨ। ਸਦਾਚਾਰ ਦੀ ਨੀਂਹ ਮਾਨਵਵਾਦ ਦੀ ਨੀਂਹ ਤੇ ਆਧਾਰਿਤ ਵਿਅਕਤੀ ਦਾ ਚਰਿੱਤਰ ਕਲਿਆਣਕਾਰੀ ਪ੍ਰਵਿਰਤੀ ਦਾ ਧਾਰਨੀ ਬਣਦਾ ਹੈ। ਲੇਕਿਨ ਵਿਅਕਤੀ ਦਾ ਆਚਰਣ ਵਿਅਕਤੀ ਦੇ ਸੰਦਰਭ ਵਿਚ ਨਹੀਂ ਬਲਕਿ ਸਮਾਜ ਦੇ ਸੰਦਰਭ ਵਿਚ ਵੇਖਿਆ ਜਾਣਾ ਚਾਹੀਦਾ ਹੈ। ਵਿਅਕਤੀ ਅਤੇ ਸਮਾਜ ਦੋਹਾਂ ਦੀ ਕਾਇਆ-ਕਲਪ ਕਰਨੀ ਹੈ। ਵਿਅਕਤੀ ਦੇ ਨਿੱਜੀ ਜੀਵਨ ਨੂੰ ਸਦਾਚਾਰ ਨਾਲ ਅਨੁਸ਼ਾਸ਼ਿਤ ਕਰਨਾ ਹੈ ਅਤੇ ਨਾਲ ਨਾਲ ਸਮਾਜਿਕ ਬੁਰਾਈਆਂ ਦਾ ਉਨਮੂਲਨ ਵੀ ਕਰਨਾ ਹੈ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਨੈਤਿਕ ਪਤਨ ਅਤੇ ਗਿਰਾਵਟ ਦਾ ਇਹ ਸਿਲਸਿਲਾ ਸਮਾਜ ਵਿਚ ਲਗਾਤਾਰ ਚਲਦਾ ਰਹਿੰਦਾ ਹੈ ਅਤੇ ਸਮਾਜ ਅੱਖਾਂ ਬੰਦ ਕਰਕੇ ਸਭ ਕੁਝ ਸਹਿ ਜਾਂਦਾ ਹੈ, ਇਸ ਤੋਂ ਪ੍ਰੋਤਸਾਹਿਤ ਹੋ ਕੇ ਇਸ ਪਤਨ ਦੀ ਗਤੀ ਹੋਰ ਵੀ ਤੇਜ਼ ਹੋ ਜਾਂਦੀ ਹੈ ਅਤੇ ਪੂਰੇ ਸਮਾਜ ਦੇ ਆਦਰਸ਼ ਖੋਖਲੇ ਹੋ ਕੇ ਲੜਖੜਾਉਣ ਲਗਦੇ ਹਨ। ਸਾਰੀਆਂ ਮਾਨਤਾਵਾਂ ਧੁੰਧਲੀਆਂ ਪੈ ਜਾਂਦੀਆਂ ਹਨ ਅਤੇ ਉੱਨਤੀ ਦਾ ਪੂਰਾ ਚੱਕਰ ਰੁਕ ਜਾਂਦਾ ਹੈ। ਨੈਤਿਕ ਗਿਰਾਵਟ ਦੀ ਇਸ ਭਿਅੰਕਰਤਾ ਨੂੰ ਵੇਖ ਕੇ ਜੇਕਰ ਵਿਅਕਤੀ ਅਤੇ ਸਮਾਜ ਦੋਨੋਂ ਚੇਤੰਨ ਹੋ ਕੇ ਉਸਨੂੰ ਰੋਕਣਾ ਚਾਹੁਣ ਤਾਂ ਉਹ ਨਿਸ਼ਚਿਤ

ਰੂਪ ਨਾਲ ਸਫਲ ਹੋ ਸਕਦੇ ਹਨ। ਅਤੇ ਜੇਕਰ ਨਿਰਾਸ਼ ਹੋ ਕੇ ਹੱਥ ਧੋ ਕੇ ਬੈਠ ਜਾਣ ਤਾਂ ਨਾ ਕੇਵਲ ਆਪਣਾ ਅਸਤਿਤਵ ਖਤਰੇ ਵਿਚ ਪਾਉਣਗੇ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਵੀ ਕਦੀ ਨਾ ਮਿਟਣ ਵਾਲਾ ਕਲੰਕ ਵੀ ਆਪਣੇ ਮੱਥੇ ਤੇ ਲੈਣਗੇ। ਇਸ ਨੈਤਿਕ ਗਿਰਾਵਟ ਤੋਂ ਬਚਣ ਲਈ ਕੁਝ ਕਾਰਗਰ ਉਪਾਅ ਲੱਭਣੇ ਬਹੁਤ ਜ਼ਰੂਰੀ ਹਨ। ਉਹਨਾਂ ਵਿਚ 'ਪਹਿਲਾ' ਹੈ : 'ਦ੍ਰਿਸ਼ਟੀਕੋਣ ਪਰਿਵਰਤਨ'। ਮਨੁੱਖ ਦਾ ਮਾਨਵਵਾਦੀ, ਆਸ਼ਾਵਾਦੀ ਦ੍ਰਿਸ਼ਟੀਕੋਣ ਉਸਨੂੰ ਜੀਵਨ ਦੇ ਪ੍ਰਤੀ ਆਸਥਾਵਾਨ ਬਣਾ ਦਿੰਦਾ ਹੈ ਜਦਕਿ ਉਸਦਾ ਨਿਰਾਸ਼ਾਵਾਦੀ ਦ੍ਰਿਸ਼ਟੀਕੋਣ ਉਸਨੂੰ ਆਪਣਾ ਆਪ ਨਸ਼ਟ ਕਰਨ ਲਈ ਵਿਵਸ਼ ਕਰ ਦਿੰਦਾ ਹੈ। ਜਦ ਜੀਵਨ ਦੇ ਪ੍ਰਤੀ ਮੂਲਭੂਤ ਦ੍ਰਿਸ਼ਟੀਕੋਣ ਹੀ ਬਦਲ ਜਾਂਦਾ ਹੈ, ਜਦ ਵਿਅਕਤੀ ਹਰ ਖੇਤਰ ਵਿਚ ਵਿਸ਼ਵਾਸ ਅਤੇ ਉਮੀਦ ਦਾ ਪੱਲਾ ਫੜੀ ਰੱਖਦਾ ਹੈ ਤਾਂ ਨੈਤਿਕ ਗਿਰਾਵਟ ਦਾ ਡਰ ਉਸਨੂੰ ਨਿਰਾਸ਼ ਕਰਨ ਦੀ ਬਜਾਏ, ਖੁਦ ਆਪਣਾ ਮੂੰਹ ਲੁਕਾਉਣ ਲਗਦਾ ਹੈ। ਇਸ ਅਵਸਥਾ ਤੋਂ ਨਿਰਾਕਰਣ ਦਾ 'ਦੂਸਰਾ' ਸੋਪਾਨ ਹੈ 'ਅਤਿਅੰਤ ਜਾਗਰੂਕਤਾ' ਅਤੇ ਆਪਣੇ ਕਰਤੱਵਾਂ ਦਾ ਪਾਲਣ। ਜੇਕਰ ਅਸੀਂ ਆਪਣੇ ਧਰਮ ਦਾ ਨਿਸ਼ਠਾਪੂਰਵਕ ਪਾਲਣ ਕਰਦੇ ਹੋਏ ਦੂਸਰਿਆਂ ਦੇ ਕਰਤੱਵਾਂ ਦੇ ਪ੍ਰਤੀ ਵੀ ਸਜਗ ਹੋ ਜਾਈਏ ਤਾਂ ਨਿਸ਼ਚਿਤ ਰੂਪ ਨਾਲ ਹੀ ਉਹਨਾਂ ਦੇ ਪਤਨ ਦੀ ਰਾਹ ਤੇ ਵੱਧਣ ਲਗੇ ਹੀ, ਉਹਨਾਂ ਨੂੰ ਸੰਭਾਲਣ ਦੀ, ਉਹਨਾਂ ਨੂੰ ਸੁਧਾਰਨ ਦੀ, ਸਮਝਾਣ-ਬੁਝਾਣ ਦੇ ਢੰਗ, ਇਸ ਪ੍ਰਕਾਰ ਅਸਫਲ ਹੋਣ ਤੇ, ਉਹਨਾਂ ਨੂੰ ਰੋਕਣ ਦੀ ਨਿਸ਼ਚਿਤ ਅਵਸਥਾ ਕਰ ਸਕਾਂਗੇ। ਇਸ ਪ੍ਰਕਾਰ ਨੈਤਿਕ ਗਿਰਾਵਟ ਦੀ ਗਤੀ ਨੂੰ ਕੇਵਲ ਘੱਟ ਹੀ ਨਹੀਂ, ਬਲਕਿ ਖਤਮ ਵੀ ਕੀਤਾ ਜਾ ਸਕਦਾ ਹੈ। ਇਥੇ ਇਹ ਧਿਆਨਜੋਗ ਹੈ ਕਿ ਜੇਕਰ ਇਸ ਤਰ੍ਹਾਂ ਦੀ ਸਜਗਤਾ ਲਗਾਤਾਰ ਬਣੀ ਰਹੇ ਤਾਂ ਨਾ ਕੇਵਲ ਸਮਾਜ ਆਪਣੇ ਵਰਤਮਾਨ ਧੁੰਧਲੇ ਰੂਪ ਨੂੰ ਝਾੜ ਪੂੰਝ ਕੇ ਸਵੱਛ ਕਰ ਲਵੇਗਾ, ਬਲਕਿ ਭਵਿੱਖ ਨੂੰ ਵੀ ਨਿਸ਼ਕਲੰਕ ਬਣਾ ਲਵੇਗਾ।

ਨੈਤਿਕ ਪਤਨ ਨਾਲ ਸਮਾਜ ਵਿਚ ਹੋਈ ਗਿਰਾਵਟ ਨੂੰ ਬਚਾਉਣ ਦੇ ਲਈ 'ਤੀਸਰਾ' ਹੋਰ ਮਹੱਤਵਪੂਰਨ ਸੋਪਾਨ ਹੈ ਕਿ ਸਮਾਜ ਦੇ ਨੌਜੁਆਨ ਵਰਗ ਨੂੰ ਨਾ ਕੇਵਲ ਨਿਸ਼ੇਧਾਤਮਕ ਤਰੀਕੇ ਨਾਲ ਬਚਾਇਆ ਜਾਵੇ ਬਲਕਿ ਵਿਧੀ-ਪਰਕ, ਸਦਾਚਾਰੀ ਮਾਰਗ ਤੇ ਦ੍ਰਿੜਤਾ-ਪੂਰਵਕ ਚਲਾਇਆ ਜਾਵੇ। ਇਹ ਕੰਮ ਸਫਲਤਾਪੂਰਵਕ ਕਰਨ ਦਾ ਸਫਲ ਮਾਰਗ ਇਹ ਹੈ ਕਿ ਉਹਨਾਂ ਨੂੰ ਨਿਯਮਪੂਰਵਕ ਸਮਾਜ ਦੀ ਹਰ ਸੰਸਥਾ ਤੋਂ ਨੀਤੀ ਅਤੇ ਸਦਾਚਾਰ ਦੀ ਸਿੱਖਿਆ ਮਿਲੇ । ਸੰਪਰਕ ਵਿਚ ਆਉਣ ਵਾਲਾ ਹਰ ਵਿਅਕਤੀ ਨੀਤੀ-ਆਚਰਣ ਦੀ ਸਿੱਖਿਆ ਦੇਵੇ। ਕਿਸੇ ਵੀ ਖੇਤਰ ਵਿਚ ਅਨੈਤਿਕ

ਆਚਰਣ ਦੇ ਪ੍ਰਤੀ ਪ੍ਰੋਤਸਾਹਨ ਦਾ ਭਾਵ ਨਾ ਮਿਲੇ, ਅਜਿਹਾ ਕਰਕੇ ਨਿਸ਼ਚਿਤ ਹੀ ਸਫਲਤਾ ਪ੍ਰਾਪਤ ਕਰ ਸਕਦੇ ਹਾਂ। ਰਾਸ਼ਟਰ, ਸਮਾਜ ਅਤੇ ਵਿਅਕਤੀ ਨੂੰ ਗਿਰਾਵਟ ਤੋਂ ਬਚਾ ਸਕਦੇ ਹਾਂ। ਨਹੀਂ ਤਾਂ ਸਦਾ ਸਦਾ ਲਈ ਨਸ਼ਟ ਹੋ ਜਾਵਾਂਗੇ। ਫਿਰ ਪਛਤਾਵਾ ਹੀ ਬਾਕੀ ਰਹਿ ਜਾਵੇਗਾ।

ਅੱਜ ਮਨੁੱਖ ਨੇ ਪਦਾਰਥ, ਪੈਸਾ, ਪਦਵੀ, ਪਲਾਜ਼, ਪਾਪ(ਭ੍ਰਿਸ਼ਟਾਚਾਰ) ਆਦਿ ਅਜਿਹੇ ਦਿਲ-ਖਿਚਵੇਂ 'ਧੰਧੇ' ਅਪਨਾ ਲਏ ਹਨ। ਉਹ ਇਹਨਾਂ ਦਾ ਗੁਲਾਮ ਹੋ ਗਿਆ ਹੈ। ਗੁਲਾਮੀ ਇਕ ਭਾਰਾ ਰਫ਼ੈਮਾਰ ਰੋਗ ਹੈ। ਇਨਸਾਨ ਦੀਆਂ ਅੰਦਰੂਨੀ ਸ਼ਕਤੀਆਂ ਦਾ ਵਿਕਾਸ ਤਾਂ ਹੀ ਹੁੰਦਾ ਹੈ ਜੇ ਉਹਨਾਂ ਨੂੰ ਵਰਤੋਂ ਵਿਚ ਆਉਣ ਦਾ ਖੁਲ੍ਹਾ ਅਵਸਰ ਮਿਲੇ। ਜਿਨ੍ਹਾਂ ਨੇ ਸਦਾ ਦੂਜਿਆਂ ਦੇ ਹੁਕਮ ਹੀ ਮੰਨਣੇ ਹੋਣ ਉਹਨਾਂ ਦੀਆਂ ਗੁਪਤ ਸ਼ਕਤੀਆਂ ਦਾ ਵਿਕਾਸ ਬੰਦ ਹੋ ਜਾਂਦਾ ਹੈ, ਜੋ ਮਨੁੱਖ ਦੂਜਿਆਂ ਦੇ ਗੋਲੇ ਹੁੰਦੇ ਹਨ, ਉਹਨਾਂ ਦੀਆਂ ਕੇਵਲ ਪਸ਼ੂ-ਸ਼ਕਤੀਆਂ ਹੀ ਵਰਤੋਂ ਵਿਚ ਆਉਂਦੀਆਂ ਹਨ ਅਤੇ ਉਹ ਹੀ ਤਰੱਕੀਆਂ ਹੁੰਦੀਆਂ ਹਨ। ਇਨਸਾਨੀ ਗੁਣ ਦਬਾਉ ਵਿਚ ਰਹਿੰਦੇ ਹਨ, ਅੰਦਰੋਂ ਅੰਦਰ ਮਰ ਜਾਂਦੇ ਹਨ, ਗੁਲਾਮਾਂ ਦਾ ਕੁਦਰਤੀ ਸਵੈ-ਮਾਣ ਪੂਰਾ ਨਹੀਂ ਹੁੰਦਾ ਅਤੇ ਇਸਨੂੰ ਪੂਰਾ ਕਰਨ ਲਈ ਝੂਠ, ਫਰੇਬ, ਦਿਖਾਵਾ, ਖੁਸ਼ਾਮਦ ਆਦਿ ਦੀ ਆੜ ਲੈਣੀ ਪੈਂਦੀ ਹੈ। ਇਹ ਹਕੀਕਤ ਹੈ ਕਿ ਗੁਲਾਮ ਨਸਲਾਂ ਦੇ ਦਿਮਾਗ ਅਤੇ ਦਿਲ ਦੀ ਬਣਤਰ ਹੀ ਬਦਲ ਜਾਂਦੀ ਹੈ। ਉਸ ਦੀਆਂ ਕੀਮਤਾਂ ਬਨਾਵਟੀ ਹੋ ਜਾਂਦੀਆਂ ਹਨ। ਮਨੁੱਖ ਨੂੰ ਉਸਦੀ ਪਸ਼ੂਤਾ ਤੋ ਅਲੱਗ ਕਰਨ ਲਈ ਅਰਥਾਤ ਮਨੁੱਖ ਦੀ ਮਨੁੱਖਤਾ ਨੂੰ ਕਾਇਮ ਕਰਨ ਲਈ, ਆਜ਼ਾਦੀ, ਸਦਾਚਾਰ ਅਤੇ ਭਰਾਤਰੀਭਾਵ ਦਾ ਰਾਹ ਚੁਨਣਾ ਪੈਂਦਾ ਹੈ ਅਤੇ ਇਸ ਰਾਹ ਉਪਰ ਚਲਣਾ ਹੀ ਜ਼ਿੰਦਗੀ ਦੀ ਸਾਰਥਕਤਾ ਨੂੰ ਸਮਝਣਾ ਹੈ। ਮਾਨਵੀ ਕੀਮਤਾਂ ਨੂੰ ਕਾਇਮ ਕਰਨਾ ਹੀ ਮਾਨਵਵਾਦੀ ਸੰਘਰਸ਼ ਦਾ 'ਸਾਰ' ਹੈ, ਇਸ ਸਾਰ ਦੀ ਪ੍ਰਾਪਤੀ ਲਈ ਮੈਦਾਨਿ-ਅਮਲ ਵਿਚ ਨਿਤਰਨਾ ਜ਼ਰੂਰੀ ਹੈ, ਤਾਂ ਹੀ ਮੰਜ਼ਲੇ-ਮਕਸੂਦ ਦੀ ਪ੍ਰਾਪਤੀ ਹੋਵੇਗੀ, ਸਾਰਾ ਬ੍ਰਹਿਮੰਡ ਏਕਤਾ ਦੇ ਸੂਤਰ ਵਿਚ ਬੱਝਿਆ ਦਿਖਾਈ ਦੇਵੇਗਾ। 'ਏਕੋ ਹੈ ਭਾਈ ਏਕੋ ਹੈ' ਅਤੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ', 'ਮਾਨਸ ਦੀ ਜਾਤ ਸਭੈ ਏਕੈ ਪਹਿਚਾਨਬੋ' ਅਰਥਾਤ Fatherhood of God And Brotherhood of Man ਦਾ ਆਦਰਸ਼, ਸੰਕਲਪ ਸਾਕਾਰ ਹੁੰਦਾ ਦਿਖਾਈ ਦੇਵੇਗਾ।

ਨਾਨਕ-ਬਾਣੀ ਵਿਚ ਸਿਰਫ਼ ਮਾਨਵਵਾਦੀ ਕੀਮਤਾਂ ਨੂੰ ਹੀ ਨਹੀਂ ਪੇਸ਼ ਕੀਤਾ ਗਿਆ ਸਗੋਂ ਇਹਨਾਂ ਕੀਮਤਾਂ ਦੀ ਪ੍ਰਾਪਤੀ ਲਈ ਅਮਲੀ ਮਾਰਗ ਵੀ ਦਰਸਾਇਆ ਗਿਆ ਹੈ। ਅਜੋਕੇ ਵਿਸ਼ਵ ਦੀਆਂ ਸਮੱਸਿਆਵਾਂ ਦੇ ਸਮਾਧਾਨ ਲਈ ਮਾਨਵਵਾਦੀ ਵਿਚਾਰਧਾਰਾ ਹੀ ਜ਼ਿਆਦਾ ਸਾਰਥਕ ਤੇ ਉਪਯੋਗੀ ਹੈ। ਇਹ ਵਿਚਾਰਧਾਰਾ ਵਿਅਕਤੀ ਅਤੇ ਸਮਾਜ ਦਾ ਸਹੀ ਦਿਸ਼ਾ-ਨਿਰਦੇਸ਼ਨ ਕਰਦੀ ਹੈ। ਮਨੁੱਖੀ ਹਿੱਤਾਂ ਦੀ ਰਾਖੀ ਕਰਕੇ, ਮਨੁੱਖਤਾ ਦੀ ਸੱਚੀ ਸੇਵਾ ਕਰਦੀ ਹੈ। ਮਾਨਵ-ਵਾਦ ਏਕਤਾ ਦਾ ਫ਼ਲਸਫ਼ਾ ਹੈ। ਇਹ ਸਵੈ ਤੋਂ ਪਰ ਤਕ ਦੀ ਯਾਤਰਾ ਹੈ। ਮਾਨਵ-ਵਾਦੀ ਚੇਤਨਾ ਨਿੱਜ ਤੇ ਪਰ ਦੀ ਪਾਰਸਪਰਿਕ ਏਕਤਾ ਹੈ। ਮਾਨਵਵਾਦ ਮਾਨਵ-ਜਾਤੀ ਦੀ ਮੁਕਤੀ ਦੇ ਲਈ ਸੰਘਰਸ਼ ਨੂੰ ਸਮਰਪਿਤ ਹੈ।

ਗੁਰੂ ਨਾਨਕ ਦਾ ਮਾਨਵਵਾਦ, ਭਾਰਤੀ ਧਾਰਮਿਕ ਪਰੰਪਰਾ ਦੀ ਉਹ ਹਰਮਨ-ਪਿਆਰੀ ਸੁਰ ਹੈ, ਜਿਸ ਵਿਚ ਗਿਆਨ, ਭਗਤੀ ਤੇ ਕਰਮ ਦੀ ਸਾਂਝੀ ਰੂਹ ਹੈ। ਨਾਨਕ-ਬਾਣੀ ਜੀਵਨ-ਜਾਚ ਨੂੰ ਇਕ ਸੁਰਜਮਈ ਗਤੀ ਤੇ ਸੇਧ ਦਿੰਦੀ ਹੈ, ਮਨੁੱਖੀ ਸ਼ਖ਼ਸੀਅਤ ਨੂੰ ਸਚਿਆਰਤਾ ਦਾ ਮਾਣ ਬਖ਼ਸ਼ਦੀ ਹੈ ਅਤੇ ਸਮੁੱਚੀ ਮਨੁੱਖੀ ਬਰਾਦਰੀ ਨੂੰ, ਊਚ-ਨੀਚ ਦੇ ਟੋਏ ਟਿੱਬਿਆਂ ਵਿਚੋਂ ਕੱਢ ਕਿ ਸਕੌਂ, ਪੱਧਰੇ, ਸਦਾਚਾਰ ਦੇ ਸੁਮਾਰਗ ਤੇ ਚਲਣ ਦੀ ਪ੍ਰੇਰਨਾ ਦਿੰਦੀ ਹੈ। ਅੱਜ ਦੇ ਸਮੇਂ ਦੀ ਮੰਗ ਹੈ ਭਾਵਨਾਤਮਕ ਏਕਤਾ। ਇਹ ਸਾਡੇ ਸਾਹਮਣੇ ਬਹੁਤ ਵੱਡਾ ਕੰਮ ਹੈ, ਸਿਰਫ਼ ਹਿੰਦੁਸਤਾਨ ਵਿਚ ਹੀ ਨਹੀਂ, ਬਲਕਿ ਸਾਰੇ ਵਿਸ਼ਵ ਦੇ ਹਿੱਤ ਦੀ ਗੱਲ ਹੈ, ਸਿਰਫ਼ ਵਰਤਮਾਨ ਦੀ ਨਹੀਂ ਬਲਕਿ ਭਵਿੱਖ ਵਿਚ ਆਉਣ ਵਾਲੀਆਂ ਅਸੰਖਾਂ ਪੀੜ੍ਹੀਆਂ ਦੇ ਹਿੱਤ ਦੀ ਗੱਲ ਹੈ। ਅੱਜ ਮਨੁੱਖ ਪ੍ਰਕ੍ਰਿਤੀ ਦੇ ਰਹੱਸਾਂ ਦੀ ਕੁਝ ਕੁਝ ਜਾਣਕਾਰੀ ਪ੍ਰਾਪਤ ਕਰ ਚੁੱਕਾ ਹੈ ਅਤੇ ਕਰਦਾ ਜਾ ਰਿਹਾ ਹੈ। ਇਸ ਨਾਲ ਉਸਦੀ ਸ਼ਕਤੀ ਵੱਧ ਰਹੀ ਹੈ। ਜੇਕਰ ਮਨੁੱਖ ਨੇ ਆਪਣੀ ਸ਼ਕਤੀ ਦਾ ਸਾਰਥਕ ਉਪਯੋਗ ਕਰਨਾ ਨਾ ਸਿਖਿਆ, ਜੇਕਰ ਉਸਦੀ ਸੁਆਰਥ-ਬੁੱਧੀ ਬੇ-ਕਾਬੂ ਹੋ ਗਈ, ਤਾਂ ਨਾ ਮਨੁੱਖ ਰਹੇਗਾ ਨਾ ਸਭਿਅਤਾ ਅਤੇ ਨਾ ਸੰਸਕ੍ਰਿਤੀ ਰਹੇਗੀ। ਜੇਕਰ ਵਿਸ਼ਵ-ਪਰਿਵਾਰ ਦੀ ਸੇਵਾ ਕਰਨੀ ਹੈ, ਵਿਸ਼ਵ ਨੂੰ ਸੁਖੀ ਅਤੇ ਸੰਪੰਨ ਬਣਾਉਣਾ ਹੈ, ਵਿਸ਼ਵ-ਸ਼ਾਂਤੀ, ਵਿਸ਼ਵ-ਭਾਈਚਾਰਾ ਸਥਾਪਿਤ ਕਰਨਾ ਹੈ ਤਾਂ ਮਾਨਵਵਾਦੀ ਮਾਰਗ ਉਪਰ ਚਲਿਆਂ ਹੀ ਇਹ ਕਲਿਆਣਕਾਰੀ ਕੰਮ ਸੰਭਵ ਹੋ ਸਕੇਗਾ।

ਬਲਜੀਤ ਕੌਰ

( ਬਲਜੀਤ ਕੌਰ )

***

## ਅਧਿਆਇ ਪਹਿਲਾ:

o

o

o

o

o

o

### ਮਾਨਵਵਾਦ ਦਾ ਸੰਕਲਪ

(ੳ) ਮਾਨਵਵਾਦ: ਪਰਿਭਾਸ਼ਾ ਤੇ ਲੱਛਣ

(ਅ) ਮਾਨਵਵਾਦ: ਇਤਿਹਾਸਕ ਪਰਿਪੇਖ ਵਿਚ

ਭਾਰਤੀ ਚਿੰਤਨ ਪਰੰਪਰਾ

ਪੱਛਮੀ ਚਿੰਤਨ ਪਰੰਪਰਾ

(ੲ) ਗੁਰੂ ਨਾਨਕ ਦਾ ਮਾਨਵਵਾਦ

****

ਮਾਨਵਵਾਦ ਦਾ ਸੰਕਲਪ

ਲਖ ਚਉਰਾਸੀਹ ਜੋਨਿ ਸਬਾਈ ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥

( ਮਹਲਾ 5)

## (ੳ) ਮਾਨਵਵਾਦ : ਪਰਿਭਾਸ਼ਾ ਤੇ ਲੱਛਣ

ਮੂਲ ਰੂਪ ਵਿਚ ਮਾਨਵਮਾਤਰ ਦੇ ਹਿੱਤ ਦੀ ਕਾਮਨਾ ਹੀ ਮਾਨਵਵਾਦ ਦਾ ਆਧਾਰ-ਬਿੰਦੂ ਹੈ। ਜਾਤੀ, ਧਰਮ, ਲਿੰਗ ਆਦਿ ਭੇਦਾਂ ਤੋਂ ਉਪਰ ਉਠ ਕੇ, ਮਾਨਵਵਾਦ ਸਾਰਿਆਂ ਦੇ ਲਈ ਸੁਤੰਤਰਤਾ ਤੇ ਨਿਆਂ ਦੀ ਮੰਗ ਕਰਦਾ ਹੈ। ਇਹ ਮਾਨਵ-ਪ੍ਰਕ੍ਰਿਤੀ ਵਿਚ ਵਿਦਮਾਨ ਸਹਿਨਸ਼ੀਲਤਾ, ਸੱਚ-ਨਿਸ਼ਠਾ ਅਤੇ ਸਾਰੇ ਮਨੁੱਖਾਂ ਨੂੰ ਮਨੁੱਖ ਦੇ ਰੂਪ ਵਿਚ ਪਹਿਚਾਨਣ ਦੀ ਯੋਗਤਾ ਨੂੰ ਸਰਬਉੱਚ ਸਮਝਦਾ ਹੈ। ਇਹ ਚਿੰਤਨ ਦੀ ਅਜਿਹੀ ਪ੍ਰਣਾਲੀ ਹੈ ਜਿਸਦਾ ਉਦੇਸ਼ ਜਨ-ਸਾਧਾਰਨ ਦੀਆਂ ਸਮੱਸਿਆਵਾਂ ਦਾ ਵਿਵਹਾਰਿਕਤਾ ਦੇ ਆਧਾਰ ਤੇ ਸਮਾਧਾਨ ਕਰਕੇ ਜੀਵਨ ਨੂੰ ਸੁਖੀ ਬਨਾਉਣਾ ਹੈ। ਸੰਸਾਰ ਨੂੰ ਹੀ ਮਨੁੱਖ ਦਾ ਸਹੀ ਘਰ ਮੰਨਦੇ ਹੋਏ ਅਪ੍ਰਕ੍ਰਿਤਕ ਤੱਤਾਂ ਦੀ ਬਜਾਏ,ਮਾਨਵੀ ਸਦਭਾਵ ਅਤੇ ਮੇਲਜੋਲ ਨੂੰ ਹੀ ਮਾਨਵ-ਸੁਖ ਦੇ ਲਈ ਮਹੱਤਵਪੂਰਨ ਮੰਨਦਾ ਹੈ।

ਅੱਜ ਸਾਹਿਤ ਵਿਚ ਹੀ ਨਹੀਂ, ਬਲਕਿ ਮਾਨਵੀ-ਚਿੰਤਨ ਦੇ ਸਾਰੇ ਖੇਤਰਾਂ ਵਿਚ ਮਾਨਵਵਾਦ ਦੀ ਵਿਚਾਰਧਾਰਾ ਨੂੰ ਸਵੀਕ੍ਰਿਤੀ ਪ੍ਰਦਾਨ ਕੀਤੀ ਜਾ ਚੁੱਕੀ ਹੈ। ਮਾਨਵਵਾਦ ਦੇ ਸੰਕਲਪ ਨੂੰ ਸਾਡੇ ਜੀਵਨ ਦੀ ਮਹੱਤਵਪੂਰਨ ਆਧਾਰਸ਼ਿਲਾ ਦੇ ਰੂਪ ਵਿਚ ਸਵੀਕਾਰ ਕੀਤਾ ਜਾ ਚੁੱਕਾ ਹੈ। ਸਾਹਿਤ ਵਿਚ ਸਮਾਜਿਕ ਚੇਤਨਾ ਅਤੇ ਉਤਕ੍ਰਿਸ਼ਟ ਵਿਚਾਰ ਸੁਭਾਵਿਕ ਤੌਰ ਤੇ ਹੀ ਮਿਲੇ ਹੋਏ ਹੁੰਦੇ ਹਨ। ਮਾਨਵਵਾਦੀ ਸਾਹਿਤ ਦੀ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਹ ਮਨੁੱਖ ਦੇ ਰਾਹੀਂ, ਮਨੁੱਖ ਦੇ ਲਈ ਅਤੇ ਮਨੁੱਖ ਨੂੰ ਆਧਾਰ ਬਣਾ ਕੇ ਲਿਖਿਆ ਜਾਂਦਾ ਹੈ। ਮਾਨਵੀ-ਕੀਮਤਾਂ ਦੇ ਮਹੱਤਵ ਦੀ ਵਿਆਖਿਆ, ਮਾਨਵੀ ਜੀਵਨ- ਆਦਰਸ਼ਾਂ ਦੀ ਪ੍ਰਤਿਸ਼ਠਾ, ਮਾਨਵੀ-ਮਨ ਦੀਆਂ ਇਛਾਵਾਂ ਅਤੇ ਅਕਾਂਖਿਆਵਾਂ ਦੀ ਅਭਿਵਿਅਕਤੀ, ਮਾਨਵ-ਜੀਵਨ ਦੇ ਅੰਤਰ-ਬਾਹਰੀ ਸੰਘਰਸ਼ ਦੀ ਸਪਸ਼ਟ ਵਿਅੰਜਨਾ, ਮਨੁੱਖ ਦੀ ਮਰਿਆਦਾ ਅਤੇ ਮਹੱਤਤਾ ਦੀ ਸਥਾਪਨਾ ਆਦਿ ਸਾਹਿਤ ਵਿਚ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਤਿਨਿਧਤਵ ਕਰਨ ਵਾਲੀਆਂ ਪ੍ਰਵਿਰਤੀਆਂ ਹਨ। ਜਿਹਨਾਂ ਨੂੰ ਦੂਸਰੇ ਸ਼ਬਦਾਂ ਵਿਚ ਮਾਨਵਵਾਦੀ ਸਾਹਿਤਕ ਵਿਚਾਰਧਾਰਾ ਦੀਆਂ ਵਿਸ਼ੇਸਤਾਵਾਂ ਵੀ ਕਿਹਾ ਜਾ ਸਕਦਾ ਹੈ।

ਸੰਸਾਰ ਦੀ ਉਤਪੱਤੀ ਤੇ ਵਿਕਾਸ ਬਾਰੇ ਦੋ ਵਿਚਾਰ ਹਨ -- ਇਕ ਅਨੁਸਾਰ ਇਹ ਧਰਤੀ, ਸੂਰਜ, ਚੰਦ, ਬਨਸਪਤੀ, ਬਾਗ, ਬਗੀਚੇ, ਮਨੁੱਖ-ਉਸਦਾ

ਵਿਕਾਸ ਅਤੇ ਵਿਨਾਸ਼ ਕਿਸੇ ਪਾਰਲੌਕਿਕ ਸ਼ਕਤੀ ਦੇ ਹੱਥਾਂ ਵਿਚ ਹੈ, ਜਿਸਨੂੰ ਵੱਖ-ਵੱਖ ਧਰਮਾਂ ਵਿਚ ਭਿੰਨ-ਭਿੰਨ ਨਾਂ ਦਿੱਤੇ ਗਏ ਹਨ। ਇਸ ਵਿਚਾਰ ਅਨੁਸਾਰ ਤਾਤਵਿਕ ਰੂਪ ਵਿਚ ਮਾਨਵ ਦੀ ਹੋਂਦ ਵੀ ਭੌਤਿਕ ਨਹੀਂ ਸਗੋਂ ਅਧਿਆਤਮਕ ਹੈ। ਮਾਨਵ ਆਪਣੇ ਮੂਲ ਤਾਤਵਿਕ ਸਰੂਪ ਦੇ ਪ੍ਰਤੀ ਚੇਤੰਨ ਨਹੀਂ ਹੁੰਦਾ, ਇਸੇ ਕਾਰਣ ਉਹ ਭੌਤਿਕ ਸਰੀਰ ਨੂੰ ਹੀ ਆਪਣੀ ਹੋਂਦ ਸਮਝਣ ਦੀ ਗਲਤੀ ਕਰਦਾ ਹੈ। ਮਾਨਵ ਦੀ ਤਾਤਵਿਕ ਹੋਂਦ ਅਧਿਆਤਮਕ ਹੈ ਅਤੇ ਉਸੇ ਸਰਵ-ਵਿਆਪੀ ਸ਼ੁਧ ਹੋਂਦ ਦਾ ਅਨਿੱਖੜ ਅੰਗ ਹੈ ਜੋ ਜਗਤ ਦਾ ਪਰਮ -ਯਥਾਰਥ ਹੈ। ਦੂਸਰੇ ਵਿਚਾਰ ਅਨੁਸਾਰ : ਮਾਨਵੀ ਸੱਭਿਅਤਾ ਦਾ ਵਿਕਾਸ ਇਤਿਹਾਸਕ ਪੜਾਵਾਂ ਵਿਚੋਂ ਹੁੰਦਾ ਹੋਇਆ ਅੱਜ ਤੀਕ ਦੀ ਸ਼ਕਲ ਲੈ ਸਕਿਆ। ਮਾਦਾ, ਟਕਰਾ, ਕਰਮ ਅਤੇ ਪ੍ਰਤੀਕਰਮ ਮੂਲ ਹਨ, ਜਿਸਦੇ ਆਲੇ ਦੁਆਲੇ ਮਨੁੱਖ ਅਤੇ ਉਸਦੀ ਪ੍ਰਾਪਤੀ ਘੁੰਮ ਰਹੀ ਹੈ ਅਤੇ ਇਹ ਹੀ ਮਾਨਵ-ਜੀਵਨ ਦੀ ਸਾਰਥਕਤਾ ਹੈ ਅਤੇ ਇਸੇ ਆਧਾਰ ਤੇ ਮਾਨਵੀ-ਜੀਵਨ ਦੀ ਹੋਂਦ ਦੀ ਅਭਿਮੀਅਤ ਆਪਣਾ ਰੂਪ ਅਖ਼ਤਿਆਰ ਕਰਦੀ ਹੈ।[1]

ਉਪਰੋਕਤ ਵਿਚਾਰਾਂ ਦਾ ਦੂਸਰਾ ਹਿੱਸਾ ਮਾਨਵਵਾਦ ਨਾਲ ਸੰਬੰਧਿਤ ਹੈ। ਮਾਨਵਵਾਦ ਜਿਹਾ ਕਿ ਸ਼ਬਦ ਤੋਂ ਹੀ ਸਪਸ਼ਟ ਹੈ, ਮਨੁੱਖ ਨੂੰ ਸਰਬਉੱਚ ਸ਼ਕਤੀ ਦੇ ਰੂਪ ਵਿਚ ਸਵੀਕਾਰ ਕਰਦਾ ਹੈ। ਯੂਨਾਨੀ ਦਾਰਸ਼ਨਿਕ ਪ੍ਰੋਟੇਗੋਰਸ ਦਾ ਸੁਪ੍ਰਸਿੱਧ ਸੂਤਰ : "ਮਨੁੱਖ ਸਾਰੀਆਂ ਵਸਤੂਆਂ ਦਾ ਮਾਨਦੰਡ ਹੈ" ( Man is the measure of all things ) ਅਤੇ " ਮਨੁੱਖ ਤੋਂ ਸ੍ਰੇਸ਼ਠ ਕੁਝ ਨਹੀਂ" (न मानुषात् श्रेष्ठतरं हि किंचित् ) ਮਾਨਵਵਾਦ ਦੀ ਮੂਲਭੂਤ ਭਾਵਨਾ ਹੈ।[1] ਮੈਕਸਿਮ ਗੋਰਕੀ ਨੇ ਵੀ ਮਨੁੱਖ ਦੀ ਹਸਤੀ ਨੂੰ ਹੀ ਸਰਬਉੱਚ ਮੰਨਦੇ ਹੋਏ ਇਸ ਪ੍ਰਕਾਰ ਲਿਖਿਆ ਹੈ --"ਮੇਰੇ ਗਿਆਨ ਵਿਚ ਕੋਈ ਅਜਿਹੀ ਚੀਜ਼ ਨਹੀਂ ਜੋ ਮਨੁੱਖ ਨਾਲੋਂ ਜ਼ਿਆਦਾ ਵਧੀਆ, ਜ਼ਿਆਦਾ ਗੁੰਝਲਦਾਰ ਅਤੇ ਜ਼ਿਆਦਾ ਦਿਲਚਸਪ ਹੋਵੇ। ਉਹੀ ਹੀ ਸਭ ਕੁਝ ਹੈ।"[2] ਉਹ ਸਾਰੇ ਦੇ ਸਾਰੇ ਦਾਰਸ਼ਨਿਕ ਅਤੇ ਨੈਤਿਕ ਸਿਧਾਂਤ, ਜੋ ਮਨੁੱਖ ਅਤੇ ਉਸ ਦੀਆਂ ਵਿਵਹਾਰਿਕ ਸਮੱਸਿਆਵਾਂ ਨਾਲੋਂ ਟੁੱਟੇ ਹੋਏ ਹਨ, ਜੋ

---

1. ਡਾ. ਨਵਲ ਕਿਸ਼ੋਰ, <u>ਮਾਨਵਵਾਦ ਔਰ ਸਾਹਿਤਯ</u>, ਪੰਨਾ -17
2. ਏ.ਓਵਚਾਰੈਂਕੋ, <u>ਸਮਾਜਵਾਦੀ ਯਥਾਰਥਵਾਦ ਅਤੇ ਆਧੁਨਿਕ ਸਾਹਿਤਕ ਪ੍ਰਕ੍ਰਿਆ</u> ਪੰਨਾ - 9

ਕੇਵਲ ਸ਼ਾਸਤਰੀ, ਅਮੂਰਤ, ਪ੍ਰਤਕ ਅਤੇ ਸੰਕਲਪਾਤਮਿਕ ਹਨ, ਮਾਨਵਵਾਦੀ ਪ੍ਰਕ੍ਰਿਤੀ ਦੇ ਵਿਰੁੱਧ ਹਨ।

ਮਾਨਵਵਾਦ ਉਹ ਵਾਦ ਹੈ ਜਿਹੜਾ ਮਾਨਵ ਬਾਰੇ ਵਿਚਾਰ ਕਰੇ। ਇਸਦਾ ਸ਼ਾਬਦਿਕ ਅਰਥ ਹੈ ਮਨੁੱਖ ਅਤੇ ਉਸ ਦੀਆਂ ਅਸੀਮਿਤ ਸ਼ਕਤੀਆਂ ਵਿਚ ਵਿਸ਼ਵਾਸ। ਮਾਨਵਵਾਦ ਅਗਲੇ ਜੀਵਨ ਦੀਆਂ ਖੁਸ਼ੀਆਂ ਦੀ ਤਿਆਰੀ ਦੀ ਥਾਂ ਤੇ ਮਨੁੱਖ ਦੀਆਂ ਇਸ ਜੀਵਨ ਵਿਚਲੀਆਂ ਉੱਤਮ ਪ੍ਰਾਪਤੀਆਂ ਤੇ ਜ਼ੋਰ ਦਿੰਦਾ ਹੈ। 'ਮਾਨਵਤਾ' ਸ਼ਬਦ ਤੋਂ ਹੀ ਸਾਡਾ ਮਤਲਬ ਹੈ -- ਸਾਰੀ ਇਨਸਾਨ ਦੇ ਪੂਰੀ ਆਜ਼ਾਦੀ ਦੀ ਵਾਸਤਵਿਕ ਸਵੀਕ੍ਰਿਤਾ। ਇਸ ਸ਼ਬਦ ਤੋਂ ਸਵੈ-ਸਿੱਧ ਹੀ ਹੈ ਕਿ : ਸਾਨੂੰ ਨਾ ਕੇਵਲ ਇਸ ਲਈ ਦਇਆਸ਼ੀਲ ਹੋਣਾ ਚਾਹੀਦਾ ਹੈ ਕਿ ਇਹ ਇਕ ਨੈਤਿਕ ਆਦੇਸ਼ ਹੈ, ਬਲਕਿ ਇਸ ਲਈ ਕਿ ਇਹ ( ਦਇਆਸ਼ੀਲਤਾ) ਮਨੁੱਖੀ -ਸੁਭਾਅ ਦੀ ਖੁਦ-ਬ-ਖੁਦ ਇਕ ਵਿਸ਼ੇਸ਼ਤਾ ਹੈ ਅਤੇ ਇਹ ਵਿਸ਼ੇਸ਼ਤਾ ਹੀ ਮਾਨਵਵਾਦੀ ਸੰਕਲਪ ਦੀ ਆਧਾਰ-ਬਿੰਦੂ ਹੈ।

ਮਾਨਵਵਾਦ ਦੀਆਂ ਭਿੰਨ-ਭਿੰਨ ਪਰਿਭਾਸ਼ਾਵਾਂ ਭਿੰਨ ਭਿੰਨ ਵਿਦਵਾਨਾਂ ਨੇ ਦਿੱਤੀਆਂ ਹਨ। ਲੇਕਿਨ ਟੀ. ਐਸ. ਈਲੀਅਟ ਦਾ ਦ੍ਰਿਸ਼ਟੀਕੋਣ ਇਸ ਪ੍ਰਸੰਗ ਵਿਚ ਵੱਖਰਾ ਹੈ। ਮਾਨਵਵਾਦ ਦੀ ਵਿਚਾਰਧਾਰਾ ਕਿਸੇ ਸਿਧਾਂਤ ਜਾਂ ਸੰਕਲਪ ਦੇ ਰੂਪ ਵਿਚ ਪੂਰਬੀ ਅਤੇ ਪੱਛਮੀ ਸਾਹਿਤਕਾਰਾਂ ਤੇ ਥੋਪੀ ਨਹੀਂ ਗਈ। ਉਹ ਤਾਂ ਸਾਧਾਰਨ ਗਿਆਨ-ਬੋਧ ਦੇ ਰੂਪ ਵਿਚ ਇਨ੍ਹਾਂ ਸਾਹਿਤਕਾਰਾਂ ਨੇ ਗ੍ਰਹਿਣ ਕੀਤੀ ਹੈ। ਮਾਨਵਵਾਦੀਵਿਚਾਰਧਾਰਾ ਦਾ ਕੰਮ ਕਿਸੇ ਸਿਧਾਂਤਕ ਮਤਵਾਦ ਜਾਂ ਦਾਰਸ਼ਨਿਕ ਮਾਨਤਾ ਦਾ ਪ੍ਰਤਿਪਾਦਨ ਵੀ ਨਹੀਂ। ਟੀ. ਐਸ. ਈਲੀਅਟ ਦੇ ਸ਼ਬਦਾਂ ਵਿਚ:

> The function of the Humanism is not to provide dogmas or philosophical theories . Humanism because it is general culture, is not concerned with philosophical fondations, it is concerne less with 'reason' then with common sense. When it proceeds to exact definitions it becomes something other then itself. 1

ਲੇਕਿਨ ਬਹੁਤ ਸਾਰੇ ਵਿਦਵਾਨਾਂ ਨੇ ਮਾਨਵਵਾਦ ਦੀਆਂ ਵੱਖ-ਵੱਖ

---

1. T.S.Eliot, Selected Essays, P.489

ਪਰਿਭਾਸ਼ਾਵਾਂ ਦਿੱਤੀਆਂ ਹਨ। ਇਹਨਾਂ ਨੂੰ ਅਸੀਂ ਦੋ ਸ਼੍ਰੇਣੀਆਂ ਵਿਚ ਰੱਖ ਸਕਦੇ ਹਾਂ: ਪੱਛਮੀ ਚਿੰਤਕਾਂ ਦੁਆਰਾ ਦਿੱਤੀਆਂ ਗਈਆਂ ਪਰਿਭਾਸ਼ਾਵਾਂ, ਭਾਰਤੀ ਚਿੰਤਕਾਂ ਦੁਆਰਾ ਦਿੱਤੀਆਂ ਗਈਆਂ ਪਰਿਭਾਸ਼ਾਵਾਂ। ਪਹਿਲਾਂ ਪੱਛਮੀ ਚਿੰਤਕਾਂ ਦੁਆਰਾ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਹੇਠ ਲਿਖੇ ਅਨੁਸਾਰ ਪ੍ਰਸਤੁਤ ਹਨ:

(ੳ) ਇਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ:

" ਮਾਨਵਵਾਦ ਇਕ ਅਜੇਹੀ ਮਨੋਬਿਰਤੀ ਹੈ ਜੋ ਮਨੁੱਖ ਅਤੇ ਉਸ ਦੀਆਂ ਯੋਗਤਾਵਾਂ ,ਕਾਰਜਾਂ, ਇੱਛਾਵਾਂ ਅਤੇ ਸਦਭਾਵਨਾਵਾਂ ਨੂੰ ਪ੍ਰਮੁੱਖ ਮਹੱਤਵ ਪ੍ਰਦਾਨ ਕਰਦੀ ਹੈ।"[1]

(ਅ) ਪਰੰਪਰਿਕ ਪਰਿਭਾਸ਼ਾ ਅਨੁਸਾਰ: ਮਾਨਵਵਾਦ ਦਾ ਅਰਥ ਪਰਮਾਰਥਕ ਅਤੇ ਸੰਪਰਦਾਈ ਚੇਤਨਾ ਦੇ ਹੋਰ ਦੁਨਿਆਵੀ ਪੂਰਵ-ਬੰਧਨਾਂ ਵਿਰੁੱਧ ਇਕ ਧਰਮ ਨਿਰਪੇਖ ਬਗਾਵਤ ਹੈ। ਇਹ ਸਵਰਗ ਤੋਂ ਧਰਤੀ ਵੱਲ ਅਤੇ ਰੱਬ ਤੋਂ ਇਨਸਾਨ ਵਲ ਇਕ ਮੋੜ ਦਾ ਨਾਂ ਹੈ।[2]

(ੲ) ਕੈਥੋਲਿਕ ਮਾਨਵਵਾਦੀ ਵਿਚਾਰਕ ਜੈਕ ਮਾਰਿਤਾਂ( Jacques Maritain) ਨੇ ਮਾਨਵਵਾਦ ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕੀਤਾ ਹੈ:

> ਮਾਨਵਵਾਦ ਮੁਖ ਰੂਪ ਵਿਚ ਮਨੁੱਖ ਨੂੰ ਜ਼ਿਆਦਾ ਸਹੀ ਅਰਥਾਂ ਵਿਚ ਮਾਨਵੀ ਬਣਾਉਂਦਾ ਹੈ ਅਤੇ ਪ੍ਰਕ੍ਰਿਤੀ ਅਤੇ ਇਤਿਹਾਸ ਵਿਚ ਮਨੁੱਖ ਨੂੰ ਸ੍ਰੇਸ਼ਠ ਬਨਾਉਣ ਵਾਲੀਆਂ ਸਾਰੀਆਂ ਕ੍ਰਿਆਵਾਂ ਵਿਚ ਯੋਗਦਾਨ ਦੇ ਲਈ ਉਸਨੂੰ ਉਤਸਾਹਿਤ ਕਰਕੇ(ਜਿਹਾ ਕਿ ਪ੍ਰੋ. ਸ਼ਿੱਲਰ ਨੇ ਕਿਹਾ ਹੈ'ਮਨੁੱਖ ਵਿਚ ਸ੍ਰਿਸ਼ਟੀ ਨੂੰ ਕੇਂਦਰਿਤ ਕਰ ਅਤੇ ਮਨੁੱਖ ਨੂੰ ਸ੍ਰਿਸ਼ਟੀ ਵਿਚ ਪ੍ਰਸਾਰਿਤ ਕਰ') ਉਸਦੀ ਮੌਲਿਕ ਮਹਾਨਤਾ ਨੂੰ ਪ੍ਰਗਟ ਕਰਦਾ ਹੈ। ਉਹ ਤੁਰੰਤ ਉਮੀਦ ਕਰਦਾ ਹੈ ਕਿ ਮਨੁੱਖ ਆਪਣੀਆਂ ਸੰਭਾਵਨਾਵਾਂ,

---

1. ਇ: ਬ੍ਰਿ: 1968, ਸੈਂਚੀ 11, ਪੰਨਾ-825
2. ਜੇ.ਟੀ.ਸ਼ਿਪਲੇ, ਡਿਕਸ਼ਨਰੀ ਆਫ਼ ਵਰਲਡ ਲਿਟਰੇਚਰ,ਸੰਸਕਰਨ 1943,ਪੰਨਾ-305

ਸਿਰਜਨਾਤਮਕ ਯੋਗਤਾਵਾਂ ਅਤੇ ਸ਼ਕਤੀ ਦਾ ਉਪਯੋਗ ਕਰੇ
ਅਤੇ ਭੌਤਿਕ ਜਗਤ ਦੀਆਂ ਸ਼ਕਤੀਆਂ ਨੂੰ ਆਪਣੀ ਸੁਤੰਤਰਤਾ
ਦਾ ਉਪਕਰਣ ਬਣਾਉਣ ਦੇ ਲਈ ਯਤਨਸ਼ੀਲ ਹੋਵੇ ।[1]

(ਸ) ਮਾਨਵਵਾਦ ਦੀ ਇਕ ਬਿਲਕੁਲ ਸੱਜਰੀ ਪਰਿਭਾਸ਼ਾ ਐਰਿਮ ਫਰਾਮ ਨੇ ' ਸੋਸ਼ਲਿਸਟ ਮਾਨਵਵਾਦ'(1967) ਵਿਚ, ਇਹਨਾਂ ਸ਼ਬਦਾਂ ਵਿਚ ਦਿੱਤੀ ਹੈ: " ਅਤਿ ਸਾਧਾਰਣ ਅੱਖਰਾਂ ਵਿਚ,"ਮਾਨਵਵਾਦ ਮਨੁੱਖੀ ਨਸਲ ਦੀ ਇਕਾਈ ਵਿਚ ਤੇ ਮਨੁੱਖ ਦੇ ਆਪਣੇ ਉਦਮ ਦੁਆਰਾ ਸੰਪੂਰਣਤਾ ਪ੍ਰਾਪਤੀ ਦੀ ਸੰਭਾਵਨਾ ਵਿਚ ਵਿਸ਼ਵਾਸ ਦਾ ਨਾਂ ਹੈ।' ਹਰ ਹਾਲਤ ਵਿਚ ਨਵੀਨ ਮਾਨਵਵਾਦ ਲਈ ਮਨੁੱਖਤਾ ਨੂੰ ਕਲਾਵੇ ਵਿਚ ਲੈਣਾ ਜ਼ਰੂਰੀ ਹੈ; ਇਸ ਵਿਚ ਵਿਸ਼ਵ-ਹਿਤੈਸ਼ੀ ਭਾਵਨਾ ਦਾ ਪ੍ਰਗਟੀਕਰਨ ਜ਼ਰੂਰੀ ਹੈ। ਇਸਦਾ ਨਿਰਣਾਜਨਕ ਨੁਕਤਾ ਹੋਰ ਕੁਝ ਨਹੀਂ, ਮਨੁੱਖ ਆਪ ਹੀ ਹੈ। ਇਸਦੇ ਨਾਲ ਹੀ ਮਨੁੱਖ ਦੇ ਕਲਿਆਣ ਅਤੇ ਮਨੁੱਖੀ ਕੀਮਤਾਂ ਦੀ ਉਨੱਤੀ ਦਾ ਵਿਚਾਰ ਵੀ ਜੁੜਿਆ ਹੋਇਆ ਹੈ ਜੋ ਕਿ ਮਨੁੱਖ ਦੇ ਆਪਣੇ ਯਤਨ ਉਤੇ ਨਿਰਭਰ ਹਨ, ਚਾਹੇ ਇਸ ਯਤਨ ਵਿਚ ਰੱਬ ਦੀ ਮਿਹਰ ਵਿਚ ਵਿਸ਼ਵਾਸ ਦੀ

---

1. Humanism (and such a definition can itself be developed along very divergent lives) essentially tends to render man more truly human and to make his original greatness manifest by causing him to participate in all that can enrich him in nature and in history( by 'concentrating the world in man' as Prof. Schelar has almost said and by 'dilating man to the world'). It can at once demands that man make use of all the potentialities he holds within him, his creative powers and the life of reason and labour to make the power of the physical world the instrument of his freedom.

( Jacques Maritain,
"True Humanism -Introduction."
P-XII )

ਭਾਵਨਾ ਮਿਲੀ ਹੋਵੇ, ਚਾਹੇ ਨਾ ।[1]

(ਹ) 'ਮਾਨਵਵਾਦ' ਸ਼ਬਦ ਦਾ ਇਤਿਹਾਸ ਇਤਨਾ ਵਿਸ਼ਾਲ, ਇਤਨਾ ਜਟਿਲ ਅਤੇ ਇਤਨੇ ਜ਼ਿਆਦਾ ਬਹੁਅਰਥਕ ਸ਼ਬਦਾਂ ਨਾਲ ਸੰਬੰਧਿਤ ਹੈ ਕਿ ਉਸਦੇ ਸੰਬੰਧ ਵਿਚ ਜਿਹੜੀਆਂ ਵੀ ਸਥਾਪਨਾਵਾਂ ਪ੍ਰਸਤੁਤ ਕੀਤੀਆਂ ਜਾਣ, ਉਹ ਵਿਵਾਦ-ਗ੍ਰਸਤ ਹੋਣ ਤੋਂ ਨਹੀਂ ਬਚ ਸਕਦੀਆਂ। ਇਸ ਸੰਬੰਧ ਵਿਚ ਅਮਰੀਕੀ ਵਿਦਵਾਨ ਪ੍ਰੋ. ਚੇਨੇ ( Edward P.Cheyney ) ਦੇ ਅਨੁਸਾਰ ਮਾਨਵਵਾਦ ਦੇ ਵਿਭਿੰਨ ਅਰਥ ਹਨ:

> ਇਹ ਜੀਵਨ ਦਾ ਵਿਵੇਕ-ਸੰਤੁਲਨ ਹੋ ਸਕਦਾ ਹੈ ਜਿਸਨੂੰ ਆਰੰਭਿਕ ਮਾਨਵਵਾਦੀਆਂ ਨੇ ਯੂਨਾਨੀਆਂ ਵਿਚ ਲੱਭਿਆ ਇਹ ਕੇਵਲ ਹਿਊਮੈਨਟੀਜ਼ ( ਮਾਨਵ-ਸ਼ਾਸਤਰ) ਦਾ ਅਧਿਐਨ ਹੋ ਸਕਦਾ ਹੈ। ਇਹ ਧਾਰਮਿਕਤਾ ਤੋਂ ਮੁਕਤੀ ਅਤੇ ਰਾਣੀ ਏਲੀਜ਼ਾਬੈਥ ਜਾਂ ਬੈਂਜਾਮਿਨ ਫਰੈਂਕਲਿਨ ਦੇ ਜੀਵਨ ਦੇ ਸਾਰੇ ਪੱਖਾਂ ਵਿਚ ਗਹਿਰੀ ਦਿਲਚਸਪੀ ਹੋ ਸਕਦਾ ਹੈ। ਸ਼ੈਕਸਪੀਅਰ ਜਾਂ ਗੇਟੇ ਦੁਆਰਾ ਰੂਪਮਾਨਿਤ ਸਾਰੇ ਮਾਨਵੀ ਆਵੇਗਾਂ ਦੇ ਪ੍ਰਤੀ ਅਨੁਕੂਲ ਪ੍ਰਤੀਚੇਸ਼ਟਾ ਦਾ ਭਾਵ ਹੋ ਸਕਦਾ ਹੈ। ਜਾਂ ਇਹ

---

1. The latest definition is one given by Erich fromm in 'Socialist Humanism' 1967. " Humanism in simplest terms" is the belief in the unity of the Human race and man's potential to perfect himself by his own effors.' At any rate, the new humanism must embrace the whole of mankind. It must re-affirm the spirit of cosmopolitanism and brotherhood of man. It's crucial point is none other than man himself, combined with the idea of his welfare and the promotion of human values through man's own efforts, whether aided by a belief in the need for God's grace of not.

(Prof. Wazir Singh," Aspects of Guru Nanak's Humanism" Parkh, Guru Nanak Samriti Ank, 1969, P-68)

> ਇਕ ਦਰਸ਼ਨ ਹੋ ਸਕਦਾ ਹੈ ਜਿਸਦਾ ਕੇਂਦਰ ਮਨੁੱਖ ਹੈ। ਇਸ ਅੰਤਿਮ ਅਰਥ ਵਿਚ ਮਾਨਵਵਾਦ ਨੂੰ ਸੰਭਵਤਾ ਸਭ ਤੋਂ ਜ਼ਿਆਦਾ ਮਹੱਤਵ ਸੋਲ੍ਹਵੀਂ ਸਦੀ ਵਿਚ ਮਿਲਿਆ ।[1]

(ਕ) ਵੀਹਵੀਂ ਸਦੀ ਦੇ ਮਾਨਵਵਾਦ ਦੀ ਯਥਾ-ਸੰਖਿਪਤ ਪਰਿਭਾਸ਼ਾ ਦਿੰਦੇ ਹੋਏ ਕਾਰਲਿਸ ਲੈਮਾਂਟ ( Corlis Lamont ) ਨੇ ਕਿਹਾ ਹੈ ਕਿ:

> ਮਾਨਵਵਾਦ ਇਸੇ ਪਾਰਥਿਵ-ਸੰਸਾਰ ਵਿਚ ਸੰਪੂਰਨ ਮਾਨਵਤਾ ਦੇ ਮਹੱਤਵ ਦੇ ਲਈ ਸੇਵਾ-ਦਰਸ਼ਨ ਹੈ ਜਿਹੜਾ ਵਿਵੇਕ ਸੰਗਤ ਅਤੇ ਲੋਕਤਾਂਤਰਿਕ ਤਰੀਕਿਆਂ ਦੇ ਬਿਲਕੁਲ ਅਨੁਕੂਲ ਹੈ। ਮਾਨਵਵਾਦ ਕੇਵਲ ਸ਼ਾਸਤਰ-ਵਪਾਰੀ ਦਾਰਸ਼ਨਿਕਾਂ ਦੀ ਸੰਪਤੀ ਨਹੀਂ ਹੈ, ਬਲਕਿ ਸੁਖਪੂਰਨ ਅਤੇ ਉਦੇਸ਼ਪੂਰਨ ਜੀਵਨ-ਨਿਭਾਅ ਦੇ ਲਈ ਜਨ-ਸਾਧਾਰਨ ਦੇ ਚਿੰਤਨ ਅਤੇ ਕਰਮ( Action) ਦਾ ਇਕ ਰਾਹ ਹੈ।[2]

(ਖ) ਐਸ.ਐਪੋਵ ਨੇ ' ਮਾਨਵਤਾ ਔਰ ਸਮਾਜਵਾਦ' ਪੁਸਤਕ ਦੀ ਪ੍ਰਸਤਾਵਨਾ ਵਿਚ ' ਮਾਨਵਵਾਦ' ਬਾਰੇ ਇਸ ਤਰ੍ਹਾਂ ਲਿਖਿਆ ਹੈ:

> ਮਾਨਵਵਾਦ ਇਕ ਸਿਧਾਂਤਕ ਵਿਚਾਰ-ਪੱਧਤੀ ਦੇ ਰੂਪ ਵਿਚ ਪੱਛਮੀ ਯੂਰਪ ਵਿਚ ਨਵ-ਜਾਗ੍ਰਤੀ ਦੇ ਯੁਗ ਵਿਚ ਸਾਮੰਤਵਾਦ ਦੇ ਵਿਰੁੱਧ ਜਨ-ਸੰਘਰਸ਼ ਦੇ ਦੌਰਾਨ ਪ੍ਰਗਟ ਹੋਇਆ। ਮਾਨਵਵਾਦ, ( ਜਿਸਨੂੰ ਲੈਟਿਨ ਹਿਊਮੈਨਿਟਸ ਦੇ ਆਧਾਰ ਤੇ ਰੂਪ ਵਿਚ ਹਿਊਮੈਨਿਜ਼ਮ ਕਿਹਾ ਗਿਆ) ਉਸੇ ਯੁਗ ਵਿਚ ਪੰਦਰ੍ਹਵੀਂ ਅਤੇ ਸੋਲ੍ਹਵੀਂ ਸ਼ਤਾਬਦੀ ਵਿਚ ਸਰਵਮਾਨਯ ਹੋਇਆ। ਪਰੰਤੂ ਇਸਦੇ ਆਦਰਸ਼-ਮਾਨਵ ਧਾਰਿਆਂ ਦਾ ਸੰਮਪੋਸ਼ਣ,ਮਾਨਵ ਨੂੰ ਪ੍ਰਕ੍ਰਿਤੀ ਦੀ ਸਭ ਤੋਂ ਜ਼ਿਆਦਾ ਮੁੱਲਵਾਨ ਦੇਣ ਸਵੀਕਾਰ ਕਰਨਾ,ਮਨੁੱਖੀ ਮਿਹਨਤ ਦਾ ਆਦਰ, ਮਨੁੱਖ ਦੀ ਸ਼ਕਤੀ ਅਤੇ ਬੁੱਧੀਮਤਾ

---

1. (ਡਾ.), ਨਵਲ ਕਿਸ਼ੋਰ, <u>ਮਾਨਵਵਾਦ ਔਰ ਸਾਹਿਤਯ</u>, ਪੰਨਾ-14
2. ਉਹੀ, ਪੰਨਾ -14

ਵਿਚ ਵਿਸ਼ਵਾਸ, ਮਨੁੱਖ ਦੇ ਸੁਤੰਤਰ ਵਿਕਾਸ ਦਾ ਅਧਿਕਾਰ ਆਦਿ - ਉਤਨੇ ਹੀ ਪ੍ਰਾਚੀਨ ਹਨ, ਜਿਤਨੀ ਕਿ ਸਭਿਅਤਾ। ਮਾਨਵਵਾਦ ਦੇ ਮੁਖ ਸਰੋਤ ਦਾਸ ਯੁੱਗ ਅਤੇ ਬਾਅਦ ਵਿਚ ਸਾਮੰਤੀ ਯੁੱਗ ਦੇ ਸਮਾਜ ਵਿਚ ਮਨੁੱਖਾਂ ਦੀ ਚੇਤਨਾ ਵਿਚ ਦੇਖੇ ਜਾ ਸਕਦੇ ਹਨ।[1]

ਦੂਸਰੇ ਪਾਸੇ ਭਾਰਤੀ ਚਿੰਤਕਾਂ ਨੇ 'ਮਾਨਵਵਾਦ' ਬਾਰੇ ਇਸ ਤਰ੍ਹਾਂ ਵਿਚਾਰ ਪ੍ਰਗਟਾਏ ਹਨ।

(ੳ) ਦਾਰਸ਼ਨਿਕ ਚਿੰਤਨ ਦੀ ਪਰੰਪਰਾ ਦੇ ਆਰੰਭ ਵਿਚ ਹੀ ਇਹ ਲੌਕਿਕ ਜੀਵਨ ਨੂੰ ਮਹੱਤਵ ਦੇਣ ਵਾਲੇ ਵਿਦਵਾਨ, ਜਿਹਨਾਂ ਨੇ ਮਾਨਵੀ ਸੁਖ ਅਤੇ ਸੰਪੰਨਤਾ ਨੂੰ ਹੀ ਜੀਵਨ ਦਾ ਉਦੇਸ਼ ਕਿਹਾ, ਪੂਰਵ ਅਤੇ ਪੱਛਮ ਦੋਵੇਂ ਖੇਤਰਾਂ ਵਿਚ ਸਦਾ ਹੀ ਹੋਏ ਹਨ। ਪਾਰਲੌਕਿਕ ਮੁੱਲਾਂ ਦੀ ਥਾਂ ਤੇ ਇਹ-ਲੌਕਿਕ ਉਦੇਸ਼ਾਂ ਨੂੰ ਪ੍ਰਮੁੱਖਤਾ ਦੇਣ ਵਾਲੀ ਇਸ ਵਿਚਾਰਧਾਰਾ ਦਾ ਨਾਂ ਹੀ ਮਾਨਵਵਾਦ ਹੈ। ਮਾਨਵਵਾਦ ਉਹ ਧਰਮ ਹੈ ਜਿਸਦੇ ਗ੍ਰਹਿਣ ਕਰਨ ਨਾਲ ਮਨੁੱਖੀ ਆਤਮਾ ਸੁਤੰਤਰ ਹੋ ਜਾਂਦੀ ਹੈ ਤੇ ਉਹ ਕਿਸੇ ਸੰਸਾਰੀ ਬੰਧਨ ਦੇ ਬੰਧੇਜ ਵਿਚ ਨਹੀਂ ਆਉਂਦੀ। ਸੰਭਾਵਨਾ ਵਰਗੀ ਸੂਖਮ ਵਸਤੂ ਨੂੰ ਮਨੁੱਖ ਤਦ ਹੀ ਪ੍ਰਾਪਤ ਕਰ ਸਕਦਾ ਹੈ ਜਦ ਕਿ ਉਹ ਭਾਵਨਾਤਮਕ ਤੌਰ ਤੇ ਵਿਸ਼ਾਲ ਦ੍ਰਿਸ਼ਟੀ ਦਾ ਧਾਰਨੀ ਹੋਵੇ। ਮਨੁੱਖ ਸੁਆਰਥ ਨੂੰ ਛੱਡ ਕੇ ਪਰਮਾਰਥ ਦੀ ਭਾਵਨਾ ਅਪਣਾ ਕੇ ਹੀ ਸਰਬੱਤ ਦੇ ਭਲੇ ਵਿਚ ਜੁੱਟ ਸਕਦਾ ਹੈ। ਭਾਰਤੀ ਚਿੰਤਨ ਪਰੰਪਰਾ ਵਿਚ ਮਹਾਂ ਚਿੰਤਕ ਡਾ. ਰਾਧਾ ਕ੍ਰਿਸ਼ਨਨ ਵੀ ਮਨੁੱਖ ਦੇ ਇਹ-ਲੌਕਿਕ ਜੀਵਨ ਨੂੰ ਸੁਖੀ ਬਣਾਉਣਾ ਲੋਚਦੇ ਹਨ। ਪਾਰਲੌਕਿਕ ਜੀਵਨ ਦੀ ਪਵਿਤਰਤਾ ਲਈ ਭੁੱਖ, ਪਿਆਸ ਨੂੰ ਇਕ ਪਾਸੇ ਕਰਕੇ ਇਹ-ਲੌਕਿਕ ਜੀਵਨ ਨੂੰ ਸੁਖੀ ਬਣਾਉਣ ਲਈ ਹਰ ਸੰਭਵ ਕੁਰਬਾਨੀ ਦੇਣ ਲਈ ਤਿਆਰ ਰਹਿੰਦੇ ਹਨ। ਇਹਨਾਂ ਆਧਾਰਾਂ ਤੇ ਡਾ. ਰਾਧਾ ਕ੍ਰਿਸ਼ਨਨ ਨੇ 'ਮਾਨਵ-ਵਾਦ' ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਹੈ:

ਮਾਨਵਵਾਦ ਅਮਰਤੱਵ ਦੀ ਪ੍ਰਾਪਤੀ ਕਰਨ ਵਾਲੀਆਂ

---

1. ਐਸ.ਪੋਪੋਵ, ਮਾਨਵਤਾ ਔਰ ਸਮਾਜਵਾਦ, ਅਨੁਵਾਦਕ ਸੂਰਜ ਨਰਾਇਣ ਝਾ ਪਹਿਲਾ ਸੰਸਕਰਣ, 1981, ਪ੍ਰਸਤਾਵਨਾ, ਪੰਨਾ-5

> ਇਛਾਵਾਂ ਨੂੰ, ਪਵਿੱਤਰਤਾ ਦੀਆਂ ਸੂਚਨਾਵਾਂ ਨੂੰ,
> ਅਲੌਕਿਕਤਾ ਦੀ ਭੁੱਖ ਅਤੇ ਪਿਆਸ ਨੂੰ ਨਕਾਰਦਾ ਹੈ
> ਅਤੇ ਦੂਜੇ ਪਾਸੇ ਮਾਨਵਤਾ ਲਈ ਅਤਿ ਸਰੀਰਕ ਕਸ਼ਟ
> ਸਹਾਰਨ ਅਤੇ ਸ਼ਹੀਦੀ ਦੇਣ ਲਈ ਤਿਆਰ ਰਹਿੰਦਾ ਹੈ।[1]

(ਅ) ਜਿਥੇ ਡਾ. ਰਾਧਾ ਕ੍ਰਿਸ਼ਨਨ ਦੇ ਨੈਤਿਕ, ਸਦਾਚਾਰਕ ਦ੍ਰਿਸ਼ਟੀ ਤੋਂ ਮਾਨਵਵਾਦੀ ਪਰਿਭਾਸ਼ਾ ਪ੍ਰਸਤੁਤ ਕੀਤੀ ਹੈ ਉਥੇ ਡਾ. ਵਜ਼ੀਰ ਸਿੰਘ ਨੇ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਇਸ ਸੰਦਰਭ ਵਿਚ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਏ ਹਨ।

ਵਿਸ਼ੇਸ਼ ਰੂਪ ਵਿਚ ਮਾਨਵਵਾਦ ਯੂਰਪੀਨ-ਜਾਗ੍ਰਿਤੀ ਦੇ ਚਿੰਤਕਾਂ ਤੇ ਸਾਹਿਤਕਾਰਾਂ ਦੀ ਦੇਣ ਹੈ ਜਿਨ੍ਹਾਂ ਨੇ ਨਾ ਕੇਵਲ ਯੂਨਾਨੀ ਫਲਸਫੇ ਅਤੇ ਭਾਰਤੀ ਵੈਦਿਕ ਸਾਹਿਤ ਵਿਚ ਛੁਪੀਆਂ ਮਾਨਵ-ਹਿਤੈਸ਼ੀ ਭਾਵਨਾਵਾਂ ਨੂੰ ਉਜਾਗਰ ਕੀਤਾ ਸਗੋਂ ਮਾਨਵਵਾਦੀ ਸਿਧਾਂਤ ਨੂੰ ਨਵੀਨ ਸੇਧਾਂ ਦਿੱਤੀਆਂ। ਮਨੁੱਖ ਦੇ ਆਤਮ-ਬਲ ਵਿਚ ਅਟੁੱਟ ਵਿਸ਼ਵਾਸ ਇਸ ਚਿੰਤਨ ਦੀ ਟੇਕ ਹੈ, ਜਿਸਦੇ ਆਧਾਰਉਤੇ ਮਨੁੱਖ ਆਪਣੇ ਵਿਅਕਤੀਗਤ ਅਤੇ ਭਾਈਚਾਰਕ ਕਲਿਆਣ ਲਈ ਆਪਣੇ ਆਪ ਉਤੇ ਨਿਰਭਰ ਹੈ। ਮਾਨਵਵਾਦ ਦਾ ਬੁਨਿਆਦੀ ਵਿਸ਼ਵਾਸ ਇਹ ਹੈ ਕਿ ਕੁਦਰਤ ਦੇ ਭੇਦਾਂ ਤੇ ਸੁਹਜਾਂ ਦੀ ਕੁੰਜੀ ਕੇਵਲ ਮਨੁੱਖ ਦੇ ਪਾਸ ਹੈ। ਇਸ ਵਿਚਾਰ ਦੇ ਆਧਾਰ ਉਤੇ ਕਈ ਚਿੰਤਕਾਂ ਨੇ ਮਾਨਵਵਾਦ ਅਤੇ ਈਸ਼ਵਰਵਾਦ ਵਿਚ ਵਿਰੋਧ ਦੀ ਸਥਾਪਨਾ ਕੀਤੀ ਹੈ। ਜੇਕਰ ਮਨੁੱਖ ਨੂੰ ਬ੍ਰਹਿਮੰਡ ਦਾ ਕੇਂਦਰ-ਬਿੰਦੂ ਮਨ ਲਿਆ ਜਾਵੇ ਮਨੁੱਖੀ ਚੇਤਨਾ ਤੋਂ ਉਪਰ ਕਿਸੇ ਵਿਸ਼ਵ-ਚੇਤਨਾ ਦੀ ਮੌਜੂਦਗੀ ਤੋਂ ਇਨਕਾਰ ਕੀਤਾ ਜਾਵੇ ਤਾਂ ਮਨੁੱਖ ਨੂੰ ਪ੍ਰਾਥਮਿਕ ਅਤੇ ਦੈਵੀ ਹਸਤੀ ਨੂੰ ਗੌਣ ਮੰਨ ਲਿਆ ਜਾਵੇ ਤਾਂ ਇਹ ਕੱਟੜ ਕਿਸਮ ਦਾ ਮਾਨਵਵਾਦ ਹੋਵੇਗਾ, ਇਸਨੂੰ ਈਸ਼ਵਰਵਾਦੀ ਸਿਧਾਂਤ ਪ੍ਰਵਾਨ ਕਰਨ ਤੋਂ ਸੰਕੋਚ ਹੈ। ਰੱਬ ਅਤੇ ਮਨੁੱਖ ਵਿਚਲੇ ਦਵੰਦ ਵਿਚ ਮਨੁੱਖ ਨੂੰ ਪਹਿਲ ਅਤੇ

---

1. " Humanism overlooks the immortal longings , the intimations of sanctity, the hunger and thirst for holiness, the readiness to suffer persecution and martyrdom."
(Dr.Radha Krishnan,Recovery of faith,orient Paper books, Delhi.1969,P-49)

ਦੈਵੀ ਸ਼ਕਤੀ ਦੀ ਬਜਾਏ ਮਨੁੱਖ ਦੀਆਂ ਬੌਧਿਕ ਸ਼ਕਤੀਆਂ ਵਿਚ ਅਕੀਦਾ ਇਸ ਮਾਨਵਵਾਦ ਦੇ ਅਨਿਵਾਰੀ ਅੰਗ ਹਨ। ਜਿਥੋਂ ਤਕ ਪੰਜਾਬੀ ਸਭਿਆਚਾਰ ਦਾ ਸੰਬੰਧ ਹੈ, ਇਸਦੀ ਮਾਨਵਵਾਦੀ ਸੋਚ ਮਨੁੱਖੀ ਹੋਣੀ ਦੀ ਪੂਰਤੀ ਵਿਚ ਈਸ਼ਵਰ ਦੀ ਭਾਈਵਾਲੀ ਨੂੰ ਪਰਵਾਨ ਕਰਦੀ ਹੈ।[1]

(ੲ) ਜਿਵੇਂ ਸੂਰਜ ਦੀ ਧੁੱਪ, ਚੰਦ ਦੀ ਚਾਨਣੀ, ਹਵਾ ਅਤੇ ਡੂੰਘੇ ਸਮੁੰਦਰਾਂ ਤੇ ਚਲਦੇ ਦਰਿਆਵਾਂ ਦੇ ਪਾਣੀਆਂ ਦੀ ਵੰਡ ਨਹੀਂ ਕੀਤੀ ਜਾ ਸਕਦੀ।ਉਵੇਂ ਹੀ ਮਨੁੱਖਤਾ ਦੇ ਅਟੁੱਟ ਰਿਸ਼ਤਿਆਂ ਨੂੰ ਵੀ ਨਿਖੇੜਿਆ ਨਹੀਂ ਜਾ ਸਕਦਾ। ਜ਼ੁਲਮ ਦੇ ਖਿਲਾਫ਼ ਬੋਲਣਾ ਹੀ ਇਨਸਾਨੀਅਤ ਹੈ, ਅਨਿਆਂ ਦੇ ਵਿਰੁੱਧ ਆਵਾਜ਼ ਉਠਾਣੀ ਹੀ ਮਨੁੱਖਤਾ ਦਾ ਦੂਜਾ ਨਾਂ ਹੈ। ਮਾਨਵਵਾਦੀ ਮਨੁੱਖ ਇਨੀ ਜੁਰੱਤ ਰੱਖੇ ਕਿ ਉਹ ਸੱਚ ਆਖ ਸਕੇ, ਵੱਡੇ ਕੋਲ ਭਾਈਚਾਰਕ ਇਨਸਾਫ਼ ਦੀ ਮੰਗ ਕਰ ਸਕੇ ਤੇ ਅਨਿਆਂ ਵਿਰੁੱਧ ਆਵਾਜ਼ ਬੁਲੰਦ ਕਰ ਸਕੇ, ਕੋਈ ਵੀ ਮਨੁੱਖ ਜਾਂ ਫਿਰਕਾ ਧੱਕੇ ਜਾਂ ਜ਼ੁਲਮ ਨਾਲ ਤਰੱਕੀ ਨਹੀਂ ਕਰ ਸਕਦਾ। ਕੇਵਲ ਮਾਨਵਵਾਦੀ ਧਰਮ ਦਾ ਰਾਹ ਹੀ ਫਿਰਕਿਆਂ ਤੇ ਕੌਮਾਂ ਨੂੰ ਉਨੱਤੀ ਦੀ ਸਿਖਰ ਤੇ ਪਹੁੰਚਾਉਂਦਾ ਹੈ। ਮਾਨਵਵਾਦ ਕਿਵੇਂ ਮਾਨਵੀ ਕੀਮਤਾਂ ਨੂੰ ਕਾਇਮ ਰੱਖ ਕੇ ਮਾਨਵ ਨੂੰ ਸੁਖੀ, ਸੰਪੰਨ ਬਣਾ ਸਕਦਾ ਹੈ? ਬੇਇਨਸਾਫ਼ੀਆਂ ਨੂੰ ਖਤਮ ਕਰਕੇ ਕਿਵੇਂ ਮਾਨਵੀ-ਕੀਮਤਾਂ ਨੂੰ ਸਥਾਪਿਤ ਕਰ ਸਕਦਾ ਹੈ? ਇਸ ਸੰਦਰਭ ਵਿਚ 'ਮਾਨਵਵਾਦ' ਦੀ ਪਰਿਭਾਸ਼ਾ ਡਾ. ਦਲੀਪ ਕੌਰ ਟਿਵਾਣਾ ਨੇ ਹੇਠ ਲਿਖੇ ਸ਼ਬਦਾਂ ਵਿਚ ਇਉਂ ਪ੍ਰਸਤੁਤ ਕੀਤੀ ਹੈ:-

> ਮਾਨਵਵਾਦ ਉਹ ਦਰਸ਼ਨ ਹੈ, ਮਨੁੱਖ ਜਿਸਦਾ ਆਦਿ ਤੇ ਅੰਤ ਹੈ। ਇਹ ਰੱਬ, ਧਰਮ, ਕੁਦਰਤ ਸਮਾਜ ਸਭ ਕਾਸੇ ਦੇ ਮੁਕਾਬਲੇ ਵਿਚ ਮਨੁੱਖ ਦਾ ਪੱਖ ਪੂਰਦਾ ਹੈ ਤੇ ਇਸਨੂੰ ਵਡਿਆਉਂਦਾ ਹੈ। ਇਸੇ ਲਈ ਮਾਨਵਵਾਦ ਉਨ੍ਹਾਂ ਤਬਦੀਲੀਆਂ ਜਾਂ ਸੁਧਾਰ ਦੇ ਹੱਕ ਵਿਚ ਆਵਾਜ਼ ਹੈ ਜੋ ਮਨੁੱਖ ਲਈ ਜੀਊਣ ਲਈ ਬੇਹਤਰ ਹਾਲਾਤ ਪੈਦਾ ਕਰਨ।
>
> ਮਾਨਵਵਾਦ ਰੂਹ ਦੀ ਆਵਾਜ਼ ਦੀ ਸਿਫ਼ਾਰਸ਼ ਕਰਦਾ ਹੈ। ਇਹ

---

1. ਡਾ. ਵਜ਼ੀਰ ਸਿੰਘ, "ਪੰਜਾਬੀ ਸਭਿਆਚਾਰ ਵਿਚ ਮਾਨਵਵਾਦ", ਜਾਗ੍ਰਤੀ, ਜਿਲਦ-35,ਅੰਕ 12,ਦਸੰਬਰ 1980 ,ਚੰਡੀਗੜ੍ਹ, ਪੰਨਾ -7

> ਇਹ ਇਕ ਕਿਸਮ ਦਾ ਵਿਦਰੋਹ ਹੈ, ਬੇਇਨਸਾਫੀਆਂ, ਤਸ਼ੱਦਦ ਤੇ ਬੇਲੋੜੇ ਦੁੱਖ ਸਹਿਣ ਦੇ ਵਿਰੁੱਧ । ਮਾਨਵਵਾਦ ਉਨ੍ਹਾਂ ਕੀਮਤਾਂ ਨੂੰ ਅਪਣਾਉਂਦਾ ਹੈ ਜੋ ਆਚਰਣ ਤੇ ਬੁੱਧੀ ਦੇ ਪੱਖੋਂ ਮਨੁੱਖ ਨੂੰ ਉਸਦੀ ਸਿਖਰ ਵਲ ਲਿਜਾ ਸਕਣ ਤੇ ਉਸਨੂੰ ਤਸੱਲੀ ਦੇ ਸਕਣ। ਇਸ ਲਈ ਮਾਨਵਵਾਦ ਉਨ੍ਹਾਂ ਕੀਮਤਾਂ, ਆਦਰਸ਼ਾਂ, ਤਰਜੀਹਾਂ ਦੀ ਗੱਲ ਕਰਦਾ ਹੈ ਜੋ ਮਨੁੱਖਤਾ ਲਈ ਮਹੱਤਵਪੂਰਨ ਹੋਣ ਤੇ ਉਸ ਅੰਦਰ ਮਾਨਵੀ ਗੁਣਾਂ ਦਾ ਸੰਚਾਰ ਕਰਨ ।[1]

(ਸ) ਮਾਨਵਵਾਦ 'ਮਾਨਵ-ਸੰਬੰਧੀ' ਵਾਦ ਹੈ। ਮਾਨਵੀ-ਕਲਿਆਣ ਦੀ ਗੱਲ ਕਰਦਾ ਹੈ। ਮਾਨਵ-ਹਿੱਤਾਂ ਦੀ ਵਕਾਲਤ ਕਰਨ ਵਾਲੀ ਵਿਚਾਰਧਾਰਾ ਹੈ। ਇਸ ਵਿਚਾਰਧਾਰਾ ਦਾ ਕੇਂਦਰ-ਬਿੰਦੂ ਮਨੁੱਖ ਹੈ। ਮਨੁੱਖੀ-ਹਿੱਤਾਂ ਦੀ ਰਾਖੀ ਕਰਨੀ ਇਸਦਾ ਧਰਮ, ਮੂਲ-ਤੱਤ ਹੈ। ਇਸ ਸੰਦਰਭ ਵਿਚ ਪ੍ਰਿੰ. ਸੰਤ ਸਿੰਘ ਸੇਖੋਂ ਨੇ 'ਮਾਨਵਵਾਦ' ਦੀ ਪਰਿਭਾਸ਼ਾ 'ਸਮਾਜਵਾਦੀ ਦ੍ਰਿਸ਼ਟੀਕੋਣ' ਤੋਂ ਇਸ ਪ੍ਰਕਾਰ ਪ੍ਰਸਤੁਤ ਕੀਤੀ ਹੈ:

> ਮਾਨਵਵਾਦ ਇਕ ਅਜਿਹੀ ਸੂਝ ਦੀ ਮੰਗ ਕਰਦਾ ਹੈ, ਜੋ ਸਮਾਜਵਾਦ ਵੱਲ ਹੈ, ਤਾਂਘਦੀ ਹੁੰਦੀ ਹੈ, ਉਸ ਵਲ ਪਿੱਠ ਕਰਕੇ ਨਹੀਂ ਖੜੀ ਹੁੰਦੀ। ਅੱਜ ਕਲ ਮਾਨਵਵਾਦ ਪੁਰਾਣੀਆਂ ਕੀਮਤਾਂ ਦਾ ਸਿੱਧਾ ਜਾਂ ਟੇਢਾ ਸਮਰਥਨ ਕਰਨ ਵਿਚ ਨਹੀਂ ਇਹਨਾਂ ਨੂੰ ਉਸੇ ਨਿਰਣੈਕਾਰੀ ਢੰਗ ਨਾਲ ਰੱਦ ਕਰ ਦੇਣ ਵਿਚ ਹੈ ਜਿਸ ਨਾਲ ਸਮਾਜਵਾਦ ਕਰਦਾ ਹੈ।[2]

(ਹ) ਮਾਨਵਵਾਦ ਇਕ ਨੈਤਿਕ ਸਿਧਾਂਤ ਹੈ, ਸਦਾਚਾਰਕ ਨਿਜ਼ਾਮ ਹੈ। ਸਦਾਚਾਰ 'ਜੋ ਕੁਝ ਹੈ' ਅਤੇ 'ਜੋ ਕੁਝ ਹੋਣਾ ਚਾਹੀਦਾ ਹੈ' ਦੇ ਵਿਚਕਾਰ ਅੰਤਰ ਦੱਸ ਕੇ ਮਨੁੱਖੀ ਜੀਵਨ ਦੀ ਅਗਵਾਈ ਕਰਦਾ ਹੈ। ਨੇਕੀ ਤੋਂ ਬਿਨਾ ਮਨੁੱਖ

---

1. ਡਾ. ਦਲੀਪ ਕੌਰ ਟਿਵਾਣਾ,"ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਮਾਨਵਵਾਦ",ਪੰਜਾਬੀ ਦੁਨੀਆਂ,ਫਰਵਰੀ-ਮਾਰਚ,1989,ਪੰਨਾ 67-68
2. ਪੰਜਾਬੀ ਦੁਨੀਆਂ,ਫਰਵਰੀ-ਮਾਰਚ 1989, ਅੰਕ-2,ਪੰਨਾ-69

ਦਾ ਆਚਰਣ ਪ੍ਰਣਾਲੀ ਵਿਚ ਕੋਈ ਸਥਾਨ ਨਹੀਂ ਹੈ। ਨੈਤਿਕਤਾ ਵਿਚ ਬੁੱਧੀ, ਸਚਿਆਈ, ਨਿਆਂ, ਹੌਸਲਾ, ਨਿਮਰਤਾ, ਸੰਤੋਖ ਤੇ ਪਿਆਰ ਜੈਸੇ ਸਦਗੁਣ ਮੁਖ ਸਥਾਨ ਰੱਖਦੇ ਹਨ। ਸਦਾਚਾਰਕ ਨੀਤੀ ਆਪਣੀ ਆਲੋਚਨਾ ਤੇ ਸੁਰਤੀ ਰਾਹੀਂ ਸ਼ੁਧ ਕਰਨ ਦਾ ਮਨੋਰਥ ਪੂਰਾ ਕਰਦੀ ਹੈ। ਇਹਨਾਂ ਦੋਹਾਂ ਵਿਚ ਨੇੜੇ ਦੀ ਮਿਲਵਰਤਣ ਮਨੁੱਖੀ ਸਮਾਜ ਲਈ ਆਪਣੇ ਪਦਾਰਥਕ ਸਦਾਚਾਰਕ ਤੇ ਆਤਮਕ ਆਦਰਸ਼ਾਂ ਦੀ ਪ੍ਰਾਪਤੀ ਲਈ ਬੜੀ ਅਮੋਲਕ ਹੈ। ਜਦੋਂ ਦੋਨਾਂ ਵਿਚ ਮਿਲਵਰਤਣ ਨਹੀਂ ਰਹੇਗਾ, ਤਾਂ ਕੀ ਵਾਪਰੇਗਾ? ਸਮਾਜ ਉਹਿ ਢੇਰੀ ਹੋ ਜਾਵੇਗਾ। ਇਸ ਸੰਦਰਭ ਵਿਚ ਡਾ. ਪ੍ਰੇਮ ਪ੍ਰਕਾਸ਼ ਸਿੰਘ 'ਮਾਨਵਵਾਦ' ਦੀ ਧਾਰਮਿਕ ਅਤੇ ਸਦਾਚਾਰਕ ਵਿਕਾਸ ਤੇ ਇਸ ਪ੍ਰਕਾਰ ਪਰਿਭਾਸ਼ਾ ਦਿੰਦੇ ਹੋਏ ਲਿਖਦੇ ਹਨ ਕਿ:

> ਮਾਨਵਵਾਦ ਮਨੁੱਖ ਦੇ ਅੰਦਰਲੇ ਪੱਖ, ਧਾਰਮਿਕ ਤੇ ਸਦਾਚਾਰਕ ਕੀਮਤਾਂ ਉਤੇ ਜ਼ੋਰ ਦਿੰਦਾ ਹੈ। ਇਹ ਇਕ ਨੈਤਿਕ ਦ੍ਰਿਸ਼ਟੀਕੋਣ ਹੈ। ਇਹ ਨੈਤਿਕ ਸਿਧਾਂਤ ਹੈ, ਇਕ ਸਦਾਚਾਰਕ ਨਿਜ਼ਾਮ ਹੈ। ਇਸ ਵਿਚ ਮਨੁੱਖ ਦੀਆਂ ਅੰਤਰੀਵੀ ਸ਼ਕਤੀਆਂ ਨੂੰ ਜਾਗ੍ਰਿਤ ਕਰਨਾ ਹੀ ਉਦੇਸ਼ ਹੈ ਤਾਂ ਜੋ ਉਹ ਕਾਮਲ ਪ੍ਰਾਣੀ ਮੁਕੰਮਲ ਹਸਤੀ ਬਣ ਸਕੇ ।[1]

(ਕ) ਹਿੰਦੀ ਸਾਹਿਤ ਕੋਸ਼ ਵਿਚ: ਮਾਨਵੀ ਕੀਮਤਾਂ ਨੂੰ ਹੀ ਮਾਨਵੀ ਆਚਾਰ-ਵਿਹਾਰ ਦਾ ਮਾਪ-ਦੰਡ ਮੰਨਣ ਲਈ ਕਿਹਾ ਗਿਆ ਹੈ। ਇਸ ਪਰਿਪੇਖ ਵਿਚ ਮਾਨਵਵਾਦ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਗਈ ਹੈ:-

> ਮਾਨਵਵਾਦੀ ਇਹ ਮੰਨਦੇ ਹਨ ਕਿ:ਪਾਸ਼ਵਿਕ ਅਤੇ ਦੈਵੀ ਗੁਣਾਂ ਦੇ ਵਿਚਕਾਰ ਕੁਝ ਅਜਿਹਾ ਵੀ ਹੈ ਜੋ ਪੂਰਨ ਤੌਰ ਤੇ ਮਾਨਵੀ ਹੈ ਅਤੇ ਉਸਨੂੰ ਨੈਤਿਕਤਾ,ਕਲਾ,ਸੁੰਦਰਤਾ-ਬੋਧ ਅਤੇ ਹੋਰ ਆਚਾਰ ਵਿਹਾਰ ਦਾ ਮਾਪ ਮੰਨਣਾ ਚਾਹੀਦਾ ਹੈ।2

---

1. ਪੰਜਾਬੀ ਦੁਨੀਆਂ, ਮਾਰਚ 1969, ਪੰਨ-53
2. ਹਿੰਦੀ ਸਾਹਿਤ ਕੋਸ਼, ਗਿਆਨ ਮੰਡਲ, ਬਨਾਰਸ, ਪੰਨਾ- 369-70

ਮਨੁੱਖ ਨੂੰ ਸਭ ਚੀਜ਼ਾਂ ਦਾ ਕੇਂਦਰ-ਬਿੰਦੂ ਅਤੇ ਸੰਸਾਰ ਨੂੰ ਹੀ ਮਨੁੱਖ ਦਾ ਸਹੀ ਘਰ ਮੰਨਦੇ ਹੋਏ, ਡਾ. ਦੇਵ ਰਾਜ ਬਾਲੀ 'ਮਾਨਵਵਾਦ' ਦੀ ਪਰਿਭਾਸ਼ਾ ਇਹਨਾਂ ਆਧਾਰਾਂ ਤੇ ਇਸ ਪ੍ਰਕਾਰ ਕਰਦੇ ਹੋਏ ਲਿਖਦੇ ਹਨ ਕਿ:

> ਮਾਨਵਵਾਦ ਮਾਨਵ ਨੂੰ ਹੀ ਸਭ ਚੀਜ਼ਾਂ ਦਾ ਕੇਂਦਰ-ਬਿੰਦੂ ਅਤੇ ਵਿਧਾਨ ਮੰਨਦਾ ਹੈ। ਇਹ ਚਿੰਤਨ ਦੀ ਇਕ ਅਜਿਹੀ ਪ੍ਰਕ੍ਰਿਆ ਹੈ ਜਿਸਦਾ ਉਦੇਸ਼ ਜਨ-ਸਾਧਾਰਨ ਦੀਆਂ ਸਮੱਸਿਆਵਾਂ ਦਾ ਵਿਵਹਾਰਿਕਤਾ ਦੇ ਆਧਾਰ ਤੇ ਸਮਾਧਾਨ ਕਰਕੇ ਜੀਵਨ ਨੂੰ ਸੁਖੀ ਬਣਾਉਣਾ ਹੈ। ਇਹ ਦਰਸ਼ਨ ਉਹਨਾਂ ਲੋਕਾਂ ਦੇ ਲਈ ਨਹੀਂ ਜਿਹੜੇ ਆਪਣੇ ਆਪ ਨੂੰ ਅ-ਵਰਨਣਯੋਗ ਅਤੇ ਅਪ੍ਰਾਕ੍ਰਿਤ ਪ੍ਰਸ਼ਨਾਂ ਨੂੰ ਹੱਲ ਕਰਨ ਦੀਆਂ ਗੱਲਾਂ ਕਰਦੇ ਰਹਿੰਦੇ ਹਨ। ਸ਼ਿੱਲਰ ਦੇ ਅਨੁਸਾਰ: 'ਦਰਸ਼ਨ ਦੇ ਰੂਪ ਵਿਚ ਮਾਨਵਵਾਦ ਪ੍ਰਕ੍ਰਿਤੀਵਾਦ ਅਤੇ ਨਿਰਪੇਖਵਾਦ ਦੇ ਉਲਟ ਹੈ।' ਮਨੁੱਖ ਦੇ ਅਨੁਭਵ ਦਾ ਨਿਰੂਪਣ ਇਸਦਾ ਮੁੱਖ ਉਦੇਸ਼ ਹੈ। ਸੰਸਾਰ ਨੂੰ ਹੀ ਮਨੁੱਖ ਦਾ ਸਹੀ ਘਰ ਮੰਨਦੇ ਹੋਏ ਅਪ੍ਰਾਕ੍ਰਿਤਕ ਤੱਤਵਾਂ ਦੀ ਪੇਸ਼ਕਾਰੀ ਮਾਨਵੀ ਸਦਭਾਵ ਅਤੇ ਮੇਲਜੋਲ ਨੂੰ ਹੀ ਮਾਨਵ-ਸੁਖ ਦੇ ਲਈ ਮਹੱਤਵਪੂਰਨ ਮੰਨਦਾ ਹੈ।[1]

(ਗ) ਸਭਿਆਚਾਰ ਅਤੇ ਸਭਿਅਤਾ ਮਨੁੱਖ ਦੀ ਬਹੁਤ ਵੱਡੀ ਕਮਾਈ ਹੈ। ਸਦਭਾਵਨਾ ਇਸ ਕਮਾਈ ਦਾ ਗਹਿਣਾ ਹੈ। ਇਸ ਪ੍ਰਕਾਰ ਜਦੋਂ ਸਦਭਾਵਨਾ ਮੁਰਝਿਤ ਹੋ ਜਾਂਦੀ ਹੈ, ਗੁਆਚ ਜਾਂਦੀ ਹੈ, ਤਦ ਮਨੁੱਖਤਾ ਉਦਾਸ ਹੋ ਜਾਂਦੀ ਹੈ, ਕੁਰਲਾਹਟ ਪਾਉਂਦੀ ਹੈ। ਇਹ ਭਾਵਨਾ ਸਮੇਂ ਦੇ ਉਲਝਾ ਵਿਚ ਉਲਝ ਤਾਂ ਜਾਂਦੀ ਹੈ, ਪਰ ਮਰਦੀ ਨਹੀਂ, ਮਿਟਦੀ ਨਹੀਂ, ਸਦਭਾਵਨਾ ਹੀ ਮਾਨਵਵਾਦ ਦੀ ਰੂਹ ਹੈ। ਜਦੋਂ ਮਨੁੱਖ ਕੋਲੋਂ ਸਦਭਾਵਨਾ ਗੁਆਚ ਜਾਂਦੀ ਹੈ ਤਾਂ ਉਹ ਇਕ ਸੱਖਣਾ ਪਿੰਜਰ ਹੀ ਰਹਿ ਜਾਂਦਾ ਹੈ। ਮਾਨਵਵਾਦ ਨੇ ਮਨੁੱਖ ਨੂੰ ਕਿਵੇਂ ਬਰਬਰਤਾ ਤੋਂ ਮੁਕਤ ਕਰਕੇ ਇਸਨੂੰ ਮਾਨਵੀ ਕੀਮਤਾਂ ਤੋਂ ਕਿਵੇਂ ਸਿਖਅਤ, ਜਾਗਰੂਕ ਕਰਨਾ ਹੈ? ਇਸ ਸੰਦਰਭ ਵਿਚ ਡਾ. ਸੁਰੇਂਦਰ ਵਰਮਾ ਮਾਨਵਵਾਦ ਨੂੰ ਇਕ ਨਿਵੇਕਲੇ ਪੱਖ ਤੋਂ ਘੋਖ ਕੇ ਇਉਂ

---

1. ਡਾ. ਦੇਵ ਰਾਜ ਬਾਲੀ, ਮਾਨਵਵਾਦ ਕੀ ਪਸ਼ਚਿਮੀ ਔਰ ਭਾਰਤੀਯ ਪਰੰਪਰਾ, ਦਾਰਸ਼ਨਿਕ ਨਿਬੰਧ, ਪੰਨਾ-2

ਪਰਿਭਾਸ਼ਿਤ ਕਰਦੇ ਹਨ।

ਮਾਨਵਵਾਦ ਦਾ ਅੰਗਰੇਜ਼ੀ ਪਰਯਾਇ 'Humanism' 'ਹਿਊਮੈਨੀਟਾਸ' 'ਚੋਂ ਨਿਕਲਿਆ ਹੈ, ਜਿਸਦਾ ਅਰਥ ਮਨੁੱਖ ਦੀ ਸਿੱਖਿਆ ਤੋਂ ਹੈ, ਮਨੁੱਖ ਦੀ ਅਜਿਹੀ ਸਿੱਖਿਆ ਜਿਹੜੀ ਉਸਨੂੰ ਪਸ਼ੂਆਂ ਤੋਂ ਭਿੰਨ ਕਰਦੀ ਹੈ ਅਤੇ ਅਤੇ ਉਸਦੇ ਵਿਹਾਰ ਨੂੰ ਇਸ ਤਰ੍ਹਾਂ ਅਨੁਸ਼ਾਸ਼ਿਤ ਕਰਦੀ ਹੈ ਕਿ ਉਹ ਧਾਰਮਿਕ ਅਤੇ ਬਰਦਾਸ਼ਤਾ ਰਹੇ। ਇਸ ਦ੍ਰਿਸ਼ਟੀ ਤੋਂ ਮਾਨਵਵਾਦ ਦਾ ਮੁੱਖ ਆਗ੍ਰਹਿ ਮਨੁੱਖ ਨੂੰ ਬਰਬਰਤਾ ਤੋਂ ਮੁਕਤ ਕਰਨ ਤੇ ਹੈ ਅਤੇ ਇਸਨੂੰ ਇਸ ਪ੍ਰਕਾਰ ਸਿੱਖਿਅਤ ਕਰਨ ਤੇ ਹੈ ਕਿ ਪਸ਼ੂਆਂ ਦੀ ਬਜਾਏ ਉਹ ਆਪਣੀ ਸ੍ਰੇਸ਼ਠਤਾ ਨੂੰ ਅਭਿਵਿਅਕਤ ਕਰ ਸਕੇ। ਮਾਨਵਵਾਦ ਪ੍ਰਕ੍ਰਿਤੀ ਅਤੇ ਵਿਧੀ, ਦੋਨੋਂ ਦ੍ਰਿਸ਼ਟੀਆਂ ਤੋਂ ਬਰਬਰਤਾਵਾਦ ਦੇ ਉਲਟ ਹੈ।[1]

ਉਪਰੋਕਤ ਭਿੰਨ ਭਿੰਨ ਪਰਿਭਾਸ਼ਾਵਾਂ ਦੇ ਆਧਾਰ ਤੇ ਮਾਨਵਵਾਦ ਦੇ ਮੁੱਖ ਲੱਛਣ ਜਾਂ ਸਥਾਪਨਾਵਾਂ ਨੂੰ ਇਸ ਪ੍ਰਕਾਰ ਨਿਰਧਾਰਿਤ ਕੀਤਾ ਜਾ ਸਕਦਾ ਹੈ।

1. ਮਾਨਵਵਾਦ ਪ੍ਰਕ੍ਰਿਤਕ ਸਾਰਵਭੌਮਿਕਤਾ ਵਿਚ ਵਿਸ਼ਵਾਸ ਰੱਖਦਾ ਹੈ ਅਰਥਾਤ ਇਹ ਸਰਬ-ਵਿਆਪੀ, ਪਰ-ਉਪਕਾਰੀ ਤੇ ਜਨ-ਸੇਵੀ ਹੈ।
2. ਮਾਨਵਵਾਦ ਮਨੁੱਖ ਤੇ ਉਸਦੀ ਅਸੀਮਿਤ ਸ਼ਕਤੀ ਵਿਚ ਵਿਸ਼ਵਾਸ ਰੱਖਦਾ ਹੈ।
3. ਮਾਨਵਵਾਦ ਉਸ ਨੀਤੀ ਵਿਚ ਵਿਸ਼ਵਾਸ ਕਰਦਾ ਹੈ ਜਿਸਦੇ ਮੁੱਲਾਂ ਦਾ ਆਧਾਰ ਸੰਸਾਰਿਕ ਸੰਬੰਧਾਂ ਅਤੇ ਅਨੁਭਵਾਂ ਵਿਚ ਹੈ। ਧਰਮ, ਜਾਤੀ ਅਤੇ ਦੇਸ਼ ਦੀਆਂ ਸੀਮਾਵਾਂ ਤੋਂ ਪਰੇ ਇਸਦਾ ਉਦੇਸ਼ ਮਨੁੱਖ ਦੇ ਲਈ ਸੰਸਾਰਿਕ ਸੁੱਖ, ਸੁਤੰਤਰਤਾ ਅਤੇ ਹਰ ਪ੍ਰਕਾਰ ਦੀ ਉੱਨਤੀ ਨੂੰ ਪ੍ਰਾਪਤ ਕਰਨਾ ਹੈ।
4. ਮਾਨਵਵਾਦ ਇਕ ਅਜਿਹੇ ਵਿਸ਼ਵ ਦਾ ਨਿਰਮਾਣ ਕਰਦਾ ਹੈ, ਜਿਥੇ ਲੋਕ ਸੰਸਾਰ ਦੇ ਹੋਰ ਨਾਗਰਿਕਾਂ ਦੇ ਨਾਲ(ਅਰਥਾਤ ਬਿਨਾ ਦੂਸਰੇ ਦੀ ਸੁਤੰਤਰਤਾ ਨੂੰ ਨੁਕਸਾਨ ਪਹੁੰਚਾਏ) ਵਾਸਤਵਿਕ ਸੁਤੰਤਰਤਾ (ਸਮਾਜਿਕ, ਆਰਥਿਕ,

---

1. ਡਾ. ਸੁਰੇਂਦਰ ਵਰਮਾ, <u>ਨੀਤੀ-ਸ਼ਾਸਤਰ ਕੀ ਸਮਕਾਲੀਨ ਪ੍ਰਵਿਰਤੀਆਂ</u>' ਪੰਨਾ- 9

ਰਾਜਨੀਤਿਕ, ਬੌਧਿਕ ਅਤੇ ਭਾਵਨਾਤਮਕ) ਦਾ ਉਪਯੋਗ ਕਰ ਸਕਣ। ਅਜਿਹੇ ਮਨੁੱਖੀ-ਦਿਲ-ਦਿਮਾਗ ਦਾ ਵਿਕਾਸ ਕਰਨਾ ਜਿਹੜਾ ਸਮਾਜਿਕ ਨਿਆਂ ਵਿਚ ਵਿਸ਼ਵਾਸ ਰੱਖਦਾ ਹੋਵੇ ।

5. ਮਾਨਵਵਾਦ ਵਿਚ ਪਿਆਰ, ਹਮਦਰਦੀ ਅਤੇ ਸਹਿਨਸ਼ੀਲਤਾ ਦਾ ਉਭਾਰ ਹੋਇਆ ਤੇ ਇਹਦਾ ਦੂਜਾ ਪਾਸਾ ਹੈ -- ਸਭ ਜਾਤੀਆਂ ਵਿਚ ਪ੍ਰੇਮ ਦੀ ਭਾਵਨਾ, ਸ਼ੁਭ ਅਮਲਾਂ ਉਪਰ ਜ਼ੋਰ, ਰਸਮਾਂ-ਰਿਵਾਜ਼ਾਂ ਤੇ ਕੱਟੜਵਾਦ ਉਪਰ ਨਹੀਂ, ਸਗੋਂ ਸੰਕੀਰਣ ਭਾਵਨਾਵਾਂ ਨੂੰ ਖਤਮ ਕਰਕੇ ਧਾਰਮਿਕ ਸਹਿਨਸ਼ੀਲਤਾ ਦੀ ਭਾਵਨਾ ਦਾ ਵਿਕਾਸ ਕਰਨਾ ਹੈ।

6. ਮਾਨਵਵਾਦ ਹਰ ਉਸ ਵਿਅਕਤੀ, ਵਿਚਾਰ ਤੇ ਕਾਰਜ ਦਾ ਵਿਰੋਧੀ ਹੈ ਜੋ ਮਨੁੱਖੀ ਸ਼ਕਤੀਆਂ ਨੂੰ ਸੀਮਿਤ ਕਰਨ, ਮਨੁੱਖੀ ਸੰਭਾਵਨਾਵਾਂ ਨੂੰ ਧੁੰਦਲਾ ਬਣਾਉਣ, ਮਨੁੱਖੀ ਵਿਸ਼ਵਾਸ ਨੂੰ ਕਮਜ਼ੋਰ ਕਰਨ, ਮਨੁੱਖੀ ਭਾਈਚਾਰੇ ਨੂੰ ਭਿੰਨ-ਭਿੰਨ ਕਰਨ ਵਿਚ ਅਚੇਤ ਜਾਂ ਸੁਚੇਤ ਸਹਿਯੋਗ ਦਿੰਦਾ ਹੈ।

7. ਮਾਨਵਵਾਦ ਮਨੁੱਖੀ ਸਮਾਨਤਾ ਅਤੇ ਭਾਈਚਾਰੇ ਦੇ ਵਿਕਾਸ ਵਿਚ ਹੀ ਵਿਸ਼ਵਾਸ ਰੱਖਦਾ ਹੈ ਅਤੇ ਮਨੁੱਖੀ-ਕਲਿਆਣ ਨੂੰ ਹੀ ਆਪਣਾ ਉਦੇਸ਼ ਮੰਨਦਾ ਹੈ।

8. ਮਾਨਵਵਾਦ ਦਾ ਆਧਾਰ-ਭੂਤ ਤੱਤ ਸਦਾਚਾਰ ਹੈ ਅਤੇ ਮਨੁੱਖੀ ਸੁਖਸੀਅਤ ਦੀ ਸਦਾਚਾਰਕ ਉਨੱਤੀ ਹੀ ਮਾਨਵਵਾਦ ਦੀ ਹੋਂਦ ਦੀ ਲਖਾਇਕ ਹੈ। ਵਿਅਕਤੀ, ਸਮਾਜ ਦੇ ਕਲਿਆਣ ਵਿਚ ਯੋਗ ਦੇਣ ਵਾਲੀਆਂ ਕ੍ਰਿਆਵਾਂ ਦੇ ਨਾਲ ਆਪਣੇ ਨਿੱਜੀ ਸੰਤੋਖ ਅਤੇ ਆਤਮ-ਵਿਕਾਸ ਦਾ ਉਚਿਤ ਤਾਲਮੇਲ ਕਰਕੇ ਹੀ ਸ੍ਰੇਸ਼ਠ ਜੀਵਨ ਦੀ ਪ੍ਰਾਪਤੀ ਕਰਦਾ ਹੈ।

9. ਮਾਨਵਵਾਦ ਦਾ ਉਦੇਸ਼ ਲੋਕਾਂ ਨੂੰ ਉਹਨਾਂ ਉਦੇਸ਼ਾਂ ਅਤੇ ਮੁੱਲਾਂ, ਕੀਮਤਾਂ, ਸੰਕਲਪਾਂ ਵੱਲ ਲੈ ਜਾਣਾ ਹੈ ਜਿਹੜੇ ਮਾਨਵ-ਜਾਤੀ ਨੂੰ ਸੱਚ ਦੇ ਉਹਨਾਂ ਪ੍ਰਤੀਮਾਨਾਂ ਅਤੇ ਸੱਚ ਨੂੰ ਪ੍ਰਾਪਤ ਕਰਨ ਦੇ ਉਹਨਾਂ ਸਾਧਨਾ ਦੇ ਨੇੜੇ ਲਿਆਉਣਾ ਹੈ, ਜਿਹਨਾਂ ਨੂੰ ਇਹ ਸਭ ਤੋਂ ਵਿਸ਼ਵਾਸਯੋਗ ਮੰਨਦਾ ਹੈ। ਮਾਨਵਵਾਦੀ ਦਰਸ਼ਨ ਕੇਵਲ ਯੁੱਗ ਦੇ ਜਵਲੰਤ ਪ੍ਰਸ਼ਨਾਂ ਤਕ ਹੀ ਆਪਣੇ ਆਪ ਨੂੰ ਸੀਮਿਤ ਨਹੀਂ ਰੱਖਦਾ, ਸਗੋਂ ਭਵਿੱਖ ਵੱਲ ਦਿਸ਼ਾ-ਨਿਰਦੇਸ਼ ਵੀ ਕਰਦਾ

ਹੈ ਕਿਉਂਕਿ ਮਾਨਵਵਾਦੀ ਦਰਸ਼ਨ ਦਾ ਕੰਮ ਕੇਵਲ ਉਸ ਯੁਗ ਨੂੰ ਹੀ ਪ੍ਰਤੀਬਿੰਬਤ ਨਹੀਂ ਕਰਨਾ ਜਿਸ ਵਿਚ ਅਸੀਂ ਰਹਿ ਰਹੇ ਹਾਂ, ਸਗੋਂ ਇਸ ਯੁਗ ਨੂੰ ਅੱਗੇ ਵੀ ਲੈ ਜਾਣਾ ਹੈ ਅਰਥਾਤ ਭਵਿੱਖ ਦਾ ਦਿਸ਼ਾ-ਨਿਰਦੇਸ਼ ਵੀ ਕਰਨਾ ਹੈ ।

10. ਮਾਨਵਵਾਦ ਦੀ ਨਿਸ਼ਠਾ ਤਰਕ ਅਤੇ ਵਿਗਿਆਨ ਵਿਚ ਹੈ ਜਿਸਦੇ ਸਹਾਰੇ ਮਾਨਵੀ ਅਸਤਿਤਵ ਨੂੰ ਲਗਾਤਾਰ ਸ੍ਰੇਸ਼ਠਤਾ ਦੇ ਵੱਲ ਲੈ ਜਾਇਆ ਜਾ ਸਕਦਾ ਹੈ। ਮਾਨਵਵਾਦ ਦਾ ਆਗ੍ਰਹਿ ਹੈ ਕਿ ਵਿਵੇਕ ਅਤੇ ਵਿਗਿਆਨ ਦਾ ਉਪਯੋਗ, ਸਮਾਜਿਕ ਜੀਵਨ ਵਿਚ ਪੂਰੀ ਨਿਸ਼ਠਾ ਨਾਲ ਕੀਤਾ ਜਾਵੇ ਅਤੇ ਪ੍ਰਜਾਤਾਂਤਰਿਕ ਪ੍ਰਣਾਲੀ( ਜਿਸ ਵਿਚ ਅਭਿਵਿਅਕਤੀ ਦੀ ਸੁਤੰਤਰਤਾ ਅਤੇ ਨਾਗਰਿਕ ਅਧਿਕਾਰ ਵੀ ਸ਼ਾਮਿਲ ਹਨ) ਆਰਥਿਕ, ਰਾਜਨੀਤਿਕ ਅਤੇ ਸਾਂਸਕ੍ਰਿਤਕ ਆਦਿ ਸਾਰੇ ਖੇਤਰਾਂ ਵਿਚ ਅਪਣਾਈ ਜਾਵੇ। ਮਾਨਵਵਾਦ ਮਨੁੱਖੀ ਚੁਨੌਤੀਆਂ ( Challenges ) ਨੂੰ ਜਵਾਬ ਦਿੰਦਾ ਹੈ।

ਸਰਬ ਮਨੁੱਖ-ਜਾਤੀ ਇਕ ਹੈ। ਸਭ ਲੋਕਾਂ ਦੀਆਂ ਰਗਾਂ ਵਿਚ ਇਕੋ ਲਾਲ ਰੰਗ ਦਾ ਖੂਨ ਦੌੜਦਾ ਹੈ। ਰੰਗ,ਰੂਪ, ਸ਼ਕਲਾਂ, ਨਾਵਾਂ-ਥਾਵਾਂ, ਖਾਣ-ਪੀਣ, ਪਹਿਨਣ, ਰਸਮਾਂ,ਰਿਵਾਜ਼ਾਂ ਰਿਵਾਜ਼ਾਂ ਦੇ ਅੰਤਰ ਭੂਗੋਲਿਕ ਸਥਿਤੀਆਂ ਦੇ ਅੰਤਰ ਹਨ। ਇਹ ਕੋਈ ਅੰਤਰ ਨਹੀਂ, ਇਹ ਭਿੰਨ-ਸੁਭਿੰਨਤਾ ਹੈ।ਮਨੁੱਖ ਦੀ ਅਸਲੀਅਤ ਉਸਦੇ ਧੁਰ ਅੰਦਰ ਵਸਦੀ ਹੈ। ਸਮੂਹ ਮਨੁੱਖਾਂ ਵਿਚ ਇਕੋ ਤਰ੍ਹਾਂ ਦਾ ਦਿਲ ਧੜਕਦਾ ਹੈ। ਰੰਗ, ਰੂਪ, ਨਸਲ ਦੇ ਆਧਾਰ ਤੇ ਭਿੰਨਤਾ ਬਾਹਰੀ ਹੈ, ਸਤਹੀ ਹੈ, ਬਨਾਵਟੀ ਹੈ, ਮਨੁੱਖੀ ਏਕਤਾ ਸਰਬ-ਉੱਚ ਹੈ।[1]

---

1. ' The Human body is one. The human soul is one. Human beauty is one. Our perception of the beautiful is one; our self -intoxication is the same. Our pursuits of pleasure are alike. There is no difference between man and man.'

(Prof. Puran Singh,"The spirit Born People",P-115)

ਸੁਆਮੀ ਵਿਵੇਕਾਨੰਦ ਅਨੁਸਾਰ: ਦੁਨੀਆਂ ਦੀ ਸ਼ਾਂਤੀ ਸਥਾਪਤ ਕਰਨ ਅਤੇ ਸਰਬ ਵਿਆਪੀ ਸ਼ਕਤੀਸ਼ਾਲੀ ਮਾਨਵਵਾਦ ਦੇ ਕੰਮ ਕਰਨ ਲਈ, ਆਦਮੀ ਵਿਚ, ਜੰਗਲੀਪੁਣੇ ਤੇ ਵਿਜੈ ਪਾਉਣ ਦੀ ਲੋੜ ਹੈ, ਉਸਦੇ ਬੌਧਿਕ ਲੈਵਲ ਤੋਂ ਉਠ ਕੇ ਦੂਰ, ਉਸਨੂੰ ਅਧਿਆਤਮਕ ਵਿਸ਼ਵਾਸਾਂ ਦੇ ਘੇਰਿਆਂ ਤਕ ਸਿਖਿਆ ਦੇ ਕੇ ਇਸਨੂੰ ਵਿਵੇਕਾਨੰਦ ਸੱਚਾ ਧਰਮ ਕਹਿੰਦਾ ਹੈ, ਜਿਸਦਾ ਵਰਨਣ ਉਹ ਇਸ ਤਰ੍ਹਾਂ ਕਰਦੇ ਹਨ ਕਿ, "ਮਾਨਵ 'ਚ ਪਹਿਲਾਂ ਤੋਂ ਪਈ ਰੱਬਤਾ ਦੀ ਅਨੁਭੂਤੀ ਆਤਮ ਪ੍ਰਕਾਸ਼ ਹੈ।" ਵਿਵੇਕਾਨੰਦ ਦਾ ਕਹਿਣਾ ਹੈ ਕਿ ਸਾਰੀ ਨੈਤਿਕ ਤੇ ਧਾਰਮਿਕ ਜ਼ਿੰਦਗੀ ਤੇ ਕੰਮਾਂ ਲਈ, ਉਹੀ ਆਤਮਾ, ਇਕੋ ਰੱਬੀ ਤੇ ਅਮਰ ਆਤਮਾ, ਸਭ ਦੇ ਅੰਦਰ ਸਿਰਫ਼ ਉਹੀ ਵਿਵੇਕੀ ਨਿਯਮ ਹੈ। ਸਾਰੇ ਇਨਸਾਨੀ ਵੇਗ ਦੇ ਆਚਰਣ ਲਈ। ਜਦੋਂ ਮਾਨਵ ਆਤਮਾ ਦਾ ਪ੍ਰਗਟਾਅ ਆਪਣੀ ਜ਼ਿੰਦਗੀ ਤੇ ਆਚਰਣ 'ਚ ਥੋੜਾ ਜਿਹਾ ਵੀ ਕਰਦਾ ਹੈ, ਉਹ ਨਿਡਰ ਤੇ ਆਪੇ ਨਾਲ ਸ਼ਾਂਤ ਤੇ ਦੁਨੀਆਂ ਨਾਲ ਵੀ ਸ਼ਾਂਤ ਹੋ ਜਾਂਦਾ ਹੈ, ਕਿਉਂਕਿ ਉਦੋਂ ਉਹ ਸਭ ਨਾਲ ਆਤਮਿਕ ਸਾਂਝ ਦੀ ਏਕਤਾ ਦਾ ਅਨੁਭਵ ਕਰ ਲੈਂਦਾ ਹੈ।"[1]

ਮਨੁੱਖੀ ਆਤਮਾ ਸਾਰੀ ਦੀ ਸਾਰੀ ਸ਼ਾਂਤੀ ਹੈ। ਮਨੁੱਖੀ ਫ਼ਿਤਰਤ ਦੀ, ਮਨੁੱਖੀ ਸ਼ਖ਼ਸੀਅਤ ਦੀ, ਉਚੀ ਸ਼ਾਨ ਦੀ, ਕਦਰ ਪਾਉਂਦੀ ਹੈ। ਮਨੁੱਖ ਦੀ ਅੰਦਰਲੀ ਸ਼ਕਤੀ ਨੂੰ ਪਛਾਣਦਾ ਹੈ। ਮਨੁੱਖ ਲਈ ਧਰਤੀ ਤੇ ਸਵਰਗ ਬਣਾਉਣਾ ਸਾਰਥਿਕ ਉਦੇਸ਼ ਹੈ। ਸਵਰਗ ਨੂੰ ਧਰਤੀ ਤੇ ਲਿਆਉਣਾ ਮੁਸ਼ਕਲ ਹੈ। ਧਰਤੀ ਨੂੰ ਹੀ ਸਵਰਗ ਬਣਾਉਣ ਦਾ ਯਤਨ ਕਰਨਾ ਹੈ, ਰੱਬ ਤੇ ਬੰਦੇ ਦੀ ਸ਼ਕਤੀ ਵਿਚ ਵਿਸ਼ਵਾਸ ਕਰਨਾ ਹੈ। ਲੜਾਈਆਂ ਇਨਸਾਨਾਂ ਦੇ ਦਿਮਾਗਾਂ ਵਿਚ ਜਨਮ ਲੈਂਦੀਆਂ ਹਨ, ਲੇਕਿਨ ਮਾਨਵਵਾਦ ਦੇ ਆਧਾਰ ਤੇ ਆਦਮੀਆਂ ਦੇ ਦਿਮਾਗਾਂ ਵਿਚ ਹੀ ਸ਼ਾਂਤੀ ਤੇ ਬਚਾਉ ਦੇ ਸਾਧਨਾਂ ਦਾ ਨਿਰਮਾਣ ਕਰਨਾ ਹੈ।

ਮਨੁੱਖ ਵਿਚ ਹੀ ਅੰਤਮ ਵਿਸ਼ਵਾਸ ਰੱਖਣ ਦੇ ਕਾਰਣ ਮਾਨਵਵਾਦ ਦੀ ਇਹ ਮਾਨਤਾ ਹੈ ਕਿ ਜੇਕਰ ਉਹ ਵਿਵੇਕ ਅਤੇ ਵਿਗਿਆਨ ਦਾ, ਸਾਹਸ ਅਤੇ ਦੂਰਦਰਸ਼ਿਤਾ ਦੇ ਨਾਲ ਉਪਯੋਗ ਕਰੇ ਤਾਂ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਨ ਵਿਚ ਨਿਸ਼ਚੇ ਹੀ ਸਮਰੱਥ ਹੋ ਸਕਦਾ ਹੈ। ਸੰਸਾਰ ਕਿਉਂ ਹੈ ਅਤੇ ਕਿਹੋ ਜਿਹਾ ਹੈ, ਕਿਹੋ ਜਿਹਾ ਹੋਣਾ ਚਾਹੀਦਾ ਹੈ, ਇਸਨੂੰ ਜਾਣਨ ਦਾ ਇਕ-ਮਾਤਰ ਸਾਧਨ ਮਨੁੱਖ ਦੀ ਬੁੱਧੀ ਹੀ

---

1. ਸੁਆਮੀ ਰੰਗਾਨਾਥਨੰਦਾ (ਮੂਲ ਲੇਖਕ) ਸੁਆਮੀ ਵਿਵੇਕਾਨੰਦ ਤੇ ਉਨ੍ਹਾਂ ਦਾ ਮਾਨਵਵਾਦ, ਅਨੁ. ਜਸਬੀਰ ਕੌਰ ਆਹੂਜਾ, ਚੰਡੀਗੜ੍ਹ 1984, ਪੰਨਾ-59

ਹੈ। ਸੰਸਕ੍ਰਿਤ ਵਿਚ ਕਿਹਾ ਗਿਆ ਹੈ: 'मनुष्य: कुरुते यत्तु, तन्न शक्यं सुरासुरैः' ਅਰਥਾਤ ਮਨੁੱਖ ਜੋ ਕੁਝ ਕਰ ਸਕਦਾ ਹੈ ਉਸਨੂੰ ਸੁਰ ਜਾਂ ਅਸੁਰ ਨਹੀਂ ਕਰ ਸਕਦੇ।

ਮਾਨਵਵਾਦੀ ਚਿੰਤਨ ਨੈਤਿਕ ਜੀਵਨ-ਜਾਚ ਦੇ ਉਨ੍ਹਾਂ ਸਾਰੇ ਤੱਤਾਂ ਅਤੇ ਪ੍ਰਭਾਵਾਂ ਦਾ ਸਮਰਥਨ ਕਰਦਾ ਹੈ, ਜਿਹੜੇ ਮਨੁੱਖਤਾ ਦੇ ਹਿੱਤਾਂ ਦੀ ਪਾਲਣਾ ਦੇ ਸਮਰਥ ਹੋਣ। ਮਾਨਵਵਾਦ, ਪਰੰਪਰਾ ਅਤੇ ਆਧੁਨਿਕਤਾ ਵਿਚੋਂ ਸੋਚ, ਉਚਿਤ ਮੁੱਲਾਂ ਦੀ ਚੋਣ ਕਰਕੇ ਮਨੁੱਖ ਦੇ ਸਾਹਮਣੇ ਆਦਰਸ਼ ਸਥਾਪਿਤ ਕਰਦਾ ਹੈ। ਇਹਨਾਂ ਮੁੱਲਾਂ ਦਾ ਸੰਬੰਧ ਮਨੁੱਖੀ ਜੀਵਨ ਦੇ ਵਿਕਾਸ, ਸਮਾਜਿਕ ਸੰਬੰਧਾਂ, ਸੁਧਾਰਾਂ ਤੇ ਸੇਧਾਂ ਨਾਲ ਹੈ। ਮਾਨਵਵਾਦ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ ਅਤੇ ਮਨੁੱਖ ਦੇ ਸਰਬ-ਸਾਂਝੇ ਹਿੱਤਾਂ ਤੇ ਸਰਬ-ਪੱਖੀ ਉਨਤੀ ਦੇ ਵਸੀਲੇ ਜੁਟਾਉਂਦਾ ਹੈ। ਮਾਨਵਵਾਦ ਦੇ ਸੰਕਲਪ ਨੇ ਆਪਣੇ ਆਪ ਵਿਚ ਕੀ ਕੁਝ ਸਮੋਇਆ ਹੋਇਆ ਹੈ, ਇਸ ਸੰਬੰਧ ਵਿਚ ਡਾ. ਵਜ਼ੀਰ ਸਿੰਘ ਨੇ ਲਿਖਿਆ ਹੈ:

> ਇਸਨੂੰ ਉਹ ਸਾਰੀਆਂ ਕੀਮਤਾਂ ਪਰਵਾਨ ਹਨ, ਜੋ ਮਨੁੱਖ ਦੀ ਖੁਸ਼ਹਾਲੀਅਤ ਤੇ ਉਸਦੇ ਸਮਾਜ ਦੇ ਵਿਭਿੰਨ ਪੱਖਾਂ ਨੂੰ ਅਮੀਰੀ ਦੇ ਸਕਦੀਆਂ ਹੋਣ, ਚਾਹੇ ਇਹ ਕੀਮਤਾਂ ਆਰਥਿਕ ਪੱਧਰ ਦੀਆਂ ਹੋਣ, ਚਾਹੇ ਭਾਈਚਾਰਕ,ਸੁਹਜਾਤਮਕ ਤੇ ਅਧਿਆਤਮਕ ਪੱਧਰ ਦੀਆਂ। ਮਨੁੱਖੀ ਭਲਾਈ ਦੇ ਪ੍ਰਸੰਗ ਵਿਚ ਸਾਹਿਤ ਤੇ ਕਲਾ, ਵਿਗਿਆਨ ਤੇ ਧਰਮ ਸਭ ਸਾਰਥਿਕ ਹਨ।[1]

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ: ਮਾਨਵਵਾਦ ਇਕ ਜੀਵੰਤ, ਗਤੀਸ਼ੀਲ ਅਤੇ ਵਿਸ਼ਵ-ਵਿਆਪੀ ਵਿਚਾਰਧਾਰਾ ਹੈ। ਮਾਨਵਵਾਦੀ-ਜਾਤ,ਧਰਮ, ਦੇਸ਼ ਕਿੱਤੇ ਆਦਿ ਕਿਸੇ ਭੇਖ ਅਤੇ ਫਰਕ ਨੂੰ ਨਹੀਂਮੰਨਦੇ। ਉਹ ਕੱਟੜ ਨਹੀਂ ਹੁੰਦੇ। ਸਹਿਣਸ਼ੀਲ ਹੁੰਦੇ ਹਨ। ਦੂਜਿਆਂ ਦੇ ਚੰਗੇ ਵਿਚਾਰਾਂ ਨੂੰ ਅਪਨਾਉਣ ਦੀ ਕੋਸ਼ਿਸ਼ ਕਰਦੇ ਹਨ, ਅਤੇ ਸਮੇਂ ਨਾਲ ਖਿਸ ਚੁੱਕੇ ਆਪਣੇ ਵਿਚਾਰਾਂ ਨੂੰ ਬਦਲਣ ਦੇ ਇਛੁੱਕ ਹੁੰਦੇ ਹਨ। ਉਹ ਦੂਜਿਆਂ ਲਈ ਵੀ ਮਹਿਸੂਸਦੇ ਹਨ:ਸੁਖ ਲਈ ਯਤਨ ਕਰਦੇ ਹਨ ਅਤੇ ਸਾਂਝੀ ਖੁਸ਼ੀ ਲਈ ਕੰਮ ।

---

1. ਡਾ. ਵਜ਼ੀਰ ਸਿੰਘ, <u>ਧਰਮ ਦਾ ਦਾਰਸ਼ਨਿਕ ਪੱਖ,</u> ਪੰਨਾ-65

## (ਅ) ਮਾਨਵਵਾਦ: ਇਤਿਹਾਸਕ ਪਰਿਪੇਖ ਵਿਚ: ਭਾਰਤੀ ਚਿੰਤਨ ਪਰੰਪਰਾ: ਮਾਨਵਵਾਦੀ ਅਭਿਵਿਅਕਤੀ:-

ਭਾਰਤੀ ਦਰਸ਼ਨ ਵਿਚ ਮਾਨਵਵਾਦ ਦੀ ਪਰਿਭਾਸ਼ਾ ਸਪਸ਼ਟ ਤੇ ਨਿਸ਼ਚਿਤ ਸ਼ਬਦਾਂ ਦੇ ਮਾਧਿਅਮ ਨਾਲ ਹੋਈ। "सर्वे भवन्तु सुखिनः" ਦੀ ਭਾਵਨਾ ਸਾਡਾ ਆਦਰਸ਼ ਰਹੀ ਹੈ। "वसुधैव कुटुम्बकम्" ਦੀ ਮਾਨਤਾ ਸਥਾਪਿਤ ਕੀਤੀ। ਮਾਨਵ-ਮਾਤਰ ਦੇ ਕਲਿਆਣ, ਸ਼ਾਂਤੀ ਅਤੇ ਸਦਭਾਵ ਦੇ ਤੱਤ ਸਾਡੀ ਸੰਸਕ੍ਰਿਤੀ ਦੇ ਮੂਲ ਆਧਾਰ ਰਹੇ ਹਨ।

ਸੱਚ, ਅਹਿੰਸਾ ਅਤੇ ਉਦਾਰਵਾਦਿਤਾ ਤੇ ਨਿਰਭਰ ਅਧਿਆਤਮਵਾਦ ਸਾਡੇ ਲਈ ਪ੍ਰਾਚੀਨ ਮਹਾਂਪੁਰਸ਼ਾਂ ਦੀ ਅਮੋਲਕ ਦਾਤ ਹੈ। ਉਪਨਿਸ਼ਦਾਂ ਵਿਚ ਇਸ ਗੱਲ ਦਾ ਪ੍ਰਮਾਣ ਮੌਜੂਦ ਹੈ ਕਿ ਮਨੁੱਖ ਲੰਬੇ ਜੀਵਨ ਦੇ ਲਈ ਨਹੀਂ, ਬਲਕਿ ਅਮਰਤਵ ਦੇ ਲਈ ਪ੍ਰਾਰਥਨਾ ਕਰਦਾ ਸੀ। ਮਹਾਂਭਾਰਤ ਵਿਚ ਇਹ ਕਿਹਾ ਗਿਆ ਹੈ ਕਿ: ਸਭ ਮਨੁੱਖ ਇਕ ਹੀ ਬ੍ਰਹਮ ਦੀ ਸੰਤਾਨ ਹਨ, "सार्वम ब्रह्म इदम् जगत।"

ਗੀਤਾ ਦੀ ਰੁਚੀ ਉਸ ਆਦਮੀ ਵਿਚ ਹੈ ਜਿਹੜਾ ਸਮਾਜ ਵਿਚ ਰਹਿੰਦਾ ਹੈ ਅਤੇ ਸਮਾਜ ਸੇਵਾ ਦੇ ਆਧਾਰ ਤੇ ਦੂਸਰਿਆਂ ਦੀ ਸਹਾਇਤਾ ਕਰਨ ਲਈ ਹਮੇਸ਼ਾਂ ਤਿਆਰ ਰਹਿੰਦਾ ਹੈ। ਗੀਤਾ ਦਾ ਧਾਰਮਿਕ ਮਨੁੱਖ, ਮਾਨਵੀ-ਗੁਣਾਂ ਨਾਲ ਪਰਿਪੂਰਣ ਹੈ। ਰਬ ਦਾ ਸੱਚਾ ਭਗਤ ਦਿਲੋਂ ਸਭ ਦੇ ਕਲਿਆਣ ਦੀ ਕਾਮਨਾ ਕਰਦਾ ਹੈ ਅਤੇ ਖੁਦ ਆਪਣੇ ਹਿੱਤਾਂ ਦਾ ਬਲੀਦਾਨ ਦੂਸਰਿਆਂ ਦੇ ਲਈ ਕਰਨ ਨੂੰ ਤਿਆਰ ਰਹਿੰਦਾ ਹੈ। ਉਸਦਾ ਸਿਧਾਂਤ ਹੈ-- "सर्व भूत हिते रताः" "ਮਾਨਵੀ-ਆਦਰਸ਼ਾਂ ਤੇ ਜ਼ੋਰ ਦਿੰਦੇ ਹੋਏ ਭਾਰਤੀ ਦਾਰਸ਼ਨਿਕਾਂ ਨੇ ਹਮੇਸ਼ਾਂ ਪਿਆਰ, ਸਦਭਾਵਨਾ ਅਤੇ ਵਿਸ਼ਵ-ਬਧੁੰਤਵ ਨੂੰ ਪ੍ਰੋਤਸਾਹਨ ਦਿੱਤਾ।

ਪ੍ਰਾਚੀਨ ਭਾਰਤੀ ਧਰਮ-ਬੁੱਧ ਮਤ ਵੀ ਮਾਨਵਵਾਦੀ ਰੁਚੀ ਦਾ ਲਖਾਇਕ ਹੈ। ਬੁੱਧ ਮੱਤ ਦੀ ਮਾਨਵਵਾਦੀ ਰੁਚੀ ਦਾ ਪ੍ਰਮਾਣ ਇਸ ਗੱਲ ਤੋਂ ਮਿਲਦਾ ਹੈ ਕਿ ਇਸ ਮਤ ਨੇ ਕੁਰਬਾਨੀ, ਘੋਰ, ਕਠਨ ਤਪੱਸਿਆ, ਹਠ-ਯੋਗ, ਰਿੱਧੀਆਂ, ਸਿੱਧੀਆਂ ਆਦਿ ਸਾਧਨਾਂ ਨੂੰ ਨਿਰਾਰਥਕ ਕਹਿ ਕੇ ਵਹਿਮਾਂ-ਭਰਮਾਂ ਅਤੇ ਪਾਖੰਡਾਂ ਦੀ ਨਿਖੇਧੀ ਕੀਤੀ। ਬੁੱਧ-ਮਤ ਈਸ਼ਵਰ ਬਾਰੇ ਚੁੱਪ ਰਿਹਾ। ਆਤਮਾ-ਪਰਮਾਤਮਾ ਸੰਬੰਧੀ ਪ੍ਰਸ਼ਨਾਂ ਬਾਰੇ ਕੁਝ ਨਹੀਂ ਕਿਹਾ ਬਲਕਿ ਮਨੁੱਖ ਦੇ ਨੈਤਿਕ ਗੁਣਾਂ ਦੇ ਵਿਕਾਸ ਵੱਲ ਵਧੇਰੇ ਧਿਆਨ ਦਿਵਾਇਆ। ਲੋਕਾਂ ਦੇ ਦੁਖ-ਦਰਦ ਨੂੰ ਘਟਾਉਣਾ ਹੀ ਸ਼ੁਭ

ਸ਼ੁਭ ਕਰਮ ਹੈ। ਮਨੁੱਖ ਦੇ ਭਲੇ ਬਾਰੇ ਗੱਲ ਸੋਚਣੀ ਤੇ ਕਰਨੀ ਹੀ ਮਾਨਵਵਾਦੀ ਵਿਚਾਰ ਹਨ। ਬੁੱਧ-ਮਤ ਨੇ ਮਨੁੱਖ ਦੀ ਸਹੀ ਜੀਵਨ-ਜਾਚ ਉਪਰ ਜ਼ੋਰ ਦਿੱਤਾ ਹੈ, ਮਨੁੱਖਤਾ ਨੂੰ ਅਹਿੰਸਾ ਅਤੇ ਪਿਆਰ ਦਾ ਮਾਨਵਵਾਦੀ ਸੁਨੇਹਾ ਦਿੱਤਾ। ਬੁੱਧ-ਮਤ ਈਸ਼ਵਰ ਦੀ ਹੋਂਦ ਬਾਰੇ ਚੁੱਪ ਰਿਹਾ, ਲੇਕਿਨ ਮਨੁੱਖਤਾ ਦੇ ਆਚਰਣ ਨਿਰਮਾਣ ਤੇ ਬਹੁਤ ਜ਼ਿਆਦਾ ਜ਼ੋਰ ਦਿੱਤਾ। ਮਨੁੱਖ ਦਾ ਉਚਾ-ਸੁੱਚਾ ਆਚਰਣ ਹੀ ਮਾਨਵਵਾਦੀ ਜੀਵਨ-ਜਾਚ ਹੈ। ਇਸ ਤਰ੍ਹਾਂ ਬੁੱਧ-ਮਤ ਨੇ ਈਸ਼ਵਰ ਦੇ ਸੰਕਲਪ ਤੋਂ ਮੁਕਤ ਹੋ ਕੇ ਮਨੁੱਖ ਦੇ ਜੀਵਨ ਦੇ ਸੁਖ ਬਾਰੇ ਸੋਚਿਆ ਅਤੇ ਮਾਨਵਵਾਦੀ ਰਾਹਾਂ ਦਾ ਲਖਾਇਕ ਬਣਿਆ ।

ਮਾਨਵਵਾਦੀ ਚਿੰਤਨ ਮਾਨਵੀ-ਕੀਮਤਾਂ ਬਾਰੇ ਵਿਚਾਰ ਹੈ। ਇਹ ਚਿੰਤਨ ਪ੍ਰਣਾਲੀ ਈਸ਼ਵਰ ਦੇ ਸੰਕਲਪ ਤੋਂ ਸੁਤੰਤਰ ਹੋ ਕੇ ਮਨੁੱਖ ਦੇ ਸਦਾਚਾਰਕ ਚੌਖਟੇ ਬਾਰੇ ਸੋਚਦੀ ਹੈ ਅਤੇ ਮਨੁੱਖ ਨੂੰ ਈਸ਼ਵਰ ਦੀ ਪ੍ਰਾਪਤੀ ਕਰਨ ਦੀ ਪ੍ਰੇਰਣਾ ਦੇਣ ਦੀ ਬਜਾਇ ਮਨੁੱਖੀ ਸਦਾਚਾਰਕ ਉੱਤਮ ਕੀਮਤਾਂ ਦੀ ਪ੍ਰਾਪਤੀ ਕਰਨ ਦੀ ਪ੍ਰੇਰਣਾ ਦਿੰਦੀ ਹੈ ਅਤੇ ਇਸਨੂੰ ਹੀ ਮਨੁੱਖੀ ਜੀਵਨ ਦਾ ਉਦੇਸ਼ ਸਥਾਪਿਤ ਕਰਦੀ ਹੈ।

ਭਾਰਤੀ ਚਿੰਤਨ ਪਰੰਪਰਾ ਵਿਚ ਈਸ਼ਵਰ ਦੀ ਪ੍ਰਾਪਤੀ ਦਾ ਸਾਧਨ 'ਪਿਆਰ' ਨੂੰ ਹੀ ਮੰਨਿਆ ਹੈ। ਮਾਨਵਵਾਦੀ ਸੰਕਲਪ ਦਾ ਮੂਲ ਆਧਾਰ ਵੀ ਪਿਆਰ ਹੀ ਹੈ। ਜੇਕਰ ਮਾਨਵ ਮਾਨਵ ਨਾਲ ਪਿਆਰ ਨਹੀਂ ਕਰੇਗਾ ਤਾਂ ਉਸਨੂੰ ਈਸ਼ਵਰ ਦੀ ਪ੍ਰਾਪਤੀ ਨਹੀਂ ਹੋਵੇਗੀ। ਈਸ਼ਵਰ ਦੀ ਪ੍ਰਾਪਤੀ ਲਈ ਮਨੁੱਖ-ਮਾਤਰ ਨਾਲ ਪ੍ਰੇਮ-ਪਿਆਰ ਕਰਨਾ ਜ਼ਰੂਰੀ ਸ਼ਰਤ ਹੈ। ਇਸ ਪ੍ਰਕਾਰ ਪਰਮਾਤਮਾ ਦੀ ਪ੍ਰਾਪਤੀ ਵੀ ਮਾਨਵਵਾਦ ਰਾਹੀਂ ਹੋ ਹੋ ਸਕਦੀ ਹੈ, ਇਸ ਤਰ੍ਹਾਂ ਮਾਨਵਵਾਦ ਦਾ ਸੰਕਲਪ ਪਹਿਲੇ ਦਰਜੇ ਤੇ ਮਹੱਤਵ ਦਾ ਅਧਿਕਾਰੀ ਬਣਦਾ ਹੈ। ਮਨੁੱਖੀ ਕਾਰਜ-ਖੇਤਰ ਵਿਚ ਪਿਆਰ ਸਚਾਈ ਅਤੇ ਅਹਿੰਸਾ ਹੀ ਸਰਬੋਤਮ ਨਿਯਮ ਹਨ। ਨਿਆਂ, ਸਚਾਈ ਨਾਲ ਪਿਆਰ ਮਿੱਠਤ, ਹਲੀਮੀ, ਅਮਨ, ਨੇਕੀ, ਸਰਬੱਤ ਦਾ ਭਲਾ - ਇਹ ਹਨ ਹਨ ਸਬੰਨ ਵਿਸ਼ਵ-ਵਿਆਪੀ ਮਾਨਵਵਾਦੀ ਕੀਮਤਾਂ। ਇਹ ਹਨ ਜੀਵਨ ਦੀਆਂ ਸ਼ਾਸ਼ਵਤ ਮਾਨਵਵਾਦੀ ਕੀਮਤਾਂ।

ਇਕ ਹੋਰ ਦ੍ਰਿਸ਼ਟੀਕੋਣ ਇਹ ਹੈ ਕਿ ਭਾਰਤੀ ਪ੍ਰਾਚੀਨ ਧਰਮ-ਭਾਵਨਾ ਨੇ ਮਨੁੱਖ ਨੂੰ ਪਰਲੋਕ ਵਿਚ ਸੁਖੀ ਬਣਾਉਣ ਦਾ ਵਿਸ਼ਵਾਸ ਦਿਵਾਇਆ ਸੀ, ਜਦਕਿ ਨਵੀਂ ਧਰਮ-ਭਾਵਨਾ ਦਾ ਸੰਕਲਪ ਮਨੁੱਖ ਨੂੰ ਇਹ-ਲੋਕ ਵਿਚ ਸੁਖੀ ਬਣਾਉਣ ਦਾ ਹੈ।

ਮਾਨਵਵਾਦੀ ਵਿਚਾਰਾਂ ਦੇ ਆਧਾਰ ਤੇ ਧਾਰਮਿਕ ਰੀਤੀ-ਰਿਵਾਜ਼ਾਂ ਅਤੇ ਕਰਮ-ਕਾਂਡਾ ਦਾ ਵਿਰੋਧ ਕੀਤਾ ਗਿਆ ਅਤੇ ਨਾਲ ਹੀ ਨਵੀਆਂ ਪਰਿਸਥਿਤੀਆਂ ਦੇ ਅਨੁਰੂਪ ਧਰਮ ਦੀ ਨਵੀਂ ਵਿਆਖਿਆ ਕੀਤੀ ਗਈ। ਸੰਸਾਰ ਨੂੰ ਮਾਇਆ, ਨਾਸ਼ਮਾਨ ਮੰਨਣ ਦਾ ਵਿਸ਼ਵਾਸ ਨਸ਼ਟ ਕੀਤਾ ਗਿਆ। ਮਾਨਵਵਾਦੀ ਚਿੰਤਨ ਦਾ ਮੂਲ ਰਾਸ਼ਟਰੀ ਦੀਵਾਰਾਂ ਤੋਂ ਪਰਾਂ ਮਾਨਵੀ-ਪਰਿਪੇਖ ਵਿਚ ਹੈ। ਭਾਰਤੀ ਮਾਨਵਵਾਦੀ ਚਿੰਤਨ ਪਰੰਪਰਾ ਬਾਰੇ ਡਾ. ਨਵਲ ਕਿਸ਼ੋਰ ਇਸ ਦ੍ਰਿਸ਼ਟੀਕੋਣ ਦਾ ਸਮਰਥਨ ਕਰਦੇ ਹੋਏ ਇਸ ਪ੍ਰਕਾਰ ਲਿਖਦੇ ਹਨ:"ਕਰਮਫਲ ਦੇ ਭੋਗ ਦੀ ਮਾਨਤਾ ਨੇ ਭਾਰਤੀ ਸਮਾਜ ਵਿਚ ਹੇਠਲੇ ਵਰਣਾਂ ਦੇ ਸ਼ੋਸ਼ਣ ਨੂੰ ਉਚਿੱਤ ਹੀ ਨਹੀਂ ਠਹਿਰਾਇਆ ਬਲਕਿ, ਵਿਦਰੋਹੀ ਚੇਤਨਾ ਨੂੰ ਹਮੇਸ਼ਾਂ ਕੁੰਠਿਤ ਕੀਤਾ ਅਤੇ ਭਾਗਵਾਦ ਨੂੰ ਵਧਾਵਾ ਦਿੱਤਾ।"[1]

ਪ੍ਰਾਚੀਨ ਭਾਰਤੀ ਦ੍ਰਿਸ਼ਟੀਕੋਣ, ਮਾਨਵਵਾਦੀ ਸੰਕਲਪ ਦੇ ਰਾਹ ਵਿਚ ਰੋੜਾ ਸਾਬਤ ਹੁੰਦਾ ਹੈ। ਭਾਰਤੀ ਚਿੰਤਨ ਦੀਆਂ ਕਰਮਫਲ ਅਤੇ ਭਾਗਵਾਦ ਦੀਆਂ ਮਾਨਤਾਵਾਂ ਆਧੁਨਿਕ ਮਾਨਵਵਾਦੀ ਦੇ ਲਈ ਅਸਵੀਕ੍ਰਿਤ ਹਨ। ਲੇਕਿਨ ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਭਾਰਤੀ ਚਿੰਤਨ ਵਿਚ ਅਜਿਹੇ ਤੱਤਵ ਹਨ ਜਿਹੜੇ ਮਾਨਵਵਾਦੀ ਚਿੰਤਨ ਦੇ ਪ੍ਰੇਰਕ ਹੋ ਨਿਬੜਦੇ ਹਨ। ਭਾਰਤੀ ਚਿੰਤਨ, ਮਾਨਵਵਾਦੀ ਚਿੰਤਨ ਦਾ ਪ੍ਰੇਰਕ-ਬਿੰਦੂ ਰਿਹਾ ਹੈ। ਸੱਚ, ਪ੍ਰੇਮ, ਨਿਆਂ, ਸ਼ਾਂਤੀ, ਪਰ-ਉਪਕਾਰ, ਸੁਆਰਥ ਨੂੰ ਛੱਡ ਕੇ ਪਰਮਾਰਥ ਦੀਭਾਵਨਾ ਨੂੰ ਇਸ ਭਾਰਤੀ ਚਿੰਤਨ ਨੇ ਆਪਣੇ ਵਿਚ ਸਮੋਇਆ ਹੋਇਆ ਹੈ। ਇਸ ਪ੍ਰਸੰਗ ਵਿਚ ਡਾ. ਦਿਵਾਕਰ ਪਾਠਕ ਲਿਖਦੇ ਹਨ:

> ਇਹੀ ਕਾਰਣ ਹੈ ਕਿ ਇਥੋਂ ਦੇ ਦਾਰਸ਼ਨਿਕ ਉਚ ਕੋਟੀ ਦੇ ਆਚਾਰ-ਨਿਸ਼ਠ ਅਤੇ ਚਰਿਤਰਵਾਨ ਵਿਅਕਤੀ ਹੋਏ ਹਨ ਅਜਿਹੇ ਵਿਅਕਤੀਆਂ ਦਾ ਜੀਵਨ ਅਤੇ ਨੈਤਿਕ ਸਤਰ ਸਾਧਾਰਨ ਵਿਅਕਤੀਆਂ ਨਾਲੋਂ ਬਹੁਤ ਉਚਾ ਰਿਹਾ ਹੈ ਅਤੇ ਉਹਨਾਂ ਨੇ ਸਦਾ ਦੂਸਰਿਆਂ ਦੇ ਉਪਕਾਰ ਨੂੰ ਹੀ ਆਪਣੇ

---

1. ਡਾ. ਨਵਲ ਕਿਸ਼ੋਰ, ਮਾਨਵਵਾਦ ਔਰ ਸਾਹਿਤਯ, ਪੰਨਾ-23

ਜੀਵਨ ਦਾ ਸਭ ਕੁਝ ਸਮਝਿਆ ਹੈ - "परोपकाराय सतां विभूतयः;
सज्जन हितेरता: ।" ਇਸ ਪ੍ਰਕਾਰ ਭਾਰਤੀ
ਪਰੰਪਰਾ ਵਿਚ ਨੀਤੀ, ਧਰਮ ਅਤੇ ਦਰਸ਼ਨ ਇਕ ਦੂਜੇ ਦੇ
ਪੂਰਕ ਮੰਨੇ ਜਾਂਦੇ ਹਨ।[1]

ਭਾਰਤੀ ਦਰਸ਼ਨ ਦਾ ਸਭ ਤੋ ਵੱਡਾ ਸੰਦੇਸ਼ ਜੋ ਭਾਰਤੀ ਸੰਸਕ੍ਰਿਤੀ ਵਿਚ ਡੂੰਘੇ ਰੂਪ ਵਿਚ ਸਮੋਇਆ ਹੋਇਆ ਹੈ, ਇਸ ਤਰ੍ਹਾਂ ਹੈ ਕਿ: ਸਾਰੇ ਮਨੁੱਖਾਂ ਵਿਚ ਇਕੋ ਜਿਹੀ ਆਤਮਾ ਦਾ ਨਿਵਾਸ ਹੈ, ਇਸ ਲਈ ਪਰਮਾਤਮਾ ਦੇ ਬਣਾਏ ਸਭ ਬੰਦਿਆਂ ਨਾਲ ਪਿਆਰ ਕਰੋ। ਸਾਰੇ ਧਰਮਾਂ ਵਿਚ ਇਸ ਗੱਲ ਦਾ ਉਪਦੇਸ਼ ਦਿੱਤਾ ਹੈ ਕਿ 'Love thy Neighbour as thyself' ਲੇਕਿਨ ਜੇਕਰ ਕੋਈ ਪੁੱਛੇ ਕਿ ਮੈ ਅਜਿਹਾ ਕਿਉਂ ਕਰਾਂ? ਤਾਂ ਇਸ ਪ੍ਰਸ਼ਨ ਦਾ ਉਤਰ ਵੀ ਭਾਰਤੀ ਦਰਸ਼ਨ ਵਿਚ ਮਿਲਦਾ ਹੈ ਅਤੇ ਉਹ ਉਤਰ ਇਹ ਹੈ ਕਿ : 'Because thou art thy neighbour.' को मोहः कः शोकः एकत्वमनुपश्यतः' ਸਾਰੀ ਮਾਨਵ-ਜਾਤੀ ਏਕਤਾ ਦੇ ਸੂਤਰ ਵਿਚ ਪਰੋਈ ਹੋਈ ਹੈ। ਏਕਤਾ ਅਤੇ ਪਿਆਰ ਸਮਾਨਤਾ ਦਾ ਸੰਕਲਪ ਮਾਨਵਵਾਦ ਨੂੰ ਵਧੇਰੇ ਅਸਲੀ ਬਣਾਉਣ ਵਿਚ ਸਹਾਏ ਹੁੰਦੇ ਹਨ, ਇਹ ਇਸਦੇ ਆਧਾਰ-ਸਤੰਭ ਹਨ।

ਵਿਅਕਤੀ ਦੇ ਮਹੱਤਵ ਵਿਚ ਅਟੁੱਟ ਵਿਸ਼ਵਾਸ ਭਾਰਤੀ ਸੰਸਕ੍ਰਿਤੀ ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ। ਵਿਅਕਤੀ ਦੀ ਮੁਕਤੀ ਜਾਂ ਪੂਰਨਤਾ ਤੇ ਬਹੁਤ ਜੋਰ ਦਿੱਤਾ ਜਾਂਦਾ ਹੈ। ਧਰਮ ਦਾ ਮੁੱਖ ਸੰਕਲਪ ,ਮਨੁੱਖ ਦੀ ਭਲਾਈ ਹੈ। ਭਾਰਤੀ ਸੰਸਕ੍ਰਿਤੀ ਵਿਚ ਲੋਕ -ਮੰਗਲ ਦਾ ਸਿਧਾਂਤ ਅਰਥਾਤ ਸਰਬੱਤ ਦੇ ਭਲੇ ਦਾ ਸਿਧਾਂਤ ਵਿਦਮਾਨ ਹੈ। ਮਨੁੱਖ ਜਦੋ ਆਪਣੇ ਸੁਆਰਥਾਂ ਤੋ ਉਪਰ ਉਠਦਾ ਹੈ ਤਾਂ ਸੁਭਾਵਿਕ ਹੀ ਉਸ ਵਿਚ ਦੂਸਰੇ ਪ੍ਰਾਣੀਆਂ ਲਈ ਸਦਭਾਵਨਾ ਉਤਪੰਨ ਹੋ ਜਾਂਦੀ ਹੈ। ਦੂਸਰੇ ਦੇ ਦੁੱਖ ਨੂੰ ਆਪਣਾ ਦੁੱਖ ਸਮਝ ਕੇ ਉਸਨੂੰ ਨਵਿਰਤ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਸਭ ਦੇ ਸੁਖੀ ਜੀਵਨ ਲਈ ਕਾਮਨਾ ਕਰਦਾ ਹੈ। ਲੋਕ-ਕਲਿਆਣ ਦੇ ਇਸ ਤੱਤ ਦਾ ਵਿਸਥਾਰ ਹੀ ਕਈ ਗੁਣਾਂ ਵਿਚ ਪਾਇਆ ਜਾਂਦਾ ਹੈ, ਜਿਵੇਂ ਸੇਵਾ, ਪਿਆਰ, ਪਰਉਪਕਾਰ, ਤਿਆਗ, ਉਦਾਰਤਾ ਆਦਿ ਸਿਧਾਂਤ ਮਾਨਵਵਾਦ ਦੇ

---

1. ਡਾ. ਦਿਵਾਕਰ ਪਾਠਕ, <u>ਭਾਰਤੀਯ ਨੀਤੀ ਸ਼ਾਸਤਰ</u>, ਬਿਹਾਰ ਹਿੰਦੀ ਗ੍ਰੰਥ ਅਕਾਦਮੀ, ਪਟਨਾ, ਜੂਨ 1982, ਪੰਨਾ-18

ਸੰਕਲਪ ਦਾ ਹੀ ਅੰਗ ਹਨ। ਇਹ ਸਾਰੇ ਪ੍ਰਾਚੀਨ ਭਾਰਤੀ-ਚਿੰਤਨ ਦਾ ਅੰਗ ਰਹੇ ਹਨ।[1] ਭਾਰਤੀ ਲੋਕ-ਕਲਿਆਣ ਦੀ ਭਾਵਨਾ ਦੀ ਮੰਜ਼ਿਲ ਅਧਿਆਤਮਕ ਹੈ, ਪਰਮ ਸੱਚ ਦੀ ਪ੍ਰਾਪਤੀ ਕਰਨੀ ਹੈ ਲੇਕਿਨ ਇਸਦਾ ਰਸਤਾ,ਮਾਧਿਅਮ, ਸਮਾਜਿਕ ਖੇਤਰ ਹੀ ਹੈ, ਵਿਅਕਤੀਗਤ ਉਚੱਤਾ, ਪਵਿੱਤਰਤਾ ਹੀ ਹੈ। ਜਦ ਤਕ ਕੋਈ ਵਿਅਕਤੀ ਮਾਨਵਵਾਦੀ ਨਹੀਂ ਬਣੇਗਾ, ਆਪਣੀ ਨੈਤਿਕ ਉਨਤੀ ਨਹੀਂ ਕਰੇਗਾ, ਸਮਾਜਿਕ-ਕਲਿਆਣ ਨਹੀਂ ਕਰੇਗਾ, ਉਸ ਸਮੇਂ ਤਕ ਉਹ ਅਧਿਆਤਮਕਤਾ ਦੀ ਸਿਖਰ ਤੇ ਵੀ ਨਹੀਂ ਪਹੁੰਚ ਸਕਦਾ। ਦੂਸਰਿਆਂ ਦਾ ਭਲਾ ਕਰਨ ਵਿਚ ਹੀ ਸਾਡੇ ਆਪਣੇ ਕਲਿਆਣ ਦੀ ਸੰਪੂਰਨਤਾ ਵਿਦਮਾਨ ਹੈ। ਸਵੈ-ਕਲਿਆਣ ਅਤੇ ਲੋਕ-ਕਲਿਆਣ ਲਈ ਸਦਾਚਾਰਕ ਵਿਵਹਾਰਿਕ ਗੁਣਾਂ ਦਾ ਸਮਾਵੇਸ਼ ਜ਼ਰੂਰੀ ਤੱਤ ਹੈ।

ਮਾਨਵ-ਸੇਵਾ ਦਾ ਆਦਰਸ਼ ਹੀ ਪ੍ਰਾਚੀਨ ਭਾਰਤੀ ਚਿੰਤਨ ਦਾ ਆਧਾਰ-ਬਿੰਦੂ ਰਿਹਾ ਹੈ। ਭਾਰਤੀ ਮਾਨਵਵਾਦੀ ਚਿੰਤਨ ਦੇ ਸੰਬੰਧ ਵਿਚ ਪੰਡਤ ਜਵਾਹਰ ਲਾਲ ਨਹਿਰੂ ਇਸ ਤਰ੍ਹਾਂ ਲਿਖਦੇ ਹਨ।

> ਇਸ ਜ਼ਮਾਨੇ ਦਾ ਦਿਮਾਗ ਯਾਨੀ ਉਚੇ ਦਰਜੇ ਦਾ ਦਿਮਾਗ ਵਿਵਹਾਰਿਕ ਹੈ ਅਤੇ ਪ੍ਰੈਗਮੈਟਿਕ ਹੈ, ਨੈਤਿਕ ਹੈ ਅਤੇ ਸਮਾਜਿਕ ਹੈ, ਪਰੋਉਪਕਾਰੀ ਹੈ ਅਤੇ ਮਾਨਵਵਾਦੀ ਹੈ-ਉਸਦਾ ਸੰਚਾਲਨ ਸਮਾਜਿਕ ਉਨਤੀ ਦੇ ਅਮਲੀ ਆਦਰਸ਼ਵਾਦ ਨਾਲ ਹੁੰਦਾ ਹੈ, ਉਸਦੇ ਪਿੱਛੇ ਕੰਮ ਕਰਨ ਵਾਲੇ ਆਦਰਸ਼ ਜ਼ਮਾਨੇ ਦੀ ਚਾਲ ਦੀ ਯੁੱਗ ਧਰਮ ਦੀ ਨੁਮਾਇੰਦਗੀ ਕਰਦੇ ਹਨ। ਪੁਰਾਣੇ ਲੋਕਾਂ ਦੇ ਦਾਰਸ਼ਨਿਕ ਢੰਗ ਨੂੰ, ਉਹਨਾਂ ਦੀ ਅੰਤਿਮ ਸੱਚ ਦੀ ਖੋਜ ਨੂੰ ਬਹੁਤ ਹੱਦ ਤਕ ਛੱਡ ਦਿੱਤਾ ਗਿਆ ਹੈ। ਨਾਲ ਹੀ ਮੱਧਯੁਗ ਦਾ ਭਗਤੀਵਾਦ ਅਤੇ ਰਹੱਸਵਾਦ ਵੀ ਛੱਡ ਦਿੱਤਾ ਗਿਆ ਹੈ- ਉਸਦਾ ਈਸ਼ਵਰ ਹੈ ਮਾਨਵਤਾ ਅਤੇ ਉਸਦਾ ਧਰਮ ਹੈ ਸਮਾਜ

---

1. "If we are serious about national unity and integrity, we cannot afford to forget and give up our precious heritage. Compassion and love of human-beings are eternal human values and could be ignored at our peril."

(S.M.Joshi,"Humanism alone would see us through!" YOJANA, 15th August, 1985,P-48)

ਸੇਵਾ ।[1]

ਮੱਧਕਾਲੀ ਭਾਰਤ ਮਾਨਵਵਾਦੀ ਆਦਰਸ਼ਾਂ ਤੋਂ ਪਿਛਾਂਹ ਹੱਟ ਗਿਆ ਸੀ, ਇਸਦੇ ਕਾਰਣ ਹੇਠ ਲਿਖੇ ਹਨ:

1. ਭਾਰਤੀ ਵਿਚਾਰਧਾਰਾ ਵਿਚ ਤੱਤ੍ਵਦਰਸ਼ਨ ਦਾ ਖੇਤਰ ਸੁੰਗੜ ਕੇ ਸਿੱਖਿਅਤ ਅਤੇ ਵਿਦਵਾਨ ਵਰਗ ਤਕ ਹੀ ਰਹਿ ਗਿਆ ਅਤੇ ਸਾਧਾਰਨ ਇਸਤਰੀ ਪੁਰਸ਼ ਉਸ ਤੋਂ ਪ੍ਰਭਾਵਿਤ ਨਾ ਹੋ ਸਕੇ ।

2. ਇਸਦੇ ਨਾਲ ਹੀ ਭਿੰਨ ਭਿੰਨ ਮਤਾਂ-ਮਤਾਂਤਰਾਂ ਦੇ ਫੈਲਣ ਨਾਲ ਭਾਰਤੀ ਸਮਾਜ ਵਿਚ ਸੰਕੀਰਣਤਾ ਪੈਦਾ ਹੋ ਗਈ।

3. ਗਿਆਨ ਅਤੇ ਕਰਮ ਦੇ ਮੁਕਾਬਲੇ ਤੇ ਭਗਤੀ ਤੇ ਜ਼ਿਆਦਾ ਜ਼ੋਰ ਦਿੱਤਾ ਜਾਣ ਲੱਗਾ ।

4. ਉਸ ਸਮੇਂ ਧਾਰਮਿਕ ਖੇਤਰ ਵਿਚ ਉਗਮੀ 'ਭਗਤੀ-ਲਹਿਰ' ਦੀ ਨਵੀਂ ਪ੍ਰਵਿਰਤੀ ਨੂੰ ਜਨਤਾ ਨੇ ਸਵੀਕਾਰ ਕਰ ਲਿਆ। ਮੱਧਕਾਲੀਨ ਭਾਰਤ ਦੀ ਇਹ 'ਭਗਤੀ-ਲਹਿਰ' ਮਾਨਵਵਾਦੀ ਆਦਰਸ਼ਾਂ ਨੂੰ ਪ੍ਰਗਟਾਉਣ ਦਾ ਯਤਨ ਸੀ। ਇਸ ਲਹਿਰ ਅਨੁਸਾਰ:

1. ਮਾਨਵ-ਮਾਤਰ ਦੀ ਸੇਵਾ ਰੱਬ ਦੀ ਸਭ ਤੋਂ ਵੱਡੀ ਉਪਾਸਨਾ ਹੈ।
2. ਜਾਤੀ, ਧਰਮ ਅਤੇ ਲਿੰਗ- ਭੇਦ ਤੋਂ ਉਪਰ ਉਠ ਕੇ ਮਾਨਵ-ਮਾਤਰ ਨਾਲ ਪਿਆਰ ਕਰਨਾ ਹੀ ਸੱਚੀ ਭਗਤੀ ਹੈ।
3. ਇਸ ਲਹਿਰ ਨੇ ਧਾਰਮਿਕ ਅੰਧ-ਵਿਸ਼ਵਾਸਾਂ ਅਤੇ ਰੂੜ੍ਹੀਵਾਦਿਤਾ ਨੂੰ ਖ਼ਤਮ ਕਰਕੇ ਮਾਨਵਵਾਦੀ ਆਦਰਸ਼ਾਂ ਦਾ ਪ੍ਰਚਾਰ ਕੀਤਾ।

ਪ੍ਰਾਚੀਨ ਸਮੇਂ ਵਿਚ ਧਰਮ ਜੀਵਨ-ਮੁੱਲਾਂ ਨੂੰ ਨਿਰਧਾਰਿਤ ਕਰਨ ਵਾਲੀ ਇਕ ਵੱਡੀ ਸ਼ਕਤੀ ਸੀ। ਧਾਰਮਿਕ ਅੰਧ-ਵਿਸ਼ਵਾਸਾਂ ਨੂੰ ਖ਼ਤਮ ਕਰਕੇ ਹੀ ਸਹੀ ਅਰਥਾਂ ਵਿਚ ਮਾਨਵਵਾਦੀ ਕੀਮਤਾਂ ਨੂੰ ਪ੍ਰਗਟਾਇਆ ਜਾ ਸਕਦਾ ਹੈ। ਧਰਮ ਵਿਚਲੇ ਨਿਸ਼ਪ੍ਰਾਣ ਵਿਧੀ-ਵਿਧਾਨਾਂ ਦੀ ਨਿਖੇਧੀ ਕਰਕੇ, ਅਨਿਆਂਪੂਰਣ ਸਮਾਜਕ

---

1. ਡਾ. ਨਵਲ ਕਿਸ਼ੋਰ, ਮਾਨਵਵਾਦ ਔਰ ਸਾਹਿਤ੍ਯ, ਪੰਨਾ-16

ਵਿਵਸਥਾਵਾਂ ਨੂੰ ਖਤਮ ਕਰਕੇ ਹੀ ਮਾਨਵਵਾਦੀ ਆਦਰਸ਼ਾਂ ਨੂੰ ਨਿਖਰਵੇਂ ਰੂਪ ਵਿਚ ਪ੍ਰਗਟ ਕੀਤਾ ਜਾ ਸਕਦਾ ਹੈ। ਧਰਮ ਦੇ ਦੁਰਉਪਯੋਗ ਕਾਰਣ ਮਾਨਵਵਾਦੀ ਕੀਮਤਾਂ ਧੁੰਦਲੀਆਂ ਪੈ ਜਾਂਦੀਆਂ ਹਨ। ਧਰਮ ਵਿਚ ਭਾਵੇਂ ਇਹ ਕਿਹਾ ਜਾਂਦਾ ਰਿਹਾ ਹੈ ਕਿ: ਨਰ ਦੀ ਸੇਵਾ ਹੀ ਨਾਰਾਇਣ ਦੀ ਸੇਵਾ ਹੈ, ਲੇਕਿਨ ਫਿਰ ਵੀ ਅਜਿਹੇ ਮਤਾਂ ਅਤੇ ਅਜਿਹੀਆਂ ਪ੍ਰਥਾਵਾਂ ਨੂੰ ਅਪਣਾਇਆ ਜਾਂਦਾ ਰਿਹਾ ਹੈ, ਜੋ ਅਸਮਾਜਿਕ ਹਨ, ਜੋ ਅਮਾਨਵੀ ਹਨ। ਲੇਕਿਨ ਵਿਗਿਆਨਕ ਸੋਚਣੀ ਨੇ ਮਾਨਵਵਾਦ ਦੇ ਵਿਕਾਸ ਵਿਚ ਬਹੁਤ ਜ਼ਿਆਦਾ ਯੋਗਦਾਨ ਦਿੱਤਾ ਹੈ। ਅੰਧ-ਵਿਸ਼ਵਾਸਾਂ ਦੇ ਨਸ਼ਟ ਹੋਣ ਨਾਲ ਆਦਮੀ ਆਦਮੀ ਦੇ ਵਿਚ ਫ਼ਰਕ ਦਾ ਆਧਾਰ ਹੀ ਖਤਮ ਹੋ ਗਿਆ ਅਤੇ ਮਨੁੱਖ-ਮਾਤਰ ਦੀ ਸਮਾਨਤਾ ਦੇ ਵਿਸ਼ਵਾਸ ਨੂੰ ਤਾਕਤ ਮਿਲੀ ਹੈ।

## ਪੱਛਮੀ ਮਾਨਵਵਾਦੀ ਪਰੰਪਰਾ:

> ਸਾਹਿਤ ਵਿਚ ਮਾਨਵਵਾਦ, ਪਲੈਟੋ ਤੋਂ ਲੈ ਕੇ ਅੱਜ ਤਕ, ਕਿਸੇ ਨਾ ਕਿਸੇ ਰੂਪ ਵਿਚ ਚਲਿਆ ਆ ਰਿਹਾ ਹੈ। ਇਹ ਕਿਸੇ ਨਿਸ਼ਚਿਤ ਦਾਰਸ਼ਨਿਕ ਮੱਤ ਦਾ ਸਾਹਿਤਕ ਰੂਪ ਨਹੀਂ ਸਗੋਂ ਸਮੇਂ ਸਮੇਂ ਲੋਕਾਂ ਨੇ ਮਨੁੱਖਤਾ ਬਾਰੇ ਜੋ ਕੁਝ ਅਨੁਭਵ ਕੀਤਾ ਅਤੇ ਉਸ ਅਨੁਭਵ ਨੂੰ ਸਾਹਿਤ ਰਾਹੀਂ ਪ੍ਰਗਟ ਕੀਤਾ, ਉਹ ਮਾਨਵਤਾਵਾਦ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਖੇਤਰ ਵਿਚ ਲਿਓਨਾਰਡੋ, ਬਰੇਨੀ, ਮਾਰਸੀਲੀਓ, ਸਰ ਟੋਮਸ ਮੂਰ, ਮੋਨਤੇਨ, ਹੂਕਰ, ਸਪੈਂਸਰ, ਜੌਨਸਨ, ਮਿਲਟਨ ਆਦਿ ਦੇ ਨਾਂ ਵਿਸ਼ੇਸ਼ ਮਹੱਤਵ ਰੱਖਦੇ ਹਨ। ਇਨ੍ਹਾਂ ਨੇ ਮਾਨਵਤਾਵਾਦ ਦੀ ਵਿਆਖਿਆ ਕਰਕੇ ਉਸਨੂੰ ਮਜ਼ਬੂਤ ਨੀਹਾਂ ਤੇ ਖੜਾ ਕੀਤਾ।[1]

ਮਾਨਵਵਾਦੀ ਦ੍ਰਿਸ਼ਟੀਕੋਣ ਬਹੁਤ ਪੁਰਾਣਾ ਹੈ। ਫਿਰ ਵੀ ਇਸਦੀ ਵਾਸਤਵਿਕ ਸ਼ੁਰੂਆਤ ਉਸ ਯੁੱਗ ਤੋਂ ਮੰਨੀ ਜਾਂਦੀ ਹੈ ਜਿਸਨੂੰ ਯੂਰਪ ਦੇ ਇਤਿਹਾਸ ਵਿਚ ਨਵ-ਜਾਗਰਣ ਦਾ ਯੁੱਗ ਕਿਹਾ ਜਾਂਦਾ ਹੈ। ਮੱਧ-ਕਾਲ ਵਿਚ ਪੋਪ ਨੂੰ ਧਰਮ ਅਤੇ

---

1. ਡਾ. ਈਸ਼ਰ ਸਿੰਘ ਤਾਂਘ, ਪੱਛਮੀ ਸਮੀਖਿਆ ਦੇ ਸਿਧਾਂਤ, ਪੰਨਾ-53-54

ਨੀਤੀ ਦਾ ਸਭ ਤੋ ਵੱਡਾ ਸੰਰਖਿਅਕ ਮੰਨਿਆ ਜਾਂਦਾ ਸੀ। ਉਹ ਰਾਜਾ ਅਤੇ ਪਰਜਾ ਦੋਹਾਂ ਨੂੰ ਨੀਤੀ-ਸੰਬੰਧੀ ਆਦੇਸ਼ ਦੇ ਸਕਦਾ ਸੀ। ਕੋਈ ਵੀ ਮਨੁੱਖ ਪੋਪ ਦੇ ਆਦੇਸ਼ ਦੀ ਉਲੰਘਣਾ ਨਹੀਂ ਕਰ ਸਕਦਾ ਸੀ। ਸਹੀ ਅਰਥਾਂ ਵਿਚ ਤਰਕ ਦੇ ਵਿਰੁੱਧ ਇਹ ਵਿਸ਼ਵਾਸ ਅਤੇ ਰੂੜ੍ਹੀਵਾਦ ਦਾ ਯੁੱਗ ਸੀ। ਡਾ. ਦਲੀਪ ਕੌਰ ਟਿਵਾਣਾ ਅਨੁਸਾਰ:

> ਦਾਰਸ਼ਨਿਕ ਤੇ ਸਾਹਿਤਕ ਝੁਕਾਵਾਂ ਵਾਲੀ ਇਹ ਲਹਿਰ 1900 ਈ. ਵਿਚ ਅਮਰੀਕਾ ਵਿਚ ਇਰਵਿੰਗ ਬੈਬਿਟ ਅਤੇ ਪਾਲ ਐਲਮਰ ਮੂਰ ਨੇ ਸ਼ੁਰੂ ਕੀਤੀ। ਉਂਜ ਪੰਦਰਵੀਂ ਸਦੀ ਵਿਚ ਇਟਲੀ ਵਿਚ ਤੇ ਸੋਲ੍ਹਵੀਂ ਸਦੀ ਵਿਚ ਯੂਰਪ ਵਿਚ ਜਿਸਦਾ ਪਿਛੋਕੜ ਲਭਿਆ ਜਾ ਸਕਦਾ ਹੈ। ਪਿਛੋਂ ਮਕੈਨਕੀ ਤਰੱਕੀ ਨੇ ਇਸਨੂੰ ਪਿੱਛੇ ਪਾ ਦਿੱਤਾ ਪਰ ਦੂਜੇ ਸੰਸਾਰ ਯੁੱਧ ਮਗਰੋਂ ਇਸ ਪਾਸੇ ਫਿਰ ਧਿਆਨ ਦਿੱਤਾ ਗਿਆ।[1]

ਨਵ-ਜਾਗਰਣ ਦੇ ਨਾਲ ਹੀ ਸਾਰੇ ਯੂਰਪ ਵਿਚ ਇਕ ਨਵੀਂ ਚੇਤਨਾ ਦਾ ਸੰਚਾਰ ਹੋਇਆ। ਇਹ ਇਕ ਅਜਿਹੀ ਬੌਧਿਕ ਕ੍ਰਾਂਤੀ ਸੀ ਜਿਸਦਾ ਪ੍ਰਭਾਵ ਯੂਰਪ ਦੇ ਇਤਿਹਾਸ ਅਤੇ ਜੀਵਨ ਦੇ ਹਰ ਖੇਤਰ ਤੇ ਪਿਆ। ਚੌਦਵੀਂ ਅਤੇ ਪੰਦਰ੍ਹਵੀਂ ਸ਼ਤਾਬਦੀ ਵਿਚ ਯੂਰਪ ਦੇ ਭਿੰਨ ਭਿੰਨ ਦੇਸ਼ਾਂ ਨੇ ਮੱਧਕਾਲੀਨ ਵਿਸ਼ੇਸ਼ਤਾਵਾਂ ਤੋਂ ਆਪਣੇ ਆਪ ਨੂੰ ਮੁਕਤ ਕਰਨਾ ਸ਼ੁਰੂ ਕਰ ਦਿੱਤਾ। ਇਸਦੇ ਨਾਲ ਹੀ ਪ੍ਰਾਚੀਨ ਵਿਚਾਰ ਪ੍ਰਣਾਲੀ ਨੂੰ ਤਿਆਗ ਕੇ ਮਾਨਵ-ਸਮੱਸਿਆਵਾਂ ਤੇ ਨਵੇਂ ਸਿਰੇ ਤੋਂ ਅਤੇ ਨਵੇਂ ਢੰਗ ਨਾਲ ਵਿਚਾਰ ਕੀਤਾ ਜਾਣ ਲੱਗਾ। ਨਵ- ਜਾਗਰਣ ਨੂੰ ਮਾਨਵਵਾਦੀ ਪਰੰਪਰਾ ਦੀ ਇਕ ਮਹਾਨ ਘਟਨਾ ਕਿਹਾ ਜਾ ਸਕਦਾ ਹੈ ਕਿਉਂਕਿ ਪਹਿਲੀ ਵਾਰ ਲੋਕਾਂ ਨੇ ਮਨੁੱਖ ਦੇ ਕ੍ਰਿਆਤਮਕ ਚਰਿਤਰ ਦੇ ਬਾਰੇ ਵਿਚ ਸੋਚਣਾ ਸ਼ੁਰੂ ਕੀਤਾ। ਇਸਦੇ ਨਾਲ ਇਹ ਵੀ ਮਹਿਸੂਸ ਕੀਤਾ ਜਾਣ ਲੱਗਾ ਕਿ - ਗਿਆਨ, ਕਲਾ, ਨੀਤੀ ਅਤੇ ਸਮਾਜ ਸਭ ਮਨੁੱਖਾਂ ਦੀ ਬੁੱਧੀ ਦੀ ਉਪਜ ਹੈ ਅਤੇ ਮਨੁੱਖ ਦੇ ਲਾਭ ਲਈ ਹੈ।

ਇਸ ਤਰ੍ਹਾਂ ਪ੍ਰੋਟੈਗੋਰਸ ਅਤੇ ਸੁਕਰਾਤ ਦੇ ਵਿਚਾਰ ਤੋਂ ਸ਼ੁਰੂ ਹੋ ਕੇ ਮਾਨਵਵਾਦੀ ਪਰੰਪਰਾ ਮ ਮੱਧਕਾਲ ਅਤੇ ਨਵ-ਜਾਗਰਣ ਕਾਲ ਬੜੇ ਉਤਸ਼ਾਹ ਦੇ ਨਾਲ ਨਿਭਾਈ ਗਈ। ਸੋਲ੍ਹਵੀਂ ਸਦੀ ਤੋਂ ਲੈ ਕੇ 19ਵੀਂ ਸਦੀ ਦੇ ਅੰਤ ਤਕ ਮਾਨਵਵਾਦ ਸਾਰੇ ਯੂਰਪ ਵਿਚ ਇਕ

1. ਡਾ. ਦਲੀਪ ਕੌਰ ਟਿਵਾਣਾ, "ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਵਿਚ ਮਾਨਵਵਾਦ", ਪੰਜਾਬੀ ਦੁਨੀਆਂ, ਫਰਵਰੀ-ਮਾਰਚ, 1989, ਪੰਨਾ 67

ਪ੍ਰਭਾਵਸ਼ਾਲੀ ਮੱਤ ਰਿਹਾ ਹੈ। ਇਸਦੇ ਨਾਲ ਧਰਮ ਨਿਰਪੇਖਤਾ ਅਤੇ ਸੰਸਾਰ ਵਿਚ ਸੰਬੰਧਿਤ ਗੱਲਾਂ ਵਿਚ ਰੁਚੀ ਪੈਦਾ ਹੋਈ। ਬਰੂਨੋ ਤੋਂ ਲੈ ਕੇ ਡੇਵਿਡ ਹਿਊਮ ਤਕ ਸਭ ਦਾਰਸ਼ਨਿਕਾਂ ਨੇ ਸੰਸਾਰ ਨਾਲ ਸੰਬੰਧਿਤ ਸਭ ਗੱਲਾਂ ਵਿਚ ਨਵੇਂ ਤਾਰਕਿਕ ਦ੍ਰਿਸ਼ਟੀਕੋਣ ਤੇ ਜ਼ੋਰ ਦਿੱਤਾ ਅਤੇ ਕਿਸੇ ਨਾ ਕਿਸੇ ਤਰ੍ਹਾਂ ਮਾਨਵ-ਜਾਤੀ ਦੀ ਭਲਾਈ ਦੇ ਲਈ ਕੰਮ ਕੀਤਾ। ਬੇਕਨ ਅਤੇ ਡੇਕਾਰਟ ਨੇ ਆਪਣੀ ਪੀੜ੍ਹੀ ਨੂੰ ਅੰਧ-ਵਿਸ਼ਵਾਸੀ ਪਰੰਪਰਾਤ ਤੋਂ ਮੁਕਤ ਕਰਨ ਦਾ ਬਹੁਤ ਯਤਨ ਕੀਤਾ। ਸਪੀਨੋਜ਼ਾ ਨੇ ਮਨੁੱਖ ਨੂੰ ਪ੍ਰਕ੍ਰਿਤਕ ਨਿਯਮਾਂ ਦੇ ਖੇਤਰ ਵਿਚ ਲਿਆ ਕੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਈਸ਼ਵਰ ਆਪਣੀ ਅਭਿ-ਵਿਅਕਤੀ ਮਨੁੱਖ ਦੇ ਮਾਧਿਅਮ ਨਾਲ ਹੀ ਕਰ ਸਕਦਾ ਹੈ। ਲਾਈਬਨੀਜ਼ ਨੇ ਇਸ ਜਗਤ ਨੂੰ ਸਭ ਤੋਂ ਚੰਗਾ ਜਗਤ ਕਿਹਾ ਹੈ। ਸਿੱਖਿਆ ਦੇ ਖੇਤਰ ਵਿਚ ਮਨੁੱਖੀ ਸ਼ਖ-ਸੀਅਤ ਦੀ ਸੁਤੰਤਰਤਾ ਅਤੇ ਵਿਕਾਸ ਤੇ ਜ਼ੋਰ ਦਿੱਤਾ ਗਿਆ। ਰੂਸੋ ਨੇ ਆਪਣੇ ਵਿਚਾਰਾਂ ਦੇ ਰਾਹੀਂ ਸਾਰੀ ਸਿੱਖਿਆ ਪ੍ਰਣਾਲੀ ਨੂੰ ਪ੍ਰਜਾਤਾਂਤਰਿਕ ਰੂਪ ਪ੍ਰਦਾਨ ਕੀਤਾ।

ਸੋਲ੍ਹਵੀਂ ਸਦੀ ਤੋਂ ਪਹਿਲਾਂ ਜੀਵਨ ਅਤੇ ਜਗਤ ਦੇ ਪ੍ਰਤੀ ਮਨੁੱਖ ਦੀ ਦ੍ਰਿਸ਼ਟੀ ਧਾਰਮਿਕਤਾ ਨਾਲ ਅਨੁਸ਼ਾਸਿਤ ਸੀ। ਪੱਛਮ ਵਿਚ ਮੱਧਯੁਗ ਦੀ ਸਮਾਪਤੀ ਦੇ ਨਾਲ ਹੀ ਚਰਚ ਦੀ ਪ੍ਰਭੁੱਤਾ ਦਾ ਅੰਤ ਅਤੇ ਸ੍ਰਿਸ਼ਟੀ ਦਾ ਮਾਨਵੀ ਸੰਦਰਭ ਵਿਚ ਪੁਨਰ-ਵਿਖਿਆਨ ਸ਼ੁਰੂ ਹੋਇਆ। ਇਹ ਨਵੀਂ ਖੋਜ ਹੋਈ ਕਿ ਧਰਤੀ ਤੇ ਜੋ ਕੁਝ ਮਨੁੱਖ ਨਾਲ ਵਾਪਰਦਾ ਹੈ, ਉਸ ਲਈ ਮੁਖ ਤੌਰ ਤੇ ਉਹ ਖ਼ੁਦ ਜ਼ਿੰਮੇਵਾਰ ਹੈ, ਇਸ ਪ੍ਰਕਾਰ ਉਸਨੂੰ ਆਪਣੇ ਭੌਤਿਕ ਅਸਤਿਤਵ ਦੇ ਕਲਿਆਣ ਦੇ ਲਈ ਹੀ ਗਿਆਨ ਦੀ ਸਾਧਨਾ ਕਰਨੀ ਚਾਹੀਦੀ ਹੈ। ਮਨੁੱਖ ਨੂੰ ਇਹ ਵਿਸ਼ਵਾਸ ਮਿਲਿਆ ਕਿ ਉਸ ਵਿਚ ਖ਼ੁਦ ਨੂੰ ਅਤੇ ਆਪਣੀ ਦੁਨੀਆਂ ਨੂੰ ਬਦਲਣ ਦੀ ਸ਼ਕਤੀ ਹੈ, ਉਹ ਖ਼ੁਦ ਆਪਣੀ ਕਿਸਮਤ ਬਣਾਉਣ ਵਾਲਾ ਹੈ। ਇਸੇ ਦ੍ਰਿਸ਼ਟੀਕੋਣ ਦੇ ਨਤੀਜੇ ਵਜੋਂ ਯੂਰਪ ਵਿਚ ਭੌਤਿਕ ਉਨਤੀ ਸੰਭਵ ਹੋਈ ਹੈ।

ਉਦਯੋਗਿਕ ਕ੍ਰਾਂਤੀ ਦੇ ਕਾਰਣ ਹੋਣ ਵਾਲੀ ਭੌਤਿਕ ਉਨਤੀ ਅਤੇ ਗਿਆਨ-ਵਿਗਿਆਨ ਦੀ ਲਗਾਤਾਰ ਉਨਤੀ ਨੇ ਯੂਰਪ ਦਾ ਕਾਇਆ-ਕਲਪ ਕਰ ਦਿੱਤਾ ਅਤੇ ਇਹ ਇਕ ਨਵੀਂ ਰੌਸ਼ਨੀ ਨਾਲ ਚਮਕ ਉਠਿਆ। ਇਸ ਲੋਕ ਨੂੰ ਸੁਖੀ ਬਣਾਉਣ ਦੀ ਕਾਮਨਾ, ਦੇਸ਼ ਪਿਆਰ ਦੀ ਭਾਵਨਾ, ਸੁਤੰਤਰਤਾ, ਸਮਾਨਤਾ ਅਤੇ ਬੰਧੁਤਵ ਦੀ ਭਾਵਨਾ ਆਦਿ ਉਚ ਮਾਨਵੀ ਉਦੇਸ਼ਾਂ ਨੇ ਯੂਰਪ ਦੀ ਆਤਮਾ ਨੂੰ ਨਵਾਂ ਰੂਪ ਦੇ ਦਿੱਤਾ। ਮਨੁੱਖ ਦੀ ਹੋਂਦ ਦੀ ਅਹਿਮੀਅਤ ਨੇ ਨਵੀਂ ਰੌਸ਼ਨੀ ਪੈਦਾ ਕੀਤੀ।

ਪੱਛਮ ਦੀ ਜਾਗ੍ਰਤੀ ਨੇ ਦੁਨੀਆਂ ਦੇ ਹੋਰ ਸਮਾਜਾਂ ਨੂੰ ਵੀ ਆਧੁਨਿਕ ਯੁਗ ਦੇ ਸਿਖਰ ਤੇ ਲਿਆ ਖੜਾ ਕੀਤਾ। ਸੰਪੂਰਨ ਵਿਸ਼ਵ-ਇਤਿਹਾਸ ਦੇ ਵਿਸਥਾਰ ਨੂੰ ਪ੍ਰਭਾਵਿਤ ਕਰਦੇ ਹੋਏ, ਆਧੁਨਿਕ-ਯੁੱਗ ਦੀ ਆਤਮਾ ਨੇ ਪੱਛਮੀ ਖੇਤਰ ਵਿਚ ਆਪਣਾ ਪ੍ਰਕਾਸ਼ ਫੈਲਾਇਆ। ਗਿਆਨ ਦੀ ਨਵੀਂ ਮਿਸਾਲ ਲੈ ਕੇ ਪਿਛੜੇ ਜਾਂ ਪਰਾਧੀਨ ਜਨ-ਸਮਾਜਾਂ ਨੇ ਨ ਕੇਵਲ ਸਾਮਰਾਜਵਾਦ ਦੇ ਵਿਰੁੱਧ ਵਿਦਰੋਹ ਕੀਤਾ, ਬਲਕਿ ਉਸਦੀ ਰੋਸ਼ਨੀ ਵਿਚ ਆਪਣੇ ਆਪ ਨੂੰ ਬਦਲ ਕੇ ਮਹਾਨ ਭਵਿੱਖ ਦੇ ਰਾਹ ਤੇ ਕਦਮ ਰੱਖਿਆ। ਮਾਨਵਵਾਦ ਨੇ ਮਾਨਵੀ-ਬੁੱਧੀ ਨੂੰ ਧਰਮ-ਬੰਧਨਾਂ ਤੋਂ ਮੁਕਤ ਕੀਤਾ। 1789 ਦੀ ਫਰਾਂਸ ਦੀ ਕ੍ਰਾਂਤੀ ਨੇ ਸੁਤੰਤਰਤਾ, ਸਮਾਨਤਾ ਅਤੇ ਬੰਧੁਤਵ ਦੇ ਆਦਰਸ਼ਾਂ ਨੂੰ ਜਨਮ ਦਿੱਤਾ ਸੀ, ਇਹਨਾਂ ਸੰਕਲਪਾਂ ਨੇ ਮਨੁੱਖੀ ਸ਼ਖਸੀਅਤ ਨੂੰ ਵਡਿਆਇਆ।

ਪਲੈਟੋ ਦੀ ਵਿਚਾਰਧਾਰਾ ਮਾਨਵਵਾਦੀ ਵਿਚਾਰਧਾਰਾ ਹੈ। ਪਲੈਟੋ ਦੇ ਸਮਾਜ-ਚਿੰਤਨ ਦੇ ਆਧਾਰ- ਭੂਤ ਤੱਤ ਇਹ ਹਨ - ਨਿਆਂ, ਸਿਆਣਪ,ਦਲੇਰੀ ਸੰਜਮ। ਇਹ ਚਾਰੇ ਮਾਨਵਵਾਦੀ ਤੱਤ-ਖੇਤਰ ਸੰਬੰਧਤ ਹਨ। ਨਿਆਂਸ਼ੀਲ ਵਿਅਕਤੀ ਹੀ ਸੂਝਵਾਨ ਵਿਅਕਤੀ ਹੈ, ਸੂਝਵਾਨ ਵਿਅਕਤੀ ਹੀ ਜੀਵਨ ਦੀਆਂ ਨਰੋਈਆਂ ਮਾਨਵੀ ਕੀਮਤਾਂ ਬਾਰੇ ਸੋਚ ਸਕਦਾ ਹੈ ਅਤੇ ਦਲੇਰੀ ਨਾਲ ਅਮਾਨਵੀ ਕੀਮਤਾਂ ਨੂੰ ਖਤਮ ਕਰਕੇ ਮਾਨਵਵਾਦੀ ਅਗਰਗਾਮੀ ਰਾਹਾਂ ਤੇ ਤੁਰ ਸਕਦਾ ਹੈ। ਜੇ ਮਨੁੱਖ ਆਪ ਸੰਜਮ ਵਿਚ ਰਹੇਗਾ ਤਾਂ ਹੀ ਦੂਸਰਿਆਂ ਦੀ ਭਲਾਈ ਬਾਰੇ ਸੋਚ ਸਕੇਗਾ। ਸੋ, ਪਲੈਟੋ ਦੀ ਵਿਚਾਰਧਾਰਾ ਵਿਚ ਨਿੱਗਰ ਮਾਨਵਵਾਦੀ ਤੱਤ ਦ੍ਰਿਸ਼ਟੀਗੋਚਰ ਹੁੰਦੇ ਹਨ। ਪਲੈਟੋ ਨੇ ਸਮਾਜ ਬਾਰੇ, ਰਾਜਬਾਰੇ ਨਿੱਗਰ ਮਾਨਵਵਾਦੀ ਆਧਾਰਾਂ ਤੇ ਸੋਚਿਆ। ਮਾਨਵਵਾਦੀ ਸੰਕਲਪ ਨੂੰ ਸਾਰਥਕ ਬਨਾਉਣ ਲਈ ਮਨੁੱਖ ਨੂੰ ਨੈਤਿਕ ਤੌਰ ਤੇ ਪਵਿੱਤਰ ਹੋਣ ਲਈ ਕਿਹਾ। ਇਸ ਸੰਕਲਪ ਨੂੰ ਪੂਰਾ ਕਰਨ ਲਈ ਨੈਤਿਕਤਾ ਦੇ ਸੰਕਲਪ ਤੇ ਤੁਰਨਾ ਪਵੇਗਾ। ਮਾਨਵਵਾਦ ਵਿਹਾਰਕ ਨੈਤਿਕਤਾ ਹੀ ਹੈ। ਨੈਤਿਕ ਚਿੰਤਨ ਹੀ ਮਾਨਵਵਾਦੀ ਚਿੰਤਨ ਹੈ। ਪਲੈਟੋ ਨੇ ਕਿਹਾ, ' Virtue is knowledge ਸਦਗੁਣ ਹੀ ਗਿਆਨ ਹੈ। ਸਦਗੁਣ ਹੀ ਮਾਨਵਵਾਦ ਹੈ। ਸਦਗੁਣ ਚਰਿਤਰ ਦੀਉਚੱਤਾ ਹਨ। ਜਿਤਨਾ ਹੀ ਜ਼ਿਆਦਾ ਅਸੀਂ ਆਪਣੀਆਂ ਇੱਛਾਵਾਂ ਅਤੇ ਸੁਆਰਥਾਂ ਤੇ ਕਾਬੂ ਪਾਵਾਂਗੇ, ਉਤਨੇ ਹੀ ਜ਼ਿਆਦਾ ਸਦਗੁਣ ਅਸੀਂ ਅਰਜਿਤ ਕਰ ਸਕਾਂਗੇ। ਸਦਗੁਣ ਆਤਮਾ ਦੇ ਨੈਤਿਕ ਵਿਕਾਸ ਦੇ ਸੂਚਕ ਹਨ। ਆਚਰਣ ਦਾ ਜਿਤਨਾ ਵੀ ਜ਼ਿਆਦਾ ਨੈਤਿਕ ਵਿਕਾਸ ਹੁੰਦਾ ਹੈ ਉਤਨੀ ਹੀ ਜ਼ਿਆਦਾ ਸਦਗੁਣ. ਦੀ ਮਾਤਰਾ ਵਧਦੀ ਹੈ।

ਜਿਤਨੇ ਸਦਗੁਣ ਵਧਦੇ ਹਨ ਉਤਨਾ ਹੀ ਮਨੁੱਖ ਮਾਨਵਵਾਦ ਦੇ ਨੇੜੇ ਹੁੰਦਾ ਜਾਵੇਗਾ। ਇਸ ਪ੍ਰਸੰਗ ਵਿਚ ਨੇਕ ਗੁਣਾਂ ਨੂੰ ਆਚਰਣ ਦੇ ਗਹਿਣੇ ਵੀ ਕਿਹਾ ਜਾ ਸਕਦਾ ਹੈ। ਜਿਸ ਤਰ੍ਹਾਂ ਅਨੁਚਿਤ ਕੰਮਾਂ ਨੂੰ ਬਾਰ-ਬਾਰ ਕਰਦੇ ਰਹਿਣ ਨਾਲ ਅਸੀਂ ਦੁਰਗੁਣਾਂ ਦੇ ਅਭਿਆਸੀ ਹੋ ਜਾਂਦੇ ਹਾਂ, ਇਸੇ ਤਰ੍ਹਾਂ ਅਭਿਆਸ ਪੂਰਵਕ ਉਚਿਤ ਕੰਮਾਂ ਨੂੰ ਬਾਰ-ਬਾਰ ਕਰਦੇ ਰਹਿਣ ਨਾਲ ਸਦਗੁਣਾਂ ਦੇ ਅਭਿਆਸੀ ਹੋ ਸਕਦੇ ਹਾਂ। ਸਦਗੁਣਾਂ ਨੂੰ ਧਾਰਨ ਕਰਕੇ ਹੀ ਮਾਨਵਵਾਦੀ ਸੰਕਲਪ ਦੀ ਪ੍ਰਾਪਤੀ ਹੋ ਸਕਦੀ ਹੈ।

ਇਮੈਨੂਅਲ ਕਾਂਟ ਦਾ ਨੈਤਿਕ ਚਿੰਤਨ ਵੀ ਮਾਨਵਵਾਦ ਦਾ ਲਖਾਇਕ ਹੈ। ਇਹਨਾਂ ਦੇ ਮਾਨਵਵਾਦੀ ਚਿੰਤਨ ਅਨੁਸਾਰ ਮਨੁੱਖ ਦੇ ਕਰਤਵ ਮਨੁੱਖਤਾ ਵਲ ਹਨ, ਆਪਣੇ ਨੈਤਿਕ ਫਰਜ਼ਾਂ ਦੀ ਪੂਰਤੀ ਪ੍ਰਤੀ ਹਨ, ਉਸਦਾ ਈਸ਼ਵਰ ਪ੍ਰਤੀ ਕੋਈ ਵਿਸ਼ੇਸ਼ ਕਰਤਵ ਨਹੀਂ। ਮਨੁੱਖਤਾ ਪ੍ਰਤੀ ਆਪਣੇ ਨੈਤਿਕ ਫਰਜ਼ਾਂ ਦੀ ਪੂਰਤੀ ਹੀ ਮਨੁੱਖ ਦੇ ਨੈਤਿਕ ਚਿੰਤਨ ਦੀ ਸਿਖਰ ਹੈ। ਕਾਂਟ ਮਨੁੱਖ ਦੀ ਮਨੁੱਖਤਾ ਨੂੰ ਸਮਰਥ ਮੰਨਦਾ ਹੈ ਲੇਕਿਨ ਨਾਲ ਹੀ ਦੈਵੀ ਸ਼ਕਤੀ ਦੀ ਹੋਂਦ ਨੂੰ ਵੀ ਸਵੀਕਾਰ ਕਰਦਾ ਹੈ। ਇਸਦਾ ਚਿੰਤਨ ਈਸ਼ਵਰ ਦੀ ਹੋਂਦ ਵਿਚ ਯਕੀਨ ਰੱਖਦਾ ਹੈ ਅਤੇ ਇਸ ਆਸਥਾ ਵਿਚੋਂ ਬੱਲ ਅਤੇ ਪ੍ਰੇਰਨਾ ਪ੍ਰਾਪਤ ਕਰਦਾ ਹੈ। ਨੇਕ ਕਰਮ, ਮਾਨਵਵਾਦੀ ਨੈਤਿਕਤਾ ਅਨੁਸਾਰ ਈਸ਼ਵਰ ਦੀ ਇੱਛਾ ਜਾਂ ਆਦੇਸ਼ ਨਹੀਂ ਬਲਕਿ ਨੇਕ ਕਰਮ ਕਰਨਾ ਮਨੁੱਖ ਦਾ ਖੁਦ-ਬ-ਖੁਦ ਫਰਜ਼ ਹੈ। ਕਾਂਟ ਦਾ ਮਾਨਵਵਾਦੀ ਚਿੰਤਨ, ਮਾਨਵਵਾਦੀ ਨੈਤਿਕ ਨਿਯਮਾਂ ਦੇ ਨਾਲ ਦੈਵੀ ਹਸਤੀ ਦੀ ਹੋਂਦ ਨੂੰ ਵੀ ਸਵੀਕਾਰ ਕਰਦਾ ਹੈ। ਜਿਥੋਂ ਤਕ ਕਾਂਟ ਦੇ ਨੈਤਿਕ ਨਿਯਮਾਂ ਦਾ ਸੰਬੰਧ ਹੈ, ਇਸਦੀ ਸੇਧ ਮਾਨਵਵਾਦੀ ਹੈ। ਕਾਂਟ ਦੇ ਦੋ ਬੁਨਿਆਦੀ ਸਿਧਾਂਤ ਹਨ: ਪਹਿਲਾ ਮਨੁੱਖ ਇਸ ਤਰ੍ਹਾਂ ਕਰਮ ਕਰੇ ਕਿ ਉਸਦਾ ਕਰਮ ਸਰਬ-ਵਿਆਪਕ ਨੇਮ ਬਣ ਸਕੇ। ਦੂਸਰਾ: ਮਨੁੱਖਤਾ ਨੂੰ, ਆਪਣੇ ਹਿੱਤ ਦੀ ਪੂਰਤੀ ਲਈ ਜਾਂ ਕਿਸੇ ਹੋਰ ਦੇ ਹਿੱਤ ਦੀ ਪੂਰਤੀ ਵਿਚ, ਕੇਵਲ ਮਾਤਰ 'ਸਾਧਨ' ਸਮਝ ਕੇ ਨਹੀਂ ਵਰਤਦਾ। ਹਰ ਮਨੁੱਖ ਆਪਣੇ ਆਪ ਵਿਚ 'ਉਦੇਸ਼ ( End ) ਹੈ, ਸਾਧਨ ( Means ) ਨਹੀਂ। ਮਨੁੱਖਤਾ ਉਦੇਸ਼ ਹੈ। ਇਹ ਕਾਂਟ ਦੀ ਮਨੁੱਖ ਦੇ ਹਥੋਂ ਮਨੁੱਖ ਦੀ ਦੁਰ-ਵਰਤੋਂ ਦੇ ਵਿਰੁੱਧ। ਲੋਕ-ਤੰਤਰੀ ਭਾਵਨਾ ਭਰਿਆ ਕਦਮ ਹੈ। ਸਦਭਾਵਨਾ ਅਤੇ ਨੈਤਿਕਤਾ ਮਾਨਵਵਾਦ ਦੇ ਆਧਾਰ-ਭੂਤ ਤੱਤ ਹਨ। ਇਸ ਪ੍ਰਸੰਗ ਵਿਚ ਕਾਂਟ ਦੇ ਵਿਚਾਰਾਂ ਦੀ ਵਿਆਖਿਆ ਵਰਣਨਯੋਗ ਹੈ। ਇਸ ਪ੍ਰਸੰਗ ਵਿਚ ਜੀ. ਐਸ. ਸੰਧੂ ਇਸ ਪ੍ਰਕਾਰ ਲਿਖਦੇ ਹਨ।

> ਨੈਤਿਕਤਾ ਦੀ ਬੁਨਿਆਦੀ ਸਮੱਸਿਆ ਚੰਗਿਆਈ ਦੇ ਅਰਥਾਂ ਨੂੰ ਖੋਜਣਾ ਹੈ ਜਿਸ ਵਿਚ ਕਾਫ਼ੀ ਨੈਤਿਕ ਸਮੱਸਿਆਵਾਂ ਸ਼ਾਮਲ ਹੁੰਦੀਆਂ ਹਨ। ਕਾਂਟ ਵੀ ਇਸ ਸਮੱਸਿਆ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਲੈਂਦਾ ਹੈ, ਉਹ ਚੰਗਿਆਈ ਨੂੰ ਸਦਭਾਵਨਾ ਦੇ ਅਰਥਾਂ ਵਿਚ ਪਰਿਭਾਸ਼ਿਤ ਕਰਦਾ ਹੈ। ਉਹ ਕਹਿੰਦਾ ਹੈ"ਇਸ ਸਦ-ਭਾਵਨਾ ਦੇ ਸਿਵਾਇ ਇਸ ਸੰਸਾਰ ਵਿਚ ਜਾਂ ਇਥੋਂ ਤਕ ਕਿ ਇਸ ਤੋਂ ਬਾਹਰ ਕੁਝ ਵੀ ਸੰਭਵ ਤੌਰ ਤੇ ਅਜਿਹਾ ਨਹੀਂ ਜਿਸਨੂੰ ਚੰਗਾ ਕਿਹਾ ਜਾ ਸਕੇ।" ਇਸਦਾ ਅਰਥ ਹੈ ਕਿ ਸਾਰੀਆਂ ਨੈਤਿਕ ਚੰਗਿਆਈਆਂ ਸਦਭਾਵਨਾ ਦੁਆਰਾ ਸ਼ਰਤਬੰਧ ਹੁੰਦੀਆਂ ਹਨ ਜੋ ਖੁਦ ਕਿਸੇ ਵੀ ਬਾਹਰੀ ਵਸਤੂ ਦੁਆਰਾ ਸ਼ਰਤਬੰਧ ਨਹੀਂ ਹੁੰਦੀ। ਕਾਂਟ ਖੁਦ ਇਸ ਉਪਰਲੇ ਕਥਨ ਦੀ ਵਿਆਖਿਆ ਕਰਦਾ ਹੈ ਅਤੇ ਕਹਿੰਦਾ ਹੈ ਕਿ ਜੇ ਸਦਭਾਵਨਾ ਹੈ ਤਾਂ ਸਾਰੇ ਮਨੁੱਖੀ ਗੁਣਾਂ ਨੂੰ ਚੰਗਾ ਕਿਹਾ ਜਾ ਸਕਦਾ ਹੈ ਨਹੀਂ ਤਾਂ ਉਹਨਾਂ ਨੂੰ ਚੰਗਾ ਨਹੀਂ ਜਾਣਿਆ ਜਾ ਸਕਦਾ। ਕਾਂਤ ਦੀ ਨੈਤਿਕਤਾ ਵਿਚ ਸਦਭਾਵਨਾ ਨੂੰ ਕਿਸੇ ਯੋਗਤਾ ਜਾਂ ਕਿਸੇ ਵਸਤੂ ਲਈ ਕਿਸੇ ਖੂਬੀ ਦੀ ਲੋੜ ਨਹੀਂ ਹੁੰਦੀ ਸਗੋਂ ਸਦਭਾਵਨਾ ਦਾ ਮੁੱਲ ਖੁਦ ਇਸ ਵਿਚ ਹੀ ਹੁੰਦਾ ਹੈ। ਇਹ ਆਪਣੀ ਰੋਸ਼ਨੀ ਨਾਲ ਚਮਕਦੀ ਹੈ।[1]

ਪੱਛਮੀ ਮਾਨਵਵਾਦੀ ਪਰੰਪਰਾ ਦੇ ਸੰਬੰਧ ਵਿਚ ਡਾ. ਨਵਲ ਕਿਸ਼ੋਰ ਇਸ ਪ੍ਰਕਾਰ ਲਿਖਦੇ ਹਨ।

> 'ਕਰਿਸ਼ਮੇ ਬਹੁਤ ਹੈ ਦੁਨੀਆਂ ਕੇ, ਕੋਈ ਕਰਿਸ਼ਮਾ ਬੜਾ ਨਹੀਂ ਆਦਮੀ ਸੇ।'
> 'ਐਂਟੀਗੋਨ' ਨਾਟਕ ਵਿਚ ਸੋਫੋਕਲੀਜ਼ ਦੇ ਇਹ ਸ਼ਬਦ ਤਤਕਾਲੀਨ ਪੁਰਸ਼ ਦੀ ਮਾਨਵਪਰਕ ਭਾਵਨਾ ਦਾ ਪਰਿਚਯ ਦਿੰਦੇ ਹਨ।

---

1. ਜੀ. ਐਸ. ਸੰਧੂ, ਪੱਛਮੀ ਨੀਤੀ ਸ਼ਾਸਤਰ, ਪੰਨਾ -42

> ਪੇਰੀਕਲੀਜ਼ ਦੇ ਯੁੱਗ ਤੋਂ ਹੀ ਯੂਨਾਨੀ ਵਿਚਾਰਧਾਰਾਵਾਂ ਵਿਚ ਮਾਨਵਪਰਕ ਚਿੰਤਨ ਦਾ ਸਮਾਵੇਸ਼ ਮਿਲਦਾ ਹੈ- ਉਥੋਂ ਦੇ ਦਾਰਸ਼ਨਿਕਾਂ ਅਤੇ ਸਾਹਿਤਕਾਰਾਂ ਦੀ ਚਿੰਤਾ ਦਾ ਵਿਸ਼ਾ ਵਿਸ਼ਵ-ਵਿਆਖਿਆ ਵਿਚ ਮਨੁੱਖ ਦਾ ਸਥਾਨ ਸੀ। ਸੁਕਰਾਤ, ਪਲੈਟੋ, ਅਰਸਤੂ ਅਤੇ ਹੋਰ ਵਿਚਾਰਕਾਂ( ਜਿਹੜੇ ਯੂਰਪੀਨ ਚਿੰਤਨ ਦੇ ਪ੍ਰਵਰਤਕ ਅਤੇ ਦਿਸ਼ਾ-ਉਦ ਵਿਧਾਨਕ ਹਨ) ਦੀਆਂ ਕਿਰਤਾਂ ਵਿਚ ਮਾਨਵੀ ਮੁਹਿੰਮਾਂ ਅਤੇ ਉਸਦੇ ਇਹ-ਲੋਕ ਉਦੇਸ਼ਾਂ ਦੇ ਹਿੱਤ ਵਿਚ ਸਮਾਜਿਕ ਜੀਵਨ-ਸੰਚਾਲਨ ਦਾ ਨਿਰੂਪਣ ਪ੍ਰਾਪਤ ਹੁੰਦਾ ਹੈ।[1]

ਸਤਾਰ੍ਹਵੀਂ ਸਦੀ ਵਿਚ ਭੌਤਿਕ ਅਤੇ ਪ੍ਰਯੋਗਿਕ ਵਿਗਿਆਨਾਂ ਦੀ ਅਧਿਕ ਵਿਕਸਿਤ ਹੋਇਆ। ਇਹ ਸਦੀ ਪ੍ਰਤਿਭਾ ਪੁਰਖਾਂ ਦਾ ਯੁੱਗ ਕਰਹਾਉਂਦੀ ਹੈ। ਜਿਸ ਵਿਚ ਨਿਊਟਨ ਜਿਹਾ ਵਿਗਿਆਨਕ ਹੋਇਆ ਅਤੇ ਦਕਾਰਤ ਅਤੇ ਸਿਪਨੋਜ਼ਾ ਵਰਗੇ ਦਾਰਸ਼ਨਿਕ ਹੋਏ। 1980-1800 ਈ. ਦੇ ਕਾਲ ਨੂੰ ਯੂਰਪੀਨ ਇਤਿਹਾਸ ਵਿਚ 'ਜੋਤੀ-ਕਾਲ( The Enlightement ) ਕਿਹਾ ਜਾਂਦਾ ਹੈ। ਅਠਾਰ੍ਹਵੀਂ ਸਦੀ ' The Age of Reason ਹੈ। ਮਾਨਵਜਾਤੀ ਦੇ ਬਰਾਬਰ ਹਿੱਤਾਂ ਅਤੇ ਆਪਸੀ ਸਦ-ਇੱਛਾ ਦੇ ਭਾਵਾਂ ਤੋਂ ਪ੍ਰੇਰਿਤ ਹੋ ਕੇ ਮਾਨਵ ਬਾਰੇ ਲਿਖਿਆ। ਵਾਲਟੇਅਰ ਨੇ ਅੰਤਰ-ਰਾਸ਼ਟਰੀ ਸ਼ਾਂਤੀ, ਵਿਸ਼ਵ ਨਾਗਰਿਕਤਾ, ਸੁਤੰਤਰਤਾ ਅਤੇ ਪ੍ਰਜਾਤੰਤਰ ਦਾ ਝੰਡਾ ਉੱਚਾ ਕੀਤਾ। ਮਨੁੱਖ ਅਤੇ ਸਮਾਜ ਦੀ ਉੱਨਤੀ ਵਿਚ ਪ੍ਰਬਲ ਵਿਸ਼ਵਾਸ ਸੀ। ਇਸ ਸਮੇਂ ਦਾ ਵਿਸ਼ੇਸ਼ ਲੱਛਣ ਪ੍ਰਜਾਤਾਂਤਰਿਕ ਮਾਨਵਵਾਦੀ ਵਿਚਾਰਾਂ ਦੀ ਪ੍ਰਤਿਸ਼ਠਾ ਦੇ ਲਈ ਵੀ ਹੈ। ਰੂਸੋ ਅਨੁਸਾਰ ਮਨੁੱਖੀ ਦਰਦ ਦਾ ਕਾਰਣ ਹੈ, 'ਆਦਮੀ ਆਜ਼ਾਦ ਪੈਦਾ ਹੁੰਦਾ ਹੈ, ਪਰ ਹਰ ਜਗ੍ਹਾ ਉਹ ਜ਼ੰਜੀਰਾਂ ਵਿਚ ਹੈ।" ਅਤੇ ਇਸਦਾ ਹੱਲ ਪ੍ਰਜਾਤੰਤਰ ਮਾਨਵਵਾਦ ਰਾਹੀਂ ਹੀ ਸੰਭਵ ਹੈ। ਫਰਾਂਸੀਸੀ ਕ੍ਰਾਂਤੀ 1788-89 ਦੇ ਸੁਤੰਤਰਤਾ ਸਮਾਨਤਾ ਅਤੇ ਬੰਧੁਤਵ ਦੇ ਆਦਰਸ਼ਾਂ ਨੂੰ ਵਿਆਪਕ ਪ੍ਰਤਿਸ਼ਠਾ ਦਿੱਤੀ।

ਮਾਨਵਵਾਦ ਮਨੁੱਖੀ ਸਚਾਈ ਅਤੇ ਮਨੁੱਖੀ ਕੀਮਤਾਂ ਨਾਲ ਸੰਬੰਧਿਤ

---

1. ਡਾ. ਨਵਲ ਕਿਸ਼ੋਰ, <u>ਮਾਨਵਵਾਦ ਔਰ ਸਾਹਿਤਯ</u>, ਪੰਨਾ-14

ਹੈ। ਮਾਨਵੀ ਜੀਵਨ ਵਿਚ ਇਸ ਦੁਨੀਆਂ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਸਮਝਿਆ ਜਾਂਦਾ ਹੈ। ਇਹ ਮਾਨਵਵਾਦ ਇਸ ਦੁਨੀਆਂ ਵਿਚ ਮਨੁੱਖ ਦੀ ਜ਼ਿੰਦਗੀ ਨੂੰ ਲਗਾਤਾਰ ਚੰਗੀ ਬਨਾਉਣ ਵਿਚ ਲੱਗਾ ਹੋਇਆ ਹੈ। ਇਸ ਪ੍ਰਸੰਗ ਵਿਚ ਫਰਾਂਸੀਸੀ ਲਿਖਾਰੀ Pierre Telhard De Chardhin ਦੇ ਵਿਚਾਰ ਇਸ ਪ੍ਰਕਾਰ ਹਨ:

> He express his faith in the evolution of some form of higher life or Super-life. His 'faith in man' means a fervant conviction that mankind possesses a'future' that is,'higher status to be achieved by struggle'.A philosophy that drops humanist considerations from its scope scarcely satisfies the spirit of man to whom it is addressed. For, whom does philosophy address, if not man? [1]

ਭਾਰਤੀ ਚਿੰਤਨ ਪਰੰਪਰਾ ਵਿਚ ਮਹਾਤਮਾ ਬੁੱਧ ਨੇ ਆਤਮਾ-ਪਰਮਾਤਮਾ ਦੇ ਪ੍ਰਸ਼ਨ ਸੰਬੰਧੀ ਚੁਪ ਸਾਧ ਰੱਖੀ ਅਤੇ ਦੂਸਰੇ ਪਾਸੇ ਮਨੁੱਖ ਦੀ ਜ਼ਿੰਦਗੀ ਨੂੰ ਚੰਗੇਰਾ ਅਤੇ ਸੁਖਮਈ ਬਨਾਉਣ ਦੇ ਲਈ ਮਾਰਗ ਦਰਸਾਏ। ਲੇਕਿਨ ਯੂਰਪੀਨ ਚਿੰਤਨ ਵਿਚ ਨੀਤਸ਼ੇ ਸਪਸ਼ਟ ਰੂਪ ਵਿਚ ਈਸ਼ਵਰ ਦੀ ਹੋਂਦ ਤੋਂ ਮੁਨਕਰ ਹੋ ਗਿਆ। ਨੀਤਸ਼ੇ ਦਾ ਕਥਨ ਹੈ ਕਿ " ਰੱਬ ਦੀ ਮੌਤ ਹੋ ਗਈ ", ਮਾਨਵਵਾਦੀ ਵਿਚਾਰਧਾਰਾ ਵਲ ਬੜਾ ਵਿਦਰੋਹੀ ਕਦਮ ਹੈ। ਨੀਤਸ਼ੇ ਨੇ ਰੱਬ ਦੀ ਅਣਹੋਂਦ ਦਸਕੇ ਮਨੁੱਖੀ ਹੋਂਦ ਨੂੰ ਵਡਿਆਇਆ ਹੈ, ਮਨੁੱਖ ਨੂੰ ਵਧੇਰੇ ਜਿੰਮੇਵਾਰ ਬਣਾਇਆ ਹੈ। ਨੀਤਸ਼ੇ ਨੇ ਈਸ਼ਵਰਵਾਦੀ ਸੰਕਲਪ ਨੂੰ ਖਤਮ ਕਰਕੇ ਮਾਨਵਵਾਦੀ ਨੈਤਿਕਤਾ ਦੇ ਵਿਕਾਸ ਦੀ ਲੋੜ ਉਪਰ ਜ਼ੋਰ ਦਿੱਤਾ ਹੈ ਨੀਤਸ਼ੇ ਅਨੁਸਾਰ ਮਾਨਵਵਾਦੀ ਚਿੰਤਨ, ਰਵਾਇਤੀ ਧਰਮ ਦੇ ਵਿਰੁੱਧ ਇਕ ਨਵੀਂ ਧਾਰਾ ਦੇ ਰੂਪ ਵਿਚ ਸਾਹਮਣੇ ਆਇਆ। ਆਪਣੇ ਨਵੇਕਲੇ ਅੰਦਾਜ਼ ਵਿਚ ਇਸਨੇ ਆਧੁਨਿਕ ਵਿਗਿਆਨਕ ਤਰਕਵਾਦੀ ਸੋਚਣੀ ਨੂੰ ਅਪਣਾ ਕੇ ਮਨੁੱਖ ਨੂੰ ਦਲੇਰੀ ਨਾਲ ਸੋਚਣ ਤੇ ਫੈਸਲੇ ਕਰਨ ਲਈ ਪ੍ਰੋਤਸਾਹਿਤ ਕੀਤਾ। ਨੀਤਸ਼ੇ

---

1. Dr. Wazir Singh, 'Aspects of Guru Nanak's Humanism' Parkh, 'Guru Nanak Samriti Issue No.1,1969,Panjab University, Chandigarh, P-68

ਦੇ ਦ੍ਰਿਸ਼ਟੀਕੋਣ ਅਨੁਸਾਰ: ਧਰਮ ਦੀ ਰੂੜ੍ਹੀਵਾਦਿਤਾ, ਅੰਧ-ਵਿਸ਼ਵਾਸੀ ਅੰਸ਼, ਮਨੁੱਖ ਦੀ ਸੁਤੰਤਰ ਸੋਚਣੀ ਦੇ ਰਾਹ ਵਿਚ ਰੁਕਾਵਟ ਬਣਦੇ ਹਨ, ਵਿਗਿਆਨ ਦੀ ਵਿਧੀ ਤੇ ਇਸ ਦੀਆਂ ਪ੍ਰਾਪਤੀਆਂ ਆਧੁਨਿਕਤਾ ਦੀਆਂ ਅਤੇ ਮਾਨਵੀ ਹੋਂਦ ਦੀ ਅਭਿਮੀਅਤ ਦੀਆਂ ਪ੍ਰਤੀਕ ਹਨ।

ਮਾਨਵਵਾਦ ਮਨੁੱਖ ਦੇ ਮਹੱਤਵ ਨੂੰ ਕਿਸੇ ਵਿਰਾਟ ਮਹਾਨ-ਸ਼ਕਤੀ ਵਿਚ ਅਭੇਦ ਕਰਨ ਅਤੇ ਉਸਦੇ ਪ੍ਰਤੀ ਸਮਰਪਿਤ ਹੋਣ ਦਾ ਵਿਰੋਧ ਕਰਦਾ ਹੈ ਅਤੇ ਸਾਧਾਰਣ ਮਨੁੱਖ ਨੂੰ ਹੀ ਸਭ ਮੁੱਲਾਂ ਦਾ ਅੰਤਿਮ ਨਿਰਣਾਇਕ ਮੰਨਦਾ ਹੈ। ਗੋਰਕੀ ਦੇ ਵਿਚਾਰ ਇਸ ਸੰਦਰਭ ਵਿਚ ਇਸ ਪ੍ਰਕਾਰ ਹਨ:

> ਸਾਧਾਰਨ -ਜਨ ਕੇਵਲ ਇਕ ਸ਼ਕਤੀ ਹੀ ਨਹੀਂ ਹੈ, ਜਿਹਨਾਂ ਨੇ ਸਾਰੇ। ਭੌਤਿਕ ਮੁੱਲਾਂ ਦਾ ਸਿਰਜਣ ਕੀਤਾ ਹੈ, ਬਲਕਿ ਇਹ ਹੀ ਸਾਰੇ ਆਤਮਿਕ ਮੁੱਲਾਂ ਦੇ ਇਕਮਾਤਰ ਅਤੇ ਅਨੰਤ ਸਰੋਤ ਹਨ; ਕਾਲ,ਸੌਂਦਰਜ ਅਤੇ ਪ੍ਰਤਿਭਾ ਵਿਚ ਉਹ ਹੀ ਸਾਮੂਹਿਕ ਰੂਪ ਵਿਚ ਪ੍ਰਥਮ ਅਤੇ ਪ੍ਰਮੁੱਖ ਦਾਰਸ਼ਨਿਕ ਤਥਾ ਕਵੀ ਹਨ, ਵਿਦਮਾਨ ਸਾਰੀਆਂ ਮਹਾਨ ਕਵਿਤਾਵਾਂ ਵਿਸ਼ਵ ਦੇ ਸੰਪੂਰਣ ਦੁਖਾਂਤਾਂ ਅਤੇ ਉਹਨਾਂ ਵਿਚੋਂ ਵੀ ਸਭ ਤੋਂ ਮਹਾਨ ਦੁਖਾਂਤ ਵਿਸ਼ਵ-ਸੰਸਕ੍ਰਿਤੀ ਦੇ ਸ੍ਰਿਜਣਾ ਹਨ।[1]

ਗੋਰਕੀ ਨੇ ਮਾਨਵਵਾਦ,ਮਾਨਵੀ-ਕੀਮਤਾਂ ਨੂੰ ਸੁਦ੍ਰਿੜ ਕਰਨ ਦਾ ਯਤਨ ਕੀਤਾ। ਉਹ ਮਾਨਵੀ ਹੋਂਦ ਦੀ ਕੀਮਤ ਕਾਇਮ ਰੱਖਣ ਦੇ ਅਟੁੱਟ ਉਪਾਸ਼ਕ ਸਨ। ਜਸਪਾਲ ਸਿੰਘ ਦੇ ਵਿਚਾਰ ਇਸ ਪ੍ਰਸੰਗ ਵਿਚ ਇਸ ਪ੍ਰਕਾਰ ਹਨ:

> In his play "The Lower Depths", Gorky makes one of his characters say: "Man-that is the truth. How proud the word rings-man! All things are for man". Achievements of human history were to

---

1. Gorkhi, <u>On Literature</u>, P-71

> him the results of man's labour and struggle. In one of his letters to Tolstoy, Gorky wrote: "Man is the temple of the living God ...... I am, profoundly convinced that there is nothing better than Man on the whole earth and thurving Democritus phrase to suit myself, I say Man is the only thing that exists; all else is opinion. I always was and shall be, a worshipper of Man, only I do not know how to express this sufficiently strongly......" 1

ਲੱਗੇ ਵਿਚ ਇਸ ਪ੍ਰਕਾਰ ਕਿਹਾ ਹੈ।

> He makes man realise his worth and vigour that can truly change the face of the world. Time and again he reminds the people at the helm of affairs: 'Look! What an ugly mess you have made of life, to what state you have reduced man, that man who is capable of living a beautiful and creative life, who has limitless capabilities !'[2]

ਪੱਛਮੀ ਚਿੰਤਨ ਪਰੰਪਰਾ ਵਿਚ ਬ੍ਰੈਖ਼ਤ ਨੇ ਵੀ ਮਾਨਵੀ ਹੋਂਦ ਨੂੰ ਅਹਿਮੀਅਤ ਪ੍ਰਦਾਨ ਕਰਕੇ ਸਮਾਜ ਨੂੰ ਅਗਾਂਹ ਕੀਤਾ। ਇਸ ਪ੍ਰਸੰਗ ਵਿਚ ਬ੍ਰੈਖ਼ਤ ਦਾ ਮਹਾਨ ਪ੍ਰਯੋਗ ਸਾਰਥਕ ਹੈ, ਜਿਹੜਾ ਦੁਨੀਆਂ ਨੂੰ ਬਦਲਣ ਦਾ ਇਕ ਆਧਾਰ ਬਣਦਾ ਹੈ।

ਇਸੈ ਆਪਣਾ ਲਕਸ਼ ਨਾ ਬਣਾਓ
ਕਿ ਮੌਤ ਕੀ ਘੜੀ ਮੇਂ

---

1. Jaspal Singh, "Gorky and Neo-Humanism', P.5

2.

ਤੁਮ ਖ਼ੁਦ ਐਸੇ ਹੋਵੋਗੇ
ਤੁਮਾਰਾ ਨਕਸ਼ ਹੋ
ਕਿ ਮੌਤ ਕੀ ਘੜੀ ਮੇਂ
ਤੁਮ ਏਕ ਬੇਹਤਰ ਦੁਨੀਆਂ ਛੋੜੋਗੇ।[1]

ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ ਪੱਛਮੀ- ਚਿੰਤਨ ਪਰੰਪਰਾ ਵਿਚ ਮਾਨਵਵਾਦੀ ਵਿਚਾਰਧਾਰਾ ਦਾ ਆਗਮਨ ਮਧਯੁਗੀਨ ਧਾਰਮਿਕ ਵਿਵਸਥਾ ਦੀ ਸਮਾਪਤੀ ਦੇ ਬਾਅਦ ਹੋਇਆ। ਪਹਿਲਾਂ ਮਨੁੱਖੀ ਸ਼ਖ਼ਸੀਅਤ ਨੂੰ ਗੌਣ ਸਮਝਿਆ ਜਾਂਦਾ ਸੀ ਅਤੇ ਕਿਸੇ ਕਲਪਤ ਅਤੇ ਅਗਿਆਤ ਦੈਵੀ ਸ਼ਕਤੀ ਦੇ ਅਸਤਿਤਵ ਨੂੰ ਸਭ ਤੋਂ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਸੀ। ਵਿਕਾਸਵਾਦ ਦੇ ਸਿਧਾਂਤ ਅਤੇ ਵਿਗਿਆਨ ਦੀਉੱਨਤੀ ਨੇ ਮਨੁੱਖੀ-ਚਿੰਤਨ ਨੂੰ ਨਵੀਆਂ ਦਿਸ਼ਾਵਾਂ ਵਲ ਮੋੜਿਆ। ਮਨੁੱਖ ਨੇ ਅਸੰਖਾਂ ਦੇਵੀ ਦੇਵਤਿਆਂ ਦੀ ਉਪਾਸਨਾ ਅਤੇ ਅਗਿਆਤ ਸ਼ਕਤੀ ਦੀ ਪ੍ਰਭੁਤਾ ਨੂੰ ਛੱਡ ਕੇ ਖ਼ੁਦ ਦੀ ਸ਼ਕਤੀ ਅਤੇ ਸਮਰੱਥਾ ਤੇ ਵਿਸ਼ਵਾਸ ਕਰਨਾ ਆਰੰਭ ਕੀਤਾ। 19ਵੀਂ ਸਦੀ ਵਿਚ ਮਨੁੱਖ ਵਿਚ ਜਿਸ ਨਵੇਂ ਬੋਧ ਅਤੇ ਜਾਗ੍ਰਿਤੀ ਨੇ ਜਨਮ ਲਿਆ ਉਸਦੇ ਕਾਰਣ ਉਸਨੇ ਧਾਰਮਿਕ ਰੂੜ੍ਹੀਆਂ ਦਾ ਵਿਰੋਧ ਕਰ ਦਿੱਤਾ।

ਵਾਸਤਵ ਵਿਚ ਵਿਗਿਆਨ ਦੇ ਵਿਕਾਸ ਦੇ ਘੇਰੇ ਦਾ ਕੇਂਦਰ ਮਨੁੱਖ ਸੀ। ਮਨੁੱਖ ਨੂੰ ਸੁਖ-ਸੁਵਿਧਾਵਾਂ ਦੀ ਸਾਮਗਰੀ ਦੇਣਾ, ਮਨੁੱਖ ਨੂੰ ਹਰ ਪ੍ਰਕਾਰ ਨਾਲ ਸੁਚੇਤ ਕਰਨਾ, ਅੰਧ-ਵਿਸ਼ਵਾਸ ਤੋਂ ਮੁਕਤ ਕਰਨਾ, ਨਿਡੱਰ ਬਣਾਉਣਾ ਵਿਗਿਆਨਕ ਉਨਤੀ ਦਾ ਮੂਲ ਉਦੇਸ਼ ਸੀ। ਇਸ ਤਰ੍ਹਾਂ ਵਿਗਿਆਨ ਦੀ ਉਨਤੀ ਨੇ ਸੰਸਾਰ ਵਿਚ ਇਕ ਪਰਿਵਰਤਨ ਲਿਆ ਦਿੱਤਾ। ਇਹ ਪਰਿਵਰਤਨ ਸੀ -1 ਮਨੁੱਖ ਦੇ ਚਿੰਤਨ ਕ੍ਰਮ ਵਿਚ 2.ਜੀਵਨ ਦੀ ਵਿਹਾਰ-ਪੱਧਤੀ ਵਿਚ, 3.ਚੇਤਨਾ ਦੇ ਗਤੀਮਾਨ ਦੇ ਪਧਰਾਂ ਵਿਚ 4. ਸਮਜਾ ਸਮਾਜਾਂ ਦੀ ਵਿਵਸਥਾ ਵਿਚ 5. ਰਾਸ਼ਟਰਾਂ ਦੀ ਸੰਚਾਲਨ ਸ਼ਕਤੀ ਵਿਚ, 6. ਸੰਸਾਰ ਦੀਆਂ ਸਾਂਸਕ੍ਰਿਤਕ ਗਤੀਵਿਧੀਆਂ ਵਿਚ। ਸਮਾਨਤਾ, ਸੁਤੰਤਰਤਾ ਅਤੇ ਵਿਸ਼ਵ-ਬੰਧੁਤਵ ਦਾ ਨਾਅਰਾ ਬੁਲੰਦ ਕੀਤਾ ਗਿਆ। ਇਹਨਾਂ ਸਾਰੀਆਂ ਪ੍ਰਕ੍ਰਿਆਵਾਂ ਤੋਂ ਸਾਹਿਤ ਵੀ ਅਪ੍ਰਭਾਵਿਤ ਨਾ ਰਹਿ ਸਕਿਆ। ਸਾਹਿਤ

---

1. ਡਾ. ਨਵਲ ਕਿਸ਼ੋਰ, ਮਾਨਵਵਾਦ ਔਰ ਸਾਹਿਤਯ, ਪੰਨਾ-136

ਵਿਚ ਵੀ ਮਾਨਵ ਦੀ ਮਹੱਤਤਾ ਦੀ ਆਵਾਜ਼ ਬੁਲੰਦ ਹੋਈ ਅਤੇ ਨਵ-ਸਾਹਿਤ ਚੇਤਨਾ ਮਨੁੱਖੀ-ਕਲਿਆਣ ਦੇ ਗੀਤ ਗਾਉਣ ਲਈ ਵਿਕਸਿਤ ਹੋਈ। ਇਸ ਪ੍ਰਸੰਗ ਵਿਚ ਐਮ. ਐਨ.ਰਾਇ ਦੇ ਵਿਚਾਰ ਵਰਨਣਯੋਗ ਹਨ:

> In the past also, Humanism proclaimed the Sovereignty of man. But man remained unexplained and speculation about the essense of man led to mysticism and revival of the religion. Thus Humanism defeated itself. Thanks to the enrichment of scientific knowledge, it can now be freed from all fallacies. It needs no longer be misguided by mystic and metaphysical notice about the essence of man ....... new Humanism proclaims the Sovereignty of man on the authority of the Modern Science, which has dispelled all mystery about the essence of man.[1]

ਮਾਨਵਵਾਦੀ ਵਿਚਾਰਧਾਰਾ ਮਨੁੱਖ ਦੀ ਪ੍ਰਭੁਤਾ ਸਥਾਪਤ ਕਰਦੀ ਹੈ। ਇਹ ਆਸ਼ਾਵਾਦੀ ਅਤੇ ਨੈਤਿਕ ਵਿਚਾਰਧਾਰਾ ਹੈ। ਇਸਦਾ ਉਦੇਸ਼ ਵਿਅਕਤੀ ਦੇ ਵਿਅਕਤਿਤਵ ਦਾ ਸਰਬ-ਪੱਖੀ ਵਿਕਾਸ ਕਰਨਾ ਹੈ। ਮਾਨਵਵਾਦ ਅਜਿਹੀ ਸਥਾਪਤੀ ਦਾ ਲਖਾਇਕ ਹੈ ਜਿਹੜੀ ਮਨੁੱਖੀ ਜੀਵਨ ਦਾ ਅੰਤਰੀਵੀ ਮੁੱਲ ਸਮਝੇ, ਮਨੁੱਖੀ ਵਿਅਕਤਿਤਵ ਦੀ ਇੱਜ਼ਤ ਕਰੇ, ਇਸਦੀ ਪਵਿੱਤਰਤਾ ਨੂੰ ਕਾਇਮ ਰਖੇ ਅਤੇ ਇਸਨੂੰ ਮਾਨਵੀ ਬੁਰਾਈਆਂ ਤੋਂ ਉਪਰ ਉਠਾ ਕੇ ਮਾਨਵੀ-ਕਲਿਆਣ ਦੇ ਮਾਰਗ ਤੇ ਤੋਰੇ। ਸਮਾਜਵਾਦੀ ਹਕੀਕਤ ਦਾ ਵਿਕਾਸ ਆਪ ਵੀ ਨਵੇਂ ਸੰਸਾਰ ਦੇ ਸਾਹਿਤ ਦੇ ਮਾਨਵਵਾਦੀ ਅਸੂਲਾਂ ਨੂੰ ਵਿਸ਼ਾਲਤਾ ਅਤੇ ਡੂੰਘਾਈ ਪ੍ਰਦਾਨ ਕਰਦਾ ਹੈ। ਹਰ ਇਕ ਚੀਜ਼ ਦਾ ਆਦਿ ਅਤੇ ਅੰਤ ਮਨੁੱਖ ਨਾਲ ਹੀ ਹੁੰਦਾ ਹੈ। ਉਥੋਂ ਹੀ ਨਵੇਂ ਸੰਸਾਰ ਦਾ ਸਾਹਿਤ ਜਨਮਦਾ ਹੈ ਅਤੇ ਇਸੇ ਰੌਨ ਵਿਚ ਇਸਦੀ ਸ਼ਕਤੀ, ਅਸਰ ਅਤੇ ਮਹਾਨਤਾ ਹੈ। ਪਾਲ ਲਿਊਆਰਡ ਦੇ ਵਿਚਾਰ ਇਸ ਪ੍ਰਸੰਗ ਵਿਚ ਸਾਰਥਕ ਹਨ:-

ਸਾਨੂੰ ਇਹ ਵਿਸ਼ਵਾਸ ਹੋਣ ਚਾਹੀਦਾ
ਵਿਸ਼ਵਾਸ ਹੋਣਾ ਚਾਹੀਦਾ

---

1. M.N.Roy, Reason, Romanticism and Revolution, P-308

ਮਨੁੱਖ ਵਿਚ ਬੱਲ ਹੈ ਆਜ਼ਾਦੀ ਜਿੱਤ ਲੈਣ ਦਾ
ਮਨੁੱਖ ਵਿਚ ਬੱਲ ਹੈ ਹੋਣੀਆਂ ਬਣਾਉਣ ਦਾ
ਸਿੱਧੇ ਲੇਖ ਮੇਟ ਕੇ ਚੰਗਿਆਂ ਨੂੰ ਵਾਹੁਣ ਦਾ।[1]

[illegible] ਫਿਰ ਇਸ ਪ੍ਰਕਾਰ ਕਿਹਾ ਹੈ:

ਅਸੀਂ ਦੁਨੀਆਂ ਦੇ ਉਸਰੱਈਆਂ ਦਾ,ਸਮਾਜਵਾਦੀ ਯਥਾਰਥਵਾਦ
ਦੇ ਸਾਹਿਤ ਦਾ ਮਾਨਵਵਾਦ, ਹੌਸਲੇ ਦਾ ਮਾਨਵਵਾਦ ਹੈ,
ਦਲੇਰੀ ਨਾਲ ਜੀਵਨ ਨੂੰ ਪ੍ਰਵਾਨ ਕਰਨ ਦਾ ਮਾਨਵਵਾਦ ਹੈ।
ਇਹ ਅਜਿਹੇ ਮਨੁੱਖਾਂ ਦਾ ਮਾਨਵਵਾਦ ਹੈ ਜੋ ਅਣਘਟ ਸ਼ਕਤੀ
ਨਾਲ, ਭਰੋਸੇ ਅਤੇ ਜੋਸ਼ ਨਾਲ, ਆਪਣੇ ਪੂਰੇ ਜੋਰ ਨਾਲ
ਆਪਣਾ ਕੰਮ ਕਰ ਰਹੇ ਹਨ ਤਾਂ ਜੋ ਰੂਸੀ ਕਵੀ ਵੈਸਿਲੀ
ਫੇਦੋਰੋਵ ਦੇ ਕਹਿਣ ਅਨੁਸਾਰ, ਉਹ:

ਥਪੇੜਿਆਂ ਦੇ ਬਾਵਜੂਦ, ਠੋਕਰਾਂ ਦੇ ਬਾਵਜੂਦ
ਜ਼ਮਾਨੇ ਦਿਆਂ ਝੱਖੜਾਂ 'ਚ
ਡਟ ਸਕਣ, ਖੜ੍ਹ ਸਕਣ ।[2]

ਪੱਛਮੀ ਚਿੰਤਨ ਪਰੰਪਰਾ ਅਨੁਸਾਰ ਹੇਠ ਲਿਖੇ ਤਤਵਾਂ ਨੇ ਮਾਨਵਵਾਦ ਨੂੰ ਪ੍ਰੋਤਸਾਹਿਤ ਕੀਤਾ:

1. ਵਿਗਿਆਨਕ ਉਨਤੀ
2. ਪ੍ਰੈਸ ਦਾ ਪ੍ਰਚਲਨ
3. ਚਿੰਤਨ ਦਾ ਆਦਾਨ-ਪ੍ਰਦਾਨ

ਇਹ ਤੱਤਵ ਮਾਨਵੀ-ਹੋਂਦ ਨੂੰ ਮਹੱਤਵ ਪ੍ਰਦਾਨ ਕਰਨ ਵਿਚ ਸਹਾਈ ਹੋਏ ਹਨ। ਪੱਛਮੀ ਮਾਨਵਵਾਦੀ ਚਿੰਤਨ ਨੇ ਮਾਨਵੀ-ਹੋਂਦ ਦੀ ਮਹਿਮਾ ਨੂੰ ਵਧਾਉਣ ਵਿਚ ਹੇਠ ਲਿਖੇ ਆਧਾਰਾਂ ਤੇ ਸਹਿਯੋਗ ਦਿੱਤਾ:-

---

1. ਏ.ਓਵਚਾਰੈਂਕੋ, ਸਮਾਜਵਾਦੀ ਯਥਾਰਥਵਾਦ ਅਤੇ ਆਧੁਨਿਕ ਸਾਹਿਤਕ ਪ੍ਰਕ੍ਰਿਆ,ਪੰ.40
2. ਉਹੀ, ਪੰਨਾ 40

1. ਮਨੁੱਖ ਦੇ ਪ੍ਰਤੀ ਵਿਸ਼ਵਾਸ ਅਤੇ ਮਾਨਵੀ ਭਵਿੱਖ ਵਿਚ ਵਿਸ਼ਵਾਸ
2. ਮਨੁੱਖ ਤੋਂ ਉਚੀ ਸ਼ਕਤੀ ਅਤੇ ਪਰਲੋਕ-ਜੀਵਨ ਦੇ ਵਿਚਾਰ ਦਾ ਵਿਰੋਧ ਕੀਤਾ।
3. ਮਾਨਵੀ ਸੁਤੰਤਰਤਾ ਦੀ ਘੋਸ਼ਣਾ ਕੀਤੀ
4. ਮਾਨਵਤਾ ਦੇ ਪ੍ਰਤੀ ਪ੍ਰਤੀਬੱਧਤਾ ਪ੍ਰੇਰਿਤ ਕੀਤੀ
5. ਨਿਆਂਪੂਰਣ ਅਤੇ ਸਮਤਾਵਾਦੀ ਸਮਾਜ ਦੀ ਸਥਾਪਨਾ ਕਰਨੀ
6. ਮਾਨਵ ਵਿਚਲੀ ਗੁਲਾਮੀ ਦੀ ਭਾਵਨਾ ਖਤਮ ਕਰਨੀ ।

ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ। ਮਨੁੱਖੀ ਚਿੰਤਨ ਵਿਚਲੇ ਮਾਨਵਵਾਦ ਅਨੁਸਾਰ ਕੇਵਲ ਜ਼ਿੰਦਗੀ ਅਸਲੀਅਤ ਹੈ ਜੋ ਸਾਹਮਣੇ ਦਿਸ ਰਹੀ ਹੈ। ਸੋ ਜ਼ਿੰਦਗੀ ਨੂੰ ਚੰਗਾ ਬਣਾਉਣਾ ਹੀ ਮਨੁੱਖ ਦਾ ਮੁੱਖ ਮਨੋਰਥ ਹੈ। ਆਤਮਾ ਕੋਈ ਚੀਜ਼ ਨਹੀਂ ਹੈ। ਮਨੁੱਖ ਰੱਬ ਦਾ ਬਣਾਇਆ ਕੋਈ ਵਿਸ਼ੇਸ਼ ਜੀਵ ਨਹੀਂ ਹੈ। ਇਸ ਜ਼ਿੰਦਗੀ ਤੋ ਬਿਨਾ ਹੋਰ ਕੋਈ ਜ਼ਿੰਦਗੀ ਨਹੀਂ ਹੈ, ਇਸ ਲਈ ਮਨੁੱਖ ਦਾ ਆਦਰਸ਼ ਮਨੁੱਖਤਾ ਕਾਇਮ ਕਰਨਾ ਹੀ ਹੋਣਾ ਹੈ। ਸਭ ਨੂੰ ਉਸਦਾ ਹੱਕ ਮਿਲ ਜਾਵੇ। ਧਾਰਮਿਕ ਮਨਾਹੀਆਂ ( Taboos ) ਅਤੇ ਤਿਆਗ ਅਤੇ ਤਪੱਸਿਆ ਦੀ ਲੋੜ ਨਹੀਂ। ਰੱਬ ਕੋਈ ਚੀਜ਼ ਨਹੀਂ, ਨੈਤਿਕ ਆਦਰਸ਼ ਹੀ ਰੱਬ ਹੈ।

ਪੱਛਮੀ ਅਤੇ ਭਾਰਤੀ ਦੋਨੋਂ ਹੀ ਚਿੰਤਨ-ਧਾਰਾਵਾਂ ਵਿਚ ਜੀਵਨ ਦੇ 'ਸਰਬਉੱਚ ਸ੍ਰੇਸ਼ਠ' ਦਾ ਵਿਸਤ੍ਰਿਤ ਵਰਨਣ ਕੀਤਾ ਗਿਆ ਹੈ। ਮਨੁੱਖ ਨੂੰ ਗੁਲਾਮੀ ਤੋਂ ਨਿਜਾਤ ਦਿਵਾਉਣ ਅਤੇ ਉਸਦੀ ਸ਼ਖਸੀਅਤ ਨੂੰ ਮਹੱਤਵ ਪ੍ਰਦਾਨ ਕਰਨਾ ਮਾਨਵਵਾਦ ਦਾ ਆਧਾਰ-ਬਿੰਦੂ ਹੈ। ਦੋਹਾਂ ਵਿਚਾਰਧਾਰਾਵਾਂ ਵਿਚ ਸਮਾਨਤਾ ਹੁੰਦੇ ਹੋਏ ਵੀ ਕੁਝ ਫਰਕ ਹੈ। ਜੀਵਨ-ਨਿਰਮਾਣ ਜਾਂ ਚਰਿੱਤਰ ਨਿਰਮਾਣ ਦੇ ਨਾਲ ਜਿਤਨਾ ਗੂੜ੍ਹਾ ਸੰਬੰਧ ਭਾਰਤੀ ਨੀਤੀ-ਸ਼ਾਸਤਰ ਦਾ ਹੈ ਉਤਨਾ ਪੱਛਮੀ ਨੀਤੀ ਸ਼ਾਸਤਰ ਦਾ ਨਹੀਂ

ਤੁਲਨਾਤਮਕ ਦ੍ਰਿਸ਼ਟੀ ਨਾਲ ਵਿਚਾਰ ਕੀਤਿਆਂ ਇਸ ਤਰ੍ਹਾਂ ਲਗਦਾ ਹੈ ਕਿ ਭਾਰਤੀ ਨੀਤੀ-ਸ਼ਾਸਤਰ ਉਪਦੇਸ਼ਾਤਮਕ ( Hortative ) ਜ਼ਿਆਦਾ ਹੈ। ਭਾਰਤੀ ਨੀਤੀ ਸ਼ਾਸਤਰ ਵਿਚ ਜ਼ਿਆਦਾਤਰ, ਸੰਤਾਂ, ਰਿਸ਼ੀਆਂ, ਮੁਨੀਆਂ, ਸਮਾਜ-ਸੁਧਾਰਕਾਂ ਨੇ ਆਪਣੀ ਸਾਧਨਾ ਅਤੇ ਅਨੁਭਵ ਦੇ ਨਤੀਜੇ ਵਜੋਂ ਜਿਹਨਾਂ ਲੱਛਣਾਂ ਨੂੰ ਸਾਧਾਰਣ ਜਨਤਾ ਦੇ ਸਾਹਮਣੇ ਸਮਾਜ-ਕਲਿਆਣ ਦੇ ਲਈ ਰੱਖਿਆ ਜਾਂ ਉਪਦੇਸ਼ਾਂ ਦੇ ਮਾਧਿਅਮ ਨਾਲ ਵਿਅਕਤ ਕੀਤਾ, ਉਹਨਾਂ ਹੀ ਵਿਚਾਰਾਂ ਦਾ

ਇਸ ਵਿਚ ਸੰਕਲਨ ਹੈ। ਇਸ ਵਿਚ ਭਿੰਨ ਭਿੰਨ ਉਦਾਹਰਣਾਂ ਅਤੇ ਕਥਾਵਾਂ ਦੇ ਮਾਧਿਅਮ ਨਾਲ ਨੈਤਿਕ ਵਿਚਾਰਾਂ ਦਾ ਉਪਦੇਸ਼ ਦਿੱਤਾ ਗਿਆ ਹੈ। ਚਾਹੇ ਇਸਦਾ ਪ੍ਰਭਾਵ ਭਾਰਤੀ ਜਨ-ਜੀਵਨ ਤੇ ਬਹੁਤ ਗਹਿਰਾ ਹੈ। ਫਿਰ ਵੀ ਇਕ ਕ੍ਰਮਬੱਧ ਵਿਗਿਆਨਕ ਅਧਿਐਨ ਦੀ ਇਸ ਵਿਚ ਕਮੀ ਹੈ। ਸਾਧਾਰਣ ਤੌਰ ਤੇ ਨੈਤਿਕ ਪ੍ਰਸ਼ਨਾਂ ਨੂੰ ਅਕਸਰ ਧਾਰਮਿਕ ਪ੍ਰਸ਼ਨਾ ਨਾਲ ਮਿਲਾ ਦਿੱਤਾ ਗਿਆ ਹੈ। ਨੀਤੀ-ਸ਼ਾਸਤਰ ਕੀ ਹੈ? ਇਸ ਦੀਆਂ ਕਿਹੜੀਆਂ ਕਿਹੜੀਆਂ ਸਮੱਸਿਆਵਾਂ ਹਨ ਪ੍ਰਮੁੱਖ ਮਾਨਦੰਡ ਕਿਹੜੇ ਹਨ, ਆਦਿ ਅਨੇਕ ਨੈਤਿਕ ਪ੍ਰਸ਼ਨਾਂ ਨੂੰ ਇਥੇ ਕ੍ਰਮਿਕ ਬੌਧਿਕ, ਵਿਗਿਆਨਕ ਅਤੇ ਤਾਰਕਿਕ ਰੂਪ ਵਿਚ ਪ੍ਰਸਤੁਤ ਕਰਨ ਦਾ ਯਤਨ ਅਕਸਰ ਨਹੀਂ ਦੇ ਬਰਾਬਰ ਹੀ ਹੈ।

ਇਸਦੇ ਉਲਟ ਪੱਛਮੀ ਨੈਤਿਕ ਚਿੰਤਨ-ਧਾਰਾ ਦੇ ਵਿਚ ਕੁਛ ਪ੍ਰਾਚੀਨ ਵਿਚਾਰਾਂ ਨੂੰ ਛੱਡ ਕੇ, ਸ਼ੁਰੂ ਤੋਂ ਹੀ ਬਹੁਤ ਤਾਰਕਿਕ ਰੂਪ ਵਿਚ ਵਿਚਾਰਾਂ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਗਿਆ ਹੈ। ਪੱਛਮੀ ਨੀਤੀ-ਸ਼ਾਸਤਰ ਦੇ ਸ਼ੁਰੂ ਵਿਚ ਹੀ ਧਰਮ ਦੀਆਂ ਸਮੱਸਿਆਵਾਂ ਤੋਂ ਨੈਤਿਕ ਪ੍ਰਸ਼ਨਾਂ ਨੂੰ ਅਲੱਗ ਰੂਪ ਵਿਚ ਹੀ ਸਮਝਿਆ ਗਿਆ ਹੈ ਅਤੇ ਯਥਾ ਸੰਭਵ ਵਿਗਿਆਨਕ ਅਤੇ ਤਾਰਕਿਕ ਵਿਧੀ ਦੁਆਰਾ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ।

ਭਾਰਤੀ ਚਿੰਤਨ-ਧਾਰਾ ਵਿਚ ਇਕ ਹੀ ਸਮੇਂ ਜੀਵਨ ਦੇ ਅਲਗ-ਅਲਗ ਪ੍ਰਸ਼ਨਾਂ ਧਾਰਮਿਕ, ਨੈਤਿਕ, ਮਨੋਵਿਗਿਆਨਕ, ਪਾਰਲੌਕਿਕ, ਸਮਾਜਕ ਆਦਿ ਨੂੰ ਇਕੱਠਾ ਕਰ ਕੇ ਰੌਚਿਕ ਸ਼ੈਲੀ ਵਿਚ ਵਰਨਣ ਕੀਤਾ ਗਿਆ ਹੈ, ਲੇਕਿਨ ਪੱਛਮੀ ਚਿੰਤਨ-ਧਾਰਾ ਨਾਲ ਅਜਿਹੀ ਗੱਲ ਨਹੀਂ ਹੈ। ਇਥੇ ਨੀਤੀ-ਸੰਬੰਧੀ ਪ੍ਰਸ਼ਨਾਂ ਨੂੰ ਅਲਗ ਕਰਕੇ ਉਹਨਾਂ ਦਾ ਸ਼ੁਧ ਤਾਰਕਿਕ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ।

ਪੱਛਮੀ ਚਿੰਤਨ-ਧਾਰਾ ਦੀਆਂ ਸਮੱਸਿਆਵਾਂ ਦਾ ਮੁੱਖ ਪ੍ਰਯੋਜਨ ਏਹਿਕ ਜੀਵਨ ਦੀਆਂ ਵਿਵਹਾਰਿਕ ਸਮੱਸਿਆਵਾਂ ਹਨ ਜਦ ਕਿ ਭਾਰਤੀ ਚਿੰਤਨ-ਪਰੰਪਰਾ ਦਾ ਜ਼ਿਆਦਾਤਰ ਸੰਬੰਧ ਪਰਮਾਰਥਿਕ ਚਿੰਤਨ ਨਾਲ ਰਿਹਾ ਹੈ। ਇਥੇ ਪਰਮਾਰਥਿਕ ਲਾਭ ਨੂੰ ਹੀ ਸਰਵਉਚ ਮੰਨਿਆ ਗਿਆ ਹੈ। ਜਿਸ ਤਰ੍ਹਾਂ ਗੀਤਾ ਵਿਚ ਲਿਖਿਆ ਹੈ ਕਿ : "आत्मलाभात् परो लाभो मन्यते नाधिकं ततः।" ਅਰਥਾਤ ਆਤਮਾ ਦੇ ਵਿਕਾਸ ਤੋਂ ਵੱਧ ਕੇ ਦੁਨੀਆਂ ਵਿਚ ਕੋਈ ਦੂਸਰਾ ਲਾਭ ਨਹੀਂ

ਇਸ ਤਰ੍ਹਾਂ ਭਾਰਤੀ ਅਤੇ ਪੱਛਮੀ ਦੋਨੋਂ ਵਿਚਾਰਧਾਰਾਵਾਂ ਵਿਚ ਨੈਤਿਕ ਚਿੰਤਨ ਦੀ ਵਿਧੀ ,ਪ੍ਰਤੀਪਾਦਨ, ਵਿਸ਼ੇ ਅਤੇ ਉਦੇਸ਼ ਨੂੰ ਲੈ ਕੇ ਫ਼ਰਕ ਹੈ।

ਭਾਰਤੀ ਲੋਕਾਂ ਨੂੰ ਪ੍ਰਾਚੀਨਤਾ ਨਾਲ ਮੋਹ ਹੈ ਅਤੇ ਪੱਛਮੀ ਲੋਕਾਂ ਦੇ ਲਈ ਨਵੀਨਤਾ ਹੀ ਆਕਰਸ਼ਣ -ਕੇਂਦਰ ਹੈ। ਪੱਛਮੀ ਦੇਸ਼ ਕਹਿੰਦੇ ਹਨ ਕਿ: ਸਭਿਅਤਾ ਅਤੇ ਸੰਸਕ੍ਰਿਤੀ ਦਿਨ-ਬ-ਦਿਨ ਵਿਕਸਿਤ ਹੋ ਰਹੀ ਹੈ, ਲੇਕਿਨ ਸਾਡੇ ਲੋਕਾਂ ਦੀ ਇਹ ਧਾਰਣਾ ਹੈ ਕਿ : ਨੈਤਿਕ ਮੁੱਲ ਸ਼ਾਸ਼ਵਤ ਹਨ। ਕੁਝ ਚਿੰਤਕਾਂ ਦੀ ਇਹ ਸ਼ਿਕਾਇਤ ਹੈ ਕਿ ਅਸੀਂ ਪੱਛਮੀ ਸਭਿਅਤਾ ਅਤੇ ਸੰਸਕ੍ਰਿਤੀ ਦੀ ਅੰਧਾ-ਧੁੰਦ ਨਕਲ ਕਰਨ ਵਿਚ ਹੀ ਆਪਣੀ ਬਹਾਦਰੀ ਸਮਝਦੇ ਹਾਂ ਅਤੇ ਇਸ ਕਾਰਣ ਸਾਡੀ ਸੰਸਕ੍ਰਿਤੀ ਅਤੇ ਸਭਿਅਤਾ ਦੀ ਬੜੀ ਤੇਜ਼ੀ ਨਾਲ ਗਿਰਾਵਟ ਹੋ ਰਹੀ ਹੈ। ਲੇਕਿਨ ਦੋਹਾਂ ਚਿੰਤਕਾਂ ਵਿਚ ਮਾਨਵਵਾਦ: ਮਨ ਨੂੰ ਵਿਕਸਿਤ ਕਰਨ ਲਈ ਪ੍ਰੇਰਣਾ-ਸਰੋਤ ਬਣਦਾ ਹੈ। ਸਚਾਈ, ਪਿਆਰ, ਨਿਆਂ, ਬਰਾਬਰੀ ਅਤੇ ਭਾਈਚਾਰਾ ਇਹਨਾਂ ਦੋਹਾਂ ਚਿੰਤਕਾਂ ਦੇ ਸਾਂਝੇ ਤੱਤ ਹਨ, ਸਾਂਝੇ ਮਾਨਵਵਾਦ ਦੇ ਪ੍ਰਤੀਕ ਹਨ।

ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ: ਭਾਰਤੀ ਚਿੰਤਨ-ਪਰੰਪਰਾ ਮਾਨਵਵਾਦੀ ਹੁੰਦੀ ਹੋਈ ਅਧਿਆਤਮਿਕਤਾ ਤੇ ਆਧਾਰਿਤ ਹੈ। ਇਸਦੇ ਉਲਟ ਯੂਰਪ ਵਿਚ ਮਾਨਵਵਾਦੀ ਪ੍ਰਵਿਰਤੀ ਅਧਿਆਤਮਵਾਦ ਤੋਂ ਦੂਰ ਹੁੰਦੀ ਚਲੀ ਗਈ। ਮਨੁੱਖ ਨੂੰ ਸਰਬ-ਉੱਚ ਥਾਂ ਦੇ ਦੇਣ ਦੇ ਬਾਅਦ ਈਸ਼ਵਰ ਦੇ ਲਈ ਉਥੇ ਕੋਈ ਥਾਂ ਨਹੀ ਰਹਿੰਦੀ ਅਤੇ ਮਨੁੱਖ ਦਾ ਸਰੂਪ ਅਧਿਆਤਮਕ ਨਾ ਹੋ ਕੇ, ਕਾਫ਼ੀ ਹੱਦ ਤਕ ਪ੍ਰਕ੍ਰਿਤਕ ਹੋ ਗਿਆ ਹੈ। ਨੈਤਿਕ ਰੂਪ ਵਿਚ ਮਨੁੱਖ ਦਾ ਇਕਮਾਤਰ ਕੰਮ ਪਰਵਰਤਿਤ ਪ੍ਰਸਥਿਤੀਆਂ ਵਿਚ ਆਪਣੇ ਆਪ ਨੂੰ ਵਿਵਸਥਤ ਕਰਨ ਦਾ ਰਹਿ ਗਿਆ ਹੈ। ਸਮੱਸਿਆਮੂਲਕ ਪ੍ਰਸਥਿਤੀਆਂ ਵਿਚ ਸਫ਼ਲ ਹੱਲ ਨੂੰ ਹੀ ਇਕਮਾਤਰ ਨੈਤਿਕਤਾ ਮੰਨਦਾ ਹੈ ਅਤੇ ਕਿਉਂਕਿ ਭਿੰਨ ਭਿੰਨ ਮਨੁੱਖਾਂ ਦੀਆਂ ਸਮੱਸਿਆਵਾਂ ਭਿੰਨ -ਭਿੰਨ ਹੁੰਦੀਆਂ ਹਨ, ਇਸ ਲਈ ਉਹਨਾਂ ਦਾ ਹੱਲ ਵੀ ਅਲੱਗ ਅਲੱਗ ਹੋਵੇਗਾ। ਕਿਸੇ ਵੀ ਸਮੱਸਿਆ ਦਾ ਸੰਭਵ ਹੱਲ ਹੀ ਉਸਦਾ 'ਮੁੱਲ' ਹੈ। ਇਸ ਤਰ੍ਹਾਂ ਨੈਤਿਕ ਮੁੱਲ ਕਦੀ ਅਤੇ ਪ੍ਰਸਥਿਤੀ ਸਾਪੇਖ ਹੁੰਦੇ ਹਨ। ਨੈਤਿਕ -ਮੁੱਲ ਨੂੰ ਇਕ ਅਤੇ ਵਿਅਕਤੀ-' ਨਿਰਪੇਖ ਮੰਨਣਾ ਗਲਤ ਹੋਵੇਗਾ। ਅਰਥਾਤ ਇਹ ਕਿਹਾ ਜਾ ਸਕਦਾ ਹੈ ਕਿ।ਭਾਰਤੀ ਮਾਨਵਵਾਦ ਦਾ ਆਧਾਰ ਅਧਿਆਤਮਵਾਦ ਹੈ ਅਤੇ ਪੱਛਮੀ ਮਾਨਵਵਾਦ ਦਾ ਝੁਕਾਅ ਭੌਤਿਕਤਾ ਵੱਲ ਵਧੇਰੇ ਦਿਖਾਈ ਦਿੰਦਾ ਹੈ।

ਮਾਨਵਵਾਦ: ਵਿਭਿੰਨ ਸੰਦਰਭ:

19ਵੀਂ ਸਦੀ ਵਿਚ ਵਿਗਿਆਨ ਅਤੇ ਬਾਕੀ ਸਮਾਜ ਸ਼ਾਸਤਰਾਂ ਦੇ ਖੇਤਰ ਵਿਚ ਵਿਕਾਸ ਦੇ ਨਾਲ ਮਾਨਵ-ਪ੍ਰਕ੍ਰਤੀ ਦੇ ਵਿਚਾਰਾਂ ਨੂੰ ਜ਼ਿਆਦਾ ਸਫ਼ਾਈ ਨਾਲ ਪੇਸ਼ ਕੀਤਾ ਜਾਣ ਲੱਗਾ। ਵਿਗਿਆਨ ਦੇ ਖੇਤਰ ਵਿਚ ਨਵੀਆਂ ਖੋਜਾਂ ਦੇ ਦੁਆਰਾ ਇਕ ਸੌ ਸਾਲ ਵਿਚ ਸਮਾਜਿਕ ਜੀਵਨ ਵਿਚ ਇਤਨਾ ਪਰਿਵਰਤਨ ਆਇਆ ਜਿਤਨਾ ਇਸ ਤੋਂ ਪਹਿਲਾਂ ਕਦੀ ਵੇਖਣ ਨੂੰ ਨਹੀਂ ਮਿਲਿਆ ਸੀ। ਯੂਰਪ ਦੀਆਂ ਪ੍ਰਗਤੀਸ਼ੀਲ ਸਰਕਾਰਾਂ ਨੇ ਸਿਖਿਆ ਦੀ ਅਹਿਮੀਅਤ ਅਤੇ ਸਮਾਜਿਕ ਏਕਤਾ ਨੂੰ ਬਹੁਤ ਪ੍ਰੋਤਸਾਹਨ ਦਿੱਤਾ। ਇਸ ਸਮੇਂ ਵਿਕਾਸਵਾਦ ਦੇ ਸਿਧਾਂਤ ਨਾਲ ਮਾਨਵ-ਚਿੰਤਨ ਵਿਚ ਇਕ ਨਵੀਂ ਕ੍ਰਾਂਤੀ ਪੈਦਾ ਹੋਈ। ਇਹਨਾਂ ਸਾਰੀਆਂ ਗੱਲਾਂ ਨੇ ਮਨੁੱਖ ਦਾ ਧਿਆਨ ਆਪਣੀਆਂ ਸਮੱਸਿਆਵਾਂ ਦੇ ਵੱਲ ਖਿੱਚਿਆ। ਵਿਗਿਆਨ ਨੇ ਮਨੁੱਖ ਵਿਚ ਆਤਮ-ਵਿਸ਼ਵਾਸ ਨੂੰ ਜਨਮ ਦਿੱਤਾ। ਈਸ਼ਵਰ ਅਤੇ ਧਰਮ ਸੰਬੰਧੀ ਰੂੜ੍ਹੀਗਤ ਵਿਚਾਰਾਂ ਦਾ ਤਿਆਗ ਕਰਦੇ ਹੋਏ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ: ਵਾਸਤਵਿਕ ਧਰਮ ਮਨੁੱਖ ਦੀ ਸੇਵਾ ਅਤੇ ਪੂਜਾ ਵਿਚ ਨਿਹਿਤ ਹੈ।

ਵਿਗਿਆਨ ਅਤੇ ਦਰਸ਼ਨ ਦੇ ਖੇਤਰ ਵਿਚ ਏਕਤਾ ਅਤੇ ਉਦਾਰਤਾ ਆਦਿ ਮਾਨਵਵਾਦੀ ਆਦਰਸ਼ਾਂ ਤੇ ਜ਼ਿਆਦਾ ਜੋਰ ਦਿੱਤਾ ਜਾਣ ਲੱਗਾ। ਇਸਦੇ ਨਾਲ ਹੀ ਸਾਹਿਤ ਦੇ ਖੇਤਰ ਵਿਚ ਡਿਊਮਾ, ਦਸਤੋਵਸਕੀ ਅਤੇ ਟਾਲਸਟਾਇ ਆਦਿ ਸਾਹਿਤਕਾਰਾਂ ਨੇ ਆਪਣੇ ਮਹਾਨ ਸਾਹਿਤ ਦੇ ਦੁਆਰਾ ਮਾਨਵਵਾਦੀ ਆਦਰਸ਼ਾਂ ਦੇ ਲਈ ਬਹੁਤ ਪ੍ਰਸ਼ੰਸਾਯੋਗ ਕੰਮ ਕਰਕੇ ਵੀਹਵੀਂ ਸਦੀ ਦਾ ਮਾਰਗ-ਦਰਸ਼ਨ ਕੀਤਾ। ਇਸ ਸਦੀ ਵਿਚ ਸੁਤੰਤਰਤਾ, ਨਿਆਂ, ਸਮਾਨਤਾ ਆਦਿ ਨੂੰ ਬਾਕੀ ਸਭ ਚੀਜ਼ਾਂ ਤੇ ਜ਼ਿਆਦਾ ਮਹੱਤਵ ਦਿੱਤਾ ਗਿਆ ਹੈ। ਮਨੁੱਖੀ-ਸਥਿਤੀ ਵਿਚ ਮੂਲ ਪਰਿਵਰਤਨ ਦੇ ਲਈ ਸਮਾਜਵਾਦੀ, ਸਾਮਵਾਦੀ, ਵਿਵਹਾਰਵਾਦੀ, ਅਸਤਿਤਵਵਾਦੀ ਆਦਿ ਦ੍ਰਿਸ਼ਟੀਕੋਣਾਂ ਨੇ ਇਸ ਨ ਸਦੀ ਦੀ ਵਿਚਾਰ-ਪ੍ਰਣਾਲੀ ਤੇ ਮਹੱਤਵਪੂਰਨ ਪ੍ਰਭਾਵ ਪਾਇਆ। ਇਸ ਪ੍ਰਸੰਗ ਵਿਚ ਡਾ. ਦੇਵਰਾਜ ਬਾਲੀ ਦੇ ਵਿਚਾਰ ਵਰਨਣਯੋਗ ਹਨ:

> ਸਮਾਜਵਾਦੀ ਦ੍ਰਿਸ਼ਟੀਕੋਣ ਨੇ ਸੰਸਾਰ ਵਿਚ ਮਾਨਵਵਾਦੀ ਵਿਚਾਰਾਂ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਮਾਨਵ-ਜੀਵਨ ਸੰਬੰਧੀ ਸਮੱਸਿਆਵਾਂ ਨੂੰ ਹੱਲ ਕਰਕੇ ਜੀਵਨ ਨੂੰ ਸੁਖਮਈ ਅਤੇ ਸ਼ਾਂਤਮਈ ਬਣਾਉਣਾ ਸਮਾਜਵਾਦ ਦਾ ਉਦੇਸ਼

> ਹੈ। ਇਸਦੇ ਨਾਲ ਹੀ ਵਿਵਹਾਰਵਾਦ ਅਤੇ ਅਸਤਿਤਵਵਾਦ ਨੇ ਭੀ ਮਾਨਵਵਾਦ ਦੀ ਵਿਭਿੰਨ ਤਰ੍ਹਾਂ ਨਾਲ ਵਿਆਖਿਆ ਕੀਤੀ।[1]

ਸਮਾਜਵਾਦੀ ਦ੍ਰਿਸ਼ਟੀਕੋਣ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਸਨੇ ਲੇਖਕ ਨੂੰ ਸਮਾਜਕ ਜਿੰਮੇਵਾਰੀ ਦੀ ਭਾਵਨਾ ਦਿੱਤੀ, ਮਾਨਵਵਾਦ ਦੀ ਭਾਵਨਾ ਦਿੱਤੀ। ਮਾਨਵ ਦੀ ਗੱਲ ਕਰਨ ਲਈ ਕਿਹਾ। ਮਾਨਵ-ਸਮਾਜ ਨੂੰ ਉੱਨਤ ਕਰਨ ਲਈ ਹਰ ਹੀਲਾ-ਵਸੀਲਾ ਕੀਤਾ ਜਾਵੇ। ਡਾ. ਨਵਲ ਕਿਸ਼ੋਰ ਦੇ ਵਿਚਾਰ ਇਸ ਸੰਦਰਭ ਵਿਚ ਵਰਨਣਯੋਗ ਹਨ:

> ਮਾਨਵਵਾਦ ਦੇ ਅਨੁਸਾਰ ਮਨੁੱਖ ਦੀਆਂ ਸਾਰੀਆਂ ਕ੍ਰਿਆਵਾਂ ਦਾ ਉਦੇਸ਼ ਸ੍ਰੇਸ਼ਠਤਰ ਜੀਵਨ ਦੀ ਪ੍ਰਾਪਤੀ ਹੈ ਅਤੇ ਕਲਾ ਵੀ ਇਸ ਉਦੇਸ਼ ਦੀ ਪੂਰਤੀ ਵਿਚ ਸਹਾਇਕ ਹੋਣੀ ਚਾਹੀਦੀ ਹੈ। ਕਲਾਕਾਰ ਦੀ ਰਚਨਾਤਮਕ ਸੁਤੰਤਰਤਾ ਨੂੰ ਸਵੀਕਾਰ ਕਰਦੇ ਹੋਏ ਭੀ ਉਸਨੂੰ ਜਿੰਮੇਵਾਰੀ ਤੋਂ ਮੁਕਤ ਨਹੀਂ ਮੰਨਿਆ ਜਾ ਸਕਦਾ। ਸਮਾਜਵਾਦੀ ਯਥਾਰਥਵਾਦ ਨੂੰ ਇਸ ਗੱਲ ਦਾ ਸਿਹਰਾ ਦਿੱਤਾ ਜਾਣਾ ਚਾਹੀਦਾ ਹੈ ਕਿ ਉਸਨੇ ਕਲਾ ਦੇ ਖੇਤਰ ਵਿਚ ਜਿੰਮੇਵਾਰਹੀਨ ਦ੍ਰਿਸ਼ਟੀਕੋਣਾਂ ਦਾ ਵਿਰੋਧ ਕੀਤਾ ਹੈ। ਸੋਵੀਅਤ ਨਾਵਲਕਾਰ ਔਸਤਰੋਵਸਕੀ ਦੇ ਸ਼ਬਦਾਂ ਵਿਚ -'ਮਨੁੱਖ ਦੀ ਸਭ ਤੋਂ ਮੁੱਲਵਾਨ ਵਿਧੀ ਜੀਵਨ ਹੈ ਅਤੇ ਇਹ ਉਸਨੂੰ ਕੇਵਲ ਇਕ ਵਾਰ ਮਿਲਦਾ ਹੈ। ਉਸਨੂੰ ਇਸ ਪ੍ਰਕਾਰ ਜੀਵਿਤ ਰਹਿਣਾ ਚਾਹੀਦਾ ਹੈ ਕਿ ਉਹ ਬਿਨਾ ਉਦੇਸ਼-ਪੂਰਨ ਸਾਲਾਂ ਦੇ ਲਈ ਮਮਰਾਂਤਕ ਦੁੱਖ ਦਾ ਅਨੁਭਵ ਨਾ ਕਰੇ। ਇਸ ਪ੍ਰਕਾਰ ਜੀਵਿਤ ਰਹੇ ਕਿ ਮੌਤ ਦੇ ਸਮੇਂ ਕਹਿ ਸਕੇ ਕਿ 'ਮੇਰਾ ਸੰਪੂਰਨ ਜੀਵਨ ਅਤੇ ਮੁਕਤੀ ਸਾਰੀ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਸੁੰਦਰ ਉਦੇਸ਼ ਮਾਨਵ-ਜਾਤੀ ਦੀ ਮੁਕਤੀ ਦੇ ਲਈ ਸੰਘਰਸ਼ ਨੂੰ ਸਮਰਪਿਤ ਸੀ।'ਕਲਾਕਾਰ ਦਾ ਉਦੇਸ਼ ਨਿਸ਼ਚੇ ਹੀ ਮਨੁੱਖ ਵਿਚ ਇਸ ਪ੍ਰਕਾਰ ਦੀ ਨੈਤਿਕ ਚੇਤਨਾ

> ਦਾ ਸੰਚਾਰ ਹੈ ਜਿਸ ਨਾਲ ਉਹ ਇਸ ਧਰਤੀ ਤੇ ਦੂਜੇ ਮਨੁੱਖਾਂ ਦੇ ਨਾਲ ਮਿਲ ਕੇ ਮਾਨਵ-ਕਲਿਆਣ ਦੇ ਕੰਮਾਂ ਲਈ ਯਤਨਸ਼ੀਲ ਹੋਣ ਵਿਚ ਗੌਰਵ ਦਾ ਅਨੁਭਵ ਕਰੇ।[1]

ਮੈਕਸਿਮ ਗੋਰਕੀ ਨੇ ਮਾਨਵਵਾਦ ਦੇ ਇਕ ਹੋਰ ਸੰਦਰਭ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਹੈ:

> ਇਨਕਲਾਬੀ ਪਰਲੋਤਾਰੀਆਂ ਦਾ ਮਾਨਵਵਾਦ ਬਹੁਤ ਸਪਸ਼ਟ ਹੈ। ਇਹ ਮਨੁੱਖਤਾ ਲਈ ਪਿਆਰ ਦੀਆਂ ਮਿੱਠੀਆਂ ਅਤੇ ਵੱਡੀਆਂ ਵੱਡੀਆਂ ਗੱਲਾਂ ਨਹੀਂ ਕਰਦਾ। ਇਸਦਾ ਨਿਸ਼ਾਨਾ ਸਮੁੱਚੇ ਵਿਸ਼ਵ ਦੇ ਪਰੋਲਤਾਰੀਆਂ ਨੂੰ ਸਰਮਾਏਦਾਰੀ ਦੇ ਸ਼ਰਮਨਾਕ ਖੂਨੀ ਪੰਜੇ ਤੋਂ ਆਜ਼ਾਦ ਕਰਵਾਉਣਾ, ਮਨੁੱਖ ਨੂੰ ਆਪਣੇ ਆਪ ਨੂੰ ਜਿਣਸਾਂ ਨਾ ਸਮਝਣਾ ਸਿਖਾਉਣਾ ਜਿਨ੍ਹਾਂ ਨੂੰ ਖਰੀਦਿਆ ਤੇ ਵੇਚਿਆ ਜਾਂਦਾ ਹੈ .... ਪਰੋਲਤਾਰੀ ਮਾਨਵਵਾਦ ਲਈ ਪਿਆਰ ਦੇ ਸੰਗੀਤਮਈ ਗੀਤਾਂ ਦੀ ਜ਼ਰੂਰਤ ਨਹੀਂ, ਉਹ ਹਰ ਵਰਕਸ ਤੋਂ ਆਪਣੇ ਇਤਿਹਾਸਕ ਮਿਸ਼ਨ ਬਾਰੇ ਚੇਤੰਨਤਾ, ਸੱਤਾ ਲਈਉਸਦੇ ਅਧਿਕਾਰ .... ਸੰਕੀਰਨਤਾ, ਜੋਕਾਂ, ਫਾਸਿਸਟਾਂ ਤੇ ਕਾਤਲਾਂ ਅਤੇ ਮਜ਼ਦੂਰ ਜਮਾਤ ਨਾਲ ਵਿਸ਼ਵਾਸਘਾਤ ਕਰਨ ਵਾਲੇ ਲੋਕਾਂ ਪ੍ਰਤੀ ਅਮਿਟ ਨਫਰਤ ਦੀ ਮੰਗ ਕਰਦਾ ਹੈ। ਹਰ ਗੱਲ ਲਈ ਨਫਰਤ ਜਿਸ ਨਾਲ ਦੁੱਖ ਪੈਦਾ ਹੁੰਦੇ ਹਨ ਅਤੇ ਸਭ ਲਈ ਨਫਰਤ ਜਿਹੜੇ ਕਰੋੜਾਂ ਲੋਕਾਂ ਦੇ ਦੁੱਖਾਂ ਦੇ ਆਸਰੇ ਐਸ਼ ਕਰਦੇ ਹਨ।[2]

ਗੋਰਕੀ ਦੇ ਵਿਚਾਰਾਂ ਦੇ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ: ਗੋਰਕੀ ਮਨੁੱਖ ਦੇ ਸਰਬ-ਪੱਖੀ ਕਲਿਆਣ ਬਾਰੇ ਸੋਚਦਾ ਹੈ ਲੇਕਿਨ ਈਸ਼ਵਰ ਦੀ ਹੋਂਦ ਤੋਂ ਇਨਕਾਰੀ ਹੈ। ਇਹ ਹੀ ਸਾਮੰਵਾਦੀ ਮਾਨਵਵਾਦ ਹੈ। ਸਭ ਤੋਂ ਪਹਿਲਾ ਵਿਅਕਤੀ

1. ਡਾ. ਨਵਲ ਕਿਸ਼ੋਰ, ਮਾਨਵਵਾਦ ਔਰ ਸਾਹਿਤਯ, ਪੰਨਾ-183
2. ਹਾਰਵਰਡ ਫਾਸਟ, ਸਾਹਿਤ ਅਤੇ ਯਥਾਰਥ, ਪੰਨਾ- 71

ਦਾ ਮਾਨਵਵਾਦੀ ਬਣਨਾ ਜ਼ਰੂਰੀ ਹੈ, ਆਸਤਿਕ-ਨਾਸਤਿਕ ਹੋਣਾ ਦੁਜੈਲਾ ਪ੍ਰਸ਼ਨ ਹੈ। ਮਾਨਵਵਾਦੀ ਆਸਤਿਕ ਵੀ ਹੋ ਸਕਦਾ ਹੈ ਅਤੇ ਨਾਸਤਿਕ ਵੀ। ਈਸ਼ਵਰ ਵਿਚ ਅ-ਵਿਸ਼ਵਾਸ ਰੱਖ ਕੇ ਸਿਰਫ਼ ਮਾਨਵ ਪ੍ਰਤੀ ਪੂਰੀ ਆਸਥਾ, ਪ੍ਰੇਮ ਅਤੇ ਉਸਦੇ ਕਲਿਆਣ ਬਾਰੇ ਸੋਚਣ ਅਤੇ ਕਰਨ ਵਾਲਾ ਵਿਅਕਤੀ ਨਾਸਤਿਕ ਮਾਨਵਵਾਦੀ ਹੈ। ਆਸਤਿਕ ਈਸ਼ਵਰ ਦੀ ਹੋਂਦ ਵਿਚ ਵੀ ਵਿਸ਼ਵਾਸ ਰੱਖਦੇ ਹਨ ਅਤੇ ਮਨੁੱਖ ਨੂੰ ਵੀ ਸਵੀਕਾਰਦੇ ਹਨ। ਪਿਆਰ, ਸੱਚ, ਨਿਆਂ, ਮਾਨਵਤਾ ਦਾ ਕਲਿਆਣ ਸਰਬੱਤ ਦਾ ਭਲਾ ਦੋਹਾਂ ਤਰ੍ਹਾਂ ਦੇ ਮਾਨਵਵਾਦੀਆਂ ਦੇ ਸਾਂਝੇ ਤੱਤ ਹਨ। ਮਾਨਵਵਾਦ ਵਿਅਕਤੀ ਅਤੇ ਸਮਾਜ ਦੇ ਪ੍ਰਤੀ ਉੱਤਮ ਵਫ਼ਾ ਦਾ ਧਾਰਨੀ ਹੈ ਅਤੇ ਇਹਨਾਂ ਦੀ ਬਹੁ-ਪੱਖੀ ,ਸਰਬ-ਉੱਚ ਉੱਨਤੀ ਲੋਚਦਾ ਹੈ। ਮਾਨਵਵਾਦ ਸਮੁੱਚੇ ਰੂਪ ਵਿਚ ਮਾਨਵ-ਮਾਤਰ ਨਾਲ ਪ੍ਰੇਮ ਹੈ। ਉਹ ਚਿੰਤਨ, ਵਿਅਕਤੀ, ਸੰਸਥਾ ਸਾਰਥਿਕ ਹੈ, ਮਾਨਵਵਾਦੀ ਹੈ, ਜਿਹੜੀ ਆਪਣੇ ਵਿਚਾਰ ਦਾ ਧੁਰਾ ਮਨੁੱਖੀ ਕਲਿਆਣ ਨੂੰ ਬਣਾਉਂਦੀ ਹੈ। ਮਨੁੱਖ ਦਾ ਲੌਕਿਕ-ਕਲਿਆਣ ਹੀ ਮਾਨਵਵਾਦ ਦੇ ਕਿਸੇ ਵੀ ਸੰਦਰਭ ਦਾ ਆਧਾਰ-ਬਿੰਦੂ ਕਿਹਾ ਜਾ ਸਕਦਾ ਹੈ।[1]

ਇਸੇ ਪ੍ਰਕਾਰ ਕਈ ਹੋਰ ਵਿਦਵਾਨਾਂ ਨੇ ਧਾਰਮਿਕ ਮੁੱਲਾਂ ਨੂੰ ਕੇਂਦਰ ਵਿਚ ਰੱਖ ਕੇ ਮਾਨਵਵਾਦ ਦਾ ਪ੍ਰਤੀਪਾਦਨ ਕੀਤਾ ਹੈ। ਧਾਰਮਿਕ-ਲੌਕਿਕ ਸੁਮੇਲ ਦੇ ਆਧਾਰ ਤੇ ਮਾਨਵਵਾਦ ਦਾ ਪ੍ਰਤੀਪਾਦਨ ਕੀਤਾ ਹੈ। ਧਰਮ ਦੀ ਸਮੁੱਚੀ ਭਾਵਨਾ ਮਾਨਵਵਾਦੀ ਭਾਵਨਾ ਦੇ ਵਿਪਰੀਤ ਨਹੀਂ, ਅਨੁਕੂਲ ਹੈ। ਧਾਰਮਿਕ ਮਾਨਵਵਾਦ ਦੀ ਸਫ਼ਲਤਾ ਧਾਰਮਿਕ ਖੇਤਰ ਵਿਚ ਸਹਿਨਸ਼ੀਲਤਾ ਦੇ ਸੰਕਲਪ ਨਾਲ ਬੱਝੀ ਹੋਈ ਹੈ। ਡਾ. ਸੁਰੇਂਦਰ ਵਰਮਾ ਇਸ ਪ੍ਰਸੰਗ ਵਿਚ ਇਸ ਤਰ੍ਹਾਂ ਲਿਖਦੇ ਹਨ:

> ਅਸਹਿਨਸ਼ੀਲਤਾ ਅਤੇ ਸੰਪਰਦਾਇਕਤਾ ਵਿਚ ਬਰਬਰਤਾ ਅਭਿਵਿਅਕਤ ਹੁੰਦੀ ਹੈ। ਫਿਰ ਇਹ ਅਸਹਿਨਸ਼ੀਲਤਾ ਚਾਹੇ ਧਰਮ ਦੇ ਖੇਤਰ ਵਿਚ ਹੋਵੇ ਜਾਂ ਵਿਚਾਰ ਦੇ ਖੇਤਰ ਵਿਚ। ਇਹੀ ਕਾਰਣ ਹੈ ਕਿ ਮਾਨਵਤਾਵਾਦੀ ਸੁਭਾਅ ਸਹਿਨਸ਼ੀਲ ਹੈ ਅਤੇ ਸਭ ਪ੍ਰਕਾਰ ਦੀ ਸੰਪਰਦਾਇਕਤਾ ਦੇ ਵਿਰੁੱਧ ਹੈ।

---

1. 'वैराग्य की भावना केवल ऋणात्मक है जबकि मानववादी प्रतिबद्धता की धनात्मक भावना से प्रेरित होता है।'
डा. नवल किशोर, 'मानववाद और साहित्य', पन्ना - 51.

> ਸੰਸਥਾਗਤ ਧਰਮ ਅੰਤ ਵਿਚ ਅਸਹਿਨਸ਼ੀਲ ਅਤੇ ਸੰਪਰਦਾਇਕ ਹੋ ਜਾਂਦਾ ਹੈ, ਇਸ ਲਈ ਮਾਨਵਵਾਦ ਧਰਮ ਦੇ ਕੇਵਲ ਉਸ ਪੱਖ ਤੇ ਜ਼ੋਰ ਦਿੰਦਾ ਹੈ ਜਿਹੜਾ ਸਾਰਵਭੌਮ ਅਤੇ ਸਰਵਮਾਨਯ ਹੈ। ਸੰਸਥਾਗਤ ਧਰਮ ਖ਼ੁਦ ਇਸ ਗੱਲ ਦੇ ਸਪਸ਼ਟ ਪ੍ਰਮਾਣ ਹਨ ਕਿ ਸਾਰੀਆਂ ਧਾਰਮਿਕ ਸੰਪਰਦਾਵਾਂ ਨੂੰ ਜ਼ਬਰਦਸਤੀ ਇਕ ਹੀ ਸੰਪਰਦਾਇ ਵਿਚ ਪਰਿਣਤ ਨਹੀਂ ਕੀਤਾ ਜਾ ਸਕਦਾ, ਇਸ ਪ੍ਰਕਾਰ ਚੰਗਾ ਤਰੀਕਾ ਇਹੀ ਹੈ ਕਿ ਸਹਿਨਸ਼ੀਲਤਾ ਨੂੰ ਅਪਣਾਇਆ ਜਾਵੇ। ਮਾਨਵਤਾਵਾਦੀ ਸਹਿਨਸ਼ੀਲਤਾ ਦਾ ਆਧਾਰ ਭਿੰਨ ਭਿੰਨ ਧਾਰਮਿਕ ਵਿਸ਼ਵਾਸਾਂ ਵਿਚ ਨਿਹਿਤ ਮੌਲਿਕ ਏਕਤਾ ਹੈ ਜਿਹੜੀ ਸਰਵ-ਵਿਆਪੀ ਅਤੇ ਜ਼ਰੂਰੀ ਰੂਪ ਵਿਚ, ਨੈਤਿਕ ਹੈ। ਧਰਮਾਂ ਦੀ ਸਰਵ-ਵਿਆਪੀ ਨੈਤਿਕਤਾ ਮਾਨਵਤਾਵਾਦੀ ਸਹਿਨਸ਼ੀਲਤਾ ਨੂੰ ਸੰਭਵ ਬਣਾਉਂਦੀ ਹੈ। [1]

ਮਾਨਵੀ ਹਿੱਤਾਂ ਦੀ ਰਾਖੀ, ਪਾਲਨਾ ਕਰਨੀ ਧਰਮ ਦਾ ਮੌਲਿਕ ਕਰਤੱਵ ਹੈ। ਧਰਮ ਅਤੇ ਮਾਨਵਵਾਦ ਦੇ ਉਦੇਸ਼ਾਂ ਵਿਚ ਸਾਂਝ ਤੇ ਸਮਾਨਤਾ ਮੌਜੂਦ ਹੈ ਜਿਵੇਂ, ਮਨੁੱਖੀ-ਕਲਿਆਣ ਦੇ ਆਦਰਸ਼ ਦੀ ਸਾਂਝ, ਮਾਨਵੀ-ਕੀਮਤਾਂ ਦੀ ਸਥਾਪਤੀ ਬਾਰੇ ਪ੍ਰਤੀਬੱਧਤਾ ਦੀ ਸਾਂਝ। ਮਾਨਵਵਾਦ ਦਾ ਧਰਮ ਪ੍ਰਤੀ ਦ੍ਰਿੜ ਵਿਸ਼ਵਾਸ ਇਹ ਹੈ ਕਿ ਧਰਮ ਮਨੁੱਖ ਲਈ ਹੈ ਨਾ ਕਿ ਈਸ਼ਵਰ ਲਈ। ਮਾਨਵਵਾਦ ਅਤੇ ਧਰਮ ਦੋਵੇਂ ਮਨੁੱਖ ਪ੍ਰਤੀ ਸੁਹਿਰਦਤਾ ਦੀ ਭਾਵਨਾ ਰੱਖਦੇ ਹਨ ਅਤੇ ਮਨੁੱਖੀ ਭਲਾਈ ਵਿਚ ਵਿਸ਼ਵਾਸ। ਇਸ ਆਧਾਰ ਤੇ, ਮਾਨਵਵਾਦ, ਧਰਮ ਦਾ ਵਿਰੋਧੀ ਨਹੀਂ ਰਹਿ ਜਾਂਦਾ। ਧਰਮ ਬੇਸ਼ੱਕ ਬ੍ਰਹਮ ਦੀ ਗੱਲ ਕਰੇ, ਦੇਵ-ਲੋਕ ਦੀ ਗੱਲ ਕਰੇ, ਸਵਰਗ ਦੀ, ਪਰਲੋਕ ਦੀ ਗੱਲ ਕਰੇ ਲੇਕਿਨ ਅੰਤਿਮ ਰੂਪ ਵਿਚ ਉਸਦੀ ਹਰ ਸਿੱਖਿਆ, ਮਨੁੱਖ ਨੂੰ ਸੰਕੇਂਦਰਿਤ ਹੈ, ਮਨੁੱਖ ਦੀ ਭਲਾਈ ਲਈ ਹੈ। ਮਨੁੱਖ ਦੇ ਕਲਿਆਣ ਲਈ ਹੈ, ਮਨੁੱਖ ਦੇ ਵਿਕਾਸ ਲਈ ਹੈ। ਆਧਾਰ ਧਰਮ ਦਾ ਵੀ,

---

1. (ਡਾ.) ਸੁਰੇਂਦਰ ਵਰਮਾ, ਨੀਤੀ ਸ਼ਾਸਤਰ ਕੀ ਸਮਕਾਲੀਨ ਪ੍ਰਵਿਰਤੀਆਂ, ਪੰਨਾ-9

ਮਾਨਵਵਾਦ ਵਾਂਗ, ਮਨੁੱਖ ਹੀ ਹੈ। ਜੇ ਮੁਕਤੀ ਮਿਲਣੀ ਹੈ ਤਾਂ ਵੀ ਮਨੁੱਖ ਨੂੰ ਹੀ ਮਿਲਣੀ ਹੈ, ਜੇ ਰੱਬ ਦੀ ਪ੍ਰਾਪਤੀ ਹੋਣੀ ਹੈ ਤਾਂ ਵੀ ਮਨੁੱਖ ਨੂੰ। ਜੇ ਨੇਕ ਕਰਮ ਕਰਨੇ ਹਨ ਤਾਂ ਵੀ ਮਨੁੱਖ ਨੇ ਹੀ ਕਰਨੇ ਹਨ। ਨੈਤਿਕ ਰਾਹਾਂ ਦਾ ਪਾਂਧੀ ਮਨੁੱਖ ਨੇ ਹੀ ਬਣਨਾ ਹੈ। ਦੂਸਰਿਆਂ ਦਾ ਭਲਾ ਅਰਥਾਤ ਪਰਮਾਰਥ ਕਰਨ ਦੀ ਜ਼ਿੰਮੇਵਾਰੀ ਵੀ ਮਨੁੱਖ ਦੇ ਸਿਰ ਤੇ ਹੈ। ਸਰਬੱਤ ਦਾ ਭਲਾ ਵੀ ਮਨੁੱਖ ਨੇ ਹੀ ਕਰਨਾ ਹੈ। ਸਮਾਜ ਨੂੰ ਚੰਗਾ ਵੀ ਮਨੁੱਖ ਨੇ ਹੀ ਬਣਾਉਣਾ ਹੈ। ਅਰਥਾਤ ਮਨੁੱਖ ਇਸ ਦ੍ਰਿਸ਼ਟੀ ਦਾ ਕੇਂਦਰ-ਬਿੰਦੂ ਹੈ। ਕੱਟੜ ਮਾਨਵਵਾਦੀਆਂ ਨੇ ਪ੍ਰਕ੍ਰਿਤੀਵਾਦੀ ਫਲਸਫੇ ਨੂੰ ਅਪਨਾ ਕੇ, ਈਸ਼ਵਰ ਦੀ ਹੋਂਦ ਦੇ ਪ੍ਰਸ਼ਨ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਅਰਥਾਤ ਈਸ਼ਵਰ ਦੀ ਹੋਂਦ ਤੋਂ ਪੂਰੀ ਤਰ੍ਹਾਂ ਮੁਨਕਰ ਹਨ, ਲੇਕਿਨ ਦੂਸਰੇ ਪਾਸੇ ਉਦਾਰਵਾਦੀ ਮਾਨਵਵਾਦੀ ਚਿੰਤਨ ਮਨੁੱਖੀ ਜੀਵਨ ਵਿਚ ਧਰਮ ਦੀ ਲੋੜ ਬਾਰੇ ਸੁਚੇਤ ਰਹੇ, ਉਹਨਾਂ ਨੇ ਆਤਮਾ-ਪਰਮਾਤਮਾ, ਈਸ਼ਵਰ-ਮਨੁੱਖ ਵਿਚਲੇ ਰਿਸ਼ਤੇ ਦੀ ਸਾਂਝ ਨੂੰ ਬਰਕਰਾਰ ਰੱਖਿਆ।

ਮਾਨਵਵਾਦ ਦੇ ਇਕ ਹੋਰ ਸੰਦਰਭ, ਅਸਤਿਤਵਵਾਦੀ ਦਰਸ਼ਨ ਨੇ ਵੀ, ਮਨੁੱਖੀ ਹੋਂਦ ਦੇ ਮਹੱਤਵ ਨੂੰ ਵਧਾਇਆ। ਫਰਾਂਸ ਦੀ ਰਾਜਨੀਤਿਕ ਅਤੇ ਯੂਰਪ ਦੀ ਉਦਯੋਗਿਕ ਕ੍ਰਾਂਤੀ , ਦੋ ਮਹਾਂ-ਯੁੱਧਾਂ, ਇੰਗਲੈਂਡ ਦੇ ਪੁਨਰ-ਜਾਗਰਣ, ਜੀਵਨ ਦੇ ਮੁੱਲਾਂ ਦਾ ਪਤਨ, ਵਿਗਿਆਨ ਦੀ ਤਰੱਕੀ, ਸੰਸਾਰ ਦੇ ਮੁਕਬਨ, ਆਵਾਜਾਈ ਦੇ ਸਾਧਨਾਂ ਨੇ, ਹੌਲੀ ਹੌਲੀ ਮਨੁੱਖ ਦੀ ਬੁੱਧੀ ਨੇ ਤਰਕ ਨਾਲ ਇਕ ਅਜਿਹੀ ਚਿੰਤਨ-ਧਾਰਾ ਨੂੰ ਵਿਗਿਆਨਕ ਰੂਪ ਦਿੱਤਾ, ਜਿਸਨੇ ਮਨੁੱਖੀ-ਚੇਤਨਾ ਨੂੰ ਝੰਜੋੜਿਆ, ਮਨੁੱਖੀ ਹੋਂਦ ਦੇ ਗੌਰਵ ਨੂੰ ਸਥਾਪਿਤ ਕੀਤਾ। Existence Precedes Essence' ਅਰਥਾਤ ਪਹਿਲਾਂ ਭੌਤਿਕ ਜੀਵਨ ਫਿਰ ਅਧਿਆਤਮਿਕ ਤਾਤਵਿਕਤਾ। ਅਸਤਿਤ-ਵਵਾਦੀਆਂ ਨੇ ਇਹ ਕਹਿ ਕਿ ਭੌਤਿਕ ਆਧਾਰਾਂ ਨੂੰ ਪ੍ਰਮੁੱਖਤਾ ਪ੍ਰਦਾਨ ਕਰਕੇ ਸਾਰੇ ਅਧਿਆਤਮ, ਦਰਸ਼ਨ, ਪੁਰਾਣ, ਸਮਾਜਿਕ ਰੂੜੀਆਂ, ਨੈਤਿਕਤਾ ਦੇ ਬੰਧਨਾਂ ਪਾਪ-ਪੁੰਨ ਦੀਆਂ ਸੰਕਲਪਨਾਵਾਂ ਨੂੰ ਨਕਾਰਿਆ ਹੈ। ਬੌਧਿਕ ਵਿਸ਼ਲੇਸ਼ਣ, ਸਾਹਿਤਕ ਵਿਸ਼ਲੇਸ਼ਣ ਦਾ ਆਧਾਰ ਵਿਗਿਆਨਕ ਹੋਣਾ ਚਾਹੀਦਾ ਹੈ। ਅਸਤਿਤਵਵਾਦ ਦਾ ਮੂਲ ਕੇਂਦਰ-ਬਿੰਦੂ ਮਨੁੱਖ ਅਤੇ ਉਸਦਾ ਅਸਤਿਤਵ ਹੈ।[1] ਉਸਦਾ ਅਸਤਿਤਵ ਅਸਪਸ਼ਟ,

---

1. "We mean/ that man first of all exists, encounters himself, surges up in the world and defines himself afterwards." (Jean Paul Sartre, <u>Existentialism and Humanism</u>, P-28 )

ਅਪਰਿਭਾਸ਼ਿਤ ਅਤੇ ਅਨਿਸ਼ਚਿਤ ਹੈ। ਕਰਮਾਂ ਅਤੇ ਸੰਘਰਸ਼ਾਂ ਦੇ ਮਾਧਿਅਮ ਨਾਲ ਉਹ ਆਪਣੇ ਅਸਤਿਤਵ ਦਾ ਨਿਰਮਾਣ ਕਰਦਾ ਹੈ। ਮਨੁੱਖ ਦੀ ਸੁਤੰਤਰਤਾ ਕੇਵਲ ਸੁਤੰਤਰਤਾ ਹੀ ਨਹੀਂ, ਬਲਕਿ ਉਸਦੀ ਕਿਸਮਤ ਵੀ ਹੈ। ਅਸਤਿਤਵਵਾਦੀ ਦਰਸ਼ਨ ਅਤੇ ਸਾਹਿਤ ਮਨੁੱਖ ਦੇ ਯਥਾਰਥ ਰੂਪ ਚਿਤਰਨ ਤੇ ਹੀ ਜ਼ੋਰ ਦਿੰਦਾ ਹੈ। ਅਸਤਿਤਵਵਾਦੀਆਂ ਨੇ ਮਨੁੱਖ ਨੂੰ ਸੁਤੰਤਰਤਾ ਪ੍ਰਦਾਨ ਕੀਤੀ ਹੈ। ਮਨੁੱਖ ਮਾਨਵਵਾਦੀ ਸੰਕਲਪਾਂ ਦੀ ਪ੍ਰਾਪਤੀ ਤਦ ਹੀ ਕਰ ਸਕਦਾ ਹੈ ਜੇਕਰਉਹ ਕਰਮ ਕਰਨ ਵਿਚ ਸੁਤੰਤਰ ਹੋਵੇਗਾ। ਜੇਕਰ ਮਨੁੱਖ ਨਿਰਾ-ਪੁਰਾ ਕਿਸੇ ਪਾਰਲੌਕਿਕ ਸ਼ਕਤੀ ਦੇ ਅਧੀਨ ਰਹੇਗਾ, ਹੋਣੀ, ਕਰਮ ਕਿਸਮਤ ਦੇ ਅਧੀਨ ਰਹੇਗਾ ਤਾਂ ਉਸਦੀ ਆਪਣੀ ਹੋਂਦ ਦੀ ਕੀਮਤ ਘਟ ਜਾਵੇਗੀ। ਅਸਤਿਤਵਵਾਦੀ, ਸਿਰਫ਼, ਮਨੁੱਖੀ ਹੋਂਦ ਨੂੰ ਹੀ ਮਹੱਤਵ ਦਿੰਦੇ ਹਨ। ਵਿਅਕਤੀ ਆਪਣੀਆਂ ਪ੍ਰਸਥਿਤੀਆਂ ਦੇ ਵਿਚ ਸੰਘਰਸ਼ ਨਾਲ ਜੀਂਦਾ ਹੈ। ਉਹ ਕਿਸੇ ਦੂਸਰੇ ਸੰਸਾਰ ਦਾ ਪ੍ਰਾਣੀ ਨਹੀਂ, ਕੋਈ ਅਸਾਧਾਰਨ ਜੀਵ ਜਾਂ ਦੇਵ ਨਹੀਂ ਉਹ ਇਕ ਵਿਅਕਤੀ ਹੈ। ਵਿਅਕਤੀ ਦੀ ਹੋਂਦ ਨੂੰ ਮਹੱਤਵ ਮਿਲੇਗਾ, ਉਸਦੀ ਹੋਂਦ ਨੂੰ ਕੰਮ ਕਰਨ ਦੀ ਸੁਤੰਤਰਤਾ ਮਿਲੇਗੀ ਤਾਂ ਉਹ ਆਪਣੇ ਅਸਤਿਤਵ ਦਾ ਵਿਕਾਸ ਕਰ ਸਕੇਗਾ। ਅਸਤਿਤਵਵਾਦੀਆਂ ਨੇ ਮਨੁੱਖ ਨੂੰ ਮਾਨਵਵਾਦੀ ਰਾਹਾਂ ਦੀ ਸੇਧ ਦਿੱਤੀ।

ਮਾਨਵਵਾਦ ਵਿਗਿਆਨਕ ਅਤੇ ਤਰਕਵਾਦੀ ਦ੍ਰਿਸ਼ਟੀ ਤੇ ਆਧਾਰਿਤ ਹੈ। ਮਾਨਵਵਾਦੀ ਲੇਖਕ ਮਨੁੱਖ ਨੂੰ ਬਦਲਣ ਦੇ ਲਈ ਉਸਦੇ ਸਮਾਜਿਕ ਪਰਿਵੇਸ਼ ਵਿਚ ਤਬਦੀਲੀ ਨੂੰ ਜ਼ਰੂਰੀ ਸਮਝਦਾ ਹੈ। ਸਿਰਫ਼ ਮਨੁੱਖ ਦੀ ਨੈਤਿਕ ਇੱਛਾ ਤੇ ਹੀ ਸੰਤੁਸ਼ਟ ਨਹੀ.ਹੋਇਆ ਜਾ ਸਕਦਾ, ਸਮਾਜਿਕ ਸੰਰਚਨਾ ਨੂੰ ਵੀ ਮਾਨਵੀ ਬਣਾਉਣ ਤੇ ਜੋਰ ਦੇਂਦਾ ਹੈ। ਮਾਨਵਵਾਦੀ ਸਾਹਿਤ-ਦ੍ਰਿਸ਼ਟੀ ਦਾ ਮੂਲ-ਆਧਾਰ ਨਿਆਂਸ਼ੀਲਤਾ, ਸਮਾਨਤਾ, ਸੁਤੰਤਰਤਾ ਵਰਗੇ ਸੁਨਹਿਰੀ ਸੰਕਲਪਾਂ ਨੂੰ ਮਨੁੱਖ ਦੇ ਦਿਲ-ਦਿਮਾਗਾਂ ਵਿਚ ਜਗਾ ਕੇ ਰੱਖਣਾ ਹੈ।

ਫਿਲਾਸਫੀ, ਗਿਆਨ, ਤਰਕ, ਬੁੱਧੀ ,ਵਿਚਾਰਧਾਰਾ, ਦਰਸ਼ਨ ਮਾਨਵ-ਕਲਿਆਣ ਕਰਦਾ ਹੈ। ਇਹ ਮਾਨਵੀ ਚੇਤਨਾ ਨੂੰ ਵਿਵੇਕ-ਸ਼ੀਲ ਬਣਾਉਂਦਾ ਹੈ। ਲੇਕਿਨ ਜੇ ਦਰਸ਼ਨ ਦੇ ਸਮੁੱਚੇ ਰੂਪ ਵਿਚ ਆਪਣੇ ਅੰਤਿਮ ਉਦੇਸ਼ ਨੂੰ ਪੂਰਾ ਕਰਨਾ ਹੈ ਤਾਂ ਸਿਰਫ਼ ਅਜਿਹੇ ਰਹੱਸਵਾਦੀ ਬੁਧਜੀਵੀਆਂ ਦੀ ਸੰਪੱਤੀ ਬਣ ਕੇ ਨਹੀਂ ਰਿਹਾ ਜਾ ਸਕਦਾ ਜਿਹੜੇ ਕੇਵਲ ਰਹੱਸਵਾਦ ਨਾਲ ਹੀ ਸੰਬੰਧ ਰੱਖਦੇ ਹਨ। ਸਾਧਾਰਨ ਮਨੁੱਖ ਦੀ ਗੱਲ ਨਹੀਂ ਕਰਦੇ। ਉਹਨਾਂ ਦੀ ਪਹੁੰਚ ਤੋਂ ਪਰੇ ਰਹਿੰਦੇ ਹਨ। ਅਜਿਹੇ

ਦਰਸ਼ਨ ... ਮਨਾਉਣਾ ਹੈ ਜਿਸ ਰਾਹੀਂ ਯਥਾਰਥ ਰੂਪ ਵਿਚ ਜੀਵਨ ਜੀਵਿਆ ਜਾ ਸ... ਰੜਾ ਕਰਮ ( Action ) ਦਾ ਦਰਸ਼ਨ ਹੋਵੇ। ਸਿਰਫ਼ ਪਰਾਭੌ... ਦਰਸ਼ਨ ਮਨੁੱਖ ਦਾ ਕਲਿਆਣ ਨਹੀਂ ਕਰ ਸਕਦਾ। ਸਿਰਫ਼ ਪਰਾਭੌਤਿਕ ਗੱਲਾਂ, ਰੱਬ, ਕਿਸਮਤ ਦੀ ਗੱਲ ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਨੂੰ ਅਣਗੌਲਿਆ ਰੱਖਦੀ ਹੈ। ਮਾਨਵਵਾਦੀ ਸੰਕਲਪ ਦੀ ਪ੍ਰਾਪਤੀ ਕਰਨ ਲਈ ਮਨੁੱਖ ਦੀ ਗੱਲ ਕਰਨੀ ਹੈ, ਮਨੁੱਖੀ-ਕਲਿਆਣ ਬਾਰੇ ਸੋਚਣਾ ਹੈ। ਮਾਨਵਵਾਦ ਨੇ ਅਨਿਆਂਪੂਰਨ ਵਿਚਾਰਾਂ ਅਤੇ ਸੰਸਥਾਵਾਂ ਨੂੰ ਖ਼ਤਮ ਕਰਕੇ, ਇਕ ਸ੍ਰੇਸ਼ਠ ਮਾਨਵ-ਜਾਤੀ ਦਾ ਧਰਤੀ ਤੇ ਆਗਮਨ ਕਰਨਾ ਹੈ।

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ: ਮਾਨਵਵਾਦ ਇਕ ਨਵਾਂ ਪੰਥ ਨਹੀਂ ਹੈ, ਬਲਕਿ ਇਕ ਵਿਕਾਸਮਾਨ ਦਰਸ਼ਨ ਹੈ ਜਿਹੜਾ ਕਿ ਪ੍ਰਯੋਗਾਤਮਕ ਪਰੀਖਣਾ ਅਤੇ ਨਵੀਨ ਪ੍ਰਾਪਤ ਤੱਥਾਂ ਦੇ ਸਵਾਗਤ ਨੂੰ ਸਦਾ ਹਾਜ਼ਰ ਰਹਿੰਦਾ ਹੈ।

## ਮਾਨਵਵਾਦ: ਇਕ ਵਿਵੇਚਨ:

ਹਿਊਮੇਨਿਜ਼ਮ ਸ਼ਬਦ ਦੀ ਉਤਪੱਤੀ ਲੈਟਿਨ ਸ਼ਬਦ 'ਹੋਮੋ( Homo ) ਤੋਂ ਹੋਈ ਹੈ ਜਿਸਦਾ ਅਰਥ ਹੈ -- 'ਮਾਨਵ'। ਮਾਨਵਵਾਦੀ ਦਰਸ਼ਨ ਮਨੁੱਖ ਨੂੰ ਸ੍ਰਿਸ਼ਟੀ ਦਾ ਕੇਂਦਰੀ ਮੰਨਦਾ ਹੈ। ਮਾਨਵ-ਜਾਤੀ ਦੇ ਇਤਿਹਾਸ ਦਾ ਵਿਸ਼ਲੇਸ਼ਣ ਕਰਕੇ ਇਹ ਪਤਾ ਲਗਦਾ ਹੈ ਕਿ: ਬਹੁਤ ਘੱਟ ਮੌਕਿਆਂ ਤੇ ਮਨੁੱਖ ਨੇ ਖ਼ੁਦ ਨੂੰ ਆਪਣੇ ਅਸਤਿਤਵ ਦਾ ਉਦੇਸ਼ ਮੰਨਿਆ ਹੈ। ਮਿਸਰ ਅਤੇ ਮੈਸੋਪਟੋਮੀਆਂ ਦੇ ਪ੍ਰਾਚੀਨ ਸਾਮਰਾਜਾਂ ਵਿਚ ਦੈਵੀ ਸ਼ਕਤੀਆਂ ਦੇ ਸਾਹਮਣੇ ਮਨੁੱਖ ਖ਼ੁਦ ਨੂੰ ਨਿਮਾਣਾ ਸਮਝਦਾ ਸੀ ਅਤੇ ਇਸ ਤੋਂ ਵੀ ਵੱਡੀ ਗੱਲ ਹੈ ਕਿ ਰਾਜਿਆਂ ਵਰਗੀਆਂ ਪਾਰਥਿਵ ਸ਼ਕਤੀ ਵਿਚ ਵੀ ਦੈਵੀ ਅੰਸ਼ ਦੀ ( King is march of God upon earth) ਕਲਪਨਾ ਕਰਕੇ ਆਪਣੇ ਦਾਸਤਵ ਨੂੰ ਤਰਕਸੰਗਤ ਅਤੇ ਜ਼ਰੂਰੀ ਮੰਨਦਾ ਸੀ। ਇਤਿਹਾਸ ਵਿਚ ਬਹੁਤ ਅੱਗੇ ਚਲ ਕੇ ਮਨੁੱਖ ਨੇ ਕਾਨੂੰਨ ਨੂੰ ਧਰਮ ਤੋਂ ਅਲੱਗ ਕਰਕੇ ਦੇਖਣਾ ਸ਼ੁਰੂ ਕੀਤਾ ਅਤੇ ਉਹਨਾਂ ਨੂੰ ਮਨੁੱਖ-[illegible] ਕਿਰਤ ਮੰਨਣ ਲੱਗਾ। ਅਪ੍ਰਕ੍ਰਿਤਕ ਤੱਤਵਾਂ ਦੇ ਅੱਗੇ ਸਿਰ ਝੁਕਾ ਕੇ ਮਨੁੱਖ ਸੰਸਾਰ ਵਿਚ ਆਪਣੇ ਸਥਾਨ ਅਤੇ ਕਰਤਵ ਦੇ ਨਾਲ ਆਪਣੀ ਯੋਗਤਾ ਨੂੰ ਵੀ ਭੁੱਲ ਜਾਂਦਾ ਹੈ। ਮਾਨਵਵਾਦ ਉਹਨਾਂ ਸਾਰੀਆਂ ਚੀਜ਼ਾਂ ਨੂੰ ਇਕ ਪਾਸੇ ਕਰਦਾ ਹੈ, ਜਿਹੜੀਆਂ ਅਪ੍ਰਕ੍ਰਿਤਕ, ਮਾਨਵ ਸ਼ਕਤੀ ਤੋਂ ਪਰੇ ਅਤੇ ਅਨੁਭਵਾਤੀਤ ਹਨ। ਮਾਨਵ-ਜੀਵਨ ਵਿਚ ਸੁਧਾਰ ਕਰਕੇ ਉਸਦਾ ਸਾਹਿਤਕ,

ਕਲਾਤਮਕ ਨੈਤਿਕ ਅਤੇ ਧਾਰਮਿਕ ਉਥਾਨ ਕਰਨਾ ਇਸਦਾ ਮੁੱਖ ਉਦੇਸ਼ ਹੈ।
ਨਵਵਾਦ ਸ਼ਬਦ ਦੀਆਂ ਭਾਵੇਂ ਭਿੰਨ ਭਿੰਨ ਵਿਆਖਿਆਵਾਂ ਦਿੱਤੀਆਂ ਗਈਆਂ [illegible] ਲੇਕਿਨ ਇਸਦੇ ਅੰਦਰੂਨੀ ਆਧਾਰ-ਭੂਤ ਤੱਤ ਇਕੋ ਜਿਹੇ ਹੀ ਹਨ। ਮਾਨਵਵਾਦ ਸ਼ਬਦ ਦੇ ਅਰਥਾਂ ਬਾਰੇ ਕਾਫ਼ੀ ਮਤਭੇਦ ਹੈ, ਪਰੰਤੂ ਬਾਹਰੀ ਆਧਾਰ ਤੇ ਤਬਦੀਲੀਆਂ ਦੇ ਬਾਵਜੂਦ ਮਾਨਵਵਾਦ ਦੇ ਜ਼ਰੂਰੀ ਤੱਤ, ਅੰਦਰੂਨੀ ਤੱਤ, ਆਧਾਰ- ਭੂਤ ਪਲੈਟੋ ਤੋਂ ਲੈ ਕੇ ਅੱਜ ਤਕ ਉਹੀ ਹਨ। ਨਿੱਜੀ ਮੁਕਤੀ ਨਿੱਜੀ ਆਨੰਦ ਹੈ, ਦੂਸਰਿਆਂ ਦਾ ਭਲਾ ਹੀ ਸਹੀ ਅਰਥਾਂ ਵਿਚ ਕਲਿਆਣ ਅਖਵਾਉਂਦਾ ਹੈ। ਮਾਨਵਵਾਦੀ ਸੰਕਲਪ ਅਨੁਸਾਰ ਨਿੱਜੀ- ਮੁਕਤੀ ਆਪਣੇ ਆਪ ਵਿਚ ਅਪੂਰਣ ਹੈ ਜਦ ਕਿ ਦੂਸਰੇ ਪ੍ਰਾਣੀਆਂ ਦੇ ਕਲਿਆਣ ਦਾ ਇਸ ਸਮਾਵੇਸ਼ ਨਾ ਕੀਤਾ ਜਾਵੇ। ਮਾਨਵਵਾਦੀ ਸਾਧਨਾ ਨਿੱਜੀ ਮੁਕਤੀ ਤੋਂ ਵਿਸ਼ਵ-ਮੁਕਤੀ ਤਕ ਦੀ ਸਾਧਨਾ ਹੈ। ਡਾ. ਦਿਵਾਕਰ ਪਾਠਕ ਇਸ ਸੰਬੰਧ ਵਿਚ ਇਸ ਤਰ੍ਹਾਂ ਲਿਖਦੇ ਹਨ:

> ਸਾਰਵਭੌਮ ਮੁਕਤੀ ਜਾਂ ਵਿਸ਼ਵ-ਸ਼ਾਂਤੀ ਦੀ ਅਣਹੋਂਦ ਵਿਚ ਵਿਅਕਤੀਗਤ ਮੁਕਤੀ ਜਾਂ ਖੁਸ਼ਹਾਲੀ ਦੀ ਕਲਪਨਾ ਹੀ ਨਿਰਾਰਥਕ ਹੈ। ਅੱਜ ਦਾ ਸਾਡਾ ਜੀਵਨ ਵਿਅਕਤੀ ਜਾਂ ਰਾਸ਼ਟਰ ਤਕ ਹੀ ਸੀਮਿਤ ਨਹੀਂ ਹੈ। ਇਸ ਲਈ ਅੰਤਰ-ਰਾਸ਼ਟਰੀ ਵਿਸ਼ਵ-ਸ਼ਾਂਤੀ ਅਤੇ ਸੁਰੱਖਿਆ ਹੀ ਅੱਜ ਦੇ ਜੀਵਨ ਦਾ ਸਰਬ-ਉਚ ਪ੍ਰਸ਼ਨ ਹੈ।[1]

ਇਸ ਤਰ੍ਹਾਂ ਮਾਨਵ-ਗਰਿਮਾ ਦੇ ਪ੍ਰਤੀ ਅਟੁੱਟ ਵਿਸ਼ਵਾਸ ਮਾਨਵਵਾਦੀ ਵਿਚਾਰਧਾਰਾ ਦਾ ਕੇਂਦਰ-ਬਿੰਦੂ ਹੈ। ਵਿਆਪਕ ਦ੍ਰਿਸ਼ਟੀ ਤੋਂ ਦੇਖਿਆ ਜਾਏ ਤਾਂ ਜਦ ਵੀ ਕੋਈ ਵਿਚਾਰਕ ਮਨੁੱਖ ਦੇ ਪਾਰਖਿਵ-ਕਲਿਆਣ ਨੂੰ ਸਰਬ-ਉਚ ਮੰਨਦਾ ਹੈ ਤਾਂ ਉਸਦੇ ਚਿੰਤਨ ਦਾ ਸੰਚਾਲਨ ਸੰਭਵ ਤੌਰ ਤੇ ਮਾਨਵਵਾਦੀ ਧਰਾਤਲ ਤੇ ਹੁੰਦਾ ਹੈ। ਜਦ ਤਕ ਮਾਨਵ-ਕਲਿਆਣ ਨੂੰ ਪਹਿਲ ਦਿੱਤੀ ਜਾਂਦੀ ਹੈ, ਕਿਸੇ ਵੀ ਪ੍ਰਕਾਰ ਦੇ ਦਾਰਸ਼ਨਿਕ ਜਾਂ ਸਿਧਾਂਤਕ ਵਿਚਾਰਾਂ ਦੇ ਪ੍ਰਤੀ ਮਾਨਵਵਾਦ ਦਾ ਅਵਿਰੋਧੀ ਭਾਵ ਰਹਿੰਦਾ ਹੈ। ਇਸ ਲਈ ਮਾਨਵਵਾਦ ਇਕ ਸੰਪਰਦਾ ਨਹੀਂ ਹੈ, ਉਹ ਦ੍ਰਿਸ਼ਟੀ

---

1. ਡਾ. ਦਿਵਾਕਰ ਪਾਠਕ, <u>ਭਾਰਤੀਯ ਨੀਤੀ ਸ਼ਾਸਤਰ</u>, ਬਿਹਾਰ ਹਿੰਦੀ ਗ੍ਰੰਥ ਅਕਾਦਮੀ, ਪਟਨਾ, ਪੰਨਾ -13

ਅਤੇ ਕਰਮ ਨੂੰ ਪ੍ਰੇਰਿਤ ਕਰਨ ਵਾਲੀ ਇਕ ਵਿਆਪਕ ਵਿਚਾਰਧਾਰਾ ਹੈ। ਡਾ. ਦਲੀਪ ਕੌਰ ਟਿਵਾਣਾ ਦੇ ਵਿਚਾਰ ਇਸ ਸੰਦਰਭ ਵਿਚ ਦ੍ਰਿਸ਼ਟੀਗੋਚਰ ਹਨ।

> ਮਾਨਵਵਾਦ ਦਾ ਮੁੱਖ ਪ੍ਰਯੋਜਨ ਇਹ ਸਿੱਧ ਕਰਨਾ ਹੈ ਕਿ ਮਨੁੱਖ ਦੀ ਸਾਂਝੀ ਤਰੱਕੀ ਲਈ ਧਰਮ ਅਤੇ ਸਾਇੰਸ ਦੋਵਾਂ ਦੀਆਂ ਸੀਮਾਵਾਂ ਤੋਂ ਪਾਰ ਲੰਘਣਾ ਹੈ। ਇਸੇ ਲਈ ਮਾਨਵਵਾਦ ਦਾ ਮੂਲ ਆਧਾਰ ਇਹ ਹੈ ਕਿ ਮਨੁੱਖ ਆਪਣੀ ਮਰਜ਼ੀ ਨਾਲ ਇਸ ਸੰਸਾਰ ਵਿਚ ਵਿਚਰੇ। ਬਾਹਰਲੇ ਕਿਸੇ ਦਬਾਉ ਦੀ ਥਾਂ ਉਸਦੇ ਅੰਦਰਲੀ ਪ੍ਰੇਰਨਾ ਵਧੇਰੇ ਮਹੱਤਵ ਰਖਦੀ ਹੈ।[1]

ਮਾਨਵਵਾਦ ਦਾ ਆਧਾਰ-ਭੂਤ ਵਿਚਾਰ ਮਨੁੱਖ ਦਾ ਲੌਕਿਕ ਸੁੱਖ ਹੈ, ਨਾ ਕਿ ਕਿਸੇ ਕਲਪਿਤ ਸੰਸਾਰ ਦਾ ਮਰਣ ਤੋਂ ਬਾਅਦ ਆਨੰਦ, ਇਕ ਅਜਿਹਾ ਸੁੱਖ ਜਿਹੜਾ ਕਿ ਉਸਨੂੰ ਪ੍ਰਾਪਤ ਹੋ ਸਕਦਾ ਹੈ ਅਤੇ ਜਿਹੜਾ ਕਿਸੇ ਪਰਾਸ਼ਕਤੀ ਦੀ ਸਥਿਤੀ ਤੇ ਨਿਰਭਰ ਨਹੀਂ ਹੈ। ਮਾਨਵ-ਮਹੱਤਵ ਦੇ ਪ੍ਰਤੀ ਇਕ ਅਟੁੱਟ ਵਿਸ਼ਵਾਸ ਨੂੰ ਮਾਨਵਵਾਦ ਦਾ ਮਰਮ ਮੰਨਿਆ ਜਾ ਸਕਦਾ ਹੈ। ਮਾਨਵਵਾਦ ਇਸ ਤੱਥ ਦੀ ਸਵੀਕ੍ਰਿਤੀ ਹੈ ਕਿ ਮਨੁੱਖ ਖ਼ੁਦ ਆਪਣੇ ਨਿਯਮਾਂ ਦੀ ਖੋਜ ਕਰਨ ਦੇ ਸਮਰੱਥ ਹੈ। ਮਨੁੱਖ ਖ਼ੁਦ ਆਪਣੇ ਜੀਵਨ ਨੂੰ ਬਨਾਉਣ ਦੇ ਸਮਰੱਥ ਹੈ। ਮਾਨਵਵਾਦ ਮਨੁੱਖ ਨੂੰ ਖ਼ੁਦ ਆਪਣੇ ਆਪ ਨੂੰ ਘੜਨ ਦੀ ਸਮਰੱਥਾ ਦੀ ਆਸਥਾ ਤੇ ਆਧਾਰਿਤ ਹੈ। ਮਨੁੱਖ ਦਾ ਆਪਣੇ ਆਪ ਵਿਚ ਵਿਸ਼ਵਾਸ, ਮਾਨਵਵਾਦ ਨੂੰ, ਜ਼ਿੰਦਗੀ ਵਿਚ ਅਮਲੀ ਰੂਪ ਵਿਚ ਲਿਆਉਣ ਲਈ, ਜ਼ਰੂਰੀ ਰੂਪ ਵਿਚ ਸਹਾਇਕ ਤੱਥ ਹੈ। ਇਕ ਵਿਚਾਰ ਅਨੁਸਾਰ ਉਹ ਵਿਅਕਤੀ ਨਾਸਤਿਕ ਹੈ ਜਿਹੜਾ ਰੱਬ ਵਿਚ ਵਿਸ਼ਵਾਸ ਨਹੀ ਕਰਦਾ ਦੂਸਰੇ ਪਾਸੇ ਮਾਨਵਵਾਦੀ ਸੰਕਲਪ ਅਨੁਸਾਰ ਉਹ ਵਿਅਕਤੀ ਨਾਸਤਿਕ ਹੈ ਜਿਹੜਾ ਆਪਣੇ ਆਪ ਵਿਚ ਵਿਸ਼ਵਾਸ ਨਹੀਂ ਰੱਖਦਾ। ਲੇਕਿਨ ਇਹ ਸਵੈ-ਵਿਸ਼ਵਾਸ ਸੁਆਰਥਤਾ ਤੇ ਆਧਾਰਿਤ ਵਿਸ਼ਵਾਸ ਨਹੀਂ ਮਾਨਵਵਾਦ ਏਕਤਾ ਦਾ ਫ਼ਲਸਫ਼ਾ ਹੈ। ਉਸਦਾ ਮਤਲਬ ਸਵੈ ਤੋਂ ਪਰ ਤਕ ਦੀ ਯਾਤਰਾ ਹੈ। ਇਸਦਾ ਅਰਥ ਹੈ ਸਭ ਵਿਚ ਵਿਸ਼ਵਾਸ। ਬਹੁਤ ਸਾਰੀ ਤਾਕਤ, ਸਮਰੱਥਾ, ਸ਼ਕਤੀ ਮਨੁੱਖ ਦੇ ਨਾਸ਼ਵੰਦ ਸਰੀਰ ਦੇ ਪਿੱਛੇ

---

1. ਡਾ. ਦਲੀਪ ਕੌਰ ਟਿਵਾਣਾ, 'ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਮਾਨਵਵਾਦ', ਪੰਜਾਬੀ ਦੁਨੀਆਂ, ਫ਼ਰਵਰੀ-ਮਾਰਚ,1989, ਪੰਨਾ.68

ਛੁਪੀ ਹੋਈ ਹੈ। ਇਸ ਲਈ ਮਨੁੱਖ ਨੇ ਇਹ ਨਹੀਂ ਕਹਿਣਾ ਕਿ ਮਨੁੱਖ ਕਮਜ਼ੋਰ ਹੈ, ਕਿਉਂਕਿ ਮਨੁੱਖੀ ਹੋਂਦ ਦੇ ਵਿਚ ਹੀ ਅਥਾਹ ਸ਼ਕਤੀਆਂ ਤੇ ਬਖਸ਼ਿਸ਼ਾਂ ਦਾ ਸਮੁੰਦਰ ਹੈ। ਇਸਦੀ ਪਹਿਚਾਣ ਕਰਨੀ ਹੀ ਮਾਨਵਵਾਦ ਦਾ ਮੂਲ ਮੰਤਵ ਹੈ ਅਤੇ ਇਸ ਵਿਚ ਹੀ ਇਸਦੀ ਸਫਲਤਾ ਪਹਿਚਾਣੀ ਜਾ ਸਕਦੀ ਹੈ। ਮਾਨਵਵਾਦ ਵਿਅਕਤੀ ਅਤੇ ਸਮਾਜ ਵਿਚ ਇਕਸੁਰਤਾ ਲਿਆ ਜਾ ਸਕਦਾ ਹੈ, ਵਧੇਰੇ ਤ੍ਰਿਪਤੀ ਵਧੇਰੇ ਆਨੰਦ, ਨੈਤਿਕਤਾ ਤੇ ਭਾਈਚਾਰਾ ਪ੍ਰਬੁੱਧਤਾ ਤੇ ਲਿਵਲੀਨਤਾ ਉਤਪੰਨ ਕਰ ਸਕਦਾ ਹੈ।

ਮਾਨਵਵਾਦ ਇਕ ਅਜਿਹਾ ਦਰਸ਼ਨਿਕ ਦ੍ਰਿਸ਼ਟੀਕੋਣ ਹੈ, ਜਿਹੜਾ ਜੀਵਨ ਨੂੰ ਦੈਵੀ ਵਿਧਾਨ ਤੋਂ ਸੁਤੰਤਰ ਮੰਨਦੇ ਹੋਏ ਮਾਨਵ ਆਚਰਣ ਦੀ ਇਕ ਨੈਤਿਕ ਧਾਰਣਾ ਨੂੰ ਸਵੀਕਾਰ ਕਰਦਾ ਹੈ ਅਤੇ ਜਿਸਨੇ ਨੈਤਿਕਤਾ ਅਤੇ ਸਮਾਜਿਕ ਆਦਰਸ਼ਵਾਦ ਦੀਆਂ ਉਹਨਾਂ ਮਹੱਤਵਪੂਰਨ ਮਾਨਤਾਵਾਂ ਨੂੰ ਆਪਣੇ ਵਿਚ ਸ਼ਾਮਿਲ ਕਰ ਲਿਆ ਹੈ। ਜਿਹੜੀ ਉਦਾਰ-ਚਿੰਤਨ ਦੇ ਨਤੀਜੇ ਵਜੋਂ ਵਿਕਸਿਤ ਹੋਈਆਂ ਹਨ। ਮਾਨਵਵਾਦ ਮਾਨਵੀ ਸੰਬੰਧਾਂ ਵਿਚ ਪਰਉਪਕਾਰ ਦੇ ਮਹੱਤਵ ਅਤੇ ਸੰਭਾਵਨਾ ਦੇ ਪ੍ਰਤੀ ਆਗ੍ਰਹ ਕਰਦਾ ਹੈ। ਮਾਨਵਵਾਦ ਇਕ ਅਜਿਹਾ ਆਦਰਸ਼ ਹੈ ਜਿਹੜਾ ਮਨੁੱਖ ਨੂੰ ਤੁੱਛ ਸੁਆਰਥਾਂ ਤੋਂ ਉਪਰ ਉਠ ਕੇ ਸੰਪੂਰਨ ਮਾਨਵਤਾ ਦੀਆਂ ਸੁੰਦਰ ਸੰਭਾਵਨਾਵਾਂ ਨੂੰ ਦੇਖਣ ਦੀ ਸਮਰਥਾ ਦਿੰਦਾ ਹੈ। ਮਾਨਵਵਾਦ ਦਾ ਉਦੇਸ਼ ਨਿਸ਼ਚੇ ਹੀ ਇਕ ਪ੍ਰਕਾਰ ਦੀ ਨੈਤਿਕ ਚੇਤਨਾ ਦਾ ਸੰਚਾਰ ਹੈ ਜਿਸ ਨਾਲਉਹ ਇਸ ਧਰਤੀ ਤੇ ਦੂਸਰੇ ਮਨੁੱਖਾਂ ਦੇ ਨਾਲ ਮਿਲ ਕੇ ਮਾਨਵ ਕਲਿਆਣ ਦੇ ਕੰਮਾਂ ਵਿਚ ਯਤਨਸ਼ੀਲ ਹੋਣ ਵਿਚ ਗੌਰਵ ਦਾ ਅਨੁਭਵ ਕਰੇ।

ਅੱਜ ਦੇ ਮਨੁੱਖ ਦੇ ਸਨਮੁਖ ਸਭ ਤੋਂ ਵੱਡੀ ਸਮੱਸਿਆ ਆਪਣੇ ਅਸਤਿਤਵ ਦੇ ਅਰਥ ਨੂੰ ਪਾਉਣ ਦੀ ਹੈ। ਇਸ ਦੀਆਂ ਪਰੰਪਰਾਗਤ ਆਸਥਾਵਾਂ ਟੁੱਟ ਚੁੱਕੀਆਂ ਹਨ, ਦੈਵੀ ਸ਼ਕਤੀ ਅਤੇ ਧਰਮ ਦੇ ਸਹਾਰੇ ਤੋਂ ਉਹ ਵੰਚਿਤ ਹੈ, ਅਜਿਹੀ ਸਥਿਤੀ ਵਿਚ ਉਹ ਇਕ ਅਜਿਹੇ ਦਰਸ਼ਨ ਨੂੰ ਪ੍ਰਾਪਤ ਕਰਨ ਦੇ ਯਤਨ ਵਿਚ ਹੈ ਜਿਹੜਾ ਉਸਨੂੰ ਜੀਣ ਦਾ ਵਿਸ਼ਵਾਸ ਦੇਵੇ। ਆਧੁਨਿਕ ਮਾਨਵਵਾਦ ਉਸਨੂੰ ਜੀਵਨ ਜੀਉਣ ਦਾ ਉਦੇਸ਼ ਦਿੰਦਾ ਹੈ। ਮਾਨਵਵਾਦ ਮਾਨਵ-ਅਸਤਿਤਵ ਦੇ ਲਈ ਜ਼ਰੂਰੀ- ਮੁੱਲਾਂ ਦਾ ਘੋਸ਼ਣਾ ਪੱਤਰ ਹੈ। ਮਾਨਵਵਾਦ ਦਾ ਸੰਕਲਪ ਮਨੁੱਖ ਨੂੰ 'ਸਵੈ' ਦੀ ਸੋਝੀ ਅਤੇ ਸਵੈ-ਉਨਤੀ ਦੇ ਲਈ ਪ੍ਰੇਰਿਤ ਕਰਦਾ ਹੈ। ਇਸ ਦੇ ਸੰਬੰਧ ਵਿਚ ਜੀ ਐਸ ਸੰਧੂ ਦੇ ਵਿਚਾਰ ਵਰਣਨਯੋਗ ਹਨ।

> ਮਨੁੱਖ ਆਪਣੇ ਆਪ ਨੂੰ ਉਚਾ ਚੁੱਕ ਸਕਦਾ ਹੈ ਤਾਂ ਕਿ ਉਹ ਇਕ ਉਚੇਰਾ ਪ੍ਰਾਣੀ ਬਣ ਸਕੇ। ਇਕ ਨੈਤਿਕ ਮਨੁੱਖ ਉਹ ਹੈ ਜਿਸਨੇ ਜੰਗਲੀ ਮੂਲ-ਪ੍ਰਵਿਰਤੀ ਦਾ ਵਟਾਂਦਰਾ ਸਭਿਆ-ਮਾਨਵਤਾ ਦੀਆਂ ਨੈਤਿਕ ਪ੍ਰਵਿਰਤੀਆਂ ਨਾਲ ਕਰ ਲਿਆ ਹੋਵੇ । ਮਾਨਵੀ ਨੈਤਿਕ ਪ੍ਰਕਿਰਤੀ ਸਮਾਜਿਕ ਪ੍ਰਕਿਰਤੀ ਹੈ, ਇਕ ਹੌਲੀ ਹੌਲੀ ਜ਼ੋਰ ਫੜਦਾ ਹੋਇਆ ਸਮਾਜਿਕ ਬੰਧੇਜ਼ ਸਭਿਅਤਾ ਦੇ ਇਤਿਹਾਸ ਵਿਚ ਖੋਜਣ-ਯੋਗ ਇਕ ਨੈਤਿਕ ਵਾਧਾ ।[1]

ਮਾਨਵਵਾਦ ਦੇ ਸੰਕਲਪ ਦੀ ਪ੍ਰਾਪਤੀ ਲਈ ਵਿਅਕਤੀਗਤ ਤਿਆਗ ਅਤੇ ਉਦਾਰਤਾ ਦੇ ਗੁਣਾਂ ਦਾ ਹੋਣਾ ਜ਼ਰੂਰੀ ਹੈ। ਮਨੁੱਖ ਦਾ ਏਹਿਕ ਕਲਿਆਣ ਹੀ ਮਾਨਵਵਾਦੀ ਚਿੰਤਨ ਅਤੇ ਕਰਮ ਦਾ ਪ੍ਰਧਾਨ ਉਦੇਸ਼ ਹੈ। ਮਾਨਵਵਾਦ ਕੇਵਲ ਆਚਰਣ ਦੀ ਸਿੱਖਿਆ ਦੇਣ ਵਾਲਾ ਸਭਿਅਤਾ ਦਾ ਸਿਧਾਂਤ ਨਹੀਂ ਹੈ, ਇਹ ਜੀਵਨ ਦੀ ਇਕ ਪੱਧਤੀ ਹੈ। ਮਾਨਵਵਾਦ ਨੂੰ ਆਚਰਣ ਦੇ ਕਿਸੇ ਸੰਕੀਰਣ ਕਾਰਜ ਕਰਮ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਜੇਕਰ ਉਸਨੂੰ ਕਿਸੇ ਕਾਰਜ-ਕਰਮ ਵਿਚ ਚਿਤਤਾਰਥ ਕਰਨਾ ਹੈ ਤਾਂ ਉਹ ਇਕ ਨਵੇਂ ਵਿਸ਼ਵ ਦੇ ਨਿਰਮਾਣ ਦਾ ਕਾਰਜ-ਕਰਮ ਹੋਵੇਗਾ। ਉਸਦਾ ਉਦੇਸ਼ ਇਸੇ ਲੋਕ ਵਿਚ ਮਨੁੱਖ ਦੇ ਕਲਿਆਣ ਨੂੰ ਕੇਂਦਰ ਮੰਨ ਕੇ ਜੀਵਨ ਨੂੰ ਅਰਥ ਦੇਣਾ ਹੈ, ਇਸ ਪ੍ਰਕਾਰ ਇਹ ਇਕ ਦਾਰਸ਼ਨਿਕ ਦ੍ਰਿਸ਼ਟੀਕੋਣ ਹੈ। ਇਕ ਇਕ ਦਾਰਸ਼ਨਿਕ ਮਿਜ਼ਾਜ਼ ਹੈ ਜਿਹੜਾ ਮਨੁੱਖ ਨੂੰ ਇਕ ਸਰਬਉੱਚ ਸ਼ਕਤੀ ਦੇ ਰੂਪ ਵਿਚ ਸਵੀਕਾਰ ਕਰਦਾ ਹੈ। ਇਕ ਦਾਰਸ਼ਨਿਕ ਸਥਿਤੀ ਦੇ ਰੂਪ ਵਿਚ , ਮਾਨਵਵਾਦ ਕੋਈ ਸੁਨਿਸ਼ਚਿਤ ਵਿਚਾਰ-ਤੰਤਰ ਪ੍ਰਸਤੁਤ ਨਹੀ.ਕਰਦਾ, ਕਹਿਣ ਦਾ ਭਾਵ ਇਹ ਹੈ ਕਿ - ਮਾਨਵਵਾਦ ਇਕ ਦਾਰਸ਼ਨਿਕ ਮਿਜ਼ਾਜ਼ ਹੈ ਜਿਸਨੂੰ ਕਈ ਵਿਚਾਰ-ਪੱਧਤੀਆਂ ਵਿਚ ਮੌਜੂਦ ਵੇਖ ਸਕਦੇ ਹਾਂ। ਅਧਿਆਤਮਕ ਵਿਅਕਤੀਵਾਦ, ਸਾਮਵਾਦ, ਸਮਾਜਵਾਦ, ਅਸਤਿਤਵਵਾਦ ਇਹ ਸਾਰੀਆਂ ਵਿਚਾਰਧਾਰਾਵਾਂ, ਮੂਲ ਰੂਪ ਵਿਚ ਮਾਨਵਵਾਦੀ ਪ੍ਰਕ੍ਰਿਤੀ ਦੀਆਂ ਵਿਚਾਰਧਾਰਾਵਾਂ ਹਨ, ਕਿਉਂਕਿ ਇਹਨਾਂ ਸਾਰੀਆਂ ਦਾ ਕੇਂਦਰ-ਬਿੰਦੂ ਮਨੁੱਖ ਹੈ।

---

1. ਜੀ.ਐਸ.ਸੰਧੂ, ਪੱਛਮੀ ਨੀਤੀ ਸ਼ਾਸਤਰ, ਪੰਨਾ148-49

ਮਾਨਵਵਾਦ ਦੇ ਸੰਕਲਪ ਦੀ ਪ੍ਰਾਪਤੀ ਲਈ ਹੇਠ ਲਿਖੇ ਆਧਾਰਾਂ ਨੂੰ ਅਪਨਾਉਣਾ ਜ਼ਰੂਰੀ ਹੈ।

1. ਲੋਕ ਭਲਾਈ ਦੀ ਸ਼ਕਤੀ ਵਿਚ ਵਿਸ਼ਵਾਸ
2. ਈਰਖਾ ਅਤੇ ਸ਼ੱਕ ਨੂੰ ਖਤਮ ਕਰਕੇ ਨਿਆਂ ਅਤੇ ਸਦਗੁਣਾਂ ਨੂੰ ਧਾਰਨ ਕਰਨਾ ।
3. ਜਿਹੜਾ ਭਲਾਈ ਕਰਨ ਲਈ ਯਤਨਸ਼ੀਲ ਹੈ, ਉਸਦੀ ਸਹਾਇਤਾ ਕਰਨੀ ।
4. ਪ੍ਰਗਤੀਵਾਦੀ ਹੋਣਾ
5. ਨਵੀਨ ਸਮਾਜਿਕ-ਸੰਰਚਨਾ ਦਾ ਸੰਕਲਪ
6. ਅਧਿਆਤਮਿਕ ਨਿਸ਼ਠਾਵਾਂ ਵਿਚ ਪਰਿਸ਼ਕਾਰ ਅਤੇ ਵਿਗਿਆਨਕ ਬੁੱਧੀ ਅਤੇ ਤਰਕ ਨੂੰ ਸਵੀਕਾਰ ਕਰਨਾ ।
7. ਮਾਨਵਵਾਦੀ ਜੀਵਨ-ਮੁੱਲਾਂ ਦੀ ਪ੍ਰਤਿਸ਼ਠਾ ਸਥਾਪਿਤ ਕਰਨੀ

ਸੰਖੇਪ ਵਿਚ ਮਾਨਵਵਾਦ 'ਮਨੁੱਖ-ਨਿਰਪੇਖ ਦਰਸ਼ਨ' ਦੇ ਵਿਰੁੱਧ ਇਕ ਵਿਦਰੋਹ ਹੈ। ਬਰਬਰਤਾ, ਅਸਹਿਣਸ਼ੀਲਤਾ, ਸੰਪਰਦਾਇਕਤਾ, ਸ਼ਾਸਤਰੀ-ਪਾਂਡਿਤਯ ਜੀਵਨ ਅਤੇ ਜਗਤ ਦੇ ਪ੍ਰਤੀ ਵਿਰਕਤ ਅਤੇ ਸਵਾਰਥ ਆਦਿ ਦੀਆਂ ਭਾਵਨਾਵਾਂ ਮਾਨਵਵਾਦੀ ਵਿਦਰੋਹ ਦੇ ਪ੍ਰਮੁੱਖ ਲੱਛਣ ਹਨ .......।[1]

ਮਾਨਵੀ ਕਲਿਆਣ ਦੇ ਲਈ ਯੋਗਤਾ( efficiency ) ਤੋਂ ਇਲਾਵਾ ਜਿਹੜੀ ਵਸਤੂ ਚਾਹੀਦੀ ਹੈ ਉਹ ਹੈ ਵਿਵੇਕ, ਬੁੱਧੀ ( Leasoning ), ਮਾਨਵਵਾਦ ਕਰਮ( Action ) ਦਾ ਦਰਸ਼ਨ ਹੈ। ਮਾਨਵਵਾਦ ਕੇਵਲ ਯੁੱਗ ਦੇ ਉਭਰਦੇ ਹੋਏ ਪ੍ਰਸ਼ਨਾਂ ਤਕ ਹੀ ਆਪਣੇ ਵਿਚਾਰ ਸੀਮਿਤ ਨਹੀਂ ਰੱਖਦਾ, ਸਗੋਂ ਭਵਿੱਖ ਦਾ ਦਿਸ਼ਾ-ਨਿਰਦੇਸ਼ਨ ਵੀ ਕਰਦਾ ਹੈ ਕਿਉਂਕਿ ਇਸਦਾ ਕੰਮ 'ਯੁੱਗ ਦੀ ਆਤਮਾ' ਜਿਸ ਵਿਚ ਅਸੀਂ ਰਹਿੰਦੇ ਹਾਂ, ਕੇਵਲ ਉਸੇ ਨੂੰ ਪ੍ਰਤੀਬਿੰਬਤ ਕਰਨਾ ਹੀ ਨਹੀਂ, ਸਗੋਂ ਉਸਨੂੰ ਅੱਗੇ ਵੀ ਲੈ ਜਾਂਦਾ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ: ਮਾਨਵਵਾਦ ਜ਼ਿੰਦਗੀ ਦਾ ਰਾਖਾ ਹੈ। ਮਾਨਵਵਾਦ ਦਾ ਮੁੱਖ ਆਧਾਰ ਇਨਸਾਨੀਅਤ ਦਾ ਪੈਤੜਾ, ਸਹੀ ਸਦਾਚਾਰ ਲਭਣਾ ਤੇ ਪੇਸ਼ ਕਰਨਾ ਹੈ। ਮਾਨਵਵਾਦ ਚੰਗਿਆਈ ਹੈ। ਹਰੇਕ ਚੰਗੀ ਚੀਜ਼ ਹੈ ਜਿਹੜੀ ਜੀਵਨ ਦੀ ਸੁਰੱਖਿਆ ਅਤੇ ਵਾਧੇ ਲਈ ਕੁਝ ਯੋਗਦਾਨ ਦਿੰਦੀ

---

1. ਡਾ. ਸੁਰੇਂਦਰ ਵਰਮਾ, ਨੀਤੀ ਸ਼ਾਸਤਰ ਕੀ ਸਮਕਾਲੀਨ ਪ੍ਰਵਿਰਤੀਆਂ, ਪੰਨਾ-11

ਹੈ। ਉਹਨਾਂ ਸਾਰੀਆਂ ਚੀਜ਼ਾਂ ਦੀ ਰੱਖਿਆ ਕਰਨੀ ਹੈ ਜਿਹਨਾਂ ਵਿਚ ਜਾਨ ਹੈ, ਉਹਨਾਂ ਦੀ ਸਾਰੀਆਂ ਬੁਰਾਈਆਂ ਤੋਂ ਰੱਖਿਆ ਕਰਨੀ ਹੈ ਅਤੇ ਉਹਨਾਂ ਨੂੰ ਸ਼ਾਂਤੀ ਅਤੇ ਸੁਤੰਤਰਤਾ ਨਾਲ ਰਹਿਣ ਦੇਣ ਲਈ ਯੋਗ ਵਾਤਾਵਰਣ ਪ੍ਰਦਾਨ ਕਰਨਾ ਹੈ।

## ਗੁਰੂ ਨਾਨਕ ਦਾ ਮਾਨਵਵਾਦ:

ਗੁਰੂ ਨਾਨਕ ਦੁਆਰਾ ਰਚਿਆ ਗਿਆ ਸਾਹਿਤ ਕੇਵਲ ਅਧਿਆਤਮਕਤਾ, ਅਲੌਕਿਕਤਾ ਜਾਂ ਪਾਰਲੌਕਿਕਤਾ ਦਾ ਹੀ ਸਾਹਿਤ ਨਹੀਂ। ਗੁਰੂ ਨਾਨਕ ਦਾ ਵਿਸ਼ਵਾਸ, ਉਨ੍ਹਾਂ ਦੀ ਸਾਧਨਾ ਅਤੇ ਉਨ੍ਹਾਂ ਦੇ ਜੀਵਨ ਦਾ ਆਦਰਸ਼ ਭਾਵੇਂ ਬੁਨਿਆਦੀ ਤੌਰ ਤੇ ਅਧਿਆਤਮਕ ਹੀ ਸਨ, ਪਰ ਜਿਸ ਆਧਾਰਭੂਤੇ ਇਨ੍ਹਾਂ ਵਿਸ਼ਵਾਸਾਂ ਦਾ ਉਨ੍ਹਾਂ ਨੇ ਅਨੁਸੰਧਾਨ ਕੀਤਾ ਹੈ, ਉਹ ਨਿਰਸੰਦੇਹ ਲੌਕਿਕ ਹੈ। ਮਾਨਵੀ ਜੀਵਨ ਨੂੰ ਗੁਰੂ ਨਾਨਕ ਸਭ ਤੋਂ ਦੁਰਲੱਭ [1] ਅਤੇ ਉੱਤਮ ਮੰਨਦੇ ਹਨ। ਉਹਨਾਂ ਅਨੁਸਾਰ:

ਇਹ ਮਾਣਸੁ ਜੀਉ ਨਿਰਮੋਲੁ ਹੈ ।।

( ਆਦਿ ਗ੍ਰੰਥ, ਪੰਨਾ-22)

ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਕਈ ਥਾਈਂ ਸ਼ਾਇਰ ਹੋਣ ਤੇ ਫ਼ਖਰ ਕੀਤਾ ਹੈ। ਉਦਾਹਰਣ ਦੇ ਤੌਰ ਤੇ:-

(ੳ) ਨਾਨਕ ਸਾਇਰ ਏਵ ਕਹਿਤੁ ਹੈ
ਸਚੇ ਪਰਵਦਗਾਰਾ ।[2]

(ਅ) ਕਰੇ ਕਰਾਏ ਸਭ ਕਿਛੁ ਜਾਣੈ
ਨਾਨਕ ਸਾਇਰ ਇਵ ਕਹਿਆ ।[3]

---

1. 'मनुष्य योनि की श्रेष्ठता — मनुष्य इस लोक की जीव-सृष्टि का सबसे अधिक चेतनशील प्राणी है। परमात्मा की विशिष्ट चेतनता उसमें उत्कृष्ट रूप में पायी जाती है। गुरुओं की दृष्टि में मनुष्य-योनि सर्वोत्कृष्ट योनि है। यह योनि अत्यन्त दुर्लभ है — माणस जनमु दुलंभु गुरमुखि पाइआ।' (डा. जयराम मिश्र, श्री गुरु ग्रंथ-दर्शन, साहित्य भवन, इलाहाबाद, 1960, पृष्ठ-170)
2. ਰਾਗ ਧਨਾਸਰੀ- ਮਹਲਾ ੧
3. ਪੱਟੀ, ਰਾਗ ਆਸਾ- ਮਹਲਾ ੧

ਉਪਰੋਕਤ ਤੁਕਾਂ ਤੋਂ ਜ਼ਾਹਿਰ ਹੈ ਕਿ ਜਦੋਂ ਗੁਰੂ ਸਾਹਿਬ ਆਪਣੇ ਆਪ ਨੂੰ ਮਾਣ ਨਾਲ ਸਾਹਿਤਕਾਰਾਂ ਦੀ ਸ਼੍ਰੇਣੀ ਵਿਚ ਸ਼ਾਮਲ ਕਰਦੇ ਹਨ ਤਾਂ ਉਹ ਲੌਕਿਕਤਾ ਨੂੰ ਪਾਰਲੌਕਿਕਤਾ ਨਾਲੋਂ ਘੱਟ ਮਾਣਯੋਗ ਨਹੀਂ ਸਿੱਥਦੇ। ਸਾਹਿਤ ਕੇਵਲ ਅਨੁਭਵ ਮਾਤਰ ਹੀ ਨਹੀਂ, ਅਭਿਵਿਅਕਤੀ ਵੀ ਹੈ। ਇਸ ਲਈ ਸਾਹਿਤ ਦੇ ਸੁਭਾਅ ਵਿਚ ਹੀ ਲੌਕਿਕਤਾ ਦੀ ਭਾਵਨਾ ਅੰਤਰ-ਨਿਹਿਤ ਹੈ।

ਗੁਰੂ ਸਾਹਿਬ ਕੇਵਲ ਰਹੱਸਵਾਦੀ ਸਾਧਕ ਹੀ ਨਹੀਂ ਸਨ, ਉਹਨਾਂ ਨੇ ਆਪਣੀ ਅਧਿਆਤਮਕ ਸਾਧਨਾ ਦੇ ਨਾਲ ਨਾਲ, ਆਪਣੇ ਯੁੱਗ ਦੇ ਲੋਕ-ਜੀਵਨ ਨੂੰ ਵਿਆਪਕ ਰੂਪ ਵਿਚ ਦੇਖਿਆ ਅਤੇ ਘੋਖਿਆ, ਪਰਖਿਆ ਵੀ ਹੈ। ਇਸ ਲੋਕ-ਜੀਵਨ ਦੇ ਯਥਾਰਥਕ ਗਿਆਨ ਦੇ ਆਧਾਰ ਉਤੇ ਹੀ ਉਸ ਸਮੇਂ ਦੀ ਸਥਿਤੀ ਦੇ ਆਧਾਰ ਉਤੇ ਹੀ, ਉਹਨਾਂ ਨੇ ਆਪਣੀ ਦ੍ਰਿਸ਼ਟੀ ਨੂੰ ਵਿਕਸਤ ਕੀਤਾ।

ਗੁਰੂ ਨਾਨਕ ਮਹਾਨ ਮਾਨਵਵਾਦੀ ਸਨ। ਲੋਕਾਈ ਦੇ ਦੁੱਖਾਂ ਨੂੰ ਦੇਖ ਕੇ ਉਹਨਾਂ ਦੀ ਆਤਮਾ ਪਰਮਾਤਮਾ ਨੂੰ 'ਬਾਬਰ ਵਾਣੀ' ਵਿਚ ਇਸ ਤਰ੍ਹਾਂ ਪੁਕਾਰ ਕੇ ਕਹਿ ਉਠੀ:-

> ਏਤੀ ਮਾਰ ਪਈ ਕੁਰਲਾਣੈ
> ਤੈਂ ਕੀ ਦਰਦੁ ਨ ਆਇਆ (ਰਾਗ ਆਸਾ, ਮਹਲਾ ੧, ਪੰ-360)

ਅਰਥਾਤ ਉਹਨਾਂ ਦੀ ਆਤਮਾ ਪ੍ਰਾਣੀ-ਮਾਤਰ ਦੇ ਇਹ-ਲੋਕ ਦੇ ਦੁੱਖਾਂ ਨੂੰ ਵੇਖ ਕੇ ਕੁਰਲਾ ਉਠੀ ਸੀ।[1]

ਗੁਰੂ ਨਾਨਕ ਦਾ ਮੱਤ ਸਿਧਾਂਤਾਂ ਦਾ ਪੁਲੰਦਾ ਨਹੀਂ, ਨਾ ਹੀ ਇਹ ਕੋਈ ਦਿਮਾਗ਼ੀ ਸੰਵਾਦ ਹੈ। ਇਹ ਇਕ ਜੀਵਨ-ਜਾਚ ਹੈ, ਇਸਦੇ ਪੈਰ ਧਰਤੀ ਤੇ ਹਨ, ਲੋਕ-ਭਾਵਨਾ ਇਸ ਨਾਲ ਜੁੜੀ ਹੋਈ ਹੈ। ਇਸਦੀ ਨਜ਼ਰ ਉਚੇਰੀ ਹੈ। ਗੁਰੂ ਨਾਨਕ ਨੇ ਇਹ ਦ੍ਰਿੜ ਕਰਾਇਆ ਕਿ: ਨਿਰਾ ਸਿਧਾਂਤਾਂ ਨੂੰ ਜਾਣ ਲੈਣਾ ਹੀ ਕਾਫ਼ੀ ਨਹੀਂ, ਅਮਲਾਂ ਨਾਲ ਹੀ ਉਨ੍ਹਾਂ ਦੀ ਜ਼ਿੰਦਗੀ ਬਣਦੀ ਹੈ।[2] ਮਨੁੱਖ ਦੇ ਨੇਕ ਅਮਲਾਂ ਤੇ

---

1. 'Guru Nanak appeared at a time when India was invaded by dark forces. India's civilization and the Aryan Dharma were sinking and a new age of violence was arising in the midst of conflict and chaos. The soul of Guru Nanak cried out to God to save the people.'
(T. L. Vaswani, Medieval Punjabi Literature 1963.)

2. 'Deeds, not creeds, is what Nanak asked of his disciples'
(T.L.Vaswani, Guru Nanak-Prophet of Light, P-11)

ਜ਼ੋਰ ਦਿੰਦੇ ਹੋਏ ਕਿਹਾ ਹੈ:

(ੳ) ਰਾਹ ਦਸਾਇ ਉਥੈ ਕੋ ਜਾਇ।
ਕਰਣੀ ਬਾਝਹੁ ਭਿਸਤਿ ਨਾ ਪਾਇ ।
( ਰਾਮਕਲੀ ਮਹਲਾ ੧, ਪੰਨਾ-951)

(ਅ) ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ।।
( ਆਸਾ ਦੀ ਵਾਰ,ਮਹਲਾ ੧,ਪੰਨਾ-470)

(ੲ) ਸਭਨਾ ਕਾ ਦਰ ਸੇਖਾ ਹੋਇ
ਕਰਣੀ ਬਾਝਹੁ ਤਰੈ ਨਾ ਕੋਇ ।
( ਵਾਰ ਰਾਮਕਲੀ, ਮਹਲਾ ੧,ਪੰਨਾ-952)

(ਸ) ਕਰਣੀ ਕਾਬਾ,ਸਚੁ ਪੀਰੁ ਕਲਮਾ ਕਰਮ ਨਿਵਾਜ ।
( ਵਾਰ ਮਾਝ,ਮਹਲਾ ੧,ਪੰਨਾ-140)

ਇਸ ਅਮਲੀ ਜੀਵਨ ਦੀ ਘਾਟ ਹੀ ਗੁਰੂ ਨਾਨਕ ਦੇ ਸਮਕਾਲੀ ਸਮਾਜ ਵਿਚ ਸੀ। ਗੁਰੂ ਨਾਨਕ ਅਮਲੀ ਰੂਪ ਵਿਚ ਮਾਨਵਵਾਦੀ ਸਨ। ਉਹਨਾਂ ਨੇ ਨਾਸਤਿਕਤਾ ਅਤੇ ਤਿਆਗ ਨੂੰ ਰੱਦ ਕੀਤਾ। ਉਹਨਾਂ ਨੇ ਮਾਨਵ-ਮਾਤਰ ਨੂੰ ਗ੍ਰਹਿਸਥ ਮਾਰਗ ਅਪਨਾਉਣ ਲਈ ਕਿਹਾ ਅਤੇ ਆਪ ਇਕ ਪਤੀ ਅਤੇ ਪਿਤਾ ਦਾ ਜੀਵਨ ਬਤੀਤ ਕੀਤਾ। ਗੁਰੂ ਨਾਨਕ ਨੇ ਮਾਨਵ-ਜੀਵਨ ਨੂੰ ਸੁਖੀ ਬਣਾਉਣ ਲਈ ਉਸ ਵੇਲੇ ਦੀ ਹੁਕਮਰਾਨ ਜਮਾਤ, ਵਹਿਮਾਂ-ਭਰਮਾਂ ਅਤੇ ਹਰ ਅਜਿਹੇ ਕਾਰਜ ਪ੍ਰਤੀ ਵਿਦਰੋਹੀ ਆਵਾਜ਼ ਉਠਾਈ ਜਿਹੜਾ ਕਿ ਮਨੁੱਖੀ ਸ਼ਖਸੀਅਤ ਦੇ ਵਿਕਾਸ ਦੇ ਰਾਹ ਵਿਚ ਰੋੜਾ ਬਣਦਾ ਸੀ। ਡਾ. ਹਰਿਭਜਨ ਸਿੰਘ ਇਸ ਸੰਬੰਧ ਵਿਚ ਇਸ ਤਰ੍ਹਾਂ ਲਿਖਦੇ ਹਨ:

> ਨਾਨਕ ਬਾਣੀ ਦਾ ਵਿਦਰੋਹ ਮੁਖ ਤੌਰ ਤੇ ਆਪਣੇ ਵੇਲੇ ਦੀ ਹੁਕਮਰਾਨ ਜਮਾਤ ਪ੍ਰਤੀ ਹੈ। ਵਿਦਰੋਹ ਦਾ ਪ੍ਰਮਾਣਕ ਸਵਰ ਸੰਕਟ ਨੂੰ ਬੁਲਾਵਾ ਹੈ। ਨਾਨਕ ਬਾਣੀ ਦੀ ਪ੍ਰਮਾਣਿਕਤਾ ਦਾ ਕੁਝ ਅੰਦਾਜ਼ਾ ਏਥੋਂ ਹੀ ਲਾਇਆ ਜਾ ਸਕਦਾ ਹੈ ਕਿ ਉਸਨੇ ਸਿਧ-ਨਾਥ ਸੰਤ ਪਰੰਪਰਾ ਦੇ ਗਾਡੀ-ਰਾਹ ਉਪਰ [illegible] ਚਲਣ ਤੋਂ ਸੰਕੋਚ ਕੀਤਾ ਹੈ। ਉਸਨੇ ਆਪਣੇ ਲਈ ਅਸਲੋਂ ਨਵੇਂ

540771

ਅਣਛੋਹੇ ਅਤੇ ਕਠਿਨ ਮਾਰਗ ਦੀ ਚੋਣ ਕੀਤੀ ਹੈ।[1]

ਅਧਿਆਤਮਵਾਦ ਦੇ ਨਾਲ ਨਾਲ ਗੁਰੂ ਸਾਹਿਬਾਨ ਨੇ ਮਾਨਵਵਾਦ ਦੀ ਗੱਲ ਵੀ ਕੀਤੀ ਅਤੇ ਮਨੁੱਖ ਨੂੰ ਸੁਖੀ ਬਨਾਉਣ ਦੇ ਰਾਹਾਂ ਦੀ ਸੋਧ ਪ੍ਰਦਾਨ ਕੀਤੀ। ਇਸ ਸੰਬੰਧ ਵਿਚ ਡਾ. ਸੁਰਜੀਤ ਸਿੰਘ ਇਸ ਪ੍ਰਕਾਰ ਲਿਖਦੇ ਹਨ।

> ਉਪਨਿਸ਼ਦਾਂ ਵਿਚ ਅਸੀਂ ਦੇਖਦੇ ਹਾਂ ਕਿ ਕੁਝ ਵਿਅਕਤੀ ਬ੍ਰਹਮ-ਗਿਆਨ ਲਈ ਜੁੜਦੇ ਸਨ। ਉਨ੍ਹਾਂ ਸਭਾਵਾਂ ਵਿਚ ਜਨਕ ਅਤੇ ਅਜਾਤ ਸ਼ਤਰੂ ਵਰਗੇ ਰਾਜੇ, ਉਦਾਲਕ ਅਤੇ ਯਾਗਯਵਲਕ ਵਰਗੇ ਰਿਸ਼ੀ, ਕੁਝ ਬ੍ਰਾਹਮਣ ਜਾਂ ਵਿਦਿਆਰਥੀ ਭਾਗ ਲੈਂਦੇ ਸਨ। ਪਰ ਇਹਨਾਂ ਮੁੱਠੀ -ਭਰ ਜਗਿਆਸੂਆਂ ਤੋਂ ਬਿਨਾ ਇਕ ਸਾਧਾਰਣ ਵਰਗ ਵੀ ਤਾਂ ਵਸਦਾ ਸੀ। ਇਨ੍ਹਾਂ ਨੂੰ ਵੀ ਆਤਮ-ਗਿਆਨ ਅਤੇ ਮੁਕਤੀ ਦੀ ਲੋੜ ਸੀ। ਪਰ ਇਸ ਸਾਧਾਰਣ ਜਨ-ਸਮੂਹ ਦੀ ਝਲਕ ਸਾਨੂੰ ਇਹਨਾਂ ਗ੍ਰੰਥਾਂ ਵਿਚ ਕਿਧਰੇ ਨਹੀਂ ਮਿਲਦੀ, ਮਹਾਤਮਾ ਬੁੱਧ ਤੋਂ ਪਿੱਛੋਂ ਪਹਿਲੀ ਵਾਰ ਸੰਤਾਂ ਅਤੇ ਗੁਰੂ ਸਾਹਿਬਾਨ ਨੇ ਅਨੁਭਵ ਕੀਤਾ ਕਿ ਅਸਲ ਸਮੱਸਿਆ ਇਨ੍ਹਾਂ ਸਾਧਾਰਣ ਲੋਕਾਂ ਦੇ ਦੁੱਖਾਂ ਦੀ ਹੈ ਸਾਧਾਰਣ ਮਨੁੱਖ ਦਾ ਜੀਵਨ ਤਾਂ ਜਨਮ ਤੋ ਮੌਤ ਤਕ ਦੁੱਖਾਂ ਦੀ ਇਕ ਲੰਮੀ ਗਾਥਾ ਹੈ।[2]

ਦੁਖ ਵਿਚਿ ਜੰਮਣੁ ਦੁਖਿ ਮਰਣੁ, ਦੁਖ ਵਰਤਣੁ ਸੰਸਾਰਿ ।
ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ, ਕਰਹਿ ਪੁਕਾਰ ।
ਦੁਖ ਕੀਆ ਪੰਡਾਂ ਖੁਲੀਆਂ ਸੁਖੁ ਨ ਨਿਕਲਿਓ ਕੋਇ।
ਦੁਖ ਵਿਚ ਜੀਉ ਜਲਾਇਆ ਦੁਖੀਆ ਚਲਿਆ ਰੋਇ ।

( ਆਦਿ ਗ੍ਰੰਥ, ਸਲੋਕ ਮਹਲਾ ੧,ਪੰਨਾ-1240)

---

1. ਡਾ. ਹਰਿਭਜਨ ਸਿੰਘ, <u>ਅਧਿਐਨ ਅਤੇ ਅਧਿਆਪਨ</u>, ਪੰਨਾ-132
2. ਡਾ. ਸੁਰਜੀਤ ਸਿੰਘ, "ਗੁਰਮਤਿ ਵਿਚ ਸੇਵਾ: ਪਰੰਪਰਾ, ਆਧਾਰ, ਵਿਧਾਨ ਤੇ ਪ੍ਰਾਪਤੀ", ਸੇਵਾ ਵਿਸ਼ੇਸ਼ ਅੰਕ, ਜਿਲਦ 18ਵੀਂ, ਅੰਕ ਦੂਜਾ, ਨਾਨਕ ਪ੍ਰਕਾਸ਼ ਪਤ੍ਰਿਕਾ, ਦਸੰਬਰ 1984, ਪੰਨਾ-106

ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਮਾਨਵ ਜੀਵਨ ਦੇ ਉਦੇਸ਼, ਮਨੋਰਥ ਆਦਰਸ਼ ਬਾਰੇ ਵਿਚਾਰ ਕੀਤਾ ਅਤੇ ਮਾਨਵ ਜੀਵਨ ਨੂੰ ਸਫਲ ਕਰਨ ਲਈ ਵਿਧੀਆਂ ਵੀ ਦੱਸੀਆਂ। ਡਾ. ਜਗਬੀਰ ਸਿੰਘ ਦੇ ਸ਼ਬਦਾਂ ਵਿਚ -- 'ਮਾਨਵ ਜੀਵਨ ਗੁਰੂ ਨਾਨਕ ਬਾਣੀ ਦਾ ਇਕ ਪ੍ਰਧਾਨ ਵਿਸ਼ਾ ਪ੍ਰਤੀਤ ਹੁੰਦਾ ਹੈ।' ਮਾਨਵ ਜੀਵਨ ਕੀ ਹੈ? ਉਸਦੇ ਜੀਵਨ ਦਾ ਪਰਮ ਮਨੋਰਥ ਕੀ ਹੈ? "ਅਤੇ " ਇਸ ਪਰਮ ਮਨੋਰਥ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ?" ਇਹ ਕੁਝ ਬੁਨਿਆਦੀ ਪ੍ਰਸ਼ਨ ਹਨ ਜਿਨ੍ਹਾਂ ਦੇ ਉੱਤਰ ਵਿਚ ਇਸ ਬਾਣੀ ਵਿਚ ਇਕ ਆਦਰਸ਼-ਮਾਨਵ ਦੀ ਰੂਪ-ਰੇਖਾ ਉਘੜਦੀ ਦਿਸਦੀ ਹੈ।'[1]

ਗੁਰੂ ਨਾਨਕ ਅਨੁਸਾਰ ਮਨੁੱਖ ਨੇ ਦੈਵੀ-ਗੁਣਾਂ ਨੂੰ ਧਾਰਨ ਕਰਨਾ ਹੈ। ਸਦਗੁਣਾਂ ਨੂੰ, ਸੱਚ ਨੂੰ ਅਪਨਾਉਣਾ ਹੈ, ਤਾਂ ਹੀ ਅਧਿਆਤਮਵਾਦ ਆਧਾਰਿਤ ਮਾਨਵਵਾਦ ਦੀ ਪ੍ਰਾਪਤੀ ਸੰਭਵ ਹੋ ਸਕੇਗੀ। ਮਨੁੱਖ ਆਪਣੇ ਅੰਦਰੋਂ ਪਸ਼ੂ ਦੇ ਤੱਤਵਾਂ ਨੂੰ ਖਤਮ ਕਰੇ ਅਤੇ ਦੈਵੀ ਗੁਣਾਂ ਨੂੰ ਪ੍ਰਫੁਲਿਤ ਕਰੇ। ਨਾਨਕ ਬਾਣੀ ਅਨੁਸਾਰ:

(ੳ) ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ॥।

(ਆਦਿ ਗ੍ਰੰਥ, ਪੰਨਾ-751)

(ਅ) ਸਚੁ ਪਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ।

(ਆਦਿ ਗ੍ਰੰਥ, ਪੰਨਾ-955)

ਡਾ. ਅਤਰ ਸਿੰਘ ਅਨੁਸਾਰ -- 'ਗੁਰਬਾਣੀ ਦੀ ਵਿਸ਼ਾਲ ਵਸਤੂ-ਜੁਗਤ ਮਨੁੱਖੀ ਸਾਂਬਤੀ ਦੇ ਤਿੰਨ ਸਰੋਕਾਰਾਂ ਕੂੜ/ਸੱਚ ਦਾ ਨਿਖੇੜ, ਵਿਜੋਗ/ਸੰਜੋਗ ਦੀ ਸੈਲੀ, ਬੰਧਨ/ਮੁਕਤੀ ਦੀ ਸਮੱਸਿਆ, ਨਾਲ ਜੁੜੀ ਹੋਈ ਹੈ। ਇਹਨਾਂ ਤਿੰਨ [illegible] ਸਰੋਕਾਰਾਂ ਦਾ ਗਿਆਨ ਗੁਰਬਾਣੀ ਵਿਚ ਮਨੁੱਖ ਦੇ ਸੰਕਲਪ ਨੂੰ ਸਪਸ਼ਟ ਕਰਨ ਵਿਚ ਸਹਾਈ ਹੁੰਦਾ ਹੈ।'[2] ਨਾਨਕ-ਬਾਣੀ ਵਿਚਲਾ ਮਨੁੱਖ, ਕੂੜ ਨੂੰ ਛੱਡ ਕੇ, ਸੱਚ ਦੇ ਮਾਰਗ ਦਾ ਪਾਂਧੀ ਬਣ ਕੇ ਹੀ, ਗੁਰਮੁਖ, ਮਾਨਵਵਾਦੀ ਮਨੁੱਖ ਦੀ ਪਦਵੀ ਹਾਸਲ ਕਰ ਸਕਦਾ ਹੈ। ਨਾਨਕ-ਬਾਣੀ ਵਿਚ 'ਗੁਰਮੁਖ' ਰੂਪੀ ਇਕ ਆਦਰਸ਼ ਮਾਨਵ ਦਾ

---

1. ਡਾ. ਜਗਬੀਰ ਸਿੰਘ, " ਗੁਰੂ ਨਾਨਕ ਬਾਣੀ ਵਿਚ ਮਾਨਵ ਦਾ ਸੰਕਲਪ" ਖੋਜ ਪ੍ਰਤਿਕਾ: ਗੁਰੂ ਨਾਨਕ ਵਿਸ਼ੇਸ਼ ਅੰਕ, ਪੰਨਾ-192, ਨਵੰਬਰ 1967
2. ਡਾ. ਅਤਰ ਸਿੰਘ, "ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਵਸਤੂ ਬਣਤਰ"

(ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾ), ਗੁਰੂ ਤੇਗ ਬਹਾਦਰ ਜੀਵਨ ਸਮਾਂ ਤੇ ਰਚਨਾ)

ਉਦੋ ਹੁੰਦਾ ਹੈ ਜੋ ਆਤਮ-ਗਤ ਚੇਤਨਾ ਦੇ ਸੀਮਿਤ ਘੇਰੇ ਵਿਚੋ ਨਿਕਲ ਕੇ ਵਿਰਾਟ ਪਰਹਿਸੇਗੀ-ਚੇਤਨਾ ਦੀ ਪ੍ਰਾਪਤੀ ਕਰ ਲੈਂਦਾ ਹੈ। ਇਹਨਾਂ ਦੀ ਸਾਧਨਾ ਵਿਅਕਤੀ-ਨਿਸ਼ਠ ਹੋਖਾਂ ਤੇ ਸਮਾਜ-ਨਿਸ਼ਠ ਹੈ। ਗੁਰੂ ਸਾਹਿਬ ਭਗਤ ਕਵੀਆਂ ਦੀ ਉਸ ਸ਼੍ਰੇਣੀ ਵਿਚੋ ਨਹੀਂ ਸਨ, ਜਿਹੜੇ ਅਧਿਆਤਮਕ ਜੀਵਨ ਦੇ ਪਾਰਲੌਕਿਕ ਤੱਤ ਨੂੰ ਹੀ ਇਕ-ਮਾਤਰ ਸੋਚ ਸੈਂਟਰ ਵਾਲੇ ਅਧਿਆਤਮਵਾਦੀ ਸਾਧਕ ਸਨ ਅਤੇ ਜਿਨ੍ਹਾਂ ਦੀ ਦ੍ਰਿਸ਼ਟੀ ਵਿਚ ਲੋਕ, ਸਮਾਜ ਅਤੇ ਜਗਤ ਦੇ ਵਿਵਹਾਰਕ ਜੀਵਨ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਸੀ। ਇਨ੍ਹਾਂ ਅਧਿਆਤਮਵਾਦੀ ਭਗਤਾਂ ਦੇ ਉਲਟ, ਗੁਰੂ ਸਾਹਿਬ ਨੇ, ਮਨੁੱਖ ਉਤੇ ਆਪਣੀ ਦ੍ਰਿਸ਼ਟੀ ਕੇਂਦਰਿਤ ਰੱਖਣ ਦੇ ਕਾਰਣ, ਸਾਧਨਾ ਦੀ ਭੂਮਿਕਾ ਵਿਚ ਸੰਪੂਰਣ ਲੋਕ- ਜੀਵਨ ਨੂੰ ਸਵੀਕਾਰ ਕੀਤਾ ਹੈ। ਇਹਧਰਮ ਨਾ ਵਿਅਕਤੀਗਤ ਖੁਸ਼ਹਾਲੀ ਦਾ ਧਰਮ ਹੈ ਅਤੇ ਨਾ ਹੀ ਵਿਅਕਤੀਗਤ ਮੁਕਤੀ ਦਾ। ਸੁਆਰਥ ਮਨੁੱਖਤਾ ਦਾ ਮਾਨਵਵਾਦ ਦਾ ਵਿਰੋਧੀ ਹੈ ਅਤੇ ਧਰਮ ਦੇ ਉਲਟ ਹੈ। ਗੁਰੂ ਨਾਨਕ ਨੇ ਇਸ ਵਿਚਾਰ ਨੂੰ ਬਾਰ ਬਾਰ ਦੁਹਰਾ ਕੇ ਲੋਕਾਂ ਦੇ ਜੀਵਨ ਵਿਚ ਰਚਾਇਆ ਸੀ:-

(ੳ) ਮੰਨੈ ਤਰੈ ਤਾਰੇ ਗੁਰਸਿਖ ।

( ਜਪੁਜੀ, ਪਉੜੀ-15)

(ਅ) ਆਪ ਤਰੈ ਸਗਲੇ ਕੁਲ ਤਾਰੇ ।

( ਧਨਾਸਰੀ ਮਹਲਾ ੧,ਪੰਨਾ-662)

(ੲ) ਸਾਚੁ ਵਖਰੁ ਧਨੁ ਪਲੈ ਹੋਇ।
ਆਪਿ ਤਰੈ ਤਾਰੇ ਭੀ ਸੋਇ।

( ਰਾਮਕਲੀ ਮਹਲਾ ੧,ਪੰਨਾ-944)

ਗੁਰੂ ਨਾਨਕ ਦਾ ਮਾਨਵਵਾਦ ਮਨੁੱਖ ਨੂੰ ਨਿੱਜੀ-ਕਲਿਆਣ ਤੋਂ ਵਿਸ਼ਵ-ਕਲਿਆਣ ਵੱਲ ਵਧਣ ਲਈ ਪ੍ਰੇਰਦਾ ਹੈ। ਇਸ ਪ੍ਰਸੰਗ ਵਿਚ ਡਾ. ਦੇਵਿੰਦਰ ਦੀਪ ਲਿਖਦੇ ਹਨ ਕਿ:

> ਬੰਦ ਕਲੀਆਂ ਵਾਂਗ ਜਿਹੜੇਆਪਣੀਆਂ ਪ੍ਰਾਪਤੀਆਂ ਦੀ ਸੁਗੰਧੀ ਨੂੰ ਘੁੱਟ ਰੱਖਦੇ ਹੀ ਚਲੇ ਜਾਂਦੇ ਹਨ, ਦੂਜਿਆਂ ਨਾਲ ਸਾਂਝਾ ਨਹੀਂ ਕਰਦੇ, ਉਨ੍ਹਾਂ ਦਾ ਜੀਵਨ ਵੀ ਨਿਸਫਲ ਹੈ। ਗੁਰੂ ਸਾਹਿਬ ਨੇ ਉਦਾਰਤਾ ਅਤੇ ਲੋਕ-ਕਲਿਆਣ ਦੀ ਭਾਵਨਾ ਨੂੰ ਮਨੁੱਖੀ

ਜੀਵਨ ਦਾ ਅੰਗ ਬਣਾਇਆ। ਆਪਣੀ ਬਾਣੀ ਵਿਚ ਕਿਧਰੇ ਵੀ ਵਿਅਕਤੀਗਤ ਹਿੱਤ ਦੀ ਗੱਲ ਨਹੀਂ, ਸਗੋਂ ਸਮੂਹਿਕ ਸਨੇਹ ਹੀ ਹੈ। ਮਨੁੱਖ ਜਾਤੀ ਨੂੰ ਆਪ ਦਾ ਇਹ ਸੰਦੇਸ ਸੀ:[1]

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ।
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ।
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ।

( ਸੂਹੀ ਛੰਤ ਮਹਲਾ ੧, ਪੰਨਾ-765)

ਗੁਰੂ ਨਾਨਕ ਦੇ ਸਮੇਂ ਦਾ ਸਮਾਜ ਭਿੰਨ ਭਿੰਨ ਬੁਟੀਆਂ ਵਿਚ ਵੰਡਿਆ ਹੋਇਆ ਸੀ। ਗੁਰੂ ਨਾਨਕ ਨੇ ਪਹਿਲੀ ਵਾਰ ਵਿਸ਼ਵ-ਭਾਈਚਾਰੇ ਦੀ ਆਵਾਜ਼ ਉਠਾਈ ਅਤੇ ਦੇਸ਼, ਜਾਤ ਦੇ ਭੇਦ ਦੀ ਕੰਧ ਤੋੜ ਦਿੱਤੀ। ਆਪਣੀ ਜਮਾਤ ਵਿਚ ਸਮੂਹ ਦੇ ਸਮਲਿਤ ਹੋਣ ਦੀ ਭਾਵਨਾ ਇਸ ਤੁਕ ਤੋਂ ਪ੍ਰਤੱਖ ਹੈ:-

ਆਈ ਪੰਥੀ ਸਗਲ ਜਮਾਤੀ ।

( ਜਪੁਜੀ, ਪਉੜੀ -28)

ਗੁਰੂ ਨਾਨਕ ਕੋਲ ਕਿਹੜੀ ਸ਼ਕਤੀ ਸੀ ਜਿਸ ਨਾਲ ਉਹਨਾਂ ਨੇ ਅਨੇਕ ਜੀਆਂ ਨੂੰ ਇਕ ਪ੍ਰੇਮ ਵਲਗਣ ਵਿਚ ਪਰੋ ਕੇ ਇਕ ਨਿਆਰਾ ਹੀ ਪੰਥ ਚਲਾਇਆ। ਉਹ ਸੀ ਇਕ 'ਮਾਨਵਵਾਦ' ਦਾ ਹਥਿਆਰ। ਉਹਨਾਂ ਨੇ ਸਮਾਜ ਵਿਚ ਪਸਰ ਰਹੀਆਂ ਬੁਰਾਈਆਂ ਤੇ ਊਣਤਾਈਆਂ ਦੀ ਜੜ੍ਹ, ਬੁਨਿਆਦ ਨੂੰ ਚੰਗੀ ਤਰ੍ਹਾਂ ਸਮਝਾਇਆ ਹੋਇਆ, ਇਨ੍ਹਾਂ ਨੂੰ ਦੂਰ ਕਰਕੇ ਇਕ ਨਰੋਏ ਤੇ ਸਿਹਤਮੰਦ ਸਮਾਜਉਸਾਰੀ ਦਾ ਰਾਹ ਦੱਸਿਆ।[2] ਟੀ ਐਸ ਵਾਸਵਾਨੀ ਦੇ ਸ਼ਬਦਾਂ ਵਿਚ: 'ਗੁਰੂ ਨਾਨਕ ਨੇ

---

1. ਡਾ.(ਮਿਸਿਜ਼) ਰੋਹਿੰਦਰ ਦੀਪ, ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਨਾਨਕ ਬਾਣੀ ਵਿਚ ਭਾਰਤੀ ਸਭਿਆਚਾਰ ਦਾ ਚਿਤਰਨ, ਪੰਨਾ-329

2. 'Surely Humanism was a creed, a practical way of life, a creative life philosophy and a productive yoga with Guru Nanak. He certainly associated certain inflexible principles with it and said with force that there could be no actualization of humanism without their strict observance.'

(Prof. Harnam Dass, "Guru Nanak-As an Ideal Humanist." Parkh, Guru Nanak Samriti Aug, 1969, p-113)

ਉਹ ਧਰਮ ਪ੍ਰਚਾਰਿਆ ਜੋ ਮਨੁੱਖਾਂ ਦੇ ਜੀਵਨ ਲਈ ਹੈ, ਜਿਹੜਾ ਸਦਾ ਮਾਨਵ ਹਿਰਦੇ ਵਿਚ ਚਮਕੇਗਾ। ਜੋ ਸੇਵਾ ਅਤੇ ਕੁਰਬਾਨੀ ਦਾ ਧਰਮ ਹੈ।'[1]

ਗੁਰੂ ਨਾਨਕ ਨੇ ਅਧਿਆਤਮਕ ਜੀਵਨ ਲਈ, ਲੋਕ ਜੀਵਨ ਦੀਉਪੇਖਿਆ ਕਦੀ ਨਹੀਂ ਕੀਤੀ। ਉਹਨਾਂ ਨੇ ਲੌਕਿਕ ਪ੍ਰਕਰਣ ਵਿਚ ਹੀ ਅਲੌਕਿਕ-ਜੀਵਨ ਬਤੀਤ ਕਰਨ ਉਤੇ ਵਿਸ਼ਵਾਸ ਕੀਤਾ। ਉਹਨਾਂ ਨੇ ਆਪਣੇ ਸਮੇਂ ਦੇ ਜੀਵਨ ਦੇ ਆਧਾਰ ਤੇ ਲੌਕਿਕ-ਜੀਵਨ ਦੇ ਮਾਇਆ-ਮਈ ਅਤੇ ਪਰੰਪਰਾਮਈ ਰੂਪ ਦਾ ਵਰਨਣ ਕੀਤਾ ਹੈ। ਉਨ੍ਹਾਂ ਦੇ ਮਨ ਵਿਚ ਨਿਰੰਤਰ ਜਨਮ ਲੈਣ ਵਾਲੇ ਪ੍ਰਸ਼ਨ ਸਨ। ਇਸ ਸੰਸਾਰ ਦਾ ਸਰੂਪ ਕੀ ਹੈ? ਇਸਦੀ ਯੋਜਨਾ ਕਰਨ ਵਾਲਾ ਕੌਣ ਹੈ, ਇਸ ਸੰਸਾਰ ਦੀ ਹੋਂਦ ਵਿਚ ਆਉਣ ਦਾ ਮਨੋਰਥ ਕੀ ਹੈ? ਇਹ ਸੰਸਾਰ ਵਿਚ ਉਹ ਕਿਹੜੀਆਂ ਸ਼ਕਤੀਆਂ ਹਨ ਜਿਹੜੀਆਂ ਜੀਵ ਨੂੰ ਆਪਣੇ ਬੰਧਨ ਵਿਚ ਜਕੜ ਲੈਂਦੀਆਂ ਹਨ? ਇਹਨਾਂ ਤੋਂ ਨਿਜਾਤ ਪ੍ਰਾਪਤ ਕਰਨ ਦਾ ਢੰਗ ਕੀ ਹੋ ਸਕਦਾ ਹੈ? ਗੁਰੂ ਸਾਹਿਬ ਨੇ, ਮਨੁੱਖ ਨੂੰ ਸੰਪੂਰਣ ਸੰਸਾਰਕ ਮਿਥਿਆਚਰਣਾਂ, ਸੁਆਰਥਪਰਤਾਵਾਂ ਅਤੇ ਦੁਰਾਚਰਣਾਂ ਤੋ ਵਖਰੇ ਦੂਰ ਰਹਿਣ ਲਈ ਕਿਹਾ ਅਤੇ ਇਸਦੇ ਨਾਲ ਨਾਲ ਸਦ-ਆਚਰਣ, ਸੱਚ-ਨਿਸ਼ਠਾ ਅਤੇ ਨਿਰ-ਸੁਆਰਥ ਭਾਵਨਾ ਦਾ ਉਪਦੇਸ਼ ਵੀ ਦਿੱਤਾ ਹੈ। ਇਹ ਦਇਆ, ਪ੍ਰੇਮ ਸਾਧ-ਸੰਗਤ, ਅਹਿੰਸਾ, ਦ੍ਰਿੜਤਾ ਆਦਿ ਆਚਰਣ ਦੀਆਂ ਅਜਿਹੀਆਂ ਭਾਵਨਾਵਾਂ ਹਨ, ਜਿਹੜੀਆਂ ਸਮਾਜ ਦੇ ਸੰਦਰਭ ਵਿਚ ਹੀ ਸਾਰਥਕ ਹੋ ਸਕਦੀਆਂ ਹਨ। ਗੁਰੂ ਸਾਹਿਬ ਨੇ ਇਹਨਾਂ ਦੇ ਆਗ੍ਰਹਿ ਦੇ ਮਾਧਿਅਮ ਰਾਹੀਂ, ਆਪਣੀ ਸਾਧਨਾ ਦੀ ਭੂਮਿਕਾ ਵਿਚ, ਜੀਵਨ ਦਾ ਮਾਨਵੀ ਪੱਧਰ ਸਵੀਕਾਰ ਕੀਤਾ ਹੈ। ਗੁਰੂ ਸਾਹਿਬ ਮਾਨਵੀ ਜੀਵਨ ਦੀ ਵਾਸਤਵਿਕਤਾ ਨੂੰ ਇਸ ਪ੍ਰਕਾਰ ਸਵੀਕਾਰ ਕਰਦੇ ਹਨ।

(ੳ) ਮਣਾਸ ਜਨਮੁ ਦੁਲੰਭ ਗੁਰਮੁਖਿ ਪਾਇਆ।

( ਸੂਹੀ ਮਹਲਾ , ਪੰਨਾ 751)

(ਅ) ਇਸ ਦੁਰਲੱਭ ਜਨਮ ਨੂੰ ਅਜਾਈ ਨਹੀਂ ਗਵਾਣਾ।

(ਅ) ਰੈਣ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ।
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੈ ਜਾਇ ।

( ਗਉੜੀ ਮਹਲਾ ੧, ਪੰਨਾ-156)

---

1. T.L.Vaswani, Guru Nanak, Prophet of Light, P-11

ਗੁਰੂ ਸਾਹਿਬ ਨੇ ਇਸ ਬ੍ਰਹਿਮੰਡ ਦੀ ਹੋਂਦ ਨੂੰ ਵੀ ਯਥਾਰਥਕ ਪੱਧਰ ਤੇ ਸਵੀਕਾਰ ਕਰਦੇ ਹੋਏ ਇਸ ਪ੍ਰਕਾਰ ਲਿਖਿਆ ਹੈ:

ਸਚੇ ਤੇਰੇ ਖੰਡ ਸਚੇ ਬ੍ਰਹਿਮੰਡ
ਸਚੇ ਤੇਰੇ ਲੋਅ ਸਚੇ ਆਕਾਰ
ਸਚੇ ਤੇਰੇ ਕਰਣੇ ਸਰਬ ਬੀਚਾਰ
ਸਚਾ ਤੇਰਾ ਅਮਰੁ ਸਚਾ ਦੀਬਾਣੁ
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ
ਸਚਾ ਤੇਰਾ ਕਰਮੁ ਸਚਾ ਨੀਸਾਣੁ ।

( ਆਦਿ ਗ੍ਰੰਥ, ਆਸਾ ਦੀ ਵਾਰ,
ਮਹਲਾ ੧, ਪੰਨਾ-463)

ਨਾਨਕ-ਬਾਣੀ ਸ੍ਰਿਸ਼ਟੀ ਦੀ ਹੋਂਦ ਨੂੰ ਸੱਚ ਮੰਨਦੀ ਹੋਈ, ਸੰਸਾਰਿਕ ਕਦਰਾਂ ਕੀਮਤਾਂ ਨੂੰ ਯਥਾਰਥਵਾਦੀ ਦਾਰਸ਼ਨਿਕ ਚਿੰਤਨ ਨ ਰਾਹੀਂ ਇਸ ਤਰ੍ਹਾਂ ਨਿਸ਼ਚਿਤ ਕਰਦੀ ਹੈ:

ਨਾਨਕ ਸਤਿਗੁਰੁ ਭੇਟੀਐ ਪੂਰੀ ਹੋਵੈ ਜੁਗਤਿ
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ।

(ਸ੍ਰੀ ਰਾਗ ਮਹਲਾ ੧, ਪੰਨਾ-7੮)

ਗੁਰੂ ਨਾਨਕ ਨੇ ਮਾਨਵੀ ਹੋਂਦ ਨੂੰ ਯਥਾਰਥਕ ਪੱਧਰ ਤੇ ਕਿਵੇਂ ਸਵੀਕਾਰ ਕੀਤਾ ਹੈ? ਡਾ. ਜਗਬੀਰ ਸਿੰਘ ਇਸ ਸੰਦਰਭ ਵਿਚ ਇਸ ਤਰ੍ਹਾਂ ਲਿਖਦੇ ਹਨ:

ਮਾਨਵ ਦਾ ਤੱਤ ਆਤਮਾ ਹੈ ਅਤੇ ਆਤਮਾ ਪਰਮਾਤਮਾ ਵਿਚ ਕੋਈ ਅੰਤਰ ਨਹੀਂ। ਇਨ੍ਹਾਂ ਕਹਿਣ ਨਾਲ ਮਾਨਵ ਜੀਵਨ ਦੀ ਸਾਰਥਕਤਾ ਨਿਸ਼ਚਿਤ ਨਹੀਂ ਹੁੰਦੀ। ਮਾਨਵ ਭਾਵੇਂ ਨਿਰਾ ਸ਼ਰੀਰ ਨਹੀਂ ਹੈ ਪਰ ਸਰੀਰ ਤੋਂ ਭਿੰਨ ਆਤਮਾ ਕੇਵਲ ਇਕ ਸੰਕਲਪ ਹੀ ਜਾਪਦਾ ਹੈ। ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਆਤਮਾ ਮਾਨਵ ਦੀ ਸੰਭਾਵਨਾ ( possibility) ਹੈ ਜਦ ਕਿ ਸਰੀਰ ਅਤੇ ਇਸਦੇ ਹੋਰ ਸਾਰੇ ਮਾਨਸਿਕ ਪੱਖ ਇਸਦੀ ਵਾਸਤਵਿਕਤਾ ( Actuality ) ਮਾਨਵ-ਜੀਵਨ ਇਸ ਵਾਸਤਵਿਕਤਾ ਅਤੇ ਸੰਭਾਵਨਾ ਦਾ ਸਮਨਵੈ

( Synthesis ) ਜਾਪਦਾ ਹੈ। ਵਾਸਤਵਿਕਤਾ ਨੂੰ ਸਵੀਕਾਰ ਕਰਕੇ, ਉਸ ਵਿਚੋਂ ਲੰਘ ਕੇ ਹੀ ਸੰਭਾਵਨਾ ਦੇ ਜਗਤ ਦੀ ਪ੍ਰਾਪਤੀ ਹੋ ਸਕਦੀ ਹੈ।[1]

ਨਾਨਕ-ਬਾਣੀ ਅਨੁਸਾਰ ਮਨੁੱਖ ਸੰਸਾਰ ਦਾ ਇਕ ਅਧੂਰਾ ਅੰਗ ਨਹੀਂ। ਮਨੁੱਖ ਵਿਚ ਹੀ ਸਾਰੀ ਸ੍ਰਿਸ਼ਟੀ ਦਾ ਮਰਮ ਤੇ ਰਹੱਸ ਪ੍ਰਵੇਸ਼ ਹੈ। ਮਨੁੱਖ ਦਰਅਸਲ ਸੰਸਾਰ ਤੇ ਪਰਮਾਤਮਾ ਦੇ ਦਰਮਿਆਨ ਇਕ ਪੁਲ ਤੇ ਸਾਂਝ ਪਾਉਣ ਵਾਲੀ ਕੜੀ ਹੈ। ਪਰਮਾਤਮਾ ਸੰਸਾਰ ਤਕ ਆਪਣੀ ਆਵਾਜ਼ ਮਨੁੱਖ ਰਾਹੀਂ ਪਹੁੰਚਦਾ ਹੈ। ਗੁਰੂ ਨਾਨਕ ਕਰਮ-ਸਾਧਨਾ ਵਿਚ ਹੀ ਯੋਗ, ਜੱਪ, ਤੱਪ ਦੀ ਸਿਧੀ ਮੰਨਦੇ ਹਨ। ਕਰਮਾਂ ਦੀ ਪਵਿਤਰਤਾ ਉਤੇ, ਭਾਵਨਾ ਦੀ ਸਚਾਈ ਉਤੇ, ਈਮਾਨਦਾਰੀ ਅਤੇ ਦੂਜਿਆਂ ਦੀ ਭਲਾਈ ਦੇ ਕਾਰਜਾਂ ਉਤੇ, ਗੁਰੂ ਸਾਹਿਬ ਨੇ ਜ਼ੋਰ ਦਿੱਤਾ ਹੈ। ਉਪਰੋਕਤ ਸੱਚੇ, ਅਮਰ ਗੁਣਾਂ ਨੂੰ ਅਪਣਾ ਕੇ ਅਤੇ ਹਉਮੈ, ਤੰਗ-ਦਿਲੀ ਅਤੇ ਫੋਕੇ ਕਰਮ-ਕਾਂਡਾਂ ਦੇ ਘੇਰੇ ਤੋਂ ਮੁਕਤ ਹੋ ਕੇ ਹੀ 'ਏਕ ਪਿਤਾ ਏਕਸ ਕੇ ਹਮ ਬਾਰਕ' ਤੇ ਸੰਭ ਮਨੁੱਖ ਜਾਤੀ ਦੀ ਭਰਾਤ੍ਰੀਅਤਾ ਨੂੰ ਪਹਿਚਾਣਿਆ ਜਾ ਸਕਦਾ ਹੈ।[2]

ਨਾਨਕ-ਬਾਣੀ ਦਾ ਸੰਜਰਾਪਣ ਉਹਨਾਂ ਦੇ ਪ੍ਰਬਲ ਮਾਨਵਵਾਦ ਵਿਚ ਹੈ ਜੋ ਕਦੇ ਵੀ ਪੁਰਾਣਾ ਹੋਣ ਵਾਲਾ ਨਹੀਂ। ਇਹ ਮਾਨਵਵਾਦ ਅਸਪਸ਼ਟ ਨਹੀਂ, ਸਗੋਂ ਨਿੱਗਰ ਹੈ। ਇਹ ਰਿਖੜੀਆਂ ਸਮਾਜਿਕ ਅਤੇ ਜਾਤੀ ਸਮੱਸਿਆਵਾਂ ਪ੍ਰਤੀ ਭਾਂਜਵਾਦੀ ਦ੍ਰਿਸ਼ਟੀਕੋਣ ਨਹੀਂ ਅਪਣਾਉਂਦਾ, ਬਲ ਕਿ ਸਮਾਜ ਵਿਚ ਰਹਿੰਦਿਆਂ ਹੋਇਆਂ ਸਮਾਜਿਕ ਸਮੱਸਿਆਵਾਂ ਦਾ ਸਮਾਧਾਨ ਕਰਕੇ ਮਾਨਵ ਨੂੰ ਸੁਖਮਈ ਮਾਨਵਵਾਦੀ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ। ਨਾਨਕ-ਬਾਣੀ ਸੱਚੇ ਗਿਆਨ ਨੂੰ ਕਰਨੀ ਵਿਚੋਂ ਨਿਸਰਿਆ ਮੰਨਦੀ ਹੈ। ਕਥਨੀ ਅਤੇ ਵਾਦ-ਵਿਵਾਦ ਦੇ ਫੋਕੇ ਫਲਸਫੇ ਨੂੰ ਗਿਆਨ ਨਹੀਂ ਮੰਨਿਆ :-

---

1. ਡਾ. ਜਗਬੀਰ ਸਿੰਘ,"ਗੁਰੂ ਨਾਨਕ ਬਾਣੀ ਵਿਚ ਮਾਨਵ ਦਾ ਸੰਕਲਪ" ਖੋਜ ਪਤ੍ਰਿਕਾ: ਵਿਸ਼ੇਸ਼ ਅੰਕ,ਨਵੰਬਰ 1969,ਪੰਨਾ-185

2. Unity under the banner of Nanakism,to create a new order of righteousness, harmony,peace and progress both temporal and spiritual;you have nothing to lose but your chains of egoism,narrenism,ritualism and fanaticism.'

(Isher Singh,Nanakism:A new world order,Temporal and spiritual, P-284)

ਗਿਆਨ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ।।
ਕਰਮਿ ਮਿਲੈ ਤਾਂ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ।।

( ਵਾਰ ਆਸਾ, ਮਹਲਾ ੧, ਪੰਨਾ-465)

ਭੌਤਿਕ ਜਗਤ ਨੂੰ ਗੁਰੂ ਨਾਨਕ ਮਿਥਿਆ ਨਹੀਂ ਮੰਨਦੇ:

ਨਾਨਕ ਸਚੇ ਕੀ ਸਾਚੀ ਕਾਰ ।

( ਗੁਰੂ ਗ੍ਰੰਥ ਸਾਹਿਬ, ਪੰਨਾ-7)

ਜਿਤਨਾ ਚਿਰ ਮਨੁੱਖ ਧਰਮ-ਖੰਡ ਦੀਆਂ ਕੀਮਤਾਂ ਨੂੰ ਨਹੀਂ ਪਛਾਣਦਾ ਉਨ੍ਹਾਂ ਚਿਰ ਉਸਦਾ ਪ੍ਰਵੇਸ਼ ਉਚੇਰੇ ਖੰਡਾਂ ਵਿਚ ਨਹੀਂ ਹੋ ਸਕਦਾ। ਧਰਮ 'ਕਰਤਵ' ਜ਼ਰੂਰ ਪੂਰਾ ਕਰਨਾ ਹੈ। ਸੰਸਾਰ ਤਿਆਗ ਕੇ, ਜੰਗਲਾਂ ਵਿਚ ਜਾ ਕੇ ਤਪਸਿਆ ਕਰਨ ਵਿਚ ਮੁਕਤੀ ਨਹੀਂ।[1] ਬਲਕਿ ਇਸ ਦੁਨੀਆਂ ਵਿਚ ਰਹਿੰਦੇ ਹੋਏ ਨੇਕ ਕਰਮ ਕਰਨੇ ਹਨ। ਮਾਨਵਤਾ ਪ੍ਰਤੀ ਕਰਤੱਵ ਪੂਰੇ ਕਰਕੇ ਹੀ ਪੂਰਨ ਤੌਰ ਤੇ ਮਾਨਵਵਾਦੀ ਸੰਕਲਪ ਦੀ ਪ੍ਰਾਪਤ ਹੋ ਸਕਦੀ ਹੈ। ਨਾਨਕ-ਬਾਣੀ ਅਨੁਸਾਰ :

ਇਹ ਮਨ ਕਰਮਾ, ਇਹ ਮਨੁ ਧਰਮਤ, ਇਹੁ ਮਨ ਪੰਚ ਤਤੁ ਤੇ ਜਨਮਾ ।

( ਆਦਿ ਗ੍ਰੰਥ, ਪੰਨਾ-415)

ਅਰਥਾਤ ਦੁਨਿਆਵੀ ਕੰਮਕਾਰ ਮਨ ਨੂੰ ਧਰਮ ਦੇ ਰਾਹ ਤੇ ਪਾਉਂਦੇ ਹਨ, ਇਹਨਾਂ ਕਰਮਾਂ ਦੀ ਪੂਰਤੀ 'ਚੋਂ ਵਿਚ ਮਨੁੱਖ ਦੇ ਚੰਗੇ-ਮਾੜੇ ਹੋਣ ਦੀ ਪਰਖ ਹੁੰਦੀ ਹੈ। ਜਿਹੜਾ ਚੰਗਾ ਸੰਸਾਰੀ ਹੀ ਨਹੀਂ ਉਸਨੇ ਧਰਮ ਕੀ ਰੱਖਣਾ ਤੇ ਕਮਾਉਣਾ ਹੋਇਆ? ਨਾਨਕ-ਬਾਣੀ ਇਸ ਸ੍ਰਿਸ਼ਟੀ ਨੂੰ ਆਪਣਾ ਕਰਮ-ਖੇਤਰ ਮੰਨਦੀ ਹੈ। ਇਸ ਸੰਸਾਰ ਦੀਆਂ ਸਮੱਸਿਆਵਾਂ ਤੋਂ ਬਾਹਰ, ਦੂਰ ਨਹੀਂ ਭੱਜਣਾ, ਭਾਂਜਵਾਦੀ ਪ੍ਰਵਿਰਤੀ ਨਹੀਂ ਅਪਣਾਉਣੀ, ਬਲਕਿ ਇਸੇ ਦੁਨੀਆਂ ਵਿਚ ਰਹਿ ਕੇ ਮਾਨਵਵਾਦੀ ਕਰਮ ਕਰਨੇ ਹਨ। ਹਰ ਪ੍ਰਾਣੀ-ਮਾਤਰ ਨੂੰ ਮੀਤ-ਸਖਾ ਸਮਝ ਕੇ, ਲੋਕਾਂ ਦਾ ਹਰ

---

1. "Nor is salvation to be found in ascetic practices, in abandoning the world to pursue a solitary or an itinerant life, particularly if the renunciation is a hypocritical one designed to provide a life of irresponsible ease."

(W. H. McLeod, Guru Nanak and the sikh religion, 1968, P-211)

ਤਰ੍ਹਾਂ ਭਲਾ ਕਰਕੇ ਹੀ ਮਾਨਵਵਾਦ ਨੂੰ ਅਮਲੀ ਰੂਪ ਦਿੱਤਾ ਜਾ ਸਕਦਾ ਹੈ। ਸੀ ਐਚ ਪੇਨ ਦੇ 'ਗੁਰੂ ਨਾਨਕ ਦੇ ਨਵੀਨ ਮਾਨਵਵਾਦੀ ਦ੍ਰਿਸ਼ਟੀਕੋਣ ਬਾਰੇ ਵਿਚਾਰ ਇਥੇ ਵਰਨਣਯੋਗ ਹਨ।

> ਗੁਰੂ ਨਾਨਕ ਜੀ ਨੇ ਉਹ ਗੱਲ ਸਮਝ ਲਈ ਸੀ ਜਿਹੜੀ ਦੂਜੇ ਸੁਧਾਰਕਾਂ ਨੇ ਨਹੀਂ ਸਮਝੀ ਸੀ। ਗੱਲ ਇਹ ਸੀ ਕਿ ਧਰਮ ਉਹ ਹੀ ਜ਼ਿੰਦਾ ਰਹਿ ਸਕਦਾ ਹੈ, ਜਿਹੜਾ ਵਰਤੋਂ ਸਿਖਾਣੇ, ਜਿਹੜਾ ਇਹ ਨਾ ਸਿਖਾਣੇ ਕਿ ਦੁਨੀਆਂ ਤੋਂ ਨਸਣਾ ਕਿਵੇਂ ਹੈ ਬਲਕਿ ਸਿਖਾਣੇ ਕਿ ਦੁਨੀਆਂ ਵਿਚ ਚੰਗੀ ਤਰ੍ਹਾਂ ਰਹਿਣਾ ਕਿਵੇਂ ਹੈ। ਜਿਹੜਾ ਇਹ ਨਾ ਸਿਖਾਣੇ ਕਿ ਬਦੀਆਂ ਤੋਂ ਬਚੀਦਾ ਕਿਵੇਂ ਹੈ, ਬਲਕਿ ਸਿਖਾਣੇ ਬਦੀਆਂ ਦਾ ਟਾਕਰਾ ਕਰ ਕੇ ਕਾਮਯਾਬ ਕਿਵੇਂ ਹੋਈਦਾ ਹੈ। ਗੁਰੂ ਨਾਨਕ ਜੀ ਨੇ। ਉਚਾ ਆਚਰਨ ਬਣਾਉਣ ਉਤੇ ਜ਼ੋਰ ਦਿੱਤਾ ਹੈ। ਪਿਆਰ, ਭਰਾਤਰੀ-ਭਾਵ, ਸਦਾਚਾਰ, ਖੁਲ੍ਹ-ਦਿਲੀ, ਸਾਦਗੀ ਨੂੰ ਜੀਵਨ ਲਈ ਅਤਿ ਲੋੜੀਂਦੀਆਂ ਚੀਜ਼ਾਂ ਦੱਸਿਆ ।[1]

ਗੁਰੂ ਨਾਨਕ ਇਕ ਮਹਾਨ ਮਾਨਵਵਾਦੀ ਸਨ। ਉਹ ਸਰਬੱਤ ਦਾ ਭਲਾ ਲੋੜਦੇ ਸਨ। ਨਾਨਕ ਬਾਣੀ ਦਾ ਉਦੇਸ਼ ਸਮੁੱਚੀ ਮਨੁੱਖਤਾ ਦਾ ਸਰਬ-ਪੱਖੀ ਭੌਤਿਕ, ਨੈਤਿਕ ਅਤੇ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਕਲਿਆਣ ਕਰਨਾ ਹੈ। ਗੁਰੂ ਨਾਨਕ ਦਾ ਮਾਨਵਵਾਦ ਹਰ ਮਨੁੱਖ ਨੂੰ ਸਰਬ-ਵਿਆਪਕ, ਭਰਾਤ੍ਰੀਆਂ ਦਾ ਹਿੱਸਾ ਸਵੀਕਾਰ ਕਰਦਾ ਹੈ। ਨਾਨਕ-ਬਾਣੀ ਮਨੁੱਖ ਦੀ ਮਨੁੱਖ ਵਲੋਂ ਅਤੇ ਇਕ ਸ਼੍ਰੇਣੀ ਦੀ ਦੂਜੀ ਸ਼੍ਰੇਣੀ ਵਲੋਂ ਦੁਰਵਰਤੋਂ ਨੂੰ ਅਤੇ ਸਮਾਜਿਕ ਅਸਮਾਨਤਾਵਾਂ ਦਾ ਪੁਰਜ਼ੋਰ ਖੰਡਨ ਕਰਦੀ ਹੈ। ਸਭ ਵਿਅਕਤੀ ਇਕ ਸਮਾਨ ਹਨ, ਨਾ ਕੋਈ ਉਚ ਨਾ ਕੋਈ ਨੀਚ। ਗੁਰੂ ਨਾਨਕ ਦਾ ਮਾਨਵਵਾਦ, ਪਦਾਰਥਵਾਦੀ ਮਾਨਵਵਾਦ ਦੇ ਉਲਟ ਰੂਹਾਨੀ ਮਾਨਵਵਾਦ ਹੈ ਅਤੇ ਇਹ ਮਨੁੱਖ ਦੀ ਭੌਤਿਕ ਅਤੇ ਅਧਿਆਤਮਕ ਲੋੜਾਂ ਦੀ ਪੂਰਤੀ ਲਈ ਮਨੁੱਖੀ ਜੀਵਨ ਦੇ ਦੋਵੇਂ ਬਾਹਰੀ ਅਤੇ ਅੰਦਰੂਨੀ ਪੱਖਾਂ ਤੇ ਜ਼ੋਰ ਦਿੰਦਾ ਹੈ। ਨਾਨਕ ਬਾਣੀ ਮਨੁੱਖ ਨੂੰ ਆਪਣੇ ਅੰਦਰੋਂ ਹਉਮੈ-ਭਾਵ ਨੂੰ ਖਤਮ ਕਰਨ ਲਈ ਕਹਿੰਦੀ ਹੈ ਕਿਉਂਕਿ

---

1. C.H.Pain, The sohort History of the Sikhs, P-31

ਹਉਮੈ ਦਵੈਤ-ਭਾਵਨਾ ਉਪਜਾਉਂਦੀ ਹੈ ਜਦ ਕਿ ਮਾਨਵਵਾਦ ਏਕਤਾ ਦਾ ਨਾਂ ਹੈ। ਮਾਨਵਵਾਦ ਦੂਜੈਗੀ ਅਤੇ ਵਖਰੇਵੇਂ ਪਾਉਣ ਵਾਲੇ ਹਰ ਵਿਚਾਰ ਦਾ ਖੰਡਨ ਕਰਦਾ ਹੈ।

ਗੁਰੂ ਨਾਨਕ ਦੇ ਮਾਨਵਵਾਦ ਵਿਚ ਹੀਰਿਆਂ ਨਿਆਈਂ ਪ੍ਰਮਾਣ-ਮੂਲਕ ਸ਼ਬਦ ਮਿਲਦੇ ਹਨ ਜਿਹੜੇ ਕਿ ਜਾਤ-ਪਾਤ ਦੇ ਸਭ ਵਿਤਕਰੇ ਖਤਮ ਕਰਕੇ ਸਰਬ ਮਾਨਵ-ਜਾਤੀ ਨੂੰ ਇਕ ਬਿਆਨਦੇ ਹਨ ( Mankind is all of one Race ) ਗੁਰੂ ਨਾਨਕ ਦਾ ਮਾਨਵਵਾਦ ਸਭ ਭੇਦ-ਭਾਵ ਮਿਟਾ ਕੇ ਏਕਤਾ ਦਾ ਪ੍ਰਚਾਰ ਕਰਦਾ ਹੈ। ਨਾਨਕ-ਬਾਣੀ ਅਨੁਸਾਰ:

ਕਿਆ ਹਉ ਆਖਾ ਜਾਂ ਕਛੂ ਨਾਹਿ ॥
ਜਾਤਿ ਪਾਤਿ ਸਭ ਤੇਰੈ ਨਾਇ ॥

( ਬਸੰਤ, ਮਹਲਾ ੧, ਪੰਨਾ-1189)

ਜਾਤ-ਪਾਤ, ਊਚ-ਨੀਚ ਦੇ ਵਿਤਕਰੇ ਖਤਮ ਕਰਨ ਵਾਲੇ, ਮਾਨਵਵਾਦੀ ਆਦਰਸ਼ ਮਨੁੱਖ, ਇਸ ਸੰਸਾਰ ਵਿਚ ਵਿਰਲੇ ਹੀ ਹਨ। ਗੁਰੂ ਨਾਨਕ ਨੇ ਸਭ ਪ੍ਰਾਣੀ-ਮਾਤਰ ਨੂੰ ਇਹਨਾਂ ਵਿਤਕਰਿਆਂ ਤੋਂ ਉਪਰ ਉਠ ਕੇ ਸਰਬ-ਵਿਆਪਕ ਭਾਈਚਾਰੇ ਦਾ ਅੰਗ ਬਨਣ ਲਈ ਕਿਹਾ :

ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥
ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭ ਚੁਕਾਇਆ ॥

(ਪ੍ਰਭਾਤੀ ਮਹਲਾ ੧,ਪੰਨਾ-1345)

ਪਰਮਾਤਮਾ ਇਕ ਹੈ, ਉਸਦੀ ਜੋਤਿ, ਆਤਮਾ, ਹਰ ਪ੍ਰਾਣੀ ਵਿਚ ਵਿਦਮਾਨ ਹੈ। ਫਿਰ ਊਚ-ਨੀਚ ਦਾ ਭੇਦ-ਭਾਵ ਕਿਵੇਂ ਹੋ ਸਕਦਾ ਹੈ? ਉਸਦੀ ਜੋਤਿ ਸਭ ਵਿਚ ਇਕੋ ਜਿਹੀ ਬਿਰਾਜਮਾਨ ਹੈ, ਉਸਦੀ ਇਕ ਜੋਤਿ ਮਾਨਵਵਾਦੀ ਬਿਨਾਅ ਤੇ ਸਮਾਜ ਵਿਚ ਬਰਾਬਰੀ, ਸਮਾਨਤਾ, ਏਕਤਾ ਕਾਇਮ ਕਰਦੀ ਹੈ:

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥

(ਧਨਾਸਰੀ ਮਹਲਾ ੧ ਆਰਤੀ,ਪੰਨਾ-663)

ਜਾਤ-ਪਾਤ ਜਾਂ ਊਚ-ਨੀਚ ਦੇ ਆਧਾਰ ਤੇ ਕਿਸੇ ਵਿਅਕਤੀ ਦਾ ਅਪਮਾਨ ਕਰਨਾ ਅਮਾਨਵੀ ਕਰਮ ਹੈ, ਜੁਰਮ ਹੈ। ਬ੍ਰਹਮ ਦੀ ਜੋਤਿ ਸਭ ਵਿਚ ਸਮਾਈ ਹੋਈ

ਨਾਨਕ-ਬਾਣੀ ਅਨੁਸਾਰ:

ਬੁਰਾ ਭਲਾ ਕਹੁ ਕਿਸ ਨੋ ਕਹੀਐ ॥

ਦੀਸੈ ਬ੍ਰਹਮ ਗੁਰਮੁਖਿ ਸਚੁ ਲਹੀਐ ॥

( ਆਸਾ ਮਹਲਾ ੧, ਪੰਨਾ-353)

ਪਰਮਾਤਮਾ ਸਮਦਰਸ਼ੀ ਹੈ। ਇਸ ਸ੍ਰਿਸ਼ਟੀ ਵਿਚ ਕੋਈ ਨੀਵਾਂ ਨਹੀਂ ਕਿਉਂਕਿ ਸਭ ਨੂੰ ਪਰਮਾਤਮਾ ਨੇ ਆਪ ਸਾਜਿਆ ਹੈ। ਨਾਨਕ-ਬਾਣੀ ਅਨੁਸਾਰ:

ਸਭ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥

ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥

( ਸਿਰੀ ਰਾਗੁ, ਮਹਲਾ ੧, ਪੰਨਾ-62)

ਉਪਰੋਕਤ ਨਾਨਕ-ਬਾਣੀ ਦੀਆਂ ਟੂਕਾਂ ਮਾਨਵਵਾਦ ਦੀਆਂ ਪ੍ਰਤੀਕ ਹਨ ਮਾਨਵੀ ਏਕਤਾ, ਬਰਾਬਰੀ, ਸਮਾਨਤਾ ਦਾ ਪੁਰਜ਼ੋਰ ਸ਼ਬਦਾਂ ਵਿਚ ਸਮਰਥਨ ਕਰਦੀਆਂ ਹੋਈਆਂ ਦਿਖਾਈ ਦਿੰਦੀਆਂ ਹਨ:

ਗੁਰੂ ਨਾਨਕ ਦਾ ਮਾਨਵਵਾਦੀ ਧਰਮ ਸਰਬ-ਸ ਕਾਲੀ ਤੇ ਸਰਬ-ਸੰਸਾਰੀ ਹੈ। ਜਿਥੇ ਗੁਰੂ ਸਾਹਿਬ ਨੇ ਪਰਮਾਤਮਾ ਦੀ ਸਰਬ-ਵਿਆਪਕਤਾ ਨੂੰ ਅਨੁਭਵ ਕੀਤਾ, ਉਥੇ ਸਮੂਹ ਮਨੁੱਖ-ਜਾਤੀ ਵਿਚ ਇਕ ਗੂੜ੍ਹੀ ਸਾਂਝ ਨੂੰ ਦਰਸਾਇਆ। ਨਾਨਕ ਬਾਣੀ ਰਾਹੀਂ ਇਕ ਅਜਿਹੇ ਸਭਿਆਚਾਰਕ ਸਮਾਜ ਦੀ, ਵਿਸ਼ਵ-ਧਰਮ ਦੀ ਸਥਾਪਨਾ ਹੁੰਦੀ ਹੈ, ਜੋ ਗੁਰਮੁਖਾਂ ਦਾ ਸਮਾਜ ਹੋਵੇ, ਜਿਥੇ ਵੈਰ ਵਿਰੋਧ ਨਾ ਹੋਵੇ, ਜਿਥੇ ਕਿਸੇ ਇਕ ਦੂਜੇ ਦਾ ਡਰ ਨਾ ਹੋਵੇ, ਜਿਥੇ ਕੋਈ ਉਚਾ-ਨੀਵਾਂ ਨਾ ਹੋਵੇ, ਜਿਥੇ ਹਰ ਕੋਈ ਇਕ ਦੂਸਰੇ ਦੇ ਦੁਖ-ਸੁਖ ਦਾ ਭਾਈਵਾਲ ਹੋਵੇ ਜਿਥੇ ਸਹਿਨਸ਼ੀਲਤਾ ਤੇ ਪਿਆਰ ਹੋਵੇ, ਜਿਥੇ ਭਾਵਨਾਵਾਂ ਸਾਂਝੀਆਂ ਹੋਣ, ਜਿਥੇ ਸਤਿ ਦਾ ਰਾਜ ਹੋਵੇ, ਜਿਥੇ ਮਨੁੱਖਤਾ ਦੇ ਪ੍ਰਫੁੱਲਤ ਹੋਣ ਵਿਚ ਕੋਈ ਰੁਕਾਵਟ ਨਾ ਹੋਵੇ, ਅਜਿਹੇ ਸਮਾਜ ਵਿਚ ਹੀ ਮਾਨਵ ਏਕਤਾ ਸਥਾਪਿਤ ਹੋ ਸਕਦੀ ਹੈ।[1]

---

1. "Unity does not mean uniformity. It imples co-existence, tolerance and coherence, common interests and persuits, common hopes and fears, the sharing of values and virtues, mutual understanding, forgiveness and love.'

(Bhai Ardaman Singh, Guru Nanak's solution of National unity and Integration, P-14)

ਗੁਰੂ ਨਾਨਕ ਨੇ ਜਾਤ-ਪਾਤ, ਦੇਸ਼-ਕੌਮ ਨ ਤੇ ਰੰਗ ਰੂਪ ਦੇ ਸਭ ਵਿਤਕਰੇ ਦੂਰ ਕਰ ਦਿੱਤੇ। ਪਰਮਾਤਮਾ ਸੱਚ ਹੈ ਅਤੇ ਮਨੁੱਖ ਨੇ ਆਪਣੇ ਜੀਵਨ ਵਿਚ ਸੱਚ ਨੂੰ ਗ੍ਰਹਿਣ ਕਰਨਾ ਹੈ। ਗੁਰੂ ਨਾਨਕ ਨੇ ਸਰਵ-ਵਿਆਪਕ ਭਾਈਚਾਰੇ ( Universal Brotherhood )ਦਾ ਸੰਕਲਪ ਦਿੱਤਾ। ਉਹ ਆਪਣੇ ਸਮੇਂ ਤੋਂ ਕਿਤੇ ਅਗੇਰੇ ਸਨ। ਉਹ ਸਮੁੱਚੀ ਮਾਨਵਤਾ ਨੂੰ ਇਕ ਪਰਿਵਾਰ ਮੰਨਦੇ ਸਨ। ਗੁਰੂ ਨਾਨਕ ਦਾ ਭਾਈਵਾਲਤਾ ਜਾਂ ਭਰਾਤ੍ਰੀਅਤਾ ਦਾ ਸੰਕਲਪ ਉਨ੍ਹਾਂ ਦੇ ਈਸ਼ਵਰ ਨਾਲ ਏਕਤਾ ਦੇ, ਵਿਚਾਰ ਨਾਲ ਜੁੜਿਆ ਹੋਇਆ ਹੈ। ਭਾਈ ਜੋਧ ਸਿੰਘ ਲਿਖਦੇ ਹਨ,"ਮਨੁੱਖ ਦੀ ਭਾਈਵਾਲਤਾ ਈਸ਼ਵਰ ਦੇ ਸੰਕਲਪ ਲਈ ਜ਼ਰੂਰੀ ਹੈ।"[1] ਜਦ ਤਕ ਮਨੁੱਖ ਈਸ਼ਵਰ ਦੇ ਬਣਾਏ ਹੋਏ ਬੰਦਿਆਂ ਨਾਲ ਪਿਆਰ ਨਹੀਂ ਕਰੇਗਾ, ਉਹਨਾਂ ਦੇ ਪ੍ਰਤੀ ਸੇਵਾ, ਨਿਆਂ,ਦਇਆ, ਸਹਾਨੂਭੂਤੀ, ਸ਼ਾਂਤੀ ਦੀਆਂ ਭਾਵਨਾਵਾਂ ਨਹੀਂ ਰਖੇਗਾ, ਉਦੋਂ ਤਕ ਉਸਨੂੰ ਈਸ਼ਵਰ ਦੀ ਪ੍ਰਾਪਤੀ ਨਹੀਂ ਹੋ ਸਕੇਗੀ। ਕਹਿਣ ਦਾ ਭਾਵ ਇਹ ਹੈ ਕਿ ਮਨੁੱਖ ਨੂੰ ਪਹਿਲਾਂ ਇਹ-ਲੋਕ ਵਿਚ ਮਾਨਵਵਾਦੀ ਕਰਮ ਕਰਨੇ ਪੈਣਗੇ ਫਿਰ ਈਸ਼ਵਰ ਦੀ ਪ੍ਰਾਪਤੀ ਹੋਵੇਗੀ। ਇਸ ਪ੍ਰਸੰਗ ਵਿਚ ਡਾ. ਕੁਲਬੀਰ ਸਿੰਘ ਕਾਂਗ ਇਸ ਪ੍ਰਕਾਰ ਲਿਖਦੇ ਹਨ:

> ਗੁਰੂ ਨਾਨਕ ਸਾਹਿਬ ਦੀ ਵਿਰਾਟ ਪ੍ਰਤਿਭਾ ਇਕੋ ਵਕਤ ਦੋ ਵਿਰੋਧੀ ਪਰ ਇਕ ਦੂਜੇ ਦੇ ਪੂਰਕ ਜੀਵਨ-ਤੱਤਾਂ ਜਾਂ ਜੀਵਨ ਪੱਖਾਂ ਨੂੰ ਸੰਜੁਗਤ ਤੇ ਸੰਮਿਲਤ ਕਰਨ ਵਾਲੀ ਪ੍ਰਤਿਭਾ ਸੀ ਅਰਥਾਤ ਇਕ ਪਾਸੇ ਰਾਜਸੀ ਤੇ ਸਭਿਆਚਾਰਕ ਕਰਤੱਵਾਂ ਦੀ ਅਮਲੀ ਪ੍ਰੇਰਣਾ ਤੇ ਦੂਜੇ ਪਾਸੇ ਅਧਿਆਤਮਕ ਤੇ ਰਹੱਸਵਾਦੀ ਅਨੁਭਵ ਦੀ ਆਵਸ਼ਕਤਾ। ਇਹ ਦੋਵੇਂ ਪੱਖ ਗੁਰੂ ਸਾਹਿਬ ਦੀ ਸਾਹਿਕਤਾ ਵਿਚ ਇਕਤ੍ਰਿਤ ਤੇ ਸੰਗਠਿਤ ਹੋਏ ਸੰਪੂਰਨ ਰੂਪ ਵਿਚ ਮਿਲਦੇ ਹਨ।[2]

ਇਹਨਾਂ ਦੋਹਾਂ ਵਿਰੋਧਤਾਵਾਂ ਦੇ ਸੁਮੇਲ ਤੋਂ ਗੁਰੂ ਸਾਹਿਬ ਨੇ ਵਿਸ਼ਵ-ਧਰਮ, ਮਾਨਵਵਾਦੀ ਧਰਮ ਦੀ ਸਥਾਪਨਾ ਕੀਤੀ। ਇਸ ਸੰਦਰਭ ਵਿਚ ਪ੍ਰਿੰ. ਸਤਿਬੀਰ

---

1. Bhai Jodh Singh, <u>Some studies in Sikhism</u>, P.14

2. ਡਾ. ਕੁਲਬੀਰ ਸਿੰਘ ਕਾਂਗ,ਸਮਕਾਲੀ ਪੰਜਾਬੀ ਆਲੋਚਨਾ,ਪੰਨਾ-58

ਸਿੰਘ ਦੇ ਵਿਚਾਰ ਇਸ ਤਰ੍ਹਾਂ ਹਨ:

> ਸਰ ਮੁਹੰਮਦ ਇਕਬਾਲ ਨੇ ਜਿਥੇ ਗੁਰੂ ਨਾਨਕ ਨੂੰ ਮਰਦੇ ਕਾਮਿਲ ਅਤੇ 'ਵਹਾਦਤ ਦਾ ਗੀਤ' ਗਾਉਣ ਵਾਲਾ ਲਿਖ ਕੇ ਸ਼ਰਧਾ ਪ੍ਰਗਟਾਈ ਹੈ, ਉਥੇ ਐਨ. ਇਨਸਾਈਕਲੋਪੀਡੀਆ ਆਫ਼ ਇਸਲਾਮ ਦੀ ਚੌਥੀ ਜਿਲਦ ਵਿਚ ਗੁਰੂ ਨਾਨਕ ਦੀ ਸਾਰੀ ਸਿੱਖਿਆ ਦਾ ਮੰਤਵ ਸਮਾਜਕ ਸਾਵਾਂਪਣ, ਵਿਸ਼ਵ-ਭਾਈਚਾਰਾ ਬਣਾਉਣਾ ਅਤੇ ਫ਼ਿਰਕਾਦਾਰੀ ਤੋੜਨਾ ਤੇ ਵਹਿਮਾਂ ਨੂੰ ਉਡਾਉਣਾ ਲਿਖਿਆ। ਉਸਦੇ ਉਪਦੇਸ਼ ਵਿਚ ਰੀਤ, ਰਸਮ ਨੂੰ ਕੋਈ ਥਾਂ ਨਹੀਂ ਸੀ ( The theolo?y of Nanak was not formal)[1]

ਨਪੋਲੀਅਨ, ਸਿਕੰਦਰ, ਹਿਟਲਰ ਅਤੇ ਹੋਰ ਰਾਜਨੀਤਿਕ ਆਗੂ ਮਨੁੱਖ ਦੀ ਦੇਸ਼, ਕੌਮ ਦੇ ਆਧਾਰਉਤੇ ਦੂਰਵਾਰ ਕਰਕੇ ਸਮਝਦੇ ਸਨ ਕਿ ਉਨ੍ਹਾਂ ਨੇ ਇਤਿਹਾਸ ਦੀਆਂ ਨੀਹਾਂ ਉਲੀਕੀਆਂ ਹਨ। ਇਤਿਹਾਸਕਾਰਾਂ ਦੀਆਂ ਪੁਰਾਣੀਆਂ ਕੀਮਤਾਂ ( Values ) ਅਨੁਸਾਰ ਉਨ੍ਹਾਂ ਨੇ ਭਾਵੇਂ ਕੋਈ ਮਾਰਕੇ ਦੀ ਗੱਲ ਕੀਤੀ ਹੋਵੇ ਪਰ ਨਵੀਨ ਦ੍ਰਿਸ਼ਟੀਕੋਣ ਤੋਂ ਕਿਸੇ ਦੇਸ਼, ਕੌਮ ਦੇ ਇਤਿਹਾਸ-ਨਿਰਮਾਤਾ, ਅਜਿਹੇ ਮਹਾਂਪੁਰਸ਼ ਹੁੰਦੇ ਹਨ ਜਿਹੜੇ ਕਿਸੇ ਪ੍ਰਕਾਰ ਦਾ ਵਿਤਕਰਾ ਖੜਾ ਕੀਤੇ ਬਿਨਾ ਨਿੱਕਿਆਂ ਨਿੱਕਿਆਂ ਹੱਦਾਂ-ਬੰਨਿਆਂ ਨੂੰ ਤੋੜਦੇ ਹੋਏ ਵਿਸ਼ਵ-ਸ਼ਾਂਤੀ ਸਥਾਪਤ ਕਰਨ ਯਤਨ ਕਰਦੇ ਹਨ। ਮਹਾਂਕਵੀ ਰਾਬਿੰਦਰ ਨਾਥ ਟੈਗੋਰ ਨੇ ਆਪਣੀ ਸੰਸਾਰ ਪ੍ਰਸਿੱਧ ਕ੍ਰਿਤ ਵਿਸ਼ਵ-ਮਨੁੱਖ ( Universal Man ) ਵਿਚ ਵੀ ਅਜਿਹੇ ਹੀ ਵਿਚਾਰ ਪ੍ਰਗਟ ਕੀਤੇ ਹਨ।[2]

ਗੁਰੂ ਨਾਨਕ ਨੇ ਮਨੁੱਖ-ਮਨੁੱਖ ਵਿਚਲੇ ਹਰ ਤਰ੍ਹਾਂ ਦੇ ਭੇਦਾਂ ਨੂੰ ਖ਼ਤਮ ਕਰਕੇ, ਹੱਦ-ਬੰਨੇ ਤੋੜ ਕੇ ਸਾਰੀ ਮਾਨਵਤਾ ਨੂੰ ਇਕ-ਮੁੱਠ ਕਰਨ ਦਾ ਯਤਨ ਕੀਤਾ। ਮਾਨਵਤਾ ਨੂੰ ਅਜਿਹੀ ਰੂਹਾਨੀਅਤ, ਅਜਿਹੀ ਨੈਤਿਕਤਾ ਦੀ ਲੋੜ ਹੁੰਦੀ ਹੈ, ਜਿਹੜੀ

---

1. ਪ੍ਰੋ. ਸਤਿਬੀਰ ਸਿੰਘ, ਸਾਡਾ ਇਤਿਹਾਸ( ਦਸ ਪਾਤਸ਼ਾਹੀਆਂ) 1469-1708, ਪੰਨਾ-135
2. ਪੰਜਾਬੀ ਦੁਨੀਆਂ, ਮਾਰਚ 1970, ਪੰਨਾ-79

ਥੋਥੀਆਂ ਹੋ ਚੁਕੀਆਂ ਰੀਤਾਂ ਅਤੇ ਪੁਰਾਣੇ, ਪਿਛਾਂਹ-ਖਿੱਚੂ ਵਿਚਾਰਾਂ ਦੀ ਕੈਦ ਤੋਂ ਮੁਕਤ ਹੋਵੇ, ਜਿਸਦਾ ਆਧਾਰ ਪਿਆਰ, ਸੱਚ ਤੇ ਸੇਵਾ ਹੋਵੇ, ਜਿਸਦਾ ਨਫ਼ਰਤ ਦੁਸ਼ਮਣੀ ਅਤੇ ਰੂੜ੍ਹੀਵਾਦ ਨਾਲ ਕੋਈ ਸੰਬੰਧ ਨਾ ਹੋਵੇ। ਗੁਰੂ ਨਾਨਕ ਦੇ ਮਾਨਵਵਾਦ ਦੀ ਸਰਬਕਾਲੀ ਅਹਿਮੀਅਤ ਹੈ। ਗੁਰੂ ਨਾਨਕ ਦੇ ਇਸ ਧਰਮ ਨੇ ਮਾਨਵ ਵਿਚ ਚੇਤਨਾ ਪੈਦਾ ਕੀਤੀ।[1]

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦਾ ਮਾਨਵ-ਵਾਦ ਸਰਬਕਾਲੀ ਮਾਨਵੀ ਕੀਮਤਾਂ ਦੀ ਪੇਸ਼ਕਾਰੀ ਹੈ। ਅਰਥਾਤ ਇਸਦੀ ਸਰਬਕਾਲੀ ਅਹਿਮੀਅਤ ਹੈ। ਗੁਰੂ ਨਾਨਕ ਰਹੱਸਵਾਦੀ ਹੁੰਦੇ ਹੋਏ ਵੀ ਮਾਨਵਵਾਦੀ ਸਨ। ਗੁਰੂ ਨਾਨਕ, ਪੰਦਰ੍ਹਵੀਂ-ਸੋਲ੍ਹਵੀਂ ਸਦੀ ਦੇ ਮਹਾਨ ਮਾਨਵਵਾਦੀ ਹੋਏ ਹਨ ਜਿਨ੍ਹਾਂ ਨੇ ਸਰਬ-ਸਾਂਝੇ ਧਰਮ ਦੀ ਆਵਾਜ਼ ਉਠਾਈ, ਸਮੂਹ ਪ੍ਰਾਣੀ-ਮਾਤਰ ਦੀ ਭਲਾਈ, ਕਲਿਆਣ ਇਹਨਾਂ ਦਾ ਉਦੇਸ਼ ਸੀ। ਕੱਟੜ ਜਮਾਤੀ ਹੱਦ-ਬੰਦੀਆਂ ਦੇ ਤੰਗ ਜਿਹੇ ਘੇਰਿਆਂ ਵਿਚ ਘਿਰੇ ਹੋਏ ਲੋਕਾਂ ਨੂੰ ਉਨ੍ਹਾਂ ਨੇ ਵਿਸ਼ਵ-ਵਿਆਪਕ ਮਨੁੱਖੀ ਏਕਤਾ ਵਾਲੇ ਮਾਨਵਵਾਦ ਬਾਰੇ ਸਮਝਾਉਣ ਦੀ ਸਫਲ ਕੋਸ਼ਿਸ਼ ਕੀਤੀ। ਗੁਰੂ ਨਾਨਕ ਨੇ ਜਾਗੀਰਦਾਰੀ ਕੀਮਤਾਂ ਨੂੰ ਤ੍ਰਿਸਕਾਰ ਕੇ ਨਵੀਆਂ ਅਗਰਗਾਮੀ ਮਾਨਵਵਾਦੀ ਕੀਮਤਾਂ ਦਾ ਸਮਰਥਨ ਕੀਤਾ।

---

1. " He Creates a great awakening among the masses and showed the real path or 'Dharma' taught them to discard the evils practised in the name of religion and broght about cohesion among the pepole bared on a message of universal love and humanism.

(Joginder Bedi, 'Birth of a Path Finder' The Sunday Tribune, Sunday Reading Nov 4, 1984)

****

ਅਧਿਆਇ ਦੂਜਾ:

o

o

o

o

o

o

o

## ਗੁਰੂ ਨਾਨਕ ਬਾਣੀ ਵਿਚ ਮਾਨਵਵਾਦ ਦਾ ਸੰਕਲਪ

## -ਧਾਰਮਿਕ ਸੰਦਰਭ ਵਿਚ ਮਾਨਵਵਾਦ ਦਾ ਸੰਕਲਪ -

(ੳ) ਧਰਮ ਅਤੇ ਮਾਨਵੀ ਕੀਮਤਾਂ

(ਅ) ੧ਓ ਮਾਨਵੀ ਏਕਤਾ ਦਾ ਪ੍ਰਤੀਕ

(ੲ) ਕੂੜਿਆਰ ਤੋਂ ਸਚਿਆਰ ਵੱਲ

****

## ਧਾਰਮਿਕ ਸਿਧਾਂਤ

ਗੁਣ ਵੀਚਾਰੇ ਗਿਆਨੀ ਸੋਇ ॥
ਗੁਣ ਮਹਿ ਗਿਆਨੁ ਪਰਾਪਤਿ ਹੋਇ ॥

( ਮਹਲਾ ੧)

****

(੪) <u>ਧਰਮ ਅਤੇ ਮਾਨਵੀ ਕੀਮਤਾਂ:</u>

ਧਰਮ ਮਨੁੱਖੀ ਜੀਵਨ ਦਾ ਅਟੁੱਟ ਅੰਗ ਰਿਹਾ ਹੈ। ਮਨੁੱਖਤਾ ਦਾ ਅਧਿਐਨ ਧਰਮ ਦੇ ਅਧਿਐਨ ਤੋਂ ਬਿਨਾ ਪੂਰਾ ਨਹੀਂ ਹੋ ਸਕਦਾ। ਧਰਮ ਦੇ ਪ੍ਰਤੀ ਮਨੁੱਖ ਦੀ ਵਿਅਕਤੀਗਤ ਧਾਰਣਾ ਕੁਝ ਵੀ ਹੋ ਸਕਦੀ ਹੈ ਲੇਕਿਨ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਧਰਮ ਮਨੁੱਖ ਦੇ ਇਤਿਹਾਸ ਵਿਚ ਬਹੁਤ ਹੀ ਬਲਵਾਨ ਤੱਤ ਰਿਹਾ ਹੈ। ਮਨੁੱਖ ਦਾ ਇਤਿਹਾਸ ਧਰਮ ਦਾ ਇਤਿਹਾਸ ਹੈ। ਇੰਦਰੀਆਂ ਦੇ ਕੰਮਾਂ ਨੂੰ ਉਚਿਤ ਰੂਪ ਵਿਚ ਪ੍ਰਤੀਪਾਦਤ ਕਰਨ ਵਾਲੀ ਅੰਦਰੂਨੀ ਸ਼ਕਤੀ ਜਾਂ ਪ੍ਰੇਰਨਾ ਨੂੰ ਧਰਮ ਕਿਹਾ ਜਾ ਸਕਦਾ ਹੈ। ਧਰਮ ਮਨੁੱਖ ਦੀ ਆਤਮਕ ਉਨਤੀ ਦਾ ਰਾਹ ਦਰਸਾਉਂਦਾ ਹੈ ਅਤੇ ਇਹੀ ਆਤਮਕ ਉਨਤੀ ਮਨੁੱਖ ਨੂੰ ਮਾਨਵਵਾਦੀ ਰਾਹਾਂ ਤੇ ਤੋਰਦੀ ਹੈ।

ਭਾਰਤ ਧਰਮ ਪ੍ਰਧਾਨ ਦੇਸ਼ ਰਿਹਾ ਹੈ। ਇਥੇ ਅਨੇਕਾਂ ਧਰਮ ਵਿਕਸਿਤ ਹੋਏ। ਪਰ ਗੁਰੂ ਨਾਨਕ ਸਾਹਿਬ ਵੇਲੇ ਸਥਿਤੀ ਅਜਿਹੀ ਸੀ ਕਿ ਉਸ ਸਮੇਂ ਦੇ ਧਰਮ ਨੂੰ ਅਧਰਮ ਕਹਿਣਾ ਹੀ ਉਚਿਤ ਹੈ। ਧਰਮ-ਆਗੂਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਕਥਨੀ ਤੇ ਕਰਨੀ ਵਿਚ ਬਿਲਕੁਲ ਵਿਰੋਧ ਸੀ। ਧਾਰਮਿਕ ਮੁਖੀ ਆਪ ਅਗਿਆਨਤਾ ਵਿਚ ਫਸੇ ਹੋਏ ਸਨ। ਚੇਲਿਆਂ ਨੂੰ ਕੁਰਾਹੇ ਪਾ ਰਹੇ ਸਨ, ਵਹਿਮਾਂ-ਭਰਮਾਂ ਵਿਚ ਪਾ ਦਿੰਦੇ ਸਨ। ਮਨੁੱਖਤਾ ਨੂੰ ਜੋੜਨ ਦੀ ਥਾਂ ਵਿਛੋੜਨ ਦਾ ਕਾਰਣ ਬਣ ਰਹੇ ਸਨ।[1]

ਮੱਧਕਾਲੀਨ ਯੁੱਗ ਵਿਚ ਧਾਰਮਿਕ ਨੇਤਾ ਧਰਮ ਦੇ ਨਾਂ ਤੇ ਅਧਰਮੀ, ਅਮਾਨਵੀ ਕਰਮ ਕਰ ਰਹੇ ਸਨ। ਧਰਮ ਮਾਨਵਤਾ ਦੀ ਆਧਾਰ-ਸ਼ਿਲਾ ਹੈ ਪਰੰਤੂ ਉਸ ਸਮੇਂ ਮਾਨਵਤਾ ਆਪਣੇ ਇਸ ਉੱਤਮ ਆਧਾਰ ਤੋਂ ਮਹਿਰੂਮ ਸੀ। ਉਸ ਸਮੇਂ ਮਾਨਵਤਾ ਦੀ ਬੇੜੀ ਗੈਰ-ਮਾਨਵਵਾਦੀ ਕਰਮਾਂ ਦੇ ਅੰਧਕਾਰ ਵਿਚ ਗਰਕੀ ਹੋਈ ਸੀ। ਉਸ ਸਮੇਂ ਧਾਰਮਿਕ ਅਧੋਗਤੀ ਦਾ ਸਮਾਂ ਸੀ। ਅਧਰਮ ਜਾਂ ਅਸੱਤ ਦਾ ਬੋਲਬਾਲਾ ਸੀ, ਰੱਬਤਾ ਦੀ ਥਾਂ ਸ਼ੈਤਾਨੀਅਤ ਨੇ ਲੈ ਲਈ ਸੀ। ਮੁਸਲਮਾਨੀ ਹਮਲਾਵਰਾਂ ਅੰਦਰ ਕੇਵਲ

---

1. "Avtars and divinities, prophets and saints, pirs and dargahs abscured the vision of man, dividing them into irreconciable and offen actively hostile groups and destroying the very bed-rock of all true religious belief."
(I. Banerjee, Evolugion of Khalsa, Vol. I, P.99)

ਇਸਲਾਮੀ ਰਾਜ ਫੈਲਣ ਦੀ ਰੀਝ ਸੀ, ਜਿਸਨੇ ਤਸ਼ੱਦਦ ਅਤੇ ਜ਼ਿਲੱਤਾਂ ਦਾ ਰੂਪ ਧਾਰਿਆ ਹੋਇਆ ਸੀ। ਉਸ ਸਮੇਂ ਸਿਕੰਦਰ ਲੋਧੀ ਦਾ ਰਾਜ ਸੀ, ਜੋ ਕਿ ਚੰਗਾ ਪ੍ਰਬੰਧਕ ਤਾਂ ਸੀ ਪਰ ਧਾਰਮਿਕ ਕੱਟੜਤਾ ਤੋਂ ਮੁਕਤ ਨਹੀਂ ਸੀ। ਉਸਨੇ ਬਹੁਤ ਸਾਰੇ ਹਿੰਦੂ ਮੰਦਰਾਂ ਨੂੰ ਢਾਹਿਆ ਅਤੇ ਅਜਿਹਾ ਕਰਨਾ ਉਹ ਆਪਣਾ ਧਰਮ ਸਮਝ ਬੈਠਾ ਸੀ, ਉਸਨੇ ਉਨ੍ਹਾਂ ਮੰਦਰਾਂ ਦੀ ਥਾਂ ਤੇ ਮਸਜਦਾਂ ਉਸਾਰੀਆਂ। ਗਾਂ, ਜੋ ਹਿੰਦੂ ਧਰਮ ਦਾ ਪਵਿੱਤਰ ਜਾਨਵਰ ਹੈ, ਨੂੰ ਜ਼ਿਬ੍ਹਾ ਕੀਤਾ ਜਾਂਦਾ ਸੀ।[1]

ਮੱਧਯੁਗੀਨ ਸਮਾਜ ਦੀ ਧਾਰਮਿਕ ਸਥਿਤੀ ਬਹੁਤ ਤਰਸਯੋਗ ਸੀ। ਧਾਰਮਿਕ ਪਤਨ ਸਿਖਰ ਤੇ ਪਹੁੰਚ ਗਿਆ ਸੀ। ਸਮਾਜ ਉਪਰ ਧਰਮ ਨੂੰ ਪੂਰੀ ਤਰ੍ਹਾਂ ਗ੍ਰਹਿਣ ਪਾਇਆ ਹੋਇਆ ਸੀ। ਜਿਸ ਤਰ੍ਹਾਂ ਰਾਜਸੀ ਖੇਤਰ ਵਿਚ ਵਜ਼ੀਰ ਹੁੰਦੇ ਸਨ, ਆਰਥਿਕ ਖੇਤਰ ਵਿਚ ਜਾਗੀਰਦਾਰ ਸਨ, ਉਸੇ ਤਰ੍ਹਾਂ ਸਮਾਜਿਕ ਖੇਤਰ ਵਿਚ ਪੰਡਤ ਤੇ ਮੌਲਵੀ ਸਨ। ਇਨ੍ਹਾਂ ਦਾ ਲੋਕਾਂ ਤੇ ਬਹੁਤ ਦਬਦਬਾ ਹੁੰਦਾ ਸੀ। ਇਹ ਧਰਮ ਨੂੰ ਪਾਲਦੇ ਨਹੀਂ ਸਨ ਸਗੋਂ ਵੇਚਦੇ ਸਨ। ਧਰਮ ਲੋਕਾਂ ਨੂੰ ਸਿਖਾਉਂਦੇ ਨਹੀਂ ਸਨ, ਸਗੋਂ ਬਾਹਰਲੇ ਚਿੰਨ੍ਹਾਂ ਤੇ ਆਪ ਜ਼ੋਰ ਦੇ, ਉਨ੍ਹਾਂ ਨੂੰ ਧਨ ਲਈ ਵਰਤ ਕੇ ਅਧਰਮੀ ਬਣਾ ਰਹੇ ਸਨ। ਉਨ੍ਹਾਂ ਦੀਆਂ ਅਧਰਮੀ-ਕੀਮਤਾਂ ਤੇ ਖਿਲਾਫ਼ ਗੁਰੂ ਨਾਨਕ ਨੇ ਧਾਰਮਿਕ ਮਾਨਵੀ ਕੀਮਤਾਂ ਦੀ ਆਵਾਜ਼ ਉਠਾਈ।

ਉਸ ਸਮੇਂ ਮਨੁੱਖ ਪ੍ਰਕਿਰਤੀ ਦੀਆਂ ਸ਼ਕਤੀਆਂ ਦੇ ਸਾਹਮਣੇ ਆਪਣੇ ਆਪ ਨੂੰ ਹੀਣਾ ਸਮਝਦਾ ਸੀ ਅਤੇ ਆਪਣੇ ਹੀਣੇਪਣ ਨੂੰ ਲੁਕਾਣ ਲਈ ਮਨੁੱਖ ਦੇਵਤਿਆਂ ਨੂੰ ਪੂਜਦਾ, ਕਰਮ-ਕਾਂਡ ਦੀਆਂ ਰਸਮਾਂ ਨਿਭਾਉਂਦਾ ਮਨੁੱਖ ਹੋਰ ਵੀ ਹੀਣਾ ਹੋ ਗਿਆ ਸੀ। ਪ੍ਰਕਿਰਤਕ ਸ਼ਕਤੀਆਂ ਵਿਰੁੱਧ ਉਸਦਾ ਨਿਰਬਲ ਅਤੇ ਹੀਣਾਪਣ ਉਸਨੂੰ ਜਨਮ ਤੋਂ ਹੀ ਪਾਪੀ ਹੋਣ ਦਾ ਅਹਿਸਾਸ ਕਰਵਾ ਦਿੰਦਾ। ਦੂਸਰੇ ਪਾਸੇ ਮਨੁੱਖੀ ਪੱਧਰ ਤੇ ਵੀ ਬਲਵਾਨ ਤੇ ਸਮਰੱਥ ਮਨੁੱਖਾਂ ਦੀ ਸ੍ਰੇਣੀ ਆਪਣੀ ਪ੍ਰਭੁਤਾ ਅਤੇ ਸੱਤਾ ਕਾਇਮ ਰੱਖਣ ਲਈ ਦੈਵੀ ਹੱਕਾਂ ਦੀ ਪ੍ਰਾਪਤੀ ਜਾਤ-ਪਾਤ ਦੀ ਭੇਦ ਅਤੇ ਲਿੰਗ ਅਨੁਸਾਰ ਸ਼ਕਤੀ ਦੀ ਵਰਤੋਂ ਨਾਲ ਸਮੁੱਚੇ ਜਨ-ਸਮੂਹ ਨੂੰ ਹੀਣਾ ਬਣਾਈ ਰੱਖਦੀ ਸੀ। ਹੀਣੇਪਣ ਅਤੇ ਪਾਪੀ ਹੋਣ ਦਾ ਅਹਿਸਾਸ ਮਨੁੱਖ ਨੂੰ ਗੈਰ-ਸਦਾਚਾਰਕ ਕੀਮਤਾਂ ਨੂੰ ਅਪਨਾਉਣ ਦੀ ਪ੍ਰੇਰਨਾ ਦਿੰਦਾ ਹੈ। ਜਿਸ ਨਾਲ ਝੂਠ, ਪਾਖੰਡ, ਬੇਈਮਾਨੀ ਆਪਣੀ ਪ੍ਰਬਲਤਾ ਵੱਲ

1. ਠਾਕੁਰ ਦੁਆਰੇ ਢਾਹਿਕੈ ਤਿਹਿ ਠਉੜੀ ਮਾਸੀਤ ਉਸਾਰਾ।
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।
(ਭਾਈ ਗੁਰਦਾਸ, ਵਾਰ 1/120)

ਬੰਧਦੀਆਂ ਸਨ। ਗੁਰੂ ਨਾਨਕ ਸਮੇਂ ਇਹ ਸਭ ਕੁਝ ਵਾਪਰ ਰਿਹਾ ਸੀ। ਗੁਰੂ ਨਾਨਕ ਨੇ ਧਾਰਮਿਕ ਪਾਖੰਡਾਂ ਦੀ ਵਿਰੋਧਤਾ ਕੀਤੀ, ਧਾਰਮਿਕ ਨਿਘਰਦੀ ਹੋਈ ਸਥਿਤੀ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਅਤੇ ਇਸਦੇ ਟਾਕਰੇ ਵਿਚ ਲੋਕਾਂ ਨੂੰ ਧਾਰਮਿਕ ਮਾਨਵਵਾਦੀ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ।

ਗੁਰੂ ਨਾਨਕ ਦੇ ਸਮੇਂ ਹਿੰਦੂ ਲੋਕ ਅਸਲ ਮਨੋਰਥ ਨੂੰ ਭੁੱਲ ਕੇ ਕਰਮ-ਕਾਂਡ ਦੇ ਭੁਲੇਖਿਆਂ ਅਤੇ ਭੇਖਾਂ ਨੂੰ ਹੀ ਧਰਮ ਸਮਝੀ ਬੈਠੇ ਸਨ। ਮਾਨਵਤਾ ਦੀ ਭਲਾਈ ਤੋਂ ਬੇਮੁਖ ਹੋ ਕੇ ਸਮਾਜ ਨੂੰ ਡੂੰਘੇ ਟੋਇਆਂ ਵਿਚ ਜਾ ਸੁੱਟਿਆ ਸੀ। ਪ੍ਰਾਣੀ-ਮਾਤਰ ਦੀ ਭਲਾਈ ਦੀ ਥਾਂ ਬੁੱਤਾਂ ਅਤੇ ਇਨ੍ਹਾਂ ਨੂੰ ਹੀ ਰੱਬ ਸਮਝ ਕੇ ਬੁੱਤਾਂ ਦੀ ਪੂਜਾ ਤਕ ਹੀ ਸੀਮਿਤ ਰਹਿ ਗਏ ਸਨ। ਇਹ ਕਰਮ ਇਸਲਾਮ ਦੇ ਵਿਰੁੱਧ ਹੋਣ ਕਰਕੇ ਮੁਸਲਮਾਨਾਂ ਨੂੰ ਕੁਫ਼ਰ ਜਾਪਦਾ ਸੀ। ਹਿੰਦੂਆਂ ਦੇ ਦੇਵੀ-ਦੇਵਤਿਆਂ ਦੇ ਬੁੱਤਾਂ ਤੇ ਮੰਦਰਾਂ ਨੂੰ ਤੋੜਨਾ ਅਤੇ ਬੁੱਤ ਉਪਾਸ਼ਕਾਂ ਨੂੰ ਮਾਰਨਾ ਉਹ ਇਸਲਾਮ ਅਨੁਸਾਰ ਸਵਾਬ ਸਮਝਦੇ ਸਨ। ਇਸ ਸਥਿਤੀ ਬਾਰੇ ਭਾਈ ਗੁਰਦਾਸ ਦੇ ਵਿਚਾਰ ਉਲੇਖਯੋਗ ਹਨ:

ਰਾਮ ਰਹੀਮ ਕਹਾਇੰਦੇ, ਇਕ ਨਾਮ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।
ਸੱਚ ਕਿਨਾਰੇ ਰਹਿ ਗਿਆ ਖਹਿ ਮਰਦੇ ਬ੍ਰਾਹਮਣ ਮੌਲਾਣੇ।

( ਵਾਰ 1/21 )

ਉਸ ਸਮੇਂ ਹਿੰਦੂ ਧਰਮ ਅਤੇ ਮੁਸਲਮ ਧਰਮ ਦੋਵੇਂ ਬਹੁਤ ਹੀ ਵਿਆਪਕ ਸਨ ਲੇਕਿਨ ਦੋਵੇਂ ਗੈਰ-ਮਾਨਵਵਾਦੀ ਰੂਪ ਧਾਰਨ ਕਰ ਚੁੱਕੇ ਸਨ। ਹਿੰਦੂਆਂ ਵਿਚ ਕਈ ਜਾਤੀ ਫਿਰਕੇ ਸਨ। ਤੀਰਥਾਂ ਨੂੰ ਸਿਜਦੇ ਜਾਂਦੇ ਸਨ। ਜੰਤ੍ਰ ਮੰਤ੍ਰ, ਤੰਤ੍ਰ ਮੰਤ੍ਰ, ਆਦਿ ਕਈ ਮਤ ਸਨ। ਜਾਤੀ-ਵਿਤਕਰਾ ਜੋਰਾਂ ਤੇ ਸੀ। [illegible] ਤੇ ਫਕੀਰ ਦਰਵੇਸ਼ ਦੁਨੀਆਂ ਤੋਂ ਉਪਰਾਮ ਚਿਤ ਲੋਕਾਂ ਨੂੰ ਭਗਤੀ ਦਾ ਉਪਦੇਸ਼ ਦੇ ਰਹੇ ਸਨ। ਸਿਧ ਤੇ ਜੋਗੀ ਇਕ ਖਾਸ ਕਿਸਮ ਦਾ ਭੇਖ ਧਾਰ ਕੇ ਸੰਸਾਰ ਦੇ ਲੋਕਾਂ ਨੂੰ ਤਿਆਗ ਦਾ ਉਪਦੇਸ਼ ਦਿੰਦੇ। ਬ੍ਰਾਹਮਣਵਾਦ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਦੇ ਘੇਰੇ ਵਿਚ ਫਸਾਇਆ ਹੋਇਆ ਸੀ। ਜਾਤ-ਪਾਤ, ਛੂਤ-ਛਾਤ ਜੋਰਾਂ ਤੇ ਸੀ। ਅਵਤਾਰਵਾਦ ਦੀ ਪ੍ਰਥਾ ਜੋਰਾਂ ਤੇ ਸੀ। ਮੜ੍ਹੀ-ਮਸਾਣ ਦੀ ਪੂਜਾ ਹੁੰਦੀ। ਮਾਨਵ ਦਾ ਕੋਈ ਮੁੱਲ ਨਹੀਂ ਸੀ। ਮਾਨਵੀ-ਕੀਮਤਾਂ ਦਾ ਵਹਾਓ ਅਧੋਗਤੀ ਵੱਲ ਕੀਤਾ ਹੋਇਆ ਸੀ। ਧਰਮ ਵਰਗੀ

ਕੋਈ ਚੀਜ਼ ਨਹੀਂ ਰਹੀ ਸੀ। ਝੂਠੀ ਭਗਤੀ ਜਨਤਾ ਦੁਆਰੇ ਪਈ ਹੋਈ ਸੀ। ਬ੍ਰਾਹਮਣ ਆਪਣੀ ਆਜੀਵਕਾ ਕਾਇਮ ਰੱਖਣ ਲਈ ਲੋਕਾਂ ਨੂੰ ਉਲਟੇ ਰਸਤੇ ਪਾ ਰਹੇ ਸਨ। ਧਰਮ ਕੀ ਹੈ? ਇਸਦਾ ਕਿਸੇ ਨੂੰ ਕੁਝ ਪਤਾ ਨਹੀਂ ਸੀ। ਪਰ ਲੋਕੀ ਰੱਬ ਦੀ ਭਾਲ ਲਈ ਗ੍ਰਿਹਸਤ ਧਰਮ ਤਿਆਗ ਕੇ, ਪਿੰਡੇ ਤੇ ਬਿਭੂਤੀ ਮਲ, [illegible] ਪਰਬਤਾਂ ਤੇ, ਜੰਗਲਾਂ ਵਿਚ ਦੂਰ ਪੈਂਦੇ, ਰੱਬ ਨੂੰ ਮਿਲਣ ਲਈ ਕਈ ਉਪਰਾਲੇ ਕਰਦੇ, ਫਿਰਦੇ ਭੌਂਦੇ, ਭੁੱਖੇ ਮਰਦੇ ਪਰ ਪ੍ਰਾਪਤੀ ਫਿਰ ਵੀ ਨਾ ਹੁੰਦੀ, ਕਿਉਂਕਿ ਲੋਕਾਂ ਨੂੰ ਹਉਮੈ ਦਾ ਰੋਗ ਲੱਗਾ ਹੋਇਆ ਸੀ। ਕਰਮ-ਕਾਂਡਾਂ ਵਿਚ ਵਿਸ਼ਵਾਸ ਰੱਖਦੇ ਸਨ, ਪਰ ਉਹ ਅਸਲ ਗੁਣਾਂ ਤੋਂ ਕੋਹਾਂ ਦੂਰ ਸਨ। ਵਹਿਮਾਂ-ਭਰਮਾਂ ਵਿਚ ਫਸੇ ਲੋਕ ਝੂਠ ਸੱਚ ਨੂੰ ਪ੍ਰਤੱਖ ਮੰਨਦੇ ਪਰ ਅੰਦਰ ਸਭ ਦੇ ਪਾਪਾਂ ਨਾਲ ਭਰੇ ਹੁੰਦੇ। ਗੁਰੂ ਸਾਹਿਬ ਨੇ 'ਆਸਾ ਦੀ ਵਾਰ' ਵਿਚ ਅਜਿਹੇ ਲੋਕਾਂ ਨੂੰ ਤਾੜਨਾ ਕੀਤੀ।

ਅੰਦਰਹੁ ਝੂਠੇ ਪੈਜ ਬਾਹਰਿ
ਦੁਨੀਆ ਅੰਦਰਿ ਫੈਲੁ ।
ਅਠਸਠਿ ਤੀਰਥ ਜੇ ਨਾਵਹਿ
ਉਤਰੈ ਨਾਹੀ ਮੈਲੁ ।

( ਵਾਰ ਆਸਾ, ਮਹਲਾ ੧, ਪੰਨਾ-473)

ਉਸ ਸਮੇਂ ਬ੍ਰਾਹਮਣ ਲੋਕਾਂ ਤਾਂ ਹਉਮੈ ਅਤੇ ਸੰਕੀਰਨ-ਬੁੱਧੀ ਸੋਚ ਦੇ ਸ਼ਿਕਾਰ ਸਨ ਹੀ, ਨਾਲ ਨਾਲ ਜੈਨ ਮੱਤ ਦੇ ਲੋਕ ਵੀ ਇਸੇ ਤਰ੍ਹਾਂ ਸੋਚ ਵਿਚ ਜਕੜੇ ਹੋਏ ਸਨ। ਗੁਰੂ ਸਾਹਿਬ ਨੇ 'ਮਲਾਰ ਦੀ ਵਾਰ' ਵਿਚ ਇਹਨਾਂ ਬਾਰੇ ਇਸ ਤਰ੍ਹਾਂ ਲਿਖਿਆ ਹੈ:

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥
ਤਿਤੁ ਮੁਖਿ ਨਾਹੀ ਨਾਮੁ ਨਾ ਤੀਰਥਿ ਨ੍ਹਾਇਆ ॥
ਹਥੀ ਸਿਰ ਖੋਹਾਇ ਨ ਭਦੁ ਕਰਾਇਆ ॥
ਕੁਚਿਲ ਰਹਹਿ ਦਿਨੁ ਰਾਤਿ ਸਬਦੁ ਨ ਭਾਇਆ ॥
ਤਿਨ ਸਚੈ ਆਧਾਰੁ ਨ ਕਿਸਹੀ ਪਾਇਆ ॥

( ਆਦਿ ਗ੍ਰੰਥ, ਮਹਲਾ ੧, ਪੰਨਾ-1285 )

ਗੁਰੂ ਨਾਨਕ ਦੇ ਸਮੇਂ ਸਮਾਜ ਵਿਚ ਧਾਰਮਿਕ, ਸਮਾਜਿਕ, ਸਭਿਆਚਾਰਕ ਭ੍ਰਿਸ਼ਟਾਚਾਰ ਸੀ। ਸੰਸਾਰ ਘੋਰ ਅਗਿਆਨਤਾ ਅਤੇ ਅੰਧਕਾਰ ਵਿਚ ਡੁੱਬਾ ਹੋਇਆ ਸੀ।

ਇਕ ਪਾਸੇ ਛੂਤ-ਛਾਤ ਤੇ ਪਾਖੰਡ ਸਨ ਅਤੇ ਦੂਜੇ ਪਾਸੇ ਜ਼ੁਲਮ ਅਤੇ ਤਅੱਸਬ ਕਾਰਨ ਸੰਸਾਰ ਵਿਚ ਵਿਲਾਸੀ, ਗੁਲਾਮੀ, ਨਿਰਾਸਤਾ ਮਚੀ ਹੋਈ ਸੀ। ਵਹਿਮ-ਭਰਮ, ਪਾਖੰਡ, ਵਿਭਚਾਰ ਸਮਾਜ ਨੂੰ ਅਧੋਗਤੀ ਵਲ ਲਿਜਾ ਰਹੇ ਸਨ। ਆਪਸੀ ਖਿਚੋਤਾਣ ਕਾਰਨ ਸਮਾਜ ਕਮਜ਼ੋਰ ਹੋ ਰਿਹਾ ਸੀ। ਧਰਮ, ਕਰਮ ਖਤਮ ਹੋ ਗਏ ਸਨ। ਲੋਕਾਂ ਦੇ ਆਚਰਨ ਨੂੰ ਬੇਲਗਾਮ ਐਯਾਸ਼ੀ ਤੇ ਵਿਲਾਸੀ ਜੀਵਨ ਨੇ ਡੂੰਘੇ ਟੋਏ ਵਿਚ ਸੁੱਟ ਦਿੱਤਾ ਸੀ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ।
ਹਉ ਭਾਲਿ ਵਿਕੁੰਨੀ ਹੋਈ ਆਧੇਰੈ ਰਾਹੁ ਨ ਕੋਈ ।
ਵਿਚਿ ਹਉਮੈ ਕਰਿ ਦੁਖੁ ਰੋਈ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ।

(ਆਦਿ ਗ੍ਰੰਥ, ਵਾਰ ਮਾਝ, ਮਹਲਾ ੧, ਪੰ-145)

ਇਸ ਸਮੇਂ ਅਤਿ ਦਰਜੇ ਦੀ ਅਗਿਆਨਤਾ ਤੇ ਸਮਾਜ ਦਾ ਨਿਘਾਰ, ਦੀ ਨੀਤੀ ਪ੍ਰਧਾਨ ਸੀ। ਭਾਰਤੀ ਜੋ ਕਿਸੇ ਸਮੇਂ ਪ੍ਰਕ੍ਰਿਤੀ ਤੇ ਆਪਣੀ ਸੰਸਕ੍ਰਿਤੀ ਉਤੇ ਬੜਾ ਮਾਣ ਕਰਦੇ ਸਨ, ਆਪਣੀਆਂ ਅਣਖੀ ਰਵਾਇਤਾਂ ਤਿਆਗ ਬੈਠੇ ਸਨ। ਆਪਣੀ ਮਾਤ-ਭਾਸ਼ਾ ਛੱਡ ਕੇ ਉਹਨਾਂ ਨੇ ਹਾਕਮਾਂ ਦੀ ਬੋਲੀ ਅਤੇ ਸੰਸਕ੍ਰਿਤੀ ਅਪਣਾ ਲਈ ਸੀ:

ਖਤ੍ਰੀਆਂ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ।
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ।

( ਧਨਾਸਰੀ ਮਹਲਾ ੧, ਪੰਨਾ-663)

ਬ੍ਰਾਹਮਣ ਲੋਕ( ਪੰਡਿਤ) ਵਿਦਾ ਸਾਰੇ ਸ਼ਾਸਤਰਾਂ ਦਾ ਲੋਕਾਂ ਨੂੰ ਪਾਠ ਸੁਣਾਉਂਦੇ ਸਨ, ਉਪਦੇਸ਼ ਦਿੰਦੇ ਸਨ, ਲੇਕਿਨ ਉਹਨਾਂ ਤੇ ਅਮਲ ਨਹੀਂ ਕਰਦੇ ਸਨ।

ਪੰਡਿਤ ਵਾਚਹਿ ਪੋਥੀਆਂ ਨਾ ਬੂਝਹਿ ਵੀਚਾਰੁ ।
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ।

( ਸ੍ਰੀ ਰਾਗ ਮਹਲਾ ੧, ਪੰਨਾ-56)

ਜੋਗੀ ਲੋਕ ਪਰਬਤਾਂ ਤੇ, ਪਿੰਡੇ ਤੇ ਸੁਆਹ ਮਲ ਕੇ ਆਤਮਕ ਗਿਆਨ ਦੀ ਪ੍ਰਾਪਤੀ ਲਈ ਜੰਗਲਾਂ ਵਿਚ ਤੁਰ ਪੈਂਦੇ ਸਨ। ਪਿੱਛੇ ਉਹਨਾਂ ਦੇ ਪਰਿਵਾਰ ਅਤੇ ਬੱਚੇ ਮੁਸੀਬਤ ਝੱਲਦੇ, ਰੋਂਦੇ ਸਨ।

ਜੋਗੀ ਗਿਰਹੀ ਜਟਾ ਬਿਭੂਤ ।
ਆਗੈ ਪਾਛੈ ਰੋਵਹਿ ਪੂਤ ।
ਜੋਗੁ ਨ ਪਾਇਆ ਜੁਗਤਿ ਗਵਾਇ
ਕਿਤੁ ਕਾਰਣਿ ਸਿਰਿ ਛਾਈ ਪਾਈ ।
( ਵਾਰ ਰਾਮਕਲੀ, ਸਲੋਕ ਮਹਲਾ ੧,ਪੰਨਾ-951 )

ਜੋਗੀ ਵੀ ਭਿਖਿਆ ਲੈਂਦੇ ਅਤੇ ਬੇਇਨਸਾਫ਼ੀ ਕਰਦੇ ਸਨ। ਇਸ ਧਾਰਮਿਕ ਉਥੱਲ-ਪੁਥਲ ਨੇ ਸਮਾਜ ਨੂੰ ਡੂੰਘੇ ਰਸਾਤਲ ਵਿਚ ਸੁੱਟ ਦਿੱਤਾ ਸੀ। ਵਿਸ਼ੇਸ਼ ਕਰ ਹਿੰਦੂ-ਦਾਰਸ਼ਨਿਕ ਸਿਧਾਂਤ ਭਾਂਜਵਾਦੀ ਦ੍ਰਿਸ਼ਟੀਕੋਣ ਦੇ ਧਾਰਨੀ ਸਨ ਅਤੇ ਇਹੀ ਉਪਦੇਸ਼ ਜਨਤਾ ਨੂੰ ਦੇ ਰਹੇ ਸਨ। ਇਸ ਉਦਾਸ ਦ੍ਰਿਸ਼ਟੀਕੋਣ ਨੇ ਸਮਾਜ ਵਿਚ ਨਿਰਾਸ਼ਾਵਾਦ ਪੈਦਾ ਕਰ ਦਿੱਤਾ ਸੀ। ਇਸ ਨਿਰਾਸ਼ਾਵਾਦ ਨੂੰ ਗੁਰੂ ਨਾਨਕ ਨੇ ਸਮਾਜਿਕ ਅਤੇ ਰਾਜਨੀਤਿਕ ਭਵਿਖ ਲਈ ਬੜਾ ਖਤਰਨਾਕ ਸਮਝਦੇ ਹੋਏ ਕਿਹਾ :-

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ
ਨਾਰਦਿ ਕਹਿਆ ਸਿ ਪੂਜ ਕਰਾਂਹੀ ।
ਅੰਧੇ ਗੁੰਗੇ ਅੰਧ ਅੰਧਾਰੁ ।
ਪਾਥਰ ਲੇ ਪੂਜਹਿ ਮੁਗਧ ਗਵਾਰ ।
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰ ।
( ਵਾਰ ਬਿਹਾਗੜਾ,ਸਲੋਕ ਮਹਲਾ ੧,ਪੰਨਾ-556)

ਇਹਨਾਂ ਵਾਧੂ ਕੁਰੀਤੀਆਂ ਨੇ ਕੌਮ ਅਤੇ ਦੇਸ਼ ਨੂੰ ਨਿਆਸਰਾ ਬਣਾ ਛੱਡਿਆ ਸੀ। ਜੀਵਨ ਦੀ ਸਮੱਸਿਆ ਤਾਂ ਹੀ ਹੱਲ ਹੋ ਸਕਦੀ ਹੈ ਜੇ ਮਨੁੱਖ ਨੂੰ ਪ੍ਰਮਾਤਮਾ ਅਤੇ ਵਿਸ਼ਵ ਨਾਲ ਸੰਬੰਧਿਤ ਸਮਝ ਕੇ ਅਧਿਐਨ ਕੀਤਾ ਜਾਵੇ। ਨਾਨਕ-ਬਾਣੀ ਜੀਵਨ ਤਿਆਗਣ ਲਈ ਨਹੀਂ ਕਹਿੰਦੀ। ਮਨੁੱਖ ਨੂੰ ਇਕੋ ਸਮੇਂ ਦੋ ਸ੍ਰਿਸ਼ਟੀਆਂ ਦਾ ਪਾਂਧੀ ਬਣ ਕੇ ਚਲਣਾ ਪੈਂਦਾ ਹੈ, ਇਕ ਦੁਨਿਆਵੀ ਸ੍ਰਿਸ਼ਟੀ ਤੇ ਦੂਸਰੀ ਆਤਮਕ ਸ੍ਰਿਸ਼ਟੀ। ਉਸ ਸਮੇਂ ਲੋਕਾਂ ਦੀ ਧਾਰਮਿਕ ਆਧਾਰ ਤੇ ਬਹੁਤ ਦੁਰਦਸ਼ਾ ਸੀ। ਲੋਕ ਸੱਚੇ ਧਰਮ ਤੋਂ ਥਿੜਕ ਚੁੱਕੇ ਸਨ। ਧਰਮ ਦੇ ਅਸਲੀ ਅਰਥ ਉਹਨਾਂ ਤੋਂ ਓਹਲੇ ਹੋ ਗਏ ਸਨ। ਸਮਾਜ ਨਿੱਘਰ ਚੁੱਕਾ ਸੀ। ਡਾ. ਤਾਰਨ ਸਿੰਘ ਦੇ ਵਿਚਾਰ ਇਸ ਸੰਦਰਭ ਵਿਚ ਵਰਣਨਯੋਗ ਹਨ: -"ਕੋਈ ਕੌਮ ਕੁਚਲੀ ਤਦ ਜਾਂਦੀ ਹੈ ਤੇ ਜ਼ਬਰ ਦਾ ਸ਼ਿਕਾਰ ਤਦ ਹੀ ਹੋ ਸਕਦੀ

ਹੈ ਜੇ ਉਸ ਵਿਚੋਂ ਸਚਾਈ, ਸਦਾਚਾਰ ਤੇ ਪ੍ਰਭੂ-ਪਿਆਰ ਨਿਕਲ ਚੁੱਕੇ ਹੋਣ ਤੇ ਉਸਦਾ ਵਿਖਾਵਾ ਕਮਜ਼ੋਰ ਹੋ ਗਿਆ ਹੋਵੇ ਤੇ ਉਥੋਂ ਦੇ ਰਾਜੇ ਤੇ ਪਰਜਾ ਦੋਵੇਂ ਆਪਣੇ ਧਰਮ ਤੋਂ ਹਾਰ ਚੁੱਕੇ ਹੋਣ।"[1] ਲੇਕਿਨ ਗੁਰੂ ਨਾਨਕ ਮਨੁੱਖ ਪ੍ਰਤੀ ਆਪਣੇ ਸੰਕਲਪਾਂ ਵਿਚ ਆਦਰਸ਼ਵਾਦੀ ਅਤੇ ਮਾਨਵਵਾਦੀ ਸਨ। ਧਾਰਮਿਕ ਮਾਨਵਵਾਦੀ ਆਧਾਰਾਂ ਤੇ ਨਾਨਕ-ਬਾਣੀ ਨੇ ਲੋਕਾਂ ਨੂੰ ਅਤੇ ਸਮਾਜ ਨੂੰ ਸੁਚੇਤ ਕਰਕੇ ਪ੍ਰਗਤੀਸ਼ੀਲ ਰਾਹਾਂ ਤੇ ਤੋਰਿਆ।

ਗੁਰੂ ਨਾਨਕ ਸਮੇਂ ਵੱਖ ਵੱਖ ਕੌਮਾਂ ਆਪਸ ਵਿਚ ਖਹਿ ਰਹੀਆਂ ਸਨ। ਇਕ ਦੂਜੀ ਨੂੰ 'ਕਾਫ਼ਰ' ਤੇ 'ਮਲੇਛ' ਕਹਿ ਕੇ ਦੁਰਕਾਰਦੀਆਂ ਸਨ। ਗੁਰੂ ਨਾਨਕ ਨੇ ਸਤਿ, ਸੰਤੋਖ, ਸਹਿਨਸ਼ੀਲਤਾ ਦਾ ਪ੍ਰਚਾਰ ਕੀਤਾ। ਮਨੁੱਖੀ-ਏਕਤਾ ਤੇ ਜ਼ੋਰ ਦਿੱਤਾ। 'ਸਭ ਮਹਿ ਜੋਤਿ ਜੋਤਿ ਹੈ ਸੋਇ' ਉਨ੍ਹਾਂ ਦੀ ਨਿਤ ਦੀ ਆਰਤੀ ਹੈ। ਉਹ ਜਿਥੇ ਪ੍ਰਭੂ ਦੀ ਆਰਤੀ 'ਗਗਨ ਮਹਿ ਥਾਲੁ ਰਵਿ ਚੰਦੁ ਦੀਪਕ' ਗਾ ਕੇ ਉਤਾਰਦੇ ਹਨ, ਉਥੇ 'ਸਹਸ ਤਵ ਨੈਨ, ਨਨ, ਨੈਨ ਹੈ ਤੋਹਿ ਕਉ' ਆਖ ਕੇ ਸਰਬ ਜੀਆਂ ਦੀ ਏਕਤਾ ਵੀ ਪ੍ਰਗਟਾਉਂਦੇ ਹਨ। ਵੱਖ ਵੱਖ ਮਜ਼ਹਬਾਂ ਨੂੰ ਇਕ ਥਾਂ ਬੈਠਣ ਦਾ ਢੰਗ ਦੱਸਿਆ। ਬ੍ਰਾਹਮਣ ਨੂੰ ਬ੍ਰਹਮ ਪਛਾਨਣ, ਜੋਗੀ ਨੂੰ ਜੁਗਤ ਸਮਝਣ ਤੇ ਮੁਸਲਮਾਨ ਨੂੰ ਇਸਲਾਮ ਦੇ ਮੁੱਖ ਆਸ਼ੇ ਨੂੰ ਜਾਨਣ ਲਈ ਪ੍ਰੇਰਿਆ। ਜਿਥੇ ਵੀ ਕੋਈ ਹੈ, ਉਥੇ ਰਹਿ ਕੇ ਉਹ ਧਰਮ ਪਦ ਪਾ ਸਕਦਾ ਹੈ। ਇਕ ਦੂਸਰੇ ਦੀ ਨਿਖੇਧੀ ਨਾਲ ਕੁੜੱਤਣ ਵਧਦੀ ਹੈ। ਗੁਰੂ ਕ ਨਾਨਕ ਨੇ ਧਾਰਮਿਕ ਰੋਗਾਂ ਨੂੰ ਪਛਾਣਿਆ ਅਤੇ ਇਲਾਜ ਵੀ ਦੱਸਿਆ।

ਗੁਰੂ ਨਾਨਕ ਦੇ ਸਮੇਂ ਪਾਖੰਡ ਨੇ ਧਰਮ ਦਾ ਸਥਾਨ ਲਿਆ ਹੋਇਆ ਸੀ। ਲੋਕ ਪਾਖੰਡਾਂ ਵਿਚ ਬੁਰੀ ਤਰ੍ਹਾਂ ਫਸੇ ਹੋਏ ਸਨ। ਵਾਸਤਵ ਵਿਚ ਵਿਖਾਵੇ ਦਾ ਜਾਂ ਬਨਾਵਟੀ ਜੀਵਨ ਮਨੁੱਖ ਨੂੰ ਮਨੁੱਖਤਾ ਤੋਂ ਦੂਰ ਲੈ ਜਾਂਦਾ ਹੈ। ਮਨੁੱਖ ਦਾ ਆਪਾ ਆਪਣੀਆਂ ਕਮਜ਼ੋਰੀਆਂ ਵਿਖਾਉਣ ਵਿਚ ਨਹੀਂ, ਕਿਸੇ ਪ੍ਰਾਪਤੀ ਦੀ ਝੂਠੀ ਧਾਰਣ ਜਾਂ ਡੀਂਗਾਂ ਮਾਰਨ ਵਿਚ ਨਹੀਂ। ਫੁੱਲ ਨੂੰ ਪ੍ਰਚਾਰ ਦੀ ਲੋੜ ਨਹੀਂ ਪੈਂਦੀ, ਉਸਦਾ ਕੁਦਰਤੀ ਸੁਹਜ ਰਾਹ ਜਾਂਦੇ ਨੂੰ ਆਪੇ ਹੀ ਖਿੱਚ ਲੈਂਦਾ ਹੈ। ਉਸਦੀ ਸੁਗੰਧੀ ਕਿਸੇ ਕੋਲੋਂ

---

1. ਡਾ. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ-210

ਹੀ ਕਦਰਦਾਨ ਬਣਾ ਦਿੰਦੀ ਹੈ। ਡਾ. ਦਵਿੰਦਰ ਦੀਪ ਅਨੁਸਾਰ ਉਸ ਸਮੇਂ ਲੋਕ ਪਦਾਰਥੀ ਜੀਵਨ, ਭੋਗੀ-ਜੀਵਨ ਨੂੰ ਇਸ ਤਰ੍ਹਾਂ ਆਧਾਰ ਬਣਾ ਚੁੱਕੇ ਸਨ, ਭੇਖ ਰੋਗ ਇਵੇਂ ਜਿਹਾ ਰੂਪ ਧਾਰਨ ਕਰ ਚੁੱਕਾ ਸੀ:-

> ਗੁਰੂ ਨਾਨਕ ਜੀ ਦੇ ਸਮੇਂ ਭਾਰਤ ਵਾਸੀ ਭੇਖ-ਰੋਗ ਦਾ ਸ਼ਿਕਾਰ ਸਨ। ਮਾਨਵਤਾ ਦਾ ਸੂਰਜ, ਗ੍ਰਹਿਣ ਨਾਲ ਨਿਗਲਿਆ ਜਾ ਰਿਹਾ ਸੀ। ਇਹ ਰੋਗ, ਜੀਵਨ ਦੇ ਹਰੇਕ ਪੱਖ ਵਿਚ ਸੀ। ਧਰਮ ਖੇਤਰ ਵਿਚ ਇਸਦਾ ਵਿਸ਼ੇਸ਼ ਬੋਲ-ਬਾਲਾ ਸੀ। ਧਰਮ ਵਿਹੂਣੇ ਸਾਧੂਆਂ ਦੇ ਨਕਲੀ ਜਾਂ ਦੰਭੀ ਜੀਵਨ ਦਾ ਪ੍ਰਭਾਵ ਹੀ ਜਨਤਾ ਤੇ ਪੈ ਰਿਹਾ ਸੀ। ਅਜਿਹੇ ਧਾਰਮਿਕ ਸਾਧੂ ਧਰਮ ਦੀ ਸਤਿ ਤੋਂ ਵਿਹੂਣੇ ਅਜਿਹੇ ਕਰਮ-ਕਾਂਡਾਂ ਵਿਚ ਆਪਣੀ ਧਾਰਮਿਕਤਾ ਦਾ ਪ੍ਰਗਟਾਵਾ ਕਰ ਰਹੇ ਸਨ, ਜੋ ਮਨੁੱਖ ਨੂੰ ਧਰਮੀ ਦੀ ਥਾਂ ਭਰਮੀ ਬਣਾ ਰਹੇ ਸਨ।[1]

ਸੰਤਾਂ ਤੇ ਗੁਰੂਆਂ ਧਰਮ ਮਨੁੱਖ ਨੂੰ ਮਾਨਵਵਾਦੀ ਰਾਹਾਂ ਤੇ ਤੁਰਨ ਲਈ ਪ੍ਰੇਰਿਤ ਕਰਦਾ ਹੈ। ਕੂੜ ਅਗਿਆਨਤਾ, ਪਾਖੰਡਾਂ ਨੂੰ ਛੱਡ ਕੇ ਮਾਨਵੀ-ਕੀਮਤਾਂ ਨੂੰ ਅਪਨਾਉਣ ਲਈ ਕਹਿੰਦਾ ਹੈ। ਇਸ ਸੰਦਰਭ ਵਿਚ ਡਾ. ਵਜ਼ੀਰ ਸਿੰਘ ਦੇ ਵਿਚਾਰ ਵਰਨਣਯੋਗ ਹਨ:-

> ਧਰਮ ਵੀ ਹਰ ਮਨੁੱਖ ਵਿਚ ਰੱਬੀ ਜੋਤ ਪਛਾਨਣ ਦੀ ਸਿੱਖਿਆ ਦੇਂਦਾ ਹੈ, ਜਿਸ ਤੋਂ ਨੈਤਿਕ ਵਿਹਾਰ ਦੀ ਭਾਵਨਾ ਪ੍ਰਬੁੱਧ ਹੁੰਦੀ ਹੈ। ਇਸ ਕਰਤੱਵ ਦਾ ਇਕ ਸਰੂਪ ਆਪਣੇ ਲੈਣ-ਦਿਓਹਾਰ ਨੇਕ-ਨੀਤੀ ਨਾਲ ਨਿਭਾਉਣਾ ਹੈ। ਜਦੋਂ ਅਸੀਂ ਕਿਸੇ ਵਿਅਕਤੀ ਨਾਲ ਕੀਤਾ ਵਾਅਦਾ ਪੂਰਾ ਨਹੀਂ ਕਰਦੇ ਤਾਂ ਅਸੀਂ ਉਸ ਵਿਅਕਤੀ ਦੀ ਮਨੁੱਖਤਾ ਦਾ ਨਿਰਾਦਰ ਕਰਦੇ ਹਾਂ। ਜਦੋਂ ਕਿਸੇ ਸਾਥੀ ਦੇ ਵਿਸ਼ਵਾਸ

---

1. ਡਾ. (ਮਿਸਿਜ਼) ਦਵਿੰਦਰ ਦੀਪ, " ਗੁਰੂ ਨਾਨਕ ਜੀ ਤੇ ਭੇਖ-ਰੋਗ", ਗੁਰਮਤਿ ਪ੍ਰਕਾਸ਼, ਸਤੰਬਰ 1983, ਪੰਨਾ-22

> ਬੁਰਧਾ, ਜਾਂ ਜੀਵਨ-ਜਾਚ ਨੂੰ ਆਦਰ ਛਾ ਦਿੱਤਾ ਜਾਏ ਅਤੇ ਦਿਲ -ਦੁਖਾਵਾਂ ਵਤੀਰਾ ਅਖਤਿਆਰ ਕੀਤਾ ਜਾਏ ਤਾਂ ਇਹ ਨੈਤਿਕ ਦ੍ਰਿਸ਼ਟੀ ਤੋਂ ਕੋਝਾ ਸਲੂਕ ਹੈ। ਦੂਸਰੇ ਪਾਸੇ, ਹਰ ਕਿਸੇ ਦੇ ਅਗਿਆਨ, ਵਹਿਮ-ਪ੍ਰਸਤੀ ਅਤੇ ਪਾਖੰਡ ਨੂੰ ਬਿਨਾ ਆਲੋਚਨਾ ਅਤੇ ਰੋਕ ਟੋਕ ਚਲਦੇ ਰਹਿਣ ਦੇਣਾ, ਸਮਾਜਿਕ ਪ੍ਰਕ੍ਰਿਤੀ ਸੰਬੰਧੀ ਆਪਣੇ ਫਰਜ਼ਾਂ ਵਿਚ ਕੋਤਾਹੀ ਹੈ।[1]

ਨਾਨਕ ਬਾਣੀ ਦੀ ਮਾਨਵਵਾਦੀ ਸੁਰ ਨੇ ਇਸ ਸਮੇਂ ਲੋਕਾਂ ਨੂੰ ਉਹਨਾਂ ਦੇ ਭੇਖ-ਰੋਗ ਤੋਂ ਜਾਗ੍ਰਤ ਕੀਤਾ ਅਤੇ 'ਸਰਬੱਤ ਦੇ ਭਲੇ' ਦਾ ਸਮਾਜਕ ਆਦਰਸ਼ ਸਾਹਮਣੇ ਰੱਖਿਆ। ਡਾ. ਹਰੀ ਰਾਮ ਗੁਪਤਾ ਅਨੁਸਾਰ: 'ਗੁਰੂ ਨਾਨਕ ਦੇ ਸਮੇਂ ਭਿੰਨ ਭਿੰਨ ਦੇਵਾਂ ਦੀ ਪੂਜਾ ਪ੍ਰਚਲਿਤ ਸੀ। ਹਰ ਪਿੰਡ, ਹਰ ਸ਼ਹਿਰ ਅਤੇ ਹਰ ਘਰ ਦਾ ਆਪਣਾ ਵੱਖਰਾ ਹੀ ਦੇਵਤਾ ਸੀ ਜਿਸ ਲਈ ਉਹ ਮੰਦਰ ਬਣਾਉਂਦੇ ਅਤੇ ਉਸਦੀ ਪੂਜਾ ਕਰਦੇ। ਇਥੋਂ ਤਕ ਕਿ ਰੁੱਖਾਂ, ਕਬਰਾਂ, ਸੱਪਾਂ ਅਤੇ ਹਵਾਂ ਆਦਿ ਦੀ ਵੀ ਪੂਜਾ ਕੀਤੀ ਜਾਂਦੀ ਸੀ।'[2]

ਨਾਨਕ-ਬਾਣੀ ਧਾਰਮਿਕ ਸੰਦਰਭ ਵਿਚ ਨਵੀਆਂ ਮਾਨਵੀ-ਕੀਮਤਾਂ ਦਾ ਪ੍ਰਤੀਪਾਦਨ ਕਰਦੀ ਹੈ। ਨਾਨਕ-ਬਾਣੀ ਮਨੁੱਖ ਨੂੰ ਪਸ਼ੂਤਾ ਤੋਂ ਉਪਰ ਉਠਾ ਕੇ ਮਨੁੱਖਤਾ ਤਕ ਪਹੁੰਚਾ ਕੇ ਅੰਤ ਰੱਬਤਾ ਨੂੰ ਪ੍ਰਾਪਤ ਕਰਨ ਦੀ ਜ਼ਬਰਦਸਤ ਪ੍ਰੇਰਨਾ ਦਿੰਦੀ ਹੈ। ਗੁਰੂ ਨਾਨਕ ਲੋਕਾਂ ਨੂੰ ਰੱਬ ਦੀ ਏਕਤਾ ਵਿਚ ਦ੍ਰਿੜ ਵਿਸ਼ਵਾਸ ਪੈਦਾ ਕਰਨ ਲਈ ਕਹਿੰਦੇ ਹਨ ਅਤੇ ਦਿਲਾਂ ਵਿਚ ਸੁੱਤੀ ਹੋਈ ਗਿਆਨ-ਸ਼ਕਤੀ ਨੂੰ ਟੁੰਬਦੇ ਹਨ। ਉਸ ਸਮੇਂ ਈਸ਼ਵਰ ਬਾਰੇ ਭਿੰਨ ਭਿੰਨ ਵਿਚਾਰ ਸਨ। ਇਸਲਾਮ ਪ੍ਰਮਾਤਮਾ ਦੀ ਤੌਹੀਦ ਵਿਚ ਵਿਸ਼ਵਾਸ ਰੱਖਦਾ ਸੀ, ਪਰ ਨਾਲ ਹੀ ਹਜ਼ਰਤ ਮੁਹੰਮਦ ਸਾਹਿਬ ਨੂੰ ਉਸਦਾ ਰਸੂਲ ਮੰਨਦਾ ਸੀ, ਜਦ ਤਕ ਕਲਮੇ ਵਿਚ ਹਜ਼ਰਤ ਮੁਹੰਮਦ ਸਾਹਿਬ ਨੂੰ ਰਸੂਲ ਨਾ ਮੰਨਿਆ ਜਾਏ ਤਦ ਤਕ ਰੱਬੀ ਸਿਫਤ ਪੂਰੀ ਨਹੀਂ ਹੁੰਦੀ। ਵੇਦਾਂਤ ਵਿਚ 'ਓ' ਸ਼ਬਦ ਨੂੰ ਪ੍ਰਮਾਤਮਾ ਦਾ ਸੂਚਕ ਮੰਨਿਆ ਜਾਂਦਾ ਸੀ। ਹਿੰਦੂ ਈਸ਼ਵਰ ਦੇ ਨਿਰਗੁਣ ਅਤੇ ਸਰਗੁਣ ਅਵਤਾਰ ਸਰੂਪ ਵਿਚ ਵਿਸ਼ਵਾਸ ਰੱਖਦੇ ਸਨ। ਨਾਥ-ਜੋਗੀ ਆਦਿ ਨਾਥ ਨੂੰ ਸੰਸਾਰ ਦਾ ਮੂਲ ਦਸਦੇ ਸਨ। ਹਿੰਦੂਆਂ ਵਿਚ ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਸ੍ਰਿਸ਼ਟੀ ਦੇ ਰਚਤਾ, ਮਾਲਕ ਤੇ ਸੰਘਾਰਕ ਮੰਨਿਆ ਜਾਂਦਾ ਸੀ। ਬੁੱਧ ਮੱਤ ਵਿਚ

---

1. ਡਾ. ਵਜ਼ੀਰ ਸਿੰਘ, ਨੈਤਿਕ ਨਿਯਮ, ਪੰਨਾ-80-81
2. Hari Ram Gupta, History of Sikh Gurus, P.12

ਬ੍ਰਹਮ ਨੂੰ ਸ਼ੂਨਯ ਹੀ ਕਿਹਾ ਜਾਂਦਾ ਸੀ। ਸੋ, ਇਸ ਪ੍ਰਕਾਰ ਪ੍ਰਮਾਤਮਾ ਦਾ ਸਰੂਪ ਉਸ ਸਮੇਂ ਉਲਝਿਆ ਹੋਇਆ ਸੀ, ਆਮ ਮਨੁੱਖ ਇਸ ਸਰੂਪ ਨੂੰ ਸਮਝਣ ਵਿਚ ਬਿਲਕੁਲ ਅਸਮਰਥ ਸੀ। ਅਰਥਾਤ ਈਸ਼ਵਰ ਦੀ ਵਿਆਖਿਆ ਕਈ ਤਰ੍ਹਾਂ ਨਾਲ ਕੀਤੀ ਜਾਂਦੀ ਸੀ ਅਤੇ ਭਿੰਨ ਭਿੰਨ ਵਿਆਖਿਆਵਾਂ ਦੇ ਆਧਾਰ ਤੇ ਭਿੰਨ ਭਿੰਨ ਧਾਰਮਿਕ ਸਮੂਹਾਂ ਵਿਚ ਲੋਕ ਵੰਡੇ ਹੋਏ ਸਨ। ਪ੍ਰਮਾਤਮਾ ਏਕਤਾ ਦਾ ਪ੍ਰਤੀਕ ਹੈ, ਲੇਕਿਨ ਈਸ਼ਵਰ ਦੀ ਨਿਰਾਧਾਰ, ਗਲਤ ਵਿਆਖਿਆ ਦੇ ਆਧਾਰ ਤੇ ਲੋਕ ਵੱਖ ਵੱਖ ਹੋ ਕੇ ਰਹਿ ਰਹੇ ਸਨ ਅਤੇ ਇਸ ਵਿਚਾਰਧਾਰਾ ਨੇ ਉਹਨਾਂ ਨੂੰ ਧਾਰਮਿਕ ਵਿਤਕਰੇ ਦੀ ਸਥਿਤੀ ਤੇ ਲਿਆ ਖੜਾ ਕੀਤਾ ਸੀ। ਗੁਰੂ ਨਾਨਕ ਨੇ ਧਾਰਮਿਕ ਖੇਤਰ ਵਿਚ, ਮਾਨਵੀ ਕੀਮਤਾਂ ਦੀ ਨਵੀਂ ਵਿਆਖਿਆ ਕੀਤੀ ਅਰਥਾਤ ਗੁਰੂ ਨਾਨਕ ਦੀ ਨਵੀਂ ਮਾਨਵਵਾਦੀ ਵਿਆਖਿਆ ਨੇ ਲੋਕਾਂ ਨੂੰ ਨਵਾਂ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ ਅਤੇ ਲੋਕਾਂ ਨੂੰ ਏਕਤਾ ਦੇ ਸੂਤਰ ਵਿਚ ਪਿਰੋਣ ਦਾ ਯਤਨ ਕੀਤਾ।

(ਅ) '੧ਓ' ਮਾਨਵੀ ਏਕਤਾ ਦਾ ਪ੍ਰਤੀਕ।-

ਈਸ਼ਵਰ ਦੇ ਸਰੂਪ ਬਾਰੇ ਭਿੰਨ ਭਿੰਨ ਵਿਚਾਰਾਂ ਨੇ ਉਸ ਸਮੇਂ ਲੋਕਾਈ ਨੂੰ ਭਿੰਨ ਭਿੰਨ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਗੁਰੂ ਸਾਹਿਬ ਨੇ ਪ੍ਰਮਾਤਮਾ ਦੇ ਸਰੂਪ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਕਿ ਸਾਰੀ ਮਾਨਵਤਾ ਨੂੰ ਏਕੇ ਦੇ ਸੂਤਰ ਵਿਚ ਪਰੋਇਆ। ਗੁਰੂ ਸਾਹਿਬ ਨੇ ਆਪਣੇ ਅਨੁਭਵ ਅਤੇ ਉਪਦੇਸ਼ਾਂ ਰਾਹੀਂ ਪ੍ਰਮਾਤਮਾ ਦੇ ਉਸ ਸਰੂਪ ਨੂੰ ਮਨੁੱਖ-ਜਾਤੀ ਸਾਹਮਣੇ ਰੱਖਿਆ ਜਿਹੜਾ ਭਿੰਨ ਭਿੰਨ ਵਰਗਾਂ ਵਿਚ ਵੰਡੇ ਹੋਏ ਲੋਕਾਂ ਨੂੰ ਏਕਤਾ ਦੇ ਸੂਤਰ ਵਿਚ ਬੰਨ੍ਹਦਾ ਹੈ, ਮਾਨਵੀ ਏਕਤਾ ਦਾ ਪ੍ਰਤੀਕ ਹੈ। ਗੁਰੂ ਨਾਨਕ ਨੇ 'ਓ' ਦੇ ਨਾਲ '੧' ਲਗਾ ਕੇ '੧ਓ' ਬਣਾਇਆ। 'ਈਸ਼ਵਰ ਇਕ ਹੈ' ਦਾ ਹੋਕਾ ਦਿੱਤਾ। ਇਸ ਮਾਨਵਵਾਦੀ ਵਿਆਖਿਆ ਦੇ ਆਧਾਰ ਤੇ ਸਾਰੀ ਮਾਨਵਤਾ ਨੂੰ 'ਇਕ' ਸਮਝਣ ਲਈ ਮਾਨਵਜਾਤੀ ਨੂੰ ਪ੍ਰੇਰਿਆ। ਪ੍ਰਮਾਤਮਾ ਇਕ ਹੈ, ਉਹ ਆਪ ਹੀ ਨਿਰਗੁਣ ਹੈ ਅਤੇ ਆਪ ਹੀ ਸਰਗੁਣ ਹੈ, ਦੋਹਾਂ ਅਵਸਥਾਵਾਂ ਵਿਚ ਰੂਪ, ਰੰਗ ਅਤੇ ਰੇਖ ਤੋਂ ਪਰੇ ਹੈ, ਉਸਦੀ ਹੋਂਦ ਸਦਾ ਤੋਂ ਹੈ ਅਤੇ ਸਦਾ ਰਹੇਗੀ, ਉਹ ਆਪ ਹੀ ਸ੍ਰਿਸ਼ਟੀ ਦਾ ਰਚੇਤਾ ਹੈ ਭਾਵ ਉਹ ਕੇਵਲ 'ਸ਼ੂਨਯ' ਬ੍ਰਹਮ ਹੀ ਨਹੀਂ ਉਹ ਕਰਤਾ ਪੁਰਖ ਵੀ ਹੈ। ਉਹ ਨਿਰਭੈ ਅਤੇ ਨਿਰਵੈਰ ਹੈ, ਸਮੇਂ ਦੀ ਪਕੜ ਤੋਂ ਬਾਹਰ ਹੈ, ਮੌਤ ਤੋਂ ਪਰੇ ਹੈ, ਮਾਤਾ ਦੇ ਗਰਭ ਤੋਂ ਪੈਦਾ ਨਹੀਂ ਹੁੰਦਾ।

ਸਦੈ ਪ੍ਰਕਾਸ਼ਮਾਨ ਹੈ, ਇਸ ਸਰੂਪ ਦਾ ਅਨੁਭਵ ਕੇਵਲ ਸਤਿਗੁਰ ਦੀ ਕਿਰਪਾ ਤੇ ਮਿਹਰ ਨਾਲ ਹੁੰਦਾ ਹੈ।

> ੧ਓ ਸਤਿਨਾਮੁ ਕਰਤਾ ਪੁਰਖੁ
> ਨਿਰਭਉ ਨਿਰਵੈਰੁ ਅਕਾਲ ਮੂਰਤਿ
> ਅਜੂਨੀ ਸੈਭੰ ਗੁਰਪ੍ਰਸਾਦਿ ।।
>
> ( ਜਪੁਜੀ ਸਾਹਿਬ, ਮਹਲਾ ੧,ਪੰਨਾ-1)

ਈਸ਼ਵਰ ਦੇ ਸਰੂਪ ਸੰਬੰਧੀ ਗੁਰੂ ਨਾਨਕ ਦੀ ਨਵੀਂ ਮਾਨਵਵਾਦੀ ਦ੍ਰਿਸ਼ਟੀ ਤੇ ਆਧਾਰਿਤ ਪਰਿਭਾਸ਼ਾ, ਸਾਰੀ ਲੋਕਾਈ ਨੂੰ ਏਕਤਾ ਦੇ ਸੂਤਰ ਵਿਚ ਪਿਰੋਦੀ ਹੈ। ਪ੍ਰਮਾਤਮਾ ਇਕ ਹੈ, ਸਾਰੀ ਮਾਨਵ-ਜਾਤੀ ਇਕ ਹੈ। 'ਇਕ ਈਸ਼ਵਰ ਦਾ ਸੰਕਲਪ' ਅਰਥਾਤ ਈਸ਼ਵਰ ਦੀ ਏਕਤਾ ਸਾਰੀ ਮਾਨਵ ਜਾਤੀ ਦੀ ਏਕਤਾ ਦੀ ਪ੍ਰਤੀਕ ਬਣਦੀ ਹੈ। ਪ੍ਰਿੰ. ਸਤਿਬੀਰ ਸਿੰਘ ਨੇ ਇਸ ਪ੍ਰਸੰਗ ਵਿਚ ਇਸ ਤਰ੍ਹਾਂ ਲਿਖਿਆ ਹੈ:-

> ਗੁਰੂ ਗ੍ਰੰਥ ਸਾਹਿਬ ਦਾ ਆਰੰਭ ਹੀ ੧, ਅਖਰੀ ਹਿੰਦਸੇ ਨਾਲ ਹੁੰਦਾ ਹੈ। ਹਿੰਦਸੇ ਵਾਲਾ '੧' ਐਲਾਨ ਦਾ ਇਹ ਸੰਕੇਤ ਕਰਦਾ ਹੈ ਕਿ ਕੋਈ '੧' ਨੂੰ ਛੇਨ ਨਹੀਂ ਸਕਦਾ ਤੇ ਨਾ ਹੀ ਕੋਈ ਵੰਡ ਸਕਦਾ ਹੈ। ਜੇ ਅਖਰੀਂ 'ਇਕ' ਪਾਉਂਦੇ ਤਾਂ ਸ਼ਾਇਦ ਇਸਦੇ ਵੀ ੲ, ਿ,ਕ ਦੇ ਟੋਟੇ ਕਰ ਦਿੱਤੇ ਜਾਂਦੇ। ਪ੍ਰਭੂ ਦਾ ਕੋਈ ਬਦਲ ਨਹੀਂ। ਪ੍ਰਭੂ ਕਿਸੇ ਨੂੰ ਅਵਤਾਰ ਬਣਾ ਕੇ ਨਹੀਂ ਭੇਜਦਾ। ਸਾਰੀ ਕੁਦਰਤੀ ਦਾ ਮਾਲਕ ਉਹ ਆਪ ਹੈ। ਅੱਖਰਾਂ ਦੇ ਅਰਥ ਤਾਂ ਵੱਟ ਸਕਦੇ ਹਨ ਪਰ '੧' ਨਹੀਂ ਬਦਲ ਸਕਦਾ। ਉਹ ਸੁੰਨ'0' ਵੀ ਨਹੀਂ। ਉਹ ਹੈ ਅਤੇ ਸਦਾ ਹੈ। ਇਸ ਤੋਂ ਬਾਅਦ ਓ ਦੀ ਧੁਨੀ ਹੈ ਅਤੇ(ਕਾਰ) ਆਉਂਦਾ ਹੈ, ਜਿਸਦਾ ਭਾਵ ਲਗਾਤਾਰ ਹੈ। ਵਾਹਿਗੁਰੂ ਨੂੰ ਤਿੰਨਾਂ ਹਿੱਸਿਆਂ(ਟਿਰਨੇਟੀ) ਵਿਚ ਗੁਰੂ ਨਾਨਕ ਦੇ ਨਹੀਂ ਵੰਡਿਆ। ਨਾ ਹੀ ਉਸ ਸੰਸਾਰੀ, ਭੰਡਾਰੀ ਤੇ ਦੀਵਾਨ ਲਾ ਕੇ ਬੈਠਣ ਵਾਲਾ ਵੱਖ ਵੱਖ ਆਖਿਆ ਹੈ। ਬ੍ਰਹਮਾ, ਵਿਸ਼ਨੂੰ, ਸ਼ਿਵ ਕੋਈ ਵੱਖ ਵੱਖ ਉਸਦੇ ਹਿੱਸੇ ਨਹੀਂ

ਘਟਾਏ। ਇਸ ਇਕ ਦੇ ਪ੍ਰਚਾਰ ਨਾਲ ਦੋ ਹੋਰ ਖਿਆਲ ਸਾਹਮਣੇ ਆਉਂਦੇ ਹਨ। ਉਸਦੇ ਮੁਕਾਬਲੇ ਦਾ ਕੋਈ ਨਹੀਂ, ਉਹ ਕੋਈ ਵੱਖ ਵੱਖ ਤਾਕਤਾਂ ਦਾ ਸਮੂਹ ਨਹੀਂ ਬਲਕਿ ਇਕ ਹੈ ਜਿਸ ਤੋਂ ਸਾਰੀਆਂ ਤਾਕਤਾਂ ਨਿਕਲਦੀਆਂ ਹਨ।[1]

ਗੁਰੂ ਨਾਨਕ ਜੀ ਤੋਂ ਪਹਿਲਾਂ ਵਾਹਿਗੁਰੂ ਬਾਰੇ ਦੋ ਵਿਰੋਧੀ ਖਿਆਲ ਪ੍ਰਚਲਿਤ ਸਨ। ਇਕ ਕਹਿੰਦੇ ਸਨ ਕਿ ਉਹ ਸਭ ਵਿਚ ਹੈ, ਜੋ ਹਾਥੀ, ਕੁੱਤੇ ਤੇ ਮਨੁੱਖ ਦੀ ਆਤਮਾ ਵਿਚ ਕੋਈ ਫਰਕ ਨਹੀਂ। ਉਹ ਸਰਬ ਵਿਆਪੀ( Immanent ) ਹੈ। ਇਸਦਾ ਅਸਰ ਇਹ ਹੋਇਆ ਕਿ ਸਦਾਚਾਰ ਖਤਮ ਹੋਣ ਲੱਗਾ ਤੇ ਸਿਰਫ਼ ਨਾਮ ਮਾਤਰ ਅਖੌਤੀ ਹੀ ਉਸਨੂੰ ਹਰ ਜਗ੍ਹਾ ਦੇਖਿਆ ਜਾਣ ਲੱਗਾ। ਦੂਜੇ ਖਿਆਲ ਅਨੁਸਾਰ ਵਾਹਿਗੁਰੂ ਭੰਨਣ ਘੜਨ ਵਾਲਾ, ਅਗਮ, ਅਥਾਹ, ਦੂਰ ਕਿਤੇ ਬੈਠਾ, ਅਪਹੁੰਚ, ਸਾਡੇ ਫੁਰਨਿਆਂ ਤੋਂ ਦੂਰ ਸਰਬ ਸ਼ਕਤੀਮਾਨ, ਸੰਸਾਰ ਨੂੰ ਇਕ ਖੁਦ-ਮੁਖਤਿਆਰ, ਡਿਕਟੇਟਰ ਦੀ ਤਰ੍ਹਾਂ ਚਲਾ ਰਿਹਾ, ਜਿਸ ਉਤੇ ਅਰਦਾਸਾਂ ਤੇ ਅਪੀਲਾਂ ਦਾ ਕੋਈ ਅਸਰ ਨਹੀਂ, ਵਾਲਾ ਪਰਚਾਰਿਆ ਗਿਆ। ਇਸ ਤਰ੍ਹਾਂ ਦੀਆਂ ਸਿਫ਼ਤਾਂ ਵਾਲੇ ਵਾਹਿਗੁਰੂ ਨੂੰ ਅਗੋਚਰ (Transcendent ) ਕਿਹਾ ਗਿਆ। ਇਸਦਾ ਭਾਵ ਇਹ ਲਿਆ ਗਿਆ ਕਿ ਵਾਹਿਗੁਰੂ ਇਕ ਉਹ ਅਜਰ ਵਸਤੂ ਹੈ ਜਿਹੜੀ ਕਦੀ ਭਿੱਜਦੀ ਨਹੀਂ। ਅਗਲਾ ਸਿੱਟਾ ਆਪ-ਮੁਹਾਰਾ ਇਹ ਨਿਕਲਿਆ ਕਿ ਉਸਨੇ ਕਦੀ ਰੀਝਣਾ ਹੀ ਨਹੀਂ, ਸਿਰਫ਼ ਉਸ ਤੋਂ ਡਰੋ। ਉਹ ਇਕ ਆਕਾਲ ਹੈ ਜੋ ਕੁਦਰਤ ਨੂੰ ਚਲਾ ਰਿਹਾ ਹੈ, ਇਸ ਤਰ੍ਹਾਂ ਦਾ ਵਾਹਿਗੁਰੂ

---

1. ਪ੍ਰਿੰ. ਸਤਿਬੀਰ ਸਿੰਘ, ਸਾਡਾ ਇਤਿਹਾਸ( ਦਸ ਪਾਤਸ਼ਾਹੀਆਂ) 1469-1708, 1984, ਪੰਨਾ-69

ਵੀ ਕਿਸੇ ਅੰਦਰ ਕੋਈ ਵਿਕਾਰ ਦੀ ਕਣੀ ਪੈਦਾ ਨਾ ਕਰ ਸਕਿਆ ।[1]

ਗੁਰੂ ਨਾਨਕ ਨੇ ਦੋਵੇਂ ਵਿਰੋਧੀ ਖਿਆਲਾਂ ਤੋਂ ਦੂਰ ਹੋ, ਈਸ਼ਵਰ ਬਾਰੇ ਆਪਣਾ ਅਨੁਭਵ ਦਿੱਤਾ। ਗੁਰੂ ਨਾਨਕ ਅਨੁਸਾਰ: ਈਸ਼ਵਰ ਇਕ ਹੈ, ਜੋ ਟੁੱਟ ਤੇ ਭੱਜ ਨਹੀਂ ਸਕਦਾ। ਉਹ ਹੈ, ਲਗਾਤਾਰ ਹੈ, ਸਤਿ ਹੈ। ਭਰਮ ਜਾਂ ਛਲਾਵਾ ਨਹੀਂ। ਉਸਦੀ ਜੋਤ ਦਾ ਪ੍ਰਕਾਸ਼ ਹਰ ਕਿਸੇ ਵਿਚ ਵੇਖਿਆ ਜਾ ਸਕਦਾ ਹੈ।[2] ਉਹ ਕਰਤਾ ਪੁਰਖ ਹੈ, ਨਿਰਭਉ ਨਿਰਵੈਰ ਹੈ, ਉਹ ਜਨਮ - ਸਤਿ ਹੈ ਅਤੇ ਉਸਦਾ ਪ੍ਰਕਾਸ਼ ਸੁਤੇ-ਸਿੱਧ ਹੈ। ਗੁਰੂ ਨਾਨਕ ਦਾ ਰੱਬ ਦਾ ਸੰਕਲਪ ਉਨ੍ਹਾਂ ਦੇ ੧ਓ ਦੇ ਸਿਧਾਂਤ ਤੇ ਨਿਰਭਰ ਹੈ। ਉਨ੍ਹਾਂ ਅਨੁਸਾਰ ਰੱਬ ਇਕ ਹੈ ਅਤੇ ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਹੈ। ਰਾਮ, ਰਹੀਮ, ਕਰਤਾ, ਕਰੀਮ, ਅਕਾਲ-ਪੁਰਖ, ਸਤਿਗੁਰੂ, ਅੱਲ੍ਹਾ ਖੁਦਾ ਆਦਿ ਉਸੇ ਇਕ ਪ੍ਰਮਾਤਮਾ ਨੂੰ ਸੰਬੋਧਿਤ ਕਰਨ ਲਈ ਵਰਤੇ ਵੱਖ ਵੱਖ ਸ਼ਬਦ ਹਨ। ਗੁਰੂ ਨਾਨਕ ਦੇ ਰੱਬ ਦੇ ਸੰਕਲਪ ਬਾਰੇ ਡਾ. ਜੀ ਐਸ ਢਿੱਲੋਂ ਨੇ ਇਸ ਤਰ੍ਹਾਂ ਵਿਚਾਰ ਪ੍ਰਸਤੁਤ ਕੀਤੇ ਹਨ:

> ਗੁਰੂ ਨਾਨਕ ਜੀ ਨੇ 'ਆਦਿ ਸਚੁ ਜੁਗਾਦਿ ਸਚੁ, ਹੈ ਭੀ ਸਚੁ, ਰੱਬ ਨੂੰ ਤਿੰਨ੍ਹਾਂ ਪੱਖਾਂ ਤੋਂ ਪੇਸ਼ ਕੀਤਾ ਹੈ। ਪਹਿਲਾ ਪੱਖ ਪਰਮਾਤਮਾ( Supreme Self ) ਅਤੇ ਇਕ ਪਰਮ ਪੁਰਖ ਦਾ ਹੈ। ਰੱਬ ਦਾ ਇਹ ਰੂਪ ਹਰ ਪ੍ਰਕਾਰ ਦੀ ਵਿਸ਼ੇਸ਼ਤਾ, ਵਿਰੋਧਤਾ, ਬਿਆਨਾਂ ਅਤੇ ਵਿਆਖਿਆ ਮੁਕਤ ਹੈ। ਰੱਬ ਦਾ ਦੂਜਾ ਸਰੂਪ ਨਿਰਗੁਣ, ਨਿਰੰਕਾਰ ਅਤੇ ਨਿਰਵਿਕਾਰ ਹੈ ਭਾਵ ਉਹ ਰੂਪ-ਰਹਿਤ, ਗੁਣ ਰਹਿਤ ਅਤੇ ਪਰਿਵਰਤਨ ਰਹਿਤ ਸਦਾਈ ਹੈ। ਪਰਮਾਤਮਾ ਦਾ ਤੀਜਾ ਸਰੂਪ ਸਰਗੁਣ ਹੈ। ਇਸ ਸਰੂਪ ਨੂੰ ਕੁਦਰਤ, ਰਚਨਾ, ਪ੍ਰਤਿਬਿੰਬ

---

1. ਪ੍ਰੋ. ਸਤਿਬੀਰ ਸਿੰਘ, ਉਹੀ, ਪੰਨਾ-70
2. (ੳ) ਤੁਧੁ ਰੂਪੁ, ਨ ਰੇਖਿ, ਨ ਜਾਤਿ, ਤੂੰ ਵਰਨਾ ਬਾਹਰਾ,
   ਇਹ ਮਾਣਸ ਜਾਣਹਿ ਦੂਰਿ, ਤੂ ਵਰਤਹਿ ਜਾਹਰਾ।
   (ਆਦਿ ਗ੍ਰੰਥ, ਮਹਲਾ 5, ਪੰਨਾ-1096)
   (ਅ) ਨਾਨਕ ਕਾ ਪਾਤਿਸਾਹੁ, ਦਿਸੈ ਜਾਹਰਾ।
   ( ਆਦਿ ਗ੍ਰੰਥ, ਮਹਲਾ 5, ਪੰਨਾ-391

ਸੰਸਾਰ ,ਜਗਤ ਅਤੇ ਮਾਇਆ ਦੀ ਸਿਰਜਣਾ ਕੀਤੀ ਹੈ।[1]

ਗੁਰੂ ਨਾਨਕ ਨੇ ਈਸ਼ਵਰ ਇਕ ਹੀ ਦੱਸਿਆ। ਗੁਰੂ ਨਾਨਕ ਦਾ ਰੱਬ ਹਿੰਦੂ ਜਾਂ ਮੁਸਲਮਾਨਾਂ ਲਈ ਕੋਈ ਵੱਖਰਾ ਵੱਖਰਾ ਨਹੀਂ ਸੀ। ਗੁਰੂ ਨਾਨਕ 'ਏਕੋ ਹੈ ਭਾਈ ਏਕੋ ਹੈ' ਦੀ ਹੀ ਸੱਦ ਲਗਾਉਂਦੇ ਸਨ। ਉਸਨੂੰ ਮਿਲਣ ਦਾ ਇਕ ਹੀ ਰਸਤਾ ਦੱਸਿਆ, ਉਸ ਨਾਲ ਪਿਆਰ ਕੀਤਾ ਜਾਏ ਅਤੇ ਉਸ ਦੇ ਬਣਾਏ ਬੰਦਿਆਂ ਨਾਲ ਪਿਆਰ ਕੀਤਾ ਜਾਵੇ। ਗੁਰੂ ਨਾਨਕ ਦੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਈਸ਼ਵਰ ਅਸੀਮ ਲਗਦਾ ਹੈ ਪਰ ਸ਼ਬਦ ਦੇ ਪਿਆਰ ਰਾਹੀਂ ਪਾਇਆ ਜਾ ਸਕਦਾ ਹੈ:

ਅਲਖ, ਅਪਾਰ, ਅਗਮ, ਅਗੋਚਰ, ਨਾ ਤਿਸੁ ਕਾਲ ਨ ਕਰਮਾ।
ਜਾਤਿ ਅਜਾਤਿ, ਅਜੋਨੀ, ਸੰਭਉ, ਨ ਤਿਸੁ ਭਾਉ,ਨਾ ਭਰਮਾ।
ਸਾਚੇ ਸਚਿਆਰੁ ਵਿਟਹੁ ਕੁਰਬਾਣੀ।ਨਾ ਤਿਸੁ ਰੂਪ ਵਰਨੁ ਨਹੀਂ।
ਰੇਖਿਆ ਸਾਚੈ ਸਬਦਿ ਨੀਸਾਣੁ। ਰਹਾਉ ।।

( ਆਦਿ ਗ੍ਰੰਥ, ਸੋਰਠਿ ਮਹਲਾ ੧,ਪੰਨਾ-591

'ਆਸਾ ਦੀ ਵਾਰ' ਵਿਚ ਈਸ਼ਵਰ ਦੀ ਏਕਤਾ ਸੰਬੰਧੀ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਗੁਰੂ ਨਾਨਕ ਲਿਖਦੇ ਹਨ,'ਸਾਹਿਬ ਮੇਰਾ ਏਕੋ ਹੈ ਅਵਰੁ ਨਹੀਂ ਭਾਈ' ਗੁਰੂ ਨਾਨਕ ਪਰਮਾਤਮਾ ਸੰਬੰਧੀ ਸੰਕਲਪ ਦੀ ਮਾਨਵਵਾਦੀ ਵਿਆਖਿਆ ਕੀਤੀ। ਗੁਰੂ ਨਾਨਕ ਸਮੇਂ ਭਿੰਨ ਭਿੰਨ ਸਾਧੂ, ਸੰਤਾਂ, ਪੀਰਾਂ ਨੇ ਆਪਣੇ ਆਪ ਨੂੰ ਰੱਬ ਕਹਿਣਾ ਸ਼ੁਰੂ ਕਰ ਦਿੱਤਾ ਸੀ। ਪਰਮਾਤਮਾ ਅਨੇਕ ਪ੍ਰਕਾਰ ਦਾ ਬਣਾਇਆ ਹੋਇਆ ਸੀ। ਇਸ ਆਧਾਰ ਤੇ ਲੋਕ ਭਿੰਨ ਭਿੰਨ ਵਰਗਾਂ ਵਿਚ ਵੰਡੇ ਹੋਏ ਸਨ। ਗੁਰੂ ਨਾਨਕ ਨੇ ਕਿਹਾ ਪਰਮਾਤਮਾ ਇਕ ਹੈ। ਪਰਮਾਤਮਾ ਦਾ ਨਾ ਕੋਈ ਆਕਾਰ ਹੈ ਅਤੇ ਨਾ ਹੀ ਭੇਤ। ਇਸ ਸੰਬੰਧ ਵਿਚ ਉਹ ਲਿਖਦੇ ਹਨ:

1. ਭੇਤੁ ਨਾ ਜਾਪੈ ਪਾਰਾਵਾਰੁ।।ਜਪੁ।। (ਮਹਲਾ ੧, ਪੰਨਾ-5)
2. ਤੂ ਬੇਅੰਤੁ ਅੰਤੁ ਕਿਨਿ ਲਹੀਐ।।(ਬਸੰਤ,ਮਹਲਾ 2,ਅਸਟਪਦੀਆਂ,ਪੰਨਾ-1188)
3. ਆਦਿ ਪੁਰਖ ਅਪਰੰਪਰਾ।। ( ਰਾਗ ਆਸਾ, ਮਹਲਾ ੧, ਪੰਨਾ-348)

---

1. ਡਾ. ਜੀ. ਐਸ. ਢਿੱਲੋਂ, ਭਾਰਤੀ ਰਾਜਨੀਤਿਕ ਵਿਚਾਰਧਾਰਾ,ਪ੍ਰਾਚੀਨ ਅਤੇ ਆਧੁਨਿਕ, 1984, ਪੰਨਾ -105

ਇਸ ਲਈ ਇਸ ਵਿਚ ਵੀ ਇਹ ਈਸ਼ਵਰੀ ਗੁਣ ਵਿਦਮਾਨ ਹਨ। ਆਤਮਾ ਮਨੁੱਖ ਦੇ ਅੰਦਰ ਨਿਵਾਸ ਕਰਦੀ ਹੈ। ਇਸ ਤਰ੍ਹਾਂ ਜੇਕਰ ਆਤਮਾ-ਪਰਮਾਤਮਾ ਦੇ ਗੁਣਾਂ ਨੂੰ ਵਿਹਾਰਕ ਪੱਧਰ ਤੇ ਸਮਾਜ ਅਤੇ ਵਿਅਕਤੀ ਵਿਚ ਨਿਰੂਪਨ ਕੀਤਾ ਜਾਵੇ ਤਾਂ ਮਾਨਵ ਸੁਖਮਈ ਜੀਵਨ ਬਤੀਤ ਕਰ ਸਕਦਾ ਹੈ। ਤਿੰਨੇ ਗੁਣ ਪਰਮਾਤਮਾ ਦੇ ਮਾਨਵਵਾਦ ਦੇ ਪ੍ਰਤੀਕ ਬਣਦੇ ਹਨ। ਇਹ ਗੁਣ ਵਿਅਕਤੀ ਰਾਹੀਂ ਸਮਾਜ ਵਿਚ ਹੀ ਸਾਕਾਰ ਹੋ ਸਕਦੇ ਹਨ ਅਤੇ ਇਹਨਾਂ ਗੁਣਾਂ ਨੂੰ ਅਪਣਾ ਕੇ ਹੀ ਵਿਅਕਤੀ ਮਾਨਵ-ਵਾਦੀ ਸੰਕਲਪ ਦੀ ਸਿਖਰ ਤੇ ਪਹੁੰਚ ਸਕਦਾ ਹੈ। ਈਸ਼ਵਰ ਦੇ ਉਪਰੋਕਤ ਤਿੰਨਾਂ ਗੁਣਾਂ ਨੂੰ ਧਰਤੀ ਤੇ ਉਜਾਗਰ ਕਰਨਾ ਹੈ। ਇਹਨਾਂ ਨੂੰ ਸਮਾਜ ਵਿਚ ਵਿਹਾਰਕ ਪੱਧਰ ਤੇ ਅਪਨਾਉਣਾ ਹੈ। ਇਹ ਨਾਨਕ-ਬਾਣੀ ਦਾ ਮਾਨਵਵਾਦੀ ਪੱਖ ਹੈ। ਵਿਅਕਤੀ ਆਪਣਾ ਮਾਨਸਿਕ ਵਿਕਾਸ ਕਰਕੇ ਇਹਨਾਂ ਗੁਣਾਂ ਨੂੰ ਆਪਣੀ ਸ਼ਖਸੀਅਤ ਵਿਚ ਧਾਰੇਗਾ ਤਾਂ ਸਮਾਜ ਵਿਚ ਨੇਕ ਪੁਰਖ ਵਿਚਰਨ ਨਾਲ ਸਮਾਜ ਵੀ ਨੇਕ, ਸ੍ਰੇਸ਼ਟ ਉੱਤਮ ਬਣੇਗਾ। ਨਾਨਕ-ਬਾਣੀ ਦੇ ਮਾਨਵਵਾਦੀ ਸੰਕਲਪ ਦੀ ਵਿਹਾਰਕ ਪੱਧਰ ਤੇ ਪ੍ਰਾਪਤੀ ਹੋ ਸਕੇਗੀ।

ਗੁਰੂ ਨਾਨਕ ਦਾ ਬ੍ਰਹਮ ਜਦੋਂ ਸਤਿ ਤੇ ਕਰਤਾਰ ਬਣ ਕੇ ਜੀਵ ਅਤੇ ਸੰਸਾਰ ਨਾਲ ਜੁੜਦਾ ਹੈ ਤਦ ਉਸ ਨਾਲ ਸਾਂਝਾ ਰਿਸ਼ਤਾ ਖਿਆਲੀ ਨਹੀਂ ਰਹਿੰਦਾ ਸਗੋਂ ਜੀਵੰਤ ਹੋ ਜਾਂਦਾ ਹੈ। ਵੇਦਾਂਤ ਵਿਚ ਸ੍ਰਿਸ਼ਟੀ ਰਚਨਾ ਨੂੰ 'ਮਾਇਆ' ਮੰਨਿਆ ਗਿਆ ਹੈ। ਮਾਇਆ ਦੇ ਅਜਿਹੇ ਦ੍ਰਿਸ਼ਟੀਕੋਣ ਨੇ ਭਾਰਤੀ ਮਨੁੱਖ ਦਾ ਜਗਤ ਵਿਚੋਂ ਮਹੱਤਵ ਅਲੋਪ ਕਰ ਦਿੱਤਾ ਹੈ। ਇਹ ਨਿਸ਼ੇਧਾਤਮਿਕ ਦ੍ਰਿਸ਼ਟੀਕੋਣ ਹੈ। ਇਹ ਆਪਣੇ ਆਪ ਵਿਚ ਗੈਰ-ਮਾਨਵਵਾਦੀ ਦ੍ਰਿਸ਼ਟੀਕੋਣ ਹੈ। ਲੇਕਿਨ ਗੁਰੂ ਨਾਨਕ-ਬਾਣੀ ਅਨੁਸਾਰ ਸ੍ਰਿਸ਼ਟੀ ਰਚਨਾ ਈਸ਼ਵਰ ਨੇ ਆਪ ਸਾਜੀ ਹੈ। ਕਰਤਾਰ ਦੀ ਰਚਨਾ ਮਾਇਆ ਨਹੀਂ ਹੋ ਸਕਦੀ। ਜਿਵੇਂ ਕਰਤਾਰ ਸਤਿ ਹੈ, ਉਸੇ ਤਰ੍ਹਾਂ ਸ੍ਰਿਸ਼ਟੀ-ਰਚਨਾ ਵਿਚ ਵੀ ਇਹ ਸਤਿ-ਤੱਤ ਵਿਆਪਕ ਹੈ। ਇਹ ਪ੍ਰਤਿਬਿੰਬ, ਸ੍ਰਿਸ਼ਟੀ ਮਾਇਆ ਜਾਂ ਭਰਮ ਨਹੀਂ ਬਲਕਿ ਸੱਚ ਹੈ।

> ਸਚੇ ਤੇਰੇ ਖੰਡ ਸਚੇ ਬ੍ਰਹਮੰਡ। ਸਚੇ ਤੇਰੇ ਲੋਅ ਸਚੇ ਆਕਾਰ ।
> ਸਚੇ ਤੇਰੇ ਕਰਣੇ ਸਰਬ ਬੀਚਾਰ। ਸਚਾ ਤੇਰਾ ਅਮਰੁ ਸਚਾ ਦੀਬਾਣੁ।
> ( ਵਾਰ ਆਸਾ, ਮਹਲਾ ੧, ਪੰਨਾ-463)

ਗੁਰੂ ਨਾਨਕ ਦਾ ਇਸ ਜਗਤ-ਸਤਿ ਦੀ ਵਡਿਆਈ ਕਰਨਾ ਭਾਰਤੀ ਧਰਮਾਂ

ਗੁਰੂ ਨਾਨਕ ਸਮੇਂ ਕਈ ਭੇਖੀ ਸਾਧੂਆਂ ਨੇ ਲੋਕਾਂ ਨੂੰ ਗੁਮਰਾਹ ਕੀਤਾ ਹੋਇਆ ਸੀ, ਉਹ ਕਹਿੰਦੇ ਸਨ ਕਿ ਰੱਬ ਮੰਦਰਾਂ ਵਿਚ ਵਸਦਾ ਹੈ ਅਤੇ ਪਰਮਾਤਮਾ ਸਰਬ-ਵਿਆਪਕ ਨਹੀਂ। ਲੇਕਿਨ ਗੁਰੂ ਨਾਨਕ ਦਾ ਦ੍ਰਿਸ਼ਟੀਕੋਣ ਇਸਦੇ ਵਿਪਰੀਤ ਹੈ। ਈਸ਼ਵਰ ਦੇ ਸਰੂਪ ਦੀ ਵਿਆਖਿਆ, ਇਹ-ਲੋਕ ਵਿਚ ਮਾਨਵਵਾਦ ਦੀ ਸਥਾਪਨਾ ਕਰਦੀ ਹੈ। ਨਾਨਕ-ਬਾਣੀ ਅਨੁਸਾਰ ਰੱਬ ਇਕ ਹੈ ਅਤੇ ਸਰਬ ਵਿਆਪਕ ਹੈ। ਇਹ ਈਸ਼ਵਰ ਦੀਆਂ ਦੋਵੇਂ ਵਿਸ਼ੇਸ਼ਤਾਵਾਂ, ਮਨੁੱਖਤਾ ਨੂੰ ਏਕਤਾ ਦੇ ਸੂਤਰ ਵਿਚ ਪਿਰੋਣ ਵਿਚ ਸਹਾਈ ਹੁੰਦੀਆਂ ਹਨ। ਸਰਬ-ਵਿਆਪਕਤਾ ਦੇ ਆਧਾਰ ਤੇ ਵਿਸ਼ਲੇਸ਼ਣ ਕੀਤਿਆਂ ਇਹ ਸਪਸ਼ਟ ਹੁੰਦਾ ਹੈ ਕਿ ਮਨੁੱਖ ਇਕ ਦੂਸਰੇ ਨੂੰ ਭਾਈ ਭਾਈ ਸਮਝਣ ਕਿਉਂਕਿ ਹਰ ਪ੍ਰਾਣੀ ਵਿਚ ਪਰਮਾਤਮਾ ਦਾ ਅੰਸ਼ ਆਤਮਾ ਵਿਦਮਾਨ ਹੈ- ਨਿਵਾਸ ਕਰ ਰਹੀ ਹੈ। ਗੁਰੂ ਨਾਨਕ ਨੇ ਕੱਟੜ ਪੰਥੀਆਂ ਦੇ ਇਸ ਵਿਚਾਰ ਦਾ ਖੰਡਨ ਕੀਤਾ ਕਿ ਈਸ਼ਵਰ ਕੇਵਲ ਧਾਰਮਿਕ ਅਤੇ ਪਵਿੱਤਰ ਸਥਾਨਾਂ ਤੇ ਹੀ ਨਿਵਾਸ ਕਰਦਾ ਹੈ। ਇਸ ਪ੍ਰਸੰਗ ਵਿਚ ਇਕ ਘਟਨਾ ਇਸ ਪ੍ਰਕਾਰ ਪ੍ਰਸਿੱਧ ਹੈ। ਗੁਰੂ ਨਾਨਕ ਧਾਰਮਿਕ ਸਥਾਨਾਂ ਤੇ ਆਪਣੀ ਯਾਤਰਾ ਦੌਰਾਨ ਇਕ ਵਾਰ ਮੱਕੇ ਗਏ। ਉਥੇ ਉਹ ਕਾਅਬਾ ਵੱਲ (ਪਰਮਾਤਮਾ ਦਾ ਘਰ) ਪੈਰ ਕਰਕੇ ਸੌਂ ਗਏ। ਜਦੋਂ ਸਵੇਰੇ ਮੁੱਲਾਂ ਮਸਜਿਦ ਵਿਚ ਨਿਮਾਜ਼ ਪੜ੍ਹਨ ਆਇਆ ਅਤੇ ਉਸਨੇ ਗੁਰੂ ਨਾਨਕ ਨੂੰ ਕਾਅਬੇ ਵੱਲ ਪੈਰ ਕਰਕੇ ਸੁੱਤਿਆਂ ਵੇਖਿਆ ਤਾਂ ਉਹ ਗੁੱਸੇ ਹੋਇਆ ਅਤੇ ਗੁੱਸੇ ਵਿਚ ਇਹ ਕਿਹਾ, "ਐ ਖੁਦਾ ਦੇ ਬੰਦੇ, ਤੂੰ ਈਸ਼ਵਰ ਸਥਾਨ,ਕਾਅਬੇ ਵੱਲ ਪੈਰ ਕਰੀਂ ਸੁੱਤਾ ਹੈਂ? ਤੂੰ ਅਜਿਹਾ ਕਿਉਂ ਕੀਤਾ ਹੈ?" ਗੁਰੂ ਜੀ ਨੇ ਬੜੀ ਨਿਮਰਤਾ ਨਾਲ ਉੱਤਰ ਦਿੱਤਾ, " ਤੁਸੀਂ ਮੇਰੇ ਪੈਰ ਉਸ ਦਿਸ਼ਾ ਵਿਚ ਘੁੰਮਾ ਦੇਵੋ, ਜਿਧਰ ਪਰਮਾਤਮਾ ਦਾ ਘਰ ਨਹੀਂ ਹੈ।" ਇਸ ਹਲੀਮੀ ਭਰੇ ਉੱਤਰ ਨੇ ਇਹ ਅਨੁਭਵ ਕਰਾ ਦਿੱਤਾ ਕਿ ਰੱਬ ਚਾਰੇ ਪਾਸੇ ਹੈ, ਰੱਬ ਸਰਬ-ਵਿਆਪਕ ਹੈ।

ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਨੇ ਈਸ਼ਵਰ ਦੀ ਸਰਬ-ਵਿਆਪਕਤਾ ਦਾ ਹੋਕਾ ਦੇ ਕੇ ਸਾਰੇ ਲੋਕਾਂ ਨੂੰ ਏਕਤਾ ਦੇ ਸੂਤਰ ਵਿਚ ਪਿਰੋਣ ਦਾ ਯਤਨ ਕੀਤਾ। ਪਰਮਾਤਮਾ ਪ੍ਰਤੀ ਮਾਨਵਵਾਦੀ ਦ੍ਰਿਸ਼ਟੀਕੋਣ ਦਾ ਪ੍ਰਚਾਰ ਕੀਤਾ। ਸਤਿ, ਨਿਰਭਉ, ਨਿਰਵੈਰ ਅਤੇ ਕਰਤਾ-ਪੁਰਖ ਮੂਲ-ਮੰਤਰ ਦੇ ਅਜਿਹੇ ਸ਼ਬਦ ਹਨ ਜੋ ਭਰਮ ਤੋਂ ਛੁੱਟ ਵਿਅਕਤੀ ਅਤੇ ਸਮਾਜ ਨੂੰ ਸਾਂਝੀ ਦ੍ਰਿਸ਼ਟੀ ਵਿਚ ਲੈ ਆਉਂਦੇ ਹਨ। ਪਹਿਲੇ ਤਿੰਨ ਈਸ਼ਵਰ ਦੇ ਗੁਣ ਹਨ। ਆਤਮਾ ਕਿਉਂਕਿ ਪਰਮਾਤਮਾ ਦਾ ਅੰਸ਼ ਹੈ ਇਸ

ਭਾਰਤੀ ਧਰਮਾਂ ਨਾਲੋਂ ਨਵੇਕਲਾ ਵੀ ਹੈ ਅਤੇ ਮੌਲਿਕ ਵੀ ਹੈ। ਗੁਰੂ ਨਾਨਕ ਦਾ ਜਗਤ-ਸੰਬੰਧੀ ਦ੍ਰਿਸ਼ਟੀਕੋਣ ਨਿਸ਼ੇਧਾਤਮਕ ਨਹੀਂ। ਗੁਰਬਾਣੀ ਵਿਚ ' ਇਹ-ਲੋਕ' ਭਰਾਂਤੀ ਨਹੀਂ, ਬਾਧਾ ਨਹੀਂ, ਸਗੋਂ ਜੀਵਨ-ਮੁਕਤੀ ਲਈ ਸਹਾਈ ਹੈ। ਨਾਨਕ-ਬਾਣੀ ਬ੍ਰਹਮ ਤੋਂ ਇਹ-ਲੋਕ ਤਕ ਸਭ ਪਸਾਰੇ ਨਾਲ ਮਨੁੱਖ ਨੂੰ ਸੰਬੰਧਿਤ ਕਰਕੇ ਉਸਨੂੰ ਸਹੀ ਅਰਥਾਂ ਵਿਚ ਜੀਵਿਤ ਕਰਦੀ ਹੈ। ਪਰਮਾਤਮਾ ਨੂੰ ਸ੍ਰਿਸ਼ਟੀ ਉਤਪੰਨ ਕਰਨ ਲਈ ਕਿਸੇ ਬਾਹਰੀ ਸਹਾਇਤਾ ਦੀ ਜ਼ਰੂਰਤ ਨਹੀਂ, ਸਗੋਂ ਮਾਇਆ, ਬ੍ਰਹਮਾ, ਵਿਸ਼ਨੂੰ ਮਹੇਸ਼ ਅਤੇ ਬਾਕੀ ਸ੍ਰਿਸ਼ਟੀ ਉਸਨੇ ਖ਼ੁਦ ਹੀ ਪੈਦਾ ਕੀਤੀ ਹੈ। ਉਸਦਾ ਪ੍ਰਕਾਸ਼ ਸੈਭੰ ਹੀ ਹੋਇਆ ਹੈ। ਆਪ ਹੀ ਉਸਨੇ ਕੁਦਰਤ ਰਚੀ ਹੈ ਤੇ ਉਸ ਕੁਦਰਤ ਵਿਚ ਖ਼ੁਦ ਹੀ ਆਸਣ ਲਗਾ ਕੇ ਬੈਠਾ ਹੈ:

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
( ਵਾਰ ਆਸਾ, ਮਹਲਾ ੧, ਪੰਨਾ-463)

ਇਸ ਪ੍ਰਕਾਰ ਗੁਰੂ ਸਾਹਿਬ ਨੇ ਪਰਮਾਤਮਾ ਨੂੰ ਕਰਤਾ-ਪੁਰਖ ਦੇ ਰੂਪ ਵਿਚ ਚਿਤਰਿਆ ਅਤੇ 'ਪਰਮਾਤਮਾ ਇਕ ਹੈ' (੧੯) ਦੇ ਸਰੂਪ ਦਾ ਪ੍ਰਗਟਾਅ ਕਰਕੇ ਭਿੰਨ ਭਿੰਨ ਵਰਗਾਂ ਵਿਚ ਵੰਡੇ ਹੋਏ ਲੋਕਾਂ ਨੂੰ ਏਕਤਾ ਦਾ ਰਾਹ ਦਰਸਾਇਆ ਅਤੇ ਜਗਤ ਨੂੰ ' ਸਤਿ' ਕਹਿ ਕੇ ਮਾਨਵੀ-ਕੀਮਤਾਂ ਨੂੰ ਅਹਿਮੀਅਤ ਪ੍ਰਦਾਨ ਕੀਤੀ ਅਤੇ ਸਿਮਰਨ, ਸੇਵਾ, ਸਬਰ, ਸੰਤੋਖ, ਨਿਮਰਤਾ ਆਦਿ ਗੁਣਾਂ ਨੂੰ ਦ੍ਰਿੜ੍ਹ ਕਰਕੇ ਮਾਨਵ-ਵਾਦੀ ਰਾਹਾਂ ਤੇ ਤੁਰਨ ਲਈ ਕਿਹਾ।

ਸ੍ਰਿਸ਼ਟੀ ਰਚਨਾ ਕਰਨ ਤੋਂ ਉਪਰੰਤ ਬ੍ਰਹਮਾ ਨੇ ਉਸ ਵਿਚ ਵਸਣ ਵਾਲੇ ਜੀਵਾਂ ਦੀ ਉਤਪਤੀ ਕੀਤੀ ਅਤੇ ਉਹਨਾਂ ਨੂੰ ਕਰਮ ਕਮਾਉਣ ਦੀ ਮੁੱਢਲੀ ਸੁਤੰਤਰਤਾ ਦੇ ਕੇ 'ਧਰਮ' ਦੀ ਨਿਗਰਾਨੀ ਅਧੀਨ ਕਰ ਦਿੱਤਾ:-

ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥
ਲਿਖਿ ਨਾਵੈ ਧਰਮ ਬਹਾਲਿਆ ॥

( ਵਾਰ ਆਸਾ, ਮਹਲਾ ੧, ਪੰਨਾ-463 )

ਗੁਰੂ ਨਾਨਕ ਨੇ ਪਰਮਾਤਮਾ ਦੀ ਏਕਤਾ ਅਤੇ ਸਰਬ-ਵਿਆਪਕਤਾ ਦੇ ਨਾਲ ਨਾਲ ਧਾਰਮਿਕ ਆਧਾਰ ਤੇ ਇਸ ਮਾਨਵਵਾਦੀ ਦ੍ਰਿਸ਼ਟੀਕੋਣ ਦਾ ਪ੍ਰਗਟਾਉ ਕੀਤਾ ਕਿ ਇਹ ਸ੍ਰਿਸ਼ਟੀ, ਦੁਨੀਆਂ ਮਿਥਿਆ ਨਹੀਂ ਬਲਕਿ ਮਨੁੱਖ ਲਈ ਅਰਥਵਾਨ ਕਾਰਜ-ਭੂਮੀ ਹੈ। ਇਸ ਪ੍ਰਸੰਗ ਵਿਚ ਡਾ. ਜਸਬੀਰ ਸਿੰਘ ਇਸ ਤਰ੍ਹਾਂ ਲਿਖਦੇ ਹਨ।

> ਮਾਨਵ ਜੀਵਨ ਕਾਰਜ ਕਰਨ ਲਈ ਸੁਤੰਤਰ ਹੈ, ਪਰ ਉਹ ਆਪਣੇ ਚੰਗੇ ਮੰਦੇ ਕਰਮਾਂ ਲਈ ਜ਼ਿੰਮੇਵਾਰ ਅਤੇ ਜਵਾਬਦੇਹ ਵੀ ਹੈ। ਗੁਰੂ ਨਾਨਕ ਦੇ ਧਰਮ-ਚਿੰਤਨ ਦਾ ਖ਼ਾਸ ਪਹਿਲੂ ਹੈ। ਇਥੇ ਮਾਨਵ ਸੁਤੰਤਰਤਾ ਦੀ ਸੀਮਾਂ ਨੂੰ ਪਛਾਣਿਆ ਗਿਆ ਹੈ ਅਤੇ ਨਾਲ ਹੀ ਜੀਵਨ ਦੀ ਅਧਿਆਤਮਕ ਦਿਸ਼ਾ ਦੇ ਮਹੱਤਵ ਨੂੰ ਵੀ ਸਾਕਾਰ ਕੀਤਾ ਗਿਆ ਹੈ। 'ਸਚੇ' ਅਤੇ'ਕੂੜਿਆਰ' ਦੇ ਸੰਕਲਪਾਂ ਰਾਹੀਂ ਇਸ ਪਹੁੰਚੀ ਵਿਚ ਮਨੁੱਖ ਦੀ ਜੀਵਨ-ਜਾਤਰਾ ਦੇ ਦੂਹਰੇ ਪਾਸਾਰ ਵਲ ਸੰਕੇਤ ਕੀਤਾ ਗਿਆ ਹੈ। ਸ੍ਰਿਸ਼ਟੀ ਰਚਨਾ ਹੁਕਮ ਦੇ ਸੰਦਰਭ ਵਿਚ ਤਾਂ ਇਕ 'ਖੇਲ' ਹੈ, ਪਰ ਮਾਨਵ ਸੰਦਰਭ ਵਿਚ ਇਹ ਅਰਥਵਾਨ ਕਾਰਜ-ਭੂਮੀ ਹੈ। ਮਾਨਵ ਲਈ ਇਹ ਖੇਲ ਨਹੀਂ ਸਗੋਂ ਸੰਜੀਦਾ ਹੋਂਦ ਹੈ। ਇਥੇ ਕੀਤੇ ਗਏ ਕੰਮਾਂ ਅਥਵਾ ਜੀਵਨ-ਵਿਧੀ ਨੂੰ ਹੁਕਮ ਦੇ ਨਿਰਧਾਰਨ 'ਧਰਮ' ਦੀ ਕਸਵਿਟੀ ਵਿਚ ਪਰਖਿਆ ਜਾਵੇਗਾ। 'ਸੱਚੇ' ਨੂੰ 'ਦਰਬਾਰ' ਵਿਚ ਥਾਂ ਮਿਲੇਗੀ ਤਾਂ ਕੂੜਿਆਰ ਨੂੰ ਦੋਜ਼ਕਿ ਵਿਚ ਧਕਿਆ ਜਾਵੇਗਾ। ਸੰਕਲਪੀ ਪੱਧਰ ਤੇ ਇਹ ਮਾਨਵ ਲਈ ਚੋਣ ਅਤੇ ਨਿਰਣੇ ਦੀ ਲੋੜ ਨੂੰ ਦ੍ਰਿੜ ਕਰਦੀ ਹੈ।[1]

ਗੁਰੂ ਨਾਨਕ ਦੇ ਸਮੇਂ ਸਮਾਜ ਦੀ ਧਾਰਮਿਕ ਸਥਿਤੀ ਨਿੱਘਰੀ ਹੋਈ ਸੀ। ਗੁਰੂ ਨਾਨਕ ਨੇ ਸਥਿਤੀ ਨੂੰ ਘੋਖਿਆ ਅਤੇ ਰੋਗ ਦੀ ਪਛਾਣ ਕੀਤੀ ਅਤੇ ਫਿਰ ਮਾਨਵਵਾਦੀ ਦ੍ਰਿਸ਼ਟੀਕੋਣ ਪ੍ਰਦਾਨ ਕਰਕੇ ਨਿੱਘਰੀ ਹੋਈ ਸਥਿਤੀ ਦਾ ਇਲਾਜ ਕੀਤਾ।

---

1. ਡਾ. ਜਸਬੀਰ ਸਿੰਘ, ਬਾਣੀ ਸੰਸਾਰ, ਪੰਨਾ 87-88

ਗੁਰੂ ਨਾਨਕ ਨੇ ਲੋਕਾਂ ਦੀ ਦਸ਼ਾ ਸੂਝ ਅਤੇ ਪਿਆਰ ਨਾਲ ਬਦਲਾਈ। ਗੁਰੂ ਨਾਨਕ ਨੇ ਲੋਕਾਂ ਨੂੰ ਧਾਰਮਿਕ ਵਿਕਾਸ ਤੇ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ। ਇਸ ਉੱਤਮ ਕੰਮ ਨੂੰ ਸਿਰੇ ਚਾੜ੍ਹਨ ਲਈ ਗੁਰੂ ਨਾਨਕ ਨੂੰ ਦੋ ਵਿਰੋਧੀ ਤਾਕਤਾਂ ਨਾਲ ਜੂਝਣਾ ਪਿਆ:

(ੳ) ਮੁਗ਼ਲੀ ਹਕੂਮਤ

(ਅ) ਝੂਠੀ ਧਰਮ-ਪੁਜਾਰੀ ਨਾਲ

ਗੁਰੂ ਨਾਨਕ ਨੇ ਇਹਨਾਂ ਦੋਹਾਂ ਵਿਰੋਧੀ ਤਾਕਤਾਂ ਤੇ ਜਿੱਤ ਪ੍ਰਾਪਤ ਕਰ ਲਈ। ਗੁਰੂ ਨਾਨਕ ਨੇ ਧਰਮ ਦਾ ਆਧਾਰ ਸਿਰਫ਼ ਅਧਿਆਤਮਕ ਹੀ ਨਹੀਂ ਪ੍ਰਚਾਰਿਆ ਸਗੋਂ ਧਰਮ ਦੇ ਮਾਨਵਵਾਦੀ ਪੱਖ ਦੀ ਅਹਿਮੀਅਤ ਨੂੰ ਲੋਕਾਂ ਸਾਹਮਣੇ ਸਪਸ਼ਟ ਕੀਤਾ। ਧਰਮ ਉਹ ਹੀ ਜੀਵੰਤ ਹੋ ਕੇ ਕਾਇਮ ਰੱਖ ਸਕਦਾ ਹੈ ਜਿਹੜਾ ਵਰਤੋਂ ਸਿਖਾਏ, ਜਿਹੜਾ ਇਹ ਨਾ ਸਿਖਾਵੇ ਕਿ ਦੁਨੀਆਂ ਤੋਂ ਭੱਜਣਾ ਕਿਵੇਂ ਹੈ? ਦੁਨੀਆਂ ਦਾ ਤਿਆਗ ਕਰਕੇ ਜੰਗਲਾਂ ਵਲ ਕਿਵੇਂ ਦੌੜਨਾ ਹੈ? ਬਲਕਿ ਇਹ ਸਿਖਾਵੇ ਕਿ ਦੁਨੀਆਂ ਵਿਚ ਚੰਗੀ ਤਰ੍ਹਾਂ ਕਿਵੇਂ ਰਹਿਣਾ ਹੈ। ਦੁਨੀਆਂ ਵਿਚ 'ਕੁਵਿਚਾਰ' ਦੀ ਕੰਧ ਤੋੜ ਕੇ ਸਹਿਚਾਰ ਹੋ ਕੇ ਕਿਵੇਂ ਰਹਿਣਾ ਹੈ। ਦੁਨੀਆਂ ਨੂੰ ਪਵਿੱਤਰ ਉਚਾ-ਸੁੱਚਾ ਕਿਵੇਂ ਬਣਾਉਣਾ ਹੈ। ਬੁਰਾਈਆਂ ਤੇ ਕਿਵੇਂ ਜਿੱਤ ਪ੍ਰਾਪਤ ਕਰਕੇ ਸਫ਼ਲ ਜੀਵਨ ਜਿਉਣਾ ਹੈ। ਸਮਾਜ ਨੂੰ ਨਰੋਆ ਕਿਵੇਂ ਬਣਾਉਣਾ ਹੈ। ਗੁਰੂ ਨਾਨਕ ਦਾ ਧਰਮ ਏਕਤਾ ਦਾ ਧਰਮ ਹੈ। ਨਾਨਕ-ਬਾਣੀ ਅਨੁਸਾਰ ਕੋਈ ਬੰਦਾ ਵੱਡਾ-ਛੋਟਾ ਨਹੀਂ, ਸਭ ਬਰਾਬਰ ਹਨ, ਇਸ ਕਥਨ ਨੂੰ ਗੁਰੂ ਨਾਨਕ ਨੇ ਅਮਲੀ ਜਾਮਾ ਪਹਿਨਾਇਆ। ਗੁਰੂ ਨਾਨਕ-ਬਾਣੀ ਨੇ ਲੋਕਾਂ ਨੂੰ ਉਨ੍ਹਾਂ ਬੁਰਾਈਆਂ ਤੋਂ ਬਚਾ ਲਿਆ ਜਿਨ੍ਹਾਂ ਤੋਂ ਭਾਰਤੀ ਲੋਕ ਸਦੀਆਂ ਤੋਂ ਸ਼ਿਕਾਰ ਹੁੰਦੇ ਆ ਰਹੇ ਸਨ। ਨਾਨਕ-ਬਾਣੀ ਧਾਰਮਿਕ ਵਿਕਾਸ ਤੇ ਸਰਲ, ਸਪਸ਼ਟ ਪ੍ਰਤੱਖ, ਸਮਾਜਿਕਤਾ ਬਾਰੇ ਅਤੇ ਜਾਤਾਂ-ਪਾਤਾਂ ਦੇ ਬੰਧਨਾਂ ਤੋਂ ਆਜ਼ਾਦ, ਮਾਨਵਵਾਦੀ-ਵਿਚਾਰਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ। ਧਾਰਮਿਕ ਜੀਵਨ ਵਿਚ, ਗੁਰੂ ਨਾਨਕ ਦਾ ਮਾਨਵਵਾਦ, ਏਕਤਾ, ਬਰਾਬਰੀ ਅਤੇ ਪਿਆਰ ਦਾ ਮਾਨਵਵਾਦ ਹੈ।

ਗੁਰੂ ਨਾਨਕ ਸਮੇਂ ਲੋਕਾਂ ਵਿਚ ਧਾਰਮਿਕ ਕੱਟੜਤਾ ਬਹੁਤ ਸੀ। ਲੋਕ ਮਜ਼੍ਹਬੀ ਤੁਅੱਸਬਾਂ ਦੇ ਬੁਰੀ ਤਰ੍ਹਾਂ ਸ਼ਿਕਾਰ ਹੋ ਚੁੱਕੇ ਸਨ। ਇਹ ਕੱਟੜਤਾ ਹੀ ਮਾਨਵੀ-ਏਕਤਾ ਦੇ ਰਾਹ ਵਿਚ ਰੋੜਾ ਹੈ। ਇਹ ਮਾਨਵਵਾਦ ਨੂੰ ਪਿਛਾਂਹ ਨੂੰ ਖਿੱਚਦੀ ਹੈ। ਗੁਰੂ

ਨਾਨਕ ਨੇ ਲੋਕਾਂ ਨੂੰ ਆਪਸੀ ਧਾਰਮਿਕ ਸਾਂਝ ਅਤੇ ਸਹਿਨਸ਼ੀਲਤਾ ਰੱਖਣ ਲਈ ਕਿਹਾ। ਡਾ. ਮਦਨਜੀਤ ਕੌਰ ਨੇ ਇਸ ਸੰਦਰਭ ਵਿਚ ਇਸ ਪ੍ਰਕਾਰ ਲਿਖਿਆ ਹੈ:-

> **The founder of the Sikh Faith, Guru Nanak denounced religious validity for discrination and segregation of the India ethos and advised the people to develop inter-religious understanding and toleration, He said: One who considers both ways( Hinduism and Islam) to be equally valid will be able to solve many of his problems, that he who considers the other religions to be irreligious ,will have himself badly burnt in the fire of hatred. 1**

ਧਾਰਮਿਕ ਕੱਟੜਤਾ ਨੂੰ ਛੱਡ ਕੇ, ਧਾਰਮਿਕ ਸਹਿਨਸ਼ੀਲਤਾ ਰੂਪੀ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਨੇ, ਲੋਕਾਂ ਨੂੰ ਜਾਣੂੰ ਕਰਵਾਇਆ। ਕੱਟੜਤਾ, ਮੂਰਖਤਾ ਹੈ। ਸਹਿਨਸ਼ੀਲਤਾ ਗਿਆਨ ਹੈ, ਪ੍ਰੇਮ ਹੈ, ਈਸ਼ਵਰ ਦੀ ਸੱਚੀ ਭਗਤੀ ਹੈ, ਮਨੁੱਖਤਾ ਦੀ ਸੱਚੀ ਸੇਵਾ ਹੈ। ਮਾਨਵਵਾਦੀ ਸੰਕਲਪ ਦੀ ਸਾਰਥਕ ਪ੍ਰਾਪਤੀ ਹੈ। ਆਪਸੀ ਧਾਰਮਿਕ ਪ੍ਰੇਮ-ਭਾਵਨਾ ਹੀ ਵਿਸ਼ਵ-ਭਾਈਚਾਰੇ, ਮਾਨਵੀ-ਏਕਤਾ ਦਾ ਰਾਹ ਦਰਸਾ ਸਕਦੀ ਹੈ। ਧਾਰਮਿਕ ਸਹਿਨਸ਼ੀਲਤਾ, ਧਾਰਮਿਕ ਏਕਤਾ ਦੀ ਪੂਰਕ ਹੈ। ਕੱਟੜਤਾ ਗੁਨਾਹ ਹੈ, ਪਾਪ ਹੈ। ਮਾਨਵਤਾ ਵਿਰੁੱਧ ਪਾਪ ਹੈ, ਈਸ਼ਵਰ ਪ੍ਰਤੀ ਪਾਪ ਹੈ। ਸਹਿਨਸ਼ੀਲਤਾ ਈਸ਼ਵਰ ਪ੍ਰਤੀ, ਮਾਨਵਤਾ ਪ੍ਰਤੀ ਪ੍ਰੇਮ ਹੈ। ਮਾਨਵਤਾ ਦੀ ਪੂਜਾ ਹੈ। ਨਾਨਕ-ਬਾਣੀ ਮਾਨਵੀ-.ਏਕਤਾ ਦੀ ਉਪਾਸ਼ਕ ਹੈ। ਇਸ ਪ੍ਰਸੰਗ ਵਿਚ ਡਾ. ਭਾਈ ਜੋਧ ਸਿੰਘ ਦੇ ਵਿਚਾਰ ਵਰਨਣਯੋਗ ਹਨ:

> ਗੁਰੂ ਨਾਨਕ ਇਕ ਅਜਿਹੇ ਤਿਆਗੀ ਨਹੀਂ ਸਨ ਜਿਸਨੂੰ ਕੇਵਲ ਆਪਣੀ ਮੁਕਤੀ ਦਾ ਫ਼ਿਕਰ ਹੋਵੇ। ਉਹਨਾਂ ਦਾ

---

1. ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ।
ਕੁਫਰ ਗੋਆ ਕੁਫਰਾਣੈ ਪਇਆ ਦਝਸੀ॥
( ਗੁਰੂ ਗ੍ਰੰਥ ਸਾਹਿਬ, ਪੰਨਾ-142)
(Jr.of Sikh Studies, Vol.XI, No.1, Feb'84, GNDU, Amritsar, P.2)

> ਮਨਸ਼ਾ ਇਹ ਸੀ ਕਿ ਆਮ ਆਦਮੀ ਸੱਚ-ਸੁੱਚ ਦਾ ਧਾਰਮਿਕ ਜੀਵਨ ਬਤੀਤ ਕਰਨ ਅਤੇ ਆਪਣੇ ਆਪ ਨੂੰ ਇਕ ਅਜਿਹੇ ਭਾਈਚਾਰਕ ਪ੍ਰਬੰਧ ਵਿਚ ਗੁੰਦਣ ਜਿਸ ਵਿਚ ਇਕ ਦੂਜੇ ਦੇ ਵਿਚਾਰਾਂ ਲਈ ਰਵਾਦਾਰੀ ਹੋਵੇ ਅਤੇ ਸਾਰੇ ਰਲ ਕੇ ਸੰਪੂਰਨ ਮਨੁੱਖੀ ਟੱਬਰ ਦਾ ਭਲਾ ਕਰਨ ਲਈ ਉਤਸ਼ਾਹਿਤ ਹੋਵਣ ।[1]

ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਨੇ '੧ੴ' ਅਰਥਾਤ 'ਈਸ਼ਵਰ ਇਕ ਹੈ', ਦਾ ਸਿਧਾਂਤ ਮਾਨਵਜਾਤੀ ਸਨਮੁਖ ਪੇਸ਼ ਕੀਤਾ ਅਤੇ ਇਸੇ ਆਧਾਰ ਤੇ ਸਾਰੀ ਮਾਨਵਜਾਤੀ ਨੂੰ ਇਕ ਦਰਸਾਇਆ। ਗੁਰੂ ਨਾਨਕ ਨੇ ਈਸ਼ਵਰ ਨੂੰ 'ਕਰਤਾ-ਪੁਰਖ' ਦੱਸਿਆ, ਉਸਦੀ ਬਣਾਈ ਹੋਈ ਸ੍ਰਿਸ਼ਟੀ ਨੂੰ ਸੱਚ ਦੱਸਿਆ ਅਤੇ ਮਨੁੱਖ ਨੂੰ ਭਰਾਤਰੀ-ਭਾਵ, ਮਾਨਵਵਾਦੀ ਦ੍ਰਿਸ਼ਟੀਕੋਣ ਦੇ ਆਧਾਰ ਤੇ ਇਸ ਦੁਨੀਆਂ ਵਿਚ ਏਕਤਾ ਬਣਾਈ ਰੱਖਣ ਅਤੇ ਨੇਕ ਕਰਮ ਕਰਨ ਲਈ ਪ੍ਰੇਰਿਆ ।

## (ੲ) <u>ਕੁਚਿਆਰ ਤੇ ਸਚਿਆਰ ਵੰਨ:-</u>

ਕੁਚਿਆਰ ਅਤੇ ਸਚਿਆਰ ਵਿਚੋਂ 'ਸਚਿਆਰ' ਹੋਣ ਦੀ ਚੋਣ ਕਰਨੀ ਮਾਨਵੀ ਹੈ। ਮਨੁੱਖ ਸੰਸਾਰਿਕਤਾ ਦੀ ਜਕੜ ਵਿਚ ਫਸਦਾ ਜਾਂਦਾ ਹੈ ਅਤੇ ਕੁਕਰਮ ਕਰਕੇ ਆਪਣੇ ਜੀਵਨ ਨੂੰ ਅਕਾਰਥ ਕਰ ਲੈਂਦਾ ਹੈ। ਇਸਦਾ ਵਰਨਣ ਇਸ ਤਰ੍ਹਾਂ ਕੀਤਾ ਗਿਆ ਹੈ:

> ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ।
> ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ।
> ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ।
> ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ।
> ਮਨਿ ਅੰਧੈ ਜਨਮੁ ਗਵਾਇਆ ।
>
> ( ਵਾਰ ਆਸਾ ਮਹਲਾ ੧, ਪੰਨਾ-464)

---

1. ਗੁਰਮੁਖ ਨਿਹਾਲ ਸਿੰਘ ( ਮੁਖ ਸੰਪਾਦਕ), <u>ਗੁਰੂ ਨਾਨਕ:ਜੀਵਨ,ਯੁੱਗ ਅਤੇ ਉਪਦੇਸ਼</u>' ਨਵਯੁਗ ਪਬਲਿਸ਼ਰਜ਼, ਦਿੱਲੀ, 1969, ਪੰਨਾ-13

ਇਸ ਸ੍ਰਿਸ਼ਟੀ ਵਿਚ ਮਨੁੱਖ ਨੇ ਪਸ਼ੂ ਪੱਧਰ ਦੀ ਯਾਂਤਰਿਕ ਹੋਂਦ ਤੋਂ ਕਿਵੇਂ ਸੁਰਖਰੂ ਹੋਣਾ ਹੈ? ਇਸ ਸੰਬੰਧ ਵਿਚ ਡਾ. ਜਗਬੀਰ ਸਿੰਘ ਇਸ ਤਰ੍ਹਾਂ ਕਹਿੰਦੇ ਹਨ:

> ਗੁਰੂ ਨਾਨਕ ਨੇ ਆਪਣੇ ਧਰਮ-ਸਿਧਾਂਤੀ ਮੁਹਾਵਰੇ ਵਿਚ ਮਾਨਵ-ਜੀਵਨ ਸੰਬੰਧੀ ਇਕ ਮਹੱਤਵਪੂਰਨ ਸੋਚ ਵਲ ਸੰਕੇਤ ਕੀਤਾ ਹੈ। ਇਸ ਤ ਪਸ਼ੂ ਪੱਧਰ ਦੀ ਯਾਂਤਰਿਕ ਹੋਂਦ ਤੋਂ ਸੁਰਖਰੂ ਹੋਣ ਦਾ ਸੰਦੇਸ਼ ਹੈ। ਜਿਸ ਤਰ੍ਹਾਂ ਪਸ਼ੂ-ਜਗਤ ਵਿਚ ਮੂਲ ਪ੍ਰਵਿਰਤੀਆਂ ( Instincts ) ਸਹਿਜ ਰੂਪ ਵਿਚ ਕਾਰਜਸ਼ੀਲ ਹੁੰਦੀਆਂ ਹਨ। ਉਸੇ ਤਰ੍ਹਾਂ ਸੰਸਾਰ ਦੇ ਭੌਤਿਕ ਪਦਾਰਥਾਂ ਨੂੰ ਜੀਵਨ ਦਾ ਸਭ ਕੁਝ ਪਰਵਾਨ ਕਰਨ ਵਾਲਾ ਵਿਅਕਤੀ ਵੀ ਆਪਣੇ ਇੰਦਰੀਆਂ ਭੁੱਖਾਂ ਅਤੇ ਮਜਬੂਰੀਆਂ ਦੇ ਮਸ਼ੀਨੀ ਚੱਕਰ ਵਿਚ ਫੱਸ ਜਾਂਦਾ ਹੈ। ਉਸਨੂੰ ਆਪਣੀ 'ਪ੍ਰਕਿਰਤੀ' ਤੋਂ ਪਾਰ ਜਾਣ ਦੀ ਸੋਝੀ ਹੋਣੀ ਜ਼ਰੂਰੀ ਹੈ ਨਹੀਂ ਤਾਂ ਉਸਦਾ ਜੀਵਨ, ਮਾਨਵ-ਅਵਸਥਾ ਦੇ ਗੌਰਵ ਤੋਂ ਗਿਰ ਕੇ ਪਾਸ਼ਵਿਕ ਪੱਧਰ ਵਲ ਵਾਪਸ ਪਰਤ ਜਾਵੇਗਾ। ਗੁਰੂ ਨਾਨਕ ਨੇ ਇਸ ਅਵਸਥਾ ਨੂੰ 'ਜਨਮ - ਗਵਾਉਣਾ' ਆਖ ਕੇ ਰੱਦ ਕਰ ਦਿੱਤਾ ਹੈ।[1]

ਧਾਰਮਿਕ ਕੁਕਰਮਾਂ, ਪਾਖੰਡਾਂ ਤੋਂ ਬਾਹਰ ਨਿਕਲ ਕੇ ਮਾਨਵਵਾਦੀ ਪੱਧਰ ਤੇ ਨਿਸੁਆਰਥ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਨੀ ਹੀ 'ਸਚਿਆਰਤਾ' ਵੱਲ ਵਧਣਾ ਹੈ। ਡਾ. ਸੁਰਜੀਤ ਸਿੰਘ ਇਸ ਸੰਦਰਭ ਵਿਚ ਲਿਖਦੇ ਹਨ:-

> ਮਾਨਵਵਾਦ ਦਾ ਇਕ ਜ਼ਰੂਰੀ ਪੱਖ ਇਕ ਦੂਜੇ ਦੇ ਕੰਮ ਆਉਣਾ ਹੈ। ਸਵਾਰਥੀ ਮਨੁੱਖ ਕੇਵਲ ਆਪਣੇ ਲਈ ਜਿਊਂਦਾ ਹੈ। ਆਪਣੇ ਸੁਖ ਪ੍ਰਾਪਤੀ ਦੇ ਉਦੇਸ਼ ਦੀ ਪੂਰਤੀ ਲਈ ਉਹ ਨਿਆਂ ਅਤੇ ਅਨਿਆਂ ਵਿਚ ਅੰਤਰ ਨਹੀਂ ਕਰ ਸਕਦਾ। ਗੁਰਸਿੱਖੀ ਇਕ

---

1. ਡਾ. ਜਗਬੀਰ ਸਿੰਘ , ਬਾਣੀ ਸੰਸਾਰ, ਪੰਨਾ-89

ਮਾਰਗ ਹੈ। ਇਕ ਪੰਥ ਹੈ। ਮਾਨਵਤਾ ਦਾ ਪੰਥ ਜੀਵਨ ਤੋ ਭਾਜ ਦਾ ਮਾਰਗ ਨਹੀਂ। ਸਗੋ ਜੀਵਨ ਦੀਆਂ ਤਲਖੀਆਂ ਨਾਲ ਜੂਝਣ ਦਾ ਮਾਰਗ ਹੈ। ਸਭ ਨੇ ਜਿਊਣਾ ਹੈ। ਸਭ ਦੇ ਆਪਣੇ ਆਪਣੇ ਹਿੱਤ ਹਨ। ਹਿੱਤਾਂ ਦਾ ਟਕਰਾਉ ਵੀ ਹੁੰਦਾ ਹੈ। ਗੁਰਸਿੱਖ ਲਈ ਆਦੇਸ਼ ਹੈ ਕਿ ਆਪਣੇ ਹਿੱਤ ਦੂਜਿਆਂ ਦੇ ਹਿੱਤਾਂ ਅਧੀਨ ਕਰ ਦੇਵੇ। ਆਪ ਛੱਡ ਦੇਵੇ। ਏਹੋ ਹੈ ਸੇਵਾ ਮਾਰਗ। ਕੇਵਲ ਨਿੱਜ ਖਾਤਰ ਜੀਵਿਆ ਜੀਵਨ ਧਿਕਾਰਯੋਗ ਹੈ:[1]

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ।
ਨਾਨਕ ਸਚੇ ਨਾਮੁ ਵਿਣੁ ਸਭੋ ਦੁਸਮਨੁ ਹੇਤੁ ।
( ਆਦਿ ਗ੍ਰੰਥ, ਮਹਲਾ ੧, ਪੰਨਾ -790)

ਕੂੜਿਆਰ ਨੂੰ ਛੱਡ ਕੇ ਸਚਿਆਰ ਮਾਰਗ ਦਾ ਪਾਂਧੀ ਵਿਅਕਤੀ, ਇਕ ਪਾਸੇ ਸਮਾਜਿਕ ਸੇਵਾਂ ਵਿਚ ਆਦਰਸ਼ ਵਿਅਕਤੀ ਬਣ ਜਾਂਦਾ ਹੈ ਅਤੇ ਦੂਸਰੇ ਪਾਸੇ ਅਧਿਆਤਮਵਾਦ ਦੇ ਆਧਾਰ ਤੇ ਰੱਬ ਦੀ ਪ੍ਰਾਪਤੀ ਕਰ ਲੈਂਦਾ ਹੈ ਅਰਥਾਤ ਇਕੋ ਸਮੇਂ ਹੀ ਅਧਿਆਤਮਵਾਦ ਅਤੇ ਮਾਨਵਵਾਦ ਦਾ ਸਮਨਵੈ ਬਣ ਜਾਂਦਾ ਹੈ। ਜੀਵਨ ਦੇ ਕੂੜੇ ਰਾਹ ਛੱਡ ਕੇ ਸੱਚੇ ਮਾਰਗ ਤੇ ਸੇਵਾ ਦੇ ਮਾਰਗ ਤੇ ਚਲਣਾ ਮਾਨਵੀ ਕਰਮ ਹੈ। ਸੇਵਾ ਦਾ ਮਾਰਗ ਹੀ ਸ੍ਰੇਸ਼ਠ ਮਾਰਗ ਹੈ। ਮਨੁੱਖੀ ਜੀਵਨ ਦਾ ਧਾਰਮਿਕ ਪੱਖ ਤਾਂ ਹੀ ਮਨੁੱਖ ਨੂੰ ਸਚਿਆਰਤਾ ਵੱਲ ਵਧਾ ਸਕਦਾ ਹੈ ਜੇ ਇਹ ਮਨੁੱਖ ਦਾ ਚਰਿਤਰ ਬਣਾਵੇ। ਉਚੇ-ਸੁੱਚੇ ਵਿਚਾਰ ਨਾਲ ਹੀ ਮਾਨਵ ਮਾਨਵਵਾਦੀ ਰਾਹਾਂ ਤੇ ਤੁਰ ਸਕਦਾ ਹੈ। ਇਸ ਸੰਦਰਭ ਵਿਚ ਡਾ. ਹਰਿਭਜਨ ਸਿੰਘ ਦੇ ਵਿਚਾਰ ਵਰਨਣਯੋਗ ਹਨ।

> ਸਭੋ ਵਿਚ ਜੋਤ, ਆਤਮਾ ਵਿਚ ਚੇਤਨਾ ਅਤੇ ਦੇਹੀ ਵਿਚ ਬਲ ਇਕੋ ਜੇਹੇ ਜਾਗਦਾ ਹੈ ਅਤੇ ਹੋਰ ਜਾਗਿਆ ਹੀ ਰਹਿੰਦਾ ਹੈ। ਮਨੁੱਖ ਕੁਝ ਕਰਨ ਲਈ ਉੱਦਮ ਕਰਦਾ ਹੈ। ਇਸੇ ਜਿਨ

---

1. ਡਾ. ਸੁਰਜੀਤ ਸਿੰਘ, " ਗੁਰਮਤ ਵਿਚ ਸੇਵਾ, ਪਰੰਪਰਾ, ਆਧਾਰ, ਵਿਧਾਨ ਤੇ ਪ੍ਰਾਪਤੀ " ਸੇਵਾ ਵਿਸ਼ੇਸ਼ ਅੰਕ, ਨਾਨਕ ਪ੍ਰਕਾਸ਼ ਪਤ੍ਰਿਕਾ, ਦਸੰਬਰ 1984, ਪੰਨਾ- 107-8

ਧਰਮ ਨੂੰ ਚਰਿਤ੍ਰ ਦੀ ਧਾਰ ਲਗਦੀ ਹੈ। ਮਨੁੱਖੀ ਧਰਮ
ਮਨੁੱਖੀ ਜਾਮੇ ਦੀ ਮਜ਼ਬੂਰੀ ਹੈ। ਚਰਿਤ੍ਰ ਮਨੁੱਖ ਦੀ
ਆਪਣੀ ਕਮਾਈ ਹੈ। ਚਰਿਤ੍ਰ ਤੋਂ ਬਿਨਾ ਧਰਮ ਬੇਜਾਨ
ਹੈ ਕਿਉਂਕਿ ਇਸਦੇ ਪਾਸ ਵਿਵੇਕ ਦਾ ਤੇਜ਼ ਨਹੀਂ ਹੁੰਦਾ।[1]

ਗੁਰੂ ਨਾਨਕ ਦੇ ਸਮੇਂ ਮਨੁੱਖੀ ਚਰਿੱਤਰ ਦਾ ਪਤਨ ਹੋ ਚੁੱਕਾ ਸੀ। ਧਰਮ ਮਨੁੱਖ ਨੂੰ ਰੋਸ਼ਨੀ ਵਿਖਾਉਣ ਦੀ ਥਾਂ ਕੁਰਾਹੇ ਪਾ ਰਿਹਾ ਸੀ। ਝੂਠੇ, ਪਾਖੰਡੀ ਲੋਕਾਂ ਦੀ ਚੌਧਰ ਸੀ। ਸੱਚ ਦੀ ਥਾਂ ਪਾਖੰਡ ਨੇ ਲਈ ਹੋਈ ਸੀ। ਗੁਰੂ ਨਾਨਕ ਅਨੁਸਾਰ:

ਵਿਕਤਿ ਕਾ ਨਾਉ ਛੁਪਿਆ ਕੂੜੀ ਪੂਰੇ ਥਾਉ ॥
ਨਾਨਕ ਗੁਰਮੁਖ ਜਾਣੀਐ ਕਲਿ ਕਾ ਏਹੁ ਨਿਆਉ ॥
( ਮਲਾਰ ਵਾਰ, ਮਹਲਾ ੧, ਪੰਨਾ -1254)

ਭੇਖ ਦੰਭ ਧਾਰਮਿਕ ਆਗੂ ਲੋਕਾਂ ਨੂੰ ਕੁਰਾਹੇ ਪਾ ਰਹੇ ਸਨ। ਉਨ੍ਹਾਂ ਪਾਸੋਂ ਪਾਖੰਡ ਦੇ ਆਧਾਰ ਤੇ ਆਪਣੀ ਸਵਾਰਥ ਸਿੱਧੀ ਕਰ ਲੈਂਦੇ ਸਨ ਅਤੇ ਗਰੀਬ ਲੋਕਾਂ ਦੇ ਦੁਖ ਵਿਚ ਸਹਾਈ ਹੋਣਾ ਉਹਨਾਂ ਦੇ ਸੁਪਨੇ ਵਿਚ ਵੀ ਨਹੀਂ ਸੀ। ਉਸ ਸਮੇਂ ਭਾਵਨਾਤਮਕ ਸੰਕਟ ਸੀ, ਇਖਲਾਕੀ ਸੰਕਟ ਲੋਕਾਂ ਵਿਚ ਪਸਰ ਚੁੱਕਾ ਸੀ। ਗੁਰੂ ਨਾਨਕ ਬਾਣੀ ਅਨੁਸਾਰ:

ਸੁਖ ਮੈ ਆਨਿ ਬਹੁਤ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ,
ਬਿਪਤਿ ਪਰੀ ਸਭ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥
( ਆਦਿ ਗ੍ਰੰਥ, ਸੋਰਠ ਮਹਲਾ ੧, ਪੰਨਾ-595)

ਪੜ੍ਹੇ ਲਿਖੇ ਲੋਕ ਵੀ ਲੋਭ-ਮੋਹ, ਸਵਾਰਥ ਸਿੱਧੀ ਵਿਚ ਫਸ ਕੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚ ਪਾਉਂਦੇ ਅਤੇ ਆਪਣਾ ਉੱਲੂ ਸਿੱਧਾ ਰੱਖਦੇ ਸਨ। ਗੁਰੂ ਨਾਨਕ ਬਾਣੀ ਅਨੁਸਾਰ: 'ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰ'(ਮਾਝ ਮਹਲਾ ੧)

---

1. ਡਾ. ਹਰਿਭਜਨ ਸਿੰਘ, <u>ਅਧਿਐਨ ਅਤੇ ਅਧਿਆਪਨ</u>, ਪੰਨਾ 132-33

ਗੁਰੂ ਨਾਨਕ ਨੇ ਗਿਆਨੀ ਅਤੇ ਪੜ੍ਹੇ ਲਿਖੇ ਲੋਕਾਂ ਨੂੰ ਨਰੋਏ ਮਾਨਵਵਾਦੀ ਵਿਚਾਰ ਪ੍ਰਦਾਨ ਕੀਤੇ ਅਤੇ ਧਾਰਮਿਕ ਖੇਤਰ ਵਿਚ ਸ਼ੁੱਧਤਾ, ਏਕਤਾ ਅਤੇ ਸਚਿਆਰਤਾ ਲਿਆਉਣ ਲਈ ਕਿਹਾ। ਧਰਮ ਨੂੰ ਮਨੁੱਖੀ ਜੀਵਨ ਦਾ ਮੂਲ ਆਧਾਰ ਮੰਨਿਆ ਜਾਂਦਾ ਹੈ। ਭਾਰਤ ਧਰਮ ਪ੍ਰਧਾਨ ਦੇਸ਼ ਹੈ। ਲੋਕ ਧਰਮ ਤੋਂ ਬਿਨਾ ਸਾਹ ਨਹੀਂ ਲੈ ਸਕਦੇ। ਇਹ ਕਿਹਾ ਵੀ ਗਿਆ ਹੈ: "Dharma is a centripetal force in man and the Universe." ਉਸ ਸਮੇਂ ਦਾ ਸਮਾਜ ਭੌਤਿਕ ਅਤੇ ਮਾਨਸਿਕ ਤੌਰ ਤੇ ਟੁਕੜਿਆਂ ਵਿਚ ਵੰਡਿਆ ਹੋਇਆ ਸੀ। ਗੁਰੂ ਨਾਨਕ ਨੇ ਧਾਰਮਿਕ ਬੁਰਾਈਆਂ ਦੀ ਨਿਖੇਧੀ ਕਰਕੇ, ਸਚਿਆਰਤਾ ਵਲ ਵਧਣ ਲਈ ਕਿਹਾ। ਗੁਰੂ ਨਾਨਕ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਬਾਹਰ ਕੱਢ ਕੇ, ਹਉਮੈ ਤੋਂ ਨਿਵਿਰਤ ਹੋਣ ਲਈ ਕਹਿੰਦੇ। ਇਸ ਪ੍ਰਸੰਗ ਵਿਚ ਜੀ ਸੀ ਨਾਰੰਗ ਦੇ ਵਿਚਾਰ ਇਸ ਤਰ੍ਹਾਂ ਹਨ:

> '.......... ਤਲਵਾਰ ਜਿਸਨੇ ਖਾਲਸੇ ਨੂੰ ਪ੍ਰਸਿੱਧੀ ਦੇ ਮਾਰਗ ਪੁਰ ਪਾਇਆ, ਨਿਰਸੰਦੇਹ ਗੋਬਿੰਦ ਨੇ ਢਾਲੀ ਸੀ ਪਰ ਇਸ ਲਈ ਫੌਲਾਦ ਨਾਨਕ ਨੇ ਦਿੱਤਾ ਸੀ, ਜਿਸਨੇ ਇਹ ਹਿੰਦੂ ਧਾਤਾਂ ਵਿਚੋਂ; ਇਨ੍ਹਾਂ ਤੋਂ ਵਿਰੋਧ ਤੇ ਭਰਮਾਂ ਦੀ ਮਿੱਟੀ ਲਾਹ ਕੇ ਅਤੇ ਪੁਜਾਰੀਆਂ ਦੀ ਹਉਮੈ ਨੂੰ ਭਸਮ ਕਰਕੇ ਪ੍ਰਾਪਤ ਕੀਤਾ ਸੀ।[1]

ਵਹਿਮਾਂ-ਭਰਮਾਂ ਦੀ ਨਿਖੇਧੀ ਦੇ ਨਾਲ ਨਾਲ, ਸਮਾਜ ਤੇ ਭਾਂਜਵਾਦ ਦੇ ਦ੍ਰਿਸ਼ਟੀਕੋਣ ਨੂੰ ਨਿਰਾਰਥਕ ਸਿੱਧ ਕਰਕੇ ਗੁਰੂ ਨਾਨਕ ਨੇ ਮਨੁੱਖ ਨੂੰ ਸਚਿਆਰਤਾ ਵੱਲ, ਸਮਾਜਿਕ ਕਰਮ ਵਲ ਪ੍ਰੇਰਿਤ ਕੀਤਾ। ਭਾਂਜਵਾਦੀ ਦ੍ਰਿਸ਼ਟੀਕੋਣ ਮਨੁੱਖ ਨੂੰ ਸਚਿਆਰਤਾ ਦਾ ਮਾਰਗ ਨਹੀਂ ਦਰਸਾਉਂਦਾ। ਧਰਮ ਦਾ ਮੁੱਖ ਕਾਰਜ ਮਾਨਵ ਨੂੰ ਸਮਾਜਿਕ ਕਰਮ ਵਲ ਪ੍ਰੇਰਿਤ ਕਰਨਾ ਹੀ ਹੈ। ਜਿਸ ਤਰ੍ਹਾਂ ਵਿਗਿਆਨ ਮਨੁੱਖ ਨੂੰ ਵਧੇਰੇ ਗਿਆਨ ਭਰਪੂਰ ਬਣਾਉਂਦਾ ਹੈ, ਸੋਚਣ ਸ਼ਕਤੀ ਨੂੰ ਉਤੇਜਿਤ ਕਰਦਾ ਹੈ, ਧਰਮ ਕੋਈ ਅਜਿਹਾ ਕਾਰਜ ਨਹੀਂ ਕਰਦਾ। ਬਲਕਿ ਧਰਮ ਦਾ ਜ਼ਿਆਦਾ ਜੋਰ ਮਨੁੱਖ ਨੂੰ ਸਮਾਜਿਕ ਪੱਖ ਤੋਂ ਕਰਮਹੀਨ ਅਤੇ ਸਚਿਆਰ ਬਨਾਉਣਾ ਹੈ ਅਤੇ ਜੀਵਨ

---

1. G. C. Narang, <u>Transformation of Sikhism</u>, p-17

ਜਾਚ ਸਿਖਾਉਂਦਾ ਹੈ। ਧਾਰਮਿਕ ਮਨੁੱਖ, ਧਰਮ ਦੀ ਪ੍ਰੇਰਨਾ ਅਧੀਨ ਸਮਾਜਿਕ ਕਾਰਜ ਵਿਚ ਜੁੜਿਆ ਹੋਣ ਕਰਕੇ ਆਤਮਿਕ ਪੱਖ ਤੋਂ ਜ਼ਿਆਦਾ ਸੁਰੱਖਿਅਤਾ ਮਹਿਸੂਸ ਕਰਦਾ ਹੈ। ਜੀਵਨ ਦੀਆਂ ਕਠਿਨਾਈਆਂ ਨਾਲ ਵਧੇਰੇ ਹੌਸਲੇ ਨਾਲ ਜੂਝਦਾ ਹੈ। ਇਸ ਪ੍ਰਸੰਗ ਵਿਚ ਡਬਲਿਊ. ਐਨ. ਸਿੰਘ ਦੇ ਵਿਚਾਰ ਵਰਨਣਯੋਗ ਹਨ: "ਧਾਰਮਿਕ ਪੁਰਸ਼ 'ਪਵਿੱਤਰ' ਨਾਲ ਜੁੜਦਾ ਹੈ। 'ਮੂਲ' ਨਾਲ ਜੁੜਨ ਕਾਰਨ ਜੀਉਣ ਦਾ ਢੰਗ ਤੇ ਜੀਵਨ ਜਾਚ ਮਿਲਦੀ ਹੈ; ਜੀਵਨ ਵਿਹਾਰ ਤੇ ਜੀਵਨ ਦ੍ਰਿਸ਼ਟੀ ਦੀ ਠੀਕ ਸੋਝੀ ਮਿਲਦੀ ਹੈ।"[1] ਮਨੁੱਖ ਪਾਖੰਡਾਂ ਤੋਂ ਰਹਿਤ, ਵਹਿਮਾਂ-ਭਰਮਾਂ ਤੋਂ ਦੂਰ ਹੋ ਕੇ ਸੱਚਾ ਤੇ ਸੁੱਚਾ, ਪਵਿਤਰ ਜੀਵਨ ਬਤੀਤ ਕਰ ਸਕਦਾ ਹੈ। ਸਹੀ ਧਰਮ, ਮਨੁੱਖ ਨੂੰ ਸਾਰਥਕ, ਸਚਿਆਰ ਰਾਹਾਂ ਤੇ ਤੁਰਨ ਦੀ ਪ੍ਰੇਰਨਾ ਦਿੰਦਾ ਹੈ। ਨਾਨਕ-ਬਾਣੀ ਮਨੁੱਖ ਦੀ ਸਹੀ ਮਾਰਗ-ਦਰਸ਼ਕ ਹੈ। ਮਨੁੱਖ ਨੂੰ ਹਨੇਰੇ ਤੋਂ ਰੋਸ਼ਨੀ ਵਲ ਲਿਜਾਂਦੀ ਹੈ। ਮਨੁੱਖ ਆਪਣਾ ਚਰਿੱਤਰ ਬਲਵਾਨ ਬਣਾ ਕੇ ਹੀ, ਧਾਰਮਿਕ ਪਾਖੰਡਾਂ, ਵਹਿਮਾਂ-ਭਰਮਾਂ ਤੋਂ ਉਪਰ ਉਠ ਸਕਦਾ ਹੈ। ਨਿਰਾਰਥਕ ਅਤੇ ਖੋਖੀਆਂ ਦਲੀਲਾਂ ਤੋਂ ਬਾਹਰ ਆ ਸਕੇਗਾ। ਇਸ ਸੰਦਰਭ ਵਿਚ ਇਹ ਘਟਨਾ ਵਰਨਣਯੋਗ ਹੈ। ਕੁਰੂਕਸ਼ੇਤਰ ਦੇ ਮੇਲੇ ਸਮੇਂ ਗੁਰੂ ਨਾਨਕ ਨੇ ਜਦੋਂ ਉਥੇ ਪਹੁੰਚ ਕੇ ਭੋਜਨ ਤਿਆਰ ਕਰਨ ਲਈ ਅੱਗ ਬਾਲੀ ਤਾਂ ਉਠਦੇ ਧੂੰਏਂ ਨੂੰ ਵੇਖ ਕੇ ਉਥੋਂ ਦੇ ਪੰਡੇ ਕਰੋਧ ਵਿਚ ਆ ਗਏ। ਗੁਰੂ ਨਾਨਕ ਨੇ ਬੜੀ ਸ਼ਾਂਤੀ ਨਾਲ ਦਲੀਲਾਂ ਸਹਿਤ ਉਹਨਾਂ ਦਾ ਭਰਮ ਦੂਰ ਕੀਤਾ ਕਿ ਜੇ ਤੁਹਾਡੇ ਅੰਦਰ ਦੇ ਧੂੰਏਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਤਾਂ ਬਾਹਰੀ ਧੂੰਆਂ ਕਿਵੇਂ ਰੁਕ ਸਕਦਾ ਹੈ। ਕੇਵਲ ਚੌਕਾ ਦੇ ਕੇ ਕਾਰ ਕੱਢਣ ਤੇ ਫਿਰ ਉਪਰ ਚੰਦੋਈ ਕਰਨ ਦਾ ਕੀ ਲਾਭ ਜਦ ਕਿ ਅੰਦਰਲੀ ਮੈਲ ਉਵੇਂ ਹੀ ਕਾਇਮ ਰਹਿੰਦੀ ਹੈ:

ਕੁਬਧਿ ਡੂਮਣੀ ਕੁਦਇਆ ਕਸਾਇਣਿ
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧ ਚੰਡਾਲਿ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆਂ ਨਾਲਿ ॥
ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥

(ਆਦਿ ਗ੍ਰੰਥ, ਮਹਲਾ ੧, ਸਿਰੀ ਰਾਗ ਕੀ ਵਾਰ, ਪੰ-91)

---

1. ਡਾ. ਕੁਲਦੀਪ ਸਿੰਘ, "ਗੁਰਮਤਿ ਅਤੇ ਸੇਵਾ", ਸੇਵਾ ਵਿਸ਼ੇਸ਼ ਅੰਕ, ਨਾਨਕ ਪ੍ਰਕਾਸ਼ ਪਤ੍ਰਿਕਾ, ਦਸੰਬਰ 1984, ਪੰਨਾ-142

ਇਸਦਾ ਭਾਵ ਇਹ ਹੈ ਕਿ : ਟੋਟਕ-ਪੰਥੀ, ਸੰਕੀਰਣ ਮਨਾਂ ਵਿਚ ਕੂੜ ਹੈ। ਉਹਨਾਂ ਦਾ ਮਨ ਵਿਚ ਘਿਰਣਾ ਵੱਸਦੀ ਹੈ ਅਤੇ ਫਿਰ ਵੀ ਉਹ ਆਪਣੇ ਭੂਰਿਕਦੇ ਸਥਾਨ ਨੂੰ ਪਵਿੱਤਰ ਕਰਨ ਤੇ ਲੱਗੇ ਹੋਏ ਹਨ। ਨਾਰ ਲੋਕ ਹੀ ਭੂਰਿਕਦੇ ਨੂੰ ਪਵਿੱਤਰ ਬਣਾਉਂਦੇ ਹਨ। ਗੁਰੂ ਨਾਨਕ ਨੇ ਕਿਹਾ ਕਿ : ਮਨੁੱਖ ਦੀਆਂ ਇਸ ਭੂਰਿਕਦੇ ਦੀਆਂ ਨਾਈਨਾਂ ਦਾ ਕੀ ਲਾਭ, ਜਦੋਂ ਕਿ ਮਨੁੱਖ ਦੇ ਮਨ ਵਿਚ ਇਕ ਨੀਵੀਂ ਕਿਸਮ ਦੇ ਵਿਚਾਰ ਹਾਵੀ ਹੋਏ ਪਏ ਹਨ।

ਗੁਰੂ ਨਾਨਕ ਨੇ 'ਸਤਿਆਚਾਰ' ਵਲ ਵਧਣ ਲਈ ਇਕ ਹੋਰ ਸੰਕਲਪ 'ਸੰਗਤ ਦੀ ਧਾਰਨਾ' ਪ੍ਰਸਤੁਤ ਕੀਤਾ ਹੈ। ਸੰਗਤ ਦਾ ਸੰਕਲਪ ਮਾਨਵਵਾਦੀ ਦ੍ਰਿਸ਼ਟੀਕੋਣ ਦਾ ਧਾਰਨੀ ਹੈ। ਸੰਗਤ ਤੋਂ ਭਾਵ ਪੂਜਾ ਲਈ ਸਾਂਝੀ ਜਾਂ ਸਮੂਹਿਕ ਸਭਾ ਹੈ। ਪੂਜਾ-ਪਾਠ ਵਿਅਕਤੀਗਤ ਵੀ ਹੋ ਸਕਦਾ ਹੈ ਅਤੇ ਸਮੂਹਿਕ ਵੀ। ਦੋਵੇਂ ਪ੍ਰਕਾਰ ਦੇ ਪੂਜਾ-ਪਾਠ ਆਪੋ ਆਪਣੇ ਮਹੱਤਵ ਦੇ ਧਾਰਨੀ ਹਨ। ਸਮੂਹ ਵਿਚ, ਸੰਗਤ ਵਿਚ ਬੈਠ ਕੇ ਨਾਮ ਸਿਮਰਨਾ, ਜਾਪ ਕਰਨਾ ਮਾਨਵਤਾ ਨੂੰ ਅਗੇਰੇ ਲੈ ਜਾਣ ਵਾਲਾ ਕਦਮ ਹੈ। ਸੰਗਤ ਵਿਚ ਬੈਠਣ ਨਾਲ ਮਾਨਵੀ ਮਨ ਵਿਚ ਏਕਤਾ, ਸਮਾਨਤਾ ਅਤੇ ਭਰਾਤਰੀਅਤਾ ਦੀ ਭਾਵਨਾ ਉਤਪੰਨ ਹੁੰਦੀ ਹੈ। ਗੁਰੂ ਨਾਨਕ ਵਲੋਂ 'ਪੰਗਤ' ਅਤੇ 'ਸੰਗਤ' ਦੀਆਂ ਸੰਸਥਾਵਾਂ ਭਾਰਤੀ ਦਰਸ਼ਨ ਨੂੰ ਇਕ ਮਹੱਤਵਪੂਰਣ ਦੇਣ ਹਨ ਅਤੇ ਇਹ ਸੰਸਥਾਵਾਂ ਮਨੁੱਖ ਦੇ ਵਿਕਾਸ ,ਮਾਨਵਵਾਦੀ ਦ੍ਰਿਸ਼ਟੀਕੋਣ ਦੇ ਵਿਕਾਸ ਅਤੇ ਅਧਿਆਤਮਕ ਪ੍ਰਾਪਤੀ ਲਈ ਮਹੱਤਵਪੂਰਣ ਸਿੱਧ ਹੋਈਆਂ ਹਨ। ਭਾਰਤੀ ਅਧਿਆਤਮਕ ਪਰੰਪਰਾ ਵਿਚ ਵਿਅਕਤੀਗਤ ਸਾਧਨਾ, ਪੂਜਾ-ਪਾਠ, ਕਰਮ-ਧਰਮ, ਤਪ-ਸਿੱਧੀਆਂ ਦਾ ਬਹੁਤ ਮਹੱਤਵ ਰਿਹਾ ਹੈ, ਲੇਕਿਨ ਅਜਿਹੀ ਭਗਤੀ ਵਿਅਕਤੀਗਤ ਹਉਮੈ ਦਾ ਕਾਰਣ ਬਣਦੀ ਹੈ ਅਤੇ ਵਿਅਕਤੀ ਨੂੰ ਵਿਅਕਤੀ ਨਾਲੋਂ ਨਿਖੇੜਦੀ ਹੈ। ਮਨੁੱਖ ਦੀਆਂ ਨਜ਼ਰਾਂ ਵਿਚ ਮਨੁੱਖ ਦਾ ਮਾਣ ਘਟਾਉਂਦੀ ਹੈ। ਇਸੇ ਲਈ ਗੁਰੂ ਨਾਨਕ ਨੇ 'ਸਮੂਹ-ਸਾਧਨਾ' ਸੰਗਤ ਉਪਰ ਵਧੇਰੇ ਜ਼ੋਰ ਦਿੱਤਾ ਹੈ। ਜਦੋਂ ਸਾਧਕ ਸਮੂਹ ਸਾਧਨਾ ਲਈ ਸੰਗਤ ਦੇ ਰੂਪ ਵਿਚ ਜੁੜਦੇ ਹਨ ਤਾਂ ਉਥੇ ਉਚ-ਨੀਚ ,ਅਮੀਰ-ਗਰੀਬ, ਜਾਤ-ਵਰਣ ਦਾ ਕੋਈ ਭਿੰਨ-ਭੇਦ ਨਹੀਂ ਰਹਿੰਦਾ। ਹਰੀ ਨਾਮ ਦੀ ਮਾਲਾ ਵਿਚ ਪਰੋਏ ਗਏ ਸਭ ਮਣਕੇ ਇਕੋ ਜਿਹੇ ਹਨ।

ਵਿਅਕਤੀਗਤ ਪੂਜਾ ਮਨੁੱਖੀ ਮਨ ਵਿਚ 'ਹੰਕਾਰ' ਪੈਦਾ ਕਰਦੀ ਹੈ। ਜਦ

ਮਨੁੱਖੀ ਮਨ ਵਿਚ ਹਉਮੈ ਦੀ ਭਾਵਨਾ ਹੋਵੇ ਤਾਂ ਮਨੁੱਖ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਉੱਚਾ ਸਮਝਣ ਲਗ ਜਾਂਦਾ ਹੈ, ਸਚਿਆਰਤਾ ਦੇ ਮਾਰਗ ਵਲ ਤੁਰਨਾ ਬੰਦ ਕਰ ਦਿੰਦਾ ਹੈ ਅਤੇ ਦੂਸਰਿਆਂ ਦੀ ਸੇਵਾ, ਭਲਾਈ ਨਹੀਂ ਕਰਦਾ। ਮਾਨਵਵਾਦੀ ਦ੍ਰਿਸ਼ਟੀਕੋਣ ਤੇ ਸਹੀ ਅਰਥਾਂ ਵਿਚ ਤੁਰਨ ਲਈ ਗੁਰੂ ਨਾਨਕ ਨੇ 'ਸਾਧ-ਸੰਗਤ' ਦਾ ਮੁਢ ਬਣਾ ਦਿੱਤਾ। ਇਸ ਸੰਦਰਭ ਵਿਚ ਪ੍ਰੋ. ਸਤਿਬੀਰ ਸਿੰਘ ਦੇ ਵਿਚਾਰ ਵਰਨਣਯੋਗ ਹਨ:

> ਸੋ ਗੁਰੂ ਨਾਨਕ ਦੇਵ ਜੀ ਨੇ 'ਸਾਧ-ਸੰਗਤ' ਦਾ ਮੁਢ ਬਣਾ ਦਿੱਤਾ। ਇਕੱਠਿਆਂ ਭਗਤੀ ਕਰਨ ਦਾ ਢੰਗ ਦੱਸਿਆ। ਵਿਅਕਤੀਗਤ ( Individualism ) ਤੋਂ ਉਚਾ ਉਠ ਕੇ ਜਮਾਤੀ ( Congregational ) ਭਾਵ ਪੈਦਾ ਕੀਤੇ। ਇਸ ਸਾਧ ਸੰਗਤ ਦਾ ਸਦਕਾ ਅੱਗੇ ਜਾ ਕੇ ਪੰਥ ਦੀ ਸਾਜਨਾ ਹੋਈ। ਸੰਗਤ ਉਤੇ ਜੋਰ ਦੇਣ ਨਾਲ ਇਕੱਠੇ ਬੈਠਣ ਦੀ ਜਾਚ ਸਾਰਿਆਂ ਨੂੰ ਆਈ। ਗੁਰੂ ਨਾਨਕ ਜੀ ਵਿਅਕਤੀਗਤ ਭਾਵਾਂ ਨੂੰ ਚੰਗਾ ਨਹੀਂ ਸਨ ਸਮਝਦੇ। ਆਪਣੀ ਭੁੱਖ ਮਿਟਾ ਲੈਣਾ ਜਾਤੀ-ਪੁਣਾ ਹੈ। ਇਹ ਅਹਿਸਾਸ ਪੈਦਾ ਹੋ ਜਾਏ ਕਿ ਜਦ ਤਕ ਸਾਰੇ ਭੁੱਖੇ ਹਨ, ਮੈਨੂੰ ਸ਼ਾਂਤੀ ਨਹੀਂ, ਸੰਗਤੀ ਭਾਵ ਪੈਦਾ ਕਰ ਦੇਵੇਗਾ। ਇਹ ਵੀ ਸੰਨਿਆਸ ਦੀ ਹੀ ਸਵਾਰੀ ਹੋਈ ਕਿਸਮ ਹੈ ਕਿ ਸਾਨੂੰ ਕੀ ਜੋ ਮਰਜ਼ੀ ਪਿਆ ਹੋਵੇ। ਗੁਰੂ ਨਾਨਕ ਜੀ ਕਹਿੰਦੇ ਹਨ, ਸਾਨੂੰ ਹੈ। ਇਹ ਸੁਣ -ਸੁਣ ਕੇ ਹਿੰਦੂਸਤਾਨ ਤੰਗ ਆ ਗਿਆ ਸੀ ਕਿ ' ਸਾਧੂ ਨ ਚਲੈ ਜਮਾਤ' ਹੁਣ ਸਾਧ ਸੰਗਤ' ਬਣੀ। ਮੁਹਸਨਫਾਨੀ ਲਿਖਦਾ ਹੈ ਕਿ ਗੁਰੂ ਨਾਨਕ ਜੀ ਦਾ ਵੱਡਾ ਕੰਮ ਹੀ 'ਸੰਗਤਾਂ' ਥਾਪਣਾ ਸੀ।[1]

ਗੁਰੂ ਨਾਨਕ ਦੇ ' ਸੰਗਤ' ਦੇ ਸੰਕਲਪ ਨਾਲ ਮਾਨਵ-ਜਾਤੀ ਵਿਚ ਜਾਤ, ਭੇਖ, ਵਰਣ ਦਾ ਭੇਦ-ਭਾਵ ਖਤਮ ਹੋ ਜਾਂਦਾ ਹੈ ਅਤੇ ਮਾਨਵਵਾਦੀ, ਭਰਾਤਰੀਭਾਵ ਜਾਗ ਪੈਂਦੇ ਹਨ। 'ਸੰਗਤ ਦੇ ਸੰਕਲਪ' ਨੇ ਸਮਾਜ ਵਿਚ ਸਮਾਨਤਾ ਦੇ ਨਵੇਂ ਰਾਹਾਂ

---

1. ਪ੍ਰੋ. । ਸਤਿਬੀਰ ਸਿੰਘ, ਸਾਡਾ ਇਤਿਹਾਸ(ਦਸ ਪਾਤਸ਼ਾਹੀਆਂ),ਪੰਨਾ -72
1469-1708

ਨੂੰ ਰੌਸ਼ਨ ਕੀਤਾ। ਇਸੇ ਭਾਵ ਵਿਚ ਭਾਈ ਗੁਰਦਾਸ ਨੇ ਲਿਖਿਆ ਹੈ: 'ਧਰਮਸਾਲ ਕਰਤਾਰਪੁਰ ਸਾਧ ਸੰਗਤਿ ਸਚ ਖੰਡ ਵਸਾਇਆ। ਵਾਹਿਗੁਰੂ ਗੁਰ ਸ਼ਬਦ ਸੁਣਾਇਆ।' ਨਾਨਕ-ਬਾਣੀ ਦੇ 'ਸੰਗਤ ਦੇ ਸੰਕਲਪ' ਨੇ ਮਨੁੱਖੀ ਸ਼ਖਸੀਅਤ ਨੂੰ ਘੜਿਆ ਹੈ। ਇਸ ਰਾਹੀਂ ਮਾਨਵੀ-ਕੀਮਤਾਂ ਸਥਾਪਤ ਕੀਤੀਆਂ ਹਨ। ਕੀਮਤਾਂ ਨੂੰ ਸਥਾਪਤ ਕਰਨਾ ਮੁਸ਼ਕਿਲ ਕੰਮ ਨਹੀਂ, ਬਲਕਿ ਕੀਮਤਾਂ ਨੂੰ ਮੰਨਣਾ, ਅਮਲੀ ਜੀਵਨ ਵਿਚ ਅਪਨਾਉਣਾ ਹੰਢਾਉਣਾ ਅਤੇ ਇਹਨਾਂ ਤੇ ਪਹਿਰਾ ਦੇਣਾ ਮੁਸ਼ਕਲ ਹੈ। ਨਾਨਕ-ਬਾਣੀ ਅਨੁਸਾਰ 'ਸਚਹੁ ਓਰੈ ਸਭ ਕੋ ਊਪਰਿ ਸਚੁ ਆਚਾਰ'। ਸੱਚਾ ਮਾਨਵਵਾਦੀ ਆਚਾਰ-ਵਿਹਾਰ ਬਣਾਉਣਾ ਮੁਸ਼ਕਲ ਹੈ। ਧਰਮ ਨੇ ਮਨੁੱਖ ਨੂੰ ਉਪਯੁਕਤਤਾ ਤਕ ਸੀਮਿਤ ਨਹੀਂ ਰੱਖਣਾ ਸਗੋਂ ਸਚਿਆਰਤਾ ( Worthiness ) ਤਕ ਲੈ ਜਾਣਾ ਹੈ। ਇਸ ਨਾਲ ਧਰਮ ਵਿਅਕਤੀਗਤ ਦੀ ਸੰਕੀਰਣਤਾ 'ਚੋਂ ਨਿਕਲ ਕੇ ਸਮੂਹਕਤਾ, ਮਾਨਵਵਾਦੀ ਲੱਛਣਾਂ ਨੂੰ ਗ੍ਰਹਿਣ ਕਰ ਲੈਂਦਾ ਹੈ। ਇਸ ਸੰਦਰਭ ਵਿਚ ' ਸੰਗਤ' ਅਤੇ 'ਪੰਗਤ' ਦੇ ਸੰਕਲਪ ਸਾਂਝੀਵਾਲਤਾ, ਮਾਨਵਵਾਦ ਦੇ ਪ੍ਰਤੀਕ ਹਨ। ਸਤਿ-ਸੰਗਤ ਦੇ ਮਾਧਿਅਮ ਰਾਹੀਂ ਮਨੁੱਖ ਸਚਿਆਰਤਾ ਦਾ ਪਾਂਧੀ ਬਣਦਾ ਹੈ। ਪਰਮਾਤਮਾ ਦੀ ਪ੍ਰਾਪਤੀ ਉਹੀ ਵਿਅਕਤੀ ਕਰ ਸਕਦਾ ਹੈ ਜਿਹੜਾ ਮੂਲ ਰੂਪ ਵਿਚ ਮਨੁੱਖੀ ਭਲਾਈ ਸੋਚੇ ਅਤੇ ਕਰੇ ਅਤੇ ਸਦਾਚਾਰਕ ਤੌਰ ਤੇ ਮਹਾਨ, ਉਚਾ-ਸੁੱਚਾ ਬਣੇ। 'ਪੰਗਤ-ਸੰਗਤ' ਦੇ ਸੰਕਲਪਾਂ ਨਾਲ ਸਮਾਜ ਵਿਚ ਮਾਨਵਵਾਦੀ ਦ੍ਰਿਸ਼ਟੀਕੋਣ ਦਾ ਪ੍ਰਸਾਰ ਹੁੰਦਾ ਹੈ।

ਸੰਗਤ ਦੇ ਨਾਲ ਨਾਲ ਪੰਗਤ ਦਾ ਸੰਕਲਪ ਵੀ ਮਨੁੱਖ ਨੂੰ ਕੂੜਿਆਰ ਤੋਂ ਸਚਿਆਰ ਵਲ ਜਾਣ ਦੀ ਪ੍ਰੇਰਨਾ ਦਿੰਦਾ ਹੈ। ਕਰਤਾਰਪੁਰ ਵਿਖੇ ਡੇਰਾ ਲਾਉਣ ਉਪਰੰਤ ਗੁਰੂ ਨਾਨਕ ਨੇ ਪੰਗਤ ਦੀ ਧਾਰਨਾ ਨੂੰ ਵਿਹਾਰਕ ਪੱਧਰ ਤੇ ਲਾਗੂ ਕਰਕੇ ਵਿਖਾਇਆ। ਉਥੇ ਗੁਰੂ ਨਾਨਕ ਨੇ ਲੰਗ (ਸਾਂਝੀ ਰਸੋਈ) ਦੀ ਸੰਸਥਾ ਸਥਾਪਿਤ ਕੀਤੀ। ਇਸਦੇ ਦੋ ਉਦੇਸ਼ ਸਨ: ਇਕ ਤਾਂ ਇਹ ਸੀ ਕਿ ਲੋੜਵੰਦਾਂ ਦੀ ਸੇਵਾ ਲਈ ਲੋਕਾਂ ਵਲੋਂ ਦਿੱਤੇ ਦਾਨ ਰਾਹੀਂ ਗਰੀਬਾਂ ਅਤੇ ਮਜ਼ਲੂਮਾਂ ਨੂੰ ਮੁਫਤ ਭੋਜਨ ਛਕਾਉਣਾ ਅਤੇ ਦੂਸਰਾ ਇਸ ਸੰਸਥਾ ਰਾਹੀਂ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਇਕ ਸਮਾਨ ਬਣਾਇਆ। ਸਮਾਜ ਵਿਚ ਸਮਾਨਤਾ ਲਿਆਉਣ ਲਈ ਇਹ ਪ੍ਰਭਾਵਸ਼ਾਲੀ ਮਾਧਿਅਮ ਬਣੀ। ਸਭ ਉਚੇ-ਨੀਵੇਂ, ਅਮੀਰ-ਗਰੀਬ, ਸਮਰਾਟ ਹੋਵੇ ਜਾਂ ਆਮ ਮਨੁੱਖ, ਆਦਮੀ ਹੋਵੇ ਜਾਂ ਤੀਵੀਂ ਸਭ ਇਕੋ ਲਾਈਨ, ਪੰਗਤ ਵਿਚ ਬੈਠ ਕੇ ਇਕੋ ਜਿਹਾ ਭੋਜਨ

ਛਕਦੇ ਸਨ, ਇਹ ਪੰਗਤ, ਲੰਗਰ ਸਭ ਵਰਗਾਂ ਲਈ ਖੁੱਲ੍ਹਾ ਸੀ ਅਤੇ ਮੁਫ਼ਤ ਸੀ। ਕਿਉਂਕਿ ਸਾਰੇ ਲੋਕ ਇਕ ਸਥਾਨ ਤੇ ਪੰਗਤ ਵਿਚ ਬੈਠ ਕੇ ਇਕੋ-ਜਿਹਾ ਭੋਜਨ ਛਕਦੇ ਹਨ। ਇਸ ਲਈ ਇਹ ਮਨੁੱਖਾਂ ਦੀ ਸਮਾਨਤਾ, ਸਭਿਆਚਾਰਤਾ ਦੀ ਉਦਾਹਰਣ ਹੈ, ਊਚ-ਨੀਚਾਂ ਵਿਅਕਤੀ ਦੀ ਖੂਬੀਆਂ ਨੂੰ ਸਮਾਨ ਸਮਝਿਆ। 'ਪੰਗਤ' ਦੇ ਸਿਧਾਂਤ ਨਾਲ ਸਮਾਜਿਕ ਸੇਵਾ ਦਾ ਮੌਕਾ ਵੀ ਮਿਲਦਾ ਹੈ ਕਿਉਂਕਿ ਮਨੁੱਖ ਨੂੰ ਆਪਣਾ ਭੋਜਨ ਆਪ ਪਕਾਉਣਾ ਪੈਂਦਾ ਹੈ, ਆਪਣੇ ਬਰਤਨ ਆਪ ਸਾਫ਼ ਕਰਨੇ ਪੈਂਦੇ ਹਨ। ਦੂਸਰਿਆਂ ਲਈ ਭੋਜਨ ਵਰਤਾਉਣਾ ਅਤੇ ਬਰਤਨ ਸਾਫ਼ ਕਰਨ ਨਾਲ ਮਨ ਵਿਚ ਨਿਮਰਤਾ ਦੀ ਭਾਵਨਾ ਆਉਂਦੀ ਹੈ, ਸਮਾਨਤਾ ਦੀ ਭਾਵਨਾ ਆਉਂਦੀ ਹੈ। ਇਹ ਮਾਨਵਵਾਦ ਸਿਧਾਂਤ ਨੂੰ ਲਾਗੂ ਕਰਨ ਦਾ ਬਹੁਤ ਪ੍ਰਭਾਵਸ਼ਾਲੀ ਮਾਧਿਅਮ ਹੈ। ਇਸਦੇ ਨਾਲ ਹੀ ਮੁਫ਼ਤ ਲੰਗਰ ਦੀ ਪ੍ਰਥਾ ਜਿਹੜੀ ਗੁਰੂ ਨਾਨਕ ਨੇ ਸਥਾਪਿਤ ਕੀਤੀ, ਇਸ ਰਾਹੀਂ ਸਾਰੀ ਲੋਕਾਈ ਲਈ ਦਾਨ ਦੇ ਸਾਧਨਾਂ ਦੀ ਉਚਿਤ ਵਰਤੋਂ ਹੁੰਦੀ ਹੈ। 'ਸਮੂਹ' ਮਾਨਵਵਾਦ ਹੈ। ਸਮੂਹ ਨਾਲ ਭਰਾਤ੍ਰੀਭਾਵ ਦੀ ਭਾਵਨਾ ਪੈਦਾ ਹੁੰਦੀ ਹੈ। 'ਸੰਗਤ' ਅਤੇ 'ਪੰਗਤ' ਦੇ ਸਿਧਾਂਤ ਮਨੁੱਖ ਨੂੰ ਕੂੜ ਤੋਂ ਸਚ ਵਲ ਲੈ ਜਾਂਦੇ ਹਨ। ਮਾਨਵਵਾਦੀ ਸਿਧਾਂਤ ਦੀ ਸਥਾਪਤੀ ਵਿਚ ਸਹਾਇਕ ਹੁੰਦੇ ਹਨ।

ਗੁਰਮਤਿ ਤੇ ਸਭਿਆਚਾਰਤਾ ਵਲ ਆਉਣ ਸਮੇਂ ਧਰਮ ਨੂੰ ਕੇਵਲ ਵਿਅਕਤੀਗਤ ਬੰਧਨਾਂ ਤਕ ਹੀ ਸੀਮਿਤ ਨਹੀਂ ਰਖਣਾ। ਗੁਰੂ ਨਾਨਕ ਨੇ ਧਰਮ ਦੇ ਸਮਾਜਿਕ ਪੱਖ ਨੂੰ ਵੀ ਲੋਕਾਂ ਸਨਮੁਖ ਪੇਸ਼ ਕੀਤਾ। ਧਰਮ ਦੇ ਆਧਾਰ ਤੇ ਸਿਰਫ਼ ਪਰਮਾਤਮਾ ਦਾ ਹੀ ਪ੍ਰਾਪਤੀ ਨਹੀਂ ਕਰਨੀ ਸਗੋਂ ਸਮਾਜਿਕ ਪੱਧਰ ਤੇ ਵੀ, ਸਮਾਜਿਕ ਸੰਦਰਭ ਵਿਚ ਵੀ ਉੱਨਤੀ ਕਰਨੀ ਹੈ। ਇਸ ਲਈ ਮਾਨਸਿਕ ਜਾਗ੍ਰਤੀ ਜ਼ਿਆਦਾ ਜ਼ਰੂਰੀ ਹੈ। ਮਾਨਸਿਕ ਜਾਗ੍ਰਤੀ ਆਪਣੇ ਆਪ ਵਿਚ ਅਜਿਹੀ ਤਾਕਤ ਹੈ, ਜੋ ਕਿਸੇ ਵੀ ਟੀਚੇ ਨੂੰ ਭੇਦਣ ਲਈ, ਉਸਦਾ ਸਾਹਮਣਾ ਕਰਨ ਲਈ, ਇਕ ਬਹੁਤ ਵੱਡੀ ਆਧਾਰ ਤਾਕਤ, ਸ਼ਕਤੀ ਹੁੰਦੀ ਹੈ ਅਤੇ ਸ਼ਕਤੀ, ਤਾਕਤ, 'ਸੰਗਤ' ਵਿਚ ਰਹਿ ਕੇ ਹੀ ਉਸਾਰੀ ਜਾ ਸਕਦੀ ਹੈ। ਗੁਰੂ ਨਾਨਕ ਨੇ ਪਾਂਧੀਆਂ ਨੂੰ ਸੰਗਤ ਲਈ ਲਲਕਾਰ ਪਾਈ, ਲੋਕਾਂ ਨੂੰ ਵੰਗਾਰਿਆ। ਜਦ ਤਕ ਮਨੁੱਖ ਪ੍ਰਗਤੀਵਾਦੀ ਨਹੀਂ ਬਣਦਾ, ਧਾਰਮਿਕ, ਪੁਰਾਣੇ ਰੀਤੀ-ਰਿਵਾਜ ਨਹੀਂ ਛੱਡਦਾ ਉਦੋਂ ਤਕ ਮਨੁੱਖ ਨੂੰ ਮਾਨਵਵਾਦੀ ਵੀ ਨਹੀਂ ਕਿਹਾ ਜਾ ਸਕਦਾ। ਵਿਅਕਤੀਗਤ ਕਾਇਆ-ਕਲਪ ਵੀ ਕਰਨੀ ਹੈ ਅਤੇ ਸਮਾਜਿਕ ਕਾਇਆ-ਕਲਪ ਵੀ

ਕਰਨੀ ਹੈ। 'ਚੜ੍ਹਦੀ ਕਲਾ ਦਾ ਸੰਕਲਪ' 'ਸੰਗਤ-ਪੰਗਤ' ਅਤੇ 'ਸਰਬੱਤ ਦੇ ਭਲੇ ਦਾ ਸੰਕਲਪ' ਇਹ ਸਭ ਮਾਨਵਵਾਦੀ ਸੰਕਲਪ ਦੇ ਘੇਰੇ ਵਿਚ ਆ ਜਾਂਦੇ ਹਨ। ਇਹਨਾਂ ਸੰਕਲਪਾਂ ਦੇ ਆਧਾਰ ਤੇ ਗੁਰੂ ਨਾਨਕ ਨੇ ਸਰਬ-ਵਿਆਪਕ ਭਾਈਚਾਰੇ ਦੀ ਹਾਮੀ ਭਰੀ। ਉਹ ਆਪਣੇ ਸਮੇਂ ਤੋਂ ਕਿਤੇ ਅਗੇਰੇ ਸਨ। ਉਹ ਸਮੁੱਚੀ ਮਾਨਵਤਾ ਨੂੰ ਇਕ ਪਰਿਵਾਰ ਮੰਨਦੇ ਸਨ। ਉਹਨਾਂ ਨੇ 'ਜਾਤ-ਰਹਿਤ' ਅਤੇ 'ਸ਼੍ਰੇਣੀ-ਰਹਿਤ' ਭਾਈਚਾਰੇ ਦੀ ਹਮਾਇਤ ਕੀਤੀ।

ਗੁਰੂ ਨਾਨਕ ਨੇ ਧਾਰਮਿਕ ਪਾਖੰਡਾਂ ਦੀ ਪੁਰਜ਼ੋਰ ਨਿਖੇਧੀ ਕੀਤੀ ਲੇਕਿਨ ਮਨੁੱਖ ਨੂੰ ਧਾਰਮਿਕ ਮਾਨਵਵਾਦੀ ਸਿੱਖਿਆ ਵੀ ਨਾਲ ਨਾਲ ਦਿੱਤੀ। ਧਰਮ ਦਾ ਅਰਥ ਹੈ 'ਕਰਤੱਵ'- ਮਨੁੱਖ ਨੂੰ ਜੀਵਨ-ਜਾਚ ਸਿਖਾਉਣਾ। ਗੁਰੂ ਨਾਨਕ ਦੀ ਵਿਚਾਰ-ਧਾਰਾ ਸਾਂਝੀਵਾਲਤਾ, ਮਾਨਵੀ-ਕੀਮਤਾਂ, ਭਰੱਪਣ, ਦਇਆ, ਪਿਆਰ ਅਤੇ ਨੈਤਿਕਤਾ ਤੇ ਆਧਾਰਿਤ ਹੈ। ਨਾਨਕ-ਬਾਣੀ ਵਿਚਲੇ ਮਾਨਵਵਾਦੀ ਦ੍ਰਿਸ਼ਟੀਕੋਣ ਨੂੰ ਭਿੰਨ-ਭਿੰਨ ਪ੍ਰਸੰਗਾਂ ਵਿਚ ਵੇਖਿਆ ਜਾ ਸਕਦਾ ਹੈ। ਇਹ ਦ੍ਰਿਸ਼ਟੀਕੋਣ ਮਨੁੱਖ ਨੂੰ 'ਕੂੜਿਆਰ' ਤੋਂ 'ਸਚਿਆਰ' ਬਨ ਜਾਣ ਦਾ ਮਾਰਗ ਦਰਸਾਉਂਦਾ ਹੈ। ਨਾਨਕ ਬਾਣੀ ਅਨੁਸਾਰ ਮਨੁੱਖ ਨੂੰ ਸਚਿਆਰਤਾ ਦੇ ਮਾਰਗ ਦਾ ਪਾਂਧੀ ਬਣਨ ਲਈ ਆਪਣੀ 'ਲੋਭ' ਦੀ ਬਿਰਤੀ ਤੇ ਕਾਬੂ ਪਾਉਣਾ ਪਵੇਗਾ ਤਾਂ ਹੀ ਉਹ ਧਾਰਮਿਕ ਵਿਕਾਸ ਤੇ ਨੇਕੀ ਕਰ ਸਕੇਗਾ। ਗੁਰੂ ਨਾਨਕ ਨੇ ਲੋਭ ਨੂੰ ਕੁੱਤੇ ਦੀ ਬਿਰਤੀ ਕਿਹਾ ਹੈ:

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥

(ਸ੍ਰੀ ਰਾਗ ਮਹਲਾ ੧, ਪੰਨਾ-15)

ਗੁਰੂ ਨਾਨਕ-ਬਾਣੀ ਵਿਚ ਮੋਹ ਦੇ ਬੰਧਨ ਤੋਂ ਮੁਕਤ ਹੋਣ ਲਈ ਬਾਰ ਬਾਰ ਪ੍ਰੇਰਨਾ ਕੀਤੀ ਗਈ ਹੈ। ਇਸ ਬੰਧਨ ਕਰਕੇ ਨਾ ਹੀ ਪ੍ਰਭੂ ਦੀ ਭਗਤੀ ਹੋ ਸਕਦੀ ਹੈ ਅਤੇ ਨਾ ਹੀ ਮਾਨਵ-ਮਾਤਰ ਦੀ ਸੇਵਾ, ਮਾਨਵਵਾਦੀ ਕਰਮ ਹੋ ਸਕਦੇ ਹਨ। 'ਮੋਹ' ਨੂੰ ਠੱਗ-ਬੂਟੀ ਵੀ ਕਿਹਾ ਹੈ, ਜਿਸ ਵਿਚ ਮਨੁੱਖ ਮਸਤ, ਬੇਹੋਸ਼, ਮਦਹੋਸ਼ ਰਹਿੰਦਾ ਹੈ ਅਤੇ ਇਸ ਵਿਚ ਫਾਥੇ ਹੋਣ ਕਰਕੇ ਉਸਨੂੰ ਨੇਕੀ ਦਾ ਚਿਤ-ਚੇਤਾ ਵੀ ਨਹੀਂ ਰਹਿੰਦਾ। ਸੋ ਇਸ 'ਮੋਹ' ਦੇ ਬੰਧਨ ਤੋਂ ਵੀ ਬਚਣਾ ਹੈ:-

(੬) ਮਾਇਆ ਮੋਹੇ ਚੇਤਹਿ ਨਾਹੀ ਅਹਿਲਾ ਜਨਮੁ ਗਵਾਵਹੇ।

(ਵਡਹੰਸ ਮਹਲਾ ੧, ਪੰਨਾ-566)

(ਅ) ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥

( ਸਿਰੀ ਰਾਗੁ ਮਹਲਾ ੧, ਪੰਨਾ-61 )

ਨਿਮਰਤਾ, ਸਦਾਚਾਰ, ਧਰਮ ਦਾ ਪ੍ਰਮੁੱਖ ਆਧਾਰ ਹਨ। ਅਹੰਕਾਰ ਅਗਿਆਨਤਾ ਦਾ ਸੂਚਕ ਹੈ। ਨਾਨਕ-ਬਾਣੀ ਅਨੁਸਾਰ ਉਸ ਵਿਦਵਾਨ ਮਨੁੱਖ ਨੂੰ ਵੀ ਮੂਰਖ ਕਹਿਣਾ ਚਾਹੀਦਾ ਹੈ ਜਿਸ ਅੰਦਰ ਹਉਮੈ ਹੈ।

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥

( ਵਾਰ ਮਾਝ, ਮਹਲਾ ੧, ਪੰਨਾ-140)

ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਇਹਨਾਂ ਪੰਜਾਂ ਵਿਕਾਰਾਂ ਤੇ ਮਨੁੱਖ ਦੇ ਕਾਬੂ ਪਾਉਣਾ ਹੈ। ਇਹਨਾਂ ਪੰਜਾਂ ਵਿਕਾਰਾਂ ਨੂੰ ਸਰੀਰ ਨਗਰੀ ਵਿਚ ਰਹਿ ਰਹੇ ਚੋਰ ਕਿਹਾ ਗਿਆ ਹੈ। ਇਹ ਪੰਜਾ ਵਿਕਾਰ ਮਨੁੱਖ ਨੂੰ ਮਾਨਵਵਾਦੀ, ਨੇਕ, ਸੱਚੇ ਰਾਹਾਂ ਤੇ ਤੋੜਦੇ ਹਨ, ਸੋ ਇਹਨਾਂ ਤੋ ਬਚਣਾ ਹੈ।

ਇਕ ਨਗਰੀ ਪੰਚ ਚੋਰ ਬਸੀਅਲੇ। ਬਰਜਤ ਚੋਰੀ ਧਾਵੈ ॥

(ਗੂਜਰੀ ਅਸਟਪਦੀਆਂ, ਮਹਲਾ ੧, ਪੰਨਾ-503 )

ਗੁਰੂ ਨਾਨਕ ਕਹਿੰਦੇ ਹਨ। ਝੂਠ ਨੂੰ ਛੱਡ ਕੇ ਜੀਵਨ ਵਿਚ ਸੱਚ ਨੂੰ ਅਪਨਾਉਣਾ ਹੈ।

(ੳ) ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ।

(ਵਾਰ ਰਾਮਕਲੀ, ਮਹਲਾ ੧, ਪੰਨਾ-953)

(ਅ) ਜੇ ਸਭੇ ਹੀ ਸਚਿ ਨਿਬੜੈ ਛੁਟਿ ਵਧਿ ਕਹੈ ਜਜਮਾਨਿਆ ।

( ਵਾਰ ਆਸਾ ਮਹਲਾ ੧, ਪੰਨਾ-463)

ਨਾਨਕ-ਬਾਣੀ ਅਨੁਸਾਰ ਕਿਸੇ ਦੇ ਸਰੀਰ ਤੇ ਹਮਲਾ ਕਰਨਾ ਹੀ ਕੇਵਲ ਹਿੰਸਾ ਨਹੀਂ ਬਲਕਿ ਕਿਸੇ ਦਾ ਦਿਲ ਦੁਖਾਣਾ, ਕਿਸੇ ਦਾ ਹੱਕ ਖਾਣਾ, ਖੂਨ ਪੀਣਾ ਵੀ ਹਿੰਸਾਤਮਕ ਕਰਮ ਹੈ।

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ।

(ਵਾਰ ਮਾਝ ਮਹਲਾ ੧, ਪੰਨਾ-140)

ਸੰਤੋਖ ਇਕ ਹੋਰ ਗੁਣ ਮਨੁੱਖੀ ਸ਼ਖਸੀਅਤ ਦਾ ਗਹਿਣਾ ਹੈ, ਜਿਸਨੂੰ ਧਾਰਨ ਕਰਕੇ ਹੀ ਮਨੁੱਖ ਜੀਵਨ ਵਿਚ ਉੱਚੇ ਕਰਮ ਕਰ ਸਕਦਾ ਹੈ। ਸੰਤੋਖ ਮਨੁੱਖੀ ਸ਼ਖਸੀਅਤ ਦੀ ਉਸਾਰੀ ਦਾ ਮਹੱਤਵਪੂਰਨ ਅੰਗ ਹੈ। ਨਾਨਕ-ਬਾਣੀ ਅਨੁਸਾਰ:

ਸੰਤੋਖ ਥਾਪਿ ਰਖਿਆ ਜਿਨਿ ਸੂਤਿ ॥

( ਜਪੁਜੀ, ਮਹਲਾ ੧,ਪਉੜੀ-16)

ਗੁਰੂ ਨਾਨਕ-ਬਾਣੀ ਵਿਚ ਗੁਰੂ- ਸੇਵਾ ਤੇ ਇਨਸਾਨਾਂ ਲੋਕ-ਸੇਵਾ ਤੇ ਵੀ ਜ਼ੋਰ ਦਿੱਤਾ ਗਿਆ ਹੈ। ਇਸ ਲੋਕ-ਸੇਵਾ ਦਾ 'ਇਹ-ਲੋਕ' ਅਤੇ 'ਪਰਲੋਕ' ਦੋਹਾਂ ਵਿਚ ਬਹੁਤ ਮਹੱਤਵ ਹੈ।

ਵਿਚਿ ਦੁਨੀਆ ਸੇਵ ਕਮਾਈਐ।ਤਾ ਦਰਗਹਿ ਬੈਸਣੁ ਪਾਈਐ ॥

( ਸਿਰੀ ਰਾਗੁ, ਮਹਲਾ ੧,ਪੰਨਾ-26)

ਗੁਰੂ ਨਾਨਕ ਨੇ ਮਨੁੱਖਾਂ ਨੂੰ 'ਖਿਮਾ' ਦਾ ਗੁਣ ਧਾਰਨ ਕਰਨ ਲਈ ਵੀ ਕਿਹਾ ਹੈ। ਖਿਮਾ ਨਾਲ ਆਪਣਾ ਮਨ ਵੀ ਸ਼ਾਂਤ ਹੁੰਦਾ ਹੈ ਅਤੇ ਦੂਸਰੇ ਦਾ ਵੀ। ਅਜਿਹਾ ਕਰਕੇ ਹੀ ਮਨੁੱਖ ਪ੍ਰਾਣੀ-ਮਾਤਰ ਦੀ ਸੱਚੀ ਸੇਵਾ ਕਰ ਸਕਦਾ ਹੈ, ਠੰਡ, ਸ਼ਾਂਤੀ ਵਰਤਾ ਸਕਦਾ ਹੈ।

ਖਿਮਾ ਗਹੀ ਮਨੁ ਸਤਿਗੁਰਿ ਦੀਆ ।

( ਰਾਮਕਲੀ ਮਹਲਾ ੧, ਪੰਨਾ-932)

ਜਿਹਨਾਂ ਵਿਚ ਖਿਮਾ ਦੀ ਭਾਵਨਾ ਨਹੀਂ ਉਹ ਸੜਨੇ ਦੀ ਅੱਗ ਵਿਚ ਹੀ ਸੜ-ਬਲ ਜਾਂਦੇ ਹਨ।

ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ
ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ ।

(ਰਾਮਕਲੀ ਮਹਲਾ ੧,ਪੰਨਾ-937)

ਗੁਰੂ ਨਾਨਕ ਨੇ ਸੱਚ ਬੋਲਣ ਅਤੇ ਸਚਾਈ ਭਰਿਆ ਜੀਵਨ ਜਿਊਣ ਤੇ ਜ਼ੋਰ ਦਿੱਤਾ ਹੈ।

ਗੁਰਮੁਖਿ ਕੂੜੁ ਨ ਭਾਵਈ ਸਚ ਰਤੇ ਸਚਾ ਭਾਇ ।

(ਸਿਰੀ ਰਾਗ ਮਹਲਾ ੧,ਪੰਨਾ-22)

ਨਿੰਦਾ ਕਰਨ ਦੀ ਪ੍ਰਵਿਰਤੀ ਤੇ ਵੀ ਖੰਡਨ ਹੈ। ਨਿੰਦਾ-ਚੁਗਲੀ ਦੀ ਆਦਤ ਝੂਠ, ਪਾਪ, ਪਤਨ ਵੱਲ ਤੋਰਦੀ ਹੈ। ਨਿੰਦਕ ਰੱਬ ਦਾ ਕ੍ਰਿਤਘਣ ਜਾਣੇ ਹਨ:

ਕੇ ਜੋ ਖੋਟੇ ਕੂੜਿਰ ਨਾਹੀ ਘਰਿ ਬਾਹਰਿ ਨਿੰਦਕ ਗਤਿ ਨਹੀਂ ਕਾਈ ।

... ... ... ...

ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ ਗੁਰ ਕੀ ਦਾਤ ਨ ਭਾਣੀ ।

( ਗੂਜਰੀ ਮਹਲਾ ੧, ਪੰਨਾ 505)

ਨਾਨਕ-ਬਾਣੀ ਵਿਚ 'ਚੋਰੀ' ਦੀ ਪ੍ਰਵਿਰਤੀ ਤੇ ਵੀ [illegible] ਕੀਤਾ ਗਿਆ ਹੈ। ਚੋਰੀ ਕਰਨਾ ਪਾਪ ਹੈ:

ਚੋਰ ਕੀ ਹਾਮਾ ਭਰੇ ਨ ਕੋਇ। ਚੋਰੁ ਕੀਆ ਚੰਗਾ ਕਿਉਂ ਹੋਇ ।

(ਧਨਾਸਰੀ ਮਹਲਾ ੧, ਪੰਨਾ-662)

ਆਪਣਾ ਆਚਰਣ ਉੱਚਾ-ਸੁੱਚਾ ਰਖਣਾ ਹੈ। ਨਾਨਕ-ਬਾਣੀ ਅਨੁਸਾਰ:

ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ।

(ਮਲਾਰ ਮਹਲਾ ੧,ਪੰਨਾ-1255)

ਨਾਨਕ-ਬਾਣੀ ਅਨੁਸਾਰ ਨੇਕ ਕਰਮ ਕਰਨੇ ਹਨ। ਸਰੀਰ ਨੂੰ ਕਿਸੇ ਪ੍ਰਕਾਰ ਦੇ ਕਸ਼ਟ ਵਿਚ ਪਾਉਣ ਦੀ ਲੋੜ ਨਹੀਂ:

ਅੰਨ ਨ ਖਾਇਆ ਸਾਦੁ ਗਵਾਇਆ ।

(ਵਾਰ ਆਸਾ,ਮਹਲਾ ੧,ਪੰਨਾ-467)

ਨਾਨਕ-ਬਾਣੀ ਅਨੁਸਾਰ ਗੁਰਮਤਿ ਪ੍ਰੇਮ ਦਾ ਮਾਰਗ ਹੈ। ਪਰਮਾਤਮਾ ਨੂੰ ਅਤੇ ਉਸਦੇ ਬਣਾਏ ਜੀਵਿਆਂ ਨੂੰ ਪਿਆਰ ਕਰੋ। ਬਾਬਾ ਫਰੀਦ ਜੀ ਦੇ ਤਪ ਸਾਧਨ ਦੇ ਉੱਤਰ ਵਿਚ ਗੁਰੂ ਸਾਹਿਬ ਨੇ ਇਹ ਵਿਚਾਰ ਦਿੱਤਾ ਸੀ:

ਤਨ ਨ ਤਪਾਇ ਤਨੂਰ ਜਿਉਂ ਬਾਲਣੁ ਹਡ ਨਾ ਬਾਲਿ ।।
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲ ।

(ਸਲੋਕ ਮਹਲਾ ੧, ਪੰਨਾ-1384)

ਆਪਣੇ ਸਰੀਰ ਨੂੰ ਕਸ਼ਟ ਦੇਣ ਦੀ ਲੋੜ ਨਹੀਂ। ਪ੍ਰੇਮਾ-ਭਗਤੀ ਹੀ ਮਾਨਵਵਾਦ ਦਾ ਆਧਾਰ-ਬਿੰਦੂ ਹੈ। ਸਰੀਰ ਨੂੰ ਕਸ਼ਟ ਦਿੱਤੇ ਬਿਨਾ, ਰੂਹ ਨੂੰ [illegible]

ਯਤਨਾਂ ਨਾਲ, ਸਹਿਜ-ਮਾਰਗ ਤੇ ਚਲਦਿਆਂ ਹੋਇਆਂ ਰੱਬ ਦੀ ਪ੍ਰਾਪਤੀ ਹੋ ਸਕਦੀ ਹੈ, ਮੁਕਤੀ ਪ੍ਰਾਪਤ ਹੋ ਜਾਂਦੀ ਹੈ ਅਤੇ ਇਸੇ ਮਾਰਗ, ਸਹਿਜ-ਮਾਰਗ ਦੇ ਪਾਂਧੀ ਹੋ ਕੇ ਪ੍ਰਾਣੀ-ਮਾਤਰ ਦੀ ਸੇਵਾ ਕੀਤੀ ਜਾ ਸਕਦੀ ਹੈ।

ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥
ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥

( ਰਾਮਕਲੀ ਮਹਲਾ ੧, ਪੰਨਾ-941)

ਗੁਰੂ ਨਾਨਕ ਨੇ ਦਇਆ, ਖਿਮਾ, ਸੰਤੋਖ ਦੇ ਨਾਲ ਨਾਲ ਸਹਿਣਸ਼ੀਲਤਾ ਰੂਪੀ ਗੁਣ ਦੀ ਮਹੱਤਵ ਨੂੰ ਅਤਿ ਆਵੱਸ਼ਕ ਦੱਸਿਆ ਹੈ। ਜਦੋਂ ਇਨਸਾਨ ਇਸ ਗੁਣ ਨੂੰ ਧਾਰਨ ਕਰ ਲੈਂਦਾ ਹੈ ਤਾਂ ਉਸਨੂੰ ਕਿਸੇ ਕਿਸਮ ਦਾ ਦੁੱਖ ਨਹੀਂ ਮਹਿਸੂਸ ਹੁੰਦਾ ਹੈ।

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ। ਰੋਗੁ ਨ ਬਿਆਪੈ ਨ ਜਮ ਦੋਖੰ ।

( ਗਉੜੀ ਮਹਲਾ ੧, ਪੰਨਾ-223)

ਇਹਨਾਂ ਉਪਰੋਕਤ ਗੁਣਾਂ ਦੇ ਧਾਰਨੀ ਹੋ ਕੇ ਹੀ 'ਕੂੜ' ਤੇ 'ਸੱਚ' ਬਾਰੇ ਜਾਣਿਆ ਜਾ ਸਕਦਾ ਹੈ। ਇਸ ਸੰਦਰਭ ਵਿਚ ਡਾ. ਸ਼ੇਰ ਸਿੰਘ ਦੇ ਵਿਚਾਰ ਵਰਨਣ-ਯੋਗ ਹਨ।

> ਦੀਵੇ ਥੱਲੇ ਸਾਰੇ ਧਰਮ ਅਤੇ ਧਾਰਮਿਕ ਜੀਵਨ ਸੰਬੰਧੀ ਹੈ। " ਸ੍ਰੀ ਗੁਰੂ ਨਾਨਕ ਦਾ ਸਿੱਖ", ਅਥਵਾ "ਸਤਿਗੁਰ ਦਾ ਸਿੱਖ" ਗੁਰਮਤਿ ਨੂੰ ਨਾ ਧਾਰਨ ਕਰੇ, ਗੁਰੂ ਦੀ ਸਿੱਖਿਆ ਉਤੇ ਨਾ ਚਲੇ ਤੇ ਆਚਰਣ ਕਰ ਲਵੇ ਮਲੀਨ, ਆਤਮਿਕ ਗਲਾਨ ਵਰਨ ਦੀਆਂ ਹੋ ਜਾਏ "ਚੋਰ, ਯਾਰ, ਜੁਆਰੀਆ, ਠੱਗ, ਨਿੰਦਕ, ਚੁਗਲ, ਹਰਾਮ-ਖੋਰ, ਕੈ-ਮੁਖ, ਪਾਪੀ" ਤਾਂ ਏਹ ਨੁਕਸ ਗੁਰੂ ਦੇ ਦਸੇ ਰਸਤੇ ਵਿਚ ਨਹੀਂ ਸਗੋਂ ਉਸ ਰਸਤੇ ਦੇ ਪਾਂਧੀ ਵਿਚ ਹੈ ਜਿਹੜਾ ਰਾਹੋਂ ਕੁਰਾਹੇ ਪੈ ਗਿਆ। ਅਰੋਗਤਾ ਦੇ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਾ ਜੇ ਰੋਗੀ ਬਣ ਜਾਏ ਤਾਂ ਅਰੋਗਤਾ ਦੇ ਨਿਯਮਾਂ ਵਿਚ ਕੀ ਨੁਕਸ? ਇਸ ਤਰ੍ਹਾਂ ਧਰਮ ਦੇ ਨਿਯਮਾਂ ਤੇ ਉਪਾਸ਼ਨਾ ਆਦਿ ਉਤੇ ਧਾਰਨੇ ਕਰਕੇ ਦੋਸ਼ ਨਹੀਂ ਕਿ ਉਨ੍ਹਾਂ

> ਸ਼ਿਰਿਆਂ ਦੀ ਅਖੌਤੀ ਪਾਲਣਾ ਕਰਨ ਵਾਲੇ ਅਧਰਮੀ ਜਾਂ ਪਾਪੀ ਹਨ, ਚੌਂਕੜਪੁਣੇ ਤੇ ਬੇਮਣੀ ਦਾ ਤਰੀਕਾ ਅਖ਼ਤਿਆਰ ਕਰਦਾ ਹੈ ਤੇ ਧਰਮ ਤੇ ਉਪਾਸ਼ਨਾ ਨਾਲ ਬੇ-ਇਨਸਾਫ਼ੀ ਕਰਦਾ ਹੈ।[1]

ਇਸੇ ਪ੍ਰਕਾਰ, ਕੂੜ ਛੱਡ ਕੇ ਸੱਚ ਦੇ ਮਾਰਗ ਦਾ ਪਾਂਧੀ ਬਣਨ ਲਈ, ਗੁਰੂ ਨਾਨਕ ਨੇ ਮਹੱਤਵਪੂਰਨ 'ਧਾਰਮਿਕ ਸਹਿਣਸ਼ੀਲਤਾ' ਦਾ ਸੰਕਲਪ ਮਨੁੱਖਤਾ ਅੱਗੇ ਪ੍ਰਸਤੁਤ ਕੀਤਾ ਜਿਸਦੀ ਕਿ ਉਸ ਸਮੇਂ ਸਖ਼ਤ ਲੋੜ ਸੀ। ਧਾਰਮਿਕ ਸਹਿਣਸ਼ੀਲਤਾ ਦੀ ਅਣਹੋਂਦ ਵਿਚ ਹਰ ਪਾਸੇ ਨਫ਼ਰਤ, ਈਰਖਾ, ਦਵੈਸ਼ ਦਾ ਚੱਕਰ ਚਲਦਾ ਹੋਇਆ ਵਿਖਾਈ ਦੇਣ ਲੱਗ ਜਾਂਦਾ ਹੈ। ਗੁਰੂ ਨਾਨਕ ਦਾ ਧਰਮ ਸੇਵਾ ਅਤੇ ਕੁਰਬਾਨੀ ਦਾ ਧਰਮ ਹੈ। ਸਹਿਣਸ਼ੀਲਤਾ ਦਾ ਧਰਮ ਹੈ। ਕਿਸੇ ਨੇ ਹਿੰਦੂ ਸਭਿਅਤਾ ਵਧਾਈ ਕਿਸੇ ਨੇ ਮੁਸਲਮਾਨ ਸਭਿਅਤਾ ਵਧਾਈ ਲੇਕਿਨ ਗੁਰੂ ਨਾਨਕ ਨੇ ਸਾਂਝੇ ਭਾਰਤ ਦੀ ਸਭਿਅਤਾ ਦੀ ਸੁਰੱਖਿਅਤਾ ਕੀਤੀ। ਹਿੰਦੂ-ਮੁਸਲਮ ਇਕੋ ਹੀ ਹਨ, ਧਾਰਮਿਕ ਏਕਤਾ, ਸਹਿਣਸ਼ੀਲਤਾ ਦਾ ਪ੍ਰਚਾਰ ਕੀਤਾ।

> ਰਾਹ ਦੋਵੈ ਖਸਮੁ ਏਕੋ ਜਾਣੁ ਗੁਰ ਕੈ ਸ਼ਬਦਿ ਹੁਕਮੁ ਪਛਾਣੁ ।।
> ( ਗਉੜੀ ਮਹਲਾ ੧, ਪੰਨਾ 228)

ਗੁਰੂ ਨਾਨਕ ਨੇ ਹਿੰਦੂ-ਮੁਸਲਮ ਏਕਤਾ, ਧਾਰਮਿਕ ਸਹਿਣਸ਼ੀਲਤਾ ਰੂਪੀ ਮਾਨਵਵਾਦੀ ਵਿਚਾਰ ਮਨੁੱਖਤਾ ਨੂੰ ਪ੍ਰਦਾਨ ਕੀਤੇ। ਇਸ ਸੰਬੰਧ ਵਿਚ ਟੀ ਐਲ. ਵਾਸਵਾਨੀ ਦੇ ਵਿਚਾਰ ਵਰਨਣਯੋਗ ਹਨ:

> He proclaimed that all the people were of God. In the Hindu, as in the Muslim he saw the vision of Man. In castes he saw the one sacred Brotherhood of Humanity. In all Nations he behold the procession of the one Race of Man.[2]

---

1. ਡਾ. ਸ਼ੇਰ ਸਿੰਘ, ਵਿਚਾਰਧਾਰਾ, ਪੰਨਾ-148

2. Vaswani, T.L. Guru Nanak, Glory of India, East and West Series, Bombay, 1969, P-32

ਗੁਰੂ ਨਾਨਕ ਦੀ ਬਾਣੀ ਵਿਚ, ਮਾਨਵਵਾਦੀ ਸੱਚੇ ਮਾਰਗ, ਏਕਤਾ ਦੇ ਮਾਰਗ ਦਾ ਵਿਚਾਰ ਦੇਣ ਵਾਲੇ, ਧਰਮ ਦਾ ਜ਼ਿਕਰ ਕੀਤਾ ਹੈ, ਜੋ ਇਸ ਪ੍ਰਕਾਰ ਹੈ।

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ।
ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ।।
ਪ੍ਰਭ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ।
ਏਕੰਕਾਰ ਅਵਰੁ ਨਹੀਂ ਦੂਜਾ ਨਾਨਕ ਏਕ ਸਮਾਈ ।।

( ਰਾਮਕਲੀ ਮਹਲਾ ੧, ਪੰਨਾ-930)

ਨਾਨਕ-ਬਾਣੀ ਦੇ ਵਿਚਾਰ, ਭਰਾਤਰੀਭਾਵ ਅਤੇ ਧਾਰਮਿਕ ਸਹਿਣਸ਼ੀਲਤਾ ਦੇ ਸੁਨੇਹੇ ਦੇ ਨਾਲ ਨਾਲ ਲੋਕਾਂ ਦੇ ਮਨਾਂ ਨੂੰ ਧਾਰਮਿਕ ਵਹਿਮਾਂ-ਭਰਮਾਂ, ਪਾਖੰਡਾਂ ਕਸ਼ਟਾਂ ਤੋਂ ਮੁਕਤ ਕੀਤਾ। ਗੁਰੂ ਨਾਨਕ ਨੇ ਕਿਹਾ ਕਿ: ਤੀਰਥ ਯਾਤਰਾ, ਤੀਰਥ ਇਸ਼ਨਾਨ ਵਿਚ ਕੁਝ ਨਹੀਂ ਪਿਆ ਬਲਕਿ ਘਰ ਬੈਠਿਆਂ ਹੀ ਗੁਰੂ ਦੇ ਸਿੱਖਿਆ ਰੂਪੀ ਤੀਰਥ ਵਿਚ ਇਸ਼ਨਾਨ ਕਰਨ ਨਾਲ ,ਸਦਾਚਾਰੀ ਕਰਮ ਕਰਨ ਨਾਲ, ਗਿਆਨ ਦੀ ਪ੍ਰਾਪਤੀ ਨਾਲ ਤਨ ਅਤੇ ਮਨ ਦੋਨੋ ਸ਼ੁਧ ਹੋ ਜਾਂਦੇ ਹਨ ਅਤੇ ਮਨੁੱਖ ਸੱਚੇ ਨੇਕ ਰਾਹਾਂ ਦਾ ਪਾਂਧੀ ਬਣ ਜਾਂਦਾ ਹੈ।

ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ।
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ।

( ਸੋਰਠਿ ਮਹਲਾ ੧, ਪੰਨਾ-637)

ਕੇਵਲ 68 ਤੀਰਥਾਂ ਦੇ ਇਸ਼ਨਾਨ ਕਰਨ ਨਾਲ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ਕਿਉਂਕਿ ਸ਼ੁਭ ਕਰਮ, ਉੱਚ-ਆਚਰਣ ਤੇ ਭਗਤੀ ਕਰਨ ਨਾਲ ਹੀ ਜਗਿਆਸੂ ਪਰਮ ਪਦ ਦੀ ਪ੍ਰਾਪਤੀ ਕਰ ਸਕਦਾ ਹੈ। ਨਾਨਕ-ਬਾਣੀ ਅਨੁਸਾਰ:

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ।

(ਆਦਿ ਗ੍ਰੰਥ, ਸਿਰੀ ਰਾਗ ਮਹਲਾ ੧, ਪੰਨਾ-61)

ਗੁਰੂ ਨਾਨਕ ਦੇਵ ਨੇ ਅਰਥ-ਭਰਪੂਰ, ਸਾਰਥਕ ਤੇ ਸਦੀਵੀ ਤੀਰਥ ਦਾ ਸੰਕਲਪ ਪੇਸ਼ ਕਰਦਿਆਂ ਕਿਹਾ ਹੈ ਕਿ : ਤੀਰਥ ਯਾਤਰਾ ਕਰਨ ਦੀ ਥਾਂ ਜਗਿਆਸੂ ਨੂੰ

ਆਪਣੇ ਅੰਦਰਲੇ ਤੀਰਥ ਦੀ ਯਾਤਰਾ ਕਰਨੀ ਚਾਹੀਦੀ ਹੈ।[1] ਅੰਤਰੀਵ ਤੀਰਥ ਵਿਚ ਇਸ਼ਨਾਨ ਕਰਨਾ ਹੈ। ਗੁਰੂ ਨਾਨਕ ਬਾਣੀ ਅਨੁਸਾਰ:

ਅੰਤਰ ਗਤਿ ਤੀਰਥ ਮਲਿ ਨਾਉ ।

( ਆਦਿ ਗ੍ਰੰਥ, ਮਹਲਾ ੧, ਪੰਨਾ-4)

ਨਾਨਕ-ਬਾਣੀ ਵਿਚ ਫੋਕੇ ਧਾਰਮਿਕ ਰੀਤੀ-ਰਿਵਾਜਾਂ ਦੀ ਨਿਖੇਧੀ ਕੀਤੀ ਗਈ ਹੈ ਅਤੇ ਮਾਨਵ ਨੂੰ ਨੇਕ ਕਰਮ ਕਰਨ ਦਾ ਸੱਚਾ ਮਾਰਗ ਵਿਖਾਇਆ ਗਿਆ ਹੈ। ਮਨੁੱਖ ਨੂੰ ਸੱਚੇ ਜੀਵਨ ਦੀ ਸਿੱਖਿਆ ਦਿੰਦੇ ਹੋਏ ਨਾਨਕ-ਬਾਣੀ ਇਸ ਤਰ੍ਹਾਂ ਕਹਿੰਦੀ ਹੈ:

(ੳ) ਮੰਦਾ ਕਿਸੇ ਨ ਆਖ ਝਗੜਾ ਪਾਵਣਾ ।

( ਵਡਹੰਸ ਮਹਲਾ ੧, ਪੰਨਾ-566)

(ਅ) ਨਾਨਕ ਉਤਮੁ ਨੀਚੁ ਨ ਕੋਇ ।

( ਜਪੁਜੀ ਸਾਹਿਬ, ਮਹਲਾ ੧, ਪਉੜੀ -33)

ਗੁਰੂ ਨਾਨਕ ਨੇ ਸਮਾਜ ਵਿਚਲੇ ਸਾਰੇ ਵਰਨਾਂ ਨੂੰ ਇਕ ਕੀਤਾ। ਉਹਨਾਂ ਨੇ ਪੰਗਤ ਵਿਚ ਸਭ ਨੂੰ ਇਕ ਥਾਂ ਬਿਠਾ ਕੇ ਖਿਲਾਇਆ, ਲੰਗਰ ਦੀ ਪ੍ਰਥਾ ਨੇ ਜਾਤਾਂ ਵਿਚਲੀ ਪਰਸਪਰ ਨਫ਼ਰਤ ਨੂੰ ਦੂਰ ਕੀਤਾ। ਇਸ ਨਾਲ ਗੁਰੂ ਨਾਨਕ ਨੇ ਨਾ ਕੇਵਲ ਬ੍ਰਾਹਮਣਾਂ ਅਤੇ ਸ਼ੂਦਰਾਂ ਵਿਚੋਂ ਸਗੋਂ ਮਲੇਛਾਂ ਅਤੇ ਕਾਫ਼ਰਾਂ ਵਿਚੋਂ ਵੀ ਨਫ਼ਰਤ ਖ਼ਤਮ ਕੀਤੀ। ਗੁਰੂ ਨਾਨਕ ਨੇ ਚਾਰਾਂ ਵਰਨਾਂ ਨੂੰ ਮਿਲਾ ਕੇ ਇਕ ਵਰਨ ਬਣਾਇਆ। ਚਾਰ ਵਰਨਾਂ ਦੇ ਲੋਕਾਂ ਨੂੰ ਏਕਤਾ ਦੇ ਸੂਤਰ ਵਿਚ ਪਰੋਇਆ। ਗੁਰੂ ਨਾਨਕ ਦੇ ਇਸ ਮਾਨਵਵਾਦੀ ਦ੍ਰਿਸ਼ਟੀਕੋਣ ਦੇ ਪ੍ਰਸਾਰ ਦੇ ਪ੍ਰਭਾਵ ਬਾਰੇ ਭਾਈ ਗੁਰਦਾਸ ਨੇ ਲਿਖਿਆ ਹੈ: ਚਾਰੇ ਪੈਰ ਧਰਮ ਦੇ ਚਾਰ ਵਰਨ ਇਕ ਵਰਨੁ ਕਰਾਇਆ ।(ਵਾਰ/23)

---

1. "The Tirath is within. Religion is inward and its expression is love or, more accurately, loving devotion. This loving devotion, a devotion directed to the formless Lord, is the vital response required of all who have perceived the presence of God suffused throughout creation, and in whom has been awakened a longing for union with Hi,"

(W.H.Mc Leod, Guru Nanak And the Sikh Religion, P-213)

ਕੂੜ ਤੇ ਸਚਿਆਰ ਦੇ ਮਾਰਗ ਤੇ ਚਲਣ ਲਈ ਪ੍ਰੇਰਨਾ ਦੇਣ ਵਾਲੇ ਸੂਤਰਾਂ ਵਿਚੋਂ ਇਕ ਇਹ ਵੀ ਸੂਤਰ ਨਾਨਕ-ਬਾਣੀ ਪ੍ਰਸਤੁਤ ਕਰਦੀ ਹੈ ਕਿ : ਸਿਰਫ 'ਤਪੱਸਿਆ' ਮਨੁੱਖ ਨੂੰ ਹਉਮੈ ਦਿੰਦੀ ਹੈ। ਫਿਰ ਹਉਮੈ ਵੱਸ ਹੋ ਕੇ ਇਨਸਾਨ ਸੰਕੀਰਨ-ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ, ਆਪਣੇ ਆਪ ਨੂੰ ਉੱਚਾ ਸਮਝਣ ਲੱਗ ਪੈਂਦਾ ਹੈ ਅਤੇ ਦੂਸਰਿਆਂ ਨੂੰ ਨੀਵਾਂ। ਗੁਰੂ ਨਾਨਕ ਨੇ ਨਾਮ-ਸਿਮਰਨ ਦੇ ਨਾਲ ਨਾਲ ਸੱਚੀ ਸੇਵਾ ਕਰਨ ਲਈ ਕਿਹਾ। ਸੇਵਾ ਕਰਨ ਨਾਲ ਮਨ ਮਾਂਜਿਆ ਜਾਂਦਾ ਹੈ। ਸੇਵਾ ਕਰਨ ਵਾਲੇ ਨੂੰ ਗੁਰੂ ਨਾਨਕ ਨੇ ਬਹੁਤ ਉੱਚਾ ਦਰਜਾ ਦਿੱਤਾ ਹੈ। ਲੋਕ-ਸੇਵਾ ਤੋਂ ਬਿਨਾ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ।

( ਮਾਰੂ ਮਹਲਾ ੧, ਪੰਨਾ-992)

ਜਿਹੜੀ ਕੌਮ ਨੂੰ ਘਟੀਆ ਕਿਹਾ ਜਾਂਦਾ ਸੀ, ਗੁਰੂ ਨਾਨਕ ਨੇ ਉਹ ਕੌਮ ਆਪ ਕਰਕੇ ਪ੍ਰੇਰਨਾ ਭਰੀ ਅਗਵਾਈ ਦਿੱਤੀ।

ਪੰਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉਂ ।

( ਮਾਰੂ ਮਹਲਾ ੧, ਪੰਨਾ-991)

ਸਦਾਚਾਰੀ ਕਦਰ ਨਾਲ, ਮਾਨਵਵਾਦੀ ਕੀਮਤਾਂ ਨੂੰ, ਜੀਵਨ ਵਿਚ ਅਪਨਾਉਣ ਨਾਲ ਅਧਿਆਤਮਕ ਕੀਮਤਾਂ ਦੀ ਪ੍ਰਾਪਤੀ ਆਪਣੇ ਆਪ ਹੋ ਜਾਵੇਗੀ। ਨਾਨਕ-ਬਾਣੀ ਅਨੁਸਾਰ।

ਸਚੁ ਸੰਤੋਖ ਨਗਰ ਮਹਿ ਕਾਰੀ।।ਜਤੁ ਸਤੁ ਸੰਜਮੁ ਸਰਣਿ ਮੁਰਾਰੀ ।।
ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ ।।

( ਆਦਿ ਗ੍ਰੰਥ, ਪੰਨਾ-1037)

ਗੁਰੂ ਨਾਨਕ ਨੇ ਨਿਗੂਣੇ ਮਨੁੱਖ ਦੀ ਹਉਮੈ ਨੂੰ ਸਭ ਤੋਂ ਘਟੀਆ ਕਿਸਮ ਦੀ ਕਿਹਾ ਹੈ।

ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ।

( ਮਹਲਾ ੧, ਪੰਨਾ -1246)

ਆਪਣੇ ਗੁਣਾਂ ਨੂੰ ਮਹੱਤਵ ਨਹੀਂ ਦੇਂਦਾ ਬਲਕਿ ਔਗੁਣਾਂ ਨੂੰ ਸੁਧਾਰਨ ਦਾ ਯਤਨ ਕਰਦਾ ਹੈ।

ਸਤਿ ਅਵਰ ਮੈਂ ਗੁਰੂ ਨਹੀਂ ਕੋਈ।
ਕਿਉਂਕਿਹ ਕੋਤ ਮਿਟਾਵਾ ਕੋਈ।

( ਗੁਰੂ ਗ੍ਰੰਥ ਸਾਹਿਬ,ਰਾਗ ਸੂਹੀ ਅਸਟਪਦੀਆਂ,
ਮਹਲਾ ੧, ਪੰਨਾ -750)

ਮਨੁੱਖ ਆਪਣੇ ਨਿੱਜੀ ਜੀਵਨ ਵਿਚ ਗੁਣਾਂ ਨੂੰ ਧਾਰਨ ਕਰ ਕੇ ਹੀ ਆਪਣਾ ਜੀਵਨ ਉੱਚਾ-ਸੁੱਚਾ ਬਣਾ ਸਕਦਾ ਹੈ ਅਤੇ ਧਾਰਮਿਕ ਨੈਤਿਕਤਾ ਦਾ ਸਮਾਜ ਵਿਚ ਪ੍ਰਸਾਰ ਕਰ ਸਕਦਾ ਹੈ। ਧਰਮ ਮਨੁੱਖ ਨੂੰ ਪ੍ਰੇਰਨਾ ਦਿੰਦਾ ਹੈ ਕਿ ਉਹ ਜੀਵਨ ਨੂੰ ਉਪਯੋਗੀ ਕਿਵੇਂ ਬਣਾਵੇ। ਗੁਰੂ ਨਾਨਕ ਨੇ ਥੋਥੀਆਂ ਸਰੀਰਕ ਕ੍ਰਿਆਵਾਂ, ਅੰਤਰਮੁਖੀ ਰੁੱਖੀਆਂ ਸਾਧਨਾਵਾਂ, ਜੋਗੀਆਂ ਦੇ ਬਾਹਰੀ ਚਿੰਨ੍ਹਵਾਦ, ਕਰਾਮਾਤਾਂ ਅਤੇ ਥੋਥੇ ਭੇਖਚਾਰਾਂ ਦਾ ਵਿਰੋਧ ਕੀਤਾ ਅਤੇ ਸਹਿਜ ਮਾਰਗ, ਮਾਨਵਵਾਦੀ ਦ੍ਰਿਸ਼ਟੀਕੋਣ ਧਾਰਨ ਕਰਨ ਲਈ ਪ੍ਰੇਰਿਆ। ਗੁਰੂ ਨਾਨਕ ਨੇ ਨਿਧੜਕ ਹੋ ਕੇ ਜ਼ਿੰਦਗੀ ਅਤੇ ਸੱਚ ਬਾਰੇ ਵਿਚਾਰ ਕਹੇ। ਉਹਨਾਂ ਦਾ ਉਪਦੇਸ਼ ਸਾਰੀ ਸ੍ਰਿਸ਼ਟੀ ਦੇ ਲੋਕਾਂ ਲਈ ਸੀ ਨਾ ਕਿ ਕਿਸੇ ਖਾਸ ਜਾਤੀ, ਛੋਟੀ ਜਾਂ ਫਿਰਕੇ ਲਈ। ਉਹਨਾਂ ਨੇ ਹਰ ਧਰਮ ਦੀਆਂ ਅਟਲ ਸਚਾਈਆਂ ਨੂੰ ਅਪਣਾਇਆ ਅਤੇ ਪਾਖੰਡਾਂ ਦਾ ਵਿਰੋਧ ਕਰਕੇ ਮਾਨਵਵਾਦੀ ਵਿਚਾਰ ਮਾਨਵਤਾ ਨੂੰ ਦਿੱਤੇ। ਨਾਨਕ-ਬਾਣੀ ਮਾਨਵਵਾਦ ਦੇ ਦੋ ਮੂਲ-ਭੂਤ ਆਧਾਰ ਪ੍ਰਸਤੁਤ ਕਰਦੀ ਹੈ (ੳ) ਏਕ ਪਿਤਾ ਏਕਸ ਕੇ ਹਮ ਬਾਰਿਕ(ਅ) ਸਭ ਮਨੁੱਖ ਜਾਤੀ ਦੀ ਭਰਾਤ੍ਰੀਅਤਾ ।

ਨਾਨਕ-ਬਾਣੀ ਦਾ ਵਿਕਾਸ ਸਿਧਾਂਤ ਬ੍ਰਹਮ-ਪ੍ਰਾਪਤੀ, ਕਰਤਾਰ( ਕਰਤਾ-ਪੁਰਖ) ਅਤੇ ਸ੍ਰਿਸ਼ਟੀ ਤਕ ਹੀ ਸੀਮਿਤ ਨਹੀਂ ਸਗੋਂ ਇਹ ਸਮਾਜ ਦੇ ਸਮੂਹ ਨੂੰ ਵੀ ਆਪਣੇ ਸੰਦਰਭ ਵਿਚ ਲਿਆਉਂਦਾ ਹੈ। ਮਨੁੱਖ ਨੇ ' ਇਹ-ਲੋਕ' ਵਿਚ ਰਹਿ ਕੇ ਸਚਿ ਦੀ ਪਛਾਣ ਕਰਨੀ ਹੈ। ਕੂੜ ਛੱਡ ਕੇ ਸੱਚ ਦਾ ਪੱਲਾ ਫੜਨਾ ਹੈ। ਸੱਚ ਹੀ ਮਾਨਵਵਾਦ ਹੈ। ਕੂੜ ਅਮਾਨਵੀ ਹੈ। ਨਾਨਕ-ਬਾਣੀ ਵਿਚ ਮੁਕਤੀ ਦੇ ਸਿਧਾਂਤ ਨਾਲੋਂ ਜੀਵਨ-ਮੁਕਤੀ ਦੇ ਸਿਧਾਂਤ ਨੂੰ ਤਰਜੀਹ ਦਿੱਤੀ ਹੈ। ਜੀਵਨ-ਮੁਕਤੀ ਦਾ ਅਰਥ ਸਮਾਜਿਕ ਸੰਦਰਭ ਵਿਚ ਵੀ ਹੈ। ਜੀਵਨ-ਮੁਕਤੀ ਅਤੇ ਧਰਮ ਦਾ ਕੋਈ ਅੰਤਰ-ਵਿਰੋਧ ਨਹੀਂ। ਜੋ ਧਰਮੀ ਹੈ ਉਹ ਜੀਵਨ ਤੋਂ ਮੁਕਤ ਹੈ ਅਤੇ ਜੋ ਜੀਵਨ ਮੁਕਤ ਹੈ ਉਹ ਧਰਮੀ ਵੀ ਹੈ। ਗੁਰਬਾਣੀ ਦੇ ਇਸ ਸਿਧਾਂਤ ਨੇ ਅਧਿਆਤਮਕ, ਧਾਰਮਿਕ, ਨੈਤਿਕ, ਸਮਾਜਿਕ ਰਾਜਨੀਤਿਕ ਆਦਿ ਕੀਮਤਾਂ ਨੂੰ ਇਕ ਇਕਾਈ ਵਿਚ ਪਰੋਅ ਦਿੱਤਾ ਹੈ। ਸਤਿ ਦੀ ਪਛਾਣ ਇਹਨਾਂ

ਕੀਮਤਾਂ ਦਾ ਪਤਨ ਹੈ। ਗੁਰੂ ਨਾਨਕ 'ਇਹ-ਲੋਕ' ਦੀਆਂ ਗਲਤ ਕੀਮਤਾਂ ਤੇ ਵਾਰ ਵਾਰ ਵਿਅੰਗ ਕਰਕੇ ਮਾਨਵ ਨੂੰ ਬੁਰਾਈਆਂ ਤੋਂ ਸੁਚੇਤ ਕਰਦੇ ਹਨ।

(ੳ) ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ।

( ਵਾਰ ਆਸਾ, ਮਹਲਾ ੧, ਪੰਨਾ-466)

(ਅ) ਲਿਖਿ ਲਿਖਿ ਪੜਿਆ ਤੇਤਾ ਕੜਿਆ ।
ਬਹੁ ਤੀਰਥ ਭਵਿਆ ਤੇਤੋ ਲਵਿਆ ।
ਬਹੁ ਭੇਖ ਕੀਆ ਦੇਹੀ ਦੁਖੁ ਦੀਆ ।
ਸਹੁ ਵੇ ਜੀਆ ਅਪਣਾ ਕੀਆ ।
ਅੰਨੁ ਨ ਖਾਇਆ ਸਾਦੁ ਗਵਾਇਆ ।
ਬਹੁ ਦੁਖੁ ਪਾਇਆ ਦੂਜਾ ਭਾਇਆ ।
ਬਸਤ੍ਰ ਨ ਪਹਿਰੈ ਅਹਿਨਿਸਿ ਕਹਰੈ ।
ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੂਤਾ ।
ਪਗ ਉਪੇਤਾਣਾ ਅਪਣਾ ਕੀਆ ਕਮਾਣਾ ।
ਅਲੁ ਮਲੁ ਖਾਈ ਸਿਰਿ ਛਾਈ ਪਾਈ ।
ਮੂਰਖਿ ਅੰਧੈ ਪਤਿ ਗਵਾਈ ।

( ਵਾਰ ਆਸਾ ਮਹਲਾ ੧, ਪੰਨਾ-467)

ਗੁਰੂ ਨਾਨਕ ਨੇ ਇਹ-ਲੋਕ ਦੀਆਂ ਗਲਤ-ਕੀਮਤਾਂ ਨੂੰ ਛੱਡ ਕੇ ਮਨੁੱਖੀ ਆਚਰਣ ਦਾ ਵਿਕਾਸ ਕਰਨ ਵਾਲੀਆਂ ਮਾਨਵਵਾਦੀ ਕੀਮਤਾਂ ਨੂੰ ਅਪਨਾਉਣ ਲਈ ਕਿਹਾ। ਇਸ ਪ੍ਰਸੰਗ ਵਿਚ ਡਾ. ਵਜ਼ੀਰ ਸਿੰਘ ਆਪਣੀ ਪੁਸਤਕ 'ਨੈਤਿਕ-ਨਿਯਮ' ਵਿਚ ਇਸ ਤਰ੍ਹਾਂ ਲਿਖਦੇ ਹਨ।

> ਮਨੁੱਖੀ ਚਰਿਤਰ ਅਤੇ ਆਚਰਨ ਵਿਚਲੀ ਸਚਾਈ, ਜੋ ਸਦਾਚਾਰਕ ਗੁਣ ਦਾ ਰੂਪ ਧਾਰਦੀ ਹੈ, ਆਦਰ ਅਤੇ ਪ੍ਰਸ਼ੰਸਾ ਦੀ ਪਾਤਰ ਹੈ। ਮਨੁੱਖ ਦਾ ਨਿੱਜੀ ਸੁਹਜ ਅਤੇ ਸਿਦਕ, ਉਸਦੀ ਸੇਵਾ ਤੇ ਸੰਤੋਖ ਦੀ ਭਾਵਨਾ, ਉਸਦੀ ਵਿਸ਼ਾਲਤਾ ਅਤੇ ਮਾਨਵਵਾਦੀ ਬਿਰਤੀ, ਸਭ ਮਨੁੱਖੀ ਸਦਗੁਣਾਂ ਦੇ ਲਖਾਇਕ ਹਨ। ਕੋਈ ਗੁਣਵਾਨ

ਭਾਈਚਾਰਾ ਮਨੁੱਖਤਾ ਦੀਆਂ ਨੈਤਿਕ ਕਦਰਾਂ-ਕੀਮਤਾਂ
ਅਤੇ ਲੋਕ-ਭਲਾਈ ਦੇ ਆਦਰਸ਼ਾਂ ਬਾਰੇ ਬੇਧਿਆਨ ਅਤੇ
ਬੇਵਾਸਤਾ ਰਹਿਣ ਦਾ ਹੀਆ ਨਹੀਂ ਕਰ ਸਕਦਾ।[1]

ਧਰਮ ਦੇ ਨਾਂ ਤੇ ਜੋ ਜੋ ਪੁਰਸ਼ਾਂ ਤੇ ਕੌਮਾਂ ਨੇ ਜ਼ੁਲਮ ਕੀਤੇ ਹਨ, ਉਹਨਾਂ ਨਾਲ ਇਤਿਹਾਸ ਦੇ ਪੰਨਿਆਂ ਪੰਨੇ ਕਾਲੇ ਹੋਏ ਪਏ ਹਨ ਜਿਨ੍ਹਾਂ ਨੂੰ ਖੂਨ ਨਾਲ ਰੰਗੇ ਪਏ ਹੋ ਜਾਂਦੇ ਹਨ। ਉਪਰੋਕਤ ਵਿਚਾਰ ਕੀਤਿਆਂ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਹ ਸਭ ਕੁਝ ਗਲਤ ਸੀ। ਧਰਮ ਦੇ ਨਾਂ ਤੇ ਜਿਹੜੀਆਂ ਕੌਮਾਂ ਨੇ, ਮਨੁੱਖਾਂ ਨੇ ਮਨੁੱਖਾਂ ਤੇ ਜ਼ੁਲਮ ਕੀਤੇ ਹਨ ਉਹ ਸਰਾਸਰ ਅਗਿਆਨੀ ਲੋਕ ਸਨ। ਉਹਨਾਂ ਨੇ ਅਜਿਹਾ ਕਰਕੇ ਪਰਮਾਤਮਾ ਨੂੰ ਰਾਜ਼ੀ ਨਹੀਂ ਕੀਤਾ ਬਲਕਿ ਨਰਾਜ਼ ਕੀਤਾ। ਮਨੁੱਖ ਦਾ ਧਰਮ ਤਾਂ ਇਹੋ ਜਿਹਾ ਹੋਵੇ ਜਿਸ ਤੋਂ ਉਸਨੂੰ ਆਪ ਨੂੰ ਸੁਖ ਮਿਲੇ ਅਤੇ ਦੂਸਰਿਆਂ ਨੂੰ ਵੀ ਸੁਖ ਮਿਲੇ। ਧਰਮ ਮਾਨਵ-ਜਾਤੀ ਦੀ ਸਮਾਜ ਸ਼੍ਰਿੰਖਲਾ ਨੂੰ ਅਟੁੱਟ ਰੱਖਣ ਵਾਲਾ ਪ੍ਰਬਲ-ਆਧਾਰ ਹੈ। ਉਹੀ ਧਰਮ ਮਾਨਵਵਾਦੀ ਹੈ ਜਿਸਦੇ ਗ੍ਰਹਿਣ ਕੀਤਿਆਂ ਮਨੁੱਖਾ ਜੀਵਨ ਸੁਖੀ ਹੋਵੇ ਅਰਥਾਤ ਮਨੁੱਖ ਨੂੰ ਸੁਖ, ਆਨੰਦ ਦੀ ਅਨੁਭੂਤੀ ਹੋਵੇ। ਗੁਰੂ ਨਾਨਕ ਦੇ ਧਰਮ ਦਾ ਮੂਲ ਆਧਾਰ ਮਾਨਵਵਾਦ ਹੈ। ਪ੍ਰਾਣੀ-ਮਾਤਰ ਨੂੰ ਹਰ ਤਰ੍ਹਾਂ ਸੁਖ ਪਹੁੰਚਾਉਣਾ ਇਸਦਾ ਮੋਹਰੀ-ਅੰਗ ਹੈ। ਇਸ ਸੰਦਰਭ ਵਿਚ ਡਾ. ਤਾਰਨ ਸਿੰਘ ਬੇਦੀ ਦੇ ਵਿਚਾਰ ਵਰਨਣਯੋਗ ਹਨ: "ਗੁਰੂ ਨਾਨਕ ਦੇਵ ਜੀ ਦੇ ਧਰਮ ਦੀ ਹੋਰ ਵਿਸ਼ੇਸ਼ਤਾ ਇਹ ਹੈ ਕਿ ਆਪ ਜੀ ਨੇ ਜਨਤਾ ਦੀ ਨਿਰਾਸ਼ਾ ਨੂੰ ਦੂਰ ਕਰ ਆਨੰਦ ਰਹਿਣ ਦਾ ਸਫਲ ਯਤਨ ਕੀਤਾ। ਤਿਆਗਵਾਦ ਨੂੰ ਖਤਮ ਕਰਕੇ ਗ੍ਰਹਿਸਥੀ ਜੀਵਨ ਨੂੰ ਤਰਜੀਹ ਦਿੱਤੀ। ਸਵੈ-ਮਾਣ ਅਤੇ ਵਿਸ਼ਵਾਸ ਅਤੇ ਪ੍ਰੇਮ ਦੀ ਭਾਵਨਾ ਨੂੰ ਜਗਾਇਆ।।"[2]

ਨਾਥ, ਜੋਗੀ ਆਦਿ ਦੁਨੀਆਂ ਦੇ ਲੋਕਾਂ ਨੂੰ ਰੱਬ ਦੀ ਪ੍ਰਾਪਤੀ ਲਈ ਗ੍ਰਹਿਸਤ ਤਿਆਗ ਦਾ ਉਪਦੇਸ਼ ਦਿੰਦੇ ਪਰ ਗੁਰੂ ਨਾਨਕ ਨੇ ਲੋਕਾਂ ਨੂੰ ਕਿਹਾ ਕਿ ਗ੍ਰਹਿਸਤ ਵਿਚ ਰਹਿ ਕੇ ਨੀਅਤ ਸਾਫ਼ ਰੱਖਣ ਨਾਲ ਤੇ ਸੱਚੇ ਵਪਾਰ ਕਰਦੇ, ਦਸਾਂ ਨਹੁੰਆਂ ਦੀ ਕਿਰਤ ਕਰਕੇ ਮਾਇਆ ਵਿਚ ਨਿਰਲੇਪ ਰਹਿ ਕੇ ਪਰਮਾਤਮਾ ਦੀ ਸੌਖੀ ਤਰ੍ਹਾਂ ਪ੍ਰਾਪਤੀ

1. ਡਾ. ਵਜ਼ੀਰ ਸਿੰਘ, ਨੈਤਿਕ-ਨਿਯਮ, ਪੰਨਾ-81

2. ਡਾ. ਤਾਰਨ ਸਿੰਘ ਬੇਦੀ, ਗੁਰੂ ਨਾਨਕ ਦਰਸ਼ਨ, ਪੰਨਾ-110

ਹੋ ਸਕਦੀ ਹੈ। ਉਹ ਭਗੌੜੇ ਹਨ ਜਿਹੜੇ ਦੁਨੀਆਂ ਦੇ ਦੁੱਖਾਂ ਤੋਂ ਛੁਟਕਾਰਾ ਪਾਉਣ ਦੀ ਖ਼ਾਤਰ ਨਸਦੇ ਹਨ ਤੇ ਇਸ ਤਰ੍ਹਾਂ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਵੀ ਪ੍ਰਾਪਤ ਨਹੀਂ ਹੁੰਦੀ। ਗੁਰੂ ਨਾਨਕ ਦਾ ਧਰਮ ਇਸ ਦੁਨੀਆਂ ਦੇ ਲੋਕਾਂ ਦੇ ਦੁੱਖਾਂ ਸੁੱਖਾਂ ਨਾਲ ਸੰਬੰਧਿਤ ਹੈ। ਗੁਰੂ ਨਾਨਕ ਦਾ ਮਾਨਵਵਾਦੀ ਧਰਮ ਮਨੁੱਖੀ ਜੀਵਨ ਦੀਆਂ ਸਮੱਸਿਆਵਾਂ ਪ੍ਰਤੀ ਭਾਂਜਵਾਦੀ ਦ੍ਰਿਸ਼ਟੀਕੋਣ ਨਹੀਂ ਅਪਣਾਉਂਦਾ ਬਲਕਿ ਇਹਨਾਂ ਦਾ ਹੱਲ ਲੋਚਦਾ ਹੈ।[1]

ਮਨੁੱਖ ਨੇ ਨਿੱਜੀ-ਕਲਿਆਣ ਤੋਂ ਸਰਬ-ਸਾਂਝੇ ਕਲਿਆਣ ਵਲ ਵਿਕਾਸ ਕਰਦੇ ਕਿਵੇਂ ਮਾਨਵਵਾਦੀ ਕੀਮਤਾਂ ਨੂੰ ਕਾਇਮ ਰੱਖਣਾ ਹੈ? ਇਸ ਪ੍ਰਸੰਗ ਵਿਚ ਡਾ. ਵਜ਼ੀਰ ਸਿੰਘ ~~ਡਾ. ਵਜ਼ੀਰ ਸਿੰਘ~~ ਇਸ ਤਰ੍ਹਾਂ ਲਿਖਦੇ ਹਨ:

> ਸਿੱਖ ਧਰਮ ਦੀ ਨੈਤਿਕਤਾ ਵਿਚ ਕੁਲ ਅਧਿਆਤਮਿਕ ਸਿੱਖਿਆ ਅਤੇ ਕੀਮਤਾਂ ਦੀ ਵਿਚਾਰ ਮਨੁੱਖ ਦੇ ਕਲਿਆਣ ਹਿੱਤ ਹੈ। ਵਿਅਕਤੀਗਤ ਰੂਪ ਵਿਚ, ਮਨੁੱਖ ਦਾ ਸਦਾਚਾਰਕ ਵਿਕਾਸ "ਸਚਿਆਰਾ" ਦੇ ਆਦਰਸ਼ ਵੱਲ ਪ੍ਰੇਰਦੀ ਹੈ, ਇਹ ਉਸਦੇ ਵਿਸ਼ਵਾਸ-ਪ੍ਰਬੰਧ ਅਤੇ ਆਚਰਨ ਵਿਚ ਸੱਚ ਦੀਆਂ ਬੁਨਿਆਦੀ ਕੀਮਤਾਂ ਦੀ ਕਮਾਂਦੀ ਹੈ। ਸਮਾਜਿਕ ਪੱਖ ਤੋਂ, ਇਹ ਨੈਤਿਕਤਾ ਮਾਨਸ ਦੀ ਇਕ ਜਾਤ ਅਤੇ ਸਾਂਝੀਵਾਲ ਮਨੁੱਖੀ ਭਾਈਚਾਰੇ ਦਾ ਸੁਨੇਹਾ ਦੇਂਦੀ ਹੈ। "ਸਰਬਤ ਦੇ ਭਲੇ" ਦਾ ਸਮਾਜਿਕ ਆਦਰਸ਼ ਸਿੱਖ-ਮਤ ਦੀ ਮਾਨਵਵਾਦੀ ਭਾਵਨਾ ਦਾ ਪ੍ਰਤੀਕ ਹੈ। ਸਮੁੱਚੇ ਰੂਪ ਵਿਚ, ਸਿੱਖ-ਨੈਤਿਕਤਾ ਕੇਵਲ,

---

1. 'His religion was not isolated in a cold spirituality He showed that religion properly belongs to this world, to the life of man caught up in the daily problems of this earth.

   ('The secular Religion of Guru Nanak By Johan B. Chelhu, A paper read at the Supernational Seminar on Guru Nanak's life and teaching Panjabi University, Patiala.)

> ਈਸ਼੍ਵਰਵਾਦ ਉਤੇ ਆਧਾਰਿਤ ਹੈ ਅਤੇ ਵਿਸ਼ੇਸ਼ ਆਤਮਿਕ ਅਨੁਭਵ ਦਾ ਸਾਧਨ ਹੈ, ਪਰ ਇਸਦੀ ਸਦਗੁਣ-ਸੂਚੀ ਅਤੇ ਸਦਾਚਾਰਕ ਜੀਵਨ-ਜਾਚ ਵਿਚ, ਨਿਰੋਲ ਨੈਤਿਕ ਦ੍ਰਿਸ਼ਟੀਕੋਣ ਤੋਂ, ਮਨੁੱਖ ਦੇ ਨਿੱਜੀ ਤੇ ਸਰਬ-ਸਾਂਝੇ ਕਲਿਆਣ ਦੀ ਸਮਰੱਥਾ ਮੌਜੂਦ ਹੈ।[1]

ਗੁਰੂ ਨਾਨਕ ਨੇ ਮਾਇਆ ਵਿਚ ਨਿਰਲੇਪ ਰਹਿ ਕੇ "ਜੈਸੇ ਜਲ ਮਹਿ ਕਮਲ ਨਿਰਾਲਮ" ਦਾ ਉਪਦੇਸ਼ ਦੇ ਕੇ ਮਨੁੱਖ ਨੂੰ ਮਨੁੱਖ ਦੇ ਕੰਮ ਆਉਣ ਲਈ ਕਿਹਾ। ਗੁਰੂ ਨਾਨਕ ਨੇ ਲੋਕਾਂ ਨੂੰ ਦੱਸਿਆ ਕਿ: ਮਨੁੱਖ ਦਾ ਸਭ ਤੋਂ ਵੱਡਾ ਧਰਮ ਕਿਸੇ ਦੂਜੇ ਮਨੁੱਖ ਦੇ ਦੁੱਖ ਨੂੰ ਦੂਰ ਕਰਨਾ ਹੈ, ਭਾਵੇਂ ਉਹ ਕਿਸੇ ਜਾਤੀ ਦਾ ਹੋਵੇ। ਉਹਨਾਂ ਨੇ ਉਚ-ਨੀਚ ਦਾ ਸਵਾਲ ਖਤਮ ਕਰ ਦਿੱਤਾ ਅਤੇ ਇਸ ਤਰ੍ਹਾਂ ਮਾਨਵਵਾਦੀ ਰਾਹਾਂ ਦੀ ਸੋਧ ਦਰਸਾਈ। ਪ੍ਰੋ. ਕਿਸ਼ਨ ਸਿੰਘ ਲਿਖਦੇ ਹਨ ਕਿ: "ਗੁਰਬਾਣੀ ਅਨੁਸਾਰ ਬਦੀ ਦਾ ਮਸਲਾ ਸਮਾਜਿਕ ਤੇ ਮਨੁੱਖੀ ਮਸਲਾ ਹੈ। ਇਸਦਾ ਹੱਲ ਵੀ ਸਮਾਜਿਕ ਤੇ ਮਨੁੱਖੀ ਅਮਲ ਨਾਲ ਹੀ ਹੋ ਸਕਦਾ ਹੈ ਅਤੇ ਹੋਵੇਗਾ।"[2] ਸੋ ਨਾਨਕ-ਬਾਣੀ, ਮਾਨਵ ਸਮਾਜ ਦੇ ਦੁੱਖ ਬਾਰੇ ਚਿੰਤਨ ਕਰਦੀ ਹੈ, ਇਹ-ਲੋਕ ਨੂੰ ਸੁਧਾਰਨ ਲਈ ਕਰੀਹੀਨ ਰਹਿੰਦੀ ਹੈ। ਇਹ-ਲੋਕ ਨੂੰ ਸੁਖੀ ਬਣਾਉਣਾ, ਦੁੱਖ ਨੂੰ ਤਿਆਗ ਕੇ ਸੁੱਖ ਅਪਨਾਉਣਾ ਨਾਨਕ-ਬਾਣੀ ਦਾ ਮਹੱਤਵਪੂਰਨ ਪਹਿਲੂ ਹੈ।

ਗੁਰੂ ਸਾਹਿਬ ਨੇ ਸਮੁੱਚੀ, ਅਖਿਲ ਮਾਨਵਤਾ ਨੂੰ ਸੌਖੇ-ਸੂਖੇ ਇਨਕਲਾਬੀ ਵਿਚਾਰ ਦਿੱਤੇ। ਗੁਰੂ ਨਾਨਕ ਦੀ ( ਮਾਨਵਵਾਦੀ) ਸਮਾਜ ਉਸਾਰੀ ਵਿਧੀ ਬਾਰੇ ਡਾ. ਹਰਿਭਜਨ ਸਿੰਘ ਨੇ ਕਿਹਾ ਹੈ:

> ਇਸ ਕਾਵਿ ਸੰਸਾਰ ਦੀ ਮਨੁੱਖ-ਦੋਸਤੀ ਇਸ ਗੱਲ ਵਿਚ ਨਹੀਂ ਕਿ ਉਸਨੇ ਕਿਤੇ ਨੀਵਿਆਂ ਜਾਤਾਂ, ਕਿਤੇ ਇਸਤ੍ਰੀ ਦੇ ਹੱਕ ਵਿਚ ਕੁਝ ਤੁਕਾਂ ਕਹੀਆਂ ਹਨ। ਜ਼ਾਲਮ ਰਾਜਿਆਂ ਰਿਸ਼ਵਤੀ ਕਾਜ਼ੀਆਂ ਅਤੇ ਪਾਖੰਡੀ ਪੰਡਿਤਾਂ ਦੀ ਕੁਰਤ

---

1. ਡਾ. ਵਜ਼ੀਰ ਸਿੰਘ, ਨੈਤਿਕ -ਨਿਯਮ, ਪੰਨਾ-129-30
2. ਪ੍ਰੋ. ਕਿਸ਼ਨ ਸਿੰਘ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਪੰਨਾ 30

ਸਵਾਰਨ ਤਕ ਹੀ ਕਵੀ ਨਾਨਕ ਦੀ ਪ੍ਰਗਟੀਕ੍ਰੀਨਤਾ ਸੀਮਿਤ ਨਹੀਂ। ਪੰਗਤੀ-ਵਿਆਖਿਆ ਦਾ ਇਹ ਤਰੀਕਾ ਬਹੁਤ ਸਥੂਲ ਹੈ ਅਤੇ ਅਧੂਰਾ ਵੀ। ਨਾਨਕ-ਬਾਣੀ ਦਾ ਸ੍ਰੋਤ-ਪ੍ਰਭਾਵ ਉਸ ਸਮੁੱਚ ਕਾਰਣ ਹੈ, ਜਿਸ ਵਿਚ ਵਿਰੋਧੀ ਤੱਤਾਂ ਨੂੰ ਇਕ ਸਮਤੋਲ ਵਿਚ ਲਟਕਾ ਦਿੱਤਾ ਗਿਆ ਹੈ। ਚਿੱਤ-ਸ਼ਾਂਤੀ ਦੇ ਦੋ ਤਰੀਕੇ ਹਨ: ਇਕ ਪ੍ਰਮਾਣਿਕਤ ਦਾ, ਦੂਸਰਾ ਸਮੂਹੀਕਤ ਦਾ। ਪਹਿਲਾ ਤਰੀਕਾ ਜ਼ਿੰਦਗੀ ਨੂੰ ਸੰਜੋਂਦਦਾ ਹੈ ਤੇ ਦੂਸਰਾ ਉਸਨੂੰ ਵਿਸਤਾਰਦਾ ਹੈ। ਜੋਗ ਅਤੇ ਕਾਵਿ ਦੀ ਇਸ ਵਿਧੀ ਨਾਲ ਪਵਿੱਤਰ( ਉਦਾਤ) ਅਤੇ ਸੁੰਦਰ ਦਾ ਜਨਮ ਹੁੰਦਾ ਹੈ:[1]

'But there are always two methods of securing harmony: one is to unify all the given elements, and other is to reject and expunge all the elements that refuse to be unified. Unity by inclusion gives us the beautiful, unity by exclusion, opposition and isolation gives us the sublime. Both are pleasure; but the pleasure of one is warm, passive and pervasive; that of the other cold, imperious and keen. The one identifies us with the world, the other rasises us about it.'

(Santayna: The sense of Beauty)

ਸਾਡਾ ਕਵੀ( ਗੁਰੂ ਨਾਨਕ) ਜਿਨ੍ਹਾਂ ਨੂੰ ਪਸੰਦ ਨਹੀਂ ਕਰਦਾ ਉਨ੍ਹਾਂ ਨੂੰ ਵੀ ਆਪਣੇ ਸੰਸਾਰ ਵਿਚ ਸ਼ਾਮਲ ਹੋਣ ਦੀ ਦਾਅਵਤ ਦੇਂਦਾ ਹੈ। ਅਜਿਹਾ ਕਾਵਿ ਜ਼ਿੰਦਗੀ ਦੇ ਕਿਸੇ ਇਕ ਪੱਖ ਲਈ ਉਲਾਰ ਰੁਚੀ ਪੈਦਾ ਨਹੀਂ ਕਰਦਾ, ਸਮੁੱਚੀ ਤੇ ਸੰਪੂਰਨ ਜ਼ਿੰਦਗੀ ਲਈ ਸਨੇਹ ਉਪਜਾਉਂਦਾ ਹੈ।[2]

---

1. ਡਾ. ਹਰਿਭਜਨ ਸਿੰਘ, ਅਧਿਐਨ ਤੇ ਅਧਿਆਪਨ, 1970, ਪੰਨਾ-30
2. - ਉਹੀ - ਪੰਨਾ-32

ਉਪਰੋਕਤ ਇਹਨੀ ਸਰਬ-ਵਿਆਪਕਤਾ ਮਾਨਵਵਾਦੀ ਦਾਰਸ਼ਨਿਕ ਪ੍ਰਣਾਲੀ ਦਾ ਮਹਤਵਪੂਰਨ ਅੰਗ ਹੈ। ਇਹ ਗੱਲਾਂ ਭਾਵੇਂ ਅੱਜ ਸਾਧਾਰਨ ਲੱਗਣ ਪਰ ਉਸ ਸਮੇਂ ਵਰਣ ਆਸ਼੍ਰਮ, ਧਰਮ-ਸਿਧਾਂਤਾਂ, ਸ਼ਾਸਤਰਾਂ ਦੀਆਂ ਰਸੂ-ਰੀਤਾਂ ਅਤੇ ਵੇਲੇ ਦੇ ਹਾਕਮਾਂ ਦੇ ਵਿਰੁੱਧ ਬੋਲਣਾ, ਗਲਤ ਕੀਮਤਾਂ ਨੂੰ ਤੋੜਣਾ, ਫੋਕੀਆਂ ਰਸਮਾਂ ਨੂੰ ਤੋੜਨਾ ਅਤੇ ਅਮਲ ਤੇ ਜ਼ੋਰ ਦੇਣਾ ਆਪਣੇ ਆਪ ਵਿਚ ਇਨਕਲਾਬੀ ਕਦਮ ਸਨ। ਇਸ ਪ੍ਰਕਾਰ ਗੁਰੂ ਨਾਨਕ ਬਾਣੀ ਵਿਚ 'ਗੁਰਮੁਖ' ਰੂਪੀ ਇਕ ਆਦਰਸ਼ ਮਾਨਵ ਦਾ ਉਦੈ ਹੁੰਦਾ ਹੈ ਜੋ ਆਤਮ-ਕੇਂਦ੍ਰਤ ਚੇਤਨਾ ਦੇ ਸੀਮਿਤ ਘੇਰੇ ਵਿਚੋਂ ਨਿਕਲ ਕੇ ਵਿਰਾਟ ਬ੍ਰਹਿਮੰਡੀ-ਚੇਤਨਾ ਦੀ ਪ੍ਰਾਪਤੀ ਕਰ ਲੈਂਦਾ ਹੈ। ਤੰਗ, ਸੀਮਿਤ, ਦਾਇਰੇ ਵਿਚੋਂ ਨਿਕਲ ਕੇ ਮਾਨਵ ਹੋਂਦ ਦਾ ਪਰਿਸ਼ਕਾਰ ( sublimation ) ਕਰਨਾ ਹੈ। ਪ੍ਰੋ. ਕਿਸ਼ਨ ਸਿੰਘ ਅਨੁਸਾਰ: 'ਸਮਾਜ ਅਤੇ ਮਨੁੱਖ ਵਿਚ ਪ੍ਰਧਾਨ ਹੋਏ ਕੂੜ ਨੂੰ ਖਤਮ ਕਰਕੇ, ਵਿਚੋਂ ਅਲੋਪ ਹੋਈ ਇਨਸਾਨੀਅਤ ਨੂੰ ਮੁੜ ਬਹਾਲ ਕਰਨ ਵਾਸਤੇ ਨਵੇਂ ਕਿਸਮ ਦੇ ਮਨੁੱਖ ਤੇ ਨਵੇਂ ਕਿਸਮ ਦੇ ਸਮਾਜ ਉਸਾਰਨ ਲਈ ਜ਼ਿੰਦਗੀ ਦੇ ਚਲਦੇ ਸਾਰੇ ਸੋਮੇ ਨੂੰ ਮੋੜ ਤੋੜ ਕੇ ਨਵਿਉਂ ਸਿਰਿਉਂ ਸਾਜਣ ਦਾ ਸਵਾਲ ਹੈ। ਬਾਣੀ ਉਠਾਇਆ ਹੋਇਆ ਇਹ ਬੀੜਾ ਹੈ। ਵਿਢਿਆ ਹੋਇਆ ਇਨਕਲਾਬ ਹੈ।[1]

ਧਰਮ ਦੀ ਮੂਲ-ਆਤਮਾ 'ਮਾਨਵਵਾਦ' ਨੂੰ ਨਹੀਂ ਸਮਝਿਆ ਜਾਂਦਾ ਸੀ। ਗੁਰੂ ਨਾਨਕ-ਬਾਣੀ ਵਿਚ ਉਸ ਸਮੇਂ ਆਲੇ-ਦੁਆਲੇ ਪਸਰੇ ਹੋਏ ਯਥਾਰਥ ਦਾ ਵਰਨਣ ਕੀਤਾ ਗਿਆ ਹੈ। ਇਕ ਪਾਰਦਰਸ਼ੀ ਅੱਖ ਹੀ ਇਸਨੂੰ ਚੀਰ ਕੇ ਆਪਣੇ ਸਮਾਜੀ ਯਥਾਰਥ ਦਾ ਦਰਦ ਸਮਝ ਸਕਦੀ ਹੈ ਅਤੇ ਮਾਨਵੀ ਕੀਮਤਾਂ ਦੀ ਸੋਝੀ ਕਰਵਾ ਸਕਦੀ ਹੈ। ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਪ੍ਰਚਲਿਤ ਕੀਮਤਾਂ ਦਾ ਵਰਨਣ ਕਰਦੇ ਹੋਏ ਨਾਲ ਨਾਲ ਉਸਾਰੂ ਕੀਮਤਾਂ ਦੀ ਸੋਝੀ ਵੀ ਕਰਵਾਈ ਹੈ। ਡਾ. ਕੁਲਬੀਰ ਸਿੰਘ ਕਾਂਗ ਦੇ ਵਿਚਾਰ ਇਥੇ ਵਰਨਣਯੋਗ ਹਨ: 'ਗੁਰੂ ਸਾਹਿਬ ਦਾ ਮੰਤ ਮਾਰਗ ਕੇਵਲ ਅਧਿਆਤਮਵਾਦ ਤਕ ਨਹੀਂ ਸੀ ਰੁਕਦਾ ਸਗੋਂ ਉਨ੍ਹਾਂ ਨੇ ਅਧਿਆਤਮਵਾਦ ਪਦਾਰਥਵਾਦ ਤੇ ਰਾਜਸੀ ਚੇਤਨਾ ਦਾ ਸੰਗਮ ਕੀਤਾ।"[2] ਗੁਰੂ ਨਾਨਕ ਦੀ ਵਿਚਾਰਧਾਰਾ

---

1. ਪ੍ਰੋ. ਕਿਸ਼ਨ ਸਿੰਘ, ਸਿੱਖ ਇਨਕਲਾਬ ਦਾ ਮੋਢੀ ਗੁਰੂ ਨਾਨਕ, ਪੰਨਾ 238
2. ਡਾ. ਕੁਲਬੀਰ ਸਿੰਘ ਕਾਂਗ, ਮਹਾਂ ਕਵੀ ਗੁਰੂ ਨਾਨਕ, ਪੰਨਾ-83

ਗੁਰੂ ਨਾਨਕ ਦੀ ਵਿਚਾਰਧਾਰਾ ਅਧਿਆਤਮਕ ਚਿੰਤਨ ਨੂੰ ਨਾਲ ਲੈਂਦੀ ਹੋਈ ਆਪਣੇ ਯੁੱਗ ਦੀ ਕ੍ਰਾਂਤੀਕਾਰੀ ਆਵਾਜ਼ ਸੀ ਤੇ ਉਹਨਾਂ ਨੂੰ ਕੇਵਲ ਆਦਰਸ਼ਵਾਦੀ ਤੇ ਮਾਨਵਵਾਦੀ ਕਹਿ ਕੇ ਸੰਸਾਰ ਦੀ ਕ੍ਰਾਂਤੀਕਾਰੀ ਧਾਰਾ ਤੋਂ ਅਲਗ ਕਰਨਾ ਗਲਤ ਹੈ।[1] ਇਸ ਤਰ੍ਹਾਂ ਗੁਰੂ ਨਾਨਕ ਨੂੰ ਕ੍ਰਾਂਤੀਕਾਰੀ ਮੰਨ ਕੇ ਹੀ ਉਹਨਾਂ ਦੀ ਇਨਕਲਾਬੀ ਰੂਹ ਨੂੰ ਸਮਝਿਆ ਜਾ ਸਕਦਾ ਹੈ ਅਤੇ ਇਸੇ ਵਿਚਾਰ ਤੇ ਉਹਨਾਂ ਨੂੰ ਅਸਲੀ, ਵਿਹਾਰਕ ਮਾਨਵਵਾਦੀ ਕਿਹਾ ਜਾ ਸਕਦਾ ਹੈ। ਗੁਰੂ ਨਾਨਕ ਨੇ ਮਾਨਵਵਾਦ ਦੇ ਮਹੱਤਵਪੂਰਨ ਅੰਗ: ਧਾਰਮਿਕ ਸਹਿਣਸ਼ੀਲਤਾ, ਤੇ ਲੋਕਾਂ ਨੂੰ ਜਾਗ੍ਰਿਤ ਕਰਵਾਇਆ ਅਤੇ ਮਾਨਵਵਾਦੀ ਸਿਧਾਂਤ ਦੇ ਪ੍ਰਭਾਵ ਨੂੰ ਹੋਰ ਗੂੜ੍ਹੇਰਾ ਕੀਤਾ ਅਤੇ ਇਹਨਾਂ ਆਧਾਰਾਂ ਤੇ ਲੋਕਾਂ ਨੂੰ ਨਵੇਂ, ਸਵਤੰਤਰ ਰਾਹਾਂ ਤੇ ਤੋਰਿਆ।

ਆਧੁਨਿਕ ਕਾਲ ਦੀਆਂ ਲੋਕ ਨੀਤੀਆਂ ਦੀ ਨਾਨਕ-ਬਾਣੀ ਦਾ ਮਹੱਤਵ ਸੰਦੇਹ-ਮੁਕਤ ਹੈ। ਨਾਨਕ-ਬਾਣੀ ਅਨੁਸਾਰ ਸਭ ਧਰਮਾਂ ਦਾ ਸਤਿਕਾਰ ਕਰਨਾ ਹੈ। ਧਰਮ ਨਿਰਪੇਖਤਾ ਦਾ ਸਿਧਾਂਤ ਗ੍ਰਹਿਣ ਕਰਨਾ ਹੈ। ਜਿਸਦਾ ਅਰਥ ਧਾਰਮਿਕ ਸਹਿਣਸ਼ੀਲਤਾ ਹੈ, ਉਨ੍ਹਾਂ ਵਿਅਕਤੀਆਂ ਨੂੰ ਸਮਾਜ ਦਾ ਅੰਗ ਜਿਹੜੇ ਤੁਹਾਡੇ ਤੋਂ ਵੱਖ ਅਕੀਦੇ ਵਿਚ ਵਿਸ਼ਵਾਸ ਰੱਖਦੇ ਹਨ। ਗੁਰੂ ਨਾਨਕ ਧਾਰਮਿਕ, ਸੁਤੰਤਰਤਾ ਦੇ ਸਮਰਥਕ ਸਨ, ਉਹਨਾਂ ਨੇ ਕਿਸੇ ਨੂੰ ਧਰਮ ਬਦਲਣ ਲਈ ਨਹੀਂ ਕਿਹਾ। ਸਾਰੇ ਧਰਮ ਸੱਚ ਤੇ ਜ਼ੋਰ ਦਿੰਦੇ ਹਨ। ਸੱਚ, ਮਾਨਵਵਾਦ ਸਾਰੇ ਧਰਮਾਂ ਦਾ ਕੇਂਦਰ-ਬਿੰਦੂ ਹੈ। ਇਸਲਈ ਧਰਮ ਤਾਂ ਕੇਵਲ ਈਸ਼ਵਰ ਦੀ ਪ੍ਰਾਪਤੀ ਵੱਲ ਪਹੁੰਚਣ ਲਈ ਵੱਖ ਵੱਖ ਰਸਤੇ ਹਨ। ਇਸ ਤਰ੍ਹਾਂ ਗੁਰੂ ਨਾਨਕ ਦੇ, ਉਦਾਰਵਾਦੀ ਮਾਨਵਵਾਦੀ, ਨਿਰਪੇਖਵਾਦੀ, ਧਾਰਮਿਕ - ਸਹਿਣਸ਼ੀਲਤਾ ਦੇ ਸਿਧਾਂਤ, ਲੋਕਾਂ ਲਈ ਸਹਿਯੋਗਤਾ ਦੇ ਮਾਰਗ ਤੇ ਤੁਰਨ ਲਈ ਪ੍ਰੇਰਨਾ-ਸਰੋਤ ਬਣੇ।

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਨੇ ਉਸ ਸਮੇਂ ਧਾਰਮਿਕ ਖੇਤਰ ਵਿਚ ਆ ਚੁੱਕੇ ਪਤਨ ਦੀ ਨਿਖੇਧੀ ਕੀਤੀ ਅਤੇ ਮਨੁੱਖ ਨੂੰ ਨਵੇਂ ਮਾਨਵਵਾਦੀ ਰਾਹਾਂ ਦੀ ਸੋਝੀ ਕਰਵਾਈ। ਊਚ-ਨੀਚ, ਸਾਦਾ, ਜੀਵਨ-ਜਾਚ ਅਪਣਾਉਣ ਲਈ ਕਿਹਾ ਜੋ ਅੱਜ ਵੀ ਸਾਰਥਕ ਹੈ, ਸਰਬ ਸਮਿਆਂ ਲਈ ਸਾਰਥਕ

---

1. ਡਾ. ਕੁਲਬੀਰ ਸਿੰਘ ਕਾਂਗ, ਮਹਾਂ ਕਵੀ ਗੁਰੂ ਨਾਨਕ, ਪੰਨਾ 86

ਹੈ। ਅਜਿਹੀ ਨਿਮਰਤਾ, ਏਕਤਾ, ਪਿਆਰ, ਸੇਵਾ, ਕੁਰਬਾਨੀ ਵਾਲੀ ਜੀਵਨ-ਜਾਚ ਅਪਣਾਇਆਂ ਹੀ ਮਨੁੱਖੀ-ਭਾਈਚਾਰੇ ਦਾ ਭਲਾ ਹੋ ਸਕੇਗਾ। ਵਿਅਕਤੀਗਤ ਮੁਕਤੀ ਕਾਇਆ-ਕਲਪ ਹੀ ਸਮਾਜਕ ਕਾਇਆ-ਕਲਪ ਕਰ ਸਕੇਗੀ। ਗੁਰੂ ਨਾਨਕ ਦਾ ਮਾਨਵਵਾਦੀ ਦ੍ਰਿਸ਼ਟੀਕੋਣ ਮਨੁੱਖ ਨੂੰ ਹੈਵਾਨੀਅਤ ਤੋਂ ਇਨਸਾਨੀਅਤ ਦੇ ਮਾਰਗ ਉਪਰ ਲਿਆਉਂਦਾ ਹੈ। ਇਸ ਮਾਰਗ ਉਪਰ ਚਲ ਕੇ ਹੀ 'ਏਕ ਪਿਤਾ ਏਕਸ ਕੇ ਹਮ ਬਾਰਿਕ' ਅਰਥਾਤ 'Fatherhood of God And Brotherhood of Man,' ਦੇ ਮਾਨਵਵਾਦੀ ਸਿਧਾਂਤ ਨੂੰ ਅਮਲੀ ਤੌਰ ਤੇ ਪਹਿਚਾਣਿਆ ਜਾ ਸਕੇਗਾ।

****

## ਸਮਾਜਿਕ ਸੰਦਰਭ

ਗਲੀ ਅਸੀਂ ਚੰਗੀਆਂ, ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ, ਬਾਹਰਿ ਚਿਟਵੀਆਹ ॥
ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥

( ਮਹਲਾ ੧)

## (ੳ) ਗੁਰੂ ਨਾਨਕ ਦੇ ਸਮੇਂ ਦੀ ਸਮਾਜਿਕ ਸਥਿਤੀ:

ਗੁਰੂ ਨਾਨਕ ਦੇ ਯੁੱਗ ਦਾ ਭਾਰਤੀ ਸਮਾਜ ਧਾਰਮਿਕ ਅਕੀਦਿਆਂ ਦੇ ਆਧਾਰ ਤੇ ਅਨੇਕ ਜਾਤੀਆਂ ਅਤੇ ਉਪ-ਜਾਤੀਆਂ ਵਿਚ ਵੰਡਿਆ ਹੋਇਆ ਸੀ। ਜਿਹੜੇ ਵਿਅਕਤੀ ਜਾਂ ਵਰਗ ਰਾਜਨੀਤਿਕ ਸ਼ਕਤੀ ਨਾਲ ਸੰਪੰਨ ਸਨ, ਉਹਨਾਂ ਲਈ ਸਮਾਜ ਦੀ ਇਹ ਸਥਿਤੀ ਚਿੰਤਾ ਦਾ ਕਾਰਣ ਨਹੀਂ, ਸਗੋਂ ਪ੍ਰਸੰਨਤਾ ਦਾ ਸੋਮਾ ਸੀ। ਉਸ ਸਮੇਂ ਦੇ ਨਿਰੰਕੁਸ਼ ਸ਼ਾਸਕਾਂ ਦੀ ਕੇਵਲ ਪ੍ਰਧਾਨ ਇੱਛਾ ਹੀ ਨਹੀਂ, ਸਗੋਂ ਪ੍ਰਧਾਨ ਲੋੜ ਵੀ ਇਹੋ ਹੁੰਦੀ ਸੀ ਕਿ ਆਪਣੇ ਰਾਜ ਦੀ ਜਿਸ ਪਰਜਾ ਉਪਰ ਉਨ੍ਹਾਂ ਨੇ ਆਪਣੀ ਮਨ-ਮਰਜ਼ੀ ਅਨੁਸਾਰ ਰਾਜ ਕਰਨਾ ਹੈ- ਉਸਦੇ ਭਿੰਨ ਭਿੰਨ ਵਰਗ ਆਪਣੇ ਸਾਰੇ ਭੇਦ-ਭਾਵ ਮਿਟਾ ਕੇ ਕਦੀ ਵੀ ਪੂਰਣ ਭਾਂਤ ਇਕ ਮੁੱਠ ਨਾ ਹੋ ਸਕਣ। ਉਸ ਸਮੇਂ ਸਮਾਜ ਸਾਰੇ ਪੱਖਾਂ ਤੋਂ ਹੀ ਪਤਨ ਦੀ ਅਵਸਥਾ ਵਿਚ ਵਿਚਰ ਰਿਹਾ ਸੀ। ਇਸ ਸੰਦਰਭ ਵਿਚ ਡਾ. ਕੁਲਬੀਰ ਸਿੰਘ ਕਾਂਗ ਇਸ ਪ੍ਰਕਾਰ ਲਿਖਦੇ ਹਨ:

> ਸਮਾਜ ਚਾਰ ਦਿਸ਼ਾਵਾਂ ਵਿਚ ਉਨਤੀ ਕਰਦਾ ਹੈ- ਸਮਾਜਿਕ ਰਾਜਨੀਤਿਕ, ਆਰਥਿਕ ਅਤੇ ਧਾਰਮਿਕ। ਮੱਧਕਾਲੀ ਭਾਰਤ ਦੀ ਕੋਈ ਦਿਸ਼ਾ ਵੀ ਚੰਗੀ ਨਹੀਂ ਸੀ ਆਖੀ ਜਾ ਸਕਦੀ - ਰਾਜਨੀਤਿਕ ਤੌਰ ਤੇ ਭਾਰਤ ਦੇ ਮੂਲ ਵਾਸੀ ਅਰਥਾਤ ਹਿੰਦੂ ਪਿਛਲੀਆਂ ਸੱਤ ਅੱਠ ਸਦੀਆਂ ਤੋਂ ਗੁਲਾਮ ਸਨ - ਗੁਲਾਮੀ ਦਾ ਤਾਂ ਇਕ ਪਲ ਵੀ ਨਰਕ ਹੁੰਦਾ ਹੈ ਪਰ ਜਦ ਕੋਈ ਕੌਮ ਸਦੀਆਂ ਤਕ ਗੁਲਾਮ ਰਹੇ, ਉਹ ਮਾਨਸਿਕ ਤੌਰ ਤੇ ਬੁਜ਼ਦਿਲ ਹੋ ਜਾਂਦੀ ਹੈ। ਹਿੰਦੂ ਰਾਜਿਆਂ ਦੀ ਆਪਾਧਾਪੀ ਨੇ ਮੁੱਠੀ ਭਰ ਮੁਹੰਮਦੀਆਂ ਨੂੰ ਕਰੋੜਾਂ ਲੋਕਾਂ ਉਪਰ ਰਾਜ ਕਰਨ ਦਾ ਮੌਕਾ ਦੇ ਦਿੱਤਾ ਸੀ ਅਤੇ ਭਾਰਤੀ ਲੋਕ ਉਨ੍ਹਾਂ ਪਸ਼ੂਆਂ ਵਾਂਗ ਸਨ, ਜਿਨ੍ਹਾਂ ਦੇ ਵੱਡੇ ਸਾਰੇ ਵੱਗ ਨੂੰ ਇਕ ਸਾਧਾਰਣ ਜਿਹਾ ਵਾਗੀ ਸੌਖੇ ਲਾਈ ਤੁਰਦਾ ਹੈ। ਇਸੇ ਲਈ ਪ੍ਰਸਿੱਧ ਇਤਿਹਾਸਕਾਰ X.N.Sircar ਨੇ ਲਿਖਿਆ ਹੈ ਕਿ ਬਾਬਰ ਦੇ ਹਮਲੇ ਤੋਂ ਪਹਿਲਾਂ "India was a house divided into Cabins." [1]

---

1. ਡਾ. ਕੁਲਬੀਰ ਸਿੰਘ ਕਾਂਗ, ਪੰਜਾਬੀ ਸਾਹਿਤ, ਇਕ ਆਧੁਨਿਕ ਚਿੰਤਨ, ਪੰ-10

ਜਦੋਂ ਕਿਸੇ ਸਮਾਜ ਦੇ ਭਿੰਨ ਭਿੰਨ ਫਿਰਕਿਆਂ ਦੇ ਭੇਦ-ਭਾਵ 'ਪ੍ਰਤੱਖ ਅਤੇ ਰੂੜ੍ਹ ਹੋ ਜਾਣ ਤਾਂ ਹਰੇਕ ਫਿਰਕਾ ਆਪਣੀ ਵੱਖਰੀ ਹਸਤੀ ਨੂੰ ਕਾਇਮ ਰੱਖਣ ਵਾਸਤੇ ਜਿਹੜਾ ਸੰਘਰਸ਼ ਕਰਦਾ ਹੈ ਉਸ ਵਿਚੋਂ ਨਫਰਤ ਆਪਣੇ ਆਪ ਜਨਮ ਲੈ ਲੈਂਦੀ ਹੈ। ਇਹੀ ਕਾਰਣ ਹੈ ਕਿ ਗੁਰੂ ਨਾਨਕ ਦੇ ਪੂਰਵ ਦੀਆਂ ਪਰਸਥਿਤੀਆਂ ਉਤੇ ਸਭ ਤੋਂ ਵਧੇਰੇ ਉਘੜਵੀਂ ਛਾਪ ਇਸ ਨਫਰਤ ਦੀ ਹੀ ਲੱਗੀ ਹੋਈ ਪ੍ਰਤੀਤ ਹੁੰਦੀ ਹੈ। ਉਸ ਸਮੇਂ ਦੀ ਸਮਾਜਿਕ ਸਥਿਤੀ ਬਾਰੇ ਵਰਨਣ ਕਰਦੇ ਹੋਏ ਡਾ. ਗਿੱਲ ਨੇ ਆਪਣੀ ਪੁਸਤਕ ਵਿਚ ਇਸ ਪ੍ਰਕਾਰ ਲਿਖਿਆ ਹੈ: " ਸਾਧਾਰਣ ਲੋਕ ਪਸ਼ੂਆਂ ਵਾਂਗ ਜੀਵਨ ਬਿਤਾ ਰਹੇ ਸਨ, ਉਨ੍ਹਾਂ ਵਿਚ ਸਵੈ-ਮਾਣ ਨਹੀਂ ਸੀ, ਆਜ਼ਾਦ ਸੋਚ ਨਹੀਂ ਸੀ, ਉਹ ਆਜ਼ਾਦੀ ਤੇ ਦੇਸ਼ ਪਿਆਰ ਤੇ ਅਧਿਆਤਮਵਾਦ ਤੋਂ ਸਖਣੇ, ਬੁਜ਼ਦਿਲਾਂ ਵਾਲਾ, ਅਗਿਆਨਤਾ ਵਾਲਾ ਨਿਰਉਤਸ਼ਾਹਿਤ ਜੀਵਨ ਬਤੀਤ ਕਰ ਰਹੇ ਸਨ।"[1]

> ਮੁਸਲਮਾਨ ਹਮਲਾਵਰਾਂ ਅਤੇ ਹਕੂਮਤ ਦੇ ਮੁਕਾਬਲੇ ਹਿੰਦੀਆਂ ਦੀ ਨਿਤਾਣਤਾ ਦਾ ਮੁੱਖ ਕਾਰਨ ਜਾਤ-ਪਾਤ ਦੀ ਨੀਂਹ ਉਤੇ ਉਸਰਿਆ ਹਿੰਦੂ ਸਮਾਜ ਸੀ। ਜਾਤ-ਪਾਤ ਦਾ ਪ੍ਰਬੰਧ ਰਾਇਜ ਕਰਨ ਵਾਲਿਆਂ ਨੇ ਸਮਝੀ ਸੋਚੀ ਸਕੀਮ ਮੁਤਾਬਕ ਆਮ ਜਨਤਾ ( ਸ਼ੂਦਰਾਂ ਅਤੇ ਵੈਸ਼ਾਂ) ਨੂੰ ਰਾਜਨੀਤਿਕ ਅਤੇ ਫੌਜੀ ਦਾਇਰੇ ਤੋਂ ਬਾਹਰ ਕੱਢਿਆ ਹੋਇਆ ਸੀ। ਸ਼ੂਦਰ ਅਤੇ ਵੈਸ਼ ਬਣੇ ਹੀ ਲੁਟੇ-ਖਸੁੱਟੇ ਜਾਣ ( Exploitation )ਲਈ ਸਨ ਅਤੇ ਬ੍ਰਾਹਮਣਾਂ ਅਤੇ ਖਤਰੀਆਂ ਦਾ ਫਰਜ਼ ਸੀ ਕਿ ਉਨ੍ਹਾਂ (ਸ਼ੂਦਰਾਂ ਅਤੇ ਵੈਸ਼ਾਂ)ਨੂੰ ਘੇਰੀ ਰੱਖਣ। ਫੌਜੀ ਕਾਰਵਾਈ ਨਿਰੋਲ ਕਸ਼ੱਤਰੀਆਂ ਦੇ ਹੱਥ ਆ ਗਈ ਅਤੇ ਕਸ਼ੱਤਰੀਆਂ ਦੇ ਮੱਠੇ ਪੈ ਜਾਣ ਪਿਛੋਂ ਅਸਲੀ ਜਾਂ ਨਕਲੀ ਰਾਜਪੂਤਾਂ ਦੇ ਹੱਥ। ਇਸ ਵਾਸਤੇ ਮੁਸਲਮਾਨ ਹਮਲਾਵਰਾਂ ਦੇ ਹੱਥੋਂ ਹਿੰਦੀਆਂ ਦੀ ਹਾਰ ਹਿੰਦੀ ਆਮ ਜਨਤਾ ਦੀ ਹਾਰ ਨਹੀਂ ਸੀ, ਇਹ ਹਾਰ ਹਿੰਦੀ ਹਾਕਮ ਸ਼੍ਰੇਣੀਆਂ ਦੀ ਹਾਰ ਸੀ।[2]

---

1. ਡਾ. ਨਿਰਮਲ ਸਿੰਘ ਗਿੱਲ, <u>ਗੁਰੂ ਨਾਨਕ ਬਾਣੀ ਵਿਚ ਮੁਕਤੀ ਮਾਰਗ</u>, ਪੰ-49
2. ਜਗਜੀਤ ਸਿੰਘ,"ਇਨਕਲਾਬੀ ਸਿੱਖ ਲਹਿਰ ਦਾ ਪਿਛੋਕੜ,ਸੇਧ,ਜਿਲਦ-5 ਨੰਬਰ-9, ਨਵੀਂ ਦਿੱਲੀ, ਸਤੰਬਰ 1976, ਪੰਨਾ-10

ਉਸ ਸਮੇਂ ਜਨਤਾ ਦੇ ਸਾਹਮਣੇ ਦੋ ਰਾਸਤੇ ਸਨ। ਪਹਿਲਾ ਪ੍ਰਵਿਰਤੀ ਮਾਰਗ ਅਤੇ ਦੂਜਾ ਨਿਵ੍ਰਿਤੀ ਮਾਰਗ। ਪਹਿਲਾ ਮਾਰਗ ਪ੍ਰਾਚੀਨ ਆਸ਼ਰਮ-ਵਿਵਸਥਾ ਦੇ ਵਿਸ਼ਵਾਸ ਤੇ ਆਧਾਰਿਤ ਸੀ ਅਤੇ ਇਹ ਕਠੋਰ ਕਰਮਕਾਂਡੀ ਮਾਰਗ ਸੀ। ਦੂਸਰਾ ਮਾਰਗ ਸੰਨਿਆਸ, ਤਿਆਗ, ਉਪਰਾਮਤਾ ਤੇ ਮੁਕਤੀ ਨੂੰ ਹੀ ਪ੍ਰਧਾਨ ਮੰਨ ਕੇ ਚਲਦਾ ਸੀ। ਇਹ ਗਿਆਨ-ਮਾਰਗੀ ਰਸਤਾ ਸੀ। ਸਾਧਾਰਨ ਲੋਕਾਂ ਦੇ ਸਾਹਮਣੇ ਇਹ ਦੋ ਰਾਹ ਸਨ ਲੇਕਿਨ ਉਹ ਇਹਨਾਂ ਵਿਚੋ ਕਿਸੇ ਇਕ ਤੇ ਵੀ ਚਲਣ ਵਿਚ ਸਮਰੱਥ ਨਹੀਂ ਸਨ। ਇਸਦਾ ਕਾਰਣ ਉਸ ਸਮੇਂ ਦੀ ਅਰਾਜਕਤਾਵਾਦੀ ਸਮਾਜਿਕ ਸਥਿਤੀ ਸੀ। ਹਰ ਪਾਸੇ ਪਾਪ ਦਾ ਹੀ ਵਰਤਾਰਾ ਸੀ। ਭਾਈ ਗੁਰਦਾਸ ਦੇ ਸ਼ਬਦਾਂ ਵਿਚ ਵੀ ਉਸ ਸਮੇਂ ਦੀ ਸਮਾਜਿਕ ਤੇ ਰਾਜਸੀ ਦਸ਼ਾ ਦਾ ਸੁੰਦਰ ਚਿੱਤਰ ਪੇਸ਼ ਹੋਇਆ ਹੈ:

ਕਲ ਆਈ ਕੁਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈਂ ॥
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤਿ ਮੁਖਹੁ ਆਲਾਈ ॥
( ਵਾਰਾਂ ਭਾਈ ਗੁਰਦਾਸ, ਪਹਿਲੀਵਾਰ-30)

ਉਸ ਸਮੇਂ ਬ੍ਰਾਹਮਣਾਂ ਦੇ ਸਾਰੇ ਧਾਰਮਿਕ ਕਾਰਜ ਦਿਖਾਵੇ-ਮਾਤਰ ਸਨ, ਪਾਖੰਡ ਸਨ। ਜਨਤਾ-ਵਿਚਾਰੀ ਮਾਯੂਸ ਸੀ। ਇਸਲਾਮ ਮੌਤ ਨੂੰ ਗ੍ਰਹਿਣ ਨਾ ਕਰਨ ਵਾਲਾ ਜਨਤਾ ਲਈ ਇਹੋ ਰਸਤਾ ਨਿਸ਼ਚਿਤ ਕੀਤਾ ਉਹ ਕੁਝ ਕਰ(ਜਜ਼ੀਆ) ਦੇ ਕੇ ਜਿਉਂਦੇ ਰਹਿ ਸਕਦੇ ਹਨ। ਅਜਿਹੀਆਂ, ਮਾਯੂਸ, ਭਿਆਨਕ ਸਮਾਜੀ ਸਥਿਤੀਆਂ ਵਿਚ ਹਿੰਦੂ ਲੋਕਾਂ ਲਈ ਆਤਮ-ਰੱਖਿਆ ਦੇ ਦੋ ਰਸਤੇ ਸਨ। ਇਕ ਆਪਣੇ ਧਰਮ ਵਿਚ ਰਹਿ ਕੇ ਨਿਤਾਣੀ, ਨਿਰਾਸ, ਮਾਯੂਸ, ਜ਼ਿੰਦਗੀ ਬਿਤਾਈ ਜਾਣਾ ਅਤੇ ਸ਼ਾਸ਼ਕਾਂ ਦੇ ਜ਼ੁਲਮ ਚੁੱਪ ਕੀਤੇ ਸਹੀ ਜਾਣਾ। ਦੂਸਰਾ ਰਸਤਾ ਸੀ ਇਸਲਾਮ ਧਰਮ ਨੂੰ ਸਵੀਕਾਰ ਕਰਕੇ ਸ਼ਾਂਤਮਈ ਜੀਵਨ ਜਿਉਣਾ। ਉਸ ਸਮੇਂ ਦੀ ਜਨਤਾ ਜੀਵਨ ਦੇ ਹਰ ਤਰ੍ਹਾਂ ਦੇ ਅਧਿਕਾਰਾਂ ਤੋਂ ਵੰਚਿਤ ਸੀ। ਜਨਤਾ ਦੁਖੀ ਸੀ। ਜਨਤਾ ਵਿਚ ਗੁਲਾਮੀ ਦੀ ਭਾਵਨਾ ਘਰ ਕਰ ਗਈ ਸੀ। ਜਨਤਾ ਨਾਲ ਅਮਾਨਵੀ ਵਿਹਾਰ ਕੀਤਾ ਜਾਂਦਾ ਸੀ। ਬ੍ਰਾਹਮਣਾਂ ਵਲੋਂ ਵੀ ਅਤੇ ਸ਼ਾਸ਼ਕਾਂ ਵੱਲੋਂ ਵੀ। ਇਸ ਪ੍ਰਸੰਗ ਵਿਚ ਡਾ. ਸੁਰਿੰਦਰ ਸਿੰਘ ਦੁਸਾਂਝ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਸਤੁਤ ਕਰਦੇ ਹਨ:

ਇਸ ਸਮੇਂ ਪੰਜਾਬ ਦੇ ਲੋਕਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਮੁਸਲਮਾਨ ਹਾਕਮ ਜਮਾਤ ਜੋ ਐਸ਼ੀ, ਜ਼ਾਲਮ ਤੇ ਸ਼ਰਾਬਖੋਰ ਹੈ। ਇਹ ਸੁਭਾ ਅਨੁਸਾਰ ਹਾਕਮ ਜਮਾਤ ਟੈਕਸਾਂ ਰਾਹੀਂ ਅਤੇ ਲੁੱਟ ਮਾਰ ਰਾਹੀਂ ਪੈਸਾ ਪ੍ਰਾਪਤੀ ਕਰਦੀ ਹੈ ਅਤੇ ਐਸ਼ਪ੍ਰਸਤੀ ਵਿਚ ਰੋੜ੍ਹਦੀ ਹੈ। ਧਾਰਮਿਕ ਫਤਵਿਆਂ ਦਾ ਆਧਾਰ ਵੀ ਦੀਨਦਾਰੀ ਨਾਲੋਂ ਵਧੇਰੇ ਦੁਨੀਆਂਦਾਰੀ ਹੈ। ਵੇਲੇ ਦਾ ਨਵਾਬ ਜਾਂ ਸੁਲਤਾਨ ਹੀ ਸਮਾਜਕ ਤੇ ਰਾਜਨੀਤਿਕ ਕਾਨੂੰਨ ਜਾਂ ਨੀਤੀ ਦਾ ਧੁਰਾ ਹੈ। ਕਿਸੇ ਇਕ ਸੁਲਤਾਨ ਜਾਂ ਨਵਾਬ ਦਾ ਦ੍ਰਿਸ਼ਟੀਕੋਣ ਵੇਲੇ ਦੇ ਮੁਸਲਮਾਨ ਰਾਜ ਦਾ ਦ੍ਰਿਸ਼ਟੀਕੋਣ ਨਹੀਂ ਹੋ ਸਕਦਾ।

ਦੂਜੀ ਸ਼੍ਰੇਣੀ ਹਿੰਦੂ ਧਰਮ ਦੀਆਂ ਉਚ ਜਾਤੀਆਂ ਦੀ ਹੈ। ਖੱਤਰੀਆਂ ਅਤੇ ਬ੍ਰਾਹਮਣਾਂ ਹਾਕਮ ਜਮਾਤ ਨਾਲ ਮਿਲ ਕੇ ਸਮਝੌਤਾ ਕਰ ਲਿਆ ਹੈ। ਹਿੰਦੂ ਰਾਜ ਤੋਂ ਬਾਅਦ ਇਨ੍ਹਾਂ ਸ਼੍ਰੇਣੀਆਂ ਦਾ ਆਰਥਕ ਆਧਾਰ ਭਰੋਸੇਯੋਗ ਤੇ ਸਥਿਰ ਨਹੀਂ ਰਿਹਾ। ਛੋਟੀਆਂ ਮੋਟੀਆਂ ਸਰਕਾਰੀ ਨੌਕਰੀਆਂ ਅਤੇ ਵਪਾਰ ਇਨ੍ਹਾਂ ਦਾ ਕਿੱਤਾ ਹੈ। ਭ੍ਰਿਸ਼ਟਾਚਾਰ ਇਹਨਾਂ ਦਾ ਸੁਭਾਅ ਹੈ। ਜਜ਼ੀਆ ਆਦਿ ਦੀ ਉਗਰਾਹੀ ਦੀ ਜ਼ਿੰਮੇਵਾਰੀ ਵੀ ਇਨ੍ਹਾਂ ਦੀ ਹੈ। ਵੇਲੇ ਦੀ ਸਥਿਤੀ ਵਿਚ ਇਨ੍ਹਾਂ ਦਾ ਰੋਲ ਅਜੋਕੀ ਮੱਧ-ਸ਼੍ਰੇਣੀ ਵਾਲਾ ਹੈ। ਇਸਦੇ ਸੁਭਾਅ ਵਿਚ ਇਕ ਪਾਖੰਡ ਹੈ। ਇਹ ਸ਼੍ਰੇਣੀ ਕਿਸੇ ਵੀ ਪੱਧਰ ਤੇ ਹਕੂਮਤ ਨਾਲ ਟਕਰਾਣਾ ਨਹੀਂ ਚਾਹੁੰਦੀ ਪਰ ਸਮਾਜਿਕ ਪੱਧਰ ਤੇ ਸਵੈ-ਮਾਣ ਵੀ ਰੱਖਣਾ ਚਾਹੁੰਦੀ ਹੈ। ਇਹ ਕਾਰਦ-ਹਾਕਮਾਂ ਪ੍ਰਤੀ ਇਸਦਾ ਵਤੀਰਾ ਨਰਮ ਹੈ ਅਤੇ ਧਰਮ ਦੀਆਂ ਨੀਵੀਆਂ ਜਾਤੀਆਂ ਲਈ ਉਨ੍ਹਾਂ ਹੀ ਕੁਰੱਖਤ ਇਸ ਸ਼੍ਰੇਣੀ ਦਾ ਰੂਪਵਾਦ ਹਾਕਮ ਜਮਾਤ ਲਈ ਇਤਰਾਜ਼ਯੋਗ ਨਹੀਂ ਪਰ ਜੇ ਕਿਸੇ ਦਾ ਦ੍ਰਿਸ਼ਟੀਕੋਣ ਇਸ ਪੱਧਰ ਤੇ ਸਵੈ-ਮਾਣ ਨਾਲ ਜੀਣ ਵਾਲਾ ਹੈ ਤਾਂ ਉਸਨੂੰ ਬਾਗੀ ਜਾਂ ਕਾਫ਼ਰ ਕਹਿ ਕੇ ਖਤਮ ਕਰ ਦਿੱਤਾ ਜਾਂਦਾ ਹੈ।[1]

ਤੀਜੀ ਸ਼੍ਰੇਣੀ ਵਿਚ ਉਹ ਲੋਕ ਹਨ ਜੋ ਮਾਇਆਧਾਰੀ ਰੁਚੀਆਂ ਵਾਲੇ ਰਾਜ ਨਾਲ ਸਮਝੌਤਾ ਨਹੀਂ ਕਰ ਸਕਦੇ। ਬਹੁਤੇ ਦੋਹਾਂ ਧਰਮਾਂ ਦੀਆਂ ਨੀਵੀਆਂ ਸ਼੍ਰੇਣੀਆਂ ਨਾਲ ਸੰਬੰਧ ਰੱਖਦੇ ਹਨ। ਇਸ ਸ਼੍ਰੇਣੀ ਵਿਚ ਹਿੰਦੂ ਧਰਮ ਤਿਆਗ, ਕਈ ਮੁਸਲਮਾਨ ਵੀ ਸ਼ਾਮਲ

---

1. ਡਾ. ਸੁਰਿੰਦਰ ਸਿੰਘ ਦੁਸਾਂਝ, *ਗੁਰੂ ਨਾਨਕ ਬਾਰੇ ਸੱਚ ਦੀ ਖੋਜ*, ਪੰਨਾ-13

ਹਨ। ਇਹ ਧਰਮ ਬਦਲੀਆਂ ਤਲਵਾਰ ਦੇ ਜ਼ੋਰ ਨਾਲ ਨਹੀਂ ਸਗੋਂ ਸੂਫ਼ੀਆਂ ਦੇ ਪ੍ਰਚਾਰ ਆਰਥਕ-ਮਜਬੂਰੀ ਅਤੇ ਹਿੰਦੂ ਧਰਮ ਦੀ ਸਾਮਰਾਜੀ ਨੀਤੀ ਕਾਰਣ ਹੋਈਆਂ। ਧਰਮ ਬਦਲੀ ਕਰਦੇ ਇਨ੍ਹਾਂ ਹਾਕਮ ਜਮਾਤ ਦੇ ਧਰਮ ਵਿਚੋਂ ਹੋਣ ਦਾ ਮਾਣ ਪ੍ਰਾਪਤ ਕਰ ਲਿਆ। ਪਰ ਵੇਲੇ ਦੇ ਸਮਾਜਕ ਪ੍ਰਬੰਧ ਅਨੁਸਾਰ ਕਿੱਤਾ ਬਦਲੀ ਸੰਭਵ ਨਾ ਹੋ ਸਕੀ। ਇਹ ਲੋਕ ਹਾਕਮ ਜਮਾਤ ਦੀ ਵਗਾਰ ਅਤੇ ਹਿੰਦੂ ਧਰਮ ਦੀ ਸਾਮਰਾਜੀ ਨੀਤੀ ਦੀ ਫਿਟਕਾਰ ਤੋਂ ਨਾ ਬਚ ਸਕੇ ।

..... .... .... .... ....

ਇਸ ਸ਼੍ਰੇਣੀ ਨੂੰ ਧਰਮ ਦਾ ਸੁੱਖ ਪ੍ਰਾਪਤ ਕਰਨ ਨਾਲੋਂ ਸਮਾਜਕ ਪੱਧਰ ਤੇ ਇੱਜ਼ਤ ਅਤੇ ਸਵੈਮਾਣ ਵਾਲਾ ਮਨੁੱਖਾ ਜੀਵਨ ਜੀਣ ਦੀ ਤੜਪ ਵਧੇਰੇ ਹੈ। ਧਰਮ ਬਦਲੀ ਨਾਲ ਵੀ ਇਹ ਤੜਪ ਪੂਰੀ ਨਾ ਹੋ ਸਕੀ। ਇਹ ਸ਼੍ਰੇਣੀ ਮਾਨਵਵਾਦੀ ਕੀਮਤਾਂ ਦਾ ਪ੍ਰਚਾਰ ਕਰਨ ਵਾਲੇ ਸੰਤਾਂ ਸੂਫ਼ੀਆਂ ਦੀ ਪੈਰੋਕਾਰ ਬਣਦੀ ਸੀ। ਇਹੋ ਸ਼੍ਰੇਣੀ ਹੈ ਜਿਸਦੇ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਨੇ ਆਪਣੇ ਦਰਸ਼ਨ ਨੂੰ ਮਾਨਵਵਾਦੀ ਬਣਾਇਆ।[1]

ਸਮਾਜੀ ਸਾਇੰਸ ਨੇ ਸਿੱਧ ਕਰ ਦਿੱਤਾ ਹੈ ਕਿ ਹਰ ਪ੍ਰਕਾਰ ਦੇ ਵਿਚਾਰਾਂ ਤੇ ਉਚਾਰਾਂ ਦਾ ਸੋਮਾ, ਭਾਵੇਂ ਉਹ ਕਿੰਨੇ ਅਧਿਆਤਮਕ ਹੋਣ, ਵੇਲੇ ਦੀ ਪੈਦਾਵਾਰ ਦੀਆਂ ਪਦਾਰਥਕ ( ਆਰਥਕ, ਸਮਾਜਕ ਤੇ ਰਾਜਸਕ) ਹਾਲਤਾਂ ਹੀ ਹੁੰਦੀਆਂ ਸਨ। ਉਹਨਾਂ ਨੂੰ ਸਮਝਣ ਤੇ ਸੁਲਝਾਉਣ ਲਈ ਵਿਚਾਰ ਬਣਦੇ ਤੇ ਉਚਾਰ ਫੁਰਦੇ ਹਨ, ਪਰ ਉਹੀ ਉਚਾਰ ਇਤਿਹਾਸ ਅੰਦਰ ਆਪਣਾ ਥਾਂ ਬਣਾ ਸਕਦੇ ਹਨ, ਜੋ ਇਨ੍ਹਾਂ ਹਾਲਤਾਂ ਨੂੰ ਸੁਧਾਰਨ ਜਾਂ ਬਦਲਣ ਦਾ ਕਾਰਨ ਬਣਦੇ ਹਨ। ਨਾਨਕਧਾਰਾ ਨੂੰ ਇਹ ਫ਼ਖਰ ਹਾਸਲ ਹੈ।[2]

ਸੋ ਅਜਿਹੇ ਉਚਾਰਾਂ ਦਾ ਨਿਰਣਾ ਕਰਨ ਲਈ ਨਾਨਕਧਾਰਾ ਦੀ ਉਪਜ ਤੋਂ ਪਹਿਲੀਆਂ ਸਮਕਾਲੀ ਤੇ ਉਪਰੰਤਲੀਆਂ ਪਦਾਰਥਕ ਹਾਲਤਾਂ ਤੇ ਇਹਨਾਂ ਦੇ ਅਦਲ-ਬਦਲ ਦੇ ਇਤਿਹਾਸ ਦੀ ਘੋਖ ਅਤਿ ਜ਼ਰੂਰੀ ਹੈ। ਇਸ ਲਿਹਾਜ਼ ਨਾਲ ਨਾਨਕਧਾਰਾ ਉਸ ਮਹਾਨ ਜਗਤ-ਵਿਆਪੀ ਇਤਿਹਾਸਕ ਵਰਤਾਰੇ ਦੀ ਪੰਜਾਬੀ ਸਮਾਜ ਅੰਦਰ ਫੁੱਟ ਨਿਕਲੀ ਦੇਸੀ(ਕੌਮੀ) ਰੰਗਣ ਸੀ, ਜੋ ਨਾਨਕ ਸਮਿਆਂ ਵਿਚ ਯੋਰਪ ਤੇ ਏਸ਼ੀਆ ਦੇ ਤਿੰਨ ਅਤਿ ਵਿਕਰਾਲ ਧਰਮ ਸਮਾਜਾਂ ਅੰਦਰ ਇਸਲਾਮ ਦੀਆਂ ਕੌਮਾਂਤਰੀ ਜਿੱਤਾਂ ਕਾਰਨ ਪੈਦਾ ਹੋਈਆਂ

---

1. ਡਾ. ਸੁਰਿੰਦਰ ਸਿੰਘ ਦੁਸਾਂਝ, ਗੁਰੂ ਨਾਨਕ ਬਾਰੇ ਸੋਚ ਦੀ ਖੋਜ, ਪੰਨਾ-13-14
2. ਜਗੀਰ ਸਿੰਘ ਜਗਤਾਰ(ਸੰਪਾ), ਗੁਰੂ ਨਾਨਕ: ਇਕ ਦ੍ਰਿਸ਼ਟੀਕੋਣ, ਪੰਨਾ-29

ਸਮਾਜੀ ਤੇ ਸਿਆਸੀ ਹਾਲਤਾਂ ਅੰਦਰ ਉਠ ਪਈਆਂ ਖਹਿਆਂ ਤੇ ਰੋਗਾਂ ਨੂੰ ਸੁਲਝਾਉਣ ਦੀ ਸੋਚੀ ਤੇ ਹਰ ਦੇਸ਼ ਵਿਚ ਆਪੋ ਆਪਣੀਆਂ "ਸਥਾਨਕ" ਹਾਲਤਾਂ ਅਨੁਕੂਲ ਧਰਮੀ ਸੁਧਾਰ ਅੰਦੋਲਨ ਦੀ ਲਹਿਰ ਵਿਚ ਵਾਪਰ ਤੁਰਿਆ, ਜਿਸਦਾ ਈਸਾਈਆਂ ਵਿਚ ਰੀਫਾਰਮੇਸ਼ਨ( ਸੁਧਾਰਕਤਾ), ਮੁਸਲਮਾਨਾਂ ਵਿਚ ਸੂਫੀਵਾਦ ਤੇ ਹਿੰਦੂਆਂ ਵਿਚ ਭਗਤੀ ਨਾ ਸੀ।[1]

ਇਹਨਾਂ ਤਿੰਨਾਂ ਲਹਿਰਾਂ ਦਾ ਪਦਾਰਥਕ ਤੱਥ ਇਕੋ ਸੀ। ਰੋਮ ਦੀ ਪੋਪਸ਼ਾਹੀ, ਬਗਦਾਦ ਦੀ ਖਿਲਾਫਤ ਤੇ ਹਿੰਦੂ ਦੀ ਪ੍ਰੋਹਿਮਟ ਡਿਕਟੇਟਰੀ ਦੀ ਇਕੋਤਰੀ ਧਰਮ ਸੱਤਾ ਵਿਰੁੱਧ ਦੇਸੀ( ਕੌਮੀ) ਧਰਮ( ਰਾਜਸੀ) ਆਜ਼ਾਦੀ। ਪ੍ਰੋਮੇਟੀ ਯੋਰਪੀ ਇਤਿਹਾਸਕਾਰ ਰੈਂਕ ਨੇ ਲਿਖਿਆ ਹੈ: "ਉੱਨਤੀ( ਸੁਧਾਰਕਤਾ) ਦੀ ਆਮ ਸੋਚ ਕੌਮੀ ਆਜ਼ਾਦੀ ਦੇ ਵਿਸ਼ਾਲਤਰ ਉਦੇਸ਼ ਵਲ ਜਾ ਰਹੀ ਸੀ।" ਜੋ ਨਾਨਕਧਾਰਾ ਵੀ ਹਿੰਦੁਸਤਾਨ ਦੀਆਂ ਸਮਾਜੀ ਤੇ ਸਿਆਸੀ ਹਾਲਤਾਂ ਅੰਦਰ ਉਠ ਪਈਆਂ ਖਹਿਆਂ ਤੇ ਰੁਕਾਵਟਾਂ ਨੂੰ ਸੁਲਝਾਉਣ ਦੇ ਫਲਸਰੂਪ ਆਈ ਸੋਚੀ ਤੇ ਉਤਪੰਨ ਹੋਈ। ਇਹ ਭਗਤੀ ਲਹਿਰ ਦੀ ਪੰਜਾਬੀ ਪ੍ਰਕਾਰ ਸੀ। ਜੋ ਨਾਨਕਧਾਰਾ ਦਾ ਆਧਾਰ ਲੱਭਣ ਲਈ ਤੇ ਸਫਲਤਾ ਦੇ ਕਾਰਨ ਜਾਣਨ ਲਈ ਇਸ ਵੇਲੇ ਦੀਆਂ ਪੰਜਾਬ ਅੰਦਰਲੀਆਂ ਪਦਾਰਥਕ( ਸਮਾਜੀ, ਸਿਆਸੀ, ਆਰਥਕ ਤੇ ਸੱਭਿਆਚਾਰਕ) ਹਾਲਤਾਂ ਦੀ ਘੋਖ ਕਰਨੀ ਅਤਿ ਜ਼ਰੂਰੀ ਹੈ।[2]

ਗੁਰੂ ਨਾਨਕ ਸਮੇਂ ਸਮਾਜ ਭਿੰਨ ਭਿੰਨ ਵਰਗਾਂ ਵਿਚ ਵੰਡਿਆ ਹੋਇਆ ਸੀ। ਇਹਨਾਂ ਵਰਗਾਂ ਵਿਚ ਆਪਸ ਵਿਚ ਈਰਖਾ, ਦਵੈਸ਼ ਅਤੇ ਨਫ਼ਰਤ ਸੀ। ਇਹ ਨਫ਼ਰਤ ਜਾਤੀਆਂ ਦੀ ਪੱਧਰ ਤੇ ਉਤਰ ਕੇ ਉਪ-ਜਾਤੀਆਂ ਵਿਚ ਵੀ ਪ੍ਰਵੇਸ਼ ਕਰ ਚੁੱਕੀ ਸੀ। ਇਸਦਾ ਸੁਭਾਵਕ ਨਤੀਜਾ ਇਹ ਹੋ ਰਿਹਾ ਸੀ ਕਿ ਬਰਾਦਰੀਆਂ ਅਤੇ ਭਾਈਚਾਰਿਆਂ ਦੇ ਆਪਸੀ ਵੈਰ-ਵਿਰੋਧ ਇਤਨੇ ਗੂੜ੍ਹ ਹੋ ਚੁੱਕੇ ਸਨ ਕਿ ਇਕ ਪੀੜ੍ਹੀ ਆਪਣੀ ਹਸਤੀ ਸਮਾਪਤ ਹੋਣ ਤੋਂ ਪਹਿਲਾਂ ਆਪਣੀ ਨਫ਼ਰਤ ਦੂਜੀ ਪੀੜ੍ਹੀ ਨੂੰ ਸੌਂਪ ਦਿੰਦੀ ਸੀ। ਸਮਾਜ

---

1. ਸੁਧਾਰਕਤਾ ਦੇ ਮੋਢੀ ਲੂਥਰ, ਜ਼ਵਿੰਗਲੀ ਤੇ ਕਾਲਵਿਨ ਨਾਨਕ ਦੇ ਸਮਕਾਲੀ ਹੋਏ ਹਨ। ਸੂਫੀਵਾਦ ਵੀ ਬਾਹਲਾ ਏਸੇ ਸਮੇਂ ਹੀ ਚਮਕਣ ਤੇ ਸਰਕਣ ਲੱਗਾ। ਜਗੀਰ ਸਿੰਘ ਜਗਤਾਰ( ਸੰਪਾ), ਗੁਰੂ ਨਾਨਕ: ਇਕ ਦ੍ਰਿਸ਼ਟੀਕੋਣ, ਪੰਨਾ--29-30
2. ਉਹੀ, ਪੰਨਾ-30

ਦੀ ਇਹ ਸਥਿਤੀ ਦੋ ਪ੍ਰਸਪਰ ਵਿਰੋਧੀ ਰੁਚੀਆਂ ਨੂੰ ਜਨਮ ਦੇ ਰਹੀ ਸੀ, ਇਕ ਪਾਸੇ ਉਹ ਵਿਅਕਤੀ ਸਨ ਜਿਨ੍ਹਾਂ ਨੂੰ ਇਸ ਸਦੀਵੀ ਨਫ਼ਰਤ ਨੇ ਇਤਨੇ ਭਿਆਨਕ ਅੰਧਕਾਰ ਵਿਚ ਧਕੇਲ ਦਿੱਤਾ ਸੀ ਕਿ ਦੂਰ ਦੂਰ ਤਕ ਮਾਇਆ ਦੇ ਖਿਲਰੇ ਹੋਏ ਜਾਲ ਅਤੇ ਪਦਾਰਥਕ ਖਿੱਚ ਤੋ ਇਲਾਵਾ ਉਨ੍ਹਾਂ ਨੂੰ ਹੋਰ ਕੁਝ ਸੁਝਦਾ ਹੀ ਨਹੀਂ ਸੀ। ਇਸਦੇ। ਉਲਟ ਦੂਜੇ ਪਾਸੇ ਉਹ ਵਿਅਕਤੀ ਸਨ ਜਿਹੜੇ ਇਸ ਗੈਰ-ਯਕੀਨੀ ਵਾਤਾਵਰਣ ਤੋਂ ਇਤਨੇ ਨਿਰਾਸ਼ ਅਤੇ ਉਪਰਾਮ ਹੋ ਗਏ ਸਨ ਕਿ ਉਨ੍ਹਾਂ ਨੇ ਸਾਰੇ ਸਮਾਜ ਤੋਂ ਹੀ ਕਿਨਾਰਾ-ਕਸ਼ੀ ਕਰ ਲੈਣ ਵਿਚ ਹੀ ਆਪਣਾ ਕਲਿਆਣ ਸਮਝ ਲਿਆ ਸੀ। ਇਸ ਤਰ੍ਹਾਂ ਦੀਆਂ ਤਤਕਾਲੀਨ ਸਮਾਜਿਕ ਪ੍ਰਸਥਿਤੀਆਂ ਦੇ ਪ੍ਰਕਰਣ ਵਿਚ ਗੁਰੂ ਨਾਨਕ ਸਾਹਿਬ ਨੇ 'ਸਰਬੱਤ ਦੇ ਭਲੇ' ਦਾ ਮਾਨਵਵਾਦੀ ਆਦਰਸ਼ ਆਪਣੀ ਬਾਣੀ ਵਿਚ ਦਰਸਾਇਆ ਅਤੇ ਅਮਲੀ ਪੱਧਰ ਤੇ ਪ੍ਰਗਟਾਇਆ।

ਸਭਿਆਚਾਰਕ ਬੇਚੈਨੀ ਅਤੇ ਰਾਜਸੀ ਉਥਲ-ਪੁਥਲ ਨੇ ਉਸ ਸਮੇ ਬੜੀ ਨਿਘਰਦੀ ਰਸਾਤਲ ਨੂੰ ਜਾ ਰਹੀ ਅਖਲਾਕੀ ਦਸ਼ਾ ਪੈਦਾ ਕਰ ਦਿੱਤੀ ਸੀ। ਹਿੰਦੂ ਫਿਲਾਸਫੀ ਉਤੇ ਐਸੇ ਦਾਰਸ਼ਨਿਕ ਸਿਧਾਂਤ ਹਾਵੀ ਹੋਏ ਹੋਏ ਸਨ ਜੋ ਜੀਵ ਦੇ ਆਪੇ ਨੂੰ ਨਿਹਕਰਮੀ ਸਿੱਧ ਕਰਦੇ ਸਨ। ਕਰਮ-ਸਿਧਾਂਤ ਤੇ ਸੰਨਿਆਸ ਉਤੇ ਜ਼ੋਰ ਦਿੱਤਾ ਜਾਂਦਾ ਸੀ ਜਿਸਨੇ ਸਾਰੀ ਕੌਮ ਵਿਚ ਸੰਸਾਰ ਤੋਂ ਉਦਾਸ ਦ੍ਰਿਸ਼ਟੀਕੋਣ ਅਤੇ ਇਕ ਪ੍ਰਕਾਰ ਦਾ ਅਚੇਤ ਨਿਰਾਸ਼ਾਵਾਦ ਪੈਦਾ ਕਰ ਦਿੱਤਾ ਸੀ। ਇਸ ਨਿਰਾਸ਼ਾਵਾਦ ਨੂੰ ਗੁਰੂ ਨਾਨਕ ਦੇਵ ਦੇਸ਼ ਦੇ ਸਮਾਜਕ ਤੇ ਰਾਜਸੀ ਭਵਿੱਖ ਲਈ ਬੜਾ ਖਤਰਨਾਕ ਸਮਝਦੇ ਸਨ। ਹਿੰਦੂ ਦਰਸ਼ਨ ਦੀ ਅਪਸਾਰਵਾਦੀ ਤੇ ਅਹਿੰਸਾਵਾਦੀ ਫਿਲਾਸਫੀ ਨੇ ਹਮਲਾਵਰਾਂ ਨੂੰ ਜ਼ੋਰ ਜ਼ੁਲਮ ਤੇ ਅਤਿਆਚਾਰ ਕਰਨ ਲਈ ਹੋਰ ਉਕਸਾਇਆ। ਸ੍ਰਿਸ਼ਟੀ ਨੂੰ ਆਤਮਾ ਤੋਂ ਭਿੰਨ ਸਮਝਣਾ, ਸੰਸਾਰ ਤਿਆਗਣ ਉਤੇ ਜ਼ੋਰ ਦੇਣਾ, ਕਿਉਂਕਿ ਦੁਨੀਆਂ ਛਾਇਆਮਈ ਮਾਇਆ ਹੈ, ਇਕ ਐਸਾ ਦ੍ਰਿਸ਼ਟੀਕੋਣ ਸੀ ਜਿਸਨੇ ਲੋਕਾਂ ਵਿਚ ਇਕ ਮੁੱਠ ਹੋਣ ਦੀ ਤੇਜਸਵੀ ਰੁਚੀ ਖਤਮ ਕਰ ਦਿੱਤੀ ਸੀ ਅਤੇ ਬਾਹਰੋਂ ਆ ਰਹੇ ਹਮਲਾਵਰਾਂ ਦੇ ਜ਼ੁਲਮ ਵਿਰੁੱਧ ਡੱਟ ਕੇ ਖਲੋਣ ਦਾ ਸਾਹਸ ਹੀ ਖਤਮ ਕਰ ਦਿੱਤਾ ਸੀ। ਸਮੇ ਦੀ ਮੰਗ ਇਹ ਸੀ ਕਿ ਲੋਕਾਂ ਨੂੰ ਇਸ ਨਿਰਾਸ਼ਾਵਾਦੀ ਤੇ ਸਮਾਜਕ ਜ਼ਿੰਮੇਵਾਰੀਆਂ ਤੋਂ ਅਵੇਸਲੇ ਰਹਿਣ ਵਾਲੀਆਂ ਰੁਚੀਆਂ ਨੂੰ ਹਲੂਣਾ ਦੇ ਕੇ ਅਪਸਾਰਵਾਦੀ ਖ਼ੁਦ-ਮਸਤੀ ਦੀ ਨਿੰਦਰਾ ਤੋਂ ਜਗਾਇਆ ਜਾਵੇ ਕਿਉਂਕਿ ਇਨ੍ਹਾਂ ਹੀ ਢਾਊ ਰੁਚੀਆਂ ਨੇ ਕੌਮ ਤੇ ਦੇਸ਼ ਨੂੰ ਨਿਰਜੀਵ

ਤੇ ਨਿਕਾਰਾ ਬਣਾਇਆ ਹੋਇਆ ਸੀ।

ਭਾਰਤ ਵਿਚ ਬਹੁਤ ਸਾਰੇ ਹਿੰਦੂ, ਬੋਧੀ ਤੇ ਜੈਨ ਧਰਮਾਂ ਦੇ ਸਿਧਾਂਤ ਅਧਿਆਤਮਕ ਤੇ ਰਹੱਸਵਾਦੀ ਪੱਧਰ ਉਤੇ ਇਕ ਦੂਸਰੇ ਦੇ ਅਤਿ ਨੇੜੇ ਹੋ ਜਾਂਦੇ ਹਨ। ਪਰ ਸਮਾਜਕ ਪੱਧਰ ਉਤੇ ਉਨ੍ਹਾਂ ਵਿਚ ਸਮੁੰਦਰ ਜਿੱਡੀਆਂ ਵਿੱਥਾਂ ਸਨ। ਗੁਰੂ ਨਾਨਕ ਨੇ ਉਸ ਸਮੇਂ ਨਵੇਂ ਮਾਨਵਵਾਦੀ ਰਾਹ ਰੌਸ਼ਨ ਕੀਤੀ ਸਨ। ਉਹਨਾਂ ਦੇ ਮਾਨਵਵਾਦੀ ਸਿਧਾਂਤਾਂ ਨੇ ਸਭ ਧਰਮਾਂ, ਕੌਮਾਂ ਅਤੇ ਜਾਤੀਆਂ ਨੂੰ ਇਕ ਹੋਣ ਦਾ ਹੋਕਾ ਦਿੱਤਾ। ਗੁਰੂ ਨਾਨਕ ਨੇ ਦ੍ਰਿਸ਼ਟਮਾਨ ਹੋਂਦ ਦੇ ਢਾਂਚੇ ਨੂੰ ਭੁਲੇਖਾ ਜਾਂ ਸੁਪਨਾ ਜਾਂ ਅਸੱਤ ਕਹਿ ਕੇ ਰੱਦ ਨਹੀਂ ਕੀਤਾ। ਨਾਨਕ-ਬਾਣੀ ਵਿਚ ਮਨੁੱਖੀ ਜੀਵਨ ਦੇ ਦੋ ਆਧਾਰ ਦੱਸੇ: ਇਹ ਲੋਕ ਅਤੇ ਪਰਲੋਕ। ਪਰਮਾਤਮਾ ਦੀ ਪ੍ਰਾਪਤੀ ਮਾਨਵਵਾਦੀ ਰਾਹਾਂ ਤੇ ਤੁਰ ਕੇ ਹੀ ਹੋ ਸਕਦੀ ਹੈ। ਜ਼ਿੰਦਗੀ ਗਤੀਸ਼ੀਲ ਕਰਮ-ਖੇਤਰ ਹੈ। ਇਸਦੇ ਅੰਦਰ ਕਰਮ ਨਾ ਕਰਨ ਦੀ ਗੱਲ ਨਿਰਾਰਥਕ ਹੈ। ਵਾਸਤਵਿਕ ਚੋਣ 'ਸਚਿਆਰ' ਹੋਣ ਦੀ ਚੋਣ ਹੈ। ਉਦਮ ਉਚਾ ਚੜ੍ਹਨ ਲਈ ਹੀ ਕਰਨਾ ਪੈਂਦਾ ਹੈ, ਡਿੱਗਣ ਲਈ ਉਦਮ ਕਰਨ ਦੀ ਲੋੜ ਨਹੀਂ ਪੈਂਦੀ। 'ਉਦਮ ਕਰੇਦਿਆਂ ਜੀਉ ਤੂੰ।' ਇਹ-ਲੋਕ ਵਿਚ ਮਨੁੱਖ ਸੱਚਾ, ਮਾਨਵਵਾਦੀ ਕਰਮ ਕਰੇਗਾ ਤਾਂ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕੇਗੀ। ਨਾਨਕ ਬਾਣੀ ਇਹ-ਲੋਕ ਨੂੰ ਨਕਾਰਦੀ ਨਹੀਂ ਬਲਕਿ ਇਸਨੂੰ ਮਾਨਵਵਾਦੀ ਬਣਾਉਂਦੀ ਹੈ।

ਮੱਧਕਾਲੀਨ ਸੰਤ( ਹਿੰਦੂ ਮਤ, ਜੋਗ-ਮਤ, ਜੈਨ-ਮਤ ਆਦਿ ਦੇ ਸੰਤ) ਆਮ ਤੌਰ ਤੇ ਮੁਖ ਰੂਪ ਵਿਚ ਅਧਿਆਤਮਕ ਸਾਧਨਾ ਵਿਚ ਹੀ ਸੰਲਗਨ ਰਹੇ ਅਤੇ ਭਾਰਤ ਦੇ ਉਸ ਸਮੇਂ ਦੇ ਸੰਤ-ਕਵੀਆਂ ਦੀ ਬਹੁ-ਗਿਣਤੀ ਸੰਪੂਰਣ ਲੌਕਿਕ ਜੀਵਨ ਦੇ ਪ੍ਰਤੀ ਵਿਆਪਕ ਵਿਰੱਕਤੀ ਦੀ ਭਾਵਨਾ ਰੱਖਦੀ ਸੀ। ਪਰੰਤੂ ਗੁਰੂ ਨਾਨਕ ਦੇਵ ਭਗਤੀ-ਯੁੱਗ ਦੇ ਉਨ੍ਹਾਂ ਥੋੜੇ ਜਿਹੇ ਕਵੀਆਂ ਵਿਚੋਂ ਸਨ, ਜਿਹਨਾਂ ਵਿਚ ਅਧਿਆਤਮਕ ਸਾਧਨਾ ਵਿਚ ਸਲੰਗਨ ਰਹਿੰਦਿਆਂ ਹੋਇਆਂ ਵੀ ਲੋਕ-ਤਿਆਗ ਦੀ ਭਾਵਨਾ ਇਤਨੀ ਪ੍ਰਬਲ ਨਹੀਂ ਹੋਣੀ ਕਿ ਉਹ ਲੌਕਿਕ ਜੀਵਨ ਤੋਂ ਅਪਸਾਰ ਗ੍ਰਹਿਣ ਕਰਨ ਦੇ ਧਾਰਨੀ ਹੋ ਗਏ ਹੋਣ। ਗੁਰੂ ਨਾਨਕ ਨੇ ਸਮਾਜਿਕ ਜੀਵਨ ਤੋਂ ਬਿਲਕੁਲ ਵਖਰੇ ਹੋ ਕੇ ਅਧਿਆਤਮਕ ਸਾਧਨਾ ਵਿਚ ਸਲੰਗਨ ਰਹਿਣ ਨੂੰ ਨਾ-ਪਸੰਦ ਕੀਤਾ ਅਤੇ ਜਗਤ ਦੇ ਲੋਕ-ਜੀਵਨ ਨਾਲ ਇਕ ਸੁਰ ਹੁੰਦਿਆਂ ਹੋਇਆਂ ਵੀ ਉਸ ਤੋਂ ਵਿਰੱਕਤ ਰਹਿਣ ਦੀ ਧਾਰਣਾ ਉਤੇ ਜ਼ੋਰ ਦਿੱਤਾ ਹੈ। ਗੁਰੂ ਸਾਹਿਬ ਦੀਆਂ ਹੇਠ ਲਿਖੀਆਂ ਪੰਕਤੀਆਂ ਉਨ੍ਹਾਂ ਦੇ ਇਸ ਦ੍ਰਿਸ਼ਟੀਕੋਣ ਨੂੰ ਭਲੀ

ਭਾਂਤ ਸਪਸ਼ਟ ਕਰਦੀਆਂ ਹਨ:

> ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈਸਾਣੇ ।।
> ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ ।।[1]

ਗੁਰੂ ਨਾਨਕ ਸਾਹਿਬ ਦੇ ਯੁੱਗ ਦੇ ਸੰਪੂਰਣ ਸਮਾਜਿਕ ਜੀਵਨ ਵਿਚ ਧਰਮ ਦੇ ਆਲੇ ਦੁਆਲੇ ਲਪੇਟੇ ਹੋਏ ਅਮਾਨਵੀ ਤੱਤਾਂ ਤੇ ਇਤਨਾ ਵਿਸ਼ਾਲ ਪਿੜ ਮੱਲਿਆ ਹੋਇਆ ਸੀ ਕਿ ਸਮਾਜਿਕ ਜੀਵਨ ਦੇ ਹੋਰ ਸਾਰੇ ਪੱਖ ਕਿਸੇ ਨਾ ਕਿਸੇ ਰੂਪ ਵਿਚ ਇਸਦੀ ਵਲਗਣ ਵਿਚ ਹੀ ਆ ਜਾਂਦੇ ਸਨ। ਇਸੇ ਲਈ ਗੁਰੂ ਸਾਹਿਬ ਨੇ ਧਰਮ ਦੇ ਮਾਨਵਵਾਦੀ ਆਧਾਰਾਂ ਨੂੰ ਸਮਾਜਿਕ ਜੀਵਨ ਵਿਚ ਵਿਹਾਰਕ ਪੱਧਰ ਤੇ ਲਾਗੂ ਕਰਨ ਦੇ ਉਪਰਾਲੇ ਕੀਤੇ।

> ਗੁਰੂ ਨਾਨਕ ਦੇ ਜਨਮ ਤੋਂ ਕੇਵਲ ਤੇਰਾਂ ਸਾਲ ਪਹਿਲਾਂ(1456) ਵਿਸ਼ਵ-ਇਤਿਹਾਸ ਵਿਚ ਇਕ ਵੱਡੀ ਘਟਨਾ ਇਹ ਵਾਪਰੀ ਕਿ ਤੁਰਕਾਂ ਨੇ ਕਸਤੁਨਤਨੀਆਂ ਉਤੇ ਕਬਜ਼ਾ ਕਰਕੇ ਈਸਾਈਆਂ ਦੇ ਸਭ ਤੋਂ ਵੱਡੇ ਗੜ੍ਹਾਂ ਵਿਚੋਂ ਇਕ ਨੂੰ ਢਾਹ ਦਿੱਤਾ। ਇਸ ਤਰ੍ਹਾਂ ਈਸਾਈਆਂ ਦੇ ਯੂਨਾਨੀ ਚਰਚ ਦਾ ਸਫ਼ਾਇਆ ਹੋ ਗਿਆ। ਇਥੋਂ ਦੇ ਕਲਾਕਾਰ, ਵਿਗਿਆਨੀ ਤੇ ਲੇਖਕ ਭੱਜ ਕੇ ਯੂਰਪ ਦੇ ਕਈ ਦੇਸ਼ਾਂ ਵਿਚ ਫੈਲ ਗਏ ਅਤੇ ਇਸ ਤਰ੍ਹਾਂ ਗੁਰੂ ਨਾਨਕ ਦੇ ਸਮੇਂ ਵਿਚ ਹੀ ਯੂਰਪ ਵਿਚ ਜਾਗ੍ਰਤੀ ਦੀ ਲਹਿਰ ਚੱਲੀ ।[2]

---

1. ਸਿਧ ਗੋਸ਼ਟ -ਮਹਲਾ ੧, ਪੰਨਾ-938
2. ਯੂਰਪ ਵਿਚ ਪੁਨਰ-ਜਾਗ੍ਰਤੀ ਦੀ ਲਹਿਰ ਤੇ ਭਾਰਤ ਵਿਚ ਭਗਤੀ ਲਹਿਰ ਇਕੋ ਯੁੱਗ ਦੀ ਉਪਜ ਹਨ। ਕ੍ਰਮ ਅਨੁਸਾਰ ਇਨ੍ਹਾਂ ਲਹਿਰਾਂ ਦੇ ਅੰਤਰਗਤ ਹੀ ਯੂਰਪ ਵਿਚ ਪ੍ਰੋਟੈਸਟੈਂਟਵਾਦ ਅਤੇ ਭਾਰਤ ਵਿਚ ਨਾਨਕਵਾਦ(ਸਿੱਖੀ) ਬਿਲਕੁਲ ਇਕੋ ਹੀ ਸਮੇਂ ਹੋਂਦ ਵਿਚ ਆਏ। ਜਦ ਮਾਰਟਨ ਲੂਥਰ ਜਰਮਨੀ ਵਿਚ ਪੋਪ ਦੇ ਵਿਰੁੱਧ ਪ੍ਰੋਟੈਸਟੈਂਟ ਦਾ ਝੰਡਾ ਝੁਕਾ ਰਿਹਾ ਸੀ(1517) ਠੀਕ ਉਨ੍ਹਾਂ ਹੀ ਸਾਲਾਂ ਵਿਚ ਏਧਰ ਗੁਰੂ ਨਾਨਕ ਸਮਾਜਕ ਕੁਰੀਆਂ, ਬ੍ਰਾਹਮਣਵਾਦ,ਪਾਖੰਡ ਅਤੇ ਧੱਕੇਸ਼ਾਹੀ ਵਿਰੁੱਧ ਲੋਕਾਂ ਵਿਚ ਜਾਗ੍ਰਤੀ ਲਿਆਉਣ ਲਈ ਚੁਹੀਂ ਚੱਕਾਂ ਵਿਚ ਘੁੰਮ ਰਿਹਾ ਸੀ।

   (ਆਲੋਚਨਾ, ਗੁਰੂ ਨਾਨਕ ਅੰਕ, 1969,ਪੰਨਾ-143)

ਗੁਰੂ ਨਾਨਕ ਦਾ ਯੁੱਗ ਰਾਜਸੀ ਤੌਰ ਤੇ ਅਸ਼ਾਂਤੀ ਦਾ ਯੁੱਗ ਸੀ, ਧਾਰਮਿਕ ਤੌਰ ਤੇ ਮਜ਼ਹਬੀ ਖਿਚੋਤਾਣ ਦਾ ਬੋਲਬਾਲਾ ਸੀ, ਆਰਥਿਕ ਮੰਦਹਾਲੀ ਦੀ ਸਥਿਤੀ ਸੀ, ਸਮਾਜਿਕ ਤੌਰ ਤੇ ਸਮਾਜ ਵਹਿਮਾਂ, ਭਰਮਾਂ, ਤੇ ਭੇਖਾਂ ਵਿਚ ਫਸਿਆ ਹੋਇਆ ਸੀ। ਤੇ ਸਭਿਆਚਾਰਕ ਤੌਰ ਤੇ ਲੋਕ ਮਾਯੂਸ ਸਨ। ਗੁਲਾਮੀ, ਨਿਰਾਸ਼ਾ, ਗਰੀਬੀ ਤੇ ਮੁਰਦਨੀ ਛਾਈ ਹੋਈ ਸੀ। ਗੁਰੂ ਨਾਨਕ ਨੇ ਆਪਣੇ ਜੀਵਨ ਤੇ ਰਚਨਾ ਰਾਹੀਂ ਰਾਜਸੀ ਜ਼ੁਲਮ ਦੇ ਵਿਰੁੱਧ ਜੋਰਦਾਰ ਆਵਾਜ਼ ਉਠਾਈ, ਧਰਮੀ ਤੇ ਅਸਲੀ ਅਰਥਾਂ ਨੂੰ ਸਮਝਾਇਆ, ਸਮਾਜਿਕ ਵਹਿਮਾਂ ਤੇ ਭਰਮਾਂ ਨੂੰ ਤਿਆਗਣ ਲਈ ਕਿਹਾ ਅਤੇ ਸਭਿਆਚਾਰਕ ਸੰਦਰਭ ਵਿਚ ਪੰਜਾਬ ਦੀ ਲੋਕ-ਬੋਲੀ ਪੰਜਾਬੀ ਨੂੰ ਕਵਿਤਾ ਦਾ ਮਾਧਿਅਮ ਬਣਾਇਆ। ਗੁਰੂ ਨਾਨਕ ਨੇ ਜੀਵਨ ਦੇ ਹਰ ਖੇਤਰ ਵਿਚ ਇਨਕਲਾਬ ਲਿਆਂਦਾ।

> ਅਜਿਹੇ ਸਮੇਂ ਗੁਰੂ ਨਾਨਕ ਦੇ ਮਾਨਵਵਾਦੀ ਦ੍ਰਿਸ਼ਟੀਕੋਣ ਨੇ ਮਾਨਵੀ ਕੀਮਤਾਂ ਨੂੰ ਠਾਹਰ ਪਹੁੰਚਾਈ। ਫਰੈਡਰਿਕ ਪਿੰਕਾਟ ਹਿੰਦੂ ਵਿਚਾਰਧਾਰਾ ਦੇ ਇਤਿਹਾਸਕ ਵਿਕਾਸ ਦਾ ਸਰਵੇਖਣ ਕਰਨ ਪਿਛੋਂ ਕਹਿੰਦਾ ਹੈ: 'ਖੈਤ ਵਿਚਾਰ ਪੂਜਾ ਅਰਚਾ ਦੀਆਂ ਵਿਧੀਆਂ ਅਤੇ ਇਨ੍ਹਾਂ ਨਾਲ ਸੰਬੰਧਿਤ ਵਿਚਾਰ ਪ੍ਰਣਾਲੀਆਂ ਲਈ ਵੀ ਬੜੇ ਜਟਲ ਤੇ ਵਿਰੋਧੀ ਜਾਪਣ ਲੱਗੇ ਅਤੇ ਉਨ੍ਹਾਂ ਇਨ੍ਹਾਂ ਦੇ ਸਪਸ਼ਟੀਕਰਣ, ਸਮਝੌਤੇ-ਬਾਜ਼ੀ ਤੇ ਵਿਚਾਰਾਂ ਦੇ ਧੁੰਦਲੇ ਮਿਲਗੋਭੇ ਨੂੰ ਸਕੀਮ ਬੱਧ ਕਰਨ ਦੀ ਸੋਚੀ ਜਿਹੜਾ ਕਿ ਜੰਗਲੀ ਉਪਜ ਵਾਂਗ ਉੱਗ ਪਿਆ ਸੀ।[1]

ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ: ਅਜਿਹੀ ਸਥਿਤੀ ਵਿਚ ਗੁਰੂ ਨਾਨਕ ਨੇ ਹੀ ਸੱਚਾ ਆਗੂ ਬਣ ਕੇ ਲੋਕਾਂ ਨੂੰ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਸੁਚੇਤ ਕਰਵਾਇਆ। ਗੁਰੂ ਨਾਨਕ ਸਮੇਂ ਦਾ ਸਮਾਜ ਜਿਨ੍ਹਾਂ ਰੋਗਾਂ ਨਾਲ ਗ੍ਰਸਿਆ ਹੋਇਆ ਸੀ, ਉਹਨਾਂ ਵਿਚੋਂ ਇਕ ਵੱਡਾ ਰੋਗ ਭੇਖਦਾ, ਪਾਖੰਡ ਜਾਂ ਦੰਭ ਦਾ ਸੀ। ਸੱਚ ਦੀ ਪ੍ਰਾਪਤੀ ਮਨੁੱਖ ਦਾ ਉਦੇਸ਼ ਹੈ। ਈਸ਼ਵਰ ਦੀ ਪ੍ਰਾਪਤੀ ਹੋਣ ਤੋਂ ਪਹਿਲਾਂ, ਮਨੁੱਖ

---

1. Frederic Pincott, The Sikh Religion, P-79

ਨੂੰ ਮਾਨਵਵਾਦੀ ਬਣਨਾ ਪਵੇਗਾ। ਮਾਨਵਵਾਦੀ ਬਣਨ ਲਈ ਅਜਿਹੇ ਮਾਰਗ ਉਪਰ ਤੁਰਨਾ ਪੈਂਦਾ ਹੈ, ਜਿਸ ਵਿਚ ਮਨੁੱਖੀ ਵਾਸ਼ਨਾਵਾਂ ਦੀ ਭਟਕਣ ਨੂੰ ਲਗਾਮ ਦੇਣੀ ਪੈਂਦੀ ਹੈ, ਜਿਥੇ ਸੁਆਰਥ ਦੀ ਭਾਵਨਾ ਨੂੰ ਪਰਮਾਰਥ ਵਿਚ ਬਦਲਣਾ ਪੈਂਦਾ ਹੈ; ਜਿਥੇ ਉਹ ਕੁਝ ਪ੍ਰਾਪਤ ਕਰਨਾ ਪੈਂਦਾ ਹੈ ਜਿਹੜਾ ਆਮ ਕੇ ਹੋਰਨਾਂ ਦੇ ਕੰਮ ਆਉਣ ਲਈ ਦਿੱਤਾ ਜਾ ਸਕੇ। ਜਿਥੇ ਅੰਦਰਲੇ ਨੂੰ ਉਜਲ ਕਰਕੇ ਬਾਹਰਲਾ ਪ੍ਰਕਾਸ਼ਿਆ ਜਾਵੇ। ਸੱਚ ਦੀ ਪ੍ਰਾਪਤੀ ਲਈ, ਆਦਰਸ਼ਕ ਸਮਾਜ ਦੀ ਸਿਰਜਣਾ ਲਈ, ਪ੍ਰਾਣੀ ਮਾਤਰ ਦੇ ਕਲਿਆਣ ਲਈ ਗੁਰੂ ਨਾਨਕ ਨੇ ਉਸ ਸਮੇਂ ਮਾਨਵਵਾਦੀ ਦ੍ਰਿਸ਼ਟੀਕੋਣ ਪ੍ਰਸਾਰਿਆ।

(ਅ) <u>ਅਮਾਨਵੀ ਕੀਮਤਾਂ ਤੋਂ ਮਾਨਵੀ ਕੀਮਤਾਂ ਵੱਲ:</u>

> ਆਦਿ ਬੀੜ ਦਾ ਸਮਾਜਿਕ ਸਦਾਚਾਰ ਦੇ ਪੱਖੋਂ ਅਧਿਐਨ ਕਰਦਿਆਂ ਸਭ ਤੋਂ ਪ੍ਰਮੁੱਖ ਗੱਲ ਜੋ ਦ੍ਰਿਸ਼ਟੀਗੋਚਰ ਹੁੰਦੀ ਹੈ, ਉਹ ਇਹ ਹੈ ਕਿ ਗੁਰੂ ਸਾਹਿਬਾਨ ਦਾ ਸਮਾਜਿਕ ਸਦਾਚਾਰ ਦਾ ਸੰਕਲਪ ਤੇ ਧਰਮ ਦਾ ਸੰਕਲਪ ਦੋ ਅੱਡ ਅੱਡ ਚੀਜ਼ਾਂ ਨਹੀਂ ਹਨ। ਧਰਮ ਤੇ ਸਦਾਚਾਰ ਇਕ ਦੂਜੇ ਵਿਚ ਓਤ ਪੋਤ ਪਏ ਹਨ। ਧਰਮ ਨੂੰ ਨਿਰੋਲ ਅਧਿਆਤਮਕਤਾ ਨਾਲ ਜੋੜਨਾ ਸਾਡੀ ਭੁੱਲ ਹੈ, ਧਰਮ ਅਸਲ ਵਿਚ ਮਾਨਵੀ ਕਰਤਵਾਂ ਦੀ ਸੋਝੀ ਦਾ ਗਿਆਨ ਹੋਣਾ ਹੈ, ਇਹ ਸੋਝੀ ਸਮਾਜਿਕ ਸਦਾਚਾਰ ਦੁਆਰਾ ਹੁੰਦੀ ਹੈ। ਗੁਰੂ ਨਾਨਕ ਸਾਹਿਬ ਨੇ ਪਹਿਲੀ ਵਾਰ ਧਰਮ ਤੇ ਸਦਾਚਾਰ ਨੂੰ ਇਕ ਲੜੀ ਵਿਚ ਪਰੋ ਦਿੱਤਾ ਜਿਸਦਾ ਅਮਲੀ ਪ੍ਰਮਾਣ ਉਹਨਾਂ ਆਪਣੇ ਜੀਵਨ ਰਾਹੀਂ ਦਿੱਤਾ ਤੇ ਉਨ੍ਹਾਂ ਦੇ ਬਾਕੀ ਨੌਂ ਰੂਪਾਂ ਨੇ ਵੀ ਇਸੇ ਸੰਕਲਪ ਨੂੰ ਆਪਾ ਵਾਰ ਕੇ ਦ੍ਰਿੜ ਕਰਾਇਆ। ਮਨੁੱਖ ਦੀ ਰੂਹਾਨੀ ਆਕਾਂਖਿਆ ਇਸ ਸਮਾਜ ਦਾ ਇਕ ਕੁਦਰਤੀ ਅੰਗ ਹੈ ਤੇ ਇਸਦੀ ਪ੍ਰਾਪਤੀ ਜਾਂ ਸਾਧਨਾ ਸਮਾਜਿਕ ਸਦਾਚਾਰ ਦਾ ਹੀ ਇਕ ਅੰਗ ਹੈ।[1]

---

1. ਡਾ. ਕੁਲਬੀਰ ਸਿੰਘ ਕਾਂਗ, "ਸਦਾਚਾਰ ਦਾ ਸੰਕਲਪ" ਪੰਜਾਬੀ ਦੁਨੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਜਨਵਰੀ-ਫਰਵਰੀ, ਮਾਰਚ 1988, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ-52

ਨਾਨਕ-ਬਾਣੀ ਵਿਚ ਅਮਾਨਵੀ ਕੀਮਤਾਂ ਦਾ, ਅਮਾਨਵੀ ਮਨੁੱਖੀ-ਸਥਿਤੀਆਂ ਦਾ ਖੰਡਨ ਕਰਕੇ ਮਾਨਵੀ ਰਾਹਾਂ ਦੀ ਉਚੱਤਾ ਵੱਲ ਮਨੁੱਖ ਨੂੰ ਪ੍ਰੇਰਿਆ। ਇਸ ਸੰਦਰਭ ਵਿਚ ਡਾ. ਹਰਿਭਜਨ ਸਿੰਘ ਲਿਖਦੇ ਹਨ:

> ਪਰ ਜਿਥੇ ਜਿਥੇ ਮਾਨਵੀ-ਭਾਵ ਨੂੰ ਪ੍ਰਗਟ ਹੋਣ ਦਾ ਮੌਕਾ ਮਿਲਿਆ ਹੈ, ਉਸਦੀ ਖਿਲਤੀ ਦਾ ਅਧਿਐਨ ਵੀ ਉਚਿਤ ਪ੍ਰਤੀਤ ਹੁੰਦਾ ਹੈ। ਨਾਨਕ-ਬਾਣੀ ਦੀ ਪ੍ਰਚੰਡ ਮਾਨਵਤਾ ਉਹਨਾਂ ਮਾਨਵ-ਸਥਿਤੀਆਂ ਨਾਲ ਸੰਬੰਧਿਤ ਹੈ, ਜਿਥੇ ਮਨੁੱਖ ਤੋੜਣ-ਜੋਗ ਜਾਂ ਖੰਡਣ-ਜੋਗ ਹੈ। ਨਾਨਕ ਬਾਣੀ ਵਿਚ ਮਨੁੱਖ ਨਾਇਕ ਵਰਜਿਤ ਹੈ, ਪਰ ਮਨੁੱਖ ਖਲ-ਨਾਇਕ ਨੂੰ ਪ੍ਰਗਟ ਹੋਣ ਦਾ ਮੌਕਾ ਮਿਲਦਾ ਹੀ ਰਿਹਾ ਹੈ। ਨਾਨਕ-ਬਾਣੀ ਵਿਚ ਸਿਫ਼ਤ-ਸਲਾਹ ਇਕ ਸੱਚੇ ਸਾਹਿਬ ਦੀ ਹੋਣੀ ਹੈ ਅਤੇ ਖੰਡਣ-ਤੋੜਣ ਨਿੰਦਨੀ-ਮਾਨਵ ਜਾਂ ਮਾਨਵ-ਸਥਿਤੀਆਂ ਦਾ।[1]

ਉਸ ਸਮੇਂ ਦੇ ਸਮਾਜ ਵਿਚ ਫੈਲੇ ਹੋਏ ਗੈਰ-ਮਾਨਵਵਾਦੀ ਅੰਸ਼ਾਂ ਦੀ ਚਰਚਾ ਗੁਰੂ ਸਾਹਿਬ ਨੇ 'ਆਸਾ ਦੀ ਵਾਰ' ਬਾਣੀ ਵਿਚ ਵਿਸਤ੍ਰਿਤ ਰੂਪ ਵਿਚ ਕੀਤੀ ਹੈ। ਇਸ ਬਾਣੀ ਵਿਚ ਬ੍ਰਾਹਮਣਵਾਦ ਦੀ ਸੰਕੀਰਣਤਾ ਦਾ ਡੱਟ ਕੇ ਵਿਰੋਧ ਕੀਤਾ ਗਿਆ ਹੈ, ਹਰ ਕਿਸਮ ਦੇ ਧਾਰਮਿਕ ਪਾਖੰਡਾਂ ਨੂੰ ਬੇਪਰਦਾ ਕੀਤਾ। ਅਖੌਤੀ ਪੰਡਤਾਂ ਦੀਆਂ ਕੁਰੀਤੀਆਂ ਦਾ ਪਾਜ ਖੋਹਲਿਆ ,ਦੇਵੀ, ਦੇਵਤਿਆਂ, ਅਵਤਾਰਾਂ, ਪੀਰਾਂ, ਪੈਗੰਬਰਾਂ ਮੜ੍ਹੀ-ਮਸਾਣੀ, ਵੇਦ-ਪੁਰਾਣਾਂ ਦੀ ਅੰਧਾ-ਧੁੰਦ ਪੂਜਾ ਦੇ ਵਿਰੋਧ ਵਿਚ ਆਵਾਜ਼ ਬੁਲੰਦ ਕੀਤੀ। ਹਰ ਭਾਂਤ ਤੇ ਵਿਖਾਵੇ ਦੇ ਬੁਰਕੇ ਨੂੰ ਪਾੜ ਕੇ, ਸੱਚ ਦੇ ਚਿਹਰਾਂ ਨੂੰ ਉਦੈਮਾਨ ਕੀਤਾ। ਡਾ. ਦੇਵਿੰਦਰ ਦੀਪ ਅਨੁਸਾਰ:

> ਸ੍ਰੇਸ਼ਟ ਪਹਿਰਾਵਾ ਪਹਿਨ ਲੈਣ ਨਾਲ ਹੀ ਮਨੁੱਖ ਸ੍ਰੇਸ਼ਟ ਨਹੀਂ ਬਣ ਜਾਂਦਾ। ਸ੍ਰੇਸ਼ਟ ਉਹ ਹੈ ਜਿਸਦਾ ਵਿਵਹਾਰ ਸ੍ਰੇਸ਼ਟ ਹੈ। ਬਾਹਰਲਾ ਸਰੇਸ਼ਟ ਪਹਿਰਾਵਾ ਜਦ ਅੰਦਰ ਦੀ ਮੈਲ ਨੂੰ ਢਕਣ ਲਈ ਪਹਿਨਿਆ ਜਾਂਦਾ ਹੈ ਜਾਂ ਬਾਹਰਲੇ ਭੇਸ ਨੂੰ ਅੰਦਰ

---

1. ਡਾ. ਹਰਿਭਜਨ ਸਿੰਘ ,ਅਧਿਐਨ ਅਤੇ ਅਧਿਆਪਨ, ਪੰਨਾ-146

ਹੀ ਹਵਸ ਦਾ ਸਾਧਨ ਬਣਾਇਆ ਜਾਂਦਾ ਹੈ ਤਾਂ ਉਹ ਸਮਾਜ-ਮਹੌਲ ਦੀਆਂ ਨੀਹਾਂ ਨੂੰ ਖੋਖਲਿਆਂ ਕਰਦਾ ਹੈ। ਹੋਰ ਦੀਆਂ ਧੀਆਂ ਭਾਵੇਂ ਸਹੇਲੀ ਨਾਲ ਆਪਣੀ ਸਜਾਵਟ ਦਾ ਪ੍ਰਭਾਵ ਪਾ ਲੈਣ ਪਰ ਉਹ ਕਿਸੇ ਵੇਲੇ ਵੀ ਫਿਰ ਕੇ ਨਿਖੁੱਟ ਹੋ ਸਕਦੀਆਂ ਹਨ ਤੇ ਕਈਆਂ ਦਾ ਘਾਤ ਕਰ ਸਕਦੀਆਂ ਹਨ। ਗੁਰੂ ਨਾਨਕ ਦੇਵ ਦੇ ਸਮੇਂ ਦਾ ਸਮਾਜਕ ਢਾਂਚਾ ਕੁਝ ਇਹੋ ਜਿਹੀਆਂ ਰੇਤਲੀਆਂ ਦੀਵਾਰਾਂ ਵਾਲਾ ਹੀ ਦਿਖਾਵਾ ਸੀ।[1]

ਗੁਰੂ ਨਾਨਕ ਨੇ ਉਸ ਸਮੇਂ ਸ਼ਕਤੀਸ਼ਾਲੀ ਅੰਦੋਲਨ ਚਲਾਇਆ। ਉਹਨਾਂ ਦੇ ਹੇਠ ਲਿਖੇ ਵਿਚਾਰ ਦੁਰਾਚਾਰੀ ਧਾਰਮਿਕ ਆਗੂਆਂ ਦੀ ਝੂਠੀ ਸ੍ਰੇਸ਼ਟਤਾ ਨੂੰ ਨੀਂਹ ਤੋਂ ਉਖਾੜ ਰਹੇ ਦਿਖਾਈ ਦੇ ਰਹੇ ਹਨ:

ਕਾਦੀ ਕੂੜੁ ਬੋਲਿ ਮਲੁ ਖਾਇ ।ਬ੍ਰਾਹਮਣ ਨਾਵੈ ਜੀਆ ਘਾਇ ।।
ਜੋਗੀ ਜੁਗਤਿ ਨ ਜਾਣੈ ਅੰਧੁ ।ਤੀਨੇ ਉਜਾੜੇ ਕਾ ਬੰਧੁ ।।

(ਧਨਾਸਰੀ ਮਹਲਾ ੧, ਪੰਨਾ-662)

ਗੁਰੂ ਨਾਨਕ ਨੇ ਦੁਨੀਆਂ ਵਿਚ, ਸਮਾਜ ਵਿਚ, ਰਹਿੰਦੇ ਹੋਏ ਉੱਚਾ-ਸੁੱਚਾ ਜੀਵਨ ਬਤੀਤ ਕਰਨ ਲਈ ਕਿਹਾ। ਮਾਨਵਵਾਦੀ ਕਰਮ ਕਰਨ ਲਈ ਪ੍ਰੇਰਿਤ ਕੀਤਾ। ਅਖ਼ਤਿਆਰ ਅਹਿਮਦ ਦੇ ਵਿਚਾਰ ਇਥੇ ਵਰਨਣਯੋਗ ਹਨ:

Guru Nanak never believed in celibacy and complete isolation from the world. He preached a life of rectitude and purity while being in the world. He worked for a long time in the Modikhana of Navab Daulat Khan Lodhi at Sultanpur. He proved to be a very much honest and efficient person. He would give away a large part of his earnings in charity to the needy and poor.[2]

---

1. ਡਾ.(ਮਿਸਿਜ਼)ਦੇਵਿੰਦਰ ਦੀਪ,"ਗੁਰੂ ਨਾਨਕ ਸਮੇਂ-ਭੇਖ ਰੋਗ:ਗੁਰਮਤਿ ਪ੍ਰਕਾਸ਼, ਅੰਕ-6, ਜਿਲਦ 27, ਸਤੰਬਰ 1983, ਪੰਨਾ 22-23

2. Akhtar Ahmad ORAINVI, "Symbol of Unity", Guru Nanak Publications Division, Govt. of India, 1969, P_159

ਗੁਰੂ ਨਾਨਕ ਨੇ ਅਮਾਨਵੀ ਵਾਤਾਵਰਣ ਨੂੰ ਮਾਨਵੀ ਬਣਾਉਣ ਲਈ ਰਾਹ ਦਰਸਾਇਆ। ਮਾਨਵਵਾਦੀ ਵਾਤਾਵਰਣ ਮਨੁੱਖ ਨੂੰ ਮਾਨਵਵਾਦੀ ਕਰਮ ਕਰਨ ਲਈ ਪ੍ਰੇਰਿਤ ਕਰਦਾ ਹੈ। ਇਸ ਪ੍ਰਸੰਗ ਵਿਚ ਡੀ:ਦਾਮੋਦਰਨ ਦੇ ਵਿਚਾਰ ਵਰਨਣਯੋਗ ਹਨ:

> It is through constant struggles to make his noh-human environment human that man moulds and remoulds his relations with other man in Society. Through Praxis man reshapes the world of which he forms a part. Man is a being of praxis, the self-creative activity by which he creates historically and socially his world and himself. Transformation of natural, social and historical reality by praxis involves the transformation of his own powers over nature, society, history, In the process of this transformation he creates not only nature, society and history, but his own essence, his very being. 1

ਮਾਨਵਵਾਦ ਮਨੁੱਖੀ ਸ਼ਖਸੀਅਤ ਦੀ ਸੰਪੂਰਨਤਾ ਬਣ ਜਾਂਦਾ ਹੈ। ਸਮਾਜ ਅਤੇ ਸੰਸਾਰ ਨੂੰ ਨੈਤਿਕ, ਸਦਾਚਾਰਕ ਬਣਾਉਣਾ ਮਨੁੱਖ ਦਾ ਉਦੇਸ਼, ਮਨੋਰਥ ਹੈ। ਇਸ ਪ੍ਰਕਾਰ ਸਭਿਆ-ਸਮਾਜ ਹੀ ਉਹ ਆਦਰਸ਼ ਹੈ ਜਿਹੜੀ ਜੀਵਨ ਦੇ ਸਨਮਾਨ ਵਿਚ ਉਪਜੀ ਹੁੰਦੀ ਹੈ। ਮਨੁੱਖ ਹੀ ਕੀਮਤਾਂ ਤੇ ਕਦਰਾਂ ਪੈਦਾ ਕਰਦਾ ਹੈ ਅਤੇ ਖੁਦ ਸਭ ਤੋਂ ਵੱਡੀ ਕੀਮਤ ਹੈ। ਮਨੁੱਖੀ ਸ਼ਖਸੀਅਤ ਮਾਨਵਵਾਦ ਵਿਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਉਚਾ-ਸੁੱਚਾ ਮਾਨਵੀ ਜੀਵਨ ਹੀ ਸਮਾਜ ਨੂੰ ਉੱਚਾ-ਸੁੱਚਾ ਬਣਾਵੇਗਾ ਅਤੇ ਇਸ ਪ੍ਰਕਾਰ ਮਾਨਵਵਾਦ ਦੇ ਸੰਕਲਪ ਦੀ ਪ੍ਰਾਪਤੀ ਹੋ ਸਕੇਗੀ।

ਗੁਰਬਾਣੀ ਆਪਣੇ ਆਪ ਨੂੰ ਰਵਾਇਤੀ ਅਤੇ ਰਹੱਸਮਈ ਦਰਸ਼ਨ ਤਕ ਹੀ ਸੀਮਿਤ ਨਹੀਂ ਰਖਦੀ ਸਗੋਂ ਸਮਕਾਲੀ ਧਾਰਮਿਕ ਵਿਚਾਰਾਂ ਅਤੇ ਵਿਸ਼ੇਸ਼ ਕਰ ਧਰਮਾਂ ਦੇ ਕਰਮ-ਕਾਂਡੀ ਪੱਖ ਦਾ

1. D.Damodaran, <u>Man And Society in Indian Philosophy</u>, People's Publishing House, Bombay, May 1970, P-55

> ਦਾ ਖੰਡਨ ਖਿੜ-ਖਿੜਾ ਕੇ ਕਰਦੀ ਹੈ। ਸੱਚੇ ਹਿੰਦੂ, ਸੱਚੇ ਮੁਸਲਮਾਨ ਦੀ ਪਰਿਭਾਸ਼ਾ ਰਾਹੀਂ ਅਸਲ ਮਨੁੱਖ ਬਣਨ ਦੀ ਪ੍ਰੇਰਨਾ ਦਿੰਦੀ ਹੈ। ਅਸਲ ਮਨੁੱਖ ਦਾ ਬਿੰਬ ਪੇਸ਼ ਕਰਦੀ ਹੈ, ਸਿਧਾਂਤਕ ਸਾਧਾਰਣੀਕਰਣ ਰਾਹੀਂ - ਇਹ ਕਰਮ ਕਾਂਡ ਦਾ ਸਥਾਨ ਕਰਮਕਾਂਡ ਨੂੰ ਨਹੀਂ ਦੇਂਦੀ। ਇੰਜ ਧਰਮ ਨੂੰ ਕਰਮ-ਕਾਂਡ ਤਕ, ਧਾਰਮਿਕ ਸਿਧਾਂਤ ਨੂੰ ਰੋਜ਼ਾਨਾ ਜੀਵਨ ਵਿਚ ਅਮਲ ਤਕ ਨਜਿੱਠ ਕੇ, ਗੁਰਬਾਣੀ ਸਮਾਜਕ ਗਿਆਨ-ਵਿਗਿਆਨ ਨਾਲ ਜਾ ਜੁੜਦੀ ਹੈ।[1]

ਨਾਨਕ-ਬਾਣੀ ਵਿਚ ਬਾਹਰੀ ਭੇਖਾਂ ਦੀ, ਕਰਮ-ਕਾਂਡਾਂ ਦੀ ਬੜੀ ਤੀਬਰਤਾ ਨਾਲ ਨਿਖੇਧੀ ਕੀਤੀ ਗਈ ਹੈ। ਡਾ. ਹਰਿਭਜਨ ਸਿੰਘ ਇਸ ਸੰਬੰਧ ਵਿਚ ਇਸ ਪ੍ਰਕਾਰ ਲਿਖਦੇ ਹਨ:

> ਨਾਨਕਬਾਣੀ ਨੇ ਮਾਨਵਤਾ ਦੀਆਂ ਤਰਸਯੋਗ ਸਥਿਤੀਆਂ ਅਤੇ ਪ੍ਰਵਿਰਤੀਆਂ ਦਾ ਵਰਣਨ ਜਿਸ ਤੀਬਰਤਾ ਨਾਲ ਕੀਤਾ ਹੈ, ਉਸ ਤੀਬਰਤਾ ਨਾਲ ਮਨੁੱਖ ਦੇ ਦੁੱਖ ਕਸ਼ਟ ਜਾਂ ਸੰਕਟ ਦਾ ਨਹੀਂ ਕੀਤਾ। ਨਾਨਕ-ਬਾਣੀ ਦੇ ਮਾਨਵ-ਵਰਣਨ ਦਾਪ੍ਰਧਾਨ ਸਵਰ ਰੋਸ ਜਾਂ ਕ੍ਰੋਧ ਹੈ, ਕਰੁਣਾ ਜਾਂ ਦਯਾ ਉਸਦੇ ਪ੍ਰਧਾਨ ਸਵਰ ਨਹੀਂ। ਕਾਰਣ, ਨਾਨਕ-ਬਾਣੀ ਦੀ ਦ੍ਰਿਸ਼ਟੀ ਮਾਨਵ ਦੀ ਪਾਪ-ਭਾਵਨਾ ਜਾਂ ਮੰਦ-ਕਰਮ ਉਪਰ ਹੈ, ਉਸਦੀ ਤ੍ਰਾਸਦ-ਸਥਿਤੀ ਉਪਰ ਨਹੀਂ। ਦੁਖ ਅਤੇ ਸੁਖ ਪਰਮਾਤਮਾ ਦੀ ਦਾਤ ਹੋਣ ਕਰਕੇ ਉਪੇਖਿਆ ਜੋਗ ਹਨ, ਪਾਪ-ਭਾਵਨਾ ਮਨੁੱਖ ਦੀ ਆਪਣੀ ਕਮਾਈ ਸਦਕਾ ਨਿੰਦਣਯੋਗ ਹੈ। ਨਾਨਕ-ਬਾਣੀ ਦੀ ਬੌਧਿਕ ਸਹਾਨੁ-ਭੂਤੀ 'ਨੀਚਾਂ' ਪ੍ਰਤੀ ਹੈ, ਪਰ ਭਾਵੁਕ ਪੱਧਰ ਉਪਰ ਨੀਚ ਜਾਤੀਆਂ ਵੀ ਮਨੁੱਖ ਦੇ ਪਾਪਾਂ,ਦੁਰਗੁਣਾਂ ਦੇ ਪ੍ਰਤੀਕ ਬਣ ਗਏ ਹਨ।[2]

---

1. ਕਿਰਪਾਲ ਸਿੰਘ ਆਜ਼ਾਦ, <u>ਗੁਰਬਾਣੀ ਇਨਕਲਾਬੀ ਹੈ ਕਿ...?</u>ਨਵੰਬਰ 1981 ਪੰਨਾ-22
2. ਡਾ. ਹਰਿਭਜਨ ਸਿੰਘ, <u>ਅਧਿਐਨ ਅਤੇ ਅਧਿਆਪਨ</u>, ਪੰਨਾ-148

ਗੁਰੂ ਨਾਨਕ ਨੇ ਸਮਾਜਕ ਰਸਮਾਂ, ਧਾਰਮਿਕ ਚਿੰਨ੍ਹਾਂ ਅਤੇ ਖੋਖਲੇ ਰੂਪਵਾਦ ਤੋਂ ਆਜ਼ਾਦ ਹੋ ਕੇ ਮਨੁੱਖੀ ਜੀਵਨ ਨੂੰ ਦੇਖਿਆ। ਹਿੰਦੂ ਧਰਮ ਦੇ ਕਰਮ-ਸਿਧਾਂਤ ਦੀ ਕਟੱੜਤਾ ਨੂੰ ਵੰਗਾਰਿਆ। ਮਾਨਸਿਕ ਗੁਲਾਮੀ ਅਤੇ ਜਿਲ੍ਹਣ ਵਾਲੀ ਅਵਸਥਾ 'ਚੋਂ ਨਿਕਲ ਕੇ ਸਵੈ-ਮਾਣ ਵਾਲਾ ਜੀਵਨ ਜਿਊਣ ਲਈ ਮਨੁੱਖਤਾ ਨੂੰ ਕਿਹਾ।[1]
ਗੁਰੂ ਨਾਨਕ ਨੇ ਪਾਖੰਡੀਆਂ, ਭੇਖੀ ਸੰਤਾਂ, ਕਰਮ-ਕਾਂਡੀਆਂ ਨੂੰ ਲਲਕਾਰ ਕੇ ਕਿਹਾ ਕਿ ਜਿਹੜੇ ਕਰਮ ਉਹ ਕਰਦੇ ਹਨ ਉਹ ਕਰਮ ਦੁਰਾਚਾਰੀ ਹਨ, ਸਦਾਚਾਰ ਤੋਂ ਸੱਖਣੇ ਹਨ ਅਤੇ ਕਰਮ-ਕਾਂਡੀ, ਭੇਖੀ ਧਰਮ ਦੀ ਦੁਹਾਈ ਦੇ ਰਹੇ ਹਨ:

ਸੁਣਿ ਪੰਡਿਤ ਕਰਮਾਕਾਰੀ ।
ਜਿਤੁ ਕਰਮਿ ਸੁਖੁ ਊਪਜੈ ਭਾਈ ।
ਸੁ ਆਤਮ ਤਤੁ ਬੀਚਾਰੀ। ਰਹਾਉ ।।
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ।।
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲ ਵਿਕਾਰੀ ।।
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ।।
(ਸੋਰਠਿ ਮਹਲਾ ੧, ਪੰਨਾ-635)

ਬ੍ਰਾਹਮਣ, ਬ੍ਰਹਮ-ਗਿਆਨ ਤੋਂ ਸੱਖਣੇ ਅਤੇ ਅੰਦਰੋਂ ਕਾਲੇ ਸਨ। 'ਸ਼ਕਲ ਮੋਮਨਾ ਕਰਤੂਤ ਕਾਫ਼ਰਾਂ' ਦੀ ਆਮ ਕਹਾਵਤ ਅਨੁਸਾਰ ਵੇਖਣ ਨੂੰ ਬਾਹਰੋਂ ਤਾਂ ਕੁਲੀਨ ਜਾਪਦੇ ਸਨ, ਪਰ ਅੰਦਰੋਂ ਮਲੀਨ ਮਨ। ਗੁਰੂ ਨਾਨਕ ਦੇਵ ਨੇ ਆਪ ਉਹਨਾਂ ਦੀ ਤਸਵੀਰ ਇਸ ਤਰ੍ਹਾਂ ਪ੍ਰਗਟਾਈ ਹੈ:

ਮਥੈ ਟਿਕਾ ਤੇੜਿ ਧੋਤੀ ਕਖਾਈ ।
ਹਥਿ ਛੁਰੀ ਜਗਤ ਕਸਾਈ ।।
(ਆਸਾ ਦੀ ਵਾਰ, ਮਹਲਾ ੧, ਪੰਨਾ-471)

ਢੋਂਗੀ ਸੂਰਤ ਇਕ ਅਜਿਹਾ ਅਵਗੁਣ ਹੈ, ਅਮਾਨਵੀ ਤੱਤ ਹੈ, ਜੋ ਮਾਨਵੀ ਗੁਣਾਂ ਨੂੰ ਕਲੰਕਿਤ ਕਰ ਦਿੰਦਾ ਹੈ। ਕੇਵਲ ਬਾਹਰਲੀ ਸੁਰੱਮਤਾ ਲਈ ਕੀਤੇ ਯਤਨ ਅਕਸਰ

---

1. ਜੇ ਜੀਵੈ ਪਤਿ ਲਥੀ ਜਾਇ
ਸਭੁ ਹਰਾਮੁ ਜੇਤਾ ਕਿਛੁ ਖਾਇ ।
(ਵਾਰ ਮਾਝ, ਮਹਲਾ ੧, ਪੰਨਾ-142)

ਅੰਦਰ ਨੂੰ ਕਾਲਾ ਹੀ ਕਰਦੇ ਹਨ, ਕਿਉਂਕਿ ਦਿਖਾਵੇ ਦੀ ਸੁਚੱਮਤਾ ਪਿੱਛੇ, ਭਾਵਨਾ ਚੰਗੀ ਨਹੀਂ ਹੁੰਦੀ। ਇਸੇ ਲਈ ਗੁਰੂ ਸਾਹਿਬ ਨੇ ਕਿਹਾ ਹੈ:-

ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲ ॥
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥

( ਵਾਰ ਆਸਾ ਮਹਲਾ ੧,ਪੰਨਾ-473)

ਸਮਾਜਿਕ ਜੀਵਨ ਵਿਚ ਫੈਲੇ ਹੋਏ ਦੰਭ ਅਤੇ ਕਪਟ ਨੂੰ ਗੁਰੂ ਨਾਨਕ ਨੇ ਬੜੇ ਜੋਰਦਾਰ ਸ਼ਬਦਾਂ ਵਿਚ ਬਿਆਨ ਕੀਤਾ ਹੈ, ਉਹਨਾਂ ਨੇ ਆਪਣੀ ਵਿਦਰੋਹੀ ਸੁਰ ਨੂੰ ਬੁਲੰਦ ਕੀਤਾ ਹੈ। ਉਹ ਹਰ ਪ੍ਰਕਾਰ ਦੇ ਦਿਖਾਵੇ ਅਤੇ ਪਾਖੰਡ ਦਾ ਪਾਜ ਉਘਾੜਦੇ ਹਨ। ਭਾਵੇਂ ਇਹ ਧਾਰਮਕ ਆਗੂਆਂ ਦਾ ਦੰਭ ਹੋਵੇ ਅਤੇ ਭਾਵੇਂ ਹਾਕਮ ਸ਼੍ਰੇਣੀ ਦਾ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਰਾਜਾ ਸ਼੍ਰੇਣੀ ਆਪਣੇ ਫਰਜ਼ ਤੋਂ ਬੇਮੁਖ ਹੋਣ ਕਾਰਣ ਨਿੰਦਣ-ਯੋਗ ਹੈ ਪਰ ਅਗਿਆਨ, ਕਪਟ, ਭੇਖ, ਦੰਭ ਵਿਚ ਫਸੀ ਹੋਈ 'ਰਯਤਿ' ਵੀ ਘੱਟ ਨਿੰਦਣਯੋਗ ਨਹੀਂ। ਝੂਠੀ ਸ਼ੁਹਰਤ ਨੂੰ ਹਾਸਲ ਕਰਨ ਲਈ ਲੋਕ ਅਜਿਹਾ ਭੇਖ ਕਰਦੇ ਹਨ ਜਿਸ ਨਾਲ ਸਰੀਰ ਨੂੰ ਕਸ਼ਟ ਹੁੰਦਾ ਸੀ। ਅਜਿਹਾ ਕਰਨ ਦਾ ਕੀ ਲਾਭ ? ਇਹ ਗੈਰ-ਮਾਨਵਵਾਦੀ ਕਰਮ ਹਨ। ਅਜਿਹੇ ਭੇਖਾਂ ਨਾਲ ਨਾ ਆਪ ਨੂੰ ਸੁਖ ਅਤੇ ਨਾ ਹੀ ਦੂਸਰੇ ਦਾ ਭਲਾ ਕੀਤਾ ਜਾ ਸਕਦਾ ਹੈ। ਅਜਿਹੇ ਭੇਖਾਂ ਨਾਲ ਅੰਦਰਲਾ ਤਾਂ ਨਿਰਮਲ ਨਹੀਂ ਹੋ ਸਕਦਾ। ਨਾਨਕ-ਬਾਣੀ ਅਨੁਸਾਰ ਇਹ ਸਾਰੇ ਕਰਮ ਨਿਰਮੂਲ ਜਾਂ ਅਕਾਰਥ ਹੀ ਹਨ:

ਬਹੁ ਭੇਖ ਕੀਆ ॥ ਦੇਹੀ ਦੁਖੁ ਦੀਆ ॥
ਸਹੁ ਵੇ ਜੀਆ ਅਪਣਾ ਕੀਆ ॥
ਅੰਨੁ ਨ ਪਾਇਆ ਸਾਦੁ ਗਵਾਇਆ ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥

( ਵਾਰ ਆਸਾ, ਮਹਲਾ ੧,ਪੰਨਾ-467)

ਇਕ ਥਾਂ ਹੋਰ ਮਾਨਵੀ ਕੀਮਤਾਂ ਦਾ ਬਿਆਨ ਕਰਾਉਂਦੇ ਹੋਏ ਗੁਰੂ ਨਾਨਕ ਕਹਿੰਦੇ ਹਨ ਕਿ: 'ਕੂੜ ਗਿਆਨੀ' ਬਣ ਜਾਣ ਨਾਲ ਹੀ ਪਾਰ ਉਤਾਰਾ ਨਹੀਂ ਹੋ ਸਕਦਾ। ਸਗੋਂ ਪੁਸਤਕ ਗਿਆਨੀ 'ਜੇਤਾ ਪੜਿਆ ਤੇਤਾ ਕੜਿਆ' ਦੇ ਮਹਾਂਵਾਕ ਅਨੁਸਾਰ ਵਧੇਰੇ ਦੁਖੀ ਹੁੰਦਾ ਹੈ। ਇਸ ਤਰ੍ਹਾਂ ਫੋਕਾ ਗਿਆਨ ਅਤੇ ਦਿਖਾਵੇ

ਦਾ ਕਰਮਕਾਂਡ ਸਭ ਫ਼ਜ਼ੂਲ ਹਨ:

ਪੜਿ ਪੁਸਤਕ ਸੰਧਿਆ ਬਾਦੰ ॥
ਸਿਲ ਪੂਜਸਿ ਬਗੁਲ ਸਮਾਧੰ ॥
ਮੁਖ ਝੂਠ ਬਿਭੂਖਣ ਸਾਰੰ ॥
ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕੁ ਲਿਲਾਟੰ ॥
ਦੁਇ ਧੋਤੀ ਬਸਤ੍ਰ ਕਪਾਟੰ ॥
ਜੇ ਜਾਣਸਿ ਬ੍ਰਹਮੰ ਕਰਮੰ ॥
ਸਭਿ ਫੋਕਟ ਨਿਸਚਉ ਕਰਮੰ ॥

( ਵਾਰ ਆਸਾ, ਮਹਲਾ ੧, ਪੰਨਾ-470)

ਅਜਿਹੇ ਫੋਕਟ ਕਰਮ ਮਨੁੱਖ ਨੂੰ ਉਸਦੀ ਮਨੁੱਖਤਾ ਤੋਂ ਮਹਿਰੂਮ ਕਰਦੇ ਹਨ। ਗੁਰੂ ਨਾਨਕ ਨੇ ਆਸਾ ਦੀ ਵਾਰ ਵਿਚ ਉਸ ਸਮੇਂ ਦਾ ਨਕਸ਼ਾ ਉਲੀਕਦੇ ਹੋਏ ਪ੍ਰਚੱਲਤ ਰੀਤਾਂ ਦੇ ਢੋਲ ਦੇ ਪੋਲ ਨੂੰ ਖੋਲ੍ਹਦੇ ਹੋਏ ਕਿਹਾ ਹੈ ਕਿ : ਮਨੁੱਖ ਦਾ ਲਹੂ ਪੀਣ ਵਾਲੇ ਮੁਸਲਮਾਨ ਰਾਜੇ ਨਿਮਾਜ਼ਾਂ ਵੀ ਪੜ੍ਹ ਲੈਣ ਤਾਂ ਕੀ ਲਾਭ ਹੈ? ਇਸੇ ਤਰ੍ਹਾਂ ਜੋ ਬੰਦੇ ਛੁਰੀਆਂ ਚਲਾਉਣ ਵਾਲੇ ਹਿੰਦੂ ਜੰਞੂ ਪਹਿਨ ਵੀ ਲੈਣ ਤਾਂ ਉਸਦਾ ਕੋਈ ਲਾਭ ਨਹੀਂ ਹੈ:

ਮਾਣਸ ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਾਹਮਣ ਪੂਰਹਿ ਨਾਦ ॥
ਉਨ੍ਹਾਂ ਭਿ ਆਵਹਿ ਓਈ ਸਾਦ ॥

( ਵਾਰ ਆਸਾ, ਮਹਲਾ ੧, ਪੰਨਾ-471)

ਹੋਰ:

ਅਭਾਖਿਆ ਕਾ ਕੁੱਠਾ ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨਾ ਜਾਣਾ ॥

( ਵਾਰ ਆਸਾ, ਮਹਲਾ ੧, ਪੰਨਾ-472 )

ਦਸਾਂ ਨੌਹਾਂ ਦੀ ਕਿਰਤ ਛੱਡ ਕੇ ਸਿਰ ਵਿਚ ਸਵਾਹ ਪਾ ਕੇ ਜਿਹੜੇ ਸਾਧੂ ਦਰ ਦਰ ਮੰਗਦੇ ਫਿਰਦੇ ਹਨ, ਉਹਨਾਂ ਦੇ ਕਾਸੇ ਵਿਚ ਇਹ ਖਰੇ ਖਰੇ ਪਦਾਰਥ ਪਾਏ ਹਨ :

ਅਨੁ ਮਲ ਖਾਈ ਸਿਰ ਛਾਈ ਪਾਈ ।।
ਮੂਰਖ ਅੰਧੈ ਪਤਿ ਗਵਾਈ ।।

( ਵਾਰ ਆਸਾ, ਮਹਲਾ ੧,ਪੰਨਾ-467)

ਗੁਰੂ ਨਾਨਕ ਨੇ ਨਿੱਡਰ ਤੇ ਸੱਚੇ ਸੰਤ-ਸਿਪਾਹੀ ਦੀ ਹੈਸੀਅਤ ਵਿਚ ਸਮਾਜ ਦੇ ਹਰ ਪੱਖ ਦੀਆਂ ਕੁਰੀਤੀਆਂ, ਕੁਕਰਮਾਂ, ਭਰਮਾਂ, ਵਹਿਮਾਂ ਤੇ ਵਿਕਾਰਾਂ ਦੀ ਵਿਰੋਧਤਾ ਕੀਤੀ। ਜਨੇਊ, ਸੂਤਕ,-ਪਾਤਕ, ਜਪ-ਮਾਲੀ, ਸਰਾਧ, ਸੁੱਖਣਾ ਆਦਿ ਭੇਖਾਂ ਦੀ ਗੁਰੂ ਸਾਹਿਬ ਨੇ ਬੜੀ ਕਰੜੀ ਆਲੋਚਨਾ ਕੀਤੀ ਹੈ। ਗੁਰੂ ਨਾਨਕ ਨੇ ਇਹੋ ਜਿਹਾ ਜੰਞੂ ਪਾਉਣ ਲਈ ਕਿਹਾ ਹੈ:-ਜਿਸਦੀ ਕਪਾਹ ਤਰਸ ਦੀ ਹੋਵੇ ਭਾਵ ਮਨੁੱਖ ਅੰਦਰ ਦਇਆ-ਭਾਵ ਪੈਦਾ ਹੋਣ, ਜਿਸਦਾ ਸੂਤ ਸੰਤੋਖ ਦਾ ਹੋਵੇ, ਜਿਸ ਦੀਆਂ ਗੰਢਾਂ ਇੰਦਰੀਆਂ ਤੇ ਕਾਬੂ ਦੀਆਂ ਅਤੇ ਜਿਸਦੇ ਵੱਟ ਸਚਾਈ (ਸਤ-ਧਰਮ) ਦੇ ਹੋਣ। ਇਹੋ ਜਿਹਾ ਜੰਞੂ ਨਾ ਕਦੇ ਟੁੱਟਦਾ ਹੈ ਅਤੇ ਨਾ ਹੀ ਇਸਨੂੰ ਮੈਲ ਲਗਦੀ ਹੈ, ਨਾ ਇਹ ਜੰਞੂ ਸੜਦਾ ਹੈ, ਨਾ ਗੁਆਇਆ ਹੁੰਦਾ ਹੈ। ਜਿਹੜੇ ਮਨੁੱਖ ਇਹ ਅਮਲਾਂ ਦਾ ਜੰਞੂ ਗਲ ਵਿਚ ਪਹਿਨਦੇ ਹਨ, ਉਹ ਹੀ ਮਾਨਵਵਾਦੀ ਕਰਮ ਕਰ ਸਕਦੇ ਹਨ। 'ਜਨੇਊ' ਕੱਚੇ ਧਾਗੇ ਦਾ ਨਾ ਹੋਵੇ ,ਜਿਹੜਾ ਟੁੱਟ ਸਕਦਾ ਹੋਵੇ, ਜਿਸਨੂੰ ਮੈਲ ਲੱਗ ਸਕਦੀ ਹੋਵੇ। ਜਨੇਊ ਅਜਿਹੀ ਸੋਚ ਵਰਗਾ ਪਵਿੱਤਰ ਤੇ ਅਟੱਲ ਹੋਵੇ। ਇਹ ਜਨੇਊ ਕਿਵੇਂ ਬਣਾਇਆ ਜਾਵੇ:

ਦਇਆ ਕਪਾਹ ਸੰਤੋਖ ਸੂਤੁ ਜਤ ਗੰਢੀ ਸਤ ਵਟ
ਇਹ ਜਨੇਊ ਜੀਅ ਕਾ, ਹਈ ਤ ਪਾਂਡੇ ਘਤ
ਨਾ ਇਹ ਤੁਟੈ ਨਾ ਮਲ ਲਗੈ, ਨ ਇਹ ਜਲੈ ਨਾ ਜਾਇ
ਧੰਨ ਸੁ ਮਾਣਸੁ ਨਾਨਕਾ ਜੋ ਗਲ ਚਲੇ ਪਾਇ ।।

(ਆਸਾ ਦੀ ਵਾਰ,ਮਹਲਾ ੧,ਪੰਨਾ-471)

ਜਨਮ-ਮਰਨ ਦੇ ਸਮੇਂ ਉਤੇ ਬ੍ਰਾਹਮਣਾਂ ਨੇ ਆਪਣੀ ਕਮਾਈ ਦੀ ਖਾਤਰ ਸਮਾਜ ਵਿਚ 'ਸੂਤਕ' ਨਾਂ ਦਾ ਭੁਲੇਖਾ ਪਾਇਆ ਹੋਇਆ ਸੀ। ਗੁਰੂ ਸਾਹਿਬ ਨੇ ਇਸ ਵਿਚਾਰ ਦਾ ਖੰਡਨ ਕਰਦੇ ਹੋਏ ਸਪਸ਼ਟ ਕੀਤਾ ਹੈ ਕਿ ਜੇ ਜਨਮ-ਮਰਨ ਨਾਲ ਸੂਤਕ ਪੈਦਾ ਹੁੰਦਾ ਹੈ ਤਾਂ ਅਸੀਂ ਘਰ ਵਿਚ ਜੋ ਵਸਤਾਂ ਵਰਤਦੇ ਹਾਂ ਉਹਨਾਂ ਸਭਨਾਂ ਵਿਚ ਜੀਵ ਹੁੰਦੇ ਹਨ ਅਤੇ ਜਦੋ ਅਸੀਂ ਚੀਜ਼ਾਂ ਨੂੰ ਵਰਤਦੇ ਜਾਂ ਸਾੜਦੇ ਜਾਂ ਉਬਾਲਦੇ ਹਾਂ ਤਾਂ ਉਹ ਜੀਵ ਮਰਦੇ ਰਹਿੰਦੇ ਹਨ ਤੇ ਇਸ ਤਰ੍ਹਾਂ ਸਾਡੀ ਰਸੋਈ ਹਰ ਰੋਜ਼ ਹੀ ਸੂਤਕ ਗ੍ਰਹਿਣੀ ਰਹਿੰਦੀ ਹੈ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥

(ਵਾਰ ਆਸਾ, ਮਹਲਾ ੧, ਪੰਨਾ-472)

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਸੂਤਕ ਇਸ ਤਰ੍ਹਾਂ ਨਹੀਂ ਉਤਰ ਸਕਦਾ, ਉਹ ਤਾਂ ਪ੍ਰਭੂ ਦੇ ਗਿਆਨ ਨਾਲ ਹੀ ਉਤਰ ਸਕੇਗਾ :

ਨਾਨਕ ਸੂਤਕੁ ਏਵ ਨ ਉਤਰੈ
ਗਿਆਨੁ ਉਤਾਰੇ ਧੋਇ ॥

(ਵਾਰ ਆਸਾ, ਮਹਲਾ ੧, ਪੰਨਾ-472)

ਗੁਰੂ ਸਾਹਿਬ ਹੋਰ ਸਪਸ਼ਟ ਕਰਦੇ ਹੋਏ ਫੁਰਮਾਉਂਦੇ ਹਨ:

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥

(ਵਾਰ ਆਸਾ, ਮਹਲਾ ੧, ਪੰਨਾ-472)

ਅਤੇ

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ ॥

(ਵਾਰ ਆਸਾ, ਮਹਲਾ ੧, ਪੰਨਾ-472)

ਗੁਰੂ ਸਾਹਿਬ ਇਸ ਵਿਚਾਰ ਦਾ ਸਿੱਟਾ ਇਸ ਤਰ੍ਹਾਂ ਕੱਢਦੇ ਹਨ:

ਨਾਨਕ ਜਿਨੀ ਗੁਰਮੁਖਿ ਬੁਝਿਆ
ਤਿਨਾ ਸੂਤਕੁ ਨਾਹਿ ॥

(ਵਾਰ ਆਸਾ, ਮਹਲਾ ੧, ਪੰਨਾ-473)

ਗੁਰੂ ਨਾਨਕ ਨੇ ਸੂਤਕ ਵਾਂਗ 'ਮੂਰਤੀ-ਪੂਜਾ' ਦਾ ਵੀ ਖੰਡਨ ਕੀਤਾ।

ਇਕ ਪਰਮਾਤਮਾ ਦੇ ਨਾਂ ਦਾ ਸੁਨੇਹਾ ਦਿੱਤਾ। ਸ਼ੀਆ-ਪੂਜ, ਛੱਟਣ ਮੂਰਤੀ-ਪੂਜਾ ਦੀਆਂ ਰਸਮਾਂ ਕਰੀ ਜਾਣ ਨਾਲ ਕੋਈ ਲਾਭ ਨਹੀਂ। ਮਨੁੱਖ ਦੀ ਆਪਣੀ ਸ਼ਖਸੀਅਤ ਖਤਮ ਹੋ ਜਾਂਦੀ ਹੈ। ਉਹ ਨਿਰਾਰਥਕ ਕਰਮ-ਕਾਂਡ ਵਿਚ ਫਸਿਆ ਰਹਿੰਦਾ ਹੈ ਅਤੇ ਮਾਨਵਵਾਦੀ ਕਰਮਾਂ ਤੋਂ ਦੂਰ ਹੋ ਜਾਂਦਾ ਹੈ। ਨਾਨਕ-ਬਾਣੀ ਨੇ ਇਸ ਚੀਜ਼ ਦੀ ਵਿਰੋਧਤਾ ਕੀਤੀ ਹੈ। ਅਖ਼ਤਿਆਰ ਅਹਿਮਦ ਦੇ ਵਿਚਾਰ ਇਥੇ ਵਰਨਣਯੋਗ ਹਨ:

> Guru Nanak disliked idolatry, spiritless ritualism and superficial religiosity. He waged spiritual and peaceful war against idolworship and immorality of his own countrymen. He prayed to God for light and help and he sang the praise of God everywhere he went.1

ਗੁਰੂ ਨਾਨਕ ਨੇ, ਮੂਰਤੀ-ਪੂਜਾ ਦੀ ਨਿਖੇਧੀ ਖੁੱਲ੍ਹੇ ਸ਼ਬਦਾਂ ਵਿਚ ਕੀਤੀ।[2] ਨਾਨਕ ਬਾਣੀ ਵਿਚ ਗੈਰ-ਮਾਨਵੀ ਕੰਮਾਂ ਦੀ ਨਿਖੇਧੀ ਕੀਤੀ ਗਈ ਹੈ, ਮਾਨਵੀ ਕੰਮਾਂ ਵੱਲ ਜਾਣ ਦੀ ਪ੍ਰੇਰਣਾ ਦਿੱਤੀ ਹੈ। ਨਾਨਕ-ਬਾਣੀ ਦੀਆਂ ਹੇਠ ਲਿਖੀਆਂ ਤੁਕਾਂ ਵਿਚੋਂ ਅਮਾਨਵੀ ਕਰਮ 'ਮੂਰਤੀ-ਪੂਜਾ' ਦੀ ਨਿਖੇਧੀ ਕੀਤੀ ਗਈ ਸਪਸ਼ਟ ਰੂਪ ਵਿਚ ਪ੍ਰਗਟ ਹੁੰਦੀ ਦਿਖਾਈ ਦਿੰਦੀ ਹੈ:

(ੳ) ਦੇਵੀ ਦੇਵੀ ਪੂਜੀਐ ਭਾਈ ਕਿਆ ਮਾਂਗਉ ਕਿਆ ਦੇਹ ॥
ਪਾਹਣ ਨੀਰ ਪਖਾਲੀਐ ਭਾਈ ਜਲ ਮਹਿ ਬੂਡੇ ਤੇਹ ॥
(ਸੋਰਠਿ ਅਸ਼ਟ ਮਹਲਾ ੧, ਪੰਨਾ-416)

(ਅ) ਪੂਜਾ ਸਿਲਾ ਤੀਰਥ ਬਨਵਾਸਾ। ਭ੍ਰਮਤ ਡੋਲਤ ਭਏ ਉਦਾਸਾ ॥
ਮਨ ਮੈਲੇ ਸੂਚਾ ਕਿਉ ਹੋਇ ।ਸਾਚ ਮਿਲੈ ਪਾਵੈ ਪਤਿ ਸੋਇ ॥
(ਧਨਾਸਰੀ ਅਸ਼ਟ. ਪੰਨਾ-215)

---

1. Akhtar Ahmad ORANVI, "Symbol of Unity", Guru Nanak, Publications Division, Minsy. of Information & Broadcasting, Govt of India, 1969, P-160

੨. ਡਾ. ਸੀਤਾ ਰਾਮ ਬਾਹਰੀ, "ਨਾਨਕ ਬਾਣੀ ਵਿਚ ਫਲਸਫਾ", ਮਧਕਾਲੀਨ ਪੰਜਾਬੀ ਸਾਹਿਤ, ਭਾਸ਼ਾ ਵਿਭਾਗ, ਪੰਜਾਬ, 1970, ਪੰਨਾ-72

(ੲ) ਘਰ ਨਾਰਾਇਣ ਸਭਾ ਨਾਲ।ਪੂਜ ਕਰੇ ਰਖੇ ਨਾ ਵਾਲ ।
ਕੁੰਗੂ ਚੰਨਣ ਫੁਲ ਚੜਾਏ। ਪੈਰੀ ਪੈ ਪੈ ਬਹੁਤ ਮਨਾਏ ।
ਮਾਣੂਆ ਮੰਗ ਮੰਗ ਪੈਹਨੇ ਖਾਇ । ਅੰਧੀ ਕੰਮੀ ਅੰਧ ਸਜਾਇ ।

( ਮਹਲਾ ੧, ਪੰਨਾ-1240)

(ਸ) ਦੁਬਿਧਾ ਨ ਪੜਾਉ ਹਰਿ ਬਿਨ ਹੋਰ ਨ ਪੂਜਉ ਮੜੈ ਮਸਾਣਿ ਨਾ ਜਾਈ।।
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ ।।
ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ ।।

( ਮਹਲਾ ੧,ਸੋਰਠਿ ਅਸ਼ਟਪਦੀਆਂ,ਪੰਨਾ-634)

ਗੁਰੂ ਨਾਨਕ ਦੇਵ ਹਿੰਦੂਆਂ ਵਲੋਂ ਕੀਤੀ ਜਾ ਰਹੀ ਮੂਰਤੀ ਪੂਜਾ ਦੇ ਵਿਰੁੱਧ ਸਨ। ਕਿਉਂਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਬੁੱਤਾਂ ਦੀ ਪੂਜਾ ਇਕ ਨਿਸਫਲ ਜਤਨ ਹੈ। ਗੁਰੂ ਨਾਨਕ ਰਾਗ ਬਿਹਾਗੜਾ ਵਿਚ ਇਸ ਤਰ੍ਹਾਂ ਲਿਖਦੇ ਹਨ:

ਹਿੰਦੂ ਮੂਲੇਭੂਲੇ ਅਖੁਟੀ ਜਾਂਹੀ ।
ਨਾਰਦਿ ਕਹਿਆ ਸਿ ਪੂਜ ਕਰਾਂਹੀ
ਅੰਧੇ ਗੁੰਗੇ ਅੰਧ ਅੰਧਾਰ ।।
ਪਾਥਰੁ ਲੇ ਪੂਜਹਿ ਮੁਗਧ ਗਵਾਰ ।।
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰ ।।

(ਆਦਿ ਗ੍ਰੰਥ,ਪੰਨਾ-556)

ਏਸੇ ਤਰ੍ਹਾਂ ਗੁਰੂ ਜੀ ਸੋਰਠ ਰਾਗ ਵਿਚ ਮੂਰਤੀ ਪੂਜਾ ਬਾਰੇ ਇਸ ਤਰ੍ਹਾਂ ਫੁਰਮਾਉਂਦੇ ਹਨ:

ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ।।
ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ ।।
ਮੇਰੇ ਠਾਕੁਰ ਹਾਥਿ ਵਡਾਈਆਂ ਭਾਈ ਜੈ ਭਾਵੈ ਤੈ ਦੇਇ ।।

(ਰਾਗ ਸੋਰਠਿ,ਮਹਲਾ ੧,ਪੰਨਾ-637)

ਜੇ ਪੱਥਰ ਦੀਆਂ ਮੂਰਤੀਆਂ ਨੂੰ ਪਾਣੀ ਵਿਚ ਧੋਈਏ ਤਾਂ ਉਹ ਡੁੱਬ ਜਾਂਦੀਆਂ ਹਨ, ਉਹਨਾਂ ਨੇ ਹੋਰਨਾਂ ਨੂੰ ਕੀ ਤਾਰਨਾ ਹੈ। ਗੁਰੂ ਨਾਨਕ ਨੇ ਸੂਤਕ, ਜਨੇਊ,ਮੂਰਤੀ ਪੂਜਾ ਦੇ ਨਾਲ ਨਾਲ 'ਸਰਾਧ' ਰਸਮ ਦਾ ਵੀ ਖੰਡਨ ਕੀਤਾ। ਇਹ ਅਮਾਨਵੀ ਕਰਮ ਹੈ। ਜਿਉਂਦੇ-ਜੀਅ ਮਨੁੱਖ, ਪ੍ਰਾਣੀ-ਮਾਤਰ ਦੀ ਸੇਵਾ ਕਰੇ, ਸਮਾਜ ਨੂੰ ਮਨੁੱਖੀ

ਜ਼ਿੰਦਗੀ ਨੂੰ ਉਜੱਵਲ ਕਰੇ। ਸਰਾਧ ਵਰਗੀਆਂ ਰਸਮਾਂ ਵਿਚ ਪੈਣਾ ਫ਼ਜ਼ੂਲ ਹੈ। 'ਸਰਾਧ' ਵੀ ਇਕ ਸਮਾਜਿਕ ਰੀਤ ਸੀ। ਇਸ਼ ਕਰਮ -ਕਾਂਡ ਦੀ ਵੀ ਗੁਰੂ ਸਾਹਿਬ ਨੇ ਨਿਖੇਧੀ ਕੀਤੀ। ਗੁਰੂ ਨਾਨਕ ਨੇ ਸਪਸ਼ਟ ਸ਼ਬਦਾਂ ਵਿਚ ਦੱਸਿਆ ਕਿ: ਸਰਾਧ ਕੀਤਿਆਂ ਕੋਈ ਚੀਜ਼ ਪਿੱਤਰਾਂ ਤਕ ਪਹੁੰਚਦੀ ਹੈ ਜਾਂ ਨਹੀਂ- ਇਹ ਵੱਖਰੀ ਗੱਲ ਹੈ। ਕੋਈ ਮਨੁੱਖ ਪਰਾਇਆ ਹੱਕ ਰਖ ਕੇ ਜਾਂ ਕਿਸੇ ਦੀ ਚੋਰੀ ਕਰਕੇ ਪਿਤਰਾਂ ਦਾ ਸਰਾਧ ਕਰਦਾ ਹੈ ਤਾਂ ਉਹ ਵਸਤਾਂ ਜੋ ਪਿਤਰਾਂ ਕੋਲ ਪਹੁੰਚ ਜਾਂਦੀਆਂ ਹਨ ਤਾਂ ਜਿਸਦਾ ਮਾਲ ਚੋਰੀ ਹੋਇਆ ਹੈ, ਉਸਦੇ ਪਿਤਰ ਆਪਣੀ ਵਸਤ ਨੂੰ ਪਛਾਣ ਲੈਣਗੇ ਤੇ ਇਸ ਤਰ੍ਹਾਂ ਸਰਾਧ ਕਰਾਉਣ ਵਾਲੇ ਦੇ ਪਿਤਰ ਚੋਰ ਠਹਿਰ ਜਾਣਗੇ :

ਜੇ ਮੋਹਾਕਾ ਘਰੁ ਮੁਹੈ
ਘਰੁ ਮੁਹਿ ਪਿਤਰੀ ਦੇਇ
ਅਗੈ ਵਸਤੁ ਸਿਞਾਣੀਐ
ਪਿਤਰੀ ਚੋਰ ਕਰੇਇ ॥

( ਵਾਰ ਆਸਾ, ਮਹਲਾ ੧, ਪੰਨਾ-472)

ਬ੍ਰਾਹਮਣ(ਦਲਾਲ) ਦੇ ਹੱਥ ਵੱਢੇ ਜਾਣਗੇ ਕਿਉਂਕਿ ਚੋਰੀ ਦਾ ਮਾਲ ਅੱਗੇ ਭੇਜਣ ਵਾਲਾ ਬ੍ਰਾਹਮਣ ਵੀ ਦੋਸ਼ੀ ਹੈ। ਇਹੋ ਉਸ ਮੁਸਫ਼ੀ ਦਾ ਇਨਸਾਫ਼ ਹੋਵੇਗਾ। ਅੱਗੇ ਉਹੋ ਕੁਝ ਮਿਲੇਗਾ ਜੋ ਮਨੁੱਖ ਆਪਣੀ ਦਸਾਂ ਨਹੁੰਆਂ ਦੀ ਕਿਰਤ ਵਿਚੋ ਦੇਵੇਗਾ:

ਵਢੀਅਹਿ ਹਥ ਦਲਾਲ ਕੇ
ਮੁਸਫੀ ਏਹ ਕਰੇਇ ॥
ਨਾਨਕ ਅਗੈ ਸੋ ਮਿਲੈ
ਜਿ ਖਟੇ ਘਾਲੇ ਦੇਇ ॥

( ਵਾਰ ਆਸਾ, ਮਹਲਾ ੧, ਪੰਨਾ-472)

ਇਹ ਸਾਰੇ ਅਮਾਨਵੀ ਕਰਮ-ਕਾਂਡ ਮਨੁੱਖੀ ਸੁਖਸੀਅਤ ਦਾ ਨਫ਼ੀਕਰਣ ਕਰਦੇ ਹਨ। ਸਾਦਾ ਜੀਵਨ ਅਤੇ ਦਸਾਂ ਨੌਹਾਂ ਦੀ ਕਿਰਤ ਹੀ ਅਸਲ ਅਰਥਾਂ ਵਿਚ ਮਾਨਵੀ ਕੀਮਤਾਂ ਦੀ ਹੋਂਦ ਦੀ ਲਖਾਇਕ ਹੈ। ਗੁਰੂ ਨਾਨਕ ਨੇ ਬੇਅਰਥ ਰਸਮਾਂ, ਬੇਅਰਥ ਰੀਤੀਆਂ ਅਤੇ ਭਰਮ ਗ੍ਰਸਤ ਵਿਸ਼ਵਾਸਾਂ ਵਿਰੁੱਧ ਚਿਤਾਵਨੀ ਦਿੱਤੀ, ਕੁਰੀਗਤ ਮੱਤਾਂ ਦਾ ਖੰਡਨ ਕੀਤਾ। ਗੁਰੂ ਨਾਨਕ ਨੇ ਉਸ ਪ੍ਰਕਾਰ ਦੇ ਪਾਠ ਦਾ ਵਿਰੋਧ ਕੀਤਾ। ਜਿਹੜਾ ਕੇਵਲ ਵਿਧੀ ਤੇ ਹੀ ਜੋਰ ਦਿੰਦਾ ਹੈ ਅਤੇ ਅਸਲੀ ਭਾਵਨਾਵਾਂ, ਮੰਤਵ ਨੂੰ

~~ਭੇਖ ਓਹਲੇ ਕਰ ਦਿੰਦਾ ਹੈ। ਮਨ ਦੀ ਪਵਿੱਤਰਤਾ ਤੇ ਵਿਸ਼ਾਲ ਸਰੋਕਾਰ ਪਵਿੱਤਰਤਾ~~
ਪੂਰਨ ਤੌਰ ਤੇ ਅਰਥਹੀਣ ਹੈ। ਮਨ ਨੂੰ ਸਾਰੀਆਂ ਅੰਤਰ-ਇਛਾਵਾਂ ਤੇ ਵਿਮੁਕਤ ਕਰਨਾ ਹੈ ਅਤੇ ਇਹਨਾਂ ਦੀ ਥਾਂ ਤੇ ਮਨ ਨੂੰ ਦਿਆਨਤਦਾਰੀ ਅਤੇ ਇਮਾਨਦਾਰੀ ਨਾਲ ਭਰਪੂਰ ਕਰਨਾ ਹੈ ਅਰਥਾਤ ਇਹਨਾਂ ਆਧਾਰਾਂ ਤੇ ਹੀ ਮਾਨਵਵਾਦ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

ਉਸ ਸਮੇਂ ਲੋਕਾਂ ਦਾ ਸਭਿਆਚਾਰਕ ਪਤਨ ਹੋ ਚੁੱਕਾ ਸੀ। ਚਿਰਾਂ ਦੀ ਗੁਲਾਮੀ ਕਰਕੇ ਭਾਰਤੀ ਮਾਨਸਿਕ ਤੌਰ ਤੇ ਵੀ ਗੁਲਾਮ ਹੋ ਚੁੱਕੇ ਸਨ। ਖਾਣ ਪੀਣ, ਪਹਿਨਣ-ਵਿਚਰਨ ਵਿਚੋਂ ਉਹਨਾਂ ਦੀ ਹੀਣਤਾ ਪ੍ਰਤੱਖ ਸੀ। ਉਹ ਉਹੋ ਕੁਝ ਕਰਦੇ ਸਨ ਜਿਸ ਨਾਲ ਹਾਕਮ ਵਰਗ ਦੀ ਖੁਸ਼ੀ ਹਾਸਲ ਕਰ ਸਕਦੇ ਸਨ। ਸਮੁੱਚੇ ਤੌਰ ਤੇ ਹਿੰਦੂ ਸਭਿਆਚਾਰ ਵਿਚ ਪਤਨ ਆ ਚੁੱਕਾ ਸੀ। ਉਹਨਾਂ ਦੀ ਸਮੁੱਚੀ ਰਹਿਣ-ਬਹਿਣੀ ਵਿਚ ਗੁਲਾਮੀ ਨਜ਼ਰ ਆਉਂਦੀ ਸੀ ਗੁਰੂ ਨਾਨਕ ਦੇ ਆਉਣ ਸਮੇਂ ਸਾਧਾਰਣ ਹਿੰਦੂ ਧਰਮ ਦਾ ਵਿਹਾਰ ਕੇਵਲ ਪਹਿਨਣ-ਓਢਣ, ਖਾਣ-ਪੀਣ, ਪੂਜਾ-ਪਾਠ, ਤੀਰਥ-ਵਰਤ, ਮਾਲਾ-ਤਿਲਕ ਆਦਿ ਬਾਹਰਲੇ ਆਡੰਬਰ-ਪ੍ਰਧਾਨ ਕਰਮ-ਕਾਂਡ ਤਕ ਸੀਮਿਤ ਰਹਿ ਗਿਆ ਸੀ। ਅਨਪੜ੍ਹ ਨਿਰਧਨ ਅਤੇ ਦਾਸ ਬ੍ਰਿਤੀ ਵਾਲੀ ਜਨਤਾ ਲਾਚਾਰ ਸੀ।[1]

ਮੁਸਲਮਾਨ ਧਾੜਵੀਆਂ ਨੇ ਤਾਕਤ ਦੇ ਜੋਰ ਨਾਲ ਹਿੰਦੁਸਤਾਨ ਵਿਚ ਆਪਣਾ ਜ਼ਬਰੀ ਰਾਜ ਕਾਜ ਕਾਇਮ ਕਰ ਲਿਆ। ਉਸ ਵੇਲੇ ਦਾ ਤਕਦੀਰਾਂ, ਹੋਣੀਆਂ, ਕਿਸਮਤਾਂ, ਲੇਖਾਂ, ਭਾਗਾਂ ਦੇ ਭਰਮ ਕੁਲੈਵਿਆਂ ਵਿਚ ਫਾਥਾ ਹਿੰਦੂ ਸਮਾਜ ਇਹਨਾਂ ਬਾਹਰੋਂ ਆਏ ਹਮਲਾਵਰਾਂ ਦਾ ਕੋਈ ਮੁਕਾਬਲਾ ਕਰਨ ਦੀ ਹਿੰਮਤ ਹੀ ਨਹੀਂ ਸੀ ਰੱਖਦਾ। ਹਿੰਦੂ ਅਹਿਲਕਾਰਾਂ ਤੇ ਆਗੂਆਂ ਵਿਚ ਇਹ ਵੀ ਅਣਖਹੀਨਤਾ ਤੇ ਆਤਮਹੀਨਤਾ ਆ ਚੁੱਕੀ ਸੀ ਕਿ ਜਬਰ ਤੇ ਅਨਿਆਂ ਦੇ ਨਾਲ ਦੋ ਹੱਥ ਕਰਨ ਦੀ ਬਜਾਏ, ਉਹ ਜਾਬਰਾਂ ਤੇ ਜ਼ੁਲਮਾਂ ਦੇ ਹੱਥ ਠੋਕੇ ਬਣ ਗਏ ਸਨ। ਬ੍ਰਾਹਮਣ ਪੰਡਿਤ-ਪ੍ਰੋਹਿਤ ਮੁਗਲ ਸਾਮਰਾਜ ਦੇ ਸੇਵਾਦਾਰ ਬਣ ਗਏ ਸਨ। ਮੁਗਲ ਸਾਮਰਾਜ ਦੇ ਨਾਲ ਨਾਲ ਚਲਾਕ ਬ੍ਰਾਹਮਣਵਾਦ ਵੀ ਉਸਦਾ ਛੋਟਾ ਭਾਈਵਾਲ ਬਣ ਕੇ, ਭੋਲੀ-ਭਾਲੀ ਹਿੰਦੁਸਤਾਨੀ ਜਨਤਾ

---

1. "Depressed, demoralized, superstitions and priest-ridden race."

(Dr. Gopal Chand Narang, Transformation of Sikhism, P-34)

ਨੂੰ ਲੁੱਟ ਲੁੱਟ ਖਾਣ ਲੱਗਾ। ਬ੍ਰਾਹਮਣ ਮੁਗ਼ਲ ਸ਼ਾਸਕ ਵਰਗ ਦੀ ਚਾਪਲੂਸੀ ਕਰਦੇ ਸਨ। ਉਹਨਾਂ ਦੀਆਂ ਨਿਗਾਹਾਂ ਵਿਚ ਪਰਵਾਨ ਹੋਣ ਲਈ ਜੋ ਕੁਝ ਵੀ ਕਰਨਾ ਪਵੇ, ਹੱਸ ਕੇ ਕਰਦੇ:

(ੳ) ਕਲਿ ਮਹਿ ਬੇਦੁ ਅਥਰਬਣੁ ਹੋਆ ॥
ਨਾਉ ਖੁਦਾਈ ਅਲਹੁ ਭਇਆ ॥
ਨੀਲ ਬਸਤਰ ਲੈ ਕਪੜੇ ਪਹਿਰੇ
ਤੁਰਕ ਪਠਾਣੀ ਅਮਲ ਕੀਆ ॥

(ਵਾਰ ਆਸਾ, ਮਹਲਾ ੧, ਪੰਨਾ-470)

(ਅ) ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥
ਮਲੇਛ ਧਾਨੁ ਲੈ ਪੂਜਹਿ ਪੁਰਾਣੁ ।
ਅਭਾਖਿਆ ਕਾ ਕੁਠਾ ਬੱਕਰਾ ਖਾਣਾ ॥
ਚਉਕੇ ਉਪਰ ਕਿਸੈ ਨਾ ਜਾਣਾ ॥

(ਵਾਰ ਆਸਾ ਮਹਲਾ ੧, ਪੰਨਾ-472)

ਮੁਸਲਮਾਨਾਂ ਦੀ ਭਾਸ਼ਾ ਅਪਣਾ ਰਹੇ ਸਨ।[1]

ਜਿਸ ਤਰ੍ਹਾਂ ਅੰਗਰੇਜ਼ੀ ਹਕੂਮਤ ਸਮੇਂ ਹਿੰਦੁਸਤਾਨੀ ਰਾਜੇ, ਮਹਾਰਾਜੇ, ਨਵਾਬ ਸਰਦਾਰ ਆਦਿ ਆਪਣੀ ਜਨਤਾ ਦੇ ਦੁਖੜੇ ਵਿਸਾਰ ਕੇ, ਆਪਣੀ ਸੁਆਰਥ-ਪੂਰਤੀ ਹਿੱਤ, ਅੰਗਰੇਜ਼ੀ ਸਰਕਾਰ ਦੇ ਪਰਛਾਵੇ ਬਣ ਗਏ ਸਨ। ਹਰ ਕਿਸਮ ਦੇ ਕੌਮੀ ਵਿਦਰੋਹ ਦੇ ਇਹ ਬਾਧਕ ਬਣ ਗਏ ਸਨ। ਬਿਲਕੁਲ ਇਸ ਤਰ੍ਹਾਂ ਹੀ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ, ਇਹੋ ਕੰਮ ਹਿੰਦੂ ਪੰਡਤਾਂ ਨੇ ਮੁਗ਼ਲ ਰਾਜਸ਼ਾਹੀ ਨਾਲ ਨੇੜੇ ਦਾ ਸਾਥ ਦੇ ਕੇ ਕੀਤਾ। ਗੁਰੂ ਨਾਨਕ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਪੰਡਤਾਂ ਦੀਆਂ ਆਪਣੀ ਜਨਤਾ ਨਾਲ ਕੀਤੀਆਂ ਵਧੀਕੀਆਂ, ਛੱਲ ਤੇ ਫ਼ਰੇਬ ਤੋਂ ਪਰਦਾ ਲਾਹਿਆ। ਬਾਹਰੋਂ ਇਹ ਪੰਡਤ ਧਾਰਮਿਕ ਦਿਖਾਵੇ ਨਾਲ ਭਰਪੂਰ, ਨੇਕ, ਸਿੱਧੇ-ਸਾਦੇ ਦਿਖਾਈ ਦਿੰਦੇ ਲੇਕਿਨ ਵਾਸਤਵ ਵਿਚ ਇਸ ਪਹਿਰਾਵੇ ਦੀ ਓਟ ਵਿਚ ਸਿੱਧੀ-ਸਾਦੀ ਜਨਤਾ ਨੂੰ ਲੁਟ

---

1. ਘਰਿ ਘਰਿ ਮੀਆਂ ਸਭਨਾਂ ਜੀਆਂ
ਬੋਲੀ ਅਵਰ ਤੁਮਾਰੀ ॥

(ਬਸੰਤ ਹਿੰਡੋਲ ਅਸਟ 8)

ਰਹੇ ਸਨ ਅਤੇ। ਐਵੇਂ ਤੁਰਕਾਂ ਅਤੇ ਮਲੇਛਾਂ ਦੀ ਭਾਈਵਾਲ ਬਣੇ ਹੋਏ ਸਨ:

ਧੋਤੀ ਟਿੱਕਾ ਤੈ ਜਪਮਾਲੀ
ਧਾਨ ਮਲੇਛਾਂ ਪਾਈ
ਅੰਤਰਿ ਪੂਜਾ ਪੜਹਿ ਕਤੇਬਾ
ਸੰਜਮ ਤੁਰਕਾ ਭਾਈ ।

( ਵਾਰ ਆਸਾ, ਮਹਲਾ ੧, ਪੰਨਾ -471)

ਗੁਰੂ ਨਾਨਕ ਨੇ, ਭਾਰਤ ਵਿਚ, ਉਸ ਸਮੇਂ ਪ੍ਰਚੱਲਤ ਸਮਾਜਿਕ ਕੁਰੀਤੀਆਂ ਦੀ ਪੁਰਜ਼ੋਰ ਨਿਖੇਧੀ ਕੀਤੀ। ਉਹਨਾਂ ਨੇ ਕਿਹਾ ਕਿ ਰਿਸ਼ਵਤ ਲੈਣਾ ਪਾਪ ਹੈ। ਉਹਨਾਂ ਦੇ ਵਿਚਾਰ ਅਨੁਸਾਰ 'ਰਿਸ਼ਵਤ-ਖੋਰੀ' ਇਕ ਸਰਾਪ ਸੀ। ਜਿਸਨੂੰ ਖਤਮ ਕੀਤਾ ਜਾਣਾ ਜ਼ਰੂਰੀ ਸੀ। ਮਾਰੂ ਰਾਗ ਵਿਚ ਗੁਰੂ ਜੀ ਫੁਰਮਾਉਂਦੇ ਹਨ:

ਲੈ ਕੇ ਵੱਢੀ ਦੇਣ ਉਗਾਹੀ
ਦੁਰਮਤ ਕਾ ਗਲਿ ਫਾਹਾ ਹੈ।।

( ਮਾਰੂ ਰਾਗੁ ਮਹਲਾ ੧)

ਇਸੇ ਤਰ੍ਹਾਂ ਗੁਰੂ ਨਾਨਕ ਨੇ 'ਚੋਰੀ ਕਰਨ' ਦੀ ਵੀ ਕੱਟੜ ਵਿਰੋਧਤਾ ਕੀਤੀ। ਇਸ ਸੰਬੰਧ ਵਿਚ ਗਉੜੀ ਰਾਗ ਵਿਚ ਉਹ ਲਿਖਦੇ ਹਨ:

ਕਰ ਚੋਰੀ ਮੈ ਜਾ ਕਿਛੁ ਲੀਆ ਤਾਂ ਮਨ ਭਲਾ ਭਾਇਆ
ਹਲਤਿ ਨ ਸੋਭਾ ਪਲਤਿ ਨਾ ਢੋਈ ਅਹਿਲਾ ਜਨਮ ਗਵਾਇਆ ।।

(ਰਾਗ ਗਉੜੀ, ਮਹਲਾ ੧, ਪੰਨਾ-755)

ਗੁਰੂ ਨਾਨਕ ਨੇ ਲੋਕਾਂ ਨੂੰ ਮਾਨਵਵਾਦੀ ਰਾਹਾਂ ਦੀ ਸੋਝੀ ਕਰਵਾਉਂਦੇ ਹੋਏ ਇਹ ਵੀ ਕਿਹਾ ਕਿ ਲੋਕਾਂ ਨੂੰ ਆਪਣੀ ਕਮਾਈ ਤੇ ਹੀ ਨਿਰਭਰ ਕਰਨਾ ਚਾਹੀਦਾ ਹੈ। ਇਸ ਪ੍ਰਕਾਰ ਉਹ 'ਚੋਰੀ' ਦੇ ਨਾਲ ਨਾਲ 'ਜੂਆਬਾਜ਼ੀ' ਦੇ ਵੀ ਕੱਟੜ ਆਲੋਚਕ ਸਨ। ਗਉੜੀ ਰਾਗ ਵਿਚ ਉਨ੍ਹਾਂ ਨੇ ਇਸ ਪ੍ਰਕਾਰ ਲਿਖਿਆ ਹੈ:

ਬਦੁ ਕਿਤਾ ਪਿਛ ਚਾਲੈ ਗਾਰੀ ।।
ਜੂਐ ਖੇਲਣੁ ਕਾਚੀ ਸਾਰੀ ।।

( ਗਉੜੀ ਰਾਗ, ਮਹਲਾ ੧)

ਨਾਨਕ-ਬਾਣੀ ਅਨੁਸਾਰ ਬਾਹਰੀ, ਭੇਖੀ ਕਰਮ-ਕਾਂਡਾਂ ਤੋਂ ਦੂਰ ਰਹਿਣਾ

ਹੈ, ਉਰਾ-ਊਰਾ ਪਵਿੱਤਰ ਜੀਵਨ ਜਿਊਣਾ ਹੈ, ਮਾਨਵਵਾਦੀ, ਲੋਕ-ਕਲਿਆਣ ਭਰਪੂਰ ਕਰਮ ਕਰਕੇ ਸਮਾਜ ਦੀ ਉਨਤੀ ਕਰਨੀ ਹੈ। ਜਾਤ, ਧਨ-ਦੌਲਤ, ਬਾਹਰੀ ਦਿਖਾਵੇ ਤੇ ਅਭਿਮਾਨ ਵਿਚ ਨਹੀਂ ਪੈਣਾ। ਗੁਰ-ਬਾਣੀ ਅਨੁਸਾਰ: 'ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ' - ਆਪਣੇ ਵਿਵਹਾਰ ਨੂੰ ਪਵਿੱਤਰ ਬਣਾਉਣਾ ਹੀ ਮਾਨਵਵਾਦ ਦੀ ਪ੍ਰਾਪਤੀ ਕਰਨਾ ਹੈ।[1] ਸੱਚਾ ਵਿਵਹਾਰ ਸੱਚ ਨਾਲੋਂ ਵੀ ਉਚਾ ਹੈ।

ਧਾਰਮਿਕ, ਝੂਠੀ ਕਰਮ-ਕਾਂਡ ਕੁਕਰਮਾਂ ਦੀ ਜੜ੍ਹ ਅਤੇ ਗੁਨਾਹਾਂ ਦਾ ਸੋਮਾ ਸਿੱਧ ਹੁੰਦੇ ਹਨ। ਗੁਰੂ ਨਾਨਕ ਨੇ ਮਾਨਵਵਾਦੀ ਧਰਮ ਦੀ ਸਥਾਪਨਾ ਲਈ ਸਭ ਤੋਂ ਪਹਿਲਾਂ ਉਸ ਵੇਲੇ ਦੇ ਧਰਮਾਂ ਦੇ ਪ੍ਰਚੱਲਤ ਗਲਤ ਰੀਤੀ-ਰਿਵਾਜਾਂ ਦੀ ਸਖਤ ਆਲੋਚਨਾ ਕੀਤੀ। ਉਹਨਾਂ ਨੇ ਵੱਖ ਵੱਖ ਧਰਮਾਂ ਵਿਚਲੇ ਬਨਾਵਟੀਪਨ ਨੂੰ ਨੰਗਿਆ ਕੀਤਾ। 'ਤੀਰਥ-ਯਾਤਰਾ' ਦਾ ਵੀ ਵਿਰੋਧ ਕੀਤਾ।[2] ਮਨੁੱਖ ਦੇ ਕਰਮ ਨੇਕ ਹੋਣੇ ਚਾਹੀਦੇ ਹਨ, ਮਨ ਪਵਿੱਤਰ ਹੋਣਾ ਚਾਹੀਦਾ ਹੈ, ਤੀਰਥ-ਯਾਤਰਾ ਕਰਨਾ ਜ਼ਰੂਰੀ ਨਹੀਂ। ਨੇਕ ਅਮਲ ਜ਼ਰੂਰੀ ਹਨ। ਗੁਰੂ ਨਾਨਕ ਨੇ ਮੁਸਲਮਾਨੀ ਮੱਤ ਦੇ ਅਤਿਆਚਾਰਾਂ ਤੇ ਹਿੰਦੂ ਧਰਮ ਦੇ ਧਾਰਮਿਕ ਤੇ ਸਮਾਜਿਕ ਅੰਧ ਵਿਸ਼ਵਾਸਾਂ ਦੀ 'ਆਸਾ ਦੀ ਵਾਰ' ਵਿ ਵਿਚ ਬਹੁਤ ਹੀ ਸੁਚੱਜੇ ਢੰਗ ਨਾਲ ਚਿਤਰਣ ਕੀਤਾ ਹੈ:

---

1. "It may be safely assumed that he exhorted the visitors as well as his regular disciples to discard frust in external forms and in status conferred by caste or wealth to discard pretence and hypocrisy and to cultivate inner devotion and a true religion."

   (J.S.Grewal, Guru Nanak in History, Chd. P-284)

2. "The Tirath is within. Religion is inward and its expression is love or more accurately, loving Devotion. This loving devotion, a devotion directed to the formless Lord, is the vital response required of all who have perceived the presence of God suffused throughout creation, and in whom has been awakened a longing for union with Him."

   (W.H.Mc leod, "Guru Nanak and the Sikh Religion", New Delhi, 1968, P-213)

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥
ਤੀਰਥਿ ਨਾਵਹਿ ਅਰਚਾ ਪੂਜਾ ਅਗਰਵਾਸੁ ਬਹੁਕਾਰ ॥
ਜੋਗੀ ਸੁੰਨਿ ਧਿਆਵਨਿ ਜੇਤੇ ਅਲਖ ਨਾਮੁ ਕਰਤਾਰੁ ॥
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥
(ਵਾਰ ਆਸਾ, ਮਹਲਾ ੧, ਪੰਨਾ-466)

ਗੁਰੂ ਨਾਨਕ ਨੇ ਵੇਖਿਆ ਕਿ ਹਿੰਦੂ ਲੋਕ ਮੁਰਦੇ ਨੂੰ ਸਾੜਦੇ ਹਨ ਤਾਂ ਮੁਸਲਮਾਨ ਇਸਨੂੰ [illegible] ਸਮਝ ਕੇ ਕਬਰਾਂ ਵਿਚ [illegible] ਦਫਨਾਉਂਦੇ ਹਨ। ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਮੁਰਦਾ ਸਾੜਨ ਨਾਲ ਸਰੀਰ ਦੋਜ਼ਖ ਦੀ ਅੱਗ ਵਿਚ ਸੜਦਾ ਹੈ। ਗੁਰੂ ਨਾਨਕ ਨੇ ਮੁਸਲਮਾਨਾਂ ਦੇ ਇਹਨਾਂ ਥੋਥੇ ਵਿਚਾਰਾਂ ਉਤੇ ਇਸ ਤਰ੍ਹਾਂ ਵਿਅੰਗ ਕੀਤਾ ਹੈ:

ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥
ਘੜਿ ਭਾਂਡੇ ਇੱਟਾ ਕੀਆ ਜਲਦੀ ਕਰੇ ਪੁਕਾਰ ॥
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥
ਨਾਨਕ ਜਿਨਿ ਕਰਤੈ ਕਾਰਣ ਕੀਆ ਸੋ ਜਾਣੈ ਕਰਤਾਰੁ ॥
(ਵਾਰ ਆਸਾ, ਮਹਲਾ ੧, ਪੰਨਾ-466)

ਜਿਥੇ ਗੁਰੂ ਨਾਨਕ ਨੇ ਇਹਨਾਂ ਵਹਿਮਾਂ ਭਰਮਾਂ ਦਾ ਖੰਡਨ ਕੀਤਾ। ਉਥੇ ਉਨ੍ਹਾਂ ਲੋਕਾਂ ਨੂੰ ਜੋ ਇਨ੍ਹਾਂ ਅਣਜਾਣ ਲੋਕਾਂ ਨੂੰ ਪੁੱਠੇ ਰਸਤੇ ਪਾ ਰਹੇ ਸਨ, ਉਹਨਾਂ ਦੀ ਜ਼ੋਰਦਾਰ ਸ਼ਬਦਾਂ ਵਿਚ ਤਾੜਨਾ ਕੀਤੀ ਤੇ ਉਹਨਾਂ ਨੇ ਕਿਹਾ ਕਿ: ਚੌਕੇ ਸੁੱਚੇ ਕਰਨ ਨਾਲ ਤੇ ਕਾਰਾਂ ਕੱਢਣ ਨਾਲ ਸੁਚੱਮ ਪ੍ਰਾਪਤ ਨਹੀਂ ਹੁੰਦੀ ਬਲਕਿ ਹਿਰਦੇ ਦੇ ਵਿਸ਼ੇ ਵਿਕਾਰ ਦੂਰ ਕਰਨ ਨਾਲ ਸੁੱਚ ਪ੍ਰਾਪਤ ਹੁੰਦੀ ਹੈ ਅਤੇ ਮਨੁੱਖ ਮਾਨਵਵਾਦੀ ਕਰਮ ਕਰਨ ਦੇ ਯੋਗ ਹੁੰਦਾ ਹੈ: "Guru Nanak used to say that only a mind free from supersition, ignorance and obscurantism was capable of the highest religious experience." 1

---

1. "Some social Religious Ideas of Guru Nanak" P-3 (The Paper read at International Seminar on Guru Nanak's life and teachings, Pan.Uni.Patiala,)

'ਹੰਕਾਰ' ਜੋ ਮਨੁੱਖ ਨੂੰ ਪਾਖੰਡੀ ਜਾਂ ਕਪਟੀ ਬਣਾਉਂਦਾ ਹੈ, ਤੋਂ ਬਚਣ ਲਈ ਨਿਰਮਾਣਤਾ ਦਾ ਗੁਣ ਅੰਦਰਲੇ ਦੀ ਮੈਲ ਧੋਣ ਵਾਲਾ ਸਾਬਣ ਕਿਹਾ ਜਾ ਸਕਦਾ ਹੈ। ਨਿਮਰਤਾ ਨੂੰ ਗੁਰੂ ਨਾਨਕ ਨੇ ਸਭ ਚੰਗਿਆਈਆਂ ਦਾ ਨਿਚੋੜ ਦੱਸਿਆ ਹੈ। ਪਰ ਇਹ ਗੁਣ ਵੀ ਕਈ ਵਾਰੀ ਵੱਡੇ ਔਗੁਣਾਂ ਵਿਚ ਬਦਲ ਜਾਂਦਾ ਹੈ। ਜਦੋਂ ਇਹ ਦੰਭ, ਪਾਖੰਡ ਦਾ ਹਥਿਆਰ ਬਣਦਾ ਹੈ। ਗੁਰੂ ਨਾਨਕ ਨੇ ਇਸ ਸੰਬੰਧ ਵਿਚ ਸੁਚੇਤ ਕਰਦੇ ਹੋਏ ਕਿਹਾ ਹੈ:

ਅਪਰਾਧੀ ਦੂਣਾ ਨਿਵੈ
ਜੋ ਹੰਤਾ ਮਿਰਗਾਹਿ ।।
ਸੀਸ ਨਿਵਾਇਐ ਕਿਆ ਥੀਐ
ਜਾ ਰਿਦੈ ਕੁਸੁਧੇ ਜਾਹਿ ।।

( ਸਲੋਕ ਮਹਲਾ ੧, ਪੰਨਾ-470)

ਮਾਨਵਵਾਦੀ ਮਨੁੱਖ ਤਾਂ ਉਹੋ ਹੀ ਹੈ ਜੋ ਅਜਿਹੇ ਕਰਮ-ਕਰਦਾ ਹੈ ਜਿਸ ਨਾਲ ਕਿਸੇ ਦਾ ਦਿਲ ਨਹੀਂ ਦੁਖਦਾ। ਉਸ ਤੋਂ ਕਿਸੇ ਨਾਲ ਧੋਖਾ ਨਹੀਂ ਹੁੰਦਾ, ਸਗੋਂ ਉਸਦੀ ਨੇੜਤਾ ਵਿਚ ਨਿੱਘ ਮਿਲਦਾ ਹੈ, ਸ਼ਾਂਤੀ ਮਿਲਦੀ ਹੈ, ਜਿਸਦਾ ਅੰਦਰਲਾ ਨਿਰਮਲ ਹੈ, ਬਾਹਰੋਂ ਉਹ ਸਾਧਾਰਨ ਜਿਹੇ ਪਹਿਰਾਵੇ ਵਾਲਾ ਹੁੰਦਾ ਹੈ, ਲੇਕਿਨ ਉਹ ਸ੍ਰੇਸ਼ਟ ਮਨੁੱਖ ਹੈ। ਗੁਰੂ ਨਾਨਕ ਨੇ ਅਜਿਹੇ ਮਨੁੱਖਾਂ ਨੂੰ ਹੀ ਭਲੇ ਕਿਹਾ ਹੈ:

ਜਿਨ ਪਟੁ ਅੰਦਰਿ ਬਾਹਰ ਗੁਦੜੁ ਤੇ ਭਲੇ ਸੰਸਾਰਿ ।।
ਤਿਨ ਨੇਹੁ ਲਗਾ ਰੱਬ ਸੇਤੀ ਦੇਖਨੇ ਵੀਚਾਰਿ ।।

( ਮਹਲਾ ੧, ਪੰਨਾ- 473)

ਗੁਰੂ ਨਾਨਕ ਨੇ ਮਨੁੱਖ ਨੂੰ ਅੰਦਰੋਂ -ਬਾਹਰੋਂ ਇਕ ਅਤੇ ਸਵੱਛ ਹੋਣ ਲਈ ਕਿਹਾ। ਮਾਨਵਤਾ ਦਾ ਇਹ ਸਰਬ ਸ੍ਰੇਸ਼ਟ ਗੁਣ ਹੈ। ਗੁਰੂ ਨਾਨਕ ਦੇ ਮਾਨਵਵਾਦ ਦਾ ਪ੍ਰਮੁੱਖ ਤੇ ਪਹਿਲਾ ਸਬਕ ਹੈ। ਗੁਰੂ ਨਾਨਕ ਦੇ ਵਿਚਾਰਾਂ ਨਾਲ 'ਪਿਛੜੇ ਵਰਗ' ਨੂੰ ਖੁਦ ਮਿਲੀ ਅਤੇ ਉਹਨਾਂ ਨੇ ਧਰਮ ਵਿਚ ਜਨ-ਸਾਧਾਰਨ ਦੀ ਸ਼ਮੂਲੀਅਤ ਦਾ ਸੁਨੇਹਾ ਦਿੱਤਾ। ਸਮੁੱਚੇ ਸਮਾਜ ਦਾ ਪੁਨਰ-ਨਿਰਮਾਣ ਕਰਨ ਲਈ ਸਾਧਾਰਨ ਮਨੁੱਖ ਨੂੰ ਸਵੈ-ਮਾਣ ਤੇ ਆਜ਼ਾਦੀ ਸੁਵਿਧਾ ਦੇ ਕੇ, ਉਸਨੂੰ ਨਾਲ ਲੈ ਜਾਣਾ ਜ਼ਰੂਰੀ ਸੀ। ਸਮਾਜ ਦੇ ਵਿਕਾਸ ਲਈ ਸਾਧਾਰਨ ਮਨੁੱਖ ਦਾ ਵਿਕਾਸ ਜ਼ਰੂਰੀ ਸੀ। ਲੇਕਿਨ ਉਸ ਸਮੇਂ

'ਆਤਮਿਕ ਵਿਕਾਸ' ਦੇ ਉਲਟ 'ਕਰਮ-ਕਾਂਡਾਂ' ਨੇ ਹੀ ਧਰਮ ਦੀ ਥਾਂ ਲੈ ਲਈ ਸੀ। ਇਸ ਸੰਦਰਭ ਵਿਚ ਬਲਵੰਤ ਸਿੰਘ ਆਨੰਦ ਦੇ ਵਿਚਾਰ ਇਸ ਪ੍ਰਕਾਰ ਹਨ:

> ਬ੍ਰਾਹਮਣ ਸ਼੍ਰੇਣੀ ਨੇ ਆਪਣੀ ਵਡਿਆਈ ਜਾਂ ਸੁਆਰਥ ਸਿੱਧੀ ਲਈ ਲੋਕਾਂ ਨੂੰ ਕਰਮਾਂ ਭਰਮਾਂ ਦੇ ਚੱਕਰ ਵਿਚ ਐਸਾ ਉਲਝਾਇਆ ਹੋਇਆ ਸੀ ਕਿ ਉਨ੍ਹਾਂ ਦਾ ਵਿਅਕਤਿਤਵ ਸਹੀ ਦਿਸ਼ਾ ਵੱਲ ਵਿਕਸਤ ਨਹੀਂ ਸੀ ਹੋ ਰਿਹਾ। ਕਰਮ-ਕਾਂਡ ਨੇ ਹੀ ਧਰਮ ਦੀ ਥਾਂ ਲੈ ਲਈ ਸੀ। ਉਹਨਾਂ ਨੂੰ ਇਹ ਵਿਸ਼ਵਾਸ ਦੁਆਇਆ ਜਾਂਦਾ ਸੀ ਕਿ ਉਹ ਕਰਮ-ਕਾਂਡ ਨਾਲ ਦੇਵਤਿਆਂ ਨੂੰ ਪ੍ਰਭਾਵਿਤ ਕਰਕੇ ਉਨ੍ਹਾਂ ਪਾਸੋਂ ਮਨ-ਇੱਛਤ ਫਲ ਪ੍ਰਾਪਤ ਕਰ ਸਕਦੇ ਹਨ।[1]

ਬਲਵੰਤ ਸਿੰਘ ਆਨੰਦ ਅੱਗੇ ਫਿਰ ਇਸ ਤਰ੍ਹਾਂ ਲਿਖਦੇ ਹਨ ਕਿ:

> ਕਰਮ ਕਰਨ ਦਾ ਭੈ ਰਾਤ ਦਿਨ ਉਨ੍ਹਾਂ ਦੇ ਸਿਰ ਤੇ ਲਟਕਦਾ ਰਹਿੰਦਾ। ਸ਼ੁਗਨ-ਅਪਸ਼ੁਗਨ ਦੇ ਭਰਮ-ਜਾਲ ਵਿਚ ਉਹ ਸਦਾ ਜਕੜਿਆ ਰਹਿੰਦਾ, ਉਸਾਰੂ ਕੰਮ ਸੋਚਣ ਅਤੇ ਕਰਨ ਦਾ ਉਸਨੂੰ ਘਟ ਹੀ ਮੌਕਾ ਮਿਲਦਾ। ਪੁੰਨ-ਦਾਨ ਦਾ ਨਿਰਣਾ ਕੀਤੇ ਬਿਨਾ ਉਸਨੂੰ ਧਨ ਅਜਾਈਂ ਗਵਾਉਣਾ ਪੈਂਦਾ, ਕਈ ਵਾਰੀ ਉਸਨੂੰ ਕਰੜਾ ਝੁੱਕ ਕੇ ਕ੍ਰਿਆ-ਕਰਮ ਕਰਨੇ ਪੈਂਦੇ, ਜੰਤਰ, ਮੰਤਰ-ਤੰਤਰ ਅਤੇ ਜਾਦੂ ਟੂਣੇ ਵਿਘਨ ਨੂੰ ਟਾਲਣ ਅਤੇ ਦੂਜਿਆਂ ਦਾ ਨੁਕਸਾਨ ਕਰਨ ਜਾਂ ਵਿਰੋਧੀ ਧਿਰ ਦਾ ਨਾਸ਼ ਕਰਨ ਲਈ ਆਵਸ਼ਕ ਯੁਕਤੀ ਸਮਝੇ ਜਾਂਦੇ ਸੀ। ਬਿਮਾਰੀਆਂ ਦੇ ਇਲਾਜ ਵੀ ਜਾਦੂ ਟੂਣਿਆਂ ਨਾਲ ਕੀਤੇ ਜਾਂਦੇ। ਬ੍ਰਾਹਮਣਾਂ ਨੂੰ ਜਾਦੂਗਰਾਂ ਵਾਂਗ ਮਹਾਨ ਸਮਝਿਆ ਜਾਂਦਾ ਸੀ, ਜੋ

---

1.. 'The Brahmans had made the rituals so important that they come to take place of religion itself.T The rituals were supposed to have the power to influence gods and produced results sought for by the devotees.'

(Balwant Singh Anand, Guru Nanak -Religion and Ethics, P-31)

ਬਚਪਨ ਤੋਂ ਲੈ ਕੇ ਅੰਤਿਮ ਸਮੇਂ ਤਕ ਸਮਾਜਿਕ ਪ੍ਰਾਣੀ ਤੇ ਹਾਵੀ ਰਹਿੰਦੇ ।[1]

ਪਿਤਰਾਂ ਦੀ ਪੂਜਾ ਵਿਚ ਬਹੁਤ ਪੈਸਾ ਖਰਚ ਕੀਤਾ ਜਾਂਦਾ ਸੀ। ਲੋਕ ਇਸ ਭਰਮ ਵਿਚ ਫਸੇ ਹੋਏ ਸਨ ਕਿ ਉਹਨਾਂ ਨੂੰ ਸਵਰਗ ਬ੍ਰਾਹਮਣਾਂ ਨੂੰ ਖੁਸ਼ ਕਰਨ ਨਾਲ ਹੀ ਮਿਲ ਸਕਦਾ ਹੈ। ਆਵਾਜਾਈ ਦੇ ਸਾਧਨ ਬਹੁਤੇ ਨਾ ਹੋਣ ਕਾਰਣ ਪਾਪਾਂ ਦੀ ਨਿਵਿਰਤੀ ਅਤੇ ਮੁਕਤੀ ਦੀ ਪ੍ਰਾਪਤੀ ਲਈ ਤੀਰਥਾਂ ਤੇ ਪਹੁੰਚ ਕੇ ਦਾਨ ਕਰਨ ਅਤੇ ਜਲ ਵਿਚ ਡੁੱਬੀ ਲਾਣ ਦੀ ਖਾਤਰ ਉਮਰ ਦਾ ਬਹੁਤ ਹਿੱਸਾ ਖਰਚ ਹੋ ਜਾਂਦਾ ਸੀ। ਕਿਉਂਕਿ ਗੈਰ-ਮਾਨਵਵਾਦੀ ਕਰਮ-ਕਾਂਡ ਮਨੁੱਖੀ ਸ਼ਖਸੀਅਤ ਦਾ ਨਫ਼ੀਕਰਣ ਕਰ ਦਿੰਦੇ ਹਨ। ਗੁਰੂ ਨਾਨਕ ਨੇ ਕਰਮ-ਕਾਂਡਾਂ ਤੋਂ ਮੁਕਤ ਹੋ ਕੇ 'ਸਰਲ ਜੀਵਨ ਜਿਉਣ ਦੇ ਨਿਰਦੇਸ਼ਨ ਦਿੱਤੇ। ਗੁਰੂ ਨਾਨਕ ਮਨੁੱਖ ਦੇ ਜੀਵਨ ਨੂੰ, ਸਮਾਜ ਨੂੰ ਕਰਮ-ਕਾਂਡਾਂ ਤੋਂ ਮੁਕਤ [illegible] ਦੇਖਣਾ ਚਾਹੁੰਦੇ ਸਨ, ਲੋਕਾਂ ਦਾ ਜੀਵਨ ਸਰਲ ਕਰਨਾ ਚਾਹੁੰਦੇ ਸਨ। ਉਨ੍ਹਾਂ ਦੇ ਨਿਰਸੰਦੇਹ ਇਸ ਵਿਰੁੱਧ ਤਰਕਾਂ ਯੁੱਧ ਆਰੰਭਿਆ ਅਤੇ ਖੋਖਲੇਪਨ ਨੂੰ ਨਸ਼ਰ ਕੀਤਾ।[2]

ਗੁਰੂ ਨਾਨਕ ਦਾ ਮਾਨਵਵਾਦੀ ਦ੍ਰਿਸ਼ਟੀਕੋਣ ਕਰਮ-ਕਾਂਡਾਂ, ਸਮਾਜਿਕ ਬੁਰਾਈਆਂ ਦਾ ਵਿਰੋਧ ਕਰਦਾ ਹੈ।[3] ਅਤੇ ਸੌਰੇ ਜੀਵਨ ਦੀ ਪ੍ਰੇਰਨਾ ਦਿੰਦਾ ਹੈ। ਕਰਮ-ਕਾਂਡਾਂ ਨੂੰ ਪਾਖੰਡ ਕਿਹਾ ਅਤੇ ਇਹਨਾਂ ਨੂੰ ਤਿਆਗਣ ਦੀ ਪ੍ਰੇਰਨਾ ਦਿੱਤੀ।

---

1. At the time of Brahmans, the priestly class, become very powerful and with the increase of the importance of rituals, they assumed the position, which the magician enjoyed in the primitive society. They organised worship in such a manner that at every stage of life, from the time of his birth to the day he left this world, every member of the society needed their services.'

   (Balwant Singh Anand, Guru Nanak-Religion and Ethics, P-3)

2. 'Guru Nanak waged a war against rituals and exposed their hollowness.'

   (Balwant Singh Andnx Anand, Ibid, P-3)

3. 'Guru Nanak Dev must be remembered as a radical social reformer with a view to eradicating social

.. contd at the next page.

ਛੋਡੀਲੇ ਪਾਖੰਡਾ। ਨਾਮਿ ਲਇਐ ਜਾਹਿ ਤਰੰਦਾ ॥

(ਵਾਰ ਆਸਾ ਮਹਲਾ ੧, ਪੰਨਾ-471)

'ਛੋਡੀਲੇ ਪਾਖੰਡਾ' ਦਾ ਅਰਥ ਸਿਰਫ਼ ਧਰਮ-ਸੁਧਾਰ ਦਾ ਸੰਦੇਸ਼ ਨਹੀਂ ਸਗੋਂ ਇਸਦਾ ਭਾਵ-ਅਰਥ ਧਰਮ-ਸਿਰਜਣਾ ਦੇ ਆਦੇਸ਼ ਨਾਲ ਵੀ ਹੈ। ਗੁਰੂ ਨਾਨਕ ਪਾਖੰਡੀ ਜੀਵਨ ਨੂੰ ਤਿਆਗ ਕੇ ਸੱਚਾ-ਸੁੱਚਾ ਪਵਿੱਤਰ, ਸਰਲ ਜੀਵਨ ਜਿਊਣ ਲਈ ਕਹਿੰਦੇ ਹਨ। ਧਰਮ ਅਤੇ ਸਮਾਜ ਦਾ ਗੂੜ੍ਹਾ ਰਿਸ਼ਤਾ ਹੈ। ਇਕ ਦੇ ਅਪਵਿੱਤਰ ਹੋਇਆਂ ਦੂਸਰਾ ਗਿਰ ਜਾਂਦਾ ਹੈ। ਹਿੰਦੂਆਂ ਨੇ ਤਾਂ ਸਮਾਜਕ ਅਤੇ ਧਾਰਮਿਕ ਜ਼ੁਲਮਾਂ ਕਾਰਣ ਥਿੜਕਣਾ ਹੀ ਸੀ, ਨਿੱਘਰਨਾ ਹੀ ਸੀ। ਮੁਸਲਮਾਨ ਵੀ ਨਿੱਘਰ ਗਏ। ਸਮਾਜ ਦੇ ਦੋ ਮੁੱਖ ਥੰਮ ਬ੍ਰਾਹਮਣ ਅਤੇ ਕਾਜ਼ੀ ਮੰਨੇ ਜਾਂਦੇ ਹਨ। ਦੋਵੇਂ ਝੂਠੇ ਅਤੇ ਪਾਖੰਡੀ ਜੀਵਨ ਵਿਚ ਵਿਸ਼ਵਾਸ ਦੇ ਧਾਰਨੀ ਸਨ ਲੇਕਿਨ ਉਹਨਾਂ ਦਾ ਬਾਹਰੀ ਭੇਖ ਧਾਰਮਿਕ ਸੀ। ਲੇਕਿਨ ਅੰਦਰੋਂ ਜ਼ਾਲਮ ਸਨ। ਵੱਢੀ ਲੈ ਕੇ ਬੇਇਨਸਾਫ਼ੀਆਂ ਕਰਦੇ ਸਨ। ਜੇ ਕਾਜ਼ੀ ਵੱਢੀ ਲੈ ਕੇ ਗਲਤ ਫ਼ੈਸਲਾ ਦਿੰਦਾ ਸੀ ਤਾਂ ਗਵਾਹ ਵੀ ਵੱਢੀ ਦੇ ਕੇ ਖਰੀਦੇ ਹੋਏ ਝੂਠੇ ਹੁੰਦੇ ਸਨ। ਹਿੰਦੂ ਸਮਾਜ ਅੱਗੋਂ ਚਾਰ ਜਾਤੀਆਂ ਵਿਚ ਵੰਡਿਆ ਹੋਇਆ ਸੀ (ੳ) ਬ੍ਰਾਹਮਣਾਂ ਦਾ ਕੰਮ ਵੇਦਾਂ ਨੂੰ ਘੋਖਣਾ (ਅ) ਖੱਤਰੀਆਂ ਦਾ ਕੰਮ ਲੜਨਾ (ੲ) ਵੈਸ਼ਾਂ ਦਾ ਕੰਮ ਖੇਤੀ ਅਤੇ ਉਦਯੋਗ ਧੰਦੇ ਆਦਿ (ਸ) ਸ਼ੂਦਰ ਦਾ ਕੰਮ ਦੂਸਰੀਆਂ ਜਾਤੀਆਂ ਦੀ ਸੇਵਾ ਕਰਨਾ ਸੀ। ਇਹ ਜਾਤਾਂ ਜੱਦੀ ਬਣ ਚੁੱਕੀਆਂ ਸਨ। ਬ੍ਰਾਹਮਣ ਦਾ ਪੁੱਤਰ ਬ੍ਰਾਹਮਣ ਹੀ ਰਹਿਣ ਲੱਗਾ। ਜਾਤ-ਪਾਤ ਦੀ ਕਰੜਾਈ ਦਾ ਸਬੂਤ ਉਹਨਾਂ ਨੇ ਪਿਛਲੇ ਜਨਮਾਂ ਦੇ ਕਰਮ ਬਣਾ ਲਏ। ਇਸ ਤਰ੍ਹਾਂ ਕਰਮ-ਸਿਧਾਂਤ ਦੀ ਸਹਾਇਤਾ ਨਾਲ ਬ੍ਰਾਹਮਣਾਂ ਨੇ ਆਪਣੀ ਚੌਧਰ ਕਾਇਮ ਰੱਖ ਲਈ ਅਤੇ ਜੇ ਕੋਈ ਸ਼ੂਦਰ ਕਿਧਰੇ ਸ਼ਿਕਾਇਤ ਵੀ ਕਰਦਾ ਤਾਂ ਉਸਨੂੰ ਉਸਦੇ ਪਿਛਲੇ ਜਨਮਾਂ ਦੇ ਕੀਤੇ ਫਲ ਕਹਿ ਕੇ ਚੁੱਪ ਕਰਾ ਦਿੱਤਾ ਜਾਂਦਾ। ਜਾਤ-ਪਾਤ ਕਰਕੇ ਆਮ ਹਿੰਦੂ ਦੀ ਹਾਲਤ ਬਹੁਤ ਤਰਸਯੋਗ ਸੀ। ਸ਼ੂਦਰ ਦੀ ਦਸ਼ਾ ਬਹੁਤ ਹੀ ਮਾੜੀ ਸੀ। ਇਕ ਕੁੱਤਾ ਤਾਂ ਖੂਹ ਤੇ ਚੜ੍ਹ ਸਕਦਾ ਸੀ ਲੇਕਿਨ ਸ਼ੂਦਰ ਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਸੀ।

---

(contd. from the last page)

evils, he gave up wordly pursuits and took to the preaching of his spiritual message of unity of Godhood, Brotherhood of Man and of love and toler nce.'

(Jogind r Bedi, "Birth of a Path finder," The Sunday Tribune, Sunday Reading, Nov. 4, 1984)

ਹਨੇਰੀਆਂ ਰਾਤਾਂ ਵਿਚ ਉਸਨੂੰ ਗਲ ਵਿਚ ਟੱਲ ਪਾ ਕੇ ਟੁਰਨਾ ਪੈਂਦਾ ਸੀ ਤਾਂ ਕਿ ਕਿਤੇ ਭੁਲੇਖੇ ਨਾਲ ਕਿਸੇ ਪਾਸ ਦੀ ਲੰਘ ਰਹੇ ਬ੍ਰਾਹਮਣ ਤੇ ਉਸਦਾ ਪਰਛਾਵਾਂ ਨਾ ਪੈ ਜਾਵੇ। ਸੋ ਇਸ ਸਮੇਂ ਸਵੈ-ਮਾਣ ਅਤੇ ਅਣਖ ਦੀ ਮਨੁੱਖੀ ਹਿਰਦੇ ਵਿਚ ਕੋਈ ਥਾਂ ਨਹੀਂ ਸੀ। ਉਸ ਸਮੇਂ ਪਰਜਾ " ਅੰਧੀ "[1] ਅਤੇ " ਗਿਆਨ-ਵਿਹੂਣੀ"[2] ਸੀ। ਹਰਬੰਸ ਸਿੰਘ ਬਰਾੜ ਦੇ ਸ਼ਬਦਾਂ ਵਿਚ -" ਬਾਹਰਮੁਖੀ ਪੱਖ ਤੋਂ ਬਦੇਸ਼ੀ ਹਮਲਿਆਂ ਨੇ ਅਤੇ ਅੰਤਰਮੁਖੀ ਪੱਖ ਤੋਂ ਫੋਕੇ ਗਿਆਨ ਅਤੇ ਅੰਧ ਵਿਸ਼ਵਾਸ ਨੇ ਮਨੁੱਖ ਨੂੰ ਨਿਰਬਲ ਕੀਤਾ ਹੋਇਆ ਸੀ। ਜਦੋਂ ਮਨੁੱਖ ਅੰਦਰੋਂ ਸਾਹ-ਸੱਤ ਹੀਣ ਹੋ ਜਾਵੇ ਤਾਂ ਬਦੇਸ਼ੀ ਹਮਲਾਵਰਾਂ ਤੇ ਆਪਣੀ ਸੰਤੁਸ਼ਟੀ ਲਈ ਆਰੋਪ ਦੇਣਾ ਨਿਰਾ ਸਵੈ-ਧੋਖਾ ਹੈ।"[3] ਇਸ ਸੰਬੰਧ ਵਿਚ ਡਾ. ਬੁੱਧ ਪ੍ਰਕਾਸ਼ ਦੇ ਵਿਚਾਰ ਬਹੁਤ ਹੀ ਉਚਿਤ ਪ੍ਰਤੀਤ ਹੁੰਦੇ ਹਨ:
"ਭਾਰਤ ਦਾ ਕਿਸੇ ਨੇ ਕਤਲ ਨਹੀਂ ਕੀਤਾ, ਭਾਰਤ ਦਾ ਆਤਮ-ਘਾਤ ਹੋਇਆ ਹੈ।"[4]
ਗੁਰੂ ਨਾਨਕ ਦੀ ਮਾਨਵਵਾਦੀ ਬਾਣੀ ਨੇ ਉਸ ਸਮੇਂ ਦੇ ਪ੍ਰਾਣ-ਹੀਣ, ਸਾਹ -ਸੱਤ ਹੀਣ ਹੋਏ ਮਨੁੱਖ ਵਿਚ ਸਵੈ-ਮਾਣ ਦੀ ਭਾਵਨਾ ਪਾਈ। ਸੁੱਤੀ ਹੋਈ ਲੋਕਾਈ ਨੂੰ ਪੁਨਰ-ਜੀਵਤ ਕੀਤਾ। ਲੋਕਾਂ ਨੂੰ ਕਰਮ-ਕਾਂਡਾਂ ਦੇ ਚੱਕਰ ਵਿਚੋਂ ਮਾਨਸਿਕ ਗੁਲਾਮੀ 'ਚੋਂ ਕੱਢ ਕੇ ਸਵੈ-ਮਾਣ ਦੀ ਸੋਝੀ ਕਰਾਈ। ਇਸ ਤਰ੍ਹਾਂ ਗੁਰੂ ਨਾਨਕ ਦੇ ਮਾਨਵਵਾਦੀ ਵਿਚਾਰਾਂ ਨੇ ਲੋਕਾਈ ਨੂੰ ਸੁਖ ਦਾ ਸਾਹ ਦਿੱਤਾ।

ਇਕ ਹੋਰ ਭਿਆਨਕ ਸਮਾਜਕ ਬੁਰਾਈ 'ਜਾਤੀ ਪ੍ਰਥਾ' ਜੀਵਨ ਨੂੰ ਕਲੰਕਿਤ ਕਰ ਰਹੀ ਸੀ। ਇਸ ਬੁਰਾਈ ਨੇ ਸਮਾਜ ਨੂੰ ਡੂੰਘੇ ਰਸਾਤਲ ਵਿਚ ਧੱਕ ਦਿੱਤਾ ਸੀ। ਜਾਤ-ਵੰਡ, ਨੀਵੇਂ-ਉਚੇ ਅਤੇ ਹਿੰਦੂ-ਮੁਸਲਮਾਨ ਦੇ ਵਿਚਾਰਾਂ ਨੇ ਮਨੁੱਖ ਨੂੰ ਇਕ ਦੂਸਰੇ ਤੋਂ ਦੂਰ ਕੀਤਾ ਹੋਇਆ ਸੀ ਅਤੇ ਮਨੁੱਖ ਦੀ ਪਛਾਣ ਮਨੁੱਖ ਹੋਣ ਦੇ ਨਾਤੇ ਨਹੀਂ ਬਲਕਿ ਹਿੰਦੂ, ਮੁਸਲਮਾਨ ਅਤੇ ਬ੍ਰਾਹਮਣ, ਸ਼ੂਦਰ ਹੋਣ ਦੇ ਨਾਤੇ ਕੀਤੀ ਜਾਂਦੀ ਸੀ। ਜਾਤ-ਪਾਤ ਦੇ ਆਧਾਰ ਤੇ ਮਨੁੱਖ ਦੀ ਪਛਾਣ ਅਮਾਨਵੀ ਹੈ। ਕੁਦਰਤ ਦਾ ਇਹ

---

1. ਮਹਲਾ ੧, ਵਾਰ ਆਸਾ, ਸਲੋਕ 21
2. ਮਹਲਾ ੧, ਵਾਰ ਆਸਾ, ਸਲੋਕ 21
3. ਹਰਬੰਸ ਸਿੰਘ ਬਰਾੜ, "ਵਾਰ ਆਸਾ: ਸਿਧਾਂਤ ਵਿਕਾਸ" ਨਾਨਕ ਪ੍ਰਕਾਸ਼ ਪ੍ਰਤ੍ਰਿਕਾ, ਜਿਲਦ ਦਸਵੀਂ, ਅੰਕ ਦੂਜਾ, 31 ਦਸੰਬਰ 1978, ਪੰਨਾ-66
4. Buch Prakash, Aspects of Indian History and civilisation, P-52

ਮੁੱਢ ਕਦੀਮ ਤੋਂ ਅਸੂਲ ਰਿਹਾ ਹੈ ਕਿ ਵੱਡੀ ਮੱਛੀ ਛੋਟੀ ਨੂੰ ਨਿਗਲਦੀ ਹੈ। ਮੁਸਲਮਾਨਾਂ ਨੇ, ਹਿੰਦੂਆਂ ਤੇ ਜ਼ੁਲਮ ਢਾਹੇ, ਹਿੰਦੂਆਂ ਨੇ ਅੱਗੋਂ ਸ਼ੂਦਰਾਂ ਤੇ ਜ਼ੁਲਮ ਢਾਹੇ। ਉਹਨਾਂ ਨੂੰ ਨੀਚ-ਜਾਤਿ ਕਹਿ ਕੇ ਦੂਰ ਰੱਖਿਆ, ਤ੍ਰਿਸਕਾਰਿਆ, ਫਿਟਕਾਰਿਆ, ਨੇੜੇ ਲੰਘਿਆਂ ਭਿੱਟ ਚੜ੍ਹਦੀ ਸੀ, ਸ਼ੂਦਰ ਵੱਲ ਵੇਖ ਕੇ ਲੋਕ ਨਫ਼ਰਤ ਕਰਦੇ ਸਨ ਤੇ ਮੂੰਹ ਵੱਟ ਲੈਂਦੇ ਸਨ। ਲੇਕਿਨ ਗੁਰੂ ਨਾਨਕ ਦਾ ਦ੍ਰਿਸ਼ਟੀਕੋਣ ਵੱਖਰਾ ਸੀ। ਉਹਨਾਂ ਨੂੰ ਊਚ-ਨੀਚ, ਜਾਤ-ਪਾਤ ਤੇ ਨਫ਼ਰਤ ਸੀ। ਗੁਰੂ ਨਾਨਕ ਨੇ ਕਿਹਾ:-

(ੳ) ਫਕੜ ਜਾਤਿ ਫਕੜੁ ਨਾਉ ॥
ਸਭਨਾ ਜੀਆ ਇਕਾ ਛਾਉ ॥
( ਸਿਰੀ ਰਾਗ ਮਹਲਾ ੧,ਸਲੋ. 3, ਪੰਨਾ-83

(ਅ) ਪੂਛੈ ਨਾਨਕ ਜਾਤਿ ਕੈਸੀ ॥
( ਰਾਗ ਆਸਾ, ਸ਼ਬਦ 33)

ਗੁਰੂ ਨਾਨਕ ਦੀ ਮਾਨਵਵਾਦੀ ਦ੍ਰਿਸ਼ਟੀ 'ਆਸਾ ਦੀ ਵਾਰ' ਵਿਚ ਜ਼ੋਰਦਾਰ ਸ਼ਬਦਾਂ ਵਿਚ ਜਾਤ-ਪਾਤ ਦਾ ਵਿਰੋਧ ਕਰਦੀ ਹੈ। ਗੁਰੂ ਨਾਨਕ ਨੂੰ ਜਾਤ-ਪਾਤ ਦਾ ਵਿਰੋਧ ਕਰਨ ਦੀ ਲੋੜ ਕਿਉਂ ਪਈ? ਕੇਵਲ ਇਸ ਲਈ ਕਿ ਤਤਕਾਲੀਨ ਸਮਾਜ ਜਾਤ-ਪਾਤ ਦੇ ਬੰਧਨਾਂ ਵਿਚ ਗ੍ਰਸਤ ਸੀ। ਵਿਅਕਤੀ ਦੀ ਪਰਖ ਦਾ ਆਧਾਰ ਉਸਦੇ ਗੁਣ-ਔਗੁਣ ਨਾ ਹੋ ਕੇ ਕੇਵਲ ਜਾਤ ਸੀ, ਬ੍ਰਾਹਮਣ ਅਤੇ ਸ਼ੂਦਰ ਦੀ ਬਰਾਬਰੀ ਦੀ ਤਾਂ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ।[1] ਇਸ ਤਰ੍ਹਾਂ ਸਮਾਜ ਜਾਤ ਪਾਤ ਦੇ ਬੰਧਨਾਂ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਸੀ। ਅਜਿਹੇ ਅਮਾਨਵੀ, ਗੈਰ-ਜ਼ਰੂਰੀ ਬੰਧਨਾਂ ਨਾਲ ਮਨੁੱਖੀ ਹੋਂਦ ਦੀ ਅਹਿਮੀਅਤ ਘਟਦੀ ਹੈ। ਨਾਮਦੇਵ, ਰਵਿਦਾਸ ਆਦਿ ਭਗਤ ਕਵੀਆਂ ਦੀ ਬਾਣੀ ਨੂੰ ਗੁਰੂ ਨਾਨਕ ਨੇ ਆਦਰ ਦੀ ਦ੍ਰਿਸ਼ਟੀ ਨਾਲ ਵੇਖਿਆ, ਲੇਕਿਨ ਇਹ ਭਗਤ ਸਮਾਜਿਕ ਜੀਵਨ ਵਿਚ ਆਪਣੇ ਏਕਤਾ ਅਤੇ ਮਾਨਵਵਾਦੀ ਵਿਚਾਰਾਂ ਦੀ ਕੋਈ ਛਾਪ ਨਾ ਲਗਾ ਸਕੇ। ਉਹਨਾਂ ਦਾ ਜਾਤੀ ਸਮਾਨਤਾ ਵਾਲਾ ਵਿਚਾਰ ਵੀ ਅਮਲ ਵਿਚ ਨਾ ਆ ਸਕਿਆ।[2] ਉਸ ਸਮੇਂ ਭਗਤ

---

1. ਕਬੀਰ ਰਾਗ ਰਾਮਕਲੀ: ਤੂੰ ਬ੍ਰਹਮਨੁ ਮੈ ਕਾਸੀ ਕਾ ਜੁਲਾਹਾ
ਮੁਹਿ ਤੁਹਿ ਬਰਾਬਰੀ ਕੈਸੇ ਕੈ ਬਨਹਿ॥(ਆਦਿ ਗ੍ਰੰਥ,ਪੰ-970)

2. (That Bhaktas had paid only lip service to the ideal of casteless society'
(Khushwant Singh,'A History of Sikhs, Vol.I,P-47)

ਭਗਤ ਕਵੀ ਮਨੁੱਖੀ ਜੀਵਨ ਅਤੇ ਸਮਾਜ ਨੂੰ ਚੰਗੇਰਾ ਬਣਾਉਣ ਦਾ ਯਤਨ ਨਹੀਂ ਕਰਦੇ ਸਨ ਬਲਕਿ ਕੇਵਲ ਮਾਤਰ ਭਗਤੀ ਤੇ ਹੀ ਜ਼ੋਰ ਦਿੰਦੇ ਸਨ। ਰਾਮਾਨੰਦ, ਚੈਤੰਨ, ਕਬੀਰ ਅਤੇ ਵਲੱਭ ਆਦਿ ਭਗਤਾਂ ਨੇ ਆਪਣੇ ਢੰਗ ਨਾਲ ਪ੍ਰਚਾਰ ਕੀਤਾ, ਲੇਕਿਨ ਉਹਨਾਂ ਦੀ ਜੀਵਨ ਵਿਚ ਕੋਈ ਦਿਲਚਸਪੀ ਨਹੀਂ ਸੀ, ਜਿਸ ਕਰਕੇ ਉਨ੍ਹਾਂ ਮਨੁੱਖ ਦੀ ਸਮਾਜਕ ਹਾਲਤ ਨੂੰ ਬੇਹਤਰ ਬਨਾਉਣ ਲਈ ਕੋਈ ਯਤਨ ਨਾ ਕੀਤਾ।[1]

ਗੁਰੂ ਨਾਨਕ ਨੇ 'ਜਾਤੀ-ਪ੍ਰਥਾ' ਦਾ ਖੰਡਨ ਕਰਕੇ ਮਨੁੱਖੀ ਹੋਂਦ ਨੂੰ ਗੌਰਵ ਪ੍ਰਦਾਨ ਕੀਤਾ। ਮਨੁੱਖੀ ਅਧਿਕਾਰਾਂ ਦੀ ਰੱਖਿਆ ਕੀਤੀ। ਸਮਾਨਤਾ ਵਾਲੇ ਸਮਾਜ ਦੀ ਸਥਾਪਨਾ ਕੀਤੀ। ਜਾਤੀ ਨੂੰ ਪਿੱਛੇ ਛੱਡ ਕੇ ਚੰਗੇ ਕਰਮਾਂ, ਮਾਨਵਵਾਦੀ ਕਰਮਾਂ ਤੇ ਜ਼ੋਰ ਦਿੱਤਾ। ਜਾਤ-ਪਾਤ ਸਮਾਜ ਲਈ ਕੋਹੜ ਹੈ। ਇਹ ਸਮਾਜ ਨੂੰ ਅਤੇ ਮਨੁੱਖੀ ਜ਼ਿੰਦਗੀ ਨੂੰ ਸਦਾ ਪਤਨ ਦੀ ਅਵਸਥਾ ਵਿਚ ਰੱਖਦੀ ਹੈ। ਨਾਨਕ-ਬਾਣੀ ਵਿਚ ਜਾਤ-ਪ੍ਰਥਾ ਦੀ ਨਿਖੇਧੀ ਕੀਤੀ ਗਈ ਹੈ ਅਤੇ ਮਨੁੱਖੀ ਸਮਾਜ ਦੀ ਸਮਾਨਤਾ ਤੇ ਜ਼ੋਰ ਦਿੱਤਾ ਹੈ।[2] ਗੁਰੂ ਨਾਨਕ ਨੇ ਪਰਮਾਤਮਾ ਦੇ ਨਵੇਂ ਸਰੂਪ ਦੀ ਵਿਆਖਿਆ ਕਰਕੇ ਲੋਕਾਈ ਨੂੰ ਮਾਨਵਤਾ ਦੇ ਇਕ ਸੂਤਰ ਵਿਚ ਪਰੋਇਆ। ਈਸ਼ਵਰ ਦੀ ਨਵੀਂ ਪਰਿਭਾਸ਼ਾ ਦਿੱਤੀ। ਓਅੰਕਾਰ ਦੇ ਅੱਗੇ ਇਕ ਲਗਾਇਆ ਅਤੇ ਮਾਨਵਵਾਦ ਦੇ ਸੰਕਲਪ ਨੂੰ ਠੋਸ ਆਧਾਰ ਪ੍ਰਦਾਨ ਕੀਤਾ। ਇਸ ਪ੍ਰਸੰਗ ਵਿਚ ਡਾ. ਤਾਰਨ ਸਿੰਘ ਲਿਖਦੇ ਹਨ ਕਿ: "ਇਸ ਪਰਿਭਾਸ਼ਾ ਦੇ ਸਿਰਜਣਾਤਮਕ ਪੱਖ ਦਾ ਸੰਬੰਧ ਸਰਗੁਣ ਬ੍ਰਹਮ ਨਾਲ ਹੈ ਅਤੇ ਬਾਕੀ ਦਾ ਸੰਬੰਧ ਨਿਰਗੁਣ ਬ੍ਰਹਮ ਨਾਲ ਹੈ। ਮੂਲ ਮੰਤਰ ਵਿਚ 'ਕਾਰ' ਸ਼ਬਦ ਦਾ ਭਾਵ ਹੈ ਇਕ-ਰਸ।"[3] ਪਰਮਾਤਮਾ ਇਕ ਹੈ, ਸਾਰੀ ਮਾਨਸ-ਜਾਤ ਇਕ ਹੈ। ਪਰਮਾਤਮਾ ਇਕ ਹੈ, ਸਾਰੀ ਮਾਨਸ-ਜਾਤ ਇਕ ਹੈ।

---

1. 'These God and able men appear to have been so impressed with nothingness of this life, that they deemed the amelioration of man's social condition as unworthy of a thought.'
   (Khushwant Singh, A History of Sikhs, Vol.I, P-34)
2. Right from its inception in the sixteenth century sikhism has sought the establishment of an egalitarian society where all man and women would be equal and share resources collectively.
   (Jr.of Sikh Studies, Vol.XI, No.1, Feb.84 GNDU, Amritsar, P-3)
3. ਡਾ. ਤਾਰਨ ਸਿੰਘ, <u>ਗੁਰੂ ਨਾਨਕ ਚਿੰਤਨ ਤੇ ਕਲਾ</u>, ਪੰਨਾ-99

ਭਗਤਾਂ ਦਾ ਬਰਾਬਰੀ ਦਾ ਪ੍ਰਚਾਰ ਸਮਾਜਕ ਨਾਲੋਂ ਅਧਿਆਤਮਕ ਵਧੇਰੇ ਸੀ। ਗੁਰੂ ਨਾਨਕ ਦੇ ਮਾਨਵਵਾਦੀ ਵਿਚਾਰ ਹਿੰਦੂ ਮੱਤ ਦੇ ਦੇਵ-ਵਾਦ, ਅਵਤਾਰਵਾਦ, ਮੂਰਤੀਵਾਦ, ਮਿਥਿਆਵਾਦ, ਕਰਮ-ਕਾਂਡ ਵਿਧੀਆਂ, ਜਾਤ-ਲਿੰਗ ਦੇ ਵਿਤਕਰੇ ਦੀਆਂ ਦੀਵਾਰਾਂ ਖੜੀਆਂ ਕਰਨ ਵਾਲੇ ਵਿਧਾਨ ਅਤੇ ਹਠ-ਧਰਮੀ ਦੇ ਵਿਰੁੱਧ ਸਨ। ਗੁਰੂ ਨਾਨਕ ਨੇ '੧ਓ' ਦਾ ਸਿਧਾਂਤ ਦਿੱਤਾ ਜੋ ਏਕਤਾ ਦਾ ਸਿਧਾਂਤ ਸੀ। ਜਾਤ-ਪਾਤ ਦੇਹੁਰਾ-ਮਸੀਤ, ਵੇਦ-ਕਤੇਬ, ਰੂਪ-ਰੰਗ, ਪੂਜਾ-ਨਿਵਾਜ ਦੀ ਏਕਤਾ ਤਾਂ ਹੀ ਰਹਿ ਸਕਦੀ ਹੈ ਜੇ ਪਹਿਲਾਂ ਵਿਚਾਰ, ਸੰਕਲਪ ਸਿਧਾਂਤ, ਦ੍ਰਿਸ਼ਟੀਕੋਣਾਂ ਵਿਚ ਏਕਤਾ ਦਿੱਸੇ। ਗੁਰੂ ਨਾਨਕ ਨੇ ਹਿੰਦੂ ਅਤੇ ਮੁਸਲਮਾਨਾਂ ਦੇ ਝਗੜੇ ਨੂੰ ਇਹ ਕਹਿ ਕੇ ਖਤਮ ਕਰ ਦਿੱਤਾ ਕਿ ਹਰ ਕੋਈ ਹਿੰਦੂ ਜਾਂ ਮੁਸਲਮਾਨ ਤੋਂ ਪਹਿਲੇ ਇਨਸਾਨ ਹੈ। ਇਹ ਸਭ ਇਨਸਾਨ ਉਸ ਇਕ ਦੇ ਪੈਦਾ ਕੀਤੇ ਹਨ ਅਤੇ ਉਹ ਆਪ ਹੀ ਸਭ ਵਿਚ ਆਤਮਾ ਰੂਪ ਵਿਚ ਵਿਦਮਾਨ ਹੈ। ਜਨਮ ਕਰਕੇ ਕੋਈ ਛੋਟਾ ਵੱਡਾ ਨਹੀਂ, ਸਾਰੇ ਸਮਾਨ ਹਨ। ਇਨਸਾਨ ਨੂੰ ਉਸਦੇ ਕੀਤੇ ਕਰਮਾਂ ਦੇ ਆਧਾਰ ਤੇ ਪਛਾਣਿਆ ਜਾਣਾ ਚਾਹੀਦਾ ਹੈ। ਗੁਰੂ ਨਾਨਕ ਨੇ ਜਾਤੀ-ਪ੍ਰਥਾ ਦਾ ਖੰਡਨ ਕਰਕੇ ਮਾਨਵ-ਜਾਤੀ ਨੂੰ ਏਕਤਾ ਦੇ ਸੂਤਰ ਵਿਚ ਪਰੋਇਆ। ਪ੍ਰਿੰਸੀਪਲ ਗੁਰਬਚਨ ਸਿੰਘ ਤਾਲਿਬ ਇਸ ਸੰਦਰਭ ਵਿਚ ਲਿਖਦੇ ਹਨ:

"Guru Nanak sought to integrate the lower castes into the main-stream of Indian Humanity by declaring that untouchability inheres not in birth, but in actions." 1

ਗੁਰੂ ਨਾਨਕ ਨੇ 'ਜਾਤ-ਪਾਤ' ਵਰਗੀ ਅਮਾਨਵੀ ਪ੍ਰਥਾ ਨੂੰ ਖਤਮ ਕਰਕੇ ਮਾਨਵਵਾਦੀ ਦ੍ਰਿਸ਼ਟੀਕੋਣ ਦੇ ਆਧਾਰ ਤੇ ਸਮਾਜ ਨੂੰ ਏਕਤਾ ਦਾ ਰਾਹ ਦਰਸਾਇਆ। ਹੇਠ ਲਿਖੀਆਂ ਨਾਨਕ-ਬਾਣੀ ਦੀਆਂ ਇਹਨਾਂ ਟੁਕਾਂ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ:

(ੳ) ਜਾਤਿ ਜਨਮੁ ਨ ਪੂਛੀਐ ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥

( ਪ੍ਰਭਾਤੀ ਮਹਲਾ ੧, ਪੰਨਾ-1330)

(ਅ) ਜੇ ਨੀਵੀਂ ਜਾਤ ਵਿਚ ਕੋਈ ਪ੍ਰਭੂ ਦਾ ਸੱਚਾ ਸੇਵਕ ਹੋਵੇ ਤਾਂ ਗੁਰੂ ਸਾਹਿਬ ਉਸ ਬਾਰੇ ਕਹਿੰਦੇ ਹਨ:

---

1. G.S. Talib, "Guru Nanak and National Integration," Jr. of Sikh Studies, Vol.XI, No.1, Feb 1984, Guru Nanak Dev University, Amritsar, P-7

ਵਿਚਿ ਸਨਾਤੀ ਸੇਵਕ ਹੋਇ ॥
ਨਾਨਕ ਪਣੀਆ ਪਹਿਰੈ ਸੋਇ ॥

( ਮਲਾਰ, ਪੰਨਾ-1256)

ਗੁਰੂ ਨਾਨਕ ਤਾਂ ਕੇਵਲ ਇਸ ਗੱਲ ਦੇ ਹਾਮੀ ਸਨ:

(ੲ) ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥

( ਰਾਗ ਆਸਾ ਮਹਲਾ ੧, ਪੰਨਾ-469)

(ਸ) ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੈ ॥

(ਰਾਗੁ ਆਸਾ,ਮਹਲਾ ੧,ਚਉਪਦੇ,ਪੰਨਾ-349)

(ਹ) ਗੁਰੂ ਨਾਨਕ ਨੇ ਸਾਂਝੇ ਭਾਰਤ ਦੀ ਸਭਿਅਤਾ ਦੀ ਰੱਖਿਆ ਕੀਤੀ ਤੇ ਉਸਨੂੰ ਪਿਆਰ ਤੇ ਸਤਿਕਾਰ ਦਿੱਤਾ। ਜਾਤ-ਭੇਦ ਦੀ ਕੰਧ ਤੋੜੀ, ਆਪਣੀ ਜਮਾਤ ਵਿਚ ਸਾਰਿਆਂ ਨੂੰ ਸ਼ਾਮਿਲ ਕਰਨ ਦੀ ਭਾਵਨਾ ਇਸ ਤੁਕ ਤੋਂ ਪ੍ਰਗਟ ਹੁੰਦੀ ਹੈ:

ਆਈ ਪੰਥੀ ਸਗਲ ਜਮਾਤੀ

( ਜਪੁਜੀ, ਪਉੜੀ -28)

(ਕ) ਨਾਨਕ-ਬਾਣੀ ਚਿੰਤਨ ਇਨਕਲਾਬੀ ਮਾਨਵਵਾਦੀ ਚਿੰਤਨ ਹੈ। ਇਹ ਚਿੰਤਨ-ਜਾਤ-ਪਾਤ ਵਿਰੋਧੀ ਸੀ। ਗੁਰੂ ਨਾਨਕ ਨੇ ਆਪਣੇ ਆਪ ਨੂੰ ਨੀਵਿਆਂ ਨਾਲ ਜੋੜ ਕੇ ਉਹਨਾਂ ਨੂੰ ਉਚਿਆਂ ਕੀਤਾ। ਵਿਹਾਰਕ ਪੱਧਰ ਤੇ ਮਾਨਵੀ-ਸਮਾਨਤਾ, ਮਾਨਵਵਾਦੀ ਵਿਚਾਰਾਂ ਦੇ ਪ੍ਰਤੀਕ ਬਣੇ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

(ਸਿਰੀ ਰਾਗ,ਮਹਲਾ ੧,ਪੰਨਾ-15)

ਜਾਤੀ-ਪ੍ਰਥਾ ਨਾਲ ਸਮਾਜ ਕਈ ਟੁਕੜਿਆਂ ਵਿਚ ਵੰਡਿਆ ਜਾਂਦਾ ਹੈ। ਸਮਾਜ ਅਖੰਡ ਹੋਣ ਦੀ ਬਜਾਏ ਟੋਟੇ ਟੋਟੇ ਹੋ ਜਾਂਦਾ ਹੈ। ਇਸਦੀ ਪ੍ਰਗਤੀਸ਼ੀਲਤਾ ਰੁਕ ਜਾਂਦੀ ਹੈ। ਜਾਤੀ ਭਾਵਨਾਂ ਦੀ ਹਉਮੈ ਕਾਰਣ ਮਨੁੱਖ ਨਾ ਤਾਂ ਆਪਣੀ ਮੁਕਤੀ ਪ੍ਰਾਪਤ ਕਰ ਸਕਦਾ ਹੈ ਅਤੇ ਨਾ ਹੀ ਸਮਾਜ ਨੂੰ ਮੁਕਤ, ਚੰਗੇ ਰਾਹਾਂ ਤੇ ਤੋਰ ਸਕਦਾ

ਹੈ। ਸੋ, ਇਸ ਭਿਆਨਕ ਰੋਗ ਤੋਂ ਬਚਣ ਲਈ ਨਾਨਕ-ਬਾਣੀ ਵਿਚ ਬਾਰ-ਬਾਰ ਕਿਹਾ ਗਿਆ ਹੈ। ਡਾ. ਨਿਰਮਲ ਸਿੰਘ ਗਿੱਲ ਦੇ ਵਿਚਾਰ ਇਥੇ ਵਰਨਣਯੋਗ ਹਨ:

> ਸਮਾਜ ਵਿਚ ਸਵੈ-ਪੂਰਨਤਾ ਪ੍ਰਾਪਤ ਕਰਨ ਦੀ ਲੋੜ ਹੈ ਅਤੇ ਸਾਧਾਰਣ ਲੋਕਾਂ ਲਈ ਨਫ਼ਰਤ ਨਾਲ ਹੰਕਾਰ ਵਿਚ ਇਕ ਪਾਸੇ ਅਡਿੱਗ ਖੜੇ ਰਹਿਣਾ ਵਿਵਰਜਿਤ ਹੈ। ਅਸੀਂ ਸਰਵ-ਸੰਸਾਰ ਨਾਲ ਇਕ-ਮਿਕ ਹੋ ਕੇ ਹੀ ਸੱਚੀ ਪੂਰਣਤਾ ਪ੍ਰਾਪਤ ਕਰ ਸਕਦੇ ਹਾਂ। ਜਿਹੜੇ ਇਸ ਮਹਾਨ ਨਿਰ-ਸੁਆਰਥ ਦੀ ਦ੍ਰਿਸ਼ਟੀ ਬਣਾ ਲੈਂਦੇ ਹਨ, ਸੰਸਾਰ ਦੀ ਖੇਡ ਨੂੰ ਅਗਾਂਹ ਤੋਰਨ ਦੀ ਖੁਸ਼ੀ ਮਾਣਦੇ ਹਨ ਅਤੇ ਉਹ ਪ੍ਰਭੂ-ਪਿਤਾ ਦੇ ਹੁਕਮ ਅਨੁਸਾਰ ਕੰਮ ਕਰ ਰਹੇ ਹੁੰਦੇ ਹਨ।[1]

ਇਸੇ ਸੰਦਰਭ ਵਿਚ ਭਾਈ ਜੋਧ ਸਿੰਘ ਆਪਣੀ ਪੁਸਤਕ 'ਗੁਰਮਤਿ ਨਿਰਣਯ' ਵਿਚ ਇਸ ਪ੍ਰਕਾਰ ਲਿਖਦੇ ਹਨ:

> ਮਨੁੱਖਾਂ ਦਾ ਆਪੋ ਵਿਚ ਦੀ ਇਕ ਦੂਜੇ ਨਾਲ ਵਰਤਾਰਾ ਬਹੁਤਾ ਉਨ੍ਹਾਂ ਆਦਰਸ਼ਾਂ ਤੇ ਨਿਰਭਰ ਰੱਖਦਾ ਹੈ ਜੋ ਉਸ ਧਰਮ ਨੇ ਥਾਪੇ ਹੋਣ ਜਿਸ ਮਗਰ ਉਹ ਮਨੁੱਖ ਤੁਰਦੇ ਹਨ। ਇਸ ਲਈ ਜਦੋਂ ਕਿਸੇ ਧਰਮ ਦਾ ਪ੍ਰਚਾਰ ਆਰੰਭ ਹੋਂਦਾ ਹੈ ਤੇ ਹੌਲੀ ਹੌਲੀ ਉਹਦੇ ਸ਼ਰਧਾਲੂ ਵਧਦੇ ਹਨ, ਪਹਿਲੀ ਭਾਈਚਾਰਕ ਵਰਤੋਂ ਤੇ ਬਣਤਰ ਵਿਚ ਵੀ ਸਹਜੇ ਸਹਜੇ ਤਬਦੀਲੀ ਆਰੰਭ ਹੋ ਜਾਂਦੀ ਹੈ। ਸਿੱਖ ਧਰਮ ਦੇ ਪ੍ਰਚਾਰ ਨੇ ਈਹੋ ਅਸਰ ਕੀਤਾ। ਸਾਰੇ ਮਨੁੱਖ ਇਕੋ ਜੇਹੇ ਹਨ। ਇਸ ਲਈ ਜਾਤ-ਪਾਤ ਦੇ ਭੇਦ ਮਿਟਣੇ ਚਾਹੀਦੇ ਹਨ। ਇਹ ਪਹਿਲਾ ਭਾਈਚਾਰਕ ਅਸੂਲ ਸੀ ਜਿਸਨੂੰ ਗੁਰਮਤ ਨੇ ਦ੍ਰਿੜ ਕਰਾਣਾ ਆਰੰਭ ਕੀਤਾ।[2]

---

1. ਡਾ. ਨਿਰਮਲ ਸਿੰਘ ਗਿੱਲ, ਗੁਰੂ ਨਾਨਕ ਬਾਣੀ ਵਿਚ ਮੁਕਤੀ ਮਾਰਗ, ਪੰਨਾ-39
2. ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਪੰਨਾ-273

ਗੁਰੂ ਨਾਨਕ ਨੇ ਬ੍ਰਾਹਮਣਾਂ ਦੇ ਮਨ ਨੂੰ ਦਾਰਸ਼ਨਿਕ ਤੇ ਮਿੱਠੀ ਪਰ ਗੰਭੀਰ ਭਾਸ਼ਾ ਵਿਚ ਸੁਚੇਤ ਕੀਤਾ ਅਤੇ ਆਤਮਾ ਦੇ ਰੂਪ ਉਪਰ ਜ਼ੋਰ ਦਿੱਤਾ ਹੈ ਜਿਸਦੀ ਸਰੀਰ ਦੇ ਤਿਆਗ ਪਿਛੋਂ ਕੋਈ ਜਾਤ ਨਹੀਂ ਆਖੀ ਜਾ ਸਕਦੀ। ਗੁਰਵਾਕ ਹੈ:

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ।
ਜਿਸਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ।।

(ਆਸਾ ਰਾਗ, ਮਹਲਾ ੧, ਪੰਨਾ-469)

ਪ੍ਰਭੂ ਦੀ ਦ੍ਰਿਸ਼ਟੀ ਕੋਈ ਮਤਭੇਦ ਜਾਂ ਚੰਗਾ-ਮਾੜਾ ਜਾਂ ਉਚਾ-ਨੀਵਾਂ ਨਹੀਂ ਦੇਖਦੀ। ਕੁਦਰਤ ਦੇ ਪ੍ਰਬੰਧ ਵਿਚ ਨਾਮ ਤੇ ਰੂਪ ਤੇ ਜਾਤਾਂ ਆਦਿ ਦੀ ਕੋਈ ਥਾਂ ਨਹੀਂ। ਸੱਚੇ-ਸੁੱਚੇ ਆਚਾਰ ਵਾਲੇ ਮਨੁੱਖ ਲਈ ਝੂਠੇ ਗਿਆਨ ਅਤੇ ਜਾਤ ਉਚੀ ਹੋਣ ਦਾ ਹੰਕਾਰ ਕੋਈ ਅਰਥ ਨਹੀਂ ਰੱਖਦਾ। ਵੈਦਿਕ ਯੁੱਗ ਵਿਚ ਵਰਣ ਦੇ ਬੰਧਨ ਇਤਨੇ ਕਠੋਰ ਨਹੀਂ ਸਨ ਪਰ ਹੌਲੀ ਹੌਲੀ ਇਹ ਵਧੇਰੇ ਕਠੋਰ ਤੇ ਦ੍ਰਿੜ ਹੁੰਦੇ ਗਏ ਅਤੇ ਅੱਗੇ ਜਾ ਕੇ ਇਕ ਉਤਮ ਸ਼ੂਦਰ ਨਾਲੋਂ ਇਕ ਨੀਚ ਬ੍ਰਾਹਮਣ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਣ ਲੱਗ ਪਿਆ। ਉੱਚੀਆਂ ਜਾਤਾਂ, ਨੀਵੀਆਂ ਜਾਤਾਂ ਨਾਲ ਜ਼ਿਆਦਾ ਅਤਿਆਚਾਰੀ ਵਤੀਰਾ ਕਰਨ ਲੱਗ ਪਈਆਂ। ਗੁਰੂ ਨਾਨਕ ਵਾਂਗ ਭਗਤ ਕਬੀਰ ਨੇ ਵੀ ਜਾਤ-ਪਾਤ ਦਾ ਵਿਰੋਧ ਕੀਤਾ।[1]

ਨਾਨਕ ਬਾਣੀ ਵਿਚ ਜਾਤ-ਪਾਤ ਦੀ ਪ੍ਰਥਾ, ਜਿਹੜੀ ਹਿੰਦੂ ਸ਼ਾਸਤਰਾਂ ਵਿਚ ਲਿਖੀ ਹੋਈ ਸੀ ਅਤੇ ਬ੍ਰਾਹਮਣਾਂ ਨੇ ਅਮਲੀ ਪੱਧਰ ਤੇ ਲਾਗੂ ਕਰਕੇ ਸਮਾਜ ਨੂੰ ਇਸ ਭਿਅੰਕਰ ਰੋਗ ਨਾਲ ਗ੍ਰਸਤ ਕੀਤਾ ਹੋਇਆ ਸੀ ਅਤੇ ਆਮ ਮਨੁੱਖ ਦਾ ਜੀਣਾ ਦੁੱਭਰ ਕੀਤਾ ਹੋਇਆ ਸੀ - ਦੀ ਨਿਖੇਧੀ ਕੀਤੀ ਗਈ ਹੈ ਅਤੇ ਇਸਦੀ ਥਾਂ ਮਾਨਵਵਾਦੀ ਦ੍ਰਿਸ਼ਟੀਕੋਣ ਦਾ ਪ੍ਰਚਲਨ ਕੀਤਾ। ਇਸ ਪ੍ਰਸੰਗ ਵਿਚ ਅਜੋਕੇ ਯੁੱਗ ਦੇ ਮਹਾਨ ਵਿਦਵਾਨ ਡਾ. ਅੰਬੇਦਕਰ ਨੇ ਆਪਣੀ ਰਚਨਾ 'Annihilation of Caste' ਵਿਚ ਸਪਸ਼ਟ ਲਿਖਿਆ ਹੈ:

> ਜਾਤ-ਪਾਤ ਅਤੇ ਵਰਣ-ਵਿਤਕਰਿਆਂ ਦਾ ਭਰਪੂਰ ਬਿਆਨ ਵੇਦਾਂ ਅਤੇ ਸਿਮਰਤੀਆਂ ਵਿਚ ਮੌਜੂਦ ਹੈ। ਸਿਮਰਤੀਆਂ ਵਿਚ ਜਾਤ ਵਰਣ ਤੋੜਨ ਵਾਲੇ ਅਪਰਾਧੀਆਂ ਲਈ ਸਖ਼ਤ ਸਜ਼ਾਵਾਂ

---

1. ਗਰਭ ਵਾਸ ਮਹਿ ਕੁਲੁ ਨਹੀਂ ਜਾਤੀ।। ਬ੍ਰਹਮ-ਬਿੰਦੁ ਤੇ ਸਭ ਉਤਪਾਤੀ ।।
(ਭਗਤ ਕਬੀਰ, ਗੁਰੂ ਗ੍ਰੰਥ ਸਾਹਿਬ, ਪੰਨਾ-324)

> ਨਿਯਤ ਹਨ। ਯਥਾ, ਜੇ ਸੂਦਰ ਵੇਦ ਪੜ੍ਹੇ ਜਾਂ ਸੁਣੇ ਤਾਂ ਉਸਦੀ ਜ਼ਬਾਨ ਕੱਟ ਦਿਤੀ ਜਾਏ ਜਾਂ ਸਿੱਕਾ ਢਾਲ ਕੇ ਉਸਦੇ ਕੰਨਾਂ ਵਿਚ ਪਾ ਦਿੱਤਾ ਜਾਏ। ਆਪਨੇ ਸਪਸ਼ਟ ਲਿਖਿਆ ਹੈ - ਜਾਤ-ਪਾਤ ਦਾ ਵਿਤਕਰਾ ਧਰਮ-ਸ਼ਾਸਤਰਾਂ ਵਲੋਂ ਪ੍ਰਚੱਲਤ ਹੋਇਆ ਹੈ, ਇਸਦਾ ਸਾਫ਼ ਮਤਲਬ ਇਹ ਹੈ ਕਿ ਲੋਕਾਂ ਨੂੰ ਜਾਤ-ਪਾਤ ਦੇ ਵਿਤਕਰਿਆਂ ਨੂੰ ਛੱਡਣ ਲਈ ਕਹਿਣਾ ਸ਼ਾਸਤਰਾਂ ਦੇ ਮੱਤ ਦੇ ਬੇਸਿਕ ਸਿਧਾਂਤਾਂ ਦੇ ਖ਼ਿਲਾਫ਼ ਚਲਣ ਦੀ ਪ੍ਰੇਰਨਾ ਦੇਣੀ ਹੈ। ਜੇ ਅਸੀਂ ਆਪਣੇ ਇਸ ਉਚੇ ਨਿਸ਼ਾਨੇ ਨੂੰ ਪੂਰਾ ਕਰਨਾ ਹੈ ਤਾਂ ਵੇਦਾਂ ਸ਼ਾਸਤਰਾਂ ਦੇ ਧਰਮ-ਅਧਿਕਾਰ ਦਾ ਸਰਬ ਨਾਸ਼ ਜ਼ਰੂਰੀ ਹੈ।[1]

ਪ੍ਰੋ. ਹਰਨਾਮ ਦਾਸ, ਗੁਰੂ ਨਾਨਕ ਦੇ ਜਾਤ-ਪਾਤ ਪ੍ਰਤੀ ਮਾਨਵਵਾਦੀ ਵਿਚਾਰਾਂ ਬਾਰੇ ਇਸ ਤਰ੍ਹਾਂ ਲਿਖਦੇ ਹਨ ਕਿ:

> The Guru advised all people;irrespective of caste and creed, religion, country, race and colour, with the words "Bhai" (Brother) 'Sangi'(comrade) 'Sathi' (Companion) 'Jamati'(Class-Fellow) 'Sajjan and Mitter' (Friend) with practical socialism and Humanism. It the Jap ji 28 He says .."The highest religion of Yoga is to be a genuine comrade, to God, man and nature."[2]

ਉਸ ਸਮੇਂ ਸਮਾਜਿਕ ਗਿਰਾਵਟ ਦਾ ਕਾਰਣ ਜਾਤੀ-ਪ੍ਰਥਾ ਸੀ ਅਤੇ ਜਾਤੀ ਪ੍ਰਥਾ ਦੀ ਕਠੋਰਤਾ ਦਾ ਪ੍ਰਚਲਨ ਹਿੰਦੂ ਬ੍ਰਾਹਮਣਾਂ ਨੇ ਕੀਤਾ ਹੋਇਆ ਸੀ। ਇਹ ਗਿਰਾਵਟ ਬ੍ਰਾਹਮਣ ਜਮਾਤ ਦੀ ਸਭਿਅਤਾ ਦੇ ਪਤਨ ਦਾ ਨਤੀਜਾ ਸੀ। ਜੇ ਕੋਈ

---

1. ਸਿੱਖ ਵਿਚਾਰਧਾਰਾ, ਗੁਰੂ ਅਮਰ ਦਾਸ ਵਿਸ਼ੇਸ਼ ਅੰਕ: ਜਿਲਦ-1, ਨੰਬਰ-10 82-ਏ, ਸੰਤ ਨਗਰ, ਨਵੀਂ ਦਿੱਲੀ110065, ਪੰਨਾ-133-34
2. Prof.Harnam Dass, "Guru Nanak-As An Ideal humanist", PARKH, Guru Nanak Samriti Ank, Panjab University, Chandigarh, 1969, P. 115.

ਬ੍ਰਾਹਮਣ ਕਿਸੇ ਵੀ ਨੀਵੀਂ ਜਾਤੀ ਵਾਲੇ ਨਾਲ ਮਿਲਵਰਤੋਂ ਕਰ ਲੈਂਦਾ ਸੀ ਤਾਂ ਉਸਨੂੰ ਬ੍ਰਾਹਮਣ ਸ਼੍ਰੇਣੀ ਵਿਚੋਂ ਕੱਢ ਦਿੱਤਾ ਜਾਂਦਾ ਸੀ ਅਤੇ ਫਿਰ ਵਾਪਸ ਉਹ ਆਪਣੀ ਸ਼੍ਰੇਣੀ ਵਿਚ ਸ਼ਾਮਲ ਹੋਣ ਦਾ ਸੁਪਨਾ ਵੀ ਨਹੀਂ ਲੈ ਸਕਦਾ ਸੀ। ਭਾਰਤੀ ਜਾਤੀ-ਵਿਧਾਨ ਵਿਚ ਸੁਧੀਕਰਣ ਦਾ ਵਿਧਾਨ ਵੀ ਹੈ ਲੇਕਿਨ ਬ੍ਰਾਹਮਣਾਂ ਨੇ ਇਸ ਸੁਧੀਕਰਣ ਦੇ ਸਿਧਾਂਤ ਨੂੰ ਆਪਣੀ ਕਠੋਰਤਾ ਕਰਕੇ ਨਕਾਰਿਆ ਹੋਇਆ ਸੀ। ਇਸ ਤਰ੍ਹਾਂ ਉਹਨਾਂ ਬ੍ਰਾਹਮਣਾਂ ਨੇ ਆਪਣੇ ਸੁਆਰਥਾਂ ਦੀ ਪੂਰਤੀ ਹਿੱਤ ਜਾਤ-ਪਾਤ ਦੇ ਨਿਯਮਾਂ ਵਿਚ ਵਧੇਰੇ ਤੋਂ ਵਧੇਰੇ ਕਠੋਰਤਾ ਦੀ ਵਰਤੋਂ ਨੂੰ ਹੀ ਉਚਿਤ ਸਮਝਿਆ ਸੀ।[1] ਉਸ ਸਮੇਂ ਬ੍ਰਾਹਮਣਾਂ ਨੇ ਜਾਤੀ-ਪ੍ਰਥਾ ਦੀ ਕਠੋਰਤਾ ਵਧਾ ਕੇ ਸਮਾਜ ਨੂੰ ਨਰਕ ਬਣਾਇਆ ਹੋਇਆ ਸੀ। ਇਸ ਪ੍ਰਥਾ ਦੀ ਅਤਿ ਦੀ ਕਠੋਰਤਾ ਦਿਨੋ-ਦਿਨ ਸਮਾਜ ਦਾ ਘਾਤ ਕਰ ਰਹੀ ਸੀ। ਮੱਧ-ਕਾਲ ਵਿਚ ਗੁਰੂ ਨਾਨਕ ਸਮੇਂ ਇਹ ਸਥਿਤੀ ਹੋਰ ਵੀ ਗੰਭੀਰ ਰੂਪ ਧਾਰਨ ਕਰ ਚੁੱਕੀ ਸੀ। ਡਾ. ਸੁਰਜੀਤ ਸਿੰਘ ਇਸ ਪ੍ਰਸੰਗ ਵਿਚ ਇਸ ਪ੍ਰਕਾਰ ਲਿਖਦੇ ਹਨ ਕਿ:

> ਭਾਰਤੀ ਸਮਾਜ ਵਿਚ ਹੱਥੀਂ ਕੀਤੀ ਕਿਰਤ ਅਤੇ ਕਿਰਤੀ ਦਾ ਸਤਿਕਾਰ ਨਹੀਂ ਸੀ। ਦਾਸ, ਸ਼ੂਦਰ ਸ਼ਿਲਪਕਾਰ ਅਤੇ ਕਿਸਾਨ, ਕਿਰਤੀ ਹੋਣ ਕਰਕੇ ਹੀ ਅਪਮਾਨ ਦੇ ਭਾਗੀ ਬਣਦੇ ਸਨ। ਗੁਰਬਾਣੀ ਰਚਨਾ-ਕਾਲ ਸਮੇਂ ਇਹ ਸਥਿਤੀ ਹੋਰ ਵੀ ਵਿਗੜ ਗਈ ਸੀ। ਸੰਤ ਨਾਮ ਦੇਵ ਜੀ ਛੀਂਬੇ ਦੇ ਘਰ ਜਨਮੇ ਸਨ। ਆਪਣੀ ਇਸ 'ਹੀਨੜੀ ਜਾਤਿ' ਦਾ ਪਛਤਾਵਾ ਆਪ ਨੂੰ ਲੱਗਿਆ ਰਿਹਾ।[2] ਹੱਥੀਂ ਕਪੜਾ ਬੁਨਣ ਵਾਲੇ ਕਬੀਰ ਜੀ ਨੂੰ ਆਪਣੀ ਜਾਤਿ ਪ੍ਰਤੀ ਉਚ ਵਰਣੀਆਂ ਦਾ ਘਿਰਣਾ ਭਰਪੂਰ ਵਿਹਾਰ ਦੇਖ ਕੇ ਹੀ ਬ੍ਰਾਹਮਣ ਨੂੰ ਪੁਛਣਾ ਪਿਆ ਸੀ ਕਿ ਤੂੰ

---

1. "The High caste brahmins, who had previously been deprived of their privileges, soon consolidated their hold by making the caste system more rigid, for the greater the multiplication of the castes the more was their position secure and undispensable."

(ਸ੍ਰੀ ਪੁਸ਼ਪ ਪ੍ਰਸੈਨ, ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀ. ਪਟਿਆਲਾ ਜਿਲਦ 20ਵੀਂ ਦੂਜਾ ਅੰਕ, ਦਸੰਬਰ 1985, ਪੰਨਾ-40)

2. ਹੀਨੜੀ ਜਾਤਿ ਮੇਰੀ ਜਾਦਿਮ ਰਾਇਆ
ਛੀਪੇ ਕੇ ਜਨਮਿ ਕਾਹੇ ਕਉ ਆਇਆ (ਆਦਿ ਗ੍ਰੰਥ ਭੈਰਉ ਬਾਣੀ ਨਾਮਦੇਉ ਜੀ ਕੀ ਪੰਨਾ- 1164)

ਬ੍ਰਾਹਮਣ ਕਿਵੇਂ ਹੈਂ? ਮੈਂ ਸ਼ੂਦਰ ਕਿਵੇਂ? ਤੂੰ ਦੁਧ ਕਿਵੇਂ?
ਮੈਂ ਲਹੂ ਕਿਵੇਂ?[1]

ਤੁਮ ਕਤ ਬ੍ਰਾਹਮਣ ਹਮ ਕਤ ਸੂਦ
ਹਮ ਕਤ ਲੋਹੂ ਤੁਮ ਕਤ ਦੂਧ ॥

( ਸ੍ਰੀ ਗੁਰੂ ਗ੍ਰੰਥ ਸਾਹਿਬ,ਗਉੜੀ ਕਬੀਰ ਜੀ ਪੰਨਾ-324)

ਜਾਤ-ਪਾਤ ਦੇ ਆਧਾਰ ਤੇ ਭੇਦ-ਭਾਵ ਕਰਨਾ ਆਪਣੇ ਆਪ ਵਿਚ ਅਮਾਨਵੀ ਕਰਮ ਹੈ। ਨੀਵੀਂ ਜਾਤ ਵਿਚ ਉਚੀ-ਸੁੱਚੀ ਮਾਨਵਵਾਦੀ ਭਗਤ ਆਤਮਾ ਜਨਮ ਲੈ ਸਕਦੀ ਹੈ ਅਤੇ ਉਚੀ ਜਾਤ ਵਿਚ ਅਮਾਨਵੀ ਕਰਮ ਕਰਨ ਵਾਲੇ ਵਿਅਕਤੀ ਹੋ ਸਕਦੇ ਹਨ। ਮਨੁੱਖ ਦੀ ਜਾਤ ਨਹੀਂ, ਕਰਮ ਨੇਕ ਹੋਣੇ ਚਾਹੀਦੇ ਹਨ। ਇਸ ਸੰਦਰਭ ਵਿਚ ਡਾ. ਮਨਮੋਹਨ ਸਿੰਘ ਇਸ ਤਰ੍ਹਾਂ ਲਿਖਦੇ ਹਨ:

ਗੁਰੂ ਨਾਨਕ ਅਨੁਸਾਰ ਭਗਤ ਜਾਤ-ਪਾਤ ਅਤੇ ਵਰਣ ਵਿਵਸਥਾ ਦੇ ਬੰਧਨਾਂ ਤੋਂ ਮੁਕਤ ਹਨ। ਨਿਮਨ-ਵਰਗ ਨਾਲ ਸੰਬੰਧਿਤ ਹੋ ਕੇ ਵੀ ਉਹ ਆਪਣੀ ਭਗਤੀ-ਸਾਧਨਾ ਕਾਰਣ ਸਰਬ-ਸ੍ਰੇਸ਼ਠ ਹਨ। ਜਿਸ ਤਰ੍ਹਾਂ ਕੇਸਰ, ਫੁੱਲ, ਕਸਤੂਰੀ ਅਤੇ ਸੋਨਾ ਆਦਿ ਅਭਿੱਟ ਸਮਝੇ ਜਾਣ ਕਾਰਣ ਕਿਸੇ ਵੀ ਹਾਲਤ ਵਿਚ ਨਿੰਦਨੀਅ ਨਹੀਂ, ਸਰਬ-ਸਵੀਕ੍ਰਿਤ ਅਤੇ ਗ੍ਰਹਿਣ ਕਰਨਯੋਗ ਹੁੰਦੇ ਹਨ, ਉਸੇ ਤਰ੍ਹਾਂ ਹਰ ਸ਼੍ਰੇਣੀ ਦੇ ਭਗਤ ਮਾਨਨੀਅ ਅਤੇ ਵਡਿਆਈ ਦੇ ਪਾਤਰ ਹਨ ਕਿਉਂਕਿ ਉਹ ਚੰਦਨ ਵਾਂਗ ਆਪਣੀ ਮਹਿਕ ਨਾਲ ਸਮਸਤ ਪ੍ਰਾਣੀ-ਜਗਤ ਨੂੰ ਸੁਗੰਧਿਤ ਕਰਦੇ ਹਨ।[2]

ਕੇਸਰਿ ਕੁਸਮ ਮਿਰਗ ਮੈ ਹਰਣਾ ਸਰਬ ਸਰੀਰੀ ਚੜ੍ਹਨਾ
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ।

---

1. ਡਾ. ਸੁਰਜੀਤ ਸਿੰਘ, "ਗੁਰਮਤ ਵਿਚ ਸੇਵਾ:ਪਰੰਪਰਾ,ਆਧਾਰ,ਵਿਧਾਨ ਤੇ ਪ੍ਰਾਪਤੀ",ਨਾਨਕ ਪ੍ਰਕਾਸ਼ ਪਤ੍ਰਿਕਾ, ਸੇਵਾ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ-107
2. ਡਾ. ਮਨਮੋਹਨ ਸਿੰਘ, ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰਨਾ-182

> ਜਿਉ ਪਟ ਭਾਂਡਾ ਕਹੈ ਨ ਕੋਇ
> ਐਸਾ ਭਗਤੁ ਵਰਨ ਮਹਿ ਹੋਇ ॥
>
> (ਰਾਗ ਤਿਲੰਗ, ਮਹਲਾ ੧, ਪੰਨਾ-721)

ਜਾਤ-ਪਾਤ ਦੇ ਆਧਾਰ ਤੇ ਸਮਾਜ ਦੀ ਬਹੁਤ ਹੀ ਦੁਰਦਸ਼ਾ ਸੀ। ਸਮਾਜ ਟੋਟੇ ਟੋਟੇ ਹੋਇਆ ਪਇਆ ਸੀ। ਉਸ ਸਮੇਂ ਸਮਾਜਿਕ ਸੰਦਰਭ ਵਿਚ ਹਰ ਪਾਸੇ ਨਾਨਾਤਵ ਪ੍ਰਧਾਨ ਸੀ। ਏਕਤਾ ਦੀ ਥਾਂ ਅਨੇਕਤਾ, ਇਕ ਦੂਸਰੇ ਤੋਂ ਦੂਰੀ ਪ੍ਰਧਾਨ ਸੀ। ਜਾਤ-ਪਾਤ ਦੇ ਆਧਾਰ ਤੇ ਮਨੁੱਖ -ਮਨੁੱਖ ਵਿਚ ਫ਼ਰਕ ਕੀਤਾ ਜਾਂਦਾ ਸੀ। ਮਾਨਵਵਾਦੀ ਦ੍ਰਿਸ਼ਟੀਕੋਣ ਅਨੁਸਾਰ ਮਾਨਵ ਮਾਨਵ ਵਿਚ ਭੇਦ ਨਹੀਂ। ਪੁਰਾਤਨ ਭਾਰਤੀ ਵਰਣ-ਵਿਵਸਥਾ ਆਦਮੀ ਨੂੰ ਆਦਮੀ ਨਾਲੋਂ ਨਿਖੇੜਦੀ ਹੈ। ਉਚੇ ਵਰਣ ਵਾਲੇ ਆਪਣੀ ਹਉਮੈ ਕਾਰਣ ਅਤੇ ਨਿਮਨ ਵਰਗ ਵਾਲੇ ਆਪਣੀ ਹੀਣ-ਭਾਵਨਾ ਕਾਰਣ ਅਤੇ ਆਪਣੇ ਮਾਨਵ ਹੋਣ ਦੇ ਤੱਥ ਨੂੰ ਭੁੱਲ ਬੈਠੇ ਸਨ, ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਕੋਹਾਂ ਦੂਰ ਸਨ। ਅਮਾਨਵੀ ਵਿਚਾਰਾਂ ਅਧੀਨ ਆਪਣਾ ਜੀਵਨ ਗੁਜ਼ਾਰ ਰਹੇ ਸਨ। ਲੇਕਿਨ ਗੁਰੂ ਨਾਨਕ ਨੇ ਜਾਤ-ਪ੍ਰਥਾ ਵਰਗੇ ਰੋਗੀ ਵਿਚਾਰਾਂ ਨੂੰ ਤਿਲਾਂਜਲੀ ਦੇ ਕੇ ਮਾਨਵਵਾਦੀ ਸਵੱਛ ਵਿਚਾਰਾਂ ਦਾ ਪ੍ਰਚਾਰ ਕੀਤਾ। ਗੁਰੂ ਨਾਨਕ ਉਚ ਜਾਤ ਦੇ ਸੇਵਕ ਦੀ ਵਡਿਆਈ ਤਾਂ ਕਰਦੇ ਹੀ ਸਨ, ਲੇਕਿਨ ਛੋਟੀ ਜਾਤ ਵਾਲੇ ਸੇਵਕ ਲਈ ਆਪਣੇ ਸਰੀਰ ਦੇ ਚੰਮ ਦੇ ਜੋੜੇ ਦੇਣ ਦੀ ਇੱਛਾ ਪ੍ਰਗਟ ਕਰਦੇ ਹਨ। ਜਾਤ ਪਾਤ ਦੀਆਂ ਸੰਕੀਰਣ ਭਾਵਨਾਵਾਂ ਤਿਆਗ ਕੇ, ਸੱਚ ਅਤੇ ਸਮਾਨਤਾ ਦੇ ਮਾਰਗ ਉਪਰ ਚਲਣ ਲਈ ਪ੍ਰੇਰਨਾ ਦਿੰਦੇ ਹੋਏ ਗੁਰੂ ਨਾਨਕ ਕਹਿੰਦੇ ਹਨ:

> ਜਾਤੀ ਦੈ ਕਿਆ ਹਥਿ ਸਚੁ ਪਰਖੀਐ
> ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
>
> (ਵਾਰ ਮਾਝ ਮਹਲਾ ੧, ਪੰਨਾ-142)

ਜਾਤ-ਪਾਤ ਵਰਗੀ ਭੈੜੀ ਵਿਵਸਥਾ ਦੀ ਕਠੋਰ ਸ਼ਬਦਾਂ ਵਿਚ ਨਿਖੇਧੀ ਕਰਕੇ ਗੁਰੂ ਨਾਨਕ ਨੇ ਸੋਨ ਸੁਨਹਿਰੀ ਮਾਨਵਵਾਦੀ ਦ੍ਰਿਸ਼ਟੀਕੋਣ ਲੋਕਾਂ ਅੱਗੇ ਪ੍ਰਸਤੁਤ ਕੀਤਾ। ਡਾ. ਸੁਰਿੰਦਰ ਸਿੰਘ ਕੋਹਲੀ , ਇਸ ਸੰਦਰਭ ਵਿਚ ਇਸ ਤਰ੍ਹਾਂ ਲਿਖਦੇ ਹਨ:

> ਗੁਰੂ ਨਾਨਕ ਦੇਵ ਜੀ ਦਾ ਧਰਮ ਗ੍ਰਹਿਸਥੀਆਂ ਦਾ ਧਰਮ ਹੈ,
> ਉਨ੍ਹਾਂ ਨੇ ਹਿੰਦੂ ਸ਼ਾਸਤਰਾਂ ਅਨੁਸਾਰ ਕੀਤੀ ਗਈ ਵਰਣਾਂ(ਜਾਤਾਂ)

> ਅਤੇ ਆਸ਼ਰਮਾਂ (ਜ਼ਿੰਦਗੀ ਦੀਆਂ ਅਵਸਥਾਵਾਂ) ਦੀ ਵੰਡ ਨੂੰ
> ਮੂਲ ਤੋਂ ਬਿਲਕੁਲ ਇਨਕਾਰ ਕਰ ਦਿੱਤਾ। ਉਨ੍ਹਾਂ ਲਈ ਕੋਈ
> ਵੀ ਇਨਸਾਨ ਜਨਮ ਤੋਂ ਮਹਾਨ ਨਹੀਂ ਸੀ ਅਤੇ ਨਾ ਹੀ
> ਕੋਈ ਘਟੀਆ, ਇਹ ਪੱਖਪਾਤ ਦੀਆਂ ਕੰਧਾਂ ਇਨਸਾਨ ਨੇ
> ਆਪ ਉਸਾਰੀਆਂ ਹਨ। ਉਹ ਮਨੁੱਖ ਮਨੁੱਖ ਵਿਚਕਾਰ ਅਤੇ
> ਔਰਤ ਮਰਦ ਵਿਚਕਾਰ ਪਏ ਸਮਾਜਕ ਵਿਤਕਰਿਆਂ ਨੂੰ ਹਟਾਉਣ
> ਦੀ ਹਮਾਇਤ ਕਰਦੇ ਹਨ। ਗੁਰੂ ਜੀ ਦੀ ਵਿਚਾਰ ਪ੍ਰਣਾਲੀ
> ਵਿਚ ਤਿਆਗ ਅਤੇ ਕਾਰਜ-ਹੀਨਤਾ ਲਈ ਕੋਈ ਥਾਂ ਨਹੀਂ।
> ਕਾਰਜ-ਮੁਕਤੀ ਹੀ ਗੁਰੂ ਜੀ ਦੇ ਦਰਸ਼ਨ ਦਾ ਧੁਰਾ ਅਤੇ
> ਸਦਾਚਾਰ-ਨੀਤੀ ਦਾ ਆਧਾਰ ਹੈ।[1]

ਜਾਤ-ਪ੍ਰਥਾ, ਪਾਖੰਡਾਂ, ਇਸਤਰੀ-ਦੁਰਦਸ਼ਾ, ਵਹਿਮਾਂ-ਭਰਮਾਂ ਨੇ ਭਾਰਤੀ ਲੋਕਾਂ ਦੀ ਮਾਨਸਿਕਤਾ ਨੂੰ ਗੁਲਾਮ ਕਰ ਦਿੱਤਾ ਸੀ। ਇਹਨਾਂ ਕੁ-ਪ੍ਰਥਾਵਾਂ ਨੇ ਗੁਲਾਮੀ ਸਹਿਣੀ ਤਾਂ ਕਬੂਲ ਕਰ ਲਈ ਪਰ ਚਾਰ ਵਰਣ ਇਕੱਠੇ ਨਹੀਂ ਹੋਣ ਦਿੱਤੇ। ਵਧੀਆ ਜਾਤ ਦਾ ਬੰਦਾ ਹੀ ਵਧੀਆ ਹੋ ਸਕਦਾ ਹੈ - ਇਹ ਗੱਲ ਵਿਗਿਆਨਕ, ਸਮਾਜਕ ਮਨੋਵਿਗਿਆਨਕ ਅਤੇ ਧਾਰਮਿਕ ਤੌਰ ਤੇ ਬਿਲਕੁਲ ਗਲਤ ਹੈ। ਨਾਨਕ-ਬਾਣੀ ਵਿਚ ਇਸ ਜਾਤ-ਪਾਤ ਦਾ ਡੱਟ ਕੇ ਵਿਰੋਧ ਕੀਤਾ ਗਿਆ ਹੈ। ਇਹ ਕੁ-ਪ੍ਰਥਾ ਸਮਾਜ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇ ਵਿਚਾਰ ਇਸ ਸੰਦਰਭ ਵਿਚ ਵਰਨਣਯੋਗ ਹਨ:

> ਉਤਮ ਸੰਤ ਭਲੇ ਸੰਜੋਗੀ ਇਸੁ ਜੁਗ ਮਹਿ ਪਵਿਤ ਪੁਨੀਤ ।
> ਜਾਤ ਅਕਾਰਥ ਜਨਮੁ-ਪਦਾਰਥ ਕਾਚ ਬਾਦਰੈ ਜੀਤ ।
>
> (ਧਨਾਸਰੀ ਮਹਲਾ 5, ਚਉਪਦੇ, ਪੰਨਾ-673)

ਜਾਤੀ-ਪ੍ਰਥਾ ਦਾ ਕੱਟੜ ਵਿਰੋਧ ਕਰਕੇ ਗੁਰੂ ਨਾਨਕ ਨੇ ਲੋਕਾਂ ਨੂੰ ਮਾਨਸਿਕ ਸੰਤੁਲਨ ਪ੍ਰਦਾਨ ਕੀਤਾ ਅਤੇ ਸਮਾਜਕ ਅਖੰਡਤਾ ਪ੍ਰਦਾਨ ਕੀਤੀ। ਇਸ ਪ੍ਰਥਾ ਨੂੰ ਆਧਾਰ ਬਣਾ ਕੇ ਬ੍ਰਾਹਮਣ ਲੋਕ ਸਾਧਾਰਣ ਲੋਕਾਂ ਉਪਰ ਘੋਰ ਜ਼ੁਲਮ ਕਰ ਰਹੇ ਸਨ।

---

1. ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾ), <u>ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ</u> ਪੰਨਾ -65

ਜਾਤ-ਪਾਤ ਦੀ ਪ੍ਰਥਾ ਭਿਆਨਕ ਰੂਪ ਧਾਰਨ ਕਰ ਚੁੱਕੀ ਸੀ। ਉਚੀਆਂ ਜਾਤਾਂ ਵਾਲੇ ਨੀਵੀਆਂ ਜਾਤਾਂ ਵਾਲਿਆਂ ਦੇ ਪਰਛਾਵੇਂ ਤੋਂ ਵੀ ਬਚਣ ਦਾ ਉਪਰਾਲਾ ਕਰਦੇ ਸਨ। ਜੇਕਰ ਉਹਨਾਂ ਤੇ ਭੁਲੇਖੇ ਨਾਲ ਪਰਛਾਵਾਂ ਪੈ ਵੀ ਜਾਂਦਾ ਤਾਂ ਉਹ ਇਕ ਪਾਸੇ ਤਾਂ ਗੰਗਾ ਵਿਚ ਇਸ਼ਨਾਨ ਕਰਦੇ ਅਤੇ ਦੂਸਰੇ ਪਾਸੇ ਸ਼ੂਦਰਾਂ ਨੂੰ ਕਰੜੀ ਤੋਂ ਕਰੜੀ ਸਜ਼ਾ ਦਿੰਦੇ ਸਨ। ਗੁਰੂ ਨਾਨਕ ਨੇ ਆਪਣੀ ਰਚਨਾ ਰਾਹੀਂ ਇਸ ਮੰਦੀ ਤੇ ਕੁਲਹਿਣੀ ਰੀਤ ਦੀ ਨਿਖੇਧੀ ਕੀਤੀ। ਮਲਕ ਭਾਗੋ ਦੇ ਮੁਕਾਬਲੇ ਤੇ ਭਾਈ ਲਾਲੋ ਦੇ ਘਰ ਰਹਿਣਾ, ਉਸਦੇ ਭੋਜਨ ਨੂੰ ਪਵਿੱਤਰ ਦਸਣਾ, ਆਪਣੇ ਆਪ ਵਿਚ ਕ੍ਰਾਂਤੀਕਾਰੀ ਮਾਨਵਵਾਦੀ ਵਿਚਾਰ ਹਨ। ਗੁਰੂ ਨਾਨਕ ਦੇ ਮਾਨਵਵਾਦੀ ਵਿਚਾਰਾਂ ਨੂੰ ਕੇਵਲ ਸਿਧਾਂਤਾਂ ਤਕ ਹੀ ਸੀਮਿਤ ਨਹੀਂ ਰੱਖਿਆ ਬਲਕਿ ਉਹਨਾਂ ਨੂੰ ਅਮਲੀ ਜਾਮਾ ਵੀ ਪਹਿਨਾਇਆ।

ਨਾਨਕ ਬਾਣੀ ਨੂੰ ਘੋਖਿਆਂ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਸ ਬਾਣੀ ਨੇ ਮਨੁੱਖ ਨੂੰ ਜਾਤ-ਪਾਤ ਵਰਗੀ ਕੁ-ਪ੍ਰਥਾ 'ਚੋਂ ਬਾਹਰ ਕੱਢ ਕੇ ਸਵੈ-ਮਾਣ ਵਾਲਾ ਜੀਵਨ ਜਿਊਣ ਲਈ ਪ੍ਰੇਰਿਆ। ਜਦ ਤਕ ਮਨੁੱਖ ਮਾਨਸਿਕ ਤੌਰ ਤੇ ਗੁਲਾਮ ਹੈ ਤਾਂ ਉਸਦਾ ਸਭ ਕੁਝ ਹਰਾਮ ਹੈ ਜੋ ਕੁਝ ਵੀ ਉਹ ਖਾਂਦਾ ਪੀਂਦਾ ਹੈ। ਗੁਰੂ ਨਾਨਕ ਨੇ ਜਾਤ-ਪਾਤ ਵਿਰੁੱਧ ਵਿਦਰੋਹੀ ਸਵਰ ਉਜਾਗਰ ਕੀਤਾ। ਇਸ ਸੰਦਰਭ ਵਿਚ ਡਾ. ਹਰਿਭਜਨ ਸਿੰਘ ਇਸ ਤਰ੍ਹਾਂ ਲਿਖਦੇ ਹਨ:

> ਨਿਮਨ-ਵਰਗ ਦੇ ਪ੍ਰਤੀ ਨਾਨਕ ਬਾਣੀ ਦਾ ਕੇਵਲ ਇਕ ਸੰਦੇਸ਼ ਹੈ: ਪਤਿ ਜਾਂ ਸਵੈਮਾਨ। ਵਿਦਰੋਹੀ ਮਨੁੱਖ ਦਾ ਜੀਵਨ-ਉਦੇਸ਼ ਜਾਂ ਜੀਵਨ-ਯਾਤਰਾ ਹੈ ੧੯ ਤੇ ਇਸ ਯਾਤਰਾ ਦਾ ਤੋਸਾ ਹੈ ਪਤਿ। ਪਤਿ ਜਾਂ ਸਵੈਮਾਨ ਵਿਦਰੋਹ ਦੀ ਪਹਿਲੀ ਸ਼ਰਤ ਹੈ ਵਿਦਰੋਹੀ ਵਾਸਤੇ ਸਵੈ-ਮਾਨ ਜਾਨ ਤੋਂ ਵੀ ਪਿਆਰਾ ਹੈ। ਅਸਲ ਵਿਚ ਵਿਦਰੋਹ ਦਾ ਦਿਨ ਹੈ ਹੀ ਪਤਿ-ਭਾਵਨਾ ਦੇ ਜਾਗਣ ਦਾ ਦਿਨ। ਪਤਿ-ਭਾਵਨਾ ਦੇ ਜਾਗਣ ਸਦਕਾ ਹੀ ਵਿਦਰੋਹੀ ਨਾ ਸਮਝੌਤਾ ਕਰ ਸਕਦਾ ਹੈ ਨਾ ਤਿਆਗ। ਪਤਿ ਨਾ ਸ਼ੁਧ ਗਿਆਨ ਹੈ, ਨਾ ਸ਼ੁਧ ਭਾਵ, ਨਾ ਅੰਨ੍ਹਾ ਆਪ-ਮੁਹਾਰਾ ਉਬਾਲ, ਨਾ ਸੋਚ-ਵਿਚਾਰ ਕੇ ਬਣਾਇਆ ਫੈਸਲਾ। ਇਹ ਸਮੁੱਚੇ ਜੀਵੰਤ ਵਿਅਕਤਿਤਵ ਦਾ ਸਾਖਿਆਤਕਾਰ ਹੈ। ਇਹ ਕਿਸੇ

> ਵਕਤੀ ਜ਼ਰੂਰਤ ਨੂੰ ਪੂਰਿਆਂ ਕਰਨ ਵਾਲਾ ਧਨ ਨਹੀਂ, ਸ਼ਖ਼ਸੀਅਤ ਦਾ ਸਥਿਰ ਚਰਿਤਰ ਹੈ। ਪਤਿ-ਭਾਵਨਾ ਸਦਕਾ ਹੀ ਮਾਨਵ-ਅਸਤਿਤਵ ਪੁਰਖ-ਵਿਅਕਤਿਤਵ ਵਿਚ ਤਬਦੀਲ ਤਬਦੀਲ ਹੁੰਦਾ ਹੈ।[1]

ਗੁਰੂ ਨਾਨਕ ਨੇ ਅਪਣੇ ਸ਼ਬਦਾਂ ਵਿਚ ਜਾਤੀ-ਪ੍ਰਥਾ ਦਾ ਵਿਰੋਧ ਕਰਕੇ ਮਨੁੱਖੀ ਹੋਂਦ ਨੂੰ ਮਹੱਤਵ ਪ੍ਰਦਾਨ ਕੀਤਾ ਅਤੇ ਮਨੁੱਖ ਨੂੰ ਸਵੈ-ਮਾਨ ਨਾਲ ਰਹਿਣ ਲਈ ਪ੍ਰੇਰਿਆ:-

(ੳ) ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ
ਜਤ ਵਿਣੁ ਕਾਹੇ ਜਨੇਊ ॥

(ਰਾਗ ਰਾਮਕਲੀ ਮਹਲਾ ੧, ਪੰਨਾ-903)

(ਅ) ਜੇ ਜੀਵੈ ਪਤਿ ਲਥੀ ਜਾਇ
ਸਭੁ ਹਰਾਮੁ ਜੇਤਾ ਕਿਛੁ ਖਾਇ ॥

(ਵਾਰ ਮਾਝ ਕੀ, ਮਹਲਾ ੧, ਪੰਨਾ-142)

ਗੁਰੂ ਨਾਨਕ ਨੇ ਜਾਤ-ਪਾਤ ਦੇ ਉਚੇ ਮੀਨਾਰ ਤੇ ਸੱਟ ਮਾਰੀ। ਗੁਰੂ ਨਾਨਕ ਨੇ ਮਨੁੱਖ ਲਈ ਘਾਤਕ ਸਿੱਧ ਹੋਣ ਵਾਲੇ ਰੋਗ ਨੂੰ ਪਛਾਣਿਆ। ਇਸ ਸੰਦਰਭ ਵਿਚ ਸਰ ਚਾਰਲਸ ਗਫ਼ ਲਿਖਦਾ ਹੈ:

> ਹਿੰਦੂਆਂ ਦੇ ਮੁੱਢਲੇ ਅਸੂਲਾਂ ਵਿਚੋਂ ਇਕ ਜਾਤ ਦਾ ਹੈ। ਇਸ ਜਾਤ-ਪਾਤ ਦੇ ਬੰਧਨ ਨੇ ਮਨੁੱਖ ਦੀ ਪ੍ਰਗਤੀ ਰੋਕ ਦਿੱਤੀ ਸੀ। ਇਹ ਗੱਲ ਗੁਰੂ ਨਾਨਕ ਜੀ ਨੇ ਸਮਝੀ ਉਹਨਾਂ ਦੇਖਿਆ ਕਿ ਆਤਮਕ ਉਨਤੀ, ਧਾਰਮਕ ਸੁਧਾਰ ਤੇ ਸਮਾਜ ਦੀ ਤਰੱਕੀ ਉਤਨਾ ਚਿਰ ਤਕ ਨਹੀਂ ਹੋ ਸਕਦੀ ਜਦ ਤਕ ਇਹ ਜਾਤ-ਪਾਤ ਦੇ ਵਖੇਵੇਂ ਵਾਲੀ ਅਵਸਥਾ ਕਾਇਮ ਹੈ। ਸੋ ਉਹਨਾਂ ਨੇ ਇਸਦੀ ਨਿਖੇਧੀ ਕੀਤੀ ਅਤੇ ਮਨੁੱਖਾਂ ਨੂੰ ਰੱਬ ਦੀ ਨਜ਼ਰ ਵਿਚ ਇਕੋ ਜਿਹਾ ਦੱਸਿਆ। ਚੰਗੇ ਅਮਲ ਕਰਨ ਵਾਲਾ ਭਾਵੇਂ ਉਹ ਸ਼ੂਦਰ ਹੈ, ਉਚਾ ਹੈ ਅਤੇ ਮਾੜੇ ਕਰਮ ਕਰਨ ਵਾਲਾ ਭਾਵੇਂ

---

1. ਡਾ. ਹਰਿਭਜਨ ਸਿੰਘ, ਅਧਿਐਨ ਅਤੇ ਅਧਿਆਪਨ, ਪੰਨਾ-132-33

ਉਹ ਬ੍ਰਾਹਮਣ ਹੈ, ਧਰਮ ਤੇ ਵਾਹਿਗੁਰੂ ਦੀ ਨਜ਼ਰ ਵਿਚ ਘਿਰਣਿਤ ਹੈ।[1]

ਜਾਤੀਵਾਦ ਐਸੀ ਅਤੇ ਸਰਵਉੱਚ ਸਮੂਹ ਭਗਤੀ ਹੈ ਜੋ ਨਿਆਂ, ਇਮਾਨਦਾਰੀ ਅਤੇ ਸਾਰਵਭੌਮਿਕ ਭਰਾਤਰਤਵ ਦੇ ਸਮਾਜਿਕ ਮਾਨਦੰਡਾਂ ਦੀ ਉਪੇਖਿਆ ਕਰਦੀ ਹੈ। ਗੁਰੂ ਨਾਨਕ ਨੇ ਇਸ ਦੀ ਪੁਰ-ਜ਼ੋਰ ਸ਼ਬਦਾਂ ਵਿਚ ਨਿਖੇਧੀ ਕੀਤੀ। ਇਸ ਸੰਦਰਭ ਵਿਚ ਫਰੈਂਕਿਲ ਮਿਨਹਾਸ ਲਿਖਦਾ ਹੈ:

> ਗੁਰੂ ਨਾਨਕ ਨੇ ਇਹ ਸੰਦੇਸ਼ ਘਰ ਘਰ ਪਹੁੰਚਾ ਦਿੱਤੀ ਕਿ ਸਾਰੇ ਇਕੋ ਜਿਹੇ ਹਨ, ਕੋਈ ਉੱਚਾ, ਕੋਈ ਨੀਵਾਂ, ਕੋਈ ਮੰਦਾ ਕੋਈ ਚੰਗਾ, ਕੋਈ ਖਾਸ, ਕੋਈ ਆਮ ਤੇ ਕੋਈ ਅਛੂਤ ਨਹੀਂ ਬਲਕਿ ਸਾਰੇ ਇਕੋ ਜਿਹੇ ਹਨ। "ਫਿਰ ਮਿਨਹਾਸ ਲਿਖਦਾ ਹੈ ਕਿ ਦੋ ਖਿਆਲ, ਰਬ ਸਾਰਿਆਂ ਦਾ ਸਾਂਝਾ ਬਾਪ ਤੇ ਸਾਰੇ ਲੋਕੀਂ ਆਪਸ ਵਿਚ ਭਰਾ ਹਨ।(Fatherhood of God and Brotherhood of Man) ਨੇ ਇਕ ਨਵੀਂ ਵਿਚਾਰਧਾਰਾ ਇਸ ਸੰਸਾਰ ਨੂੰ ਦਿੱਤੀ।[2]

ਗੁਰੂ ਨਾਨਕ ਨੇ ਜਾਤ-ਪ੍ਰਥਾ ਦੀਆਂ ਬੁਰਾਈਆਂ ਦਾ ਖੰਡਣ ਕੀਤਾ। ਜਾਤ-ਪ੍ਰਣਾਲੀ ਧਰਮ ਅਨੁਕੂਲ ਨਹੀਂ ਸੀ। ਜਾਤ-ਪ੍ਰਥਾ ਇਕ ਪ੍ਰਕਾਰ ਦਾ ਕੈਂਸਰ ਸੀ ਜੋ ਸਮਾਜ ਨੂੰ ਨਿਰਬਲ ਬਣਾ ਰਹੀ ਸੀ। ਗੁਰੂ ਨਾਨਕ 'ਸ਼੍ਰੇਣੀ-ਰਹਿਤ' ਅਤੇ 'ਜਾਤ-ਰਹਿਤ' ਸਮਾਜ ਦੀ ਸਥਾਪਨਾ ਕਰਕੇ ਮਾਨਵਵਾਦ ਦੇ ਸੰਕਲਪ ਨੂੰ ਵਿਹਾਰਕ ਪੱਧਰ ਤੇ ਲਾਗੂ ਕਰਨਾ ਚਾਹੁੰਦੇ ਸਨ।

ਜਾਤੀਵਾਦ ਇਕ 'ਭਾਵਨਾ' ਹੈ ਜਿਹੜੀ ਕਿਸੇ ਵੀ ਵਿਅਕਤੀ ਨੂੰ ਕੇਵਲ ਆਪਣੀ ਜਾਤੀ ਦੇ ਪ੍ਰਤੀ ਵਫ਼ਾਦਾਰ ਬਣਾਉਂਦੀ ਹੈ। ਜਾਤੀਵਾਦ ਦੀ ਭਾਵਨਾ ਦੇ ਕਾਰਣ ਇਕ ਵਿਅਕਤੀ ਆਪਣੀ ਜਾਤ ਨੂੰ ਹੀ ਸਭ ਕੁਝ ਸਮਝਦਾ ਹੈ। ਆਪਣੀ ਜਾਤ ਦੇ ਕਲਿਆਣ ਅਤੇ ਉਸਦੇ ਉਦੇਸ਼ਾਂ ਦੀ ਪ੍ਰਾਪਤੀ ਦੇ ਲਈ ਹੀ ਉਹ ਕੁਝ ਵੀ

1. ਪ੍ਰੋ. ਸਤਬੀਰ ਸਿੰਘ, ਸਾਡਾ ਇਤਿਹਾਸ(ਦਸ ਪਾਤਸ਼ਾਹੀਆਂ) 1469-1708 ਪੰਨਾ-74
2. - ਉਹੀ ਪੰਨਾ-74-75

ਕਰਨ ਦੇ ਲਈ ਤਿਆਰ ਹੋ ਜਾਂਦਾ ਹੈ। ਮੱਧਕਾਲੀ ਭਾਰਤ ਵਿਚ ਜਾਤੀ-ਵਾਦ ਡੂੰਘੇ ਰੂਪ ਵਿਚ ਆਪਣੀਆਂ ਜੜ੍ਹਾਂ ਕਾਇਮ ਕਰ ਚੁੱਕਾ ਸੀ ਅਤੇ ਜਾਤੀਵਾਦ- ਦਾ ਬਹੁਤ-ਵਿਸਤਾਰ ਹੋ ਚੁੱਕਾ ਸੀ। ਜਾਤੀਵਾਦ ਦੀ ਭਾਵਨਾ ਦੇ ਅੰਤਰਗਤ ਇਕ ਜਾਤੀ ਆਪਣੀ ਜਾਤੀ ਦੇ ਹਿੱਤ ਦੇ ਸਾਹਮਣੇ ਹੋਰ ਜਾਤੀਆਂ ਦੇ ਬਰਾਬਰ ਦੇ ਹਿੱਤਾਂ ਨੂੰ ਬੇਧਿਆਨ ਕਰਦੀ ਹੈ ਅਤੇ ਦੂਸਰੀ ਜਾਤੀ ਦੇ ਅਧਿਕਾਰਾਂ ਨੂੰ ਖੋਂਹਦੀ ਹੈ। ਜਦ ਮਨੁੱਖ ਵਿਚ ਆਪਣੀ ਜਾਤੀ ਦੇ ਹਿੱਤਾਂ ਦੀ ਰੱਖਿਆ ਕਰਨ ਦੀ ਭਾਵਨਾ ਆ ਜਾਂਦੀ ਹੈ ਤਾਂ ਉਹ ਮਾਨਵੀ ਗੁਣਾਂ ਅਤੇ ਧਰਮਾਂ ਨੂੰ ਭੁੱਲ ਜਾਂਦਾ ਹੈ। ਮੱਧਕਾਲੀ ਭਾਰਤ ਵਿਚ ਹਰ ਜਾਤੀ ਆਪਣੀ ਜਾਤੀ ਨੂੰ ਸੰਗਠਿਤ ਕਰਨ ਵਿਚ ਲਗੀ ਹੋਈ ਸੀ। ਇਕ ਜਾਤੀ ਦਾ ਸੰਘਰਸ਼ ਦੂਸਰੀ ਜਾਤੀਆਂ ਨਾਲ ਮਾਮੂਲੀ ਗੱਲਾਂ ਤੇ ਹੋ ਜਾਂਦਾ ਸੀ। ਧਾਰਮਿਕ ਝਗੜੇ ਵੀ ਜਾਤੀਵਾਦ ਦਾ ਹੀ ਨਤੀਜਾ ਸਨ। ਜਾਤੀਵਾਦ ਨੇ ਪੱਖ-ਪਾਤ ਅਤੇ ਭ੍ਰਿਸ਼ਟਾਚਾਰ ਨੂੰ ਪ੍ਰੋਤਸਾਹਨ ਦਿੱਤਾ। ਜਾਤੀ ਦੇ ਨਾਂ ਤੇ ਲੋਕ ਗਲਤ ਕੰਮ ਕਰਨ ਤੇ ਹਿਚਕਦੇ ਨਹੀਂ ਤਾਂ ਉਸ ਅਵਸਥਾ ਵਿਚ ਮਨੁੱਖ ਦੇ ਨੈਤਿਕ ਪਤਨ ਦਾ ਕਾਰਣ ਵੀ ਜਾਤੀਵਾਦ ਹੀ ਬਣਦਾ ਹੈ। ਜਾਤੀਵਾਦ ਨਾਲ ਮਨੁੱਖੀ ਮਨ ਵਿਚ ਨਿਰਾਸ਼ਾ ਅਤੇ ਮਾਨਸਿਕ ਵਿਕਾਰ ਪੈਦਾ ਹੁੰਦੇ ਹਨ। ਉਸ ਸਮੇ ਲੋਕਾਂ ਵਿਚ ਭਾਵਨਾਤਮਕ ਏਕਤਾ ਬਿਲਕੁਲ ਨਹੀਂ ਸੀ। ਭਾਵਨਾਤਮਕ ਏਕਤਾ ਦਾ ਸਭ ਤੋ ਜ਼ਿਆਦਾ ਵਿਰੋਧੀ ਤੱਤ, ਜਾਤੀਅਤਾ ਦੀ ਉਗਰ-ਭਾਵਨਾ ਹੈ। ਮੱਧਕਾਲੀ ਭਾਰਤ ਦੇ ਲੋਕ ਜਾਤੀਵਾਦ ਦੀ ਭਾਵਨਾ ਦੇ ਕੱਟੜ ਰੂਪ ਵਿਚ ਸ਼ਿਕਾਰ ਹੋ ਗਏ ਸਨ। ਜਦੋ ਕੋਈ ਦੇਸ਼ ਫਿਰ ਇਸ ਭਾਵਨਾ ਦਾ ਸ਼ਿਕਾਰ ਹੋ ਜਾਵੇ ਤਾਂ ਦੇਸ਼ ਖੰਡ-ਖੰਡ ਹੋ ਜਾਂਦਾ ਹੈ। ਜਿਸ ਦੇਸ਼ ਵਿਚ ਇਕ ਜਾਤੀ ਦੇ ਲੋਕ ਕੇਵਲ ਆਪਣੀ ਜਾਤ ਦੇ ਲੋਕਾਂ ਦੇ ਹੀ ਕਲਿਆਣ ਦੀ ਕਾਮਨਾ ਕਰਦੇ ਹਨ, ਉਹ ਦੇਸ਼ ਵਿਨਾਸ਼ ਦੇ ਡੂੰਘੇ ਟੋਏ ਵੱਲ ਜਾਣ ਲਗਦਾ ਹੈ। ਜਾਤੀ-ਭਾਵਨਾ ਇਕ ਜ਼ਹਿਰ ਹੈ ਜਿਸ ਨਾਲ ਦੇਸ਼ ਅਤੇ ਸਮਾਜ ਦੇ ਸਰੀਰ ਵਿਚ ਰੋਗ ਫੈਲਦੇ ਹਨ। ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ: 'ਇਕ ਸਾਧੇ ਸਭ ਸਧੈ' ਦੇ ਅਨੁਸਾਰ ਇਕ ਮਾਨਵਵਾਦ ਦੀ ਸਥਾਪਨਾ ਅਨੇਕ ਰੋਗਾਂ ਦਾ ਉਪਚਾਰ ਕਰਦੀ ਹੈ। ਜਾਤੀ-ਪ੍ਰਥਾ ਵਰਗੀ ਭੈੜੀ ਬੁਰਾਈ ਤੇ ਮਾਨਵਵਾਦ ਦਾ ਸੰਕਲਪ ਹੀ ਜਿੱਤ ਪ੍ਰਾਪਤ ਕਰ ਸਕਦਾ ਹੈ। ਨਾਨਕ-ਬਾਣੀ ਸੀਮਿਤ ਦਾਇਰਿਆਂ ਨੂੰ ਛੱਡ ਕੇ ਸਮੁੱਚੀ ਮਨੁੱਖਤਾ ਨਾਲ ਸਾਂਝ ਪਾਉਣ ਲਈ ਕਹਿੰਦੀ ਹੈ। ਡਾ. ਭਾਈ ਜੋਧ ਸਿੰਘ ਦੇ ਵਿਚਾਰ ਇਸ ਪ੍ਰਸੰਗ ਵਿਚ ਵਰਨਣਯੋਗ ਹਨ:

> ਗੁਰੂ ਨਾਨਕ ਇਕ ਅਜਿਹੇ ਤਿਆਗੀ ਨਹੀਂ ਸਨ ਜਿਨ੍ਹਾਂ ਨੂੰ ਨਿਰਾ ਆਪਣੀ ਮੁਕਤੀ ਦਾ ਫ਼ਿਕਰ ਹੋਵੇ। ਉਹਨਾਂ ਦਾ ਮਨੋਰਥ ਇਹ ਸੀ ਕਿ ਆਮ ਆਦਮੀ ਸੱਚ-ਸੁੱਚ ਦਾ ਧਾਰਮਿਕ ਜੀਵਨ ਬਤੀਤ ਕਰਨ ਅਤੇ ਆਪਣੇ ਆਪ ਨੂੰ ਇਕ ਅਜਿਹੇ ਭਾਈਚਾਰਕ ਪ੍ਰਬੰਧ ਵਿਚ ਬੰਨ੍ਹਣ ਜਿਸ ਵਿਚ ਇਕ ਦੂਜੇ ਦੇ ਵਿਚਾਰਾਂ ਲਈ ਰਵਾਦਾਰੀ ਹੋਵੇ ਅਤੇ ਸਾਰੇ ਰਲ ਕੇ ਸੰਪੂਰਨ ਮਨੁੱਖੀ ਟੱਬਰ ਦਾ ਭਲਾ ਕਰਨ ਲਈ ਉਤਸਾਹਿਤ ਹੋਵਣ।[1]

> ਅੰਜੀਲ ਦਸਦੀ ਹੈ ਕਿ ਪਰਮਾਤਮਾ ਨੇ ਮਨੁੱਖ ਨੂੰ ਆਪਣੀ ਸੂਰਤ ਦਾ ਬਣਾਇਆ ਹੈ ਪਰ ਇਹ ਗੱਲ ਇਸ ਸਰੀਰ ਲਈ ਨਹੀਂ ਆਖੀ ਗਈ ਜੋ ਮਿੱਟੀ ਹੈ। ਇਹ ਆਤਮਾ ਲਈ ਜਿਸ ਵਿਚ ਉਸਦੀ ਜੋਤ ਹੈ, ਕਹੀ ਗਈ ਹੈ। 'ਸਾਰਿਆਂ' ਵਿਚ ਉਸਦੀ ਜੋਤ ਹੈ ਅਤੇ ਉਹ ਜੋਤ 'ਉਹੋ' ਹੈ ਜਿਸਦੇ ਚਾਨਣ ਨਾਲ ਸਭ ਵਿਚ ਚਾਨਣ ਹੁੰਦਾ ਹੈ। ਉਹ ਸਰਬ-ਵਿਆਪਕ ਆਤਮਾ ਹੈ ਅਤੇ ਆਤਮਾ ਉਸ ਵਿਚ ਹੈ।[2]

ਪਰਮਾਤਮਾ ਇਕ ਹੈ, ਉਸਦੀ ਜੋਤ, ਆਤਮਾ ਹਰ ਪ੍ਰਾਣੀ ਵਿਚ ਇਕੋ ਜਿਹੀ ਵਿਦਮਾਨ ਹੈ-- ਇਸ ਸੰਕਲਪ ਨੂੰ ਬੁੱਧੀ ਰਾਹੀਂ, ਗਿਆਨ ਰਾਹੀਂ ਸਮਝ ਕੇ ਹੀ ਸਾਰੀ ਮਨੁੱਖਤਾ ਵਿਚਲੀ ਇਕ ਜੋਤ ਨੂੰ ਪਹਿਚਾਣਿਆ ਜਾ ਸਕਦਾ ਹੈ ਅਤੇ ਇਸੇ ਸਮਾਨਤਾ ਦੇ ਆਧਾਰ ਤੇ ਸਰਬ-ਵਿਆਪਕ ਭਾਈਚਾਰੇ ਨਾਲ ਸਾਂਝ ਪਾਈ ਜਾ ਸਕਦੀ ਹੈ। ਇਹ ਸਾਂਝ ਵੀ ਮਾਨਵਵਾਦ ਦੀ ਜਿੱਤ ਹੋਵੇਗੀ।

ਗੁਰੂ ਨਾਨਕ ਨੇ ਮਨੁੱਖ ਨੂੰ ਇਸ ਹਕੀਕਤ ਤੋਂ ਜਾਣੂ ਕਰਵਾਇਆ ਕਿ ਜਦ ਤਕ ਮਨੁੱਖ ਸਦਾਚਾਰੀ ਨਹੀਂ ਬਣੇਗਾ, ਤਦ ਤਕ ਉਹ ਮਨੁੱਖਤਾ ਦੀ ਪਦਵੀ ਤੋਂ ਡਿੱਗਾ ਰਹੇਗਾ ਅਤੇ ਉਸ ਦੀਆਂ ਪਸ਼ੂ-ਬਿਰਤੀਆਂ ਉਸ ਨੂੰ ਬੁੱਧੀ ਤੋਂ ਕੰਮ ਨਹੀਂ ਲੈਣ ਦੇਣਗੀਆਂ।

---

1. ਡਾ. ਭਾਈ ਜੋਧ ਸਿੰਘ, ਗੁਰੂ ਨਾਨਕ ਜੀ ਦੀ ਸਿੱਖਿਆ, ਪੰਨਾ-5
2. ਉਹੀ, ਪੰਨਾ-15

ਇਸ ਲਈ ਮਨੁੱਖ ਨੇ ਪਹਿਲਾਂ ਅਵਗੁਣਾਂ ਦਾ ਤਿਆਗ ਕਰਕੇ ਸ਼ੁਭ-ਗੁਣਾਂ ਨੂੰ ਗ੍ਰਹਿਣ ਕਰਨਾ ਹੈ। ਦਿਖਾਵਿਆਂ, ਝੂਠੀਆਂ ਨੁਮਾਇਸ਼ਾਂ ਤੇ ਭੇਖਾਂ, ਪਾਖੰਡਾਂ ਵਿਚ ਕੁਝ ਨਹੀਂ ਪਿਆ ਹੋਇਆ। ਪਸ਼ੂਤਾ ਨੂੰ ਤਿਆਗ ਕੇ ਹੀ ਮਾਨਵਵਾਦ ਵੱਲ ਵਧਿਆ ਜਾ ਸਕਦਾ ਹੈ। ਸਦਾਚਾਰ ਹੀ ਬੁਰਾਈਆਂ ਤੇ ਕਾਬੂ ਪਾ ਸਕਦਾ ਹੈ। ਸਦਾਚਾਰ ਦੀ ਤਾਲੀਮ ਗੁਰੂ ਨਾਨਕ ਇਸ ਪ੍ਰਕਾਰ ਦਿੰਦੇ ਹਨ ਜਿਵੇਂ: ਸੁਨਿਆਰਾ ਸੋਨੇ ਵਿਚੋਂ ਖੋਟ ਦੂਰ ਕਰਕੇ ਉਸਨੂੰ ਕੁੰਦਨ ਬਣਾਉਂਦਾ ਹੈ ਤਿਵੇਂ ਜਗਿਆਸੂ ਨੇ ਖੁਦ ਨੂੰ ਗੁਰਬਾਣੀ ਦੀ ਭੱਠੀ ਵਿਚ ਤਾ ਕੇ ਕੁੰਦਨ ਬਣਾਉਣਾ ਹੈ:

ਜਤੁ ਪਹਾਰਾ ਧੀਰਜੁ ਸੁਨਿਆਰ ।।
ਅਹਰਣਿ ਮਤਿ ਵੇਦੁ ਹਥਿਆਰ ।।
ਭਉ ਖਲਾ ਅਗਨਿ ਤਪ ਤਾਉ ।।
ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ ।।
ਘੜੀਐ ਸਬਦੁ ਸਚੀ ਟਕਸਾਲ ।।

( ਜਪੁਜੀ ਸਾਹਿਬ,ਮਹਲਾ ੧,ਪੰਨਾ-8)

ਗੁਰੂ ਨਾਨਕ ਨੇ ਭੇਖਾਂ ਤੋਂ ਉਪਰ ਉਠ ਕੇ ਸਦਾਚਾਰੀ ਮਾਰਗ ਅਪਨਾਉਣ ਲਈ ਕਿਹਾ। ਸਦਾਚਾਰਕ ਤੌਰ ਤੇ ਉੱਨਤ ਮਨੁੱਖ ਹੀ ਸਮਾਜਕ ਬੁਰਾਈਆਂ, ਸਮਾਜਿਕ ਰੋਗਾਂ, ਵਹਿਮਾਂ-ਭਰਮਾਂ, ਪਾਖੰਡਾਂ ਦੇ ਵਿਰੁੱਧ ਲੜ ਸਕੇਗਾ ਅਤੇ ਮਾਨਵਵਾਦ ਦੀ ਸੱਚੇ ਅਰਥਾਂ ਵਿਚ ਪ੍ਰਾਪਤੀ ਕਰ ਸਕੇਗਾ। ਇਸ ਜੀਵਨ ਵਿਚ ਨੇਕ ਅਮਲ ਕਰਨੇ ਹਨ। ਸਮਾਜਿਕ ਜ਼ਿੰਦਗੀ ਤੋਂ ਦੂਰ ਹੋਣਾ ਗੁਨਾਹ ਹੈ। ਪਰਮਾਰਥ ਦੀ ਭਾਵਨਾ ਅਤੇ ਇਕ ਦੂਜੇ ਨਾਲ ਪ੍ਰੇਮ ਕਰਨ ਦੀ ਭਾਵਨਾ ਨਾਲ ਹੀ ਮਾਨਵਵਾਦ ਨੂੰ ਸਹੀ ਰੂਪ ਵਿਚ ਰੂਪਮਾਨ ਕੀਤਾ ਜਾ ਸਕਦਾ ਹੈ। ਨਾਨਕ-ਬਾਣੀ ਸੱਚੇ ਗਿਆਨ ਨੂੰ ਕਰਨੀ ਵਿਚੋਂ ਨਿਸਰਿਆ ਮੰਨਦੀ ਹੈ। ਕਥਨੀ ਅਤੇ ਵਾਦ-ਵਿਵਾਦ ਦੇ ਫੋਕੇ ਫਲਸਫੇ ਨੂੰ ਗਿਆਨ ਨਹੀਂ ਮੰਨਿਆ:

ਗਿਆਨ ਨ ਗਲੀਈ ਢੂਢੀਐ ਕਥਨਾ ਕਰੜਾ ਸਾਰ ।।
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰ ।।

(ਵਾਰ ਆਸਾ,ਮਹਲਾ ੧,ਪੰਨਾ-464)

ਨਾਨਕ-ਬਾਣੀ ਅਨੁਸਾਰ ਪਵਿੱਤਰ ਵਿਚਾਰਾਂ ਅਤੇ ਨੇਕ ਅਮਲਾਂ ਨਾਲ ਹੀ ਸਮਾਜ ਵਿਚ ਮਾਨਵੀ ਤੱਤਾਂ ਨੂੰ ਕਾਇਮ ਕੀਤਾ ਜਾ ਸਕਦਾ ਹੈ।

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ: ਉਸ ਸਮੇਂ ਦਾ ਸਮਾਜ ਜਾਤੀਵਾਦ, ਸਰਾਪ, ਜਨੇਊ, ਸੂਤਕ ਮੂਰਤੀ ਪੂਜਾ, ਅਵਤਾਰਾਂ ਦੀਆਂ ਰਾਸਾਂ ਆਦਿ ਫਜ਼ੂਲ ਰੀਤੀ-ਰਿਵਾਜਾਂ ਵਿਚ ਜਕੜਿਆ ਪਿਆ ਸੀ। ਭ੍ਰਿਸ਼ਟਾਚਾਰ, ਕੁਰੀਤੀਆਂ ਤੇ ਅੰਧ-ਵਿਸ਼ਵਾਸ ਨਾਲ ਸਮਾਜ ਕਲੰਕਿਤ ਹੋਇਆ ਪਇਆ ਸੀ। ਵਹਿਮਾਂ-ਭਰਮਾਂ ਵਿਚ ਫਸੇ ਲੋਕਾਂ ਦੇ ਵਾਸਤਵਿਕ ਜੀਵਨ ਨੂੰ ਨਾਨਕ-ਬਾਣੀ ਵਿਚ ਬੜੇ ਕਲਾਮਈ ਢੰਗ ਨਾਲ ਪ੍ਰਗਟਾਇਆ ਗਿਆ ਹੈ ਅਤੇ ਨਵੇਂ ਮਾਨਵਵਾਦੀ ਰਾਹਾਂ ਦੀ ਸੇਧ ਪ੍ਰਦਾਨ ਕੀਤੀ ਗਈ ਹੈ। ਗੁਰੂ ਸਾਹਿਬ ਨੇ ਸਮਾਜਿਕ ਬੁਰਾਈਆਂ ਖਤਮ ਕਰਨ ਦੇ ਉਪਾਦਾਨ ਦੱਸੇ ਅਤੇ ਇਸ ਤਰ੍ਹਾਂ ਮਨੁੱਖ ਨੂੰ ਦਿੱਬਤਾ ਪ੍ਰਦਾਨ ਕੀਤੀ, ਸਮਾਜ ਅਤੇ ਮਨੁੱਖ ਨੂੰ ਮਾਨਵੀ-ਕੀਮਤਾਂ ਦੀ ਸੋਝੀ, ਪ੍ਰੀਤੀ ਵੱਲ ਪ੍ਰੇਰਿਆ ।

(ੲ) <u>ਇਸਤਰੀ ਜਾਤੀ ਦਾ ਆਦਰ: ਮਾਨਵਵਾਦੀ ਦ੍ਰਿਸ਼ਟੀਕੋਣ:</u>

ਇਸਤਰੀ ਸਮਾਜ ਦਾ ਸੂਰਜ ਵੀ ਹੈ, ਸ਼ਕਤੀ ਵੀ ਅਤੇ ਨਰੋਆ ਅੰਗ ਵੀ। ਪ੍ਰਚੱਲਤ ਦੋਹਾਂ ਸਭਿਆਚਾਰਾਂ ਵਿਚ ਨਾ ਇਸਤਰੀ ਨੂੰ ਮੁਲ ਸੀ, ਨਾ ਸਮਾਨਤਾ ਅਤੇ ਨਾ ਯੋਗ ਸਤਿਕਾਰ ਦਿੱਤਾ ਜਾਂਦਾ ਸੀ। ਗੁਰੂ ਨਾਨਕ ਨੇ ਇਸ ਪੱਖ-ਪਾਤੀ ਅਤੇ ਕਠੋਰ ਬਿਰਤੀ ਦਾ ਵਿਰੋਧ ਕੀਤਾ ਅਤੇ ਇਸਤਰੀ ਪ੍ਰਤੀ ਵੀ ਮਾਨਵਵਾਦੀ ਦ੍ਰਿਸ਼ਟੀ-ਕੋਣ ਰੂਪਮਾਨ ਕੀਤਾ। ਕਿਸੇ ਸਮਾਜ ਦੀ ਸਭਿਅਤਾ ਇਸ ਗੱਲ ਤੋਂ ਨਾਪੀ ਜਾਂਦੀ ਹੈ ਕਿ ਉਹ ਸਮਾਜ ਇਸਤਰੀ ਨੂੰ ਕੀ ਸਥਾਨ ਦਿੰਦਾ ਹੈ? ਇਸਤਰੀ ਨੂੰ ਯੋਗ ਸਥਾਨ ਦੇਣ ਵਾਲਾ ਸਮਾਜ ਹੀ ਉੱਨਤ, ਸਭਿਅ ਸਮਾਜ ਕਿਹਾ ਜਾ ਸਕਦਾ ਹੈ। ਜਿਥੇ ਗੁਰੂ ਨਾਨਕ ਨੇ ਜਾਤ-ਜਨਮ ਅਤੇ ਜਿਸਮ ਦੇ ਇਕ ਹੋਣ ਦੀ ਗੱਲ ਕਹੀ, ਉਥੇ ਜਿਨਸ-ਭੇਦ ਦੇ ਵਖਰੇਵੇਂ ਮੁਕਾਣ ਤੇ ਵੀ ਜ਼ੋਰ ਦਿੱਤਾ।

ਇਸਤਰੀ ਦੀ ਸਮਾਜਕ ਪਦਵੀ ਦਾ ਝਗੜਾ ਬਹੁਤ ਪੁਰਾਣਾ ਹੈ। ਯੂਨਾਨੀ ਫ਼ਿਲਾਸਫ਼ਰ ਸੁਕਰਾਤ, ਮਰਦ ਅਤੇ ਤੀਵੀਂ ਵਿਚ ਹੌਸਲਾ ਇਕੋ ਜਿਹਾ ਨਹੀਂ ਮੰਨਦੇ। ਉਸ ਅਨੁਸਾਰ ਮਰਦ-ਹੁਕਮ ਕਰਨ ਲਈ ਤੇ ਇਸਤਰੀ ਹੁਕਮ ਮੰਨਣ ਲਈ ਹੈ। ਕਈ ਹੋਰ ਪੱਛਮੀ ਚਿੰਤਕਾਂ/ਨੇ ਇਸਤਰੀ ਨੂੰ ਕੁਦਰਤ ਦੀ ਮਜ਼ੇਦਾਰ ਗ਼ਲਤੀ (agreeable blunder) ਆਖ ਕੇ ਨਿੰਦਿਆ ਤੇ ਦੁਰਕਾਰਿਆ। ਅਰਸਤੂ ਨੇ ਵੀ ਇਸਤਰੀ ਨੂੰ ਇਕ ਅਧੂਰਾ ਇਨਸਾਨ ਕਿਹਾ ਹੈ। ਇਸਲਾਮ ਨੇ ਇਕ ਆਦਮੀ ਨੂੰ ਬਹੁਤੀਆਂ ਪਤਨੀਆਂ ਰੱਖਣ ਦੀ ਆਗਿਆ ਦੇ ਕੇ ਇਸਤਰੀ ਦੀ ਸਮਾਜਕ ਪਦਵੀ ਨੂੰ ਬਹੁਤ ਨੀਵਾਂ ਕਰ ਦਿੱਤਾ।

ਇਸਲਾਮ ਨੇ ਦੋ ਇਸਤਰੀਆਂ ਦੀ ਗਵਾਹੀ ਇਕ ਪੁਰਸ਼ ਬਰਾਬਰ ਮੰਨੀ।

ਹਿੰਦੂ ਸਮਾਜ ਦੀ ਬੁਨਿਆਦ ਮੰਨੂ ਦੀ ਨਿਯਮਾਵਲੀ ਹੈ। ਮੰਨੂੰ ਅਨੁਸਾਰ ਇਸਤਰੀ ਸਭ ਦੁੱਖਾਂ ਦੀ ਮੂਲ ਕਾਰਣ ਹੈ। ਉਸਦਾ ਵਿਆਹ ਬਾਲਗ ਹੋਣ ਤੋਂ ਪਹਿਲਾਂ ਕਰ ਦਿੱਤਾ ਜਾਣਾ ਚਾਹੀਦਾ ਹੈ। ਪਤੀ ਭਾਵੇਂ ਅੰਨ੍ਹਾ, ਕਾਣਾ, ਬੁਰਾਈ, ਜੁਆਰੀਆ, ਆਚਰਣਹੀਣ ਹੋਵੇ, ਪਤਨੀ ਲਈ ਉਹ ਦੇਵਤਾ ਹੈ।[1] ਪਤੀ ਦੀ ਮੌਤ ਪਿਛੋਂ ਪਤਨੀ ਨੂੰ ਉਸ ਨਾਲ ਸਤੀ ਹੋ ਜਾਣਾ ਚਾਹੀਦਾ ਹੈ।[2] ਰੰਡੇ ਪੁਰਸ਼ ਨੂੰ ਵਿਆਹ ਕਰਾਉਣ ਦਾ ਅਧਿਕਾਰ ਸੀ, ਪਰ ਇਸਤਰੀ ਨੂੰ ਨਹੀਂ।[3] ਬੁੱਧ ਧਰਮ ਦੀ ਵੀ ਇਸਤਰੀ ਬਾਰੇ ਰਾਇ ਬੜੀ ਸਖਤ ਮਾਲੂਮ ਹੁੰਦੀ ਹੈ। ਖੁਦ ਮਹਾਤਮਾ ਬੁੱਧ ਦੀ ਰਾਇ ਇਸਤਰੀ ਬਾਰੇ ਚੰਗੀ ਨਹੀਂ। ਇਕ ਵਾਰ ਆਪਣੇ ਚੇਲੇ ਅਨੰਦ ਨੂੰ ਉਹਨਾਂ ਕਿਹਾ ਸੀ: "ਜੇ ਇਸਤਰੀਆਂ ਨੂੰ ਆਪਣੇ ਧਰਮ'ਚ ਦਾਖਲ ਨਾ ਕੀਤਾ ਜਾਂਦਾ ਤਾਂ ਇਹ ਵੱਧ ਪ੍ਰਭਾਵਸ਼ਾਲੀ ਰਹਿਣਾ ਸੀ।"[4]

ਜੈਨ ਧਰਮ ਅਨੁਸਾਰ: ਇਸਤਰੀ ਮੁਕਤੀ ਪ੍ਰਾਪਤ ਨਹੀਂ ਕਰ ਸਕਦੀ ਅਤੇ ਮੁਕਤੀ ਪ੍ਰਾਪਤ ਕਰਨ ਲਈ ਉਸਨੂੰ ਮਰਦ ਵਜੋਂ ਜਨਮ ਲੈਣਾ ਪੈਂਦਾ ਹੈ।

ਜੋਗੀਆਂ ਨੇ ਇਸਤਰੀ ਨੂੰ 'ਵਿਸ਼ ਦੀ ਵੇਲ' ਸਮਝ ਕੇ ਦੁਰਕਾਰਿਆ:

ਬਾਘਨਿ ਜਿੰਦ ਲੈ ਬਾਘਨਿ ਬਿੰਦ ਲੈ ਬਾਘਨਿ ਹਮਰੀ ਕਾਇਆ
ਇਨ ਬਾਘਨਿ ਤ੍ਰੈ ਲੋਈ ਖਾਈ ਬਾਤਿ ਗੋਰਖ ਰਾਇਆ ।।
( ਗੋਰਖ-ਬਾਣੀ )

ਇਸਤਰੀ ਨੂੰ ਪੈਰ ਦੀ ਜੁੱਤੀ, ਘਰ ਦੀ ਚਾਕਰ, ਅੱਗ, ਜ਼ਹਿਰ, ਅੱਧਾ-ਅੰਮ੍ਰਿਤ ਨਰਕ ਦਾ ਦੁਆਰ ਅਤੇ ਕਈ ਹੋਰ ਭੇਖਵੀਆਂ ਨਾਲ ਤੁਲਨਾ ਦਿਤੀ ਜਾਂਦੀ ਸੀ। ਤੁਲਸੀ ਦਾਸ ਜਿਹੇ ਵਿਦਵਾਨਾਂ ਨੇ ਕਿਹਾ:

ਢੋਲ, ਗਵਾਰ, ਸ਼ੂਦਰ, ਪਸ਼ੂ ਅਰ ਨਾਰੀ
ਯਹ ਪਾਂਚੋ ਤਾੜਨ ਕੇ ਅਧਿਕਾਰੀ ।।

---

1. ਪੀ ਥਾਮਸ, ਹਿੰਦੂ ਰੀਲੀਜ਼ਨ,ਕਸਟਮਜ਼ ਐਂਡ ਮੈਨਰਜ਼,ਸੰਸਕਰਣ ਤੀਜਾ,ਪੰਨਾ-344
2. ਪੀ ਥਾਮਸ, ਉਹੀ, ਪੰਨਾ-345
3. ਉਹੀ, ਪੰਨਾ-59
4. ਪੀ ਥਾਮਸ, ਇੰਡੀਅਨ ਵਿਮਿਨ ਥਰੂ ਦਾ ਏਜਿਜ਼, ਪੰਨਾ-82

ਸ਼ੰਕਰਾਚਾਰੀਆ ਵਰਗੇ ਨਾਰੀ ਨੂੰ 'ਨਰਕ ਦਾ ਦੁਆਰ' ਕਹਿੰਦੇ ਸਨ। ਇਥੋਂ ਤਕ ਕਿ ਭਗਤ ਕਬੀਰ ਵਰਗੇ ਮਹਾਂ ਕਵੀ ਵੀ ਇਸਤਰੀ ਨੂੰ ਨਿੰਦਣੋਂ ਨਾ ਰਹਿ ਸਕੇ। ਭਗਤ ਕਬੀਰ ਦਾ ਇਕ ਦੋਹਾ ਇਸ ਪ੍ਰਸੰਗ ਵਿਚ ਇਸ ਤਰ੍ਹਾਂ ਹੈ:

ਨਾਰੀ ਤੋ ਹਮ ਹੁ ਨਹੀਂ ਜਾਨਾ ਨਾਹੀ ਵਿਚਾਰ
ਜਬ ਜਾਨਾ ਤਬ ਪਰਹਰੀ ਨਾਰੀ ਬਡੀ ਵਿਕਾਰ ।

ਅਜਿਹੀਆਂ ਵਿਚਾਰਧਾਰਾਵਾਂ ਵਾਲੇ ਸਮਾਜ ਵਿਚ ਇਸਤਰੀ ਦੇ ਦਰਜੇ ਬਾਰੇ ਆਸਾਨੀ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਨਾਨਕ ਤੋਂ ਪਹਿਲਾਂ ਸਭ ਧਰਮਾਂ, ਵਿਚਾਰਵਾਨਾਂ, ਵਿਦਵਾਨਾਂ ਅਤੇ ਆਮ ਲੋਕਾਂ ਨੇ ਇਸਤਰੀ ਨੂੰ ਘਟੀਆ, ਨੀਵਾਂ ਸਮਝਿਆ। ਇਸ ਤਰ੍ਹਾਂ ਇਹ ਗੱਲ ਬਹੁਤ ਸਪਸ਼ਟ ਹੈ ਕਿ ਮੱਧਕਾਲੀ ਭਾਰਤ ਦੇ ਇਤਿਹਾਸ ਵਿਚ ਗੁਰੂ ਨਾਨਕ ਪਹਿਲੇ ਮਹਾਂ-ਪੁਰਖ ਹੋਏ ਹਨ, ਜਿਹਨਾਂ ਨੇ ਇਸਤਰੀ ਦੇ ਹੱਕ ਵਿਚ ਆਵਾਜ਼ ਉਠਾਈ। ਗੁਰੂ ਨਾਨਕ ਨੇ ਇਸਤਰੀ ਨੂੰ ਮਰਦ ਦਾ ਸ਼ਿੰਗਾਰ ਹੀ ਨਹੀਂ ਦੱਸਿਆ ਬਲਕਿ ਸੰਜਮ ਤੇ ਬੰਧੇਜ ਦਾ ਚਿੰਨ੍ਹ ਕਿਹਾ: 'ਭੰਡ ਹੋਵਹਿ ਬੰਧਾਨ।' ਗੁਰੂ ਨਾਨਕ ਨੇ ਇਸਤਰੀ ਪ੍ਰਤੀ ਕੋਹਜੇ ਵਿਚਾਰਾਂ ਦੀ ਨਿੰਦਾ ਕੀਤੀ ਅਤੇ ਅਜਿਹੇ ਵਿਚਾਰ ਦੇਣ ਵਾਲਿਆਂ ਨੂੰ ਕਿਹਾ ਕਿ ਅਜੀਬ ਹਨ ਅਜਿਹੇ ਵਿਚਾਰ ਜਿਹਨਾਂ ਅਨੁਸਾਰ: ਨਿਹਕਲੰਕੀ ਰਾਜਿਆਂ ਨੂੰ ਜਨਮ ਦੇਣ ਵਾਲੀ ਇਸਤਰੀ ਤਾਂ ਕਲੰਕਣੀ ਹੈ ਅਤੇ ਜੋ ਕਲੰਕਣੀ ਤੋਂ ਉਪਜਿਆ ਹੈ ਉਹ ਨਿਹਕਲੰਕ। ਇਹਨਾਂ ਵਿਚਾਰਾਂ ਦੇ ਵਿਪਰੀਤ ਗੁਰੂ ਨਾਨਕ ਨੇ ਕਿਹਾ: 'ਸੋ ਕਿਉਂ ਮੰਦਾ ਆਖੀਐ ਜਿਤ ਜੰਮੇ ਰਾਜਾਨ।' ਉਸ ਸਮੇਂ ਇਸਤਰੀਆਂ ਨੂੰ ਬਹੁਤ ਨੀਵਾਂ ਅਤੇ ਘਟੀਆ ਸਮਝਿਆ ਜਾਂਦਾ ਸੀ। ਉਨ੍ਹਾਂ ਉਤੇ ਅਨੇਕਾਂ ਪ੍ਰਕਾਰ ਦੇ ਜ਼ੁਲਮ ਢਾਹੇ ਜਾਂਦੇ ਸਨ। ਉਹਨਾਂ ਦਾ ਸਥਾਨ ਕੇਵਲ ਘਰ ਤਕ ਹੀ ਸੀਮਿਤ ਸੀ। ਨਾਨਕ-ਬਾਣੀ ਅਨੁਸਾਰ ਮਰਦ ਅਤੇ ਇਸਤਰੀਆਂ ਇਕ ਸਮਾਨ ਹਨ। ਇਸਤਰੀ ਨੂੰ ਸਮਾਜ ਵਿਚ ਉਹੀ ਸਥਾਨ ਪ੍ਰਾਪਤ ਹੈ ਜੋ ਮਰਦ ਨੂੰ। ਇਸਤਰੀ ਨੂੰ ਘਰ ਦੀ ਚਾਰਦੀਵਾਰੀ 'ਚੋਂ ਬਾਹਰ ਕੱਢ ਕੇ ਧਾਰਮਿਕ ਸਥਾਨਾਂ ਤੇ ਲਿਆਂਦਾ। ਪੂਜਾ ਅਤੇ ਧਾਰਮਿਕ ਸਥਾਨ ਇਸਤਰੀਆਂ ਲਈ ਉਸੇ ਤਰ੍ਹਾਂ ਖੋਲ੍ਹਣ ਲਈ ਕਿਹਾ ਜਿਵੇਂ ਕਿ ਮਰਦਾਂ ਲਈ ਖੁਲ੍ਹਦੇ ਸਨ। " ਪਰਦਾ ਪ੍ਰਥਾ ' ਦਾ ਵੀ ਖੰਡਨ ਕੀਤਾ। ਗੁਰੂ ਨਾਨਕ ਨੇ ਇਸਤਰੀਆਂ ਨੂੰ ਲੰਗਰ ਵਿਚ ਕੰਮ ਕਰਨ ਦੀ ਖੁਲ੍ਹ ਦਿੱਤੀ। ਮਰਦ ਲੰਗਰ ਲਈ ਰਸਦ ਅਤੇ ਲਕੜਾਂ ਲਿਆਉਂਦੇ ਸਨ ਅਤੇ ਇਸਤਰੀਆਂ ਲੰਗਰ ਵਿਚ ਰੋਟੀ ਪਕਾਉਂਦੀਆਂ ਸਨ। ਫਿਰ ਮਰਦ

ਅਤੇ ਇਸਤਰੀਆਂ ਇਕ ਪੰਗਤ ਵਿਚ ਬੈਠ ਕੇ ਲੰਗਰ ਛਕਦੇ ਸਨ। ਇਸ ਤਰ੍ਹਾਂ ਗੁਰੂ ਜੀ ਨੇ 'ਲੰਗਰ-ਪੰਗਤ ਅਤੇ ਸੰਗਤ' ਵਿਚ ਇਸਤਰੀਆਂ ਨੂੰ ਜੀਅ-ਆਇਆਂ ਆਖਿਆ ਅਤੇ ਉਹਨਾਂ ਨੂੰ ਮਰਦਾਂ ਸਮਾਨ ਦਰਜਾ ਦਿੱਤਾ। ਗੁਰੂ ਨਾਨਕ ਨੇ "ਸਤੀ-ਪ੍ਰਥਾ " ਦਾ ਵੀ ਖੰਡਨ ਕੀਤਾ। ਇਸ ਲਈ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਗੁਰੂ ਨਾਨਕ ਮੱਧਕਾਲੀ ਇਤਿਹਾਸ ਵਿਚ ਪਹਿਲੀ ਮਹਾਨ ਸ਼ਖਸੀਅਤ ਹਨ ਜਿਨ੍ਹਾਂ ਨੇ ਭਾਰਤੀ ਸਮਾਜ ਵਿਚ ਇਸਤਰੀਆਂ ਦੀ ਪਦਵੀ ਉਚੀ ਚੁੱਕਣ ਲਈ ਗੰਭੀਰ ਯਤਨ ਅਤੇ ਉਪਰਾਲੇ ਕੀਤੇ। ਗੁਰੂ ਨਾਨਕ ਨੇ ਇਸਤਰੀ ਨੂੰ ਯੋਗ ਆਦਰ ਦੇ ਕੇ ਇਸਤਰੀ ਦਾ ਸਮਾਜ ਵਿਚ ਸਥਾਨ ਉੱਚਾ ਕੀਤਾ ਅਤੇ ਮਾਨਵਵਾਦੀ ਦ੍ਰਿਸ਼ਟੀਕੋਣ ਨੂੰ ਅਮਲੀ ਰੂਪ ਪ੍ਰਦਾਨ ਕੀਤਾ। ਇਸ ਸੰਦਰਭ ਵਿਚ ਪ੍ਰੋ. ਹਰਨਾਮ ਦਾਸ ਇਸ ਪ੍ਰਕਾਰ ਲਿਖਦੇ ਹਨ:

> Guru Nanak also advocated strongly that women should also be honoured and appreciated from the view-point of Humanism who had been treated as slaves, pieces of property or domestic servants from centuries.1

ਡਾ. ਹਰਿਭਜਨ ਸਿੰਘ ਦੇ ਵਿਚਾਰ ਇਸ ਸੰਦਰਭ ਵਿਚ ਇਸ ਪ੍ਰਕਾਰ ਹਨ:

> ਜਿਵੇਂ ਨਾਥ-ਸੰਤ-ਬਾਣੀਕਾਰਾਂ ਨੇ ਪ੍ਰਚੰਡ ਇਸਤਰੀ-ਨਿੰਦਾ ਅਤੇ ਦਿਵਜ-ਨਿੰਦਾ ਰਾਹੀਂ ਮਾਨਵੀ ਦ੍ਰਿਸ਼-ਪਾਸਾਰ ਵਿਚ ਦਿਲਚਸਪੀ ਲਈਉਵੇਂ ਹੀ ਨਾਨਕ ਬਾਣੀ ਨੇ ਮਾਨਵ ਜੀਵਨ-ਪ੍ਰਬੰਧ ਵਿਚੋਂ ਰਾਜੇ ਅਤੇ ਰਾਜ ਕਰਮਚਾਰੀਆਂ ਨੂੰ ਵਿਸ਼ੇਸ਼ ਖੰਡਣ ਲਈ ਚੁਣਿਆ ਹੈ। ਇਸਤਰੀ-ਨਿੰਦਾ, ਨਾਨਕ-ਬਾਣੀ ਵਿਚ ਵਰਜਿਤ ਹੈ; ਦਿਵਜ-ਵਿਰੋਧ ਵਰਜਿਤ ਨਹੀਂ, ਵਿਰਲ ਹੈ।

---

1. Prof. Harnam Dass, 'Guru Nanak-As An ideal Humanist" Guru Nanak Samriti Ank, 1969, Panjab Uni. Chd. P-121

ਨਾਨਕ ਬਾਣੀ ਵਿਚ ਸੰਘਣੀ ਸਪਸ਼ਟ ਨਿੰਦਾ ਹਾਕਮ ਜਮਾਤ ਦੀ ਹੀ ਹੋਈ ।[1]

ਨਾਨਕ ਬਾਣੀ ਅਨੁਸਾਰ ਇਸਤਰੀ ਬਿਨਾ ਇਹ ਦੁਨੀਆਂ ਨਹੀਂ ਚਲਦੀ ਅਤੇ ਇਸਤਰੀ ਬਿਨਾ ਇਹ ਸਮਾਜ ਨਹੀਂ ਬਣਦਾ। ਇਸ ਤੋਂ ਸਭ ਇਨਸਾਨ ਪੈਦਾ ਹੁੰਦੇ ਹਨ ਅਤੇ ਇਸਤਰੀ ਨਾਲ ਵਿਆਹ ਹੋ ਕੇ ਅੱਗੇ ਰਿਸ਼ਤੇਦਾਰੀ ਅਤੇ ਸੰਬੰਧ ਵਧਦੇ ਹਨ ਅਤੇ ਇਸ ਤਰ੍ਹਾਂ ਮਨੁੱਖੀ ਸਮਾਜ ਹੋਂਦ ਵਿਚ ਆਉਂਦਾ ਹੈ। ਇਸਤਰੀ ਰਾਹੀਂ ਇਹ ਮਨੁੱਖੀ ਨਸਲ ਅੱਗੇ ਚਲਦੀ ਹੈ। ਇਸਤਰੀ ਨੂੰ ਕਿਵੇਂ ਨੀਵਾਂ ਕਿਹਾ ਜਾ ਸਕਦਾ ਹੈ ਜੋ ਪੀਰਾਂ-ਪੈਗੰਬਰਾਂ ਰਾਜਿਆਂ-ਜੋਧਿਆਂ ਨੂੰ ਜਨਮ ਦਿੰਦੀ ਹੈ। ਐਸਾ ਕੋਈ ਇਨਸਾਨ ਨਹੀਂ ਜਿਹੜਾ ਇਸਤਰੀ ਤੋਂ ਪੈਦਾ ਨਾ ਹੋਇਆ ਹੋਵੇ, ਸਿਰਫ਼ ਇਕ ਪਰਮਾਤਮਾ ਹੀ ਹੀ ਹੈ ਜੋ ਇਸ ਤੋਂ ਬਾਹਰਾ ਹੈ। ਗੁਰੂ ਨਾਨਕ ਨੇ ਸਪਸ਼ਟ ਕੀਤਾ ਕਿ ਆਦਮੀ ਹੋਵੇ ਜਾਂ ਇਸਤਰੀ ਜੇ ਉਹ ਪਰਮਾਤਮਾ ਦਾ ਗੁਣ ਗਾ ਰਿਹਾ ਹੈ ਤਾਂ ਉਸਦੇ ਦਰਬਾਰ ਵਿਚ ਇੱਜ਼ਤ ਪਾਉਂਦਾ ਹੈ ਅਰਥਾਤ ਪਰਮਾਤਮਾ ਦੀ ਨਜ਼ਰ ਵਿਚ ਇਸਤਰੀ-ਮਰਦ ਬਰਾਬਰ ਹਨ। ਗੁਰੂ ਨਾਨਕ ਨੇ ਇਸਤਰੀ ਦੇ ਹੱਕ ਵਿਚ ਆਵਾਜ਼ ਉਠਾਈ ਅਤੇ ਸਮਾਜ ਨੂੰ ਹਲੂਣਦੇ ਹੋਏ ਕਿਹਾ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ।।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।।

(ਵਾਰ ਆਸਾ, ਮਹਲਾ ੧, ਪੰਨਾ-473)

ਸੈਂਕੜੇ ਵਰ੍ਹਿਆਂ ਤੋਂ ਨਿਤਾਣੀ ਜਾਂਦੀ ਇਸਤਰੀ ਨੂੰ ਗੁਰੂ ਨਾਨਕ ਨੇ ਉਤਾਂਹ ਚੁੱਕਿਆ ਅਤੇ ਉਸਨੂੰ ਸਮਾਜ ਵਿਚ ਸਨਮਾਨਣ-ਯੋਗ ਥਾਂ ਦਿੱਤੀ। ਇਸ ਸੰਦਰਭ ਵਿਚ ਡਾ. ਮਨਮੋਹਨ ਸਿੰਘ ਇਸ ਤਰ੍ਹਾਂ ਲਿਖਦੇ ਹਨ:

ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੇ ਹੱਕ ਵਿਚ ਨਾ ਕੇਵਲ ਜ਼ੋਰਦਾਰ ਆਵਾਜ਼ ਹੀ ਉਠਾਈ ਸਗੋਂ ਅਕੱਟ ਦਲੀਲਾਂ ਪੇਸ਼ ਕਰਦਿਆਂ

1. ਡਾ. ਹਰਿਭਜਨ ਸਿੰਘ, ਅਧਿਐਨ ਅਤੇ ਅਧਿਆਪਨ, ਪੰਨਾ-146

> ਹੋਇਆਂ ਉਹਨਾਂ ਨੇ ਕਿਹਾ ਕਿ ਸਾਰੇ ਸੰਸਾਰ ਦੀ ਜਨਨੀ ਇਸਤਰੀ ਹੈ। ਇਸਨੂੰ ਬੁਰਾ ਕਹਿਣ ਵਾਲਾ ਮਰਦ ਇਸਤਰੀ ਹੋਣ ਤੇ ਬਿਨਾ ਆਪਣੀ ਹੋਂਦ ਦਾ ਵੀ ਕਿਆਸ ਨਹੀਂ ਕਰ ਸਕਦਾ। ਜੀਵਨ ਵਿਚ ਮਰਦ ਦਾ ਇਸਤਰੀ ਨਾਲ ਅਟੁੱਟ ਸੰਬੰਧ ਹੈ, ਇਹ ਸਭ ਕੁਝ ਹੁੰਦਿਆਂ ਇਸਤਰੀ ਨੂੰ ਮੰਦਾ ਕਿਉਂ ਆਖਿਆ ਜਾਵੇ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਅਤੇ ਸਮਕਾਲੀ ਕਿਸੇ ਵੀ ਭਗਤ ਕਵੀ ਜਾਂ ਆਚਾਰੀਆ ਨੇ ਇਸਤਰੀ ਦੇ ਹੱਕ ਵਿਚ ਅਜਿਹੀ ਜ਼ੋਰਦਾਰ ਆਵਾਜ਼ ਨਹੀਂ ਉਠਾਈ। ਗੁਰੂ ਨਾਨਕ ਦੇਵ ਜੀ ਨੇ ਹੀ ਮਾਨੋ ਸਭ ਤੋਂ ਪਹਿਲਾਂ ਇਸਤਰੀ ਦੇ ਸਮਾਜ ਵਿਚਲੇ ਸਥਾਨ ਦੀ ਸਮੱਸਿਆ ਨੂੰ ਭਗਤੀ-ਸਾਹਿਤ ਦਾ ਵਿਸ਼ਾ ਬਣਾਇਆ। ਇੰਜ ਗੁਰੂ ਸਾਹਿਬ ਨੇ ਭਗਤੀ ਸਾਹਿਤ ਦੇ ਮਗਰਲੇ ਰਚਣਹਾਰਿਆਂ ਦੀ ਅਗਵਾਈ ਕੀਤੀ।[1]

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਨੇ ਮਾਨਵਵਾਦੀ ਦ੍ਰਿਸ਼ਟੀਕੋਣ ਰਾਹੀਂ ਆਦਰਸ਼ਕ ਸਮਾਜ ਦੀ ਸਥਾਪਨਾ ਵੱਲ ਕਦਮ ਪੁੱਟਿਆ। ਸਮਾਜਿਕ ਸੰਦਰਭ ਵਿਚ ਮਾਨਵਤਾ ਦਾ ਸੰਕਲਪ ਹੀ ਨੈਤਿਕ ਸਦਾਚਾਰਕ ਕੀਮਤਾਂ ਦਾ ਪ੍ਰਸਾਰ ਕਰ ਸਕਦਾ ਹੈ ਅਤੇ ਸਮਾਜ ਨੂੰ ਵਧੇਰੇ ਮਾਨਵੀ ਬਣਾਉਣ ਵਿਚ ਸਹਾਇਕ ਹੋ ਸਕਦਾ ਹੈ। ਇਸ ਪ੍ਰਕਾਰ ਉਸ ਸਮੇਂ ਦੇ ਸਮਾਜ ਵਿਚੋਂ ਹਿੰਦੂਆਂ ਤੇ ਮੁਸਲਮਾਨਾਂ ਦੇ ਵਾਧੂ ਦਬਾਅ ਨੂੰ ਨਾਹਿਆ, ਊਚ-ਨੀਚ ਛੂਤ-ਛਾਤ, ਗਰੀਬ-ਅਮੀਰ ਦੇ ਭੇਦ-ਭਾਵ ਨੂੰ ਮਿਟਾ ਕੇ, ਇਸਤਰੀ ਨੂੰ ਸਮਾਜ ਵਿਚ ਯੋਗ ਥਾਂ ਦਿਵਾ ਕੇ ਇਕ ਆਦਰਸ਼ਕ ਸਮਾਜ ਦਾ ਮੁੱਢ ਬੰਨ੍ਹਿਆ ਅਤੇ ਮਾਨਵਵਾਦੀ ਕੀਮਤਾਂ ਨੂੰ ਸਮਾਜ ਵਿਚ ਕਾਇਮ ਕੀਤਾ।

---

1. ਡਾ. ਮਨਮੋਹਨ ਸਿੰਘ, ਭਗਤੀ ਅੰਦੋਲਨ ਪ੍ਰਤੀ ਗੁਰੂ ਨਾਨਕ ਦੇਵ ਜੀ ਦੀ ਦੇਣ, ਪੰਨਾ-34-35

ਅਧਿਆਇ ਚੌਥਾ:

## ਰਾਜਨੀਤਿਕ ਅਤੇ ਆਰਥਿਕ ਸੰਦਰਭ ਵਿਚ

## ਮਾਨਵਵਾਦ ਦਾ ਸੰਕਲਪ

***

ਰਾਜਨੀਤਿਕ ਅਤੇ ਆਰਥਿਕ ਸੰਦਰਭ:

ਇਸੁ ਜਰ ਕਾਰਣਿ ਘਣੀ ਵਿਗੁਤੀ, ਇਨਿ ਜਰ ਘਣੀ ਖੁਆਈ ।।
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ।।

( ਮਹਲਾ ੧)

****

<u>ਰਾਜਨੀਤਕ ਅਤੇ ਆਰਥਿਕ ਸੰਦਰਭ ਵਿਚ ਮਾਨਵਵਾਦ ਦਾ ਸੰਕਲਪ:</u>

ਮਾਨਵੀ-ਕੀਮਤਾਂ ਦੇ ਸੰਬੰਧ ਵਿਚ ਦੋ ਤਰ੍ਹਾਂ ਦੇ ਵਿਚਾਰ ਵਧੇਰੇ ਪ੍ਰਚੱਲਤ ਹਨ, ਇਕ ਅਧਿਆਤਮਵਾਦੀ ਅਤੇ ਦੂਜੇ ਮਾਨਵਵਾਦੀ। ਅਧਿਆਤਮਵਾਦੀ ਵਿਚਾਰਧਾਰਾ ਅਨੁਸਾਰ ਮਾਨਵੀ ਕੀਮਤਾਂ ਦਾ ਸੋਮਾਂ ਈਸ਼ਵਰ ਹੈ ਅਤੇ ਕੀਮਤਾਂ ਦੀ ਮਹੱਤਾ ਉਸੇ ਕਰਕੇ ਹੀ ਹੈ। ਲੇਕਿਨ ਮਾਨਵਵਾਦੀ ਦ੍ਰਿਸ਼ਟੀਕੋਣ ਅਨੁਸਾਰ ਮਨੁੱਖ ਆਪ ਹੀ ਇਹਨਾਂ ਕੀਮਤਾਂ ਦਾ ਮਾਨ-ਦੰਡ ਹੁੰਦਾ ਹੈ। ਕੀਮਤਾਂ ਉਸ ਵਿਚ ਹੀ ਹਨ, ਉਸ ਲਈ ਹਨ, ਉਸਦੇ ਪਛਾਨਣ ਵਿਚ ਹਨ, ਇਹਨਾਂ ਦੀ ਮਹੱਤਾ ਮਨੁੱਖ ਲਈ ਹੈ, ਮਨੁੱਖ ਦੇ ਅਪਨਾਉਣ ਕਾਰਣ ਹੀ ਹੈ। ਨਾਨਕ-ਬਾਣੀ ਅਨੁਸਾਰ ਇਹ ਤਾਂ ਸੱਚ ਹੈ ਕਿ ਈਸ਼ਵਰ ਸਭ ਕੀਮਤਾਂ ਦਾ ਸੋਮਾਂ ਹੈ ਪਰ ਜੇ ਉਹਨਾਂ ਨੂੰ ਪਛਾਨਣ ਵਾਲਾ ਮਨੁੱਖ ਨਾ ਹੋਵੇ ਤਾਂ ਉਹ ਸਭ ਨਿਰਾਰਥਕ ਹੋ ਜਾਣਗੀਆਂ। ਕੀਮਤਾਂ ਦੀ ਮਹੱਤਤਾ ਮਨੁੱਖ ਦੇ ਸੰਦਰਭ ਵਿਚ ਹੀ ਹੈ। ਕੀਮਤਾਂ ਕੇਵਲ ਆਤਮ-ਨਿਸ਼ਠ ਹੀ ਨਹੀਂ ਬਲਕਿ ਵਸਤੂ-ਨਿਸ਼ਠ ਵੀ ਹਨ।

ਮਨੁੱਖੀ ਜੀਵਨ ਦੇ ਅਨੇਕ ਪਹਿਲੂ ਹਨ, ਰਾਜਨੀਤਿਕ, ਆਰਥਿਕ, ਸਮਾਜਿਕ, ਸਦਾਚਾਰਕ ਆਦਿ, ਇਸ ਲਈ ਮਾਨਵਵਾਦੀ ਸੰਕਲਪ ਦੇ ਵੀ ਅਨੇਕ ਪਹਿਲੂ ਹਨ, ਅਰਥਾਤ ਇਹ ਮਾਨਵੀ-ਜੀਵਨ ਦੇ ਅਨੇਕ ਸੰਦਰਭਾਂ ਨਾਲ ਸੰਬੰਧ ਰੱਖਦੇ ਹਨ। ਮਾਨਵੀ-ਕੀਮਤਾਂ ਨੂੰ ਕਾਇਮ ਰੱਖਣ ਲਈ ਨਿੱਜੀ ਅਤੇ ਸਮਾਜਿਕ ਜੀਵਨ ਵਿਚ ਮਾਨਵਵਾਦੀ ਦ੍ਰਿਸ਼ਟੀਕੋਣ ਅਪਨਾਉਣਾ ਪਵੇਗਾ। ਅਜਿਹਾ ਕੀਤਿਆਂ ਹੀ ਵਿਅਕਤੀ ਤੇ ਸਮਾਜ ਦੀ ਸਮੁੱਚੇ ਰੂਪ ਵਿਚ ਉੱਨਤੀ ਕੀਤੀ ਜਾ ਸਕਦੀ ਹੈ।

ਗੁਰੂ ਨਾਨਕ ਨੇ 'ਆਸਾ ਦੀ ਵਾਰ' ਰਚਨਾ ਵਿਚ, ਉਸ ਸਮੇ ਦੇ ਰਾਜਨੀਤਿਕ ਅਤੇ ਆਰਥਿਕ ਜੀਵਨ ਵਿਚ ਆ ਚੁੱਕੀ ਗਿਰਾਵਟ ਅਤੇ ਅਮਾਨਵੀ ਕੀਮਤਾਂ ਤੋ ਚੰਗੀ ਤਰ੍ਹਾਂ ਜਾਣੂ ਕਰਵਾਇਆ ਹੈ ਅਤੇ ਮਾਨਵਵਾਦੀ ਬਨਣ ਲਈ ਭੈੜੀਆਂ ਕੀਮਤਾਂ ਦਾ ਤ੍ਰਿਸਕਾਰ ਕਰਨ ਲਈ ਕਿਹਾ ਹੈ। ਉਸ ਸਮੇਂ ਦੀ ਰਾਜਨੀਤਿਕ ਅਤੇ ਆਰਥਿਕ ਸਥਿਤੀ ਕਿਵੇਂ ਅਮਾਨਵੀ ਰੂਪ ਧਾਰਨ ਕਰ ਚੁੱਕੀ ਸੀ। ਇਸ ਸੰਦਰਭ ਵਿਚ ਡਾ. ਕਾਲਾ ਸਿੰਘ ਸਿੰਘ ਬੇਦੀ ਦੇ ਵਿਚਾਰ ਇਸ ਪ੍ਰਕਾਰ ਹਨ:

ਗੁਰੂ ਨਾਨਕ ਨੇ 'ਆਸਾ ਦੀ ਵਾਰ' ਵਿਚ ਸਮਕਾਲੀਨ ਰਾਜਸੀ ਅਤੇ ਆਰਥਿਕ ਅਵਸਥਾ ਦਾ ਵਰਨਣ ਬੜੇ ਸੂਖਮ ਢੰਗ ਨਾਲ ਕੀਤਾ ਹੈ। ਉਸ ਸਮੇ ਨੂ ਭਾਰਤ ਦੇ ਇਤਿਹਾਸ ਵਿਚ ਅਰਾਜਕਤਾ ਦਾ ਯੁੱਗ ਕਿਹਾ ਜਾਂਦਾ ਹੈ। ਮੁਸਲਮਾਨ ਧਾੜਵੀਆਂ

ਦੇ ਵਾਰ ਵਾਰ ਹਮਲਿਆਂ ਨੇ ਦੇਸ਼ ਦੀ ਆਰਥਿਕ ਅਵਸਥਾ ਨੂੰ ਖੋਖਲਾ ਕਰ ਦਿੱਤਾ ਸੀ। ਇਸ ਤਰ੍ਹਾਂ ਉਸ ਵੇਲੇ ਇਕ ਤਰ੍ਹਾਂ ਨਾਲ ਸਮਾਜ ਦਾ ਆਰਥਿਕ,ਰਾਜਨੈਤਿਕ ਤੇ ਬੌਧਿਕ ਪਤਨ ਹੋ ਚੁੱਕਾ ਸੀ। ਸਮਾਜ ਦੀ ਇਸ ਗਿਰਾਵਟ ਦਾ ਮੂਲ ਕਾਰਣ ਸਮਕਾਲੀਨ ਰਾਜਨੀਤੀ ਹੀ ਤਾਂ ਸੀ। ਉਸ ਵੇਲੇ ਦੀ ਹਕੂਮਤ ਸਖਸ਼ੀ ਹਕੂਮਤ ਸੀ ਤੇ ਉਹੋ ਬਹੁਤ ਕਰਕੇ ਇਸਲਾਮੀ ਸ਼ਰ੍ਹਾ ਦੇ ਅਨੁਸਾਰ ਸ਼ਾਸ਼ਨ ਪ੍ਰਬੰਧ ਕਰ ਰਹੀ ਸੀ। ਜਾਗੀਰਦਾਰੀ ਆਪਣੇ ਜੋਬਨ ਤੇ ਸੀ। ਹਰ ਜਾਗੀਰਦਾਰ ਆਪਣੀ ਵਿਲਾਸਤਾ ਦੀ ਪੂਰਤੀ ਲਈ ਪ੍ਰਯਤਨਸ਼ੀਲ ਸੀ।[1]

ਕਰਮਚਾਰੀ ਜਨਤਾ ਨੂੰ ਬਹੁਤ ਤੰਗ ਕਰਦੇ ਸਨ। ਉਹ ਵਿਲਾਸਤਾ ਵਿਚ ਡੁੱਬੇ ਹੋਏ ਸਨ, ਇਸ ਲਈ ਰਿਸ਼ਵਤ ਤੋ ਬਿਨਾ ਉਹਨਾਂ ਦਾ ਗੁਜ਼ਾਰਾ ਨਹੀਂ ਸੀ ਚਲਦਾ।[2]

ਉਸ ਸਮੇਂ ਕਈ ਲੋਕ ਮੁਲਕ ਦੇ ਹਾਕਮਾਂ ਨਾਲ ਮਿਲ ਕੇ ਜਨਤਾ ਨੂੰ ਦੁਖੀ ਵੀ ਕਰਦੇ ਸਨ। ਇਸ ਪ੍ਰਤੀ ਗੁਰੂ ਨਾਨਕ ਨੇ ਇਸ ਤਰ੍ਹਾਂ ਰੋਸ ਪ੍ਰਗਟ ਕੀਤਾ ਹੈ:

(ੳ) ਹਿਰਨਾਂ ਬਾਜ਼ਾਂ ਤੇ ਸਿਕਦਾਰਾਂ ਇਨ੍ਹਾਂ ਪੜਿਆ ਨਾਉ ।
ਫਾਂਧੀ ਲਗੀ ਜਾਤਿ ਫਹਾਇਨਿ ਆਗੈ ਨਾਹੀ ਥਾਉ ।
(ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ-1288)

(ਅ) ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ।
( ਤਿਲੰਗ ਮਹਲਾ ੧ ,ਪੰਨਾ-722)

ਉਸ ਸਮੇਂ ਦੀ ਰਾਜਨੀਤਕ ਅਤੇ ਆਰਥਿਕ ਅਵਸਥਾ ਗੈਰ-ਮਾਨਵਵਾਦੀ ਰੂਪ ਧਾਰਨ ਕਰ ਚੁੱਕੀ ਸੀ। ਗੁਰੂ ਨਾਨਕ ਦਾ ਜੀਵਨ ਕਾਲ 1469 ਈ: ਤੋਂ 1539 ਈ: ਤਕ ਹੈ। ਇਸ ਸਮੇਂ ਇਹ ਤਿੰਨ ਲੋਧੀਆਂ, ਬਹਿਲੋਲ ਲੋਧੀ, ਸਿਕੰਦਰ ਲੋਧੀ,

---

1. (ਡਾ.) ਕਾਲਾ ਸਿੰਘ ਬੇਦੀ, ਵਾਰਕਾਰ ਗੁਰੂ ਨਾਨਕ, ਪੰਨਾ-82

2. ਆਸ਼ੀਰਵਾਦੀ ਲਾਲ, ਸ੍ਰੀਵਾਸਤਵ, ਮੁਗਲ ਸਾਮਰਾਜ, ਪੰਨਾ-548

(i) "It was the individual,not the law that reigned."
—Erskine;History of India under Baber & Humayan.

(ii) "All the Sultans without exception, were fierce bigots." —Vincent Smith.

ਇਬਰਾਹੀਮ ਲੋਧੀ ਤੇ ਦੋ ਮੁਗ਼ਲਾਂ, ਬਾਬਰ ਤੇ ਹਮਾਯੂੰ ਨੇ ਰਾਜ ਕੀਤਾ। ਗੁਰੂ ਨਾਨਕ ਦੇ ਸਮੇਂ ਸ਼ੇਰ ਸ਼ਾਹ ਸੂਰੀ ਵੀ ਆਪਣਾ ਪ੍ਰਭਾਵ ਬਣਾ ਰਿਹਾ ਸੀ। ਗੁਰੂ ਨਾਨਕ ਨੇ ਲਗ ਭਗ ਛੇ ਰਾਜਿਆਂ ਦਾ ਰਾਜ ਆਪਣੇ ਅੱਖੀਂ ਵੇਖਿਆ। ਨਾਨਕ ਬਾਣੀ ਵਿਚ ਕਿਧਰੇ ਵੀ ਇਹਨਾਂ ਦੀ ਪ੍ਰਸ਼ੰਸਾ ਬਾਰੇ ਕੋਈ ਜ਼ਿਕਰ ਨਹੀਂ ਮਿਲਦਾ। ਕਾਰਣ ਗੁਰੂ ਨਾਨਕ ਸਮਝਦੇ ਸਨ। ਉਹ ਸਮੇਂ ਦੀ ਹਾਕਮ-ਜਮਾਤ ਲੋਕਾਂ ਤੇ ਹਰ ਤਰ੍ਹਾਂ ਨਾਲ ਜ਼ੁਲਮ ਕਰਦੀ ਸੀ ਅਤੇ ਕਿਸੇ ਵੀ ਆਧਾਰ ਤੇ ਲੋਕਾਂ ਨਾਲ, ਹਮਦਰਦੀ ਨਹੀਂ ਜਤਾਉਂਦੀ ਸੀ। ਹਾਕਮ-ਜਮਾਤ ਲੋਕਾਂ ਦੀ ਮਿਹਨਤ ਤੇ ਐਸ਼ ਕਰਦੀ ਸੀ। ਲੋਕਾਂ ਨੂੰ ਉਹਨਾਂ ਦੀ ਮਿਹਨਤ ਦਾ ਫਲ ਸੁਖ ਆਰਾਮ ਨਹੀਂ ਮਿਲਦਾ ਸੀ ਬਲਕਿ ਜ਼ੁਲਮ ਤੇ ਜਬਰ ਮਿਲਦਾ ਸੀ। ਲੋਕਾਂ ਦੇ ਮਨਾਂ ਵਿਚ ਬੇਚੈਨੀ ਅਤੇ ਮਾਨਸਿਕ ਗ਼ੁਲਾਮੀ ਦੀ ਭਾਵਨਾ ਘਰ ਕਰ ਗਈ ਸੀ। ਗੁਰੂ ਨਾਨਕ ਨਿਤਾਣੇ, ਨਿਤਾੜੇ ਹੋਏ ਲੋਕਾਂ ਨਾਲ ਸਨ ਅਤੇ ਉਹਨਾਂ ਉਪਰ ਹੋਏ ਜ਼ੁਲਮ ਦੀ ਨਿਖੇਧੀ ਕਰਦੇ ਹੋਏ ਉਹਨਾਂ ਨੇ ਇਸ ਪ੍ਰਕਾਰ ਲਿਖਿਆ ਹੈ:

ਜਿਨ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰ
ਸੇ ਸਿਰ ਕਾਤੀ ਮੁੰਨੀਅਨ ਗਲ ਵਿਚਿ ਆਵੈ ਧੂੜਿ
ਮਹਲਾ ਅੰਦਰਿ ਹੋਦੀਆਂ ਹੁਣ ਬਹਣਿ ਨ ਮਿਲਨਿ ਹਦੂਰਿ
ਆਦੇਸੁ ਬਾਬਾ ਆਦੇਸੁ ।।

(ਰਾਗ ਆਸਾ ਮਹਲਾ ੧,ਅਸਟਪਦੀਆਂ,ਪੰਨਾ-417)

ਉਸ ਸਮੇਂ ਭ੍ਰਿਸ਼ਟਾਚਾਰ ਚਾਰੇ ਪਾਸੇ ਫੈਲਿਆ ਹੋਇਆ ਸੀ:

ਲਏ ਦਿਤੇਵਿਣੁ ਰਹੈ ਨ ਕੋਇ ।ਰਾਜਾ ਨਿਆਉ ਕਰੇ ਹਥਿ ਹੋਇ ।।

(ਆਸਾ ਰਾਗੁ,ਚਉਪਦੇ,ਮਹਲਾ ੧,ਪੰਨਾ-350)

ਭ੍ਰਿਸ਼ਟਾਚਾਰ ਦੀ ਇਕ ਹੋਰ ਉਦਾਹਰਣ ਇਸ ਪ੍ਰਕਾਰ ਹੈ:

ਕਾਜ਼ੀ ਹੋਇ ਕੈ ਬਹੈ ਨਿਆਇ।ਫੇਰੇ ਤਸਬੀ ਕਰੇ ਖੁਦਾਇ
ਵੱਢੀ ਲੈ ਕੇ ਹਕੁ ਗਵਾਏ ।

(ਰਾਮਕਲੀ ਵਾਰ, ਮਹਲਾ ੧,ਪੰਨਾ-876)

ਗੁਰੂ ਨਾਨਕ ਨੇ ਉਸ ਸਮੇਂ ਦੇ ਦੋਹਾਂ ਵਰਗਾਂ ਦਾ ਜ਼ਿਕਰ ਕੀਤਾ ਹੈ। ਅਮੀਰ

ਅਤੇ ਗਰੀਬ। ਅਮੀਰ ਬਹੁਤ ਅਮੀਰ ਸਨ ਅਤੇ ਗਰੀਬ ਬਹੁਤ ਗਰੀਬ:

ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ ॥

(ਵਾਰ ਮਾਝ, ਮਹਲਾ ੧, ਪੰਨਾ-141)

ਗੁਰੂ ਨਾਨਕ ਦੇ ਸਮੇਂ ਵੀ ਉਹੀ ਵਿਅਕਤੀ ਚੰਗਾ ਸਮਝਿਆ ਜਾਂਦਾ ਸੀ ਜਿਸ ਕੋਲ ਪੈਸੇ ਹੋਣ। ਵਾਰ ਮਲਾਰ ਵਿਚ ਗੁਰੂ ਨਾਨਕ ਇਸ ਤਰ੍ਹਾਂ ਲਿਖਦੇ ਹਨ:

ਸਰਮ ਧਰਮ ਦੁਇ ਨਾਨਕਾ
ਜੇ ਧਨੁ ਪਲੈ ਪਾਇ ॥

(ਵਾਰ ਮਲਾਰ, ਮਹਲਾ ੧, ਪੰਨਾ-1254)

ਉਸ ਸਮੇਂ ਦਾ ਅਮੀਰ ਵਰਗ ਬਹੁਤ ਸੰਪਨ ਜੀਵਨ ਗੁਜ਼ਾਰਦਾ ਸੀ। ਆਪਣੀ ਮਰਜ਼ੀ ਅਨੁਸਾਰ ਖਾਂਦੇ, ਹੰਢਾਉਂਦੇ ਸਨ। ਮਨ-ਭਾਉਂਦਾ ਮਕਾਨ ਬਣਵਾਉਂਦੇ ਸਨ। ਉਹਨਾਂ ਕੋਲ ਰਹਿਣ ਲਈ ਆਲੀਸ਼ਾਨ ਮਕਾਨ ਸਨ:

ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ ।

(ਸਿਰੀ ਰਾਗੁ, ਮਹਲਾ ੧, ਅਸਟ-15, ਪੰਨਾ-62)

ਅਮੀਰ ਲੋਕਾਂ ਦੀ ਖੁਰਾਕ ਬੜੀ ਉਚ-ਪਾਏ ਦੀ ਸੀ, ਪਟ ਪਹਿਨਦੇ ਸਨ ਅਤੇ ਗਰੀ ਛੁਹਾਰੇ ਖਾਂਦੇ ਸਨ:

ਗਰੀ ਛੁਹਾਰੇ ਖਾਂਦੀਆਂ ਮਾਣਹਿ ਸੇਜੜੀਆਂ ॥

(ਰਾਗ ਆਸਾ, ਮਹਲਾ ੧, ਅਸਟ-11, ਪੰਨਾ-417)

ਬਹੁਤ ਐਸ਼ ਵਾਲਾ ਜੀਵਨ ਬਸਰ ਕਰਦੇ ਸਨ, ਸ਼ਰਾਬ ਪੀਂਦੇ ਸਨ ਅਤੇ ਤੰਬੋਲ ਦੀ ਵਰਤੋਂ ਕਰਦੇ ਸਨ:

ਕਹਾ ਸੁ ਪਾਨ ਤੰਬੋਲੀ ..... ।

(ਰਾਗ ਆਸਾ, ਮਹਲਾ ੧, ਅਸਟ-12, ਪੰਨਾ-417)

ਮਹਿੰਗੀਆਂ ਮਹਿਕ ਦੀਆਂ, ਸੁਗੰਧਿਤ ਵਸਤੂਆਂ ਲਾਂਦੇ ਸਨ:

ਕਾਪੜੁ ਕਾਠੁ ਰੰਗਾਇਆ ਰਾਂਗਿ
ਘਰ ਗਚ ਕੀਤੇ ਬਾਗੇ ਬਾਗ ।

(ਰਾਗ ਗਉੜੀ ਮਹਲਾ ੧, ਅਸਟ-10, ਪੰਨਾ-151)

ਕਪੜੇ ਬੜੇ ਕੀਮਤੀ ਪਹਿਨਦੇ ਸਨ:

ਚੋਆ ਚੰਦਨੁ ਅੰਕਿ ਚੜਾਵਉ
ਪਾਟ ਪਟੰਬਰ ਪਹਿਰਿ ਹਢਾਵਉ ।

(ਰਾਗ ਗਉੜੀ, ਮਹਲਾ ੧, ਅਸਟ-10, ਪੰਨਾ-151)

ਅਮੀਰ ਵਰਗ ਦੇ ਲੋਕ ਸ਼ਾਨਦਾਰ ਸੇਜਾਂ ਤੇ ਸੌਂਦੇ ਸਨ:

ਦਰ ਘਰ ਮਹਲਾ ਸੇਜ ਸੁਖਾਲੀ
ਅਹਿਨਿਸ ਫੂਲ ਬਿਛਾਵੈ ਮਾਲੀ ।

(ਰਾਗ ਗਉੜੀ ਮਹਲਾ ੧, ਅਸਟ-10, ਪੰਨਾ-151)

ਰੇਸ਼ਮੀ ਰਜਾਈਆਂ ਲੈਂਦੇ ਸਨ:

ਲੇਫੁ ਨਿਹਾਲੀ ਪਟ ਕੀ ਕਪੜੁ ਅੰਗਿ ਬਣਾਇ
ਲਾਲ ਨਿਹਾਲੀ ਫੂਲ ਗੁਲਾਲਾ ।

( ਰਾਗ ਗਉੜੀ ਮਹਲਾ ੧, ਅਸਟ-10)

ਸੁੱਤੇ ਪਿਆਂ ਦੇ ਸਿਰਹਾਣੇ ਨੌਕਰ ਖੜੇ ਹੁੰਦੇ ਸਨ:

ਇਕ ਨਿਹਾਲੀ ਪੈ ਸਵਨਿ ਇਕਿ ਉਪਰਿ ਰਹਨਿ ਖੜੇ ।

(ਵਾਰ ਆਸਾ, ਮਹਲਾ ੧, ਪੰਨਾ-475)

ਭਗਤ ਕਬੀਰ ਨੇ ਵੀ ਉਸ ਸਮੇ ਦੇ ਅਮੀਰ ਵਰਗ ਦੁਆਰਾ ਮਾਣੀ ਜਾ ਰਹੀ ਐਸ਼ ਪ੍ਰਸਤੀ ਦੀ ਗਵਾਹੀ ਭਰੀ ਹੈ:

ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲੰਘ ਨਿਵਾਰਾ ।

(ਆਸਾ, ਕਬੀਰ, ਪੰਨਾ-479)

ਸ਼ਾਸਕ ਵਰਗ, ਗਰੀਬ ਲੋਕਾਂ ਤੇ ਅਤਿਆਚਾਰ ਕਰਦਾ ਸੀ। ਹਿੰਦੂਆਂ ਤੇ ਕਰ ਲੱਗਾ ਹੋਇਆ ਸੀ:

ਦੇਵਲ ਦੇਵਤਿਆਂ ਕਰੁ ਲਾਗਾ ......।

(ਬਸੰਤੀ ਹਿੰਡੋਲ, ਅਸਟ-8)

ਗਰੀਬਾਂ ਦੇ ਘਰ ਕੱਚੇ, ਮਿੱਟੀ ਦੇ ਬਣੇ ਹੋਏ ਹੁੰਦੇ ਸਨ:

ਮੰਦਰ ਮਿੱਟੀ ਸੰਦੜੇ ।

(ਰਾਗ ਸੂਹੀ, ਸਾਰੰਗ ਕੀ ਵਾਰ, ਮ-31)

ਗਰੀਬਾਂ ਦੀ ਸਥਿਤੀ ਬਹੁਤ ਤਰਸਯੋਗ ਸੀ। ਗਰੀਬਾਂ ਕੋਲ ਖਾਣ ਲਈ ਪਿਆਜ਼ ਵੀ ਨਹੀਂ ਸਨ।[1] ਬੱਚਿਆਂ ਨੂੰ ਭੁੱਖ ਦੇ ਦੁੱਖ ਤੋਂ ਤੰਗ ਹੋ ਕੇ ਵੇਚ ਦਿੱਤਾ ਜਾਂਦਾ ਸੀ ਅਤੇ ਇਸ ਤਰ੍ਹਾਂ ਪੁਸ਼ਤ ਦਰ ਪੁਸ਼ਤ ਗੁਲਾਮੀ ਬਣੀ ਆਉਂਦੀ ਸੀ।[2] ਗੁਰੂ ਨਾਨਕ ਅਨੁਸਾਰ

ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ।
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ।।

(ਰਾਗ ਮਾਰੂ ਸ਼ਬਦ 6, ਮਹਲਾ ੧, ਪੰਨਾ-991)

ਉਸ ਸਮੇਂ ਦੀ ਰਾਜਨੀਤਿਕ ਅਤੇ ਆਰਥਿਕ ਸਥਿਤੀ ਬਹੁਤ ਡਾਵਾਂਡੋਲ ਸੀ। ਆਮ ਲੋਕ ਬਹੁਤ ਦੁਖੀ ਸਨ। ਉਸ ਸਮੇਂ ਭਾਰਤ ਦੇ ਮੁਸਲਮਾਨ ਸ਼ਾਸਕ ਸਾਰਾ ਜੋਰ ਇਸਲਾਮ ਧਰਮ ਦੇ ਪ੍ਰਚਾਰ ਤੇ ਲਾ ਰਹੇ ਸਨ। ਭਾਰਤੀ ਸਾਧਾਰਣ ਜਨਤਾ ਮੁਸਲਮਾਨਾਂ ਅਤੇ ਬ੍ਰਾਹਮਣ ਸ਼੍ਰੇਣੀ ਦੋਹਾਂ ਦਾ ਜ਼ੁਲਮ ਸਹਿ ਕੇ ਨਿਤਾਣੀ ਹੋ ਚੁੱਕੀ ਸੀ। ਉਸ ਸਮੇਂ ਦੀ ਸਥਿਤੀ ਵਿਚ ਮੌਲਵੀਆਂ ਅਤੇ ਕਾਜ਼ੀਆਂ ਨੂੰ ਉਚਾ ਸਥਾਨ ਪ੍ਰਾਪਤ ਹੋਣਾ ਕੁਦਰਤੀ ਗੱਲ ਸੀ। ਇਹ ਲੋਕ ਆਪਣੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਆਪਣੀਆਂ ਧਾਰਮਿਕ ਪੁਸਤਕਾਂ ਕੁਰਾਨ ਅਤੇ ਹਦੀਸ ਅਨੁਸਾਰ ਕਰਦੇ ਸਨ। ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਹਾਕਮ ਜਮਾਤ, ਜ਼ੁਲਮ ਕਰਦੀ ਜਮਾਤ ਦੀ ਨਿੰਦਾ ਕੀਤੀ ਹੈ। ਮਾਨਵਵਾਦੀ ਕੀਮਤਾਂ ਦੀ ਸਥਾਪਨਾ ਗਲਤ ਕੀਮਤਾਂ ਦੀ ਨਿੰਦਾ ਕਰਕੇ ਅਤੇ ਉਸ ਦੀਆਂ ਤੇ ਨਵੇਂ ਨਰੋਏ ਰਾਹਾਂ ਦੀ ਸੇਧ ਦੇ ਕੇ ਹੀ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਆਪਣੇ ਸਮੇਂ ਦਾ ਰਾਜਸੀ ਚਿੱਤਰ ਖਿਚਦਿਆਂ ਹੋਇਆਂ ਰਾਜਿਆਂ, ਜਾਗੀਰਦਾਰਾਂ ਤੇ ਹਾਕਮਾਂ ਨੂੰ ਕਸਾਈ, ਸ਼ੀਂਹ, ਬਘਿਆੜ, ਕੁੱਤੇ, ਜਰਵਾਣੇ, ਰੱਤ ਪੀਣੇ ਤੇ ਮਾਣਸ-ਖਾਣੇ ਆਦਿ ਕਰਕੇ ਸ਼ਬਦਾਂ ਨਾਲ ਸੰਬੋਧਿਤ ਕੀਤੀ ਹੈ, ਨਿੰਦਾ ਕੀਤੀ ਹੈ, ਕਿਉਂਕਿ ਇਹ ਆਮ ਜਨਤਾ ਦਾ ਲਹੂ ਪੀਂਦੇ ਸਨ। ਕਾਜ਼ੀ ਅਤੇ ਮੁਲਾਣੇ ਰਿਸ਼ਵਤਾਂ ਲੈ ਕੇ ਫੈਸਲਾ ਕਰਦੇ ਸਨ। ਉਹਨਾਂ ਦੇ ਸੰਬੰਧ ਵਿਚ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ ਇਸ ਤਰ੍ਹਾਂ ਲਿਖਿਆ ਹੈ:

---

1. ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲੰਘ ਨਿਵਾਰਾ
   ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ।
   (ਆਸਾ ਕਬੀਰ, ਪੰਨਾ-479)

2. ਬੇਚੈ ਲਰਿਕਾ ਬੇਚਈ ਲਰਿਕੀ ਬੇਚੈ ਕੋਇ ।
   (ਸਲੋਕ ਕਬੀਰ)

'ਕਾਜ਼ੀ ਹੋਏ ਰਿਸ਼ਵਤੀ, ਵੱਢੀ ਲੈ ਕੇ ਹਕੁ ਗਵਾਇਨ' 'ਗੁਰੂ ਨਾਨਕ ਨੇ ਆਪਣੀ ਰਚਨਾ 'ਆਸਾ ਦੀ ਵਾਰ' ਵਿਚ ਉਸ ਸਮੇਂ ਦਾ ਨਕਸ਼ਾ ਉਲੀਕਦੇ ਹੋਏ ਪ੍ਰਚੱਲਤ ਰੀਤਾਂ ਦੇ ਖੋਖਲੇ ਪਾਜ ਨੂੰ ਉਘੇੜਦੇ ਹੋਏ ਕਿਹਾ ਹੈ ਕਿ: ਮਨੁੱਖ ਦਾ ਲਹੂ ਚੂਸਣ ਵਾਲੇ ਮੁਸਲਮਾਨ ਸ਼ਾਸਕ ਨਿਮਾਜ਼ਾਂ ਵੀ ਪੜ੍ਹ ਲੈਣ ਤਾਂ ਕੀ ਲਾਭ? ਇਸ ਪ੍ਰਕਾਰ ਅੰਦਰੋਂ ਛੁਰੀਆਂ ਚਲਾਉਣ ਵਾਲੇ ਹਿੰਦੂ ਜੰਞੂ ਪਹਿਨ ਵੀ ਲੈਣ ਤਾਂ ਉਸਦਾ ਕੋਈ ਲਾਭ ਨਹੀਂ:-

ਮਾਣਸ ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਾਹਮਣ ਪੂਰਹਿ ਨਾਦ ॥
ਉਨ੍ਹਾ ਭਿ ਆਵਹਿ ਓਈ ਸਾਦ ॥

(ਵਾਰ ਆਸਾ, ਮਹਲਾ ੧, ਪੰਨਾ-471)

ਗੁਰੂ ਨਾਨਕ ਨੇ ਦਾਰਸ਼ਨਿਕਾਂ ਦੇ ਸੁੱਕੇ ਸਿਧਾਂਤਾਂ ਅਤੇ ਪੰਡਤਾਂ, ਮੁੱਲਾਂ ਤੇ ਕਰਮ-ਕਾਂਡਾਂ ਦੀ ਆਲੋਚਨਾ ਕਰਦੇ ਹੋਏ ਕਿਹਾ ਹੈ:

ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ
ਅੰਤਰਿ ਵਸਤੁ ਨ ਜਾਣਨੀ ਘਟਿ ਬ੍ਰਹਮੁ ਲੁਕਾਣਾ ।

(ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ ੧, ਪੰਨਾ-419)

ਗੁਰੂ ਨਾਨਕ ਦੀ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਫਿਲਾਸਫੀ ਦਾ ਆਧਾਰ-ਭੂਤ ਸਿਧਾਂਤ ਇਹ ਹੈ ਕਿ ਸਭ ਸੰਸਾਰ ਦੀਆਂ ਜਾਤੀਆਂ ਤੇ ਮਨੁੱਖ ਮਾਨਵ ਪੱਧਰ ਉਤੇ ਇਕ ਸਮਾਨ ਹਨ। ਹਰ ਇਕ ਦਾ ਇਹ ਮੌਲਿਕ ਅਧਿਕਾਰ ਹੈ ਕਿ ਉਹ ਜ਼ੁਲਮ ,ਡਰ, ਸਮਾਜਕ ਤੇ ਰਾਜਨੀਤਿਕ, ਆਰਥਿਕ ਗੁਲਾਮੀ ਤੇ ਅਤਿਆਚਾਰਾਂ ਤੋਂ ਮੁਕਤ ਰਹੇ। ਭਗਤ ਨਾਮਦੇਵ ਨੂੰ, ਸੁਲਤਾਨ ਮੁਹੰਮਦ ਬਿਨ ਤੁਗਲਕ ਨੇ ਕੈਦ ਕਰ ਲਿਆ। ਬਾਦਸ਼ਾਹ ਦੀ ਕੈਦ ਵਿਚ ਭਗਤ ਨਾਮਦੇਵ ਨੇ ਅਨੇਕਾਂ ਕਸ਼ਟ ਸਹੇ ਅਤੇ ਅੱਖੀਂ ਅਨੇਕਾਂ ਜ਼ੁਲਮ ਹੁੰਦੇ ਵੇਖੇ ਲੇਕਿਨ ਉਹਨਾਂ ਨੇ ਇਕ ਲਫ਼ਜ਼ ਵੀ ਬਾਦਸ਼ਾਹ ਦੇ ਅਤਿਆਚਾਰਾਂ ਦੇ ਵਿਰੁੱਧ ਨਹੀਂ ਕਿਹਾ। ਇਸੇ ਤਰ੍ਹਾਂ ਭਗਤ ਕਬੀਰ ਨੇ ਸਿਕੰਦਰ ਲੋਧੀ ਦੀ ਕੈਦ ਵਿਚ ਕਸ਼ਟ ਬਰਦਾਸ਼ਤ ਕੀਤਾ, ਉਹਨਾਂ ਨੇ ਰੱਬ ਦਾ ਸ਼ੁਕਰ ਕੀਤਾ ਕਿ ਉਸਨੇ ਭਗਤ ਦੀ ਰੱਖਿਆ ਕੀਤੀ, ਲੇਕਿਨ ਉਹਨਾਂ ਨੇ ਇਕ ਵੀ ਲਫ਼ਜ਼ ਬਾਦਸ਼ਾਹ

ਦੇ ਅਤਿਆਚਾਰਾਂ ਤੇ ਵਿਰੁੱਧ ਨਹੀਂ ਕਿਹਾ। ਇਸੇ ਤਰ੍ਹਾਂ ਭਗਤ ਕਬੀਰ ਨੇ ਸਿਕੰਦਰ ਲੋਧੀ ਦੀ ਕੈਦ ਵਿਚ ਕਸ਼ਟ ਬਰਦਾਸ਼ਤ ਕੀਤੇ, ਉਹਨਾਂ ਨੇ ਰੱਬ ਦਾ ਸ਼ੁਕਰ ਕੀਤਾ ਕਿ ਉਸਨੇ ਭਗਤ ਦੀ ਰੱਖਿਆ ਕੀਤੀ, ਲੇਕਿਨ ਉਹਨਾਂ ਨੇ ਵੀ ਇਕ ਵੀ ਲਫ਼ਜ਼ ਬਾਦਸ਼ਾਹ ਦੇ ਜ਼ੁਲਮ ਵਿਰੁੱਧ ਨਹੀਂ ਕਿਹਾ। ਗੁਰੂ ਨਾਨਕ ਪਹਿਲੇ ਬਹਾਦਰ ਮਹਾਂਪੁਰਸ਼ ਹੋਏ ਹਨ ਜਿਹਨਾਂ ਨੇ ਬਾਦਸ਼ਾਹਾਂ, ਸੁਲਤਾਨਾਂ ਦੇ ਅਮਾਨਵੀ ਵਿਹਾਰ ਦੀ ਖੁਲ੍ਹ ਕੇ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਮਾਨਵਵਾਦੀ ਵਿਚਾਰਾਂ ਦੀ ਸਥਾਪਤੀ ਲਈ ਨਵੇਂ ਮਾਰਗ ਖੋਲ੍ਹੇ। ਉਸ ਸਮੇਂ ਹਰ ਭਿਖਾਰੀ ਬਾਦਸ਼ਾਹ ਬਣਨ ਦੇ ਸੁਪਨੇ ਲੈਂਦਾ ਮੂਰਖ ਪੰਡਤ ਹੋਣ ਦਾ ਦਾਅਵਾ ਕਰਦਾ, ਅੰਨ੍ਹੇ ਪਾਰਖੂ ਬਣ ਗਏ ਸਨ। ਇਲਤੀ ਆਦਮੀ ਚੌਧਰੀ ਬਣ ਗਏ ਸਨ। ਨਾਨਕ ਬਾਣੀ ਅਨੁਸਾਰ:

(ੳ) ਨਾਉ ਫਕੀਰੈ ਪਾਤਸ਼ਾਹ ਮੂਰਖ ਪੰਡਿਤ ਨਾਉ ।
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ।
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ।

(ਆਦਿ ਗ੍ਰੰਥ, ਵਾਰ ਮਲਾਰ, ਮਹਲਾ ੧, ਪੰਨਾ-1288)

(ਅ) ਰਾਜੇ ਸ਼ੀਹ ਮੁਕਦਮ ਕੁੱਤੇ
ਜਾਇ ਜਗਾਇਨ ਬੈਠੇ ਸੁੱਤੇ
ਚਾਕਰ ਨਹ ਦਾ ਪਾਇਨ ਘਾਉ
ਰਤੁ ਪਿਤੁ ਕੁਤਿਹੋ ਚਟਿ ਜਾਹੁ ।

(ਵਾਰ ਮਲਾਰ, ਮਹਲਾ ੧, ਪੰਨਾ-1288)

ਜਿਹੜੀ ਹਕੂਮਤ ਜ਼ੋਰ, ਜਬਰ, ਜ਼ੁਲਮ ਕਰੇ ਤਾਂ ਉਸ ਵਿਰੁੱਧ ਰੋਸ ਉਤਪੰਨ ਹੋਣਾ ਕੁਦਰਤੀ ਹੈ ਲੇਕਿਨ ਉਸ ਰੋਸ ਨੂੰ ਆਵਾਜ਼, ਕਲਮ ਕੋਈ ਮਹਾਨ ਸ਼ਖ਼ਸੀਅਤ ਹੀ ਦੇ ਸਕਦੀ ਹੈ। ਗੁਰੂ ਨਾਨਕ ਨੇ ਨਿਰਭੈ ਹੋ ਕੇ ਸਿਕੰਦਰ ਲੋਧੀ ਦੇ ਅਤਿਆਚਾਰਾਂ ਅਤੇ ਬਾਬਰ ਦੇ ਹਿੰਦੁਸਤਾਨ ਉਤੇ ਹਮਲਿਆਂ ਵੇਲੇ ਕੀਤੇ ਜ਼ੁਲਮਾਂ ਵਿਰੁੱਧ ਜ਼ਬਰਦਸਤ ਆਵਾਜ਼ ਉਠਾਈ। ਉਨ੍ਹਾਂ ਨੇ ਇਹ ਜ਼ੁਲਮ ਅੱਖੀਂ ਡਿੱਠੇ ਸਨ। ਪਰਮਾਤਮਾ ਨੂੰ ਸੰਬੋਧਨ ਕਰਦਿਆਂ ਗੁਰੂ ਨਾਨਕ ਨੇ ਆਖਿਆ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ।

ਏਤੀ ਮਾਰ ਪਈ ਕੁਰਲਾਣੇ, ਤੈਂ ਕੀ ਦਰਦ ਨ ਆਇਆ
ਜੇ ਸਕਤਾ ਸਕਦੇ ਕਉ ਮਾਰੇ ਤਾਂ ਮਨਿ ਰੋਸੁ ਨ ਹੋਈ ।
ਸਕਤਾ ਸੀਹ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ
ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ ।

(ਆਦਿ ਗ੍ਰੰਥ, ਆਸਾ, ਪੰਨਾ-360)

ਮੱਧਕਾਲੀ ਭਾਰਤ ਵਿਚ ਹਰ ਪਾਸੇ ਪਾਪ, ਅਧਰਮ ਤੇ ਜ਼ਬਰ ਦਾ ਬੋਲ ਬਾਲਾ ਸੀ। ਸ਼ਰਮ-ਧਰਮ ਅਲੋਪ ਹੋ ਚੁੱਕੇ ਸਨ। ਕਾਜ਼ੀ ਤੇ ਮੁਸਲਮਾਨ ਸ਼ਾਸ਼ਕ ਦੂਸਰੇ ਧਰਮਾਂ ਉਤੇ ਅੰਨ੍ਹੇ ਅੱਤਿਆਚਾਰ ਤੇ ਜਬਰ ਕਰ ਰਹੇ ਸਨ। ਹਰ ਪਾਸੇ ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ ਫੈਲੀ ਹੋਈ ਸੀ। ਇਕ ਪਾਸੇ ਅਮੀਰ ਲੋਕ ਰਾਜੇ ਤੇ ਸ਼ਾਸ਼ਕ ਵਿਲਾਸਤਾ ਦੇ ਨਸ਼ੇ ਵਿਚ ਮਸਤ ਸਨ ਅਤੇ ਦੂਸਰੇ ਪਾਸੇ ਆਮ ਲੋਕਾਂ ਦੀ ਹਾਲਤ ਬਹੁਤ ਹੀ ਤਰਸਯੋਗ ਸੀ। ਸਾਧਾਰਨ ਆਦਮੀ ਨੂੰ ਤਾਂ ਦੋ ਵੇਲੇ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ ਸੀ। ਹਰ ਪਾਸੇ ਕੂੜ ਜਾਂ ਝੂਠ ਹੀ ਪ੍ਰਧਾਨ ਸੀ। ਦੇਸ਼ ਭਰ ਵਿਚ ਲੋਭ ਅਤੇ ਪਾਪ ਸਿਖਰ ਉਤੇ ਪੁੱਜੇ ਹੋਏ ਸਨ। ਗੁਰੂ ਨਾਨਕ ਨੇ ਇਕ ਦੇਸ਼ ਹਿਤੈਸ਼ੀ ਵਾਂਗ ਮਾਨਵਵਾਦੀ ਆਧਾਰਾਂ ਤੇ ਮਧਕਾਲੀਨ ਰਾਜਨੈਤਿਕ ਅਤੇ ਆਰਥਿਕ ਵਿਵਸਥਾ ਦਾ ਅਧਿਐਨ ਕੀਤਾ ਅਤੇ ਉਸ ਅਵਸਥਾ ਨੂੰ ਆਪਣੀ ਬਾਣੀ ਵਿਚ ਉਲੀਕ ਦੇ ਮਨੁੱਖ ਨੂੰ ਸੁਚੇਤ ਕੀਤਾ:

(ੳ) ਲਬੁ ਪਾਪੁ ਦੁਇ ਰਾਜਾ ਮਹਤਾ ਕੂੜ ਹੋਆ ਸਿਕਦਾਰੁ ।
ਕਾਮ ਨੇਬ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰਿ ॥

(ਸਲੋਕ ਮਹਲਾ ੧, ਰਾਗ ਆਸਾ, ਪੰਨਾ-469)

(ਅ) ਲੱਖ ਚੋਰੀਆਂ ਲੱਖ ਜਾਰੀਆਂ ਲੱਖ ਕੂੜੀਆਂ ਲੱਖ ਗਾਲਿ ॥
ਲੱਖ ਠੱਗੀਆਂ ਪਹਿਨਾਮੀਆਂ ਰਾਤਿ ਦਿਨਸੁ ਜੀਅ ਨਾਲਿ ॥

(ਸਲੋਕ ਮਹਲਾ ੧, ਵਾਰ ਆਸਾ, ਪੰਨਾ-471)

ਗੁਰੂ ਨਾਨਕ ਦੇ ਸਮੇ ਦੇ ਸਮਾਜ ਵਿਚ ਅਮਾਨਵੀ ਤੱਤਾਂ ਦੀ ਅਤਿ ਦੀ ਬਹੁਲਤਾ ਕਾਰਣ ਲੋਕਾਂ ਦੀ ਆਰਥਿਕ ਸਥਿਤੀ ਬਹੁਤ ਨਿਘਰੀ ਹੋਈ ਸੀ। ਜਦੋਂ ਹਿੰਦੂਆਂ ਕੋਲੋਂ ਵਪਾਰ ਆਦਿ ਖੁਸ ਗਏ ਸਨ ਤਾਂ ਉਹ ਪੇਟ ਭਰਨ ਦੀ ਖਾਤਿਰ ਜਾਂ ਰੋਟੀਆਂ ਤੋਰਨ ਲਈ ਕਈ ਕਿਸਮ ਦੇ ਝੂਠੇ ਪਾਖੰਡਾਂ ਨਾਲ ਧਨ ਕਮਾ ਰਹੇ ਸਨ। ਗੁਰੂ ਅਤੇ ਚੇਲੇ ਦੇ ਸੰਬੰਧ ਬਿਲਕੁਲ ਹੀ ਮਾ ਮੇਲ ਬਣ ਕੇ ਰਹਿ ਗਏ ਸਨ। ਅਸਲ ਵਿਚ ਉਸ ਸਮੇ

ਸਾਮੰਤਸ਼ਾਹੀ ਜਾਗੀਰਦਾਰੀ ਤੇ ਧਾਰਮਿਕ ਆਡੰਬਰ ਦਾ ਇਹ ਗੱਠ-ਜੋੜ ਆਪਣੀ ਪੂਰੀ ਕਰੂਪਤਾ ਵਿਚ ਵਿਚਰ ਰਿਹਾ ਸੀ। ਗੁਰੂ ਨਾਨਕ ਨੇ ਅਜਿਹੇ ਪਾਖੰਡੀ ਲੋਕਾਂ ਦੇ ਅਮਾਨਵੀ ਕੰਮਾਂ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕਰਦੇ ਹੋਏ ਕਿਹਾ ਹੈ ਕਿ:

ਵਾਇਨਿ ਚੇਲੇ ਨਚਨਿ ਗੁਰੂ ।।
ਪੈਰ ਹਲਾਇਨਿ ਫੇਰਨਿ ਸਿਰ ।।
ਉਡਿ ਉਡਿ ਰਾਵਾ ਝਾਟੈ ਪਾਇ ।।
ਵੇਖੈ ਲੋਕੁ ਹਸੈ ਘਰਿ ਜਾਇ ।।
ਰੋਟੀਆ ਕਾਰਣਿ ਪੂਰਹਿ ਤਾਲ
ਆਪੁ ਪਛਾੜਹਿ ਧਰਤੀ ਨਾਲਿ ।।

(ਆਸਾ ਦੀ ਵਾਰ, ਮਹਲਾ ੧, ਪੰਨਾ-465)

ਉਸ ਸਮੇਂ ਜਿਹਨਾਂ ਲੋਕਾਂ ਨੂੰ ਰੋਟੀ ਦੀ ਪ੍ਰਾਪਤੀ ਲਈ ਬੜੇ ਪਾਖੰਡਾਂ, ਕਪਟਾਂ ਦਾ ਸਹਾਰਾ ਲੈਣਾ ਪੈਂਦਾ ਸੀ, ਰੋਟੀ ਆਸਾਨੀ ਨਾਲ ਪ੍ਰਾਪਤ ਨਹੀਂ ਹੁੰਦੀ ਸੀ ਉਹ ਲੋਕ, ਹੋਰ ਅਤੇ ਹੋਰ ਕੁਕਰਮ ਕਰਨ ਲੱਗ ਪਏ ਸਨ। ਇਸ ਸਮੇਂ ਗੁਰੂ ਸਾਹਿਬ ਦੀ ਮਾਨਵਵਾਦੀ ਆਵਾਜ਼ ਬੁਲੰਦ ਹੋਈ। ਗੁਰੂ ਨਾਨਕ ਨੇ ਵੇਖਿਆ ਕਿ ਇਕ ਪਾਸੇ ਲੋਕ ਰੋਟੀ ਨੂੰ ਤਰਸ ਰਹੇ ਹਨ ਅਤੇ ਦੂਜੇ ਪਾਸੇ ਅਮੀਰ-ਲੋਕ ਧੰਨ ਇਕੱਠਾ ਕਰਨ ਲਈ ਯੋਗ ਜਾਂ ਅਯੋਗ ਸਾਧਨਾਂ ਦੀ ਵਰਤੋਂ ਕਰ ਰਹੇ ਸਨ। ਪਾਪ, ਪਲਾਨ, ਲੋਭ, ਲਾਲਚ, ਛਲ-ਕਪਟ, ਧੋਖੇਬਾਜ਼ੀ ਆਦਿ ਕੁਰੀਤੀਆਂ, ਹਰ ਕੰਮ, ਵਪਾਰ, ਪੇਸ਼ੇ ਵਿਚ ਪ੍ਰਧਾਨ ਹੋ ਚੁੱਕੀਆਂ ਸਨ। ਹਿੰਦੂ ਲੋਕਾਂ ਤੋਂ ਨਾਜਾਇਜ਼ ਟੈਕਸ ਲਏ ਜਾਂਦੇ ਸਨ, ਜਜ਼ੀਆ ਕਰ, ਗਊਆਂ ਅਤੇ ਬ੍ਰਾਹਮਣਾਂ ਉਪਰ ਟੈਕਸ ਲਗਾਇਆ ਜਾਂਦਾ ਸੀ ਅਤੇ ਇਸ ਤੋਂ ਇਲਾਵਾ ਤੀਰਥਾਂ ਉਪਰ ਜਾਣ ਲਈ ਵੀ ਟੈਕਸ ਲਗਾਇਆ ਜਾਂਦਾ ਸੀ। ਇਸ ਕਾਰਣ ਆਮ ਲੋਕਾਂ ਦੀ ਆਰਥਿਕ ਹਾਲਤ ਦਿਨੋ ਦਿਨ ਮੰਦੀ ਹੁੰਦੀ ਜਾ ਰਹੀ ਸੀ, ਚਾਰੇ ਪਾਸੇ ਝੂਠ ਦਾ ਪਸਾਰਾ ਸੀ। ਨਿਆਂ ਅਤੇ ਇਨਸਾਫ਼, ਮਾਨਵੀ-ਕੀਮਤਾਂ ਕਿਧਰੇ ਲਭਦੀਆਂ ਨਹੀਂ ਸਨ। ਲੋਕਾਂ ਨੂੰ ਰੋਟੀ ਲਈ ਸ਼ਾਸ਼ਕਾਂ ਜਾਂ ਅਮੀਰਾਂ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਖੁਸ਼ਾਮਦਾਂ ਕਰਨੀਆਂ ਪੈਂਦੀਆਂ ਸਨ। ਕਪਟ ਢੰਗਾਂ ਨਾਲ ਰੋਟੀ ਦਾ ਸਿਲਸਿਲਾ ਚਲਾਉਂਦੇ ਸਨ। ਨਾਨਕ ਬਾਣੀ ਅਨੁਸਾਰ ਪਰਮਾਤਮਾ ਹੀ ਡਰ-ਰਹਿਤ ਹੈ। ਹੋਰ ਕਿੰਨੇ ਹੀ ਰਾਮ ਤੇ ਕਾਹਨ ਦੀਆਂ ਕਹਾਣੀਆਂ ਨਿਰੰਕਾਰ ਦੀ ਹਸਤੀ ਸਾਹਮਣੇ ਤੁੱਛ ਹਨ। ਨਿਰੰਕਾਰ ਦਾ ਗਿਆਨ ਪ੍ਰਾਪਤ ਕਰਨਾ ਬੜਾ ਔਖਾ ਹੈ। ਕਈ

ਵੇਦਾਂ ਦੀ ਵਿਚਾਰ ਦੁਆਰਾ ਉਸਦਾ ਗਿਆਨ ਪ੍ਰਾਪਤ ਕਰਨਾ ਚਾਹੁੰਦੇ ਹਨ। ਕਈ ਮੰਤਿਆਂ ਦੇ ਰੂਪ ਵਿਚ ਨਚਦੇ ਤੇ ਭੌ ਭੌ ਕੇ ਆਉਂਦੇ ਤੇ ਤਾਲ ਪੂਰਦੇ ਸਨ। ਰਾਸ-ਧਾਰੀਏ ਵੀ ਰਾਸਾਂ ਪਾਉਂਦੇ ਹਨ, ਬਜ਼ਾਰ ਵਿਚ ਤਮਾਸ਼ਾ ਦਿਖਾਉਂਦੇ ਹਨ। ਉਹ ਰਾਜੇ ਤੇ ਰਾਣੀਆਂ ਦੇ ਸਵਾਂਗ ਭਰਦੇ ਹਨ ਤੇ ਮੂੰਹੋਂ ਕੂੜ ਗਿਆਨ ਦੀਆਂ ਗੱਲਾਂ ਕਰਦੇ ਹਨ। ਰਾਸਧਾਰੀਏ ਅਮਾਨਵੀ ਵਿਧੀਆਂ ਦੁਆਰਾ ਪੈਸਾ ਕਮਾਉਂਦੇ ਸਨ:-

ਬਜਾਰੀ ਬਾਜਾਰ ਮਹਿ,
ਆਇ ਕਢਹਿ ਬਾਜਾਰ
ਗਾਵਹਿ ਰਾਜੇ ਰਾਣੀਆਂ
ਬੋਲਹਿ ਆਲ ਪਤਾਲ ।।

(ਵਾਰ ਆਸਾ, ਮਹਲਾ ੧, ਪੰਨਾ -464)

ਗੁਰੂ ਨਾਨਕ ਦਾ ਯੁੱਗ ਸਰਬ-ਪੱਖੀ ਨੈਤਿਕ ਪਤਨ ਦਾ ਸ਼ਿਕਾਰ ਸੀ। ਉਸ ਸਮੇਂ ਵਪਾਰ ਵਿਚ ਵੀ ਸੱਚਾਈ ਨਹੀਂ ਰਹਿ ਗਈ ਸੀ। ਝੂਠ, ਪਾਪ, ਖਰੀਦੋ-ਫਰੋਖਤ ਵਿਚ ਬੇਈਮਾਨੀ, ਨਾਪ-ਤੋਲ ਵਿਚ ਬੇਈਮਾਨੀ, ਹੇਰਾ-ਫੇਰੀ ਵਪਾਰੀਆਂ ਦਾ ਆਮ ਕੰਮ ਸੀ, ਵਪਾਰ ਝੂਠ ਤੇ ਆਧਾਰਿਤ ਸੀ। ਗੁਰੂ ਨਾਨਕ ਅਨੁਸਾਰ:

ਧਰਮ ਸੇਤੀ ਵਾਪਾਰ ਨ ਕੀਤੋ ਕਰਮੁ ਨਾ ਕੀਤੋ ਮਿਤੁ ।

(ਸਿਰੀ ਰਾਗ, ਮਹਲਾ ੧- 85)

ਬ੍ਰਾਹਮਣਵਾਦ ਦੇ ਕਰਮ-ਕਾਂਡਾਂ ਦੇ ਜਾਲ ਨੇ ਲੋਕਾਂ ਨੂੰ ਫਜ਼ੂਲ ਦੇ ਵਹਿਮਾਂ ਭਰਮਾਂ ਵਿਚ ਜਕੜਿਆ ਹੋਇਆ ਸੀ। ਦੂਸਰੇ ਪਾਸੇ ਨਾਥ-ਜੋਗੀ ਵੀ ਪੇਟ ਦੀ ਖਾਤਰ ਲੋਕਾਂ ਵਿਚ ਵੱਖ ਵੱਖ ਭੇਸ ਧਾਰਦੇ ਵੱਖ ਵੱਖ ਕਿਸਮ ਦੀਆਂ ਕਰਾਮਾਤਾਂ ਦਿਖਾ ਕੇ ਲੋਕਾਈ ਨੂੰ ਅੰਧਕਾਰ ਵਲ ਲਿਜਾਂਦੇ ਰਹੇ ਸਨ। ਗੁਰੂ ਨਾਨਕ ਅਨੁਸਾਰ ਉਸ ਸਮੇਂ ਕਿਤੇ ਵੀ ਸੱਚ ਦਾ ਨਾਂ ਥੇਹ ਨਹੀਂ ਸੀ। ਹਰ ਪਾਸੇ ਕੂੜ ਹੀ ਕੂੜ ਪ੍ਰਧਾਨ ਹੋ ਚੁੱਕਾ ਸੀ। ਗੁਰੂ ਨਾਨਕ ਨੇ ਇਸ ਪ੍ਰਸੰਗ ਵਿਚ ਇਸ ਪ੍ਰਕਾਰ ਲਿਖਿਆ ਹੈ:

ਕੂੜੀ ਰਾਸਿ ਕੂੜਾ ਵਾਪਾਰੁ
ਕੂੜੁ ਬੋਲਿ ਕਰਹਿ ਆਹਾਰੁ ।।
ਸਰਮ-ਧਰਮ ਕਾ ਡੇਰਾ ਦੂਰਿ
ਨਾਨਕ ਕੂੜੁ ਰਹਿਆ ਭਰਪੂਰ

ਮੱਥੈ ਟਿੱਕਾ ਤੇੜਿ ਧੋਤੀ ਕਖਾਈ ।।

ਹਥਿ ਛੁਰੀ ਜਗਤ ਕਸਾਈ ।।

(ਵਾਰ ਆਸਾ, ਮਹਲਾ ੧,ਪੰਨਾ-471-72)

ਸੁਆਰਥ, ਆਡਾ, ਤ੍ਰਿਸ਼ਨਾ ਅਤੇ ਲੋਭ ਬਹੁਤ ਵੱਧ ਚੁੱਕਾ ਸੀ। ਕੋਈ ਵੀ ਆਪਣੇ ਧਨ-ਮਾਲ ਨੂੰ ਸੁਰੱਖਿਅਤ ਨਹੀਂ ਸਮਝਦਾ ਸੀ। ਲੋਕ ਹੱਥ ਵਿਚ ਛੁਰੇ ਲੈ ਕੇ ਛੁੱਰਿਆਂ ਨਾਲ ਸ਼ਿਕਾਰ ਅਤੇ ਚੋਰੀ ਠੱਗੀ ਕਰਦੇ ਫਿਰਦੇ ਸਨ। ਆਰਥਕ ਅਵਸਥਾ ਨੂੰ ਘਾਤ ਕਰਨ ਵਾਲੇ ਲੋਕਾਂ ਦੀ ਅਜਿਹੀ ਤਸਵੀਰ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਇਸ ਪ੍ਰਕਾਰ ਚਿੱਤਰੀ ਹੈ:

(ੳ) ਏਕੁ ਸੁਆਨੁ ਦੁਇ ਸੁਆਨੀ ਨਾਲਿ। ਭਲਕੇ ਭਉਕਹਿ ਸਦਾ ਬਇਆਲਿ

ਕੂੜੁ ਛੁਰਾ ਮੁਠਾ ਮੁਰਦਾਰ।ਧਾਣਕ ਰੂਪਿ ਰਹਾ ਕਰਤਾਰ ।

.... .... ....

ਮੁਖਿ ਨਿੰਦਾ ਆਖਾ ਦਿਨੁ ਰਾਤਿ। ਪਰ ਘਰੁ ਜੋਹੀ ਨੀਚ ਸਨਾਤਿ ।

( ਸਿਰੀ ਰਾਗ, ਮਹਲਾ ੧,ਪੰਨਾ-424)

(ਅ) ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰ ਉਡਰਿਆ ।

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ।

(ਵਾਰ ਮਾਝ ਮਹਲਾ ੧,ਪੰਨਾ 145)

ਆਰਥਿਕ ਖੇਤਰ ਵਿਚ ਅਮਾਨਵੀ ਕੀਮਤਾਂ, ਝੂਠ ਤੇ ਕਪਟ ਪ੍ਰਧਾਨ ਹੋਣ ਕਾਰਣ ਆਰਥਿਕ ਅਸਮਾਨਤਾ ਪ੍ਰਧਾਨ ਹੋ ਚੁੱਕੀ ਸੀ ਅਤੇ ਜਨਤਾ ਲਾਚਾਰ ਹੋ ਕੇ ਇਸ ਦੁਖਾਂਤ ਨੂੰ ਭੋਗ ਰਹੀ ਸੀ। ਇਸ ਸੰਦਰਭ ਵਿਚ ਡਾ. ਹਰੀ ਰਾਮ ਗੁਪਤਾ ਦੇ ਵਿਚਾਰ ਵਰਨਣਯੋਗ ਹਨ:

> ਉਸ ਸਮੇਂ ਰਾਜਨੀਤਿਕ ਦਸ਼ਾ ਮਾੜੀ ਹੋਣ ਦੇ ਨਾਲ ਨਾਲ ਆਰਥਿਕ ਦਸ਼ਾ ਵੀ ਮੰਦੀ ਸੀ। ਲੋਧੀਆਂ ਦੇ ਰਾਜ ਵੇਲੇ ਰਾਜ ਪ੍ਰਬੰਧ ਕੋਈ ਚੰਗਾ ਨਹੀਂ ਸੀ। ਦੇਸ਼ ਛੋਟੇ ਛੋਟੇ ਹਿੱਸਿਆਂ ਵਿਚ ਵੰਡਿਆ ਹੋਣ ਕਰਕੇ ਆਪਸੀ ਝਗੜੇ ਅਤੇ ਬਾਹਰਲੇ ਹਮਲੇ ਅਕਸਰ ਹੁੰਦੇ ਰਹਿੰਦੇ ਸਨ ਜਿਸ ਕਰਕੇ ਦੇਸ਼ ਵਿਚ ਖ਼ੁਸ਼ਹਾਲੀ ਤਾਂ ਕੀ ਹੋਣੀ ਸੀ, ਸਗੋਂ ਉਹ ਗਿਰਾਵਟ ਵਲ ਜਾ ਰਿਹਾ ਸੀ।

> ਬਾਬਰ ਦੇ ਹਮਲੇ ਨੇ ਨਾ ਕੇਵਲ ਵੱਡੀਆਂ ਵੱਡੀਆਂ ਜਾਇਦਾਦਾਂ ਵਾਲਿਆਂ ਨੂੰ ਹੀ ਫ਼ਕੀਰ ਬਣਾ ਦਿੱਤਾ ਸੀ, ਸਗੋਂ ਦੇਸ਼ ਦੇ ਵਪਾਰ ਤੇ ਕੌਮੀ ਆਮਦਨ ਦੀਆਂ ਨੀਹਾਂ ਵੀ ਹਿਲਾ ਦਿੱਤੀਆਂ ਸਨ। ਫ੍ਰੈਂਚ ਯਾਤਰੂ ਥੀਨਾਇਫ਼ ਨੇ 1831 ਵਿਚ ਲਿਖਿਆ ਸੀ: ਪਠਾਣ ਬਾਦਸ਼ਾਹਾਂ ਦੇ ਸਮੇਂ ਲਾਹੌਰ ਇਕ ਮਾਮੂਲੀ ਜਿਹਾ ਪਿੰਡ ਹੀ ਸੀ ਅਤੇ ਕਾਬਲ ਤੋਂ ਲੈ ਕੇ ਲਾਹੌਰ ਤਕ ਜਾਂਦੀ ਸੜਕ ਤੇ ਬੇਸ਼ਕ ਬਾਦਸ਼ਾਹ ਨੇ 23 ਚੌਕੀਆਂ ਸੁਰੱਖਿਆ ਲਈ ਬਣਾਈਆਂ ਹੋਈਆਂ ਸਨ ਪਰ ਰਸਤੇ ਵਿਚ ਕੋਈ ਵੀ ਯਾਤਰੂ ਪਠਾਣ ਡਾਕੂਆਂ ਤੋਂ ਬਚ ਕੇ ਨਹੀਂ ਜਾ ਸਕਦਾ ਸੀ।[1]

ਇਸੇ ਪ੍ਰਕਾਰ ਉਸ ਸਮੇਂ ਦੇ ਆਰਥਿਕ ਸੰਦਰਭ ਵਿਚ ਅਮਾਨਵੀ ਤੱਤਾਂ ਦੇ ਮਾਰੂ ਪ੍ਰਭਾਵ ਬਾਰੇ ਡਾ. ਕਾਲਾ ਸਿੰਘ ਬੇਦੀ ਇਸ ਪ੍ਰਕਾਰ ਲਿਖਦੇ ਹਨ:

> ਸ੍ਰੀ ਗੁਰੂ ਨਾਨਕ ਦੇਵ ਨੇ ਜਨਤਾ ਦੇ ਇਹਨਾਂ ਦੁੱਖਾਂ, ਕਸ਼ਟਾਂ ਦਰਦਾਂ, ਚੀਸਾਂ, ਮਾਨਸਿਕ ਰੋਗਾਂ ਦਾ ਅਨੁਭਵ ਕੀਤਾ ਤੇ ਪ੍ਰਤੀਕਰਮ ਵਜੋਂ ਉਹਨਾਂ ਨੇ ਲੋਕਾਂ ਦੇ ਇਹਨਾਂ ਦੁੱਖਾਂ ਤੇ ਹਾਲਤਾਂ ਦਾ ਵਰਨਣ ਆਪਣੀ ਬਾਣੀ ਵਿਚ ਅਨੁਭਵ ਕੀਤਾ ਤੇ ਖਾਸ ਕਰਕੇ 'ਆਸਾ ਦੀ ਵਾਰ' ਵਿਚ ਉਸੇ ਵੇਲੇ ਦੀਆਂ ਭਾਰਤ-ਪ੍ਰਸਥਿਤੀਆਂ ਉਪਰ ਰੱਜ ਕੇ ਟਿੱਪਣੀ ਕੀਤੀ।[2]

ਆਰਥਿਕ ਪੱਖੋਂ ਪਛੜਿਆ ਦੇਸ਼ ਕਮਜ਼ੋਰ ਹੁੰਦਾ ਹੈ ਤੇ ਉਸ ਦੀਆਂ ਕੀਮਤਾਂ ਤੇ ਰਿਸ਼ਤੇ ਵੀ ਨੀਵੇਂ ਪੱਧਰ ਦੇ ਹੋ ਜਾਂਦੇ ਹਨ। ਨਾਨਕ ਬਾਣੀ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦਾ ਯੁੱਗ ਆਰਥਿਕ ਪੱਖੋਂ ਮੰਦਾ ਸੀ। ਮੁਸਲਮਾਨਾਂ ਨੇ ਬਾਰ ਬਾਰ ਹਮਲੇ ਕਰਕੇ ਦੇਸ਼ ਦੀ ਆਰਥਿਕ ਹਾਲਤ ਨੂੰ ਖੋਖਲਾ ਕਰ ਦਿੱਤਾ ਸੀ। ਬ੍ਰਾਹਮਣ, ਮੁੱਲਾਂ ਤੇ ਪੰਡਤ ਭੋਲੀ ਭਾਲੀ ਜਨਤਾ ਨੂੰ ਲੁੱਟ ਰਹੇ ਸਨ। ਮਾਨਵਵਾਦੀ ਦ੍ਰਿਸ਼ਟੀ ਦੇ ਆਧਾਰ ਤੇ ਗੁਰੂ ਨਾਨਕ ਆਪਣੇ ਯੁੱਗ ਦੇ ਲੋਕਾਂ ਦੇ ਸਾਹਮਣੇ ਇਕ

---

1. Hari Ram Gupta, History of Sikh Gurus, P.8
2. ਡਾ. ਕਾਲਾ ਸਿੰਘ ਬੇਦੀ, ਵਾਰਕਾਰ ਗੁਰੂ ਨਾਨਕ, ਪੰਨਾ-83

ਆਦਰਸ਼ਕ ਸਮਾਜ, ਰਾਜ-ਛਤਰ ਦਾ ਮਾਡਲ ਪੇਸ਼ ਕਰਨਾ ਚਾਹੁੰਦੇ ਸਨ। ਅਜਿਹੀ ਰਾਜ-ਛਤਰ ਪੇਸ਼ ਕਰਨਾ, ਗੁਰੂ ਸਾਹਿਬ ਦਾ ਮੁੱਖ ਮਨੋਰਥ ਨਾ ਹੋ ਕੇ, ਗੌਣ ਮਨੋਰਥ ਹੀ ਹੋਵੇ ਤਾਂ ਵੀ ਮਾਨਵਵਾਦੀ ਦ੍ਰਿਸ਼ਟੀ ਤੋਂ, ਮਾਨਵ-ਸਮਾਜ ਲਈ ਇਸਦਾ ਵਿਸ਼ੇਸ਼ ਮੁੱਲ ਹੈ। ਵੈਸੇ ਅਧਿਆਤਮਕ ਪ੍ਰਸੰਗ ਵਿਚ ਗੁਰੂ ਸਾਹਿਬ ਇਕੋ ਸੱਚੇ ਪਾਤਸ਼ਾਹ ਪਰਮਾਤਮਾ ਨੂੰ ਹੀ ਸੱਚ ਮੰਨਦੇ ਹਨ ਅਤੇ ਜਗਤ ਦੇ ਬਾਕੀ ਸਭ ਰਾਜਿਆਂ ਨੂੰ ਝੂਠੇ ਅਤੇ ਥੋੜ ਚਿਰੇ ਮੰਨਦੇ ਹਨ, ਲੇਕਿਨ ਸੰਸਾਰੀ ਰਾਜਿਆਂ ਦੀ ਹਸਤੀ ਨੂੰ ਮੰਨਣ ਤੋਂ ਉਕਾ ਹੀ ਇਨਕਾਰੀ ਵੀ ਨਹੀਂ ਸਨ। ਇਹੀ ਕਾਰਣ ਹੈ ਕਿ ਗੁਰੂ ਸਾਹਿਬ ਨੇ ਵਾਰ ਵਾਰ ਇਹਨਾਂ ਅਤਿਆਚਾਰੀ, ਲੋਭੀ ਅਤੇ ਬੇਇਨਸਾਫ਼ ਸ਼ਾਸ਼ਕਾਂ ਨੂੰ ਲੋਕ-ਕਲਿਆਣ ਦੀ ਭਾਵਨਾ ਨਾਲ ਸੰਪੰਨ ਹੋਣ ਲਈ ਪ੍ਰੇਰਿਆ ਹੈ। ਜਦੋਂ ਉਹ ਰਾਜਿਆਂ ਨੂੰ "ਸ਼ੀਂਹ" ਅਤੇ ਮੁਕੱਦਮ ਨੂੰ " ਕੁੱਤੇ" ਕਹਿ ਕੇ ਫਿਟਕਾਰਦੇ ਹਨ ਤਾਂ ਵਾਸਤਵ ਵਿਚ ਇਹਨਾਂ ਦੀ ਹੋਂਦ ਨੂੰ ਮੂਲ ਰੂਪ ਵਿਚ ਸਵੀਕਾਰਦੇ ਹਨ ਅਤੇ ਉਹ ਇਹਨਾਂ ਦੇ ਮੰਦੇ ਕਰਮਾਂ ਅਤੇ ਇਨ੍ਹਾਂ ਦੁਆਰਾ ਆਪਣੇ ਕਰਤੱਵਾਂ ਵਲੋਂ ਅਣਗਹਿਲੀ ਦੀ ਨਿੰਦਾ ਕਰਦੇ ਹਨ। ਲੋਕਾਂ ਨੂੰ ਸੁਖੀ ਬਣਾਉਣ ਲਈ ਰਾਜਿਆਂ ਦਾ ਲੋਕ-ਕਲਿਆਣਕਾਰੀ ਤੇ [illegible] ਇਨਸਾਫ਼ ਪਸੰਦ ਹੋਣਾ ਜ਼ਰੂਰੀ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਹਾਕਮ-ਜਮਾਤ ਨੂੰ ਬਾਰ ਬਾਰ ਕਲਿਆਣਕਾਰੀ ਬਣਨ ਲਈ ਕਿਹਾ ਹੈ। ਗੁਰੂ ਨਾਨਕ ਨੇ ਉਸ ਸਮੇਂ ਦੇ ਰਾਜਿਆਂ ਦੀਆਂ ਗਲਤ ਨੀਤੀਆਂ ਦੀ ਆਲੋਚਨਾ ਕੀਤੀ ਅਤੇ ਆਮ ਲੋਕਾਂ ਨੂੰ ਜਾਗਰੂਕ ਕੀਤਾ, ਉਹਨਾਂ ਨੂੰ ਮਾਨਵਵਾਦੀ ਰਾਹਾਂ ਦੀ ਸੇਧ ਪ੍ਰਦਾਨ ਕੀਤੀ। ਸੁਚੱਜੀ ਰਾਜਨੀਤਿਕ ਅਤੇ ਆਰਥਿਕ ਪ੍ਰਣਾਲੀ ਤੋਂ ਜਾਣੂੰ ਕਰਵਾਇਆ। ਜਿਹੜਾ ਸਾਹਿਤ ਸਮੇਂ ਅਤੇ ਸਥਾਨ ਦੀਆਂ ਹੱਦਾਂ ਲੰਘ ਜਾਵੇ ਉਸਨੂੰ ਸਦੀਵੀ ਸਾਹਿਤ ਮੰਨਿਆ ਜਾਂਦਾ ਹੈ। ਨਾਨਕ-ਬਾਣੀ ਉੱਤਮ ਮਾਨਵਵਾਦੀ ਸਾਹਿਤ ਹੈ।[1] ਜਿਸ ਵਿਚ ਦੋਵੇਂ ਜੀਵਨ ਮੁੱਲਾਂ ਦਾ ਵਰਣਨ ਕੀਤਾ ਗਿਆ ਹੈ (ੳ) ਪ੍ਰਸੰਗਿਕ ਮੁੱਲ (ਅ) ਸ਼ਾਸਵਤ ਮੁੱਲ। ਨਾਨਕ ਬਾਣੀ ਵਿਚ ਉਸ ਸਮੇਂ ਦੀ ਅਮਾਨਵੀ ਰਾਜਨੀਤਿਕ ਅਤੇ ਆਰਥਿਕ ਸਥਿਤੀ ਦਾ

---

1 जागरूक साहित्य वही होता है जो अपने देश और काल के भीतर से फूटता है और फूट कर देश कालातीत हो उठता है। देशकाल से तात्पर्य है गतिशील देशकाल। देशकाल को उसकी गतिशीलता में पहचानना ही सही पहचानना होता है, क्योंकि देशकाल स्थिर नहीं रहता, उसमें निरंतर बदलाव आता रहता है।

( अंजलि तिवारी, "साहित्य और सामाजिक परिवर्तन " आजकल, नवम्बर 1983 पेज -31 )

ਵਰਨਣ ਵੀ ਕੀਤਾ ਗਿਆ ਹੈ ਅਤੇ ਅਜਿਹੀ ਅਮਾਨਵੀ ਸਥਿਤੀ ਵਿਚ ਸੁਧਾਰ ਕਰਨ ਲਈ, ਇਸਨੂੰ ਬਦਲਣ ਲਈ ਵੀ ਬਾਰ ਬਾਰ ਕਿਹਾ ਗਿਆ ਹੈ। ਮਾਨਵੀ-ਕਲਿਆਣ ਦੀ ਗੱਲ ਬਾਰ ਬਾਰ ਕੀਤੀ ਗਈ ਹੈ ਅਤੇ ਮਨੁੱਖੀ ਜੀਵਨ ਦੇ ਹਰ ਪਹਿਲੂ ਨੂੰ ਅਜਿਹੇ ਕਲਿਆਣ ਨਾਲ ਭਰਪੂਰ ਕਰਨ ਲਈ ਕਿਹਾ ਗਿਆ ਹੈ। ਮਾਨਵਵਾਦ ਵਿਚ ਹੀ ਮਨੁੱਖੀ ਸੁੱਖ ਨਿਹਿਤ ਹੈ ਅਰਥਾਤ ਸੁਖ ਦੀ ਪ੍ਰਾਪਤੀ ਹੀ ਮਾਨਵਵਾਦ ਦੀ ਜਿੱਤ ਕਹੀ ਜਾ ਸਕਦੀ ਹੈ।

ਭਾਰਤੀ ਮੱਧਕਾਲੀ ਰਾਜ ਪ੍ਰਬੰਧ ਵਿਚ ਮਿਹਨਤ ਕਰਨ ਵਾਲੇ ਕਿਰਤੀ ਕਿਰਸਾਨ ਜਾਂ ਪ੍ਰਹਿਰਾਂ ਦੇ ਆਮ ਲੋਕ ਬੇ-ਹੱਦ ਨਿਰਬਲ ਸਨ। ਉਨ੍ਹਾਂ ਦੀ ਨਿਰਬਲਤਾ ਨੂੰ ਮੁੱਖ ਰੱਖ ਕੇ ਗੁਰੂ ਨਾਨਕ ਨੇ ਉਹ ਮੱਤ ਪੇਸ਼ ਕੀਤਾ, ਜਿਹੜਾ ਇਹਨਾਂ ਵਿਚ ਬਲ ਪੈਦਾ ਕਰਦਾ ਸੀ। ਨਾਨਕ ਬਾਣੀ ਨੇ ਸੰਸਾਰ ਦੇ ਹਰ ਮਹਾਨ ਸਾਹਿਤ ਵਾਂਗ ਉਸ ਸਮੇ ਦੇ ਮਨੁੱਖ ਨੂੰ ਧਰਵਾਸ ਪ੍ਰਦਾਨ ਕੀਤੀ। ਨਾਨਕ ਬਾਣੀ ਨੇ ਸਾਧਾਰਨ ਲੋਕਾਂ ਨੂੰ " ਯੋਧੇ ਮਹਾਂਬਲੀ ਸੂਰਮੇ" ਬਣਾਇਆ ਅਤੇ ਉਹਨਾਂ ਨੂੰ ਉਹਨਾਂ ਸ਼ਕਤੀਆਂ ਵਿਰੁੱਧ ਟਕਰਾਇਆ ਜਿਹੜੀਆਂ ਸਾਧਾਰਨ ਮਨੁੱਖ ਲਈ " ਸਕਤੇ ਸ਼ੀਹ " ਬਣੀਆਂ ਸਨ। ਵੱਡੀਆਂ ਤਾਕਤਾਂ ਨੂੰ ਚੁਣੌਤੀ ਦੇ ਕੇ ਸਾਧਾਰਨ ਲੋਕਾਂ ਨੂੰ ਸੁੱਖ-ਪ੍ਰਾਪਤੀ ਦਾ ਮਾਰਗ, ਮਾਨਵਵਾਦੀ ਮਾਰਗ ਦਰਸਾਇਆ। ਗੁਰੂ ਨਾਨਕ ਦੇ ਇਹ ਮੌਲਿਕ ਮਾਨਵਵਾਦੀ ਸਿਧਾਂਤ : 'ਨਾਮ ਜਪੋ, ਕਿਰਤ ਕਰੋ ਅਤੇ ਵੰਡ ਕੇ ਛਕੋ', ਆਰਥਿਕ ਖੇਤਰ ਵਿਚ ਭਰਾਤ੍ਰੀਅਤਾ ਦੀ ਭਾਵਨਾ ਲਿਆਉਂਦੇ ਹਨ। ਗੁਰੂ ਨਾਨਕ ਨੇ ਅੱਜ ਤੋਂ 520 ਸਾਲ ਪਹਿਲਾਂ ਸਮਾਜਵਾਦ ਦੇ ਆਧੁਨਿਕ ਸੰਕਲਪ ਬਾਰੇ ਅਨੁਭਵ ਕੀਤਾ। ਗੁਰੂ ਨਾਨਕ ਨੇ ਅਮੀਰ ਅਤੇ ਗਰੀਬ ਵਿਚਲੀ ਖਾਈ ਨੂੰ ਖਤਮ ਕਰਨ ਲਈ ਕਿਹਾ। ਸਮਾਜ ਦੇ ਕਮਜ਼ੋਰ ਵਰਗ ਦੀ ਦੁਰ-ਵਰਤੋਂ ਧਰਮ ਦੇ ਸਿਧਾਂਤ ਦੇ ਉਲਟ ਹੈ। ਮਾਨਵਵਾਦੀ ਸਮਾਜ ਵਿਚ ਸਮਾਜਿਕ ਜੋਕਾਂ ਜਾਂ ਬਗੈਰ-ਮਿਹਨਤ ਤੋਂ ਕਮਾਏ ਹੋਏ ਧਨ ਦੀ ਕੋਈ ਥਾਂ ਨਹੀਂ। ਹਰ ਇਕ ਨੇ ਕੰਮ ਕਰਨਾ ਹੈ ਭਾਵੇਂ ਉਹ ਬਾਦਸ਼ਾਹ ਹੈ ਅਤੇ ਭਾਵੇਂ ਗਰੀਬ। ਗਰੀਬ ਦੀ ਦੁਰਵਰਤੋਂ ਨਹੀਂ ਕਰਨੀ। ਦੂਜਿਆਂ ਦੀ ਦੁਰਵਰਤੋਂ ਤੋਂ ਕਮਾਇਆ ਧਨ ਅਨੇਕਾਂ ਬੁਰਾਈਆਂ ਉਤਪੰਨ ਕਰਦਾ ਹੈ । ਧਨ ਸਮਾਜਿਕ ਭਲਾਈ ਅਤੇ ਮਨੁੱਖੀ ਸੇਵਾ ਦਾ ਸਾਧਨ ਹੋਣਾ ਚਾਹੀਦਾ ਹੈ। ਨਾਨਕ ਬਾਣੀ ਵਿਚ ਮਾਨਵਵਾਦ ਦਾ ਰਾਜਨੀਤਿਕ ਅਤੇ ਆਰਥਿਕ ਪਹਿਲੂ ਸੁਚਾਰੂ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਨਾਨਕ ਬਾਣੀ ਵਿਚ ਸਮਾਜਿਕ ਜ਼ਿੰਮੇਵਾਰੀ ਦਾ ਦ੍ਰਿਸ਼ਟੀਕੋਣ ਜਾਂ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਰਾਤ੍ਰੀਅਤਾ

ਦੀ ਭਾਵਨਾ ਮੌਲਿਕ ਰੂਪ ਵਿਚ ਦਿਖਾਈ ਦਿੰਦੀ ਹੈ, ਇਹੀ ਭਾਵਨਾ ਮਾਨਵਵਾਦ ਨਾਨਕ-ਦਰਸ਼ਨ ਦਾ ਆਧਾਰ ਹੈ।

ਧਰਮ ਦਾ ਸੰਬੰਧ ਕੇਵਲ ਮਨੁੱਖ ਦੇ ਪਰਲੋਕ ਦੇ ਕਲਿਆਣ ਦੇ ਨਾਲ ਹੀ ਨਹੀਂ ਬਲਕਿ ਮਨੁੱਖ ਦੇ ਇਹ-ਲੋਕ ਜੀਵਨ ਦਾ ਵੀ ਕਲਿਆਣ ਕਰਨਾ ਹੈ। ਧਰਮ ਦੇ ਵਿਰੁੱਧ ਸਭ ਤੋਂ ਵੱਡਾ ਇਹ ਦੋਸ਼ ਲਾਇਆ ਜਾਂਦਾ ਹੈ ਕਿ ਇਹ ਗਰੀਬਾਂ ਦਾ ਆਰਥਿਕ ਸ਼ੋਸ਼ਣ ਕਰਦਾ ਹੈ। ਇਹ ਸੰਪੰਨ-ਵਰਗ ਅਰਥਾਤ ਅਮੀਰ-ਲੋਕਾਂ ਦੇ ਸੁਆਰਥਾਂ ਦੀ ਪੂਰਤੀ ਦਾ ਮਾਧਿਅਮ ਹੈ। ਜਿਹੜਾ ਗਰੀਬ ਨੂੰ ਗਰੀਬੀ ਵਿਚ ਅਤੇ ਸਾਧਾਰਨ ਜੀਵ ਨੂੰ ਦਾਸਤਾ, ਗੁਲਾਮੀ ਵਿਚ ਸੰਤੁਸ਼ਟ ਰੱਖ ਕੇ, ਉਹਨਾਂ ਦੇ ਸ਼ੋਸ਼ਣ ਨੂੰ ਈਸ਼ਵਰੀ ਵਿਧਾਨ ਦਾ ਅੰਗ ਬਣਾ ਦਿੰਦਾ ਹੈ। ਮਾਰਕਸਵਾਦੀ ਧਰਮ ਨੂੰ ਅਫ਼ੀਮ ਸਮਾਨ ਮੰਨਦੇ ਹਨ। ਲੇਕਿਨ ਧਾਰਮਿਕ ਮਾਨਵਵਾਦੀ ਨਾ ਕੇਵਲ ਇਸ ਦੋਸ਼ ਦਾ ਖੰਡਨ ਕਰਦੇ ਹਨ ਬਲਕਿ ਧਰਮ ਨੂੰ ਸਮਾਜਿਕ ਨਿਆਂ ਅਤੇ ਸਮਾਨਤਾ ਦਾ ਸਰੋਤ ਦੱਸਦੇ ਹਨ। ਪ੍ਰਸਿੱਧ ਕੈਥੋਲਿਕ ਮਾਨਵਵਾਦੀ ਜਾਕ ਮਾਰਿਤਾਂ ਦੇ ਅਨੁਸਾਰ:

> ਸੰਗਠਿਤ ਸਮਾਜ ਜਿਸ ਉਦੇਸ਼ ਦੀ ਲਈ ਸੁਭਾਵਿਕ ਹੀ ਯਤਨਸ਼ੀਲ ਹੈ, ਉਹ ਹੈ, ਜਨ-ਸਮਾਜ ਦੇ ਸਧਾਰਨ ਹਿੱਤਾਂ ਨੂੰ ਇਸ ਰੂਪ ਵਿਚ ਪ੍ਰਾਪਤ ਕਰਨਾ ਹੈ ਕਿ ਅਲਗ ਅਲਗ ਵਿਅਕਤੀ, ਕੇਵਲ ਵਿਸ਼ੇਸ਼ ਅਧਿਕਾਰ ਪ੍ਰਾਪਤ ਵਰਗ ਦੇ ਨਹੀਂ ਬਲਕਿ ਸੰਪੂਰਨ ਜਨਤਾ ਦੇ ਮੈਂਬਰ, ਵਾਸਤਵ ਵਿਚ ਸੁਤੰਤਰਤਾ ਦੇ ਉਸ ਪ੍ਰਤਿਮਾਨ ਤਕ ਪਹੁੰਚ . ਸਕਣ, ਜਿਹੜਾ ਸਭਯ ਜੀਵਨ ਦੇ ਉਪਯੁਕਤ ਹੈ ਅਤੇ ਜਿਹੜਾ ਕੰਮ ਅਤੇ ਸੰਪੱਤੀ ਦੀਆਂ ਆਰਥਿਕ ਸੁਰੱਖਿਆਵਾਂ, ਰਾਜਨੀਤਿਕ ਅਧਿਕਾਰਾਂ, ਨਾਗਰਿਕ ਗੁਣਾਂ ਅਤੇ ਮਾਨਸਿਕ ਖੁਸ਼ਹਾਲੀ ਨਾਲ ਸਮਨਿਤ ਹੈ।[1]

ਜ਼ਿਆਦਾਤਰ ਲੋਕ ਆਪਣੇ ਵਿਸ਼ੇਸ਼ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਹੀ ਵਿਸ਼ਵ-ਕਲਿਆਣ ਦੀ ਸੰਭਾਵਨਾ ਦੇਖਦੇ ਹਨ। ਜਦੋਂ ਧਰਮ ਸੰਕੀਰਨਤਾ ਦਾ ਧਾਰਨੀ ਹੋ ਜਾਂਦਾ ਹੈ ਤਾਂ ਉਸਦਾ ਰੂਪ ਅਮਾਨਵੀ ਹੋ ਜਾਂਦਾ ਹੈ। ਧਰਮ ਨੂੰ ਤਾਂ ਹੀ ਮਾਨਵਵਾਦੀ ਕਿਹਾ ਜਾ ਸਕਦਾ ਹੈ। ਜੇਕਰ ਉਹ 'ਵਿਸ਼ਵ-ਮਾਨਵ' ਨੂੰ ਆਪਣਾ ਬਣਾਵੇ,

---

1. ਡਾ. ਨਵਲ ਕਿਸ਼ੋਰ, <u>ਮਾਨਵਵਾਦ ਔਰ ਸਾਹਿਤਯ</u>, ਪੰਨਾ-53

ਅਪਣਾ ਸਮਝੇ। ਧਰਮ ਮਾਨਵਵਾਦੀ ਰਾਹਾਂ ਤੇ ਚਲ ਕੇ ਹੀ ਸਰਵ-ਲੋਕ-ਕਲਿਆਣ-ਕਾਰੀ ਰੂਪ ਧਾਰ ਸਕਦਾ ਹੈ। ਮਾਨਵਵਾਦ ਦਾ ਉਦੇਸ਼ ਇਸ ਧਰਤੀ ਤੇ ਜੀਵਨ ਦਾ ਅਰਥ ਪਾਉਣਾ ਹੈ। ਉਸਦੇ ਉਦੇਸ਼ ਦਾ ਕੇਂਦਰ ਇਸ ਦੁਨੀਆਂ ਦੇ ਸਿਵਾ ਹੋਰ ਕੋਈ ਦੁਨੀਆਂ ਨਹੀਂ ਹੈ। ਇਸਦਾ ਮੌਲਿਕ ਭਾਵ ਇਹ ਵੀ ਹੈ ਕਿ ਇਸ ਦੁਨੀਆਂ ਵਿਚ ਹੀ ਇਸ ਜ਼ਿੰਦਗੀ ਨੂੰ ਬੇਹਤਰ ਬਣਾਇਆ ਜਾ ਸਕਦਾ ਹੈ ਅਤੇ ਇਸਨੂੰ ਉਨੱਤ ਬਨਾਉਣ ਦਾ ਯਤਨ ਕਰਨਾ ਮਨੁੱਖ ਦਾ ਕਰਤੱਵ ਹੈ। ਮਾਨਵ ਦੇ ਲਈ ਸੁੱਖ ਇਕ ਅਜਿਹੀ ਨੈਤਿਕ ਧਾਰਨਾ ਹੈ ਜਿਸਦਾ ਸੰਬੰਧ ਉਸਦੇ ਇਸੇ ਜੀਵਨ ਨਾਲ ਹੈ। ਪੂੰਜੀਵਾਦ ਅਤੇ ਮਾਨਵਵਾਦ ਵਿਚ ਨਿੱਤ ਦਾ ਮੌਲਿਕ ਵਿਰੋਧ ਹੈ। ਪੂੰਜੀਵਾਦ ਮਨੁੱਖ ਮਨੁੱਖ ਦੇ ਵਿਚਕਾਰ ਇਕ ਦੀਵਾਰ ਖੜ੍ਹੀ ਕਰ ਦਿੰਦਾ ਹੈ, ਮਾਨਵ ਵਿਅਕਤਿਤਵ ਦਾ ਅਮਾਨਵੀਕਰਣ ਕਰਦਾ ਹੈ। ਵਿਅਕਤੀ ਅਤੇ ਸਮਾਜ ਦੇ ਵਿਚ ਦੁਸ਼ਮਣੀਪੂਰਨ ਸੰਬੰਧ ਪੈਦਾ ਕਰਦਾ ਹੈ। ਗੁਰੂ ਨਾਨਕ ਨੇ ਸੰਪੰਨ ਵਰਗ ਦੇ ਉਲਟ ਗਰੀਬਾਂ ਦਾ ਸਾਥ ਦਿੱਤਾ ਅਤੇ ਮਾਨਵਵਾਦ ਨੂੰ ਇਸ ਧਰਤੀ ਤੇ ਕਾਇਮ ਕੀਤਾ। ਗੁਰੂ ਨਾਨਕ ਦਾ ਮਾਨਵਵਾਦ ਮਨੁੱਖ ਨੂੰ ਉਸਦੇ ਰਾਜਨੀਤਿਕ ਅਤੇ ਆਰਥਿਕ ਸੰਦਰਭ ਵਿਚ ਵੀ ਖੁਸ਼ਹਾਲ ਦੇਖਣਾ ਚਾਹੁੰਦਾ ਹੈ। ਆਰਥਿਕ ਅਤੇ ਰਾਜਨੀਤਿਕ ਸੰਦਰਭ ਵਿਚ ਮਾਨਵਵਾਦ ਹੇਠ ਲਿਖੇ ਤੱਤਾਂ ਦਾ ਪ੍ਰਗਟਾਉ ਹੈ:

1. ਇਕ ਅਜਿਹੇ ਵਿਸ਼ਵ ਦਾ ਨਿਰਮਾਣ, ਜਿਸ ਵਿਚ ਮਨੁੱਖ ਮਾਤਰ ਦੀ ਸਮਾਨਤਾ, ਵਿਹਾਰਕ ਪੱਧਰ ਤੇ ਸਵੀਕ੍ਰਿਤ ਹੋਵੇ ਅਤੇ ਮਨੁੱਖ ਸਭ ਚੀਜ਼ਾਂ ਦਾ ਪ੍ਰਤੀਮਾਨ ਹੋਵੇ, ਵਿਸ਼ੇਸ਼ ਤੌਰ ਤੇ ਉਸ ਰਾਜ ਦਾ ਜਿਹੜਾ ਉਸ ਉਪਰ ਰਾਜ ਕਰਦਾ ਹੈ। ਜੇਕਰ ਰਾਜ ਦਾ ਸਰੂਪ ਅਮਾਨਵੀ ਹੈ ਜਿਵੇਂ ਕਿ ਮੁਨਾਫ਼ੇ ਜਾਂ ਤਾਕਤ ਦੇ ਆਧਾਰ ਤੇ ਨਿਰਮਿਤ ਰਾਜ ਦਾ ਹੁੰਦਾ ਹੈ, ਤਾਂ ਉਸਦਾ ਅੰਤ ਕਰਨਾ ਹੈ ਅਤੇ ਉਸਦੀ ਥਾਂ ਇਕ ਮਾਨਵੀ ਵਿਵਸਥਾ, ਮਾਨਵਵਾਦੀ ਰਾਜ ਦੀ ਸਥਾਪਨਾ ਕਰਨੀ ਹੈ।

2. ਇਕ ਅਜਿਹੇ ਵਿਸ਼ਵ ਦਾ ਨਿਰਮਾਣ, ਜਿਥੇ ਲੋਕ ਸੰਸਾਰ ਦੇ ਹੋਰ ਨਾਗਰਿਕਾਂ ਦੇ ਨਾਲ ਵਾਸਤਵਿਕ ਸੁਤੰਤਰਤਾ (ਸਮਾਜਿਕ, ਆਰਥਿਕ, ਰਾਜਨੈਤਿਕ,ਬੌਧਿਕ ਅਤੇ ਭਾਵਨਾਤਮਕ) ਦਾ ਉਪਭੋਗ ਕਰ ਸਕਣ।

3. ਇਕ ਅਜਿਹੇ ਵਿਸ਼ਵ ਦਾ ਨਿਰਮਾਣ ਕਰਨਾ, ਜਿਥੇ ਗਰੀਬੀ, ਦਰਿੱਦਰਤਾ ਦੀ ਅਵਸਥਾ ਦਾ ਨਾਮੋ-ਨਿਸ਼ਾਨ ਨਾ ਰਹੇ। ਲੋਕਾਂ ਨੂੰ ਉਚਿਤ ਭੋਜਨ, ਕਪੜੇ ਅਤੇ ਨਿਵਾਸ ਦੀਆਂ ਸਹੂਲਤਾਂ ਪ੍ਰਾਪਤ ਹੋਣ ਅਤੇ ਉਹ ਤਨ-ਮਨ ਧਨ ਨਾਲ ਸਿਹਤਮੰਦ ਅਰੋਗ ਮਨੁੱਖਾਂ ਦੇ ਰੂਪ ਵਿਚ ਦੁਨੀਆਂ ਨੂੰ ਆਬਾਦ ਕਰਨ, ਨਾ ਕਿ ਭੁਖ,ਕਪਟ,ਠੱਗੀ

ਰੋਗ, ਬੇਕਾਰੀ ,ਭੁੱਖ ਸਤਾਵੇ।

4. ਇਕ ਅਜਿਹੇ ਵਿਸ਼ਵ ਦਾ ਨਿਰਮਾਣ, ਜਿਸ ਵਿਚ ਇਨਸਾਨ ਭੋਜਨ ਸ਼ਾਂਤੀ, ਸੁਤੰਤਰਤਾ ਦੇ ਲਈ ਆਪਣੇ ਆਰੰਭਿਕ ਸੰਘਰਸ਼ਾਂ, ਜਿਹਨਾਂ ਵਿਚ ਉਹ ਜੁੱਟੇ ਰਹਿੰਦੇ ਹਨ, ਨੂੰ ਪਾਰ ਕਰਕੇ ਉਪਰ ਉਠ ਸਕਣ ਅਤੇ ਮਨੁੱਖੀ ਹੋਂਦ ਦੇ ਗੌਰਵ ਨੂੰ ਅਭਿਵਿਅਕਤ ਕਰ ਸਕਣ ਜਿਸ ਵਿਚ ਇਕ ਨਵੀਂ ਮਹਾਨ ਵਿਸ਼ਵ-ਮਾਨਵ ਸੰਸਕ੍ਰਿਤੀ ਦੀ ਰੋਸ਼ਨੀ ਦੇ ਪ੍ਰਕਾਸ਼ ਦਾ ਵਿਸਤਾਰ ਹੋਵੇ।

ਇਸ ਤਰ੍ਹਾਂ ਆਰਥਿਕ ਅਤੇ ਰਾਜਨੀਤਿਕ ਸੰਦਰਭ ਵਿਚ ਮਾਨਵਵਾਦ ਜੀਵਨ ਦੇ ਪ੍ਰਤੀ ਇਕ ਅਜਿਹਾ ਦਾਰਸ਼ਨਿਕ ਅਭਿਗਿਆਨ ਹੈ, ਜਿਹੜਾ ਮਨੁੱਖ ਦੇ ਇਹ ਲੋਕ ਵਿਚ ਜ਼ਿਆਦਾ ਤੋਂ ਜ਼ਿਆਦਾ ਕਲਿਆਣ ਦੇ ਵੱਲ ਜੀਵਨ ਨੂੰ ਇਕ ਸੁੰਦਰ ਦਿਸ਼ਾ ਪ੍ਰਦਾਨ ਕਰਦਾ ਹੈ। ਨਾਨਕ-ਬਾਣੀ ਆਰਥਿਕ ਅਤੇ ਰਾਜਨੀਤਿਕ ਸੰਦਰਭ ਵਿਚ ਪੂਰੀ ਤਰ੍ਹਾਂ ਮਾਨਵਵਾਦੀ ਹੋ ਨਿਬੜਦੀ ਹੈ। ਇਸ ਬਿਨਾਅ ਤੇ ਨਾਨਕ-ਬਾਣੀ ਵਿਚ ਸਰਕਾਰ ਤੇ ਲੋਕਾਂ ਵਿਚ ਆਪਸੀ ਸੰਬੰਧਾਂ ਪ੍ਰਤੀ ਵਿਚਾਰ ਪ੍ਰਗਟ ਕੀਤੇ ਗਏ ਹਨ। ਉਸ ਸਮੇਂ ਰਾਜੇ ਐਸ਼-ਪ੍ਰਸਤੀ ਕਰਦੇ, ਧਨ ਦੀ ਬਰਬਾਦੀ ਕਰਦੇ ਸਨ ਅਤੇ ਇਸ ਕਰਕੇ ਲੋਕਾਂ ਨੂੰ ਆਰਥਿਕ ਤੰਗੀ ਦੀ ਅਵਸਥਾ ਵਿਚ ਦੁਖੀ ਰਹਿਣਾ ਪੈਂਦਾ ਸੀ। ਇਹ ਸਾਧਾਰਨ ਲੋਕਾਂ ਦਾ ਸ਼ੋਸ਼ਣ ਸੀ। ਗੁਰੂ ਨਾਨਕ ਅਨੁਸਾਰ ਜਿਹੜੇ ਰਾਜਾ ਆਪਣੇ ਲੋਕਾਂ ਦੇ ਹਿੱਤਾਂ ਦੀ ਰਾਖੀ ਨਹੀਂ ਕਰਦੇ ਅਤੇ ਲੋਕਾਂ ਨੂੰ ਹਰ ਆਉਣ ਵਾਲੇ ਖਤਰੇ ਤੋ ਬਚਾ ਨਹੀਂ ਸਕਦੇ ਅਤੇ ਐਸ਼-ਇਸ਼ਰਤ ਦੀ ਬਿਨਾਅ ਤੇ ਲੋਕ-ਹਿੱਤਾਂ ਤੋ ਬੇ ਧਿਆਨੇ ਰਹਿੰਦੇ ਹਨ ਉਹ ਤ੍ਰਿਸਕਾਰ ਦੇ ਪਾਤਰ ਹਨ ਅਰਥਾਤ ਉਹ ਸ਼ਾਸ਼ਨ ਕਰਨ ਦੇ ਯੋਗ ਨਹੀਂ। ਨਾਨਕ ਬਾਣੀ ਅਨੁਸਾਰ:

ਸ਼ਾਹਾਂ ਸੁਰਤਿ ਗਵਾਈਆਂ ਰੰਗਿ ਤਮਾਸੈ ਚਾਇ ।
ਬਾਬਰਵਾਣੀ ਫਿਰ ਗਈ ਕੁਇਰੁ ਨ ਰੋਟੀ ਖਾਇ ।
(ਰਾਗ ਆਸਾ,ਮਹਲਾ ੧,ਪੰਨਾ-417)

ਜਿਹੜਾ ਰਾਜਾ ਆਪਣੇ ਕਰਤਵ ਭੁਲਾ ਕੇ ਐਸ਼-ਇਸ਼ਰਤ, ਰੰਗ ਰਲੀਆਂ ਆਦਿ ਵਿਚ ਡੁੱਬ ਜਾਂਦਾ ਹੈ, ਉਸਦਾ ਮੰਦਾ ਹਾਲ ਹੁੰਦਾ ਹੈ। ਰਾਜੇ ਨੂੰ ਆਪਣੀ ਪਰਜਾ ਨਾਲ ਆਪਣੀ ਸੰਤਾਨ ਸਮਾਨ ਵਿਹਾਰ ਕਰਨਾ ਹੀ ਯੋਗ ਹੈ।

ਆਰਥਿਕ, ਖੇਤਰ ਵਿਚ ਗੁਰੂ ਨਾਨਕ ਨੇ ਕਿਰਤ ਕਰਨ ਤੇ ਵੰਡ ਕੇ ਛਕਣ ਦੇ ਸੰਕਲਪਾਂ ਤੇ ਵਿਸ਼ੇਸ਼ ਜ਼ੋਰ ਦਿੱਤਾ ਸੀ। ਕਿਰਤ ਨੇਕ ਉਪਜੀਵਕਾ ਕਮਾਣ ਦਾ

ਨਾ ਹੈ ਅਤੇ ਮਨੁੱਖੀ ਉਚਤਾ-ਸੁਚੱਤਾ ਦੀ ਪ੍ਰਤੀਕ ਹੈ। ਗੁਰੂ ਨਾਨਕ ਦੀ ਬਾਣੀ ਵਿਚ ਕਿਰਤ-ਸੰਕਲਪ ਦੇ ਅਧਿਐਨ ਦਾ ਸਾਰੰਸ਼ ਇਹ ਨਿਕਲਦਾ ਹੈ ਕਿ ਗੁਰੂ ਨਾਨਕ ਨੇ ਮਨੁੱਖ ਨੂੰ ਕਿਰਤ ਰਾਹੀਂ ਜੀਵਨ ਦੇ ਹਰ ਖੇਤਰ ਵਿਚ ਉਨੱਤੀ ਕਰਨ ਦਾ ਸਰਲ ਮਾਰਗ ਵਿਖਾਇਆ ਹੈ। ਦਸਾਂ ਨਹੁੰਆਂ ਦੀ ਕਿਰਤ ਕਰਨ ਨੂੰ ਮਹਾਨ ਪਵਿੱਤਰ ਕਾਰਜ ਮੰਨ ਕੇ ਕਿਰਤ ਦੀ ਬੜੀ ਵਡਿਆਈ ਕੀਤੀ ਹੈ ਤੇ ਇਸਨੂੰ ਮਨੁੱਖ ਦੇ ਸਰੀਰਕ ਅਤੇ ਆਤਮਕ ਵਿਕਾਸ ਲਈ ਅਤਿਅੰਤ ਜ਼ਰੂਰੀ ਸਿੱਧ ਕਰ ਵਿਖਾਇਆ ਹੈ। ਆਪਣੀ ਕਮਾਈ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰਨੀ, ਪਰਉਪਕਾਰ ਕਰਨਾ, ਮਾਨਵਵਾਦ ਹੈ। ਜੇ ਕੋਈ ਧਨ ਕਮਾ ਕੇ ਸਾਰਾ ਆਪਣੇ ਲਈ ਰੱਖ ਲਵੇ ਤਾਂ ਉਸ ਨਾਲ ਸੁਆਰਥ ਅਤੇ ਕਬਜ਼ੇ ਦੀ ਰੁਚੀ ਵਧਦੀ ਹੈ ਅਤੇ ਸਿੱਟੇ ਵਜੋਂ ਬੁਰਾਈਆਂ ਦਾ ਜਨਮ ਹੁੰਦਾ ਹੈ। ਵੰਡ ਕੇ ਛੱਕਣ ਨਾਲ ਹਉਮੈ ਦੀ ਭਾਵਨਾ ਨਹੀਂ ਪੈਦਾ ਹੁੰਦੀ। ਗੁਰੂ ਨਾਨਕ ਅਨੁਸਾਰ ਜੀਵਨ ਦਾ ਅਸਲੀ ਰਾਹ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ ।
ਨਾਨਕ ਰਾਹੁ ਪਛਾਣਹਿ ਸੇਇ ।

(ਵਾਰ ਸਾਰੰਗ ਮਹਲਾ ੧, ਪੰਨਾ-1245)

ਗੁਰੂ ਨਾਨਕ ਨੇ ਵਿਹਲੇ ਪੀਰਾਂ ਦਾ ਤਿਆਗ ਕਰਨ ਅਤੇ ਸੱਚੀ-ਸੁੱਚੀ ਕਿਰਤ ਕਮਾਈ ਵਿਚੋਂ ਕਿਸੇ ਲੋੜ-ਵੰਦ ਦੀ ਸਹਾਇਤਾ ਕਰਨ ਨੂੰ ਹੀ ਅਸਲ ਧਰਮ ਮੰਨਿਆ ਹੈ। ਅਰਥਾਤ ਆਰਥਿਕ ਪ੍ਰਸੰਗ ਵਿਚ ਇਹ ਹੀ ਅਸਲ ਮਾਨਵਵਾਦੀ ਸੰਕਲਪ ਹੈ। ਜਿਹੜਾ ਵਿਅਕਤੀ ਕਿਰਤ ਨਹੀਂ ਕਰਦਾ, ਮੰਗ ਕੇ ਖਾਂਦਾ ਹੈ, ਦੂਸਰਿਆਂ ਦੇ ਆਸਰੇ ਰਹਿੰਦਾ ਹੈ, ਉਹ ਅਮਾਨਵੀ ਕਰਮ ਕਰ ਰਿਹਾ ਹੁੰਦਾ ਹੈ। ਇਹ ਸਭ ਤੋਂ ਵੱਡਾ ਭੇੜ ਹੈ। ਗੁਰੂ ਨਾਨਕ ਨੇ ਮੰਗਣ ਦਾ ਤਕੜਾ ਵਿਰੋਧ ਕਰਦਿਆਂ ਕਿਹਾ:

ਮਖਟੂ ਹੋਇ ਕੈ ਕੰਨ ਪੜਾਏ। ਫਕਰੁ ਕਰੇ ਹੋਰੁ ਜਾਤਿ ਗਵਾਏ
ਗੁਰੁ ਪੀਰੁ ਸਦਾਏ ਮੰਗਣ ਜਾਇ। ਤਾ ਕੈ ਮੂਲਿ ਨ ਲਗੀਐ ਪਾਇ ।

(ਵਾਰ ਸਾਰੰਗ, ਮਹਲਾ ੧, ਪੰਨਾ-1245)

ਆਪ ਮਿਹਨਤ ਨਾ ਕਰਨੀ, ਦੂਜਿਆਂ ਦੀ ਕਮਾਈ ਤੇ ਨਿਗ੍ਹਾ ਰੱਖਣੀ, ਕੁਪ੍ਰਵਿਰਤੀ ਹੈ। ਗੁਰੂ ਨਾਨਕ ਨੇ ਇਹ ਕਹਿ ਕੇ ਰੋਕਿਆ:

ਵਸਤੁ ਪਰਾਈ ਅਪੁਨੀ ਕਰ ਜਾਨੈ ।
ਹਉਮੈ ਵਿਚਿ ਦੁਖ ਘਾਨੈ ।

(ਵਾਰ ਮਾਝ ਮਹਲਾ ੧, ਪੰਨਾ-139)

ਗੁਰੂ ਨਾਨਕ ਦੇ ਆਰਥਿਕ ਸੰਦਰਭ ਵਿਚ ਮਾਨਵਵਾਦੀ ਵਿਚਾਰਾਂ ਦੇ ਪ੍ਰਭਾਵ ਨੂੰ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਇਸ ਤਰ੍ਹਾਂ ਪ੍ਰਗਟ ਕੀਤਾ ਹੈ:

> ਕਿਰਤ ਕਮਾਈ ਨੂੰ ਕਰਤੇ ਦੀ ਸ਼੍ਰੋਮਣੀ ਪੂਜਾ ਆਖ ਕੇ ਉਹਨਾਂ ਜ਼ਿੰਦਗੀ ਦੇ ਮੁਖ ਉਸਰਈਏ ਕਾਮੇ ਤੇ ਕਿਸਾਨਾਂ ਦਾ ਉਤਸ਼ਾਹ ਸਿਖਰੇ ਚਾੜ੍ਹ ਦਿੱਤਾ ਤੇ ਇਹ ਛਾਲਾਂ ਮਾਰਦਾ ਉਤਸ਼ਾਹ ਹੀ ਪੰਜਾਬ ਦੀ ਖੁਸ਼ਹਾਲੀ ਦਾ ਭੇਦ ਹੈ ਦੇਸ਼ ਦੀ ਵੰਡ ਸਮੇਂ 1947 ਵਿਚ ਜਦੋਂ ਪੰਜਾਬ ਉਤੇ ਅਨੋਖੀ ਮੁਸੀਬਤ ਆਈ ਤਾਂ ਜਿਥੇ ਵੀ ਪੰਜਾਬੀ ਗਿਆ, ਉਸਨੇ ਉਥੇ ਹੀ ਕੰਮਾਂ ਦੀ ਝੰਡੀ ਗੱਡ ਦਿੱਤੀ ਤਰ੍ਹਾਂ ਤਰ੍ਹਾਂ ਦੇ ਨਵੇਂ ਚਾਲੂ ਕਰ ਲਏ। ਇਹ ਕਰਿਸ਼ਮਾ ਕਾਮਿਆਂ ਨੂੰ ਤਕਦੀਰ ਦੇ ਬਾਦਸ਼ਾਹ ਆਖਣ ਵਾਲੇ ਗੁਰੂ ਨਾਨਕ ਦਾ ਹੈ।[1]

ਗੁਰੂ ਨਾਨਕ ਨੇ ਜਿਹੜੇ ਕਿਰਤ ਨਾਲ ਸੰਬੰਧਿਤ ਆਰਥਿਕ ਸੰਦਰਭ ਵਿਚ ਮਾਨਵਵਾਦੀ ਵਿਚਾਰ ਦੱਸੇ ਹਨ, ਉਹਨਾਂ ਤੇ ਆਪ ਵੀ ਪੂਰਨ ਰੂਪ ਨਾਲ ਅਮਲ ਕੀਤਾ ਸੀ ਅਤੇ ਆਪਣੇ ਸਿਖਾਂ ਤੋਂ ਅਮਲ ਕਰਾਇਆ। ਗੁਰੂ ਨਾਨਕ ਨੇ ਬਚਪਨ ਵਿਚ ਖੇਤੀ ਬਾੜੀ ਕੀਤੀ, ਸੱਚਾ-ਸੌਦਾ ਕੀਤਾ, ਭੁੱਖਿਆਂ ਨੂੰ ਭੋਜਨ ਛਕਾ ਕੇ। ਸੁਲਤਾਨਪੁਰ ਵਿਚ ਬਾਰਾਂ ਸਾਲ ਮੋਦੀਖਾਨਾ ਚਲਾਇਆ, ਲੋੜਵੰਦਾਂ ਨਾਲ ਆਪਣੀ ਕਮਾਈ ਸਾਂਝੀ ਕੀਤੀ ਅਤੇ ਉਮਰ ਦੇ ਆਖਰੀ ਵਰ੍ਹਿਆਂ ਵਿਚ ਕਰਤਾਰਪੁਰ ਵਿਚ ਖੇਤੀਬਾੜੀ ਕੀਤੀ। ਗੁਰੂ ਨਾਨਕ ਨੇ ਕਿਰਤੀ ਭਾਈ ਲਾਲੋ ਦੀ ਕਮਾਈ ਨੂੰ ਆਰਥਿਕ ਸੰਦਰਭ ਵਿਚ ਮਾਨਵਵਾਦੀ ਕਰਾਰ ਦਿੱਤਾ ਅਤੇ ਮਲਕ ਭਾਗੋ ਦੇ ਪੰਨ ਵਿਚ ਪਰਾਏ ਹੱਕ ਦਾ ਲਹੂ ਦੱਸਿਆ। ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਵਿਚਾਰ ਇਸ ਪ੍ਰਸੰਗ ਵਿਚ ਇਸ ਪ੍ਰਕਾਰ ਹਨ:

---

1. ਗੁਰਬਖਸ਼ ਸਿੰਘ ਪ੍ਰੀਤਲੜੀ, ਮੇਰੀ ਛੋਹ ਗੁਰੂ ਨਾਨਕ, ਪੰਨਾ-84

> ਕਿਰਤ ਦੀ ਮਹਾਨਤਾ ਦਸਾਂਦਿਆਂ ਉਸਨੇ ਲਿਖਿਆ ਹੈ ਕਿ ਇਸਦੇ ਅਮਲ ਉਤੇ ਜ਼ਿੰਦਗੀ ਦਾ ਸਾਰਾ ਵਿਕਾਸ ਨਿਰਭਰ ਹੈ। ਗੁਰੂ ਨਾਨਕ ਨੇ ਏਸ ਅਮਲ ਨੂੰ ਵਡਿਆ ਕੇ, ਤਿਆਗ ਕੇ ਸੰਨਿਆਸ ਆਦਿ ਦੇ 'ਪੂਜ' ਪਰ ਜ਼ਿੰਦਗੀ ਨਾਲ ਵਿਪ੍ਰੀਤ ਵਿਚਾਰਾਂ ਦਾ ਭੇੜਾ ਘਟਾਇਆ। ਵੰਡ ਛਕਣ ਦਾ ਸਿਧਾਂਤ ਆਉਣ ਵਾਲੇ ਯੁੱਗ ਦਾ ਪੂਰਨਾ ਹੈ। ਵਿਕਾਸ ਕਰਦੀ ਮਨੁੱਖਾ ਜ਼ਿੰਦਗੀ ਏਡੀ ਗੁੰਝਲਦਾਰ ਹੋ ਜਾਏਗੀ ਕਿ ਸਾਂਝੀਵਾਲਤਾ ਦੇ ਸਿਧਾਂਤ ਦੇ ਛੁੱਟ ਇਹਦੇ ਕੋਲ ਅਗੇਰੇ ਵਿਗਸਣ ਲਈ ਕੋਈ ਰਾਹ ਨਹੀਂ ਰਹਿ ਜਾਏਗਾ। ਇਹ ਸਿਧਾਂਤ ਜੇ ਅਪਣਾਇਆ ਨਾ ਗਿਆ ਤਾਂ ਸਾਰੀ ਮਨੁੱਖਤਾ ਇਕ ਪਰਵਾਰ ਨਹੀਂ ਬਣ ਸਕੇਗੀ ਧਰਤੀ ਦੀ ਦੌਲਤ ਸਾਰਿਆਂ ਵਿਚ ਵੰਡ ਕੇ ਵਰਤੀ ਨਹੀਂ ਜਾ ਸਕੇਗੀ।[1]

ਨਾਨਕ-ਬਾਣੀ ਰਾਜਨੀਤਿਕ-ਸੰਦਰਭ ਵਿਚ ਵੀ ਮਾਨਵਵਾਦ ਦੀ ਸਥਾਪਤੀ ਦੀ ਚਾਹਵਾਨ ਹੈ। ਗੁਰੂ ਨਾਨਕ ਪਹਿਲੇ ਮਹਾਨ ਆਗੂ ਹੋਏ ਸਨ ਜਿਹਨਾਂ ਨੇ ਜਾਬਰ ਰਾਜਿਆਂ ਵਿਰੁੱਧ ਆਵਾਜ਼ ਉਠਾਈ। ਮੱਧਕਾਲੀ ਸੰਤਾਂ ਨੇ, ਭਗਤ ਕਬੀਰ ਆਦਿ ਨੇ ਵੇਲੇ ਦੀ ਹਕੂਮਤ ਦੇ ਵਿਰੁੱਧ ਕੋਈ ਲਫ਼ਜ਼ ਨਹੀਂ ਕਿਹਾ। ਸਿਰਫ਼ 'ਰੱਬ ਦਾ ਭਾਣਾ' ਆਖ ਕੇ ਰਾਜਿਆਂ ਬਾਰੇ ਚੁਪ ਸਾਧ ਰਖੀ। ਤੁਲਸੀ ਦਾਸ ਵਰਗੇ ਵਿਦਵਾਨਾਂ ਨੇ 'ਕੋਊ ਨ੍ਰਿਪ ਹੋਇ ਹਮਹੀ ਕਾ ਹਾਨੀ'(ਕੋਈ ਰਾਜਾ ਹੋਵੇ ਸਾਨੂੰ ਕੀ) ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਨੇ ਨਿਧੜਕ ਹੋ ਕੇ ਰਾਜਿਆਂ ਦੇ ਔਗੁਣ ਦੱਸੇ। ਉਹਨਾਂ ਨੇ ਵਕਤ ਦੇ ਰਾਜੇ ਨੂੰ ਲੋਭ ਵਿਚ ਤੇ ਜਨਤਾ ਨੂੰ ਅਗਿਆਨਤਾ ਦੇ ਅੰਧੇਰੇ ਵਿਚ ਫਸਿਆ ਦੱਸਿਆ। ਗੁਰੂ ਨਾਨਕ ਨੇ ਇਕ ਪਾਸੇ ਜ਼ਾਲਮ ਨੂੰ ਵੰਗਾਰਿਆ ਅਤੇ ਦੂਜੇ ਪਾਸੇ ਮਜ਼ਲੂਮਾਂ ਨੂੰ ਉਭਾਰਿਆ। ਕੌਮੀ ਗੈਰਤ ਅਤੇ ਸਵੈ-ਮਾਨ ਨੂੰ ਝੰਜੋੜਿਆ। ਡਾ. ਗੰਡਾ ਸਿੰਘ ਇਸ ਸੰਦਰਭ ਵਿਚ ਇਸ ਪ੍ਰਕਾਰ ਲਿਖਦੇ ਹਨ:

> ਹਕੂਮਤ ਦੀ ਰਾਜਸਕ ਨੀਤੀ ਉਸਦੇ ਪਰਜਾ ਨਾਲ ਜਬਰ ਵਿਰੁੱਧ ਤਕੜੀ ਆਵਾਜ਼ ਉਠਾਈ, ਜੋ ਤਲਵਾਰ ਨਾਲੋਂ ਤਿੱਖੀ ਅਤੇ ਬਰੂਦ

---

1. ਗੁਰਬਖ਼ਸ਼ ਸਿੰਘ ਪ੍ਰੀਤਲੜੀ, ਮੇਰੀ ਛੋਹ ਗੁਰੂ ਨਾਨਕ, ਪੰਨਾ-102

ਨਾਲੋ ਵਧੇਰੇ ਸ਼ਕਤੀ ਵਾਲੀ ਸੀ। ਭਾਰਤੀਆਂ ਦੀ ਰਾਜਸਕ ਚੇਤਨਤਾ ਤਾਂ ਲਗਭਗ ਮੁਰਦਾ ਹੀ ਹੋ ਚੁੱਕੀ ਸੀ, ਜਿਸਨੂੰ ਗੁਰੂ ਨਾਨਕ ਨੇ ਪੁਨਰ-ਸੁਰਜੀਤ ਕੀਤਾ। ਧਰਤੀ ਨੂੰ ਆਪਣਾ ਫਰਜ਼ ਪਛਾਣਨ ਲਈ ਉਭਾਰਿਆ, ਮਾਨਸਿਕ ਕਮਜ਼ੋਰੀ ਕਰਕੇ ਪਰਾਏ ਸਭਿਆਚਾਰ ਨੂੰ ਧਾਰਨ ਕਰਨ ਦੀ ਰੁਚੀ ਵਿਰੁੱਧ ਤਾੜਨਾ ਕੀਤੀ।[1]

ਨਾਨਕ ਬਾਣੀ ਨੇ ਰਾਜਨੀਤਿਕ ਸੰਦਰਭ ਵਿਚ ਵੀ ਨੈਤਿਕਤਾ-ਭਰਪੂਰ, ਮਾਨਵਵਾਦੀ ਸੰਕਲਪਾਂ ਦੇ ਸਮਾਵੇਸ਼ ਬਾਰੇ ਪ੍ਰੇਰਨਾ ਦਿੱਤੀ ਹੈ। ਬਰਾਬਰ ਵਾਲੇ ਨਾਲ ਟੱਕਰ ਲਈ ਜਾ ਸਕਦੀ ਹੈ ਲੇਕਿਨ ਨਿਹੱਥੇ ਅਤੇ ਮਜ਼ਲੂਮ ਤੇ ਵਾਰ ਕਰਨਾ ਅਨੈਤਿਕ ਕਾਇਰਾਂ ਵਾਲਾ ਕੰਮ ਹੈ:

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ
ਸਕਤਾ ਸੀਹ ਮਾਰੇ ਪੈ ਵਗੈ ਖਸਮੇ ਸਾ ਪੁਰਸਾਈ ।

(ਮਹਲਾ ੧, ਪੰਨਾ-360)

ਗੁਰੂ ਨਾਨਕ ਨੇ ਰਾਜਸਿਕ ਭਵਿੱਖਬਾਣੀ ਕਰਕੇ ਇਹ ਉਮੀਦ ਦਿੱਤੀ ਕਿ ਰਾਜਾ ਅਤੇ ਪਰਜਾ ਦਾ ਅੰਤਰ ਕਦੀ ਖਤਮ ਹੋ ਜਾਵੇਗਾ:

ਕਮਤਿ ਰਾਜੇ ਕਹਾ ਸਭਾਏ
ਦੁਹੁ ਅੰਤਰਿ ਸੋ ਜਾਸੀ ।

(ਮਾਰੂ ਮਹਲਾ ੧, ਪੰਨਾ-1016)

ਰਾਜੇ ਜਨਤਾ ਤੋਂ ਕਰ ਲੈਂਦੇ ਅਤੇ ਬਦਲੇ ਵਿਚ ਉਹਨਾਂ ਨੂੰ ਪਰਜਾ ਦਾ ਭਲਾ ਵੀ ਕਰਨਾ ਚਾਹੀਦਾ ਹੈ, ਤਾਂ ਹੀ ਰਾਜਾ ਅਤੇ ਪਰਜਾ ਵਿਚ ਚੰਗਾ ਸੰਬੰਧ ਬਣਿਆ ਰਹਿ ਸਕਦਾ ਹੈ। ਗੁਰੂ ਨਾਨਕ ਦਾ ਵਿਚਾਰ ਹੈ:

ਰਾਜਾ ਮੰਗੈ ਦਿਤੈ ਗੰਢੁ ਪਾਇ ।

(ਵਾਰ ਮਾਝ ਮਹਲਾ ੧, ਪੰਨਾ-143)

---

1. Dr.Ganda Singh, <u>Sources of the Life and Teachings of Guru Nanak</u>, (Edi), Pan.Uni.Patiala, 1969 P-248

ਗੁਰੂ ਨਾਨਕ ਨੇ ਇਕ ਚੰਗੇ ਰਾਜੇ, ਲੋਕ-ਰਾਜ ਦੀ ਭਾਵਨਾ ਰੱਖਣ ਵਾਲੇ, ਮਾਨਵਵਾਦੀ ਰਾਜੇ ਦਾ ਸੰਕਲਪ ਵੀ ਦਿੱਤਾ ਹੈ:

ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ।

( ਮਾਰੂ ਮਹਲਾ ੧, ਪੰਨਾ-922)

ਅਰਥਾਤ ਰਾਜੇ ਵਿਚ ਪੰਜ ਮਾਨਵਵਾਦੀ ਗੁਣ ਹੋਣੇ ਚਾਹੀਦੇ ਹਨ:(ੳ)ਸਤਵਾਦੀ (ਅ) ਸੰਤੋਖੀ ਹੋਵੇ (ੲ) ਦਇਆਵਾਨ ਹੋਵੇ (ਸ) ਧਰਮੀ ਹੋਵੇ (ਹ) ਧੀਰਜਵਾਨ ਹੋਵੇ। ਡਾ. ਮਨਮੋਹਨ ਸਿੰਘ ਇਸ ਸੰਦਰਭ ਵਿਚ ਇਸ ਪ੍ਰਕਾਰ ਲਿਖਦੇ ਹਨ:

> ਰਾਜਸੀ ਇਤਿਹਾਸਕ ਮਸਲਿਆਂ ਦੇ ਨਾਲ ਨਾਲ ਨਿਰੋਲ ਰਾਜਨੀਤੀ ਨੂੰ ਵੀ ਗੁਰੂ ਨਾਨਕ ਦੇਵ ਜੀ ਨੇ ਭਗਤੀ- ਸਾਹਿਤ ਵਿਚ ਸਥਾਨ ਦਿੱਤਾ। ਗੁਰੂ ਸਾਹਿਬ ਨੇ ਰਾਜਿਆਂ ਬਾਰੇ ਬਣੇ ਸੰਕਲਪ ਨੂੰ ਬਦਲਣ ਦਾ ਜਤਨ ਕੀਤਾ। ਰਾਜੇ ਰੱਬ ਵਲੋਂ ਭੇਜੇ ਗਏ ਸਮਝੇ ਜਾਂਦੇ ਸਨ। ਲੋਕਾਂ ਤੇ ਰਾਜ ਕਰਨਾ ਉਹਨਾਂ ਦਾ ਅਧਿਕਾਰ ਸਮਝਿਆ ਜਾਂਦਾ ਸੀ। ਜ਼ਰੂਰੀ ਨਹੀਂ ਸੀ ਕਿ ਉਹ ਲੋਕ-ਭਲਾਈ ਨੂੰ ਮੁੱਖ ਰੱਖਣ। ਗੁਰੂ ਨਾਨਕ ਦੇਵ ਜੀ ਨੇ ਕਿਹਾ ਰਾਜਾ ਲੋਕਾਂ ਲਈ ਹੈ। ਉਸਨੂੰ ਆਪਣੇ ਰਾਜ-ਸੰਬੰਧੀ ਲੋਕਾਂ ਨਾਲ ਸਲਾਹ ਮਸ਼ਵਰਾ ਕਰਨਾ ਚਾਹੀਦਾ ਹੈ। ਪੰਚਾਇਤ ਦੇ ਭੈ ਵਿਚ ਰਹਿਣਾ ਲੋੜੀਂਦਾ ਹੈ। ਪੰਚਾਇਤੀ ਭੈ ਵਿਚ ਰਹਿਣ ਵਾਲਾ ਰਾਜਾ ਹੀ ਕਾਫ਼ੀ ਦੇਰ ਤਕ ਤਖ਼ਤ ਤੇ ਟਿਕ ਸਕਦਾ ਹੈ। ਇੰਜ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਤੋਂ ਉਚਾ ਉਠ ਕੇ ਸੋਚਿਆ ਅਤੇ ਲੋਕ-ਰਾਜ ਦੇ ਹੱਕ ਵਿਚ ਆਵਾਜ਼ ਉਠਾਈ।[1]

ਰਾਜੇ ਦਾ ਨਿਆਂਕਾਰੀ ਹੋਣਾ ਜ਼ਰੂਰੀ ਹੈ। ਜਿਥੇ ਅਨਿਆਂ ਹੈ, ਉਥੇ ਮਨੁੱਖਤਾ ਦਾ ਘਾਤ ਹੈ। ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਰਾਜੇ ਦੇ ਇਸ ਗੁਣ ਨੂੰ ਦੁਹਰਾਇਆ ਹੈ:-

---

1. ਡਾ. ਮਨਮੋਹਨ ਸਿੰਘ, ਭਗਤੀ ਅੰਦੋਲਨ ਪ੍ਰਤੀ ਗੁਰੂ ਨਾਨਕ ਦੇਵ ਜੀ ਦੀ ਦੇਣ, ਪੰਨਾ-37

(ੳ) ਰਾਜਾ ਨਿਆਉ ਕਰੇ ਹਥਿ ਹੋਇ

(ਰਾਗ ਆਸਾ ਮਹਲਾ ੧, ਪੰਨਾ-350)

(ਅ) ਨਾਨਕ ਚੁਲੀਆਂ ਸੁਚੀਆਂ
ਜੇ ਭਰਿ ਜਾਣੈ ਕੋਇ
ਸੁਰਤੇ ਚੁਲੀ ਗਿਆਨ ਕੀ
ਜੋਗੀ ਕਾ ਜਤੁ ਹੋਇ ।
ਬ੍ਰਾਹਮਣ ਚੁਲੀ ਸੰਤੋਖ ਕੀ
ਗਿਰਹੀ ਕਾ ਸਤੁ ਦਾਨੁ
ਰਾਜੇ ਚੁਲੀ ਨਿਆਵ ਕੀ
ਪੜਿਆ ਸਚੁ ਧਿਆਨੁ
ਪਾਣੀ ਚਿਤ ਨ ਧੋਪਈ
ਮੁਖਿ ਪੀਤੈ ਤਿਖ ਜਾਇ
ਪਾਣੀ ਪਿਤਾ ਜਗਤ ਕਾ
ਫਿਰਿ ਪਾਣੀ ਸਭੁ ਖਾਇ ।

( ਸਾਰੰਗ ਮਹਲਾ ੧, ਪੰਨਾ-1240)

ਰਾਜਾ ਗੁਣਵਾਨ ਹੋਵੇਗਾ ਤਾਂ ਹੀ ਲੋਕ ਉਸਨੂੰ ਸਲਾਮ ਕਰਨਗੇ। ਇਸ ਤੋਂ ਉਲਟ ਜਿਸ ਰਾਜੇ ਦਾ ਪਰਜਾ ਆਦਰ ਨਹੀਂ ਕਰਦੀ ਉਸਦਾ ਸੁਲਤਾਨ ਹੋਣਾ ਕੋਈ ਅਰਥ ਨਹੀਂ ਰੱਖਦਾ। ਗੁਰੂ ਨਾਨਕ ਅਨੁਸਾਰ:

ਕਿਆ ਸੁਲਤਾਨੁ ਸਲਾਮ ਵਿਹੂਣਾ ....।

(ਮਹਲਾ ੧, ਪੰਨਾ-354)

ਗੁਰੂ ਨਾਨਕ ਨੇ ਪਰੰਪਰਾ ਤੋਂ ਉਲਟ ਇਹ ਵਿਚਾਰ ਵੀ ਦਿੱਤਾ ਹੈ ਕਿ: ਵਿਰਾਸਤ ਪ੍ਰਥਾ ਅਨੁਸਾਰ: ਲੜਕਾ ਹੀ ਗੱਦੀ ਦਾ ਜਾਨਸ਼ੀਨ ਹੁੰਦਾ ਹੈ ਚਾਹੇ ਉਹ ਚੰਗਾ ਹੋਵੇ ਜਾਂ ਮਾੜਾ। ਲੇਕਿਨ ਗੁਰੂ ਨਾਨਕ ਨੇ ਯੋਗ ਵਿਅਕਤੀ ਨੂੰ ਗੱਦੀ ਦਾ ਹੱਕਦਾਰ ਘੋਸ਼ਿਤ ਕੀਤਾ:

ਤਖਤਿ ਬਹੈ ਤਖਤੈ ਕੀ ਲਾਇਕ
ਪੰਚ ਸਮਾਣੇ ਗੁਰਮਤਿ ਪਾਇਕ।

(ਮਾਰੂ ਸੋਹਲੇ ਮਹਲਾ ੧, ਪੰਨਾ-1039)

ਗੁਰੂ ਨਾਨਕ ਨੇ ਆਪ ਗੁਰਿਆਈ ਦੀ ਜਿੰਮੇਵਾਰੀ ਆਪਣੇ ਪੁੱਤਰਾਂ ਦੀ ਥਾਂ ਯੋਗ- ਪਾਤਰ ਭਾਈ ਲਹਿਣਾ ਨੂੰ ਦੇ ਕੇ ਨਵੀਂ ਪ੍ਰਥਾ ਤੋਰੀ। ਸੱਤਾ ਅਤੇ ਬਲਵੰਡ ਅਨੁਸਾਰ ਜਿਹੜਾ ਰਾਜ ਗੁਰੂ ਨਾਨਕ ਨੇ ਸਥਾਪਤ ਕੀਤਾ, ਉਸ ਸਤਿ ਉਤੇ ਆਧਾਰਿਤ ਸੀ:

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ ।
ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤ ਪੀਵਦੈ ।

(ਵਾਰ ਰਾਮਕਲੀ, ਪੰਨਾ-966)

ਗੁਰੂ ਸਾਹਿਬ ਰਾਜੇ ਦੀ ਅਧਿਆਤਮਕ ਉਚੱਤਾ ਬਾਰੇ ਵੀ ਦਸਦੇ ਹਨ ਤਾਂ ਜੋ ਉਸਨੂੰ ਈਸ਼ਵਰ ਦਾ ਡਰ ਹੋਵੇ ਅਤੇ ਉਹ ਬੁਰੇ ਕਰਮਾਂ ਨੂੰ ਛੱਡ ਕੇ ਨੇਕ, ਮਾਨਵਵਾਦੀ ਕਰਮ ਕਰੇ:

ਓਹੁ ਆਪੇ ਤਖਤਿ ਬਹੈ ਸਚਿਆਰਾ ।
ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ
ਤਹੁ ਨਹਰਿ ਅੰਤਰਗਤਿ ਜਾਣਹਿ
ਸਤ ਸੰਗਤਿ ਸਾਚੁ ਵਡਾਈ ਹੈ।

(ਮਹਲਾ ੧,ਮਾਰੂ ਰਾਗ, ਪੰਨਾ-1026)

ਗੁਰੂ ਨਾਨਕ ਨੇ ਚੰਗੀ ਸਰਕਾਰ ਦੇ ਲੱਛਣ ਦਸਦੇ ਹੋਏ ਕਿਹਾ ਕਿ ਉਹੀ ਰਾਜ ਚੰਗਾ ਹੈ ਜਿਹੜਾ ਕਿ ਆਪਣੀ ਪਰਜਾ ਅਤੇ ਸਮੁੱਚੇ ਜੀਵਾਂ ਦੀ ਸੰਭਾਲ ਕਰੇ:

ਅੰਤਰਿ ਦੇਖਿ ਸਬਦਿ ਮਨੁ ਮਾਨਿਆ
ਅਵਰ ਨ ਰਾਗ ਨਹਾਰਾ
ਅਹਿਨਿਸ ਜੀਆ ਦੇਖਿ ਸਮਾਲੇ,
ਤਿਸ ਹੀ ਕੀ ਸਰਕਾਰਾ।

(ਪ੍ਰਭਾਤੀ ਮਹਲਾ ੧, ਪੰਨਾ-1331)

ਕਿਸੇ ਆਦਰਸ਼ਕ ਸਮਾਜ ਵਿਚ, ਨਾਗਰਿਕ ਸਮੂਹ ਨੂੰ ਮਿਲਣ ਵਾਲੇ ਆਰਥਿਕ ਅਧਿਕਾਰਾਂ ਦਾ, ਪਰਿਭਾਸ਼ਿਕ ਪੱਧਰ ਉਤੇ, ਗੁਰੂ ਨਾਨਕ ਨੇ ਭਾਵੇਂ ਕਿਧਰੇ ਵੀ ਸਿੱਧਾ ਤੇ ਸਪਸ਼ਟ ਉਲੇਖ ਨਹੀਂ ਕੀਤਾ, ਪਰੰਤੂ ਆਪਣਾ ਇਹ ਮੱਤ ਬੜੇ ਸਪਸ਼ਟ ਸ਼ਬਦਾਂ ਵਿਚ ਪ੍ਰਗਟ ਕੀਤਾ ਹੈ ਕਿ ਕਿਸੇ ਦੇ ਹੱਕ ਉਤੇ ਛਾਪਾ ਮਾਰਨ ਵਾਲਾ ਵਿਅਕਤੀ ਕਿਸੇ

ਸਮੇਂ ਵਿਚ ਵੀ ਮੁਆਫ਼ ਨਹੀਂ ਕੀਤਾ ਜਾਣਾ ਚਾਹੀਦਾ। ਅਜਿਹਾ ਕੀਤਿਆਂ ਹੀ ਮਾਨਵਵਾਦੀ ਕਦਰਾਂ ਕੀਮਤਾਂ ਕਾਇਮ ਰਹਿ ਸਕਦੀਆਂ ਹਨ।

ਗੁਰੂ ਨਾਨਕ ਦੇ ਯੁੱਗ ਵਿਚ ਮੁਸਲਮਾਨਾਂ ਲਈ ਸੂਰ ਦਾ ਗੋਸ਼ਤ ਖਾਣਾ ਅਤੇ ਹਿੰਦੂਆਂ ਲਈ ਗਊ ਦਾ ਮਾਸ ਖਾਣਾ, ਧਾਰਮਕ ਨੁਕਤਾ-ਨਿਗਾਹ ਤੋਂ ਵਰਜਿਤ ਸੀ। ਇਸ ਵਰਜਿਤ ਮਾਸ ਨੂੰ ਖਾਣ ਵਾਲੇ, ਆਪਣੇ ਧਰਮ ਤੋਂ ਭ੍ਰਸ਼ਟ ਹੋ ਗਏ ਸਮਝੇ ਜਾਂਦੇ ਸਨ, ਜਿਹਨਾਂ ਨੂੰ ਆਪਣੀਆਂ ਜਾਤੀਆਂ ਜਾਂ ਉਪ-ਜਾਤੀਆਂ ਵਿਚ ਕੋਈ ਸਤਿਕਾਰ ਨਹੀਂ ਸੀ ਮਿਲਦਾ। ਇਹ ਧਾਰਮਿਕ ਨਿਯਮ ਇਤਨਾ ਕਰੜਾ ਸੀ ਕਿ ਇਸਦੀ ਉਲੰਘਣਾ ਕਰਨ ਵਾਲਾ ਵਿਅਕਤੀ, ਸਮਾਜ ਦੇ ਹਰ ਖੇਤਰ ਵਿਚੋਂ ਛੇਕਿਆ ਜਾਂਦਾ ਸੀ। ਇਸ ਲਈ ਮੁਸਲਮਾਨ ਨੂੰ 'ਸੂਰ ਖਾਣ ਵਾਲਾ' ਅਤੇ ਹਿੰਦੂ ਨੂੰ 'ਗਊ ਖਾਣ ਵਾਲਾ' ਕਹਿਣਾ ਵੱਡੀ ਤੋਂ ਵੱਡੀ ਗਾਲ੍ਹ ਸਮਝੀ ਜਾਂਦੀ ਸੀ। ਕਿਸੇ ਮੁਸਲਮਾਨ ਨੂੰ ਕਿਸੇ ਵਿਸ਼ੇਸ਼ ਕ੍ਰਿਆ ਤੋਂ ਬਾਹਰ ਰੱਖਣ ਲਈ ਦਿੱਤੀਆਂ ਜਾਣ ਵਾਲੀਆਂ ਕਸਮਾਂ ਵਿਚੋਂ ਸਭ ਤੋਂ ਵੱਡੀ ਕਸਮ ਸੂਰ ਦੀ ਕਸਮ ਮੰਨੀ ਜਾਂਦੀ ਸੀ। ਇਸੇ ਤਰ੍ਹਾਂ ਹਿੰਦੂਆਂ ਲਈ ਸਭ ਤੋਂ ਵੱਡੀ ਕਸਮ, ਗਊ ਦੀ ਕਸਮ ਸੀ। ਗੁਰੂ ਨਾਨਕ ਨੇ ਆਰਥਿਕ ਸੰਦਰਭ ਵਿਚ, ਹਰੇਕ ਵਿਅਕਤੀ ਦੇ ਜਾਇਜ਼ ਹੱਕ ਨੂੰ ਇਸ ਹੱਦ ਤਕ ਮਾਨਤਾ ਦਿਤੀ ਕਿ ਉਹਨਾਂ ਨੇ ਦੂਜਿਆਂ ਦੇ ਹੱਕ ਤੇ ਛਾਪਾ ਮਾਰਨ ਵਾਲਿਆਂ ਨੂੰ, ਇਸ ਅਣ-ਮਨੁੱਖੀ ਕ੍ਰਿਆ ਤੋਂ ਬਾਹਰ ਰੱਖਣ ਲਈ, ਆਪਣੇ ਯੁੱਗ ਦੀਆਂ ਸਭ ਤੋਂ ਵੱਡੀਆਂ ਕਸਮਾਂ ਦਿੱਤੀਆਂ। ਕਿਸੇ ਹੱਕ ਖੋਹਣ ਵਾਲੇ ਮੁਸਲਮਾਨ ਨੂੰ ਅਤੇ ਇਸੇ ਤਰ੍ਹਾਂ ਕਿਸੇ ਹੋਰ ਨੂੰ ਉਸਦੇ ਜਾਇਜ਼ ਅਧਿਕਾਰਾਂ ਤੋਂ ਵੰਚਿਤ ਕਰਕੇ ਆਪਣੇ ਸੁਆਰਥ ਦੀ ਪੂਰਤੀ ਕਰਨ ਵਾਲੇ ਹਿੰਦੂ ਬਾਰੇ ਉਹਨਾਂ ਨੇ ਇਸ ਤਰ੍ਹਾਂ ਕਿਹਾ ਹੈ:

ਹੱਕ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨਾ ਖਾਇ ।

(ਵਾਰ ਮਾਝ, ਮਹਲਾ ੧, ਪੰਨਾ-141)

ਆਪਣੇ ਯੁੱਗ ਦੀ ਆਰਥਿਕ ਸਥਿਤੀ ਨੂੰ ਪੂਰੀ ਤਰ੍ਹਾਂ ਅਨੁਭਵ ਕਰਕੇ ਗੁਰੂ ਸਾਹਿਬ ਦੁਖੀ ਹੋਏ। ਪਰੰਤੂ ਰਾਜਨੀਤਿਕ ਸ਼ਕਤੀ ਦੇ ਸਹਾਰੇ ਬਿਨਾ, ਸਿੱਧੇ ਤੌਰ ਤੇ ਸਮੁੱਚੀ ਆਰਥਿਕ ਵਿਵਸਥਾ ਵਿਚ, ਕੋਈ ਮਹਾਨ ਤਬਦੀਲੀ ਲਿਆਉਣਾ, ਉਸ ਵੇਲੇ ਦੇ ਸਮਾਜਿਕ ਪ੍ਰਕਰਣ ਵਿਚ, ਉਨ੍ਹਾਂ ਲਈ ਸੰਭਵ ਨਹੀਂ ਸੀ। ਇਸ ਲਈ ਇਸ ਖੇਤਰ ਵਿਚ ਸਭ ਤੋਂ ਵੱਡਾ ਕੰਮ ਉਨ੍ਹਾਂ ਨੇ ਇਹ ਕੀਤਾ ਕਿ ਆਪਣੇ ਆਪ ਨੂੰ ਹਰ ਥਾਂ

ਬਾਰ ਬਾਰ ਅਤਿਅੰਤ ਦਰਜੇ ਦਾ ਗਰੀਬ ਕਹਿ ਕੇ ਸਭ ਜਾਤੀਆਂ ਅਤੇ ਉਪ-ਜਾਤੀਆਂ ਦੇ ਗਰੀਬ ਲੋਕਾਂ ਵਿਚੋਂ ਹੀਣ-ਭਾਵਨਾ ਅਤੇ ਘਟੀਆਪਣੇ ਦੇ ਅਹਿਸਾਸ ਨੂੰ ਕਾਫ਼ੀ ਹੱਦ ਤਕ ਘਟਾ ਦਿੱਤਾ। ਗੁਰੂ ਨਾਨਕ ਨੇ ਉੱਚੀ ਕੁਲ ਨਾਲ ਸੰਬੰਧਿਤ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਖੁਲ੍ਹੇ ਸ਼ਬਦਾਂ ਵਿਚ ਨੀਵਿਆਂ ਤੋਂ ਵੀ ਵਧੇਰੇ ਨੀਵਾਂ ਕਿਹਾ ਹੈ:

ਨੀਚਾ ਅੰਦਰ ਨੀਚ ਜਾਤਿ
ਨੀਚੀ ਹੂ ਅਤਿ ਨੀਚੁ
ਨਾਨਕ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ
ਜਿਥੈ ਨੀਚ ਸਮਾਲਿਅਨਿ
ਤਿਥੈ ਨਦਰਿ ਤੇਰੀ ਬਖਸੀਸ ।

(ਸਿਰੀ ਰਾਗ, ਮਹਲਾ ੧, ਪੰਨਾ-15)

ਨਾਨਕ-ਬਾਣੀ ਵਿਚ ਅਜਿਹੇ ਮਾਨਵਵਾਦੀ ਸਿਧਾਂਤ ਹਨ ਜਿਹੜੇ ਨਾ ਕੇਵਲ ਭਾਰਤੀ ਸਮਾਜ ਦਾ ਹੀ ਕਲਿਆਣ ਕਰ ਸਕਦੇ ਹਨ ਬਲਕਿ ਇਹ ਤਾਂ ਸਮੁੱਚੇ ਜਗਤ ਲਈ ਇਕ ਪ੍ਰਕਾਰ ਦੀ ਸਰਬ-ਰੋਗ ਮੁਕਤ ਔਸ਼ਧੀ ਹਨ। ਨਾਨਕ ਬਾਣੀ ਮਨੁੱਖ ਨੂੰ
ਪ੍ਰਗਤੀਵਾਦੀ ਆਦਰਸ਼ਾਂ ਤੇ ਤੋਰਦੀ ਹੈ। ਗਰੀਬਾਂ ਦਾ ਖੂਨ ਪੀ ਪੀ ਕੇ, ਮਿਹਨਤਾਂ, ਰਿਸ਼ਵਤਾਂ,
ਠੱਗ ਠੱਗ ਕੇ ਮਾਇਆ ਇਕੱਠੀ ਕਰੀ ਜਾਣੀ ਅਤੇ ਨਾਲ ਨਾਲ ਨਿਮਾਜ਼ ਪੜ੍ਹੀ ਜਾਣੀ ਆਪਣੇ ਆਪ ਵਿਚ ਅਮਾਨਵੀ ਕਰਮ ਹੈ। ਅਜਿਹਾ ਕਰਨ ਦਾ ਕੋਈ ਲਾਭ ਨਹੀਂ। ਗੁਰੂ ਨਾਨਕ ਨੇ 'ਮਾਝ ਦੀ ਵਾਰ' ਵਿਚ ਇਸ ਤਰ੍ਹਾਂ ਲਿਖਿਆ ਹੈ:

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ
ਜੇ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ।
ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ।
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ।

(ਮਾਝ ਦੀ ਵਾਰ, ਮਹਲਾ ੧, ਪੰਨਾ-140)

ਗੁਰੂ ਨਾਨਕ ਦਾ ਮਾਨਵਵਾਦ ਮਿਹਨਤ, ਉਦਮ ਦੇ ਨਾਲ ਹੱਕ ਦੀ ਕਮਾਈ ਵਲ ਸੁਚੇਤ ਕਰਦਾ ਹੈ। ਸਮਾਜਿਕ ਭਾਈਚਾਰੇ ਵਿਚ ਮਿਲਵਰਤਨ ਦੀ ਭਾਵਨਾ ਹੋਵੇ ਅਤੇ ਆਰਥਿਕ ਖੇਤਰ ਵਿਚ ਲੁਟ-ਖਸੁੱਟ ਦੀ ਥਾਂ [illegible] ਹੱਕਾਂ ਦੀ ਰਾਖੀ ਦਾ ਨਿਜ਼ਾਮ ਪੈਦਾ ਹੋਵੇ।

ਪੈਦਾ ਹੋਵੇ।[1] ਗੁਰੂ ਸਾਹਿਬ ਅਨੁਸਾਰ:

ਪਾਪਾਂ ਬਾਝਹੁ ਹੋਵੈ ਨਾਹੀ,
ਮੁਇਆ ਸਾਥਿ ਨ ਜਾਈ।

(ਰਾਗ ਆਸਾ, ਮਹਲਾ ੧, ਅਸ਼ਟਪਦੀਆਂ, ਪੰਨਾ-417)

ਮਨੁੱਖ ਜਦੋਂ ਇਸ ਅਸਲੀਅਤ ਨੂੰ ਸਮਝੇਗਾ ਕਿ ਮਾਇਆ ਨੇ ਮਰਨ ਵੇਲੇ ਨਾਲ ਨਹੀਂ ਜਾਣਾ, ਤਾਂ ਹੀ ਮਨੁੱਖ ਦੂਸਰਿਆਂ ਦਾ ਹੱਕ ਖਾਣਾ ਛੱਡੇਗਾ ਅਤੇ ਮਾਨਵਵਾਦ ਦੀ ਪ੍ਰਾਪਤੀ ਹੋ ਸਕੇਗੀ। ਸਮੂਹ ਵਿਚ ,ਬੈਠ ਕੇ , ਵੰਡ ਛੱਕਣ ਨਾਲ ਮਾਨਵੀ-ਏਕਤਾ ਦੇ ਸਰੂਪ ਨੂੰ ਪਛਾਣਿਆ ਜਾ ਸਕੇਗਾ। ਮਿਹਨਤ, ਉੱਦਮ ਦੁਆਰਾ ਸੱਚੀ-ਸੁੱਚੀ ਕਿਰਤ ਦੇ ਯਤਨ ਵਿਚ ਰਹਿਣਾ, ਕਿਸੇ ਦਾ ਹੱਕ ਨਹੀਂ ਮਾਰਨਾ, ਹੱਕ ਦੀ ਕਮਾਈ ਕਰਨਾ, ਪਰ-ਧਨ ਤੋਂ ਬਚਣਾ, ਹੱਥੋਂ ਦੇ ਕੇ ਭਲਾ ਕਰਨਾ ਆਦਿ, ਆਰਥਿਕ ਸੰਦਰਭ ਵਿਚ ਉੱਤਮ ਮਾਨਵਵਾਦੀ ਸੰਕਲਪ ਹਨ। ਗੁਰੂ ਨਾਨਕ ਅਨੁਸਾਰ:

ਸਾਚੁ ਵਖਰੁ ਧਨੁ ਪਲੈ ਹੋਇ ।
ਆਪਿ ਤਰੈ ਤਾਰੇ ਭੀ ਸੋਇ ।

(ਰਾਮਕਲੀ ਮਹਲਾ ੧, ਪੰਨਾ-944)

ਸ਼ੋਸ਼ਿਤ ਸ਼੍ਰੇਣੀ ਨੂੰ, ਗੁਰੂ ਸਾਹਿਬ ਭਾਵੇਂ ਆਪਣੇ ਯੁੱਗ ਵਿਚ, ਆਰਥਿਕ ਪੱਖੋਂ ਪੂਰੀ ਤਰ੍ਹਾਂ ਖੁਸ਼ਹਾਲ ਨਾ ਵੇਖ ਸਕੇ, ਲੇਕਿਨ ਆਪਣੀ ਪੱਧਰ ਨੂੰ ਇਨ੍ਹਾਂ ਮਸਕੀਨਾਂ ਦੀ ਪੱਧਰ ਨਾਲ ਜੋੜ ਕੇ, ਇਹਨਾਂ ਵਿਚ ਸਵੈ-ਮਾਣ ਦੀ ਭਾਵਨਾ ਉਪਜਾ ਕੇ ਅਤੇ ਇਨ੍ਹਾਂ ਨੂੰ ਇਕ ਸਾਂਝੀ ਜਥੇਬੰਦੀ ਵਿਚ ਰਹਿਣ ਦੀ ਪ੍ਰੇਰਣਾ ਦੇ ਕੇ, ਗੁਰੂ ਸਾਹਿਬ ਨੇ ਅੱਗੇ ਆਉਣ ਵਾਲੇ ਆਰਥਿਕ ਇਨਕਲਾਬ ਲਈ ਰਾਹ ਜ਼ਰੂਰ ਤਿਆਰ ਕੀਤਾ। ਆਰਥਿਕ ਸਮਾਨਤਾ ਮਾਨਵਵਾਦੀ ਦ੍ਰਿਸ਼ਟੀਕੋਣ ਦਾ ਮਹੱਤਵਪੂਰਨ ਪਹਿਲੂ ਹੈ। ਪ੍ਰੋ. ਕਿਸ਼ਨ ਸਿੰਘ ਦਸਦੇ ਹਨ ਕਿ: ਆਰਥਿਕ ਵਿਕਾਸ ਤੇ ਗੁਰੂ ਸਾਹਿਬ ਦਾ ਮਾਰਕਸਵਾਦੀ ਦ੍ਰਿਸ਼ਟੀਕੋਣ ਕਿਵੇਂ ਹੈ?

ਹਰ ਮਜ਼ਬ ਵਾਂਗ, ਗੁਰਬਾਣੀ ਜਮਾਤੀ ਹਿੱਤ ਪ੍ਰਗਟ ਕਰਦੀ ਹੈ, ਉਸ ਹਿੱਤ ਦਾ ਰੈਫ਼ਲੇਨ ਹੈ। ਇਸਦਾ ਰੱਬ ਉਸ ਹਿੱਤ ਦੀਆਂ

---

1. ਸੰਗਿ ਨ ਚਾਲਸਿ ਤੇਰੈ ਧਨਾ
ਤੂੰ ਕਿਆ ਲਪਟਾਵਹਿ ਮੂਰਖ ਮਨਾ ।
( ਸੁਖਮਨੀ ਸਾਹਿਬ, ਮਹਲਾ 5, ਪੰਨਾ-288)

> ਕੀਮਤਾਂ ਨਾਲ ਸੰਮਿਲਤ ਹੈ। ਰੱਬ ਦਾ ਮਿਲਣਾ ਉਨ੍ਹਾਂ ਕਦਰਾਂ ਨੂੰ ਅਪਨਾਉਣਾ, ਉਸ ਚਿੱਤ ਦੀ ਪ੍ਰਕਰਤੀ ਦੇ ਰਾਹ ਮੋੜ ਦੇ ਆਧਾਰਤ ਕਰਦੀ ਹੈ। ਰੱਬ ਦੀ ਪ੍ਰਾਪਤੀ, ਮੁਕਤ-ਨਰਕ ਮੌਤ, ਦੁਖ-ਸੁਖ ਸਭ ਨੂੰ ਉਨ੍ਹਾਂ ਕਦਰਾਂ ਦੀ ਪ੍ਰਾਪਤੀ ਉਸ ਚਿੱਤ ਦੇ ਅਧੀਨ ਲੋਕ ਵਾਸਤੇ ਕਸੌਟੀ ਬਣਾਉਂਦੀ ਹੈ। ਉਹ ਚਿੱਤ ਲੋਕਾਂ ਦਾ ਹੈ। ਇਸ ਵਾਸਤੇ ਇਨਸਾਨੀਅਤ ਹੈ, ਮਾਨਵਵਾਦ ਹੈ। ਗੁਰਬਾਣੀ ਹੱਕ ਹਲਾਲ ਦੀ ਲਕੀਰ ਆਪ ਖਾਂਦੀ ਹੈ। ਹਰ ਬੁਰਾ ਕਿਰ, ਹਕ ਖਾਂ ਪਾਉਂਦੀ ਹੈ। ਮਨੁੱਖੀ ਲੋੜ ਤੇ ਆਧਾਰਿਤ ਉਸਦੇ ਅਧੀਨ ਲਾਉਂਦੀ ਹੈ। ਮਾਨਵ ਦਾ ਚਿੱਤ ਸਾਹਮਣੇ ਰੱਖਦੀ ਹੈ। ਇਸ ਵਾਸਤੇ ਮਾਨਵਵਾਦੀ ਹੈ। ਗੁਰਬਾਣੀ ਫੀਊਡਲ ਦੀ ਸਟੇਟ ਉਸਦੇ ਕਾਨੂੰਨ ਉਸਦੀ ਮਲਕੀਅਤ ਦੇ ਵਿਰੁੱਧ ਲਕੀਰ ਪਾਉਂਦੀ ਹੈ, ਇਸ ਵਾਸਤੇ ਉਸਦੇ ਵਿਰੁੱਧ ਇਨਕਲਾਬੀ ਹੈ।[1]

ਉਸ ਸਮੇਂ ਦੇ ਭਾਰਤ ਵਿਚ 'ਨੀਵੀਆਂ ਜਾਤਾਂ ਦੇ ਹੱਕ ਵਿਚ ਬੋਲਣਾ ਅਤੇ 'ਵੱਡਿਆਂ' ਨੂੰ ਲਲਕਾਰਨਾ, ਵਾਸਤਵਿਕ ਤੌਰ ਤੇ ਇਕ ਅਤਿ ਗਰਮ ਅਤੇ ਇਨਕਲਾਬੀ ਸੰਦੇਸ਼ ਸੀ। ਨਾਨਕ ਬਾਣੀ ਰਾਜਨੀਤਿਕ ਅਤੇ ਆਰਥਿਕ ਸੰਘਰਸ਼ ਵਿਚ ਮਹਾਨ ਮਾਨਵਵਾਦੀ ਕੀਮਤਾਂ ਦਾ ਪ੍ਰਤੀਪਾਦਨ ਕਰਦੀ ਹੈ। ਡਾ. ਗੋਕਲ ਚੰਦ ਨਾਰੰਗ ਦੇ ਸ਼ਬਦਾਂ ਵਿਚ: "ਸਦੀਆਂ ਦੀ ਗੁਲਾਮੀ ਪਿਛੋਂ ਨਾਨਕ ਹਿੰਦੂਆਂ ਵਿਚ ਪਹਿਲਾ ਉਹ ਵਿਅਕਤੀ ਸੀ, ਜਿਸਨੇ ਅਤਿਆਚਾਰ ਅਤੇ ਦਮਨ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ।[2]

ਰਾਜਨੀਤਿਕ ਖੇਤਰ ਵਿਚ ਗੁਰੂ ਨਾਨਕ ਦੇ ਮਾਨਵਵਾਦ ਦਾ ਇਕ ਪਹਿਲੂ ਹੋਰ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਖੇਤਰ ਵਿਚ ਗੁਰੂ ਨਾਨਕ ਨੇ ਹਿੰਦੂ-ਮੁਸਲਿਮ ਏਕਤਾ ਤੇ ਜ਼ੋਰ ਦਿੱਤਾ। ਇਸਦਾ ਸਬੂਤ ਗੁਰੂ ਨਾਨਕ ਦੀਆਂ ਯਾਤਰਾਵਾਂ ਸਮੇਂ ਉਨ੍ਹਾਂ ਦੇ ਦੋ ਪੈਰੋਕਾਰ ਸਾਥੀਆਂ ਤੋਂ ਮਿਲਦਾ ਹੈ। ਇਨ੍ਹਾਂ ਵਿਚੋਂ ਇਕ ਭਾਈ ਬਾਲਾ ਨਾਂ ਦਾ ਹਿੰਦੂ ਸੀ ਅਤੇ ਦੂਸਰਾ ਭਾਈ ਮਰਦਾਨਾ ਨਾਂ ਦਾ ਮੁਸਲਮਾਨ ਸੀ। ਉਹਨਾਂ ਦੋਨੋਂ

---

1. ਪ੍ਰੋ. ਕਿਸ਼ਨ ਸਿੰਘ, ਗੁਰਬਾਣੀ ਦਾ ਸੱਚ, ਪੰਨਾ-33
2. Narang, G.C. Transformation of Sikhism, P.125

ਉਹਨਾਂ ਦੋਨਾਂ ਨੂੰ ਉਹ ਭਾਈ ਸੰਬੋਧਨ ਕਰਕੇ ਬੁਲਾਉਂਦੇ ਸਨ। ਹਿੰਦੂ-ਮੁਸਲਮ ਏਕਤਾ ਦੀ ਹਾਮੀ ਅਤੇ ਪੁਰਜ਼ੋਰ ਅਪੀਲ ਕਰਦੇ ਸਨ। ਇਸੇ ਕਾਰਣ ਗੁਰੂ ਨਾਨਕ ਬਾਰੇ ਕਿਹਾ ਜਾਂਦਾ ਸੀ: 'ਬਾਬਾ ਨਾਨਕ ਸ਼ਾਹ ਫ਼ਕੀਰ, ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ'। ਡਾ. ਐਸ .ਰਾਧਾਕ੍ਰਿਸ਼ਨਨ ਗੁਰੂ ਨਾਨਕ ਦੇ ਹਿੰਦੂ-ਮੁਸਲਮ ਏਕਤਾ ਦੇ ਸੰਬੰਧ ਵਿਚ ਮਾਨਵਵਾਦੀ ਵਿਚਾਰਾਂ ਬਾਰੇ ਇਸ ਤਰ੍ਹਾਂ ਲਿਖਦੇ ਹਨ:

> ਭਾਰਤ ਦੀ ਸੱਚੀ ਪਰੰਪਰਾ ਅਨੁਸਾਰ ਗੁਰੂ ਨਾਨਕ ਦੇਵ ਜੀ ਵਿਸ਼ਵਾਸ ਰੱਖਦੇ ਸਨ ਕਿ ਅਨੁਭਵ ਧਰਮ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਜਿਹੜੇ ਵਿਅਕਤੀ ਇਸ ਦ੍ਰਿਸ਼ਟੀਕੋਣ ਨੂੰ ਅਪਣਾਉਂਦੇ ਹਨ ਉਹ ਕਰਮ-ਕਾਂਡਾਂ ਨੂੰ ਕੋਈ ਵਿਸ਼ੇਸ਼ਤਾ ਨਹੀਂ ਦੇਂਦੇ। ਗੁਰੂ ਨਾਨਕ ਦੇਵ ਜੀ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਭੇਦ-ਭਾਵ ਦਾ ਸਿਧਾਂਤ ਸਵੀਕਾਰ ਨਹੀਂ ਕਰਦੇ ਸਨ। ਉਹਨਾਂ ਅਜਿਹੇ ਵਿਤਕਰਿਆਂ ਤੋਂ ਪਰ੍ਹੇ ਰਹਿ ਕੇ ਇਕ ਅਜਿਹੇ ਅਧਿਆਤਮਕ ਧਰਮ ਦੀ ਪ੍ਰਤਿਪਾਲਣਾ ਕੀਤੀ। ਜਿਹੜਾ ਕਿ ਸਰਬ-ਵਿਆਪੀ ਹੈ।[1]

ਇਸ ਪ੍ਰਕਾਰ ਨਾਨਕ ਬਾਣੀ ਵਿਚ ਮਾਨਵੀ ਏਕਤਾ ਅਤੇ ਦੇਸ਼-ਭਗਤੀ ਦੇ ਵਿਚਾਰ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਪ੍ਰਸੰਗ ਵਿਚ ਪ੍ਰੋ.ਹਰਨਾਮ ਦਾਸ ਦੇ ਸ਼ਬਦ ਵਰਨਣਯੋਗ ਹਨ:

> ਗੁਰੂ ਨਾਨਕ ਦੇਵ ਜੀ ਨੇ। ਦੇਸ਼-ਭਗਤੀ ਜਾਂ ਆਪਣੇ ਦੇਸ਼ ਪਿਆਰ ਸੇਵਾ, ਸਤਿਕਾਰ ਅਤੇ ਅਧਿਆਤਮੀਕਰਣ ਨੂੰ ਆਪਣੇ ਜੀਵਨ ਦਾ ਇਕ ਪਵਿੱਤਰ ਆਦਰਸ਼ ਬਣਾਇਆ ਹੋਇਆ ਸੀ। ਉਹ ਯਕੀਨੀ ਤੌਰ ਤੇ ਇਹ ਚਾਹੁੰਦੇ ਸਨ ਕਿ ਨਾਮ,ਬੁੱਧੀ, ਲਗਨ, ਧਰਮ, ਮਾਨਵਵਾਦ, ਅਧਿਆਤਮਕ ਸਮਾਜਵਾਦ ਅਤੇ ਸੰਪੂਰਨ ਰਾਸ਼ਟਰੀ ਪੱਖੋਂ ਉਨ੍ਹਾਂ ਦੀ ਮਾਤ ਭੂਮੀ ਉਚੀ ਹੋਣੀ ਚਾਹੀਦੀ ਹੈ।[2]

---

1. ਗੁਰਮੁਖ ਸਿੰਘ ਨਿਹਾਲ ਸਿੰਘ(ਮੁਖ ਸੰਪਾਦਕ) <u>ਗੁਰੂ ਨਾਨਕ:ਜੀਵਨ ਯੁੱਗ ਅਤੇ ਉਪਦੇਸ਼</u> ਪੰ.9
2. Harnam Das , <u>Guru Nanak's Philosophy of Divine Life</u> P.141

ਗੁਰੂ ਨਾਨਕ ਬਾਣੀ ਵਿਅਕਤੀਗਤ ਮੁਕਤੀ ਤੋਂ ਭਾਈਚਾਰੇ, ਦੇਸ਼-ਭਗਤੀ ਮਾਨਵ-ਭਗਤੀ, ਵਿਸ਼ਵ-ਭਾਈਚਾਰੇ ਦੀ ਮੁਕਤੀ ਦਾ ਮਾਰਗ ਦਰਸਾਉਂਦੀ ਹੈ। ਗੁਰੂ ਨਾਨਕ ਇਕ ਸਮਾਜ ਸੁਧਾਰਕ ਸਨ, ਜਿਨ੍ਹਾਂ ਨੇ ਇਕ ਨਿੱਗਰ ਧਾਰਮਿਕ ਇਨਕਲਾਬ ਆਯੋਜਿਤ ਕੀਤਾ। ਲੇਕਿਨ ਇਸਦੇ ਨਾਲ ਨਾਲ ਉਹਨਾਂ ਨੇ ਰਾਜਨੀਤਿਕ ਅਤੇ ਆਰਥਿਕ ਦ੍ਰਿਸ਼ਟੀ ਤੋਂ ਵੀ ਸਿਧਾਂਤ ਪ੍ਰਸਤੁੱਤ ਕੀਤੇ। ਉਹਨਾਂ ਦੇ ਸਮੁੱਚੇ ਰਾਜਨੀਤਿਕ ਅਤੇ ਆਰਥਿਕ ਦਰਸ਼ਨ ਦਾ ਸੰਖੇਪ ਇਹਨਾਂ ਸ਼ਬਦਾਂ ਵਿਚ ਦਿੱਤਾ ਜਾਸਕਦਾ ਹੈ: ੳ) ਏਕਤਾ ਅਤੇ ਭਰਾਤ੍ਰੀਅਤਾ (ਅ) ਕਿਰਤ ਕਰਨੀ ਅਤੇ ਵੰਡ ਕੇ ਛਕਣਾ (ੲ) ਨਿਆਂ ਅਤੇ ਸਮਾਨਤਾ ਦੇ ਸੰਕਲਪਾਂ ਨੂੰ ਪ੍ਰਾਣੀ -ਮਾਤਰ ਦੀ ਜ਼ਿੰਦਗੀ ਦਾ ਆਧਾਰ ਬਨਾਉਣਾ।

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦਾ ਮਾਨਵਵਾਦ ਰਾਜਨੀਤਿਕ- ਖੇਤਰ ਵਿਚ ਸਰਬਤ ਦੀ ਆਜ਼ਾਦੀ, ਜਾਗਰੂਕਤਾ ਦੇ ਨਾਲ ਨਾਲ ਆਰਥਿਕ ਆਧਾਰ ਉਪਰ ਲੋਕਾਂ ਨੂੰ ਖੁਸ਼ਹਾਲ ਵੇਖਣਾ ਚਾਹੁੰਦਾ ਹੈ ਅਤੇ ਇਸ ਸੰਦਰਭ ਵਿਚ ਸ਼ਾਸਕ ਵਰਗ( ਸ਼ੋਸ਼ਕ ਵਰਗ) ਦੇ ਵਿਰੁੱਧ ਆਵਾਜ਼ ਬੁਲੰਦ ਕਰਕੇ ਆਮ ਲੋਕਾਂ ਨੂੰ ਉਹਨਾਂ ਦੇ ਆਰਥਿਕ ਹੱਕਾਂ ਤੋਂ ਚੇਤੰਨ ਕਰਾਇਆ। ਜਿਥੇ ਆਰਥਿਕ ਅਸਮਾਨਤਾ ਹੈ, ਉਥੇ ਇਨਸਾਨੀਅਤ ਖਤਮ ਹੈ, ਉਥੇ ਅਮਾਨਵਵਾਦ ਹੈ। ਨਾਨਕ-ਬਾਣੀ ਮਨੁੱਖ ਨੂੰ ਇਹਨਾਂ ਆਧਾਰਾਂ ਤੇ ਜਾਗਰੂਕ ਕਰਦੀ ਹੈ। ਗੁਰੂ ਨਾਨਕ ਨੇ ਜਿਸ ਸੰਘਰਸ਼ ਲਈ, ਜਿਸ ਯੁੱਧ ਲਈ ਲੋਕਾਂ ਨੂੰ ਤਿਆਰ ਕੀਤਾ ਉਹ ਜੰਗਾਂ, ਜ਼ਰ, ਜ਼ੋਰੂ, ਜ਼ਮੀਨ ਜਾਂ ਰਾਜ ਗੱਦੀ ਲਈ ਨਹੀਂ ਸਗੋਂ ਮਨੁੱਖੀ ਹੱਕਾਂ ਦੀ ਰਾਖੀ ਲਈ ਲੜੀਆਂ ਗਈਆਂ। ਇਹ ਮੱਧਕਾਲੀਨ ਯੁੱਗ ਦੇ ਇਤਿਹਾਸ ਵਿਚ ਮਹੱਤਵਪੂਰਨ ਘਟਨਾ ਹੈ ਜਿਥੇ ਰਾਜਨੀਤਿਕ ਅਤੇ ਆਰਥਿਕ ਜਕੜਬੰਦੀਆਂ ਨੂੰ ਨਿਰੋਲ ਸਦਾਚਾਰ ਅਤੇ ਮਾਨਵੀ ਪੱਧਰ ਤੇ ਲਲਕਾਰਿਆ ਗਿਆ। ਨਿਰਸੰਦੇਹ, ਇਤਿਹਾਸ ਦੇ ਇਸ ਚਮਤਕਾਰ ਦਾ ਸਿਹਰਾ ਮਾਨਵਵਾਦੀ ਨਾਨਕ-ਬਾਣੀ ਦੇ ਸਿਰ ਹੈ।

*****

## ਅਧਿਆਇ ਪੰਜਵਾਂ:

### ਸਦਾਚਾਰਕ ਸੰਦਰਭ ਅਤੇ ਮਾਨਵਵਾਦ

(ੳ) ਮਾਨਵਵਾਦ ਦਾ ਆਧਾਰ-ਭੂਤ ਤੱਤ: ਸਦਾਚਾਰ

(ਅ) ਮਨੁੱਖ ਦੀ ਅੰਦਰੂਨੀ ਸ਼ਖਸੀਅਤ ਦਾ ਵਿਕਾਸ ਅਤੇ ਮਾਨਵਵਾਦ

(ੲ) ਗੁਰੂ ਨਾਨਕ ਬਾਣੀ ਰਾਹੀਂ ਵਿਸ਼ਵ ਧਰਮ ਦੀ ਸਥਾਪਨਾ

****

## ਸਦਾਚਾਰਕ ਸੰਦਰਭ

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

( ਮਹਲਾ ੧)

****

## (ੳ) ਮਾਨਵਵਾਦ ਦਾ ਆਧਾਰ-ਭੂਤ ਤੱਤ: ਸਦਾਚਾਰ:

ਮਨੁੱਖ ਇਕ ਸਮਾਜਿਕ ਜੀਵ ਹੈ। ਪਸ਼ੂ, ਪੰਛੀਆਂ, ਕੀੜਿਆਂ ਵਿਚ ਵੀ ਸਮਾਜਿਕਤਾ ਹੁੰਦੀ ਹੈ। ਲੇਕਿਨ ਉਹਨਾਂ ਦੀ ਸਮਾਜਿਕਤਾ, ਸਮੂਹਕਤਾ ਦਾ ਆਧਾਰ ਸਹਜ ਪ੍ਰਵਿਰਤੀਆਂ ਹੁੰਦੀਆਂ ਹਨ। ਮਨੁੱਖ ਦੀ ਸਮਾਜਿਕਤਾ ਨਿਰੋਲ ਕੁਦਰਤੀ ਪ੍ਰਵਿਰਤੀਆਂ ਤੇ ਆਧਾਰਿਤ ਨਹੀਂ ਬਲਕਿ ਮਨੁੱਖ ਕੋਲ ਬੌਧਿਕਤਾ ਵੀ ਹੈ, ਬੁੱਧੀ ਰਾਹੀਂ ਮਨੁੱਖ ਆਪਣੀਆਂ ਪ੍ਰਵਿਰਤੀਆਂ ਨੂੰ ਲਗਾਮ ਪਾ ਕੇ ਰੱਖ ਸਕਦਾ ਹੈ। ਆਪਣੇ ਜੀਵਨ ਵਿਚ ਸੰਜਮ ਲਿਆ ਕੇ ਉਹਨਾਂ ਨੂੰ ਸਦਾਚਾਰੀ ਬਣਾ ਸਕਦਾ ਹੈ।

ਸਦਾਚਾਰ ਦਾ ਅਰਥ ਹੈ: ਚੰਗਾ, ਵਿਹਾਰ, ਉੱਤਮ-ਕਰਮ, ਸੱਚਾ-ਸੁੱਚਾ। ਜੀਵਨ। ਯੂਨਾਨੀ ਦਾਰਸ਼ਨਿਕਾਂ ਦੇ ਅਨੁਸਾਰ: ਸਦਾਚਾਰ ਮਾਨਵ ਵਿਚ ਨਿਹਿਤ ਸ੍ਰੇਸ਼ਠਤਾ ਹੈ।[1] ਇਸਦੇ ਨਿਸ਼ਚਿਤ ਅਰਥ ਇਹੀ ਹਨ। ਲੇਕਿਨ ਸਮੇ ਸਮੇਂ ਤੇ ਇਸਦੇ ਅਰਥ ਬਦਲਦੇ ਰਹੇ ਹਨ। ਪੁਰਾਣੇ ਸਮੇਂ ਵਿਚ ਇਸਦੀ ਵਰਤੋਂ ਕੁਲ-ਪਰੰਪਰਾਗਤ-ਆਚਾਰ ਦੇ ਅਰਥਾਂ ਵਿਚ ਵੀ ਹੁੰਦੀ ਰਹੀ ਹੈ। ਵਰਣਵੰਡ ਅਨੁਸਾਰ ਆਪਣੇ ਜਿੰਮੇ ਲੱਗੇ ਕਰਮਾਂ ਨੂੰ ਬਿਨਾ ਝਿਕਦਾ, ਗਿਲਾ ਕੀਤਿਆਂ ਪੂਰੇ ਕਰੀ ਜਾਣਾ ਸਦਾਚਾਰ ਸੀ। ਲੇਕਿਨ ਇਹ ਗਲਤ ਹੈ। ਸਮਾਜ ਵਿਚ ਰਹਿੰਦੇ ਹੋਏ ਪ੍ਰਾਣੀ-ਮਾਤਰ ਨੂੰ ਚੰਗੇ ਜਾਂ ਮਾੜੇ,ਠੀਕ ਜਾਂ ਗਲਤ ਬਾਰੇ ਸੋਝੀ ਦੇਣ ਵਾਲਾ ਸ਼ਾਸਤਰ ਹੀ ਸਦਾਚਾਰ ਸ਼ਾਸਤਰ ਹੈ। ਸਦਾਚਾਰਕ ਨਿਯਮਾਂ ਦਾ ਗਿਆਨ ਪ੍ਰਾਪਤ ਕਰਦੇ ਹੀ ਮਨੁੱਖ ਸੁੱਚੇ ਮਾਰਗ ਦਾ ਪਾਂਧੀ ਬਣ ਸਕਦਾ ਹੈ। ਮਾਨਵਵਾਦੀ ਕਰਮ ਕਰ ਸਕਦਾ ਹੈ।

ਸਦਾਚਾਰ ਦੇ ਸੰਕਲਪ ਦੀ ਵਿਆਖਿਆ ਪੱਛਮ ਵਿਚ ਪ੍ਰਕ੍ਰਿਤੀਵਾਦ, ਆਨੰਦ-ਵਾਦ, ਉਪਯੋਗਤਾਵਾਦ ਆਦਿ ਨਾਵਾਂ ਹੇਠ ਸੁਤੰਤਰ ਰੂਪ ਵਿਚ ਹੋਈ ਹੈ। ਲੇਕਿਨ ਭਾਰਤੀ ਚਿੰਤਨ ਪਰੰਪਰਾ ਵਿਚ ਸਦਾਚਾਰ ਦੀ ਵਿਆਖਿਆ ਇਸ ਤੋਂ ਭਿੰਨ ਅਰਥਾਂ ਵਿਚ ਹੋਈ ਹੈ। ਭਾਰਤੀ ਪਰੰਪਰਾ ਵਿਚ ਸਦਾਚਾਰ ਨੂੰ ਧਰਮ ਦਾ ਅੰਗ ਹੀ ਮੰਨਿਆ ਜਾਂਦਾ ਰਿਹਾ ਹੈ। ਧਰਮ ਮਨੁੱਖ ਦੇ ਜੀਵਨ ਦੇ ਹਰ ਪੱਖ ਤੇ ਇਤਨਾ ਛਾਇਆ ਹੋਇਆ ਹੈ ਕਿ ਬਿਨਾ ਧਰਮ ਦੀ ਓਟ ਲਏ ਕਿਸੇ ਵੀ ਪ੍ਰਕਾਰ ਦਾ ਕੋਈ ਵੀ ਕਰਮ ਸੰਭਵ ਨਹੀਂ। ਸਮਾਜ ਵਿਚ ਨੇਕ ਕਰਮ ਕਰਨਾ ਇਸ ਲਈ ਜ਼ਰੂਰੀ ਨਹੀਂ ਮੰਨਿਆ ਜਾਂਦਾ

---

1. "That state of a thing which constitutes its peculiar excellence and enables it to perform its function well; particularly, in man; the activity of reason and of rationally ordered habits."
(D.D.Runes:The Dictionary of Philosophy,P.332)

ਕਿਉਂਕਿ ਇਹ ਧਰਮ ਦੇ ਅੰਗ ਹਨ। ਕਹਿਣ ਦਾ ਭਾਵ ਇਹ ਹੈ ਕਿ ਭਾਰਤੀ ਸਦਾਚਾਰਕ ਚਿੰਤਨ ਧਰਮ ਨਾਲ ਜੁੜਿਆ ਹੋਇਆ ਹੈ ਜਦ ਕਿ ਸਦਾਚਾਰ ਸਮਾਜ ਦਾ ਅਭਿੰਨ ਅੰਗ ਹੈ। ਸਦਾਚਾਰ ਤੇ ਹੀ ਵਿਅਕਤੀ ਅਤੇ ਸਮਾਜ ਦੀ ਉੱਨਤਾ ਨਿਰਭਰ ਹੈ।

ਪ੍ਰਾਚੀਨ ਧਰਮ ਗ੍ਰੰਥਾਂ ਅਨੁਸਾਰ ਜਿਹੜਾ ਵਿਅਕਤੀ ਬੁਰੇ ਕਰਮਾਂ ਤੋਂ ਪਰੇ ਨਹੀਂ ਹੱਟ ਸਕਿਆ, ਪੰਜ ਵਿਕਾਰਾਂ ਤੇ ਕਾਬੂ ਨਹੀਂ ਪਾ ਸਕਿਆ, ਉਹ ਪਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦਾ। ਮਨੋ-ਸੰਜਮ, ਇੰਦ੍ਰੀ- ਦਮਨ ਆਦਿ ਸਭ ਈਸ਼ਵਰ ਦੀ ਪ੍ਰਾਪਤੀ ਲਈ ਜ਼ਰੂਰੀ ਹਨ। ਇਸ ਤਰ੍ਹਾਂ ਇਹ ਤੱਥ ਇਸ ਕਥਨ ਦੀ ਪੁਸ਼ਟੀ ਕਰਦੇ ਹਨ ਕਿ ਭਾਰਤੀ ਚਿੰਤਨ ਪਰੰਪਰਾ ਵਿਚ ਨੈਤਿਕਤਾ, ਸਦਾਚਾਰ, ਅਧਿਆਤਮਕਤਾ ਇਕ ਦੂਸਰੇ ਵਿਚ ਘੁਲੇ-ਮਿਲੇ ਹਨ, ਇਕ ਦੂਸਰੇ ਦੇ ਪੂਰਕ ਹਨ। ਮੱਧਕਾਲ ਦੇ ਸੁਧਾਰਕਾਂ ਨੇ ਵੀ ਆਪਣੇ ਆਦਰਸ਼ਾਂ ਦੀ ਪੂਰਤੀ, ਸਮਾਜ-ਸੁਧਾਰ ਧਰਮ ਦੀ ਓਟ ਵਿਚ ਹੀ ਕੀਤਾ। ਲੋਕ ਧਰਮ ਦੇ ਨਾਂ ਤੇ ਭਾਵੇਂ ਕੁਝ ਸੁਣ ਲੈਂਦੇ ਸਨ ਲੇਕਿਨ ਸਮਾਜ ਦੇ ਨਾਂ ਤੇ ਕੁਝ ਵੀ ਸੁਣਨ ਲਈ ਤਿਆਰ ਨਹੀਂ ਸਨ। ਲੋਕ ਮਾਨਸਿਕ ਤੌਰ ਤੇ ਵਿਕਸਿਤ ਨਹੀਂ ਹੋਏ ਸਨ। ਸਦਾਚਾਰ ਦਾ ਵਿਕਾਸ ਧਰਮ ਦੀ ਓਟ ਵਿਚ ਹੀ ਹੋ ਸਕਦਾ ਸੀ, ਸਵੈ-ਵਿਕਾਸ ਅਤੇ ਸਮਾਜ-ਵਿਕਾਸ ਦੇ ਸੰਦਰਭ ਵਿਚ ਨਹੀਂ। ਧਰਮ ਦੇ ਨਾਂ ਹੇਠ ਕੂੜੀ ਵਾਦ ਪਾਖੰਡਾਂ ਨੂੰ ਹੀ ਲੋਕ ਸਦਾਚਾਰ ਸਮਝਦੇ ਸਨ। ਭਾਰਤ ਵਿਚ ਸਦਾਚਾਰ ਸਦਾ ਹੀ 'ਧਰਮ' ਦਾ ਅਨਿੱਖੜ ਅੰਗ ਰਿਹਾ ਹੈ, ਇਸ ਲਈ ਇਸ ਬਾਰੇ ਕਦੇ ਅਲਗ ਵਿਚਾਰ ਕਰਨੀ ਜ਼ਰੂਰੀ ਨਹੀਂ ਸਮਝੀ ਗਈ। ਨੈਤਿਕਤਾ ਧਰਮ ਵਿਚੋਂ ਜਨਮ ਲੈਂਦੀ ਹੈ। ਧਰਮ ਨੇ ਬੁਰਾਈ ਖਤਮ ਕਰਨ ਦਾ ਮਾਰਗ ਵੀ ਦੱਸਣਾ ਹੁੰਦਾ ਹੈ। ਲੇਕਿਨ ਧਰਮ ਦੇ ਠੇਕੇਦਾਰ ਧਰਮ ਦੀ ਓਟ ਵਿਚ ਗਲਤ ਰੀਤੀ-ਰਿਵਾਜ਼ਾਂ ਨੂੰ ਸਦਾਚਾਰਕ ਦੱਸ ਕੇ ਆਪਣਾ ਉੱਲੂ ਸਿੱਧਾ ਕਰੀ ਰੱਖਦੇ ਹਨ ਸਦਾਚਾਰ ਧਾਰਮਿਕ ਸੁਆਰਥਤਾ ਹੇਠ ਆ ਕੇ ਆਪਣੀ ਹੋਂਦ ਗੁਆ ਬੈਠਦਾ ਹੈ। ਡਾ. ਸੁਰਜੀਤ ਸਿੰਘ ਅਨੁਸਾਰ " ਭਾਰਤੀ ਪਰੰਪਰਾ ਅਨੁਸਾਰ ਸਦਾਚਾਰਕ ਜੀਵਨ ਦੇ ਪੰਜ ਸਤੰਭ ਹਨ। ਸੰਸਾਰ ਸਤ ਜਾਂ ਅਸਤ, ਮਾਨਵ ਦਾ ਸਤਿਕਾਰ, ਕਰਮ-ਸੁਤੰਤਰਤਾ, ਗ੍ਰਿਹਸਤ ਜੀਵਨ ਅਤੇ ਪਰਮ -ਸੱਤਾ ਦਾ ਸਰੂਪ ।"[1] ਡਾ. ਸੁਰਜੀਤ ਸਿੰਘ ਇਸੇ ਸੰਦਰਭ ਵਿਚ

---

1. ਡਾ. ਸੁਰਜੀਤ ਸਿੰਘ, "ਸੁਖਮਨੀ ਦਾ ਸਦਾਚਾਰ",ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀ.ਪਟਿਆਲਾ,ਜਿਲਦ 20ਵੀਂ,ਦੂਜਾ ਅੰਕ, ਦਸੰਬਰ,1984,ਪੰ-123

ਅੱਗੇ ਫਿਰ ਲਿਖਦੇ ਹਨ ਕਿ:

> ਸੰਸਾਰ ਸਤ ਹੈ ਜਾਂ ਅਸਤ ਇਹ ਇਕ ਬੜਾ ਵਿਵਾਦ-ਗ੍ਰਸਤ ਸਵਾਲ ਹੈ। ਇਸਨੇ ਕਿਸੇ ਵੀ ਦੇਸ਼ ਦੇ ਲੋਕਾਂ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਬਣਾਉਣ ਵਿਚ ਬੜਾ ਹਿੱਸਾ ਪਾਇਆ ਹੈ। ਜਿਹੜੇ ਲੋਕ ਸੰਸਾਰ ਨੂੰ ਇਕ ਸੁਪਨਾ, ਭਰਮ, ਮਾਇਆ-ਜਾਲ ਜਾਂ ਮ੍ਰਿਗ ਤ੍ਰਿਸ਼ਨਾ ਮੰਨਦੇ ਹਨ, ਉਹ ਜੀਵਨ ਘੋਲ ਤੋਂ ਸਦਾ ਦੂਰ ਭੱਜਦੇ ਹਨ। ਸੰਸਾਰੀ-ਸੰਬੰਧ ਉਹਨਾਂ ਨੂੰ ਪਾਪ ਜਾਪਦੇ ਹਨ। ਸਿਧਾਂਤਕ ਰੂਪ ਵਿਚ ਉਹ ਕਿੰਨੇ ਵੀ ਗਿਆਨਵਾਨ ਹੋਣ, ਪਰ ਉਹਨਾਂ ਦੇ ਸਦਾਚਾਰ ਦੀ ਸਮਾਜ ਦੀ ਪਰਖਸ਼ਾਲਾ ਵਿਚ ਪਰਖ ਨਹੀਂ ਹੁੰਦੀ। ਕਿਸੇ ਵੀ ਸਦਾਚਾਰਕ ਕਰਮ ਵਿਚ ਕ੍ਰਿਆਤਮਕ ਯੋਗਦਾਨ ਦੇਣ ਸਮੇਂ ਇਹ ਸੰਨਿਆਸੀ ਘਟ ਹੀ ਪੂਰੇ ਉਤਰਦੇ ਹਨ।[1]

ਇਹ ਸੰਸਾਰ ਨਾਸ਼ਮਾਨ ਹੈ, ਇਸਦੀ ਹੋਂਦ ਨਹੀਂ, ਮਿਥਿਆ ਹੈ, ਇਸ ਵਿਚਾਰ ਨੇ ਵਿਹਾਰਕ ਪੱਧਰ ਤੇ ਸਦਾਚਾਰ ਦੇ ਸੰਕਲਪ ਨੂੰ ਬਹੁਤ ਹਾਨੀ ਪਹੁੰਚਾਈ ਹੈ, ਪਿਛਾਂਹ ਖਿੱਚਿਆ ਹੈ। ਸੰਸਾਰ ਨੂੰ ਨਾਸ਼ਮਾਨ ਸੋਚ ਕੇ, ਮਨੁੱਖ ਆਪਣੇ ਆਪ ਨੂੰ ਨੇਕ, ਉੱਤਮ, ਸਦਾਚਾਰੀ ਕੰਮਾਂ ਵਿਚ ਨਹੀ ਲਗਾ ਸਕਦਾ। ਆਪਣੀ ਤੇ ਸੰਸਾਰ ਦੀ ਪ੍ਰਗਤੀ ਬਾਰੇ ਨਹੀਂ ਸੋਚ ਸਕਦਾ। ਵਿਸ਼ਵ-ਭਾਈਚਾਰੇ ਵਾਲੇ ਮਾਨਵਵਾਦੀ ਸੰਕਲਪ ਤੋਂ ਪਿਛਾਂਹ ਹੱਟ ਜਾਂਦਾ ਹੈ। ਮਨੁੱਖ ਆਪਣੀ ਨੈਤਿਕਤਾ, ਆਪਣਾ ਸਦਾਚਾਰ ਇਹੀ ਸਮਝਣ ਲਗ ਜਾਂਦਾ ਹੈ ਕਿ: ਸੰਸਾਰ ਤੋਂ ਦੂਰ ਜਾ ਕੇ ਮਾਲਾ ਹੀ, ਫੇਰੀ ਜਾਵੇ। ਭਾਂਜਵਾਦੀ ਦ੍ਰਿਸ਼ਟੀਕੋਣ ਨੂੰ ਜੀਵਨ ਦਾ ਸਦਾਚਾਰ ਸਮਝ ਬੈਠਦਾ ਹੈ। ਲੇਕਿਨ ਨਾਨਕ-ਬਾਣੀ ਮਨੁੱਖ ਨੂੰ ਸੰਸਾਰ ਤੋਂ ਭੱਜਣ ਦਾ ਸੁਨੇਹਾ ਨਹੀਂ ਦਿੰਦੀ। ਬਲਕਿ ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ ਨੇਕ ਕਰਮ ਕਰਨੇ ਹਨ: 'ਅੰਜਨ ਮਾਹਿ ਨਿਰੰਜਨ ਰਹੀਐ' ਜਿਸ ਸਮਾਜ ਵਿਚ ਅਸੀਂ ਰਹਿੰਦੇ ਹਾਂ ਉਸ ਵਿਚ ਮਾਨਵਵਾਦੀ ਕਰਮ ਕਰਕੇ, ਉਸ ਵਿਚਲੀਆਂ ਬੁਰਾਈਆਂ ਨੂੰ ਖਤਮ ਕਰਕੇ ਇਸਨੂੰ ਸੁਹਣੇਰਾ ਬਣਾਉਣਾ ਹੈ। ਸੰਸਾਰ ਤੋਂ

---

1. ਡਾ. ਸੁਰਜੀਤ ਸਿੰਘ, ਉਹੀ, ਪੰਨਾ-123

ਮੁੱਖ ਨਹੀਂ ਮੋੜਨਾ। ਨੈਤਿਕ ਕਰਮ ਸੰਸਾਰ ਵਿਚ ਹੀ ਸੰਭਵ ਹਨ, ਸਮਾਜ ਤੋਂਬਾਹਰ ਨਹੀਂ। ਸਦਾਚਾਰ ਦੇ ਸੰਕਲਪ ਦਾ ਸਮਾਜ ਨਾਲ ਅਟੁੱਟ ਸੰਬੰਧ ਹੈ। ਸਦਾਚਾਰ ਅਤੇ ਸਮਾਜ ਇਕ ਦੂਸਰੇ ਦੇ ਪੂਰਕ ਹਨ। ਸਦਾਚਾਰ ਮਨੁੱਖ ਦੇ ਨਿੱਜੀ ਅਤੇ ਸਮਾਜੀ ਜੀਵਨ ਨਾਲ ਸੰਬੰਧਤ ਹੈ, ਭਾਂਜਵਾਦ ਨਾਲ ਸੰਬੰਧਤ ਨਹੀਂ। ਸਦਾਚਾਰਕ ਜੀਵਨ, ਮਾਨਵਵਾਦੀ ਜੀਵਨ, ਦੀ ਮੰਗ ਮਨੁੱਖ ਤੋਂ ਹੀ ਕੀਤੀ ਜਾ ਸਕਦੀ ਹੈ। ਮਨੁੱਖ ਚੇਤਨ ਪ੍ਰਾਣੀ ਹੈ। ਉਸਦੇ ਔਗੁਣਾਂ ਕਰਕੇ ਉਸਨੂੰ ਨਿੰਦਿਆ ਜਾਂਦਾ ਹੈ ਅਤੇ ਸਦਗੁਣਾਂ ਕਰਕੇ ਉਸਦੀ ਪ੍ਰਸੰਸਾ ਕੀਤੀ ਜਾਂਦੀ ਹੈ। ਸਦਾਚਾਰ ਕਾਰਣ ਮਨੁੱਖ ਸਮਾਜਿਕ ਰਿਸ਼ਤਿਆਂ ਦੀ ਉੱਤਮਤਾ ਸਥਾਪਿਤ ਕਰ ਸਕਦਾ ਹੈ। ਸਦਾਚਾਰ ਦੇ ਆਧਾਰ ਤੇ ਹੀ ਪਸ਼ੂ-ਵਿਚਲੀਆਂ ਪਸ਼ੂ-ਬਿਰਤੀਆਂ ਨੂੰ ਖਤਮ ਕੀਤਾ ਜਾ ਸਕਦਾ ਹੈ। ਮਨੁੱਖ ਦੀ ਵਡਿਆਈ ਇਸ ਵਿਚ ਨਹੀਂ ਕਿ ਉਹ ਕੀ ਹੈ, ਬਲਕਿ ਇਸ ਵਿਚ ਹੈ ਕਿ ਉਹ ਕੀ ਬਣ ਸਕਦਾ ਹੈ। ਭਗਤ ਕਬੀਰ ਨੇ ਆਪਣੀ ਬਾਣੀ ਵਿਚ ਮਨੁੱਖੀ ਹੋਂਦ ਨੂੰ ਸਤਿਕਾਰਿਆ ਹੈ। 'ਇਸ ਦੇਹੀ ਕਉ ਸਿਮਰਹਿ ਦੇਵ'( ਭੈਰਉ, ਪੰਨਾ -1159) ਸੰਸਾਰ ਦੀ ਅਤੇ ਮਨੁੱਖ ਦੀ ਹੋਂਦ ਦੀ ਅਹਿਮੀਅਤ ਹੈ, ਇਸੇ ਆਧਾਰ ਤੇ ਹੀ ਮਨੁੱਖ ਸਦਾਚਾਰ ਦਾ ਸਮਾਜ ਵਿਚ ਪ੍ਰਯੋਗ ਕਰਕੇ ਮਾਨਵਤਾ ਨੂੰ ਅਗਾਂਹ ਲੈ ਜਾ ਸਕਦਾ ਹੈ।

ਗੁਰੂ ਨਾਨਕ ਨੇ ਭਾਂਜਵਾਦੀ ਦ੍ਰਿਸ਼ਟੀਕੋਣ ਦੀ ਨਿਖੇਧੀ ਕੀਤੀ ਹੈ ਅਤੇ ਸਦਾਚਾਰਕ ਜੀਵਨ ਜਿਊਣ ਲਈ ਗ੍ਰਿਹਸਤ ਧਰਮ ਨੂੰ ਉੱਤਮ ਦੱਸਿਆ ਹੈ। ਨਿਵਿਰਤੀ ਮਾਰਗ ਤੇ ਨਹੀਂ ਚਲਣਾ। ਪਰਵਿਰਤੀ ਮਾਰਗ ਤੇ ਚਲ ਕੇ ਹੀ ਸਦਾਚਾਰਕ ਗੁਣਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਇਹਨਾਂ ਗੁਣਾਂ ਰਾਹੀਂ ਹੀ ਨਿੱਜ ਤੇ ਸਮਾਜ ਦੀ ਉੱਨਤੀ ਕੀਤੀ ਜਾ ਸਕਦੀ ਹੈ। ਮੱਧਕਾਲ ਵਿਚ ਲੋਕਾਂ ਵਿਚ ਭਾਂਜਵਾਦੀ ਦ੍ਰਿਸ਼ਟੀਕੋਣ ਦਾ ਪ੍ਰਚਾਰ ਕੀਤਾ ਜਾਂਦਾ ਸੀ। ਲੇਕਿਨ ਗੁਰੂ-ਨਾਨਕ ਬਾਣੀ ਨੇ ਲੋਕਾਂ ਨੂੰ ਸਹੀ ਸਦਾਚਾਰਕ ਮਾਰਗ ਦਰਸਾਇਆ। ਜੀਵਨ ਤੋਂ ਭੱਜਣ ਦੀ ਬਜਾਇ ਜੀਵਨ ਵਿਚ ਜੁੜਦਾ ਹੈ, ਸੰਘਰਸ਼ ਕਰਦਾ ਹੈ। ਵਿਅਕਤੀ ਦੇ ਸੁਧਾਰ ਵਿਚ ਹੀ ਸਮਾਜ-ਸੁਧਾਰ ਨਿਹਿਤ ਹੈ। ਵਿਅਕਤੀ ਸਮੂਹ ਤੋਂ ਹੀ ਸਮਾਜ ਬਣਦਾ ਹੈ। ਚੰਗੇ ਸਦਾਚਾਰਕ ਵਿਅਕਤੀਆਂ ਨਾਲ ਚੰਗਾ ਸਮਾਜ ਬਣੇਗਾ। ਗੁਰੂ ਨਾਨਕ ਨੇ ਸੱਚ ਨਾਲੋਂ ਸੱਚ ਦੀ ਰਹਿਣੀ ਨੂੰ ਉੱਤਮ ਦੱਸਿਆ ਹੈ। 'ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ।।(ਪੰਨਾ-136) ਸਦਾਚਾਰ ਨੂੰ ਵਿਹਾਰਕ ਜੀਵਨ ਵਿਚ ਲਾਗੂ ਕਰਕੇ ਹੀ ਮਾਨਵਵਾਦੀ ਸੰਕਲਪ ਨੂੰ ਪੂਰਾ ਕੀਤਾ ਜਾ ਸਕਦਾ ਹੈ। ਸਦਾਚਾਰ ਮਨੁੱਖੀ ਜੀਵਨ ਦੀ ਅਗਵਾਈ ਕਰਕੇ ਇਸਨੂੰ ਮਾਨਵਵਾਦੀ

ਸੰਕਲਪ ਦੀ ਪ੍ਰਾਪਤੀ ਵਲ ਲੈ ਜਾਂਦਾ ਹੈ।

ਗੁਰੂ ਨਾਨਕ ਦੀ ਦ੍ਰਿਸ਼ਟੀ ਵਿਚ ਧਰਤੀ ਉਤੇ ਵਿਚਰਦੇ ਮਾਨਵ ਦੇ ਕਲਿਆਣ ਨਾਲ ਸੰਬੰਧਿਤ ਚਿੰਤਨ ਦਾ ਆਧਾਰ-ਸਤੰਭ ਕੇਵਲ ਸਦਾਚਾਰਕ ਕੀਮਤਾਂ ਹੀ ਹੋ ਸਕਦੀਆਂ ਹਨ। ਨਾਨਕ-ਬਾਣੀ ਦੇ ਸਦਾਚਾਰਕ ਪੱਖ ਸੰਬੰਧੀ ਚਰਚਾ ਕਰਦਿਆਂ ਡਾ. ਵਜ਼ੀਰ ਸਿੰਘ ਲਿਖਦੇ ਹਨ:

> ਗੁਰੂ ਨਾਨਕ ਦਾ ਫਲਸਫਾ ਸਭ ਕਦਰਾਂ-ਕੀਮਤਾਂ ਦਾ ਸੋਮਾ ਪਰਮਸਤਿ ਨੂੰ ਮੰਨਦਾ ਹੈ। ਕੀਮਤਾਂ ਅੰਤਿਮ-ਹਕੀਕਤ ਦੇ ਵੱਖੋ ਵੱਖਰੇ ਪਹਿਲੂ ਹਨ, ਮਨੁੱਖ ਇਨ੍ਹਾਂ ਦੀ ਪੂਰੀ ਸਾਰ ਨਹੀਂ ਲੈ ਸਕਦਾ।          ਕੀਮਤ ਪਾਇ ਨ ਕਹਿਆ ਜਾਇ" ਕੀਮਤਾਂ ਦਾ ਪਾਰਖੀ ਆਪ ਹੀ ਇਨ੍ਹਾਂ ਦਾ ਵਿਧਾਤਾ ਹੈ: "ਸਚੀ ਕੀਮਤਿ ਪਾਇ ਤਖਤੁ ਰਚਾਇਆ। ਦੁਨੀਆ ਧੰਧੈ ਲਾਇ, ਆਪ ਛਪਾਇਆ।" -(ਮਲਾਰ)। ਕੀਮਤਾਂ ਨੂੰ ਮਨੁੱਖੀ ਜੀਵਨ ਵਿਚ ਆਦਰਸ਼ਾਂ ਦੇ ਰੂਪ ਵਿਚ ਅਪਣਾਇਆ ਜਾ ਸਕਦਾ ਹੈ ਤੇ ਜੀਵਨ ਵਿਚ ਇਨ੍ਹਾਂ ਦੀ ਵਿਧੀ ਸੰਭਵ ਹੋ ਸਕਦੀ ਹੈ। ਜਿਨ੍ਹਾਂ ਸ੍ਰੇਸ਼ਟ ਕੀਮਤਾਂ ਨੂੰ ਗ੍ਰਹਿਣ ਕਰਨ ਦੀ ਸਿਫਾਰਸ਼ ਗੁਰੂ ਸਾਹਿਬ ਨੇ ਕੀਤੀ ਹੈ, ਉਨ੍ਹਾਂ ਵਿਚ ਗਿਆਨ ਦਾ ਪ੍ਰਕਾਸ਼, ਸੇਵਾ ਤੇ ਪ੍ਰੇਮ, ਸਹਿਜ ਤੇ ਆਨੰਦ, ਵਿਸ਼ਵ-ਚੇਤਨਾ ਅਤੇ ਵਿਸ਼ਵ-ਜੋਤ ਵਿਚ ਅਭੇਦਤਾ ਸ਼ਾਮਿਲ ਹਨ। ਅਭੇਦਤਾ ਜਾਂ ਇਕਸੁਰਤਾ ਨੂੰ 'ਨਾਦ' ਦਾ ਪ੍ਰਤੀਕ ਦਿੱਤਾ ਹੈ। ਸੁਧ-ਗਿਆਨ ਤੇ ਚੇਤਨਤਾ ਨੂੰ 'ਵੇਦ' ਕਹਿ ਕੇ ਪ੍ਰਗਟਾਇਆ ਹੈ। ਅਧਿਆਤਮਕ ਪੱਧਰ ਦੀਆਂ ਕੀਮਤਾਂ ਬਾਰੇ ਕੇਵਲ ਅਧੂਰਾ ਕਿਆਸ ਸੰਭਵ ਹੈ, ਪਰ ਸਦਾਚਾਰਕ ਪੱਧਰ ਦੀਆਂ ਕੀਮਤਾਂ ਮਨੁੱਖੀ ਤਲਾਸ਼ ਦੀਆਂ ਪਾਤਰ ਹਨ।[1]

---

1. ਡਾ. ਵਜ਼ੀਰ ਸਿੰਘ, ਨਾਨਕ-ਬਾਣੀ ਚਿੰਤਨ, ਪੰਨਾ 12-13

ਇਸ ਪ੍ਰਕਾਰ ਸਦਾਚਾਰਕ ਕੀਮਤਾਂ ਨੂੰ 'ਮਨੁੱਖੀ ਤਲਾਸ਼' ਦੀਆਂ ਪਾਤਰ ਕਹਿ ਕੇ ਡਾ. ਵਜ਼ੀਰ ਸਿੰਘ ਨੇ ਇਹ ਸੰਕੇਤ ਕਰਨ ਦਾ ਯਤਨ ਕੀਤਾ ਹੈ ਕਿ ਸਦਾਚਾਰ ਕੇਵਲ ਇਹੋ ਜਿਹਾ ਇਕ ਆਦਰਸ਼ ਮਾਤਰ ਹੀ ਨਹੀਂ, ਜਿਸ ਸੰਬੰਧੀ ਗਿਆਨ ਪ੍ਰਾਪਤ ਕਰ ਲੈਣਾ ਹੀ ਕਾਫ਼ੀ ਹੋਵੇ। ਸਦਾਚਾਰ ਦੀ ਸਾਰਥਕਤਾ ਕੇਵਲ ਸਮਾਜਿਕ ਸੰਦਰਭ ਵਿਚ ਮਾਨਵ ਦੇ ਅਮਲੀ ਜੀਵਨ ਰਾਹੀਂ ਹੀ ਉਘੜ ਸਕਦੀ ਹੈ। ਅਰਥਾਤ ਸਦਾਚਾਰਕ ਉੱਚਤਾ ਦੀ ਪ੍ਰਾਪਤੀ ਤਲਾਸ਼ ਰੂਪੀ ਸੰਘਰਸ਼ ਤੋਂ ਬਾਅਦ ਹੀ ਸੰਭਵ ਹੈ। ਇਸ ਤਲਾਸ਼ ਦੀ ਆਪਣੇ ਢੰਗ ਨਾਲ ਚਰਚਾ ਕਰਦਿਆਂ ਡਾ. ਨਿਰਮਲ ਸਿੰਘ ਗਿੱਲ ਲਿਖਦੇ ਹਨ।

> ਜਿਥੋਂ ਤਕ ਸਦਾਚਾਰਕ, ਆਤਮਕ ਸੌਂਦਰਯ ਅਤੇ (Theopolitan) ਪ੍ਰਭਾਵਾਂ ਦਾ ਸੰਬੰਧ ਹੈ, ਜੋ ਜੀਵਨ-ਮੁਕਤੇ ਵਿਚ ਮਿਲਦੇ ਹਨ, ਇਨ੍ਹਾਂ ਦੁਆਰਾ ਮੁਕਤੇ ਨੂੰ ਪ੍ਰਭੂ ਦੇ ਦਰਬਾਰ ਦੇ ਦਰਸ਼ਨ ਪ੍ਰਾਪਤ ਹੁੰਦੇ ਹਨ ਅਤੇ ਰੱਬੀ ਹਜ਼ੂਰੀ ਦੁਆਲੇ ਅਸਚਰਜ ਤੇ ਆਨੰਦਮਈ ਵਾਤਾਵਰਣ ਦੀ ਗਿਆਤ ਹੁੰਦੀ ਹੈ। ਸਦਾਚਾਰਕ ਪਰਪੱਕਤਾ ਲਈ ਮਨ ਨੂੰ ਅੰਤਰਮੁਖੀ ਬਣਾਣਾ ਹੁੰਦਾ ਹੈ ਭਾਵ ਡੂੰਘੀ ਆਂਤ੍ਰਿਕ ਅਵਸਥਾ ਵਿਚ ਜੁੜੀ ਲਾਣੀ ਹੁੰਦੀ ਹੈ ਅਤੇ ਫਿਰ ਪੂਰਣ ਤੌਰ ਪੁਰ ਪਰਪੱਕ ਹੋਏ ਮਨ ਨੂੰ ਸਮਾਜ ਦੀ ਭਲਾਈ ਲਈ ਬਾਹਰ-ਮੁਖੀ ਬਣਾਣਾ ਹੁੰਦਾ ਹੈ।[1]

ਇਸ ਪ੍ਰਕਾਰ ਡਾ. ਗਿੱਲ ਦਾ ਸੰਕੇਤ ਹੈ ਕਿ ਸਦਾਚਾਰਕ ਖੇਤਰ ਵਿਚ ਮਨੁੱਖ ਦੀ ਬਾਹਰਮੁਖੀ ਪ੍ਰਪੱਕਤਾ ਵਾਸਤਵ ਵਿਚ ਉਸਦੀ ਅੰਤਰ-ਮੁਖੀ ਪ੍ਰਪੱਕਤਾ ਉਤੇ ਆਧਾਰਿਤ ਹੁੰਦੀ ਹੈ। ਇਸ ਅੰਤਰ-ਮੁਖੀ ਅਧਿਆਤਮਕ ਪ੍ਰਪੱਕਤਾ ਨੂੰ ਹੀ ਡਾ. ਗਿੱਲ ਨੇ "ਆਤਮਕ ਸੌਂਦਰਯ" ਦਾ ਨਾਂ ਦਿੱਤਾ ਹੈ। ਸਦਾਚਾਰਕ ਸੰਪੰਨਤਾ ਨਾਲ ਵਿਅਕਤੀ ਦਾ ਨਿੱਜੀ ਅਤੇ ਸਮਾਜਿਕ ਜੀਵਨ ਵਧੇਰੇ ਸਾਰਥਿਕ ਅਤੇ ਸੁਖਾਵਾਂ ਹੋ ਸਕਦਾ ਹੈ ਅਤੇ ਮਨੁੱਖੀ-ਸਮਾਜ ਆਪਣੀਆਂ ਕਦਰਾਂ-ਕੀਮਤਾਂ ਦੀ ਪ੍ਰਾਪਤੀ ਵੱਲ ਵਧ ਸਕਦਾ ਹੈ। ਵਿਅਕਤੀ ਆਪਣੇ ਜੀਵਨ ਦੀਆਂ ਸਮੱਸਿਆਵਾਂ ਦਾ ਕਿਵੇਂ ਹੱਲ ਕਰੇ; ਅਤੇ ਕਿਨ੍ਹਾਂ ਨਿਯਮਾਂ ਦੀ ਰੌਸ਼ਨੀ ਵਿਚ ਆਪਣੇ ਜੀਵਨ-ਆਦਰਸ਼ ਵਲ ਵਧਦਾ

1. ਡਾ. ਨਿਰਮਲ ਸਿੰਘ ਗਿੱਲ, <u>ਗੁਰੂ ਨਾਨਕ-ਬਾਣੀ ਵਿਚ ਮੁਕਤੀ-ਮਾਰਗ</u>, ਪੰਨਾ-131

ਰਹੇ। ਇਹਨਾਂ ਸੁਆਲਾਂ ਦਾ ਮਾਨਵਵਾਦੀ ਜੁਆਬ ਗੁਰੂ ਨਾਨਕ ਬਾਣੀ ਵਿਚ ਪ੍ਰਤੱਖ ਦਿਖਾਈ ਦਿੰਦਾ ਹੈ। ਬ੍ਰਹਮ ਗਿਆਨੀ, ਸਾਧੂ, ਸੰਤ ਪੁਰਸ਼ਾਂ ਦਾ ਮੁਖ ਉਦੇਸ਼ ਵੀ ਲੋਕਾਂ ਦੀ ਭਲਾਈ ਕਰਨੀ ਹੈ ਸਿਰਫ਼ ਤਪੱਸਿਆ ਕਰਨਾ ਨਹੀਂ। ਲੋਕਾਂ ਦੀ, ਪ੍ਰਾਣੀ - ਮਾਤਰ ਦੀ ਨਿਸ਼ਕਾਮ ਸੇਵਾ ਕਰਨੀ ਹੈ। ਗੁਰੂ ਨਾਨਕ ਨੇ ਆਪਣੀ ਛੋਟੀ ਉਮਰ ਵਿਚ ਹੀ ਆਪਣਾ ਮਿਸ਼ਨ ਸੇਵਾ ਨਾਲ ਆਰੰਭ ਕੀਤਾ। ਜਦ ਉਹਨਾਂ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਵਪਾਰ ਲਈ ਵੀਹ ਰੁਪਏ ਦਿੱਤੇ ਤਾਂ ਉਹਨਾਂ ਨੇ ਸਾਧ-ਜਨਾਂ ਦੀ ਸੇਵਾ ਕਰਕੇ ਸੱਚਾ-ਸੌਦਾ ਕੀਤਾ। ਇਹ ਨਾਨਕ-ਬਾਣੀ ਦੀ ਆਧਾਰ-ਸ਼ਿਲਾ ਹੈ। ਨਿਸ਼ਕਾਮ ਸੇਵਾ ਕੀਤਿਆਂ ਹੀ ਮਾਨਵਵਾਦ ਦੀ ਪ੍ਰਾਪਤੀ ਹੁੰਦੀ ਹੈ। 'ਸਿੱਧ ਜਾ ਬੈਠੇ ਪਰਬਤੀ ਇਸ ਜਗਤ ਕੋ ਕੌਣ ਪਾਰਉਤਾਰਾ' -- ਸੰਸਾਰ ਵਿਚ ਰਹਿਣਾ ਹੈ, ਸੇਵਾ ਕਰਨੀ ਹੈ। ਸੇਵਾ ਸੱਚੇ-ਸੁੱਚੇ ਗਿਆਨ-ਮਾਰਗ ਵੱਲ ਲੈ ਜਾਂਦੀ ਹੈ। ਸੇਵਾ ਨਾਲ ਮਨ ਪਵਿੱਤਰ ਹੁੰਦਾ ਹੈ, ਮਨ ਮਾਂਜਿਆ ਜਾਂਦਾ ਹੈ, ਹਿਰਦਾ ਵਿਸ਼ਾਲ ਹੁੰਦਾ ਹੈ, ਆਕੜ ਮਿਟ ਜਾਂਦੀ ਹੈ। ਮਨੁੱਖ ਮਾਨਵਵਾਦ ਦੇ ਸੰਕਲਪ ਦੀ ਪ੍ਰਾਪਤੀ ਵੱਲ ਵਧਦਾ ਹੈ। ਇਸ ਧਰਤੀ ਤੇ ਮਨੁੱਖ ਨੇ ਸਦਾਚਾਰਕ ਕਰਮ ਕਰਕੇ ਧਰਮ ਕਮਾਉਣਾ ਹੈ, ਭਰਾਤਰੀ-ਭਾਵ ਪੈਦਾ ਕਰਨੇ ਹਨ। ਡਾ. ਬਲਬੀਰ ਕੌਰ ਨੇ ਇਸ ਸੰਦਰਭ ਵਿਚ ਇਸ ਤਰ੍ਹਾਂ ਲਿਖਿਆ ਹੈ:

> ਆਦਿ ਕਾਲ ਤੋਂ 'ਮਨੁੱਖਾ-ਜ਼ਿੰਦਗੀ' ਦਾ ਅਰਥ ਸਮਝਣ ਲਈ 'ਮਨੁੱਖਾ-ਜਿਗਿਆਸੂ' ਬਿਰਤੀ ਯਤਨ ਕਰਦੀ ਆ ਰਹੀ ਹੈ। ਮਨੁੱਖ ਦੀ ਜ਼ਿੰਦਗੀ ਅਵੱਸ਼ ਹੀ ਅਰਥ-ਪੂਰਣ ਹੈ, ਇਸਦਾ ਅਵੱਸ਼ ਹੀ ਲਕਸ਼ ਹੈ। ਮਨੁੱਖ ਤੇ ਜਗਤ ਅਨਾਦੀ ਪਰਮਾਤਮਾ ਦੇ ਹੁਕਮ ਵਿਚ ਸਿਰਜੇ ਦੋ ਪੱਖ ਹਨ। ਸ੍ਰਿਸ਼ਟੀ ਦੀ ਸਾਜਨਾ ਮਨੁੱਖ ਲਈ ਗੁਰਬਾਣੀ ਅਨੁਸਾਰ ਦੈਵੀਕਰਣ ਪ੍ਰਾਪਤ ਕਰਨ ਲਈ ਕੀਤੀ ਗਈ ਹੈ। " ਸੰਤ ਹੇਤ ਪ੍ਰਭ ਤ੍ਰਿਭਵਣ ਧਾਰੇ"(224) ਧਰਤੀ ਮਨੁੱਖ ਲਈ ਧਰਮ ਕਮਾਉਣ ਦੀ ਥਾਂ ਹੈ, ਕਰਮ ਭੂਮੀ ਹੈ। ਜੀਵਨ ਦੇ ਪੱਖਾਂ ਦਾ ਸਮੂਹ ਹੈ ਆਤਮਾ+ਮਾਦਾ। ਆਤਮਾ ਅਤੇ ਸਰੀਰ ਦੋਵੇਂ ਪਰਮਾਤਮਾ ਤੋਂ ਉਤਪੰਨ ਹੋਏ ਹਨ। ਮਨੁੱਖ ਦਾ ਸਰੀਰਕ ਆਕਾਰ ਤੇ ਆਤਮਾ ਇਕੋ ਸੱਤਾ ਦੇ ਦੋ [illegible]

ਹਿੱਸੇ ਹਨ। ' ਏ ਸਰੀਰਾ ਮੇਰਿਆ ਹਰਿ ਤੁਮ ਮਹਿ
ਜੋਤਿ ਰਖੀ ਤਾਂ ਤੂ ਜਗ ਮਹਿ ਆਇਆ(921)[1]

ਮਨੁੱਖੀ ਜੀਵਨ ਅਰਥ-ਪੂਰਣ ਹੈ। ਇਸਦਾ ਮੁਖ ਸੰਕਲਪ ਸਦਾਚਾਰਕ ਜੀਵਨ ਜਿਉਣਾ ਹੈ। ਜੀਵਆਤਮਾ ਦਾ ਉਦੇਸ਼ ਏਕਵਾਦ ਹੈ। ਪੰਜ ਭੂਤਕ ਸਰੀਰ ਜੇਕਰ ਵਿਚਾਰ-ਹੀਣ ਹੋ ਜਾਵੇਗਾ ਤਾਂ ਨਾ ਪਰਮਾਤਮਾ ਦੀ ਪ੍ਰਾਪਤੀ ਹੋ ਸਕੇਗੀ ਨਾ ਮਾਨਵਵਾਦ ਦੀ। ਨੇਕ ਕਰਮ ਕਰਨੇ ਮਨੁੱਖੀ ਜੀਵਨ ਦਾ ਮੂਲ ਮੰਤਵ ਹੈ। ਮਨੁੱਖਾ ਜੀਵਨ ਅਮੋਲਕ ਹੈ, ਇਸਦੀ ਅਮੋਲਕਤਾ ਨੂੰ ਬਰਕਰਾਰ ਰਖਣਾ ਮਨੁੱਖ ਦਾ ਨੈਤਿਕ, ਸਦਾਚਾਰਕ ਫਰਜ਼ ਹੈ। ਇਸਦੀ ਹੀ ਪੁਛ ਹੋਣੀ ਹੈ: 'ਲੇਖਾ ਰਬੁ ਮੰਗੇਸੀਆ ਤੂੰ ਆਹੋ ਕੇਹੇ ਕੰਮਿ'(1379) ਇਸ ਡਰ ਨਾਲ ਮਨੁੱਖ ਨੇਕ, ਸਦਾਚਾਰਕ ਕਰਮ ਕਰੇਗਾ। ਪਰ ਇਨਸਾਨ ਕੋਲ ਬੌਧਿਕ ਸੂਝ ਹੈ, ਚੇਤਨਤਾ ਹੈ। ਮਨੁੱਖ ਮੰਨਨਸ਼ੀਲ ਤੇ ਚਿੰਤਨਸ਼ੀਲ ਪ੍ਰਾਣੀ ਹੈ। ਇਸਦਾ ਮੂਲ ਉਦੇਸ਼ ਮਾਨਵੀ ਧਰਮ ਦੀ ਪਾਲਣਾ ਕਰਨਾ ਤੇ ਆਪਣੀ ਸਰੇਸ਼ਟਤਾ ਤੇ ਸਮਾਜ ਦੀ ਪ੍ਰਗਤੀ ਕਰਨਾ ਹੈ। ਪ੍ਰੇਮ, ਸੇਵਾ, ਤਿਆਗ ਦੇ ਮਾਨਵਵਾਦੀ ਚਿੰਤਨ ਨੂੰ ਅਪਨਾਉਣਾ ਇਸਦਾ ਮੁਖ ਮੰਤਵ ਹੈ। ਮਨੁੱਖ ਕੋਲ ਬੌਧਿਕ ਸ਼ਕਤੀ ਹੈ, ਉਹ ਭਲੇ-ਬੁਰੇ ਦੀ ਪਛਾਣ ਕਰ ਸਕਦਾ ਹੈ। ਚੰਗੇ, ਨੇਕ, ਮਾਰਗ ਤੇ ਚੱਲ ਕੇ ਮਾਨਵੀ ਕਰਮ ਕਰੇ। ਮਨੁੱਖ ਆਪਣੀ ਬੁੱਧੀ ਸਦਕਾ ਆਦਰਸ਼ਕ ਜਗਤ ਦਾ ਨਿਰਮਾਣ ਕਰ ਸਕਦਾ ਹੈ। ਯੋਜਨਾਬੱਧ ਜੀਵਨ ਮਨੁੱਖੀ ਨੈਤਿਕਤਾ ਦਾ ਵਿਕਾਸ ਕਰ ਸਕਦਾ ਹੈ। ਮਾਨਵ ਜੀਵਨ ਵਿਚਲੇ ਮਾਨਵੀ ਸੰਕਲਪ ਨੂੰ ਕਿਵੇਂ ਪਹਿਚਾਣਿਆ ਜਾਵੇ। ਮਨੁੱਖਾ ਜੀਵਨ ਨੂੰ ਕਿਵੇਂ ਸਾਰਥਕ ਬਣਾਇਆ ਜਾਵੇ। ਇਹ ਪ੍ਰਸ਼ਨ ਹਨ, ਸਮੱਸਿਆ ਹੈ। ਨਾਨਕ-ਬਾਣੀ ਇਸ ਲਈ ਮਾਰਗ ਪ੍ਰਸਤੁਤ ਕਰਦੀ ਹੈ। ਚੰਗੇ ਵਿਚਾਰਾਂ ਨਾਲ ਮਨੁੱਖ ਕਰਮ ਕਰਦਾ ਹੈ। ਵਿਚਾਰ-ਹੀਣ ਜਨਮ ਅਕਾਰਥ ਹੈ। ਮਨੁੱਖ ਤਿੰਨ-ਪੱਖੀ ਸਮੁੱਚ ਹੈ। ਸਰੀਰ, ਮਨ, ਆਤਮਾ। ਸਦਾਚਾਰਕ ਜੀਵਨ ਲਈ ਤਿੰਨਾਂ ਦਾ ਸੰਤੁਲਿਤ ਵਿਕਾਸ ਜ਼ਰੂਰੀ ਹੈ। ਮਨੁੱਖ ਨੂੰ ਸਰੀਰਕ ਪੱਧਰ, ਮਾਨਸਿਕ ਪੱਧਰ ਅਤੇ ਆਤਮਿਕ ਪੱਧਰ, ਤਿੰਨਾਂ ਪੱਧਰਾਂ ਤੇ ਵਿਕਾਸ ਕਰਨਾ ਪਵੇਗਾ। ਨਾਨਕ-ਬਾਣੀ ਨੇ ਮਨੁੱਖ ਨੂੰ ਮਾਨਵਵਾਦੀ ਰਾਹਾਂ ਤੋ ਜਾਣੂ ਕਰਵਾਇਆ। ਜੀਵਨ ਦ੍ਰਿਸ਼ਟੀ ਪ੍ਰਦਾਨ ਕੀਤੀ ਹੈ। ਮਾਨਵ ਦਾ ਮਾਨਵ ਪ੍ਰਤੀ

---

1. ਡਾ. ਬਲਬੀਰ ਕੌਰ, "ਗੁਰਬਾਣੀ ਦੇ ਸੰਦਰਭ ਵਿਚ ਮਾਨਵ-ਜੀਵਨ ਦੀ ਉੱਤਮਤਾ" ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਿਲਦ 20ਵੀਂ ਦਸੰਬਰ, 1985, ਅੰਕ ਦੂਜਾ, ਪੰਨਾ-114

ਦ੍ਰਿਸ਼ਟੀਕੋਣ ਪ੍ਰਗਟ ਕੀਤਾ ਹੈ। ਸਰੀਰਕ ਸ਼ਕਤੀਆਂ ਦਾ ਵਿਕਾਸ ਤੇ ਉਚਿਤ ਉਪਯੋਗ ਕਿਵੇਂ ਕਰਨਾ ਹੈ? ਇਸਦਾ ਸਮਾਧਾਨ ਨਾਨਕ-ਬਾਣੀ ਵਿਚ ਹੈ। ਨਾਨਕ-ਬਾਣੀ ਮਨੁੱਖ ਨੂੰ ਧਰਤੀ, ਸਮਾਜ, ਪਰਿਵਾਰ ਦਾ ਉਪਯੋਗੀ ਮੈਂਬਰ ਬਣਾਉਂਦੀ ਹੈ, ਜਿਸਨੇ ਇਹਨਾਂ ਪ੍ਰਤੀ ਆਪਣੀਆਂ ਜਿੰਮੇਵਾਰੀਆਂ ਪੂਰੀਆਂ ਕਰਨੀਆਂ ਹਨ। ਆਪ ਸਫ਼ਲ ਹੋਣਾ ਹੈ ਅਤੇ ਦੂਸਰਿਆਂ ਨੂੰ ਵੀ ਸਫ਼ਲ ਬਨਾਉਣਾ ਹੈ। ਇਹ ਜੀਵਨ-ਵਿਧੀ ਪਰਉਪਕਾਰ ਵਾਲੀ ਹੈ। ਸਵਾਰਥ ਵਾਲੀ ਨਹੀਂ ਤੇ ਨਾ ਹੀ ਪਲਾਇਨਵਾਦੀ ਹੈ। ਮਨੁੱਖ ਦੇ ਸਰੀਰਕ ਕਰਮ ਇੰਦੇ ਮਿਥਿਆ ਹਨ ਜੇ ਉਹ ਲੋਭ ਲਾਲਚ ਤੇ ਵਿਕਾਰਾਂ ਬਲ ਜਾਂਦੇ ਹਨ। ਮਨੁੱਖਤਾ ਦਾ ਅਗਿਆਨਤਾ ਭਰਪੂਰ ਜੀਵਨ, ਬੇਸਮਝੀ ਵਾਲਾ ਜੀਵਨ, ਪਸ਼ੂ ਸਮਾਨ ਹੈ। ਗੁਰਵਾਕ ਹੈ: "ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ"(1009) ਚਿੰਤਨਹੀਨ ਮਨੁੱਖ ਦਾ ਜਿਉਣਾ ਬੇਅਰਥ ਹੈ। ਮਿਥਿਆ ਦ੍ਰਿਸ਼ਟੀਕੋਣ ਕਾਰਣ ਮਨੁੱਖ ਦੇ ਅਨੇਕ ਇੰਦ੍ਰੇ ਗਫ਼ਲਤ ਦੀ ਨੀਂਦ ਸੁੱਤੇ ਰਹਿੰਦੇ ਹਨ। ਸੱਚੇ ਪਰਮਾਤਮਾ ਦੀ ਸਾਜੀ ਹੋਈ ਸ੍ਰਿਸ਼ਟੀ ਸੱਚੀ ਹੈ, ਹਕੀਕਤ ਹੈ, ਸੁਪਨਾ ਜਾਂ ਮਿਥਿਆ ਨਹੀਂ। ਇਸ ਵਿਚ ਰਹਿੰਦਿਆਂ ਹੋਇਆਂ ਮਨੁੱਖ ਨੇ ਆਪਣੇ ਪੰਜ ਵਿਕਾਰਾਂ ਤੇ ਕਾਬੂ ਪਾਉਣਾ ਹੈ ਅਤੇ ਪਰਮਾਰਥ ਕਰਨਾ ਹੈ। ਲੇਕਿਨ ਇਹ ਪੰਜ ਭੂਤ, ਪੰਜ ਤੱਤ ਮਨੁੱਖ ਨੂੰ ਉਲਝਾਈ ਰੱਖਦੇ ਹਨ। ਮਨੁੱਖ ਇਹਨਾਂ ਤੇ ਕਾਬੂ ਪਾਵੇ। ਮਾਨਸਿਕ ਉਨਤੀ ਕਰੇ ਤਾਂ ਹੀ ਮਾਨਵਵਾਦੀ ਕਰਮਾਂ ਵੱਲ ਰੁਚਿਤ ਹੋ ਸਕੇਗਾ। ਇੰਦ੍ਰੀਆਂ ਨੂੰ, ਮਨ ਨੂੰ ਸੰਜਮ, ਨਿਯਮਬੱਧਤਾ ਵਿਚ ਰੱਖੇ। ਕਿਉਂਕਿ ਮਨ ਹੀ ਮਨੁੱਖ ਦੀ ਸਦਾਚਾਰਕ ਸ਼ੁਖਜੀਅਤ ਦਾ ਆਧਾਰ ਹੈ ਤੇ ਮਨ ਹੀ ਅਮਾਨਵੀ ਵਿਕਾਰਾਂ ਵਲ ਲੈ ਜਾਂਦਾ ਹੈ- 'ਮਨ ਕਾ ਕਹਿਆ ਮਨਸਾ ਕਰੈ, ਇਹੁ ਮਨੁ ਪੁੰਨੁ ਪਾਪੁ ਉਚਰੈ।।' (ਮਹਲਾ ੧, ਪੰਨਾ-832) । ਜੇਕਰ ਮਨ ਨੂੰ ਅਨੁਸ਼ਾਸ਼ਿਤ ਕਰ ਲਿਆ ਜਾਵੇ ਤਾਂ ਹੀ ਮਨੁੱਖ ਦਾ ਜੀਵਨ ਸਦਾਚਾਰੀ ਬਣ ਸਕੇਗਾ। ਨੈਤਿਕਤਾ ਮਨੁੱਖ ਨੂੰ ਤਨ-ਮਨ ਸ਼ੁਧੀ ਦੁਆਰਾ ਸੱਚ ਵਿਵਹਾਰ ਤੇ ਕੇਂਦਰਿਤ ਕਰਦੀ ਹੋਈ ਨਿੱਜੀ, ਪਰਵਾਰਿਕ, ਸਮਾਜਿਕ ਸਮੂਹਿਕ-ਜੀਵਨ ਵਿਕਾਸ ਵਲ ਤੋਰਦੀ ਹੈ। ਨੈਤਿਕ ਨਿਯਮ ਮਨੁੱਖ ਦਾ ਸਵੈ-ਮੁਲੰਕਣ ਕਰਦੇ ਹਨ। ਸਵੈ ਦੀ ਪਹਿਚਾਣ, ਸਵੈ-ਸ਼ੁਧੀ, ਸਵੈ-ਸੰਜਮ, ਸਵੈ-ਉਨਤੀ ਵਲ ਪ੍ਰੇਰਿਤ ਕਰਦੀ ਹੈ। ਮਨੁੱਖ ਮਾਨਵ-ਕੀਮਤਾਂ ਪ੍ਰਤੀ ਸਜੱਗ ਹੋ ਕੇ ਮਾਨਵ-ਕੀਮਤਾਂ ਅਪਣਾਉਂਦਾ ਹੈ ਅਤੇ ਇਸੇ ਸਦਕਾ ਵਿਵਹਾਰ ਵਿਚ ਸਦਗੁਣਾਂ ਦਾ ਵਿਕਾਸ ਹੁੰਦਾ ਹੈ। ਮਨੁੱਖ ਜੀਵਨ ਵਿਚੋਂ ਕੁ-ਪ੍ਰਭਾਵ, ਦਲਿੱਦਰ, ਈਰਖਾ, ਦਵੈਸ਼, ਦੁੱਖ ਤੇ ਭ੍ਰਿਸ਼ਟਾਚਾਰ, ਤੇਖੀ

ਜੀਵਨ ਦਾ ਖ਼ਾਤਮਾ ਹੁੰਦਾ ਹੈ। ਪਿਆਰ, ਅਹਿੰਸਾ, ਸਹਿਨਸ਼ੀਲਤਾ, ਖਿਮਾ, ਸੰਜਮ ਦਾ ਸਬਕ ਸਿਖਦਾ ਹੈ, ਸ਼ੁਧ ਮਨ ਅਤੇ ਸ਼ੁਧ ਤਨ ਵਿਚੋਂ ਸਦਾਚਾਰਕ, ਮਾਨਵਵਾਦੀ ਕੀਮਤਾਂ ਦੀ ਅਭਿਵਿਅਕਤੀ ਹੁੰਦੀ ਹੈ। ਸ਼ੁਧ ਮਨ, ਸਵਸਥ, ਸ਼ਕਤੀਸ਼ਾਲੀ ਵਿਚਾਰਾਂ ਨੂੰ ਸਮਾਜ ਵਿਚ ਅਭਿਵਿਅਕਤ ਕਰਦਾ ਹੈ। ਸਦਾਚਾਰ ਨੂੰ ਵਿਹਾਰਕ ਪੱਧਰ ਤੇ ਅਪਣਾ ਕੇ ਹੀ ਮਾਨਵਵਾਦੀ ਕੀਮਤਾਂ ਨੂੰ ਕਾਇਮ ਕੀਤਾ ਜਾ ਸਕਦਾ ਹੈ। ਡਾ. ਵਜ਼ੀਰ ਸਿੰਘ ਆਪਣੀ ਪੁਸਤਕ 'ਨੈਤਿਕ ਨਿਯਮ' ਵਿਚ ਇਸ ਪ੍ਰਸੰਗ ਵਿਚ ਇਸ ਪ੍ਰਕਾਰ ਲਿਖਦੇ ਹਨ:

> ਸਦਾਚਾਰਕ ਜੀਵਨ ਦੀ ਸੂਝ ਇਸਨੂੰ ਜਿਊਣ ਵਿਚੋਂ ਪ੍ਰਾਪਤ ਹੁੰਦੀ ਹੈ। ਵਿਅਕਤੀ ਦੀ ਨਿੱਜੀ ਉੱਤਮਤਾ ਤੇ ਕਦਰ-ਕੀਮਤ ਦਾ ਵਿਕਾਸ ਸਦਾਚਾਰਕ ਜੀਵਨ ਦਾ ਇਕ ਵਿਸ਼ੇਸ਼-ਪੱਖ ਹੈ, ਜੋ ਸਮੂਹਕ ਜੀਵਨ ਦੀ ਸਾਂਝ ਅਤੇ ਮਿਲ-ਵਰਤਣ ਉੱਤੇ ਨਿਰਭਰ ਹੈ, ਜਿਸਦਾ ਦੂਸਰਾ ਅਤੇ ਓਨਾ ਹੀ ਵਿਸ਼ੇਸ਼ ਪੱਖ ਮਨੁੱਖ ਦਾ ਸਮਾਜਿਕ ਅਤੇ ਸਭਿਆਚਾਰਕ ਵਿਕਾਸ ਹੈ। ਨੈਤਿਕਤਾ ਵਿਅਕਤੀ ਅਤੇ ਸਮਾਜ ਦੇ ਹਿੱਤਾਂ ਨੂੰ ਇਕ ਦੂਸਰੇ ਦੇ ਨੇੜੇ ਲਿਆਉਣ ਦਾ ਕਾਰਗਰ ਸਾਧਨ ਹੈ, ਜਿਸਨੂੰ ਸਾਂਝੇ ਆਦਰਸ਼ਾਂ ਦੀ ਭਾਲ ਹਿੱਤ ਉਤਸਾਹਿਤ ਕਰਦੀ ਹੈ ਅਤੇ ਪ੍ਰਸੰਨਤਾ-ਭਰੇ ਜੀਵਨ ਦੇ ਮਾਰਗ ਉੱਤੇ ਚਲਣ ਦੀ ਪ੍ਰੇਰਨਾ ਦਿੰਦੀ ਹੈ।[1]

ਇਸ ਪ੍ਰਕਾਰ   ਵਜ਼ੀਰ ਸਿੰਘ ਨੇ ਦੱਸਿਆ ਹੈ ਕਿ : ਸਦਾਚਾਰ ਕਿਵੇਂ ਮਨੁੱਖ ਨੂੰ 'ਸਾਂਝੇ ਮਨੁੱਖ' ਦੀ ਭਾਲ ਹਿੱਤ ਉਤਸਾਹਿਤ ਕਰਦਾ ਹੈ। ਅੱਜ ਦਾ ਮਨੁੱਖ ਉਸ ਮਨੁੱਖ ਦੀ ਸੰਤਾਨ ਹੈ ਜਿਸਨੂੰ ਜੰਗਲਾਂ ਵਿਚ ਰਹਿੰਦਿਆਂ ਨਾ ਤਨ ਢਕਣ ਦੀ ਜਾਚ ਸੀ ਅਤੇ ਨਾ ਹੀ ਬੋਲਣ ਦੀ ਸੂਝ ਸੀ। ਜਾਨਵਰਾਂ ਦਾ ਸਾਥੀ ਮਾਨਵ, ਇਸ਼ਾਰਿਆਂ ਨਾਲ ਆਪਣੀਆਂ ਲੋੜਾਂ ਦੀ ਪੂਰਤੀ ਕਰਦਾ ਹੋਇਆ ਅੱਜ ਉਸ ਅਵਸਥਾ ਤੇ ਪਹੁੰਚ ਗਿਆ ਹੈ, ਜਿਥੇ ਉਹ ਵੇਖਦਾ ਹੈ, ਸੋਚਦਾ ਹੈ ਅਤੇ ਮਹਿਸੂਸ ਕਰਦਾ ਹੈ।

---

1. ਡਾ. ਵਜ਼ੀਰ ਸਿੰਘ, ਨੈਤਿਕ ਨਿਯਮ, ਪੰਨਾ -101

ਅਰਥਾਤ ਮਨੁੱਖ ਬੌਧਿਕਤਾ, ਤਰਕਸ਼ੀਲਤਾ ਨੂੰ ਪਹਿਚਾਨਣ ਵਾਲਾ ਜੀਵ ਹੈ। ਮਨੁੱਖ ਆਪਣਾ ਸਦਾਚਾਰਕ ਵਿਕਾਸ ਕਰਕੇ ਹੀ ਮਾਨਵਵਾਦੀ ਸੰਕਲਪ ਦੀ ਪ੍ਰਾਪਤੀ ਕਰ ਸਕਦਾ ਹੈ। ਲੇਕਿਨ ਪਸ਼ੂ-ਬਿਰਤੀਆਂ ਮਨੁੱਖ ਦਾ ਸਾਥ ਨਹੀਂ ਛੱਡਦੀਆਂ। ਮਨੁੱਖ ਦੇ ਆਲੇ ਦੁਆਲੇ ਵਿਚ ਅਜਿਹੇ ਬੀਜ ਮਿਲਦੇ ਹਨ ਜੋ ਉਸਦੇ ਪਸ਼ੂ ਵਤੀਰੇ ਨੂੰ ਕਦਮ-ਕਦਮ ਤੇ ਉਤੇਜਿਤ ਕਰਦੇ ਹਨ ਲੇਕਿਨ ਮਾਨਵੀ-ਕੀਮਤਾਂ ਦੀ ਮੰਜ਼ਿਲ ਦੀ ਸੋਝੀ ਤੇ ਅਜਿਹਾ ਵਤੀਰਾ ਸਤਿਕਾਰਿਆ ਤੇ ਵਡਿਆਇਆ ਨਹੀਂ ਜਾਂਦਾ - ਇਸ ਲਈ ਮਨੁੱਖ ਨੂੰ ਇਹਨਾਂ ਬਿਰਤੀਆਂ ਤੇ ਕਾਬੂ ਪਾਉਣ ਲਈ ਵਿਸ਼ੇਸ਼ ਸਾਧਨਾਂ ਦੀ ਲੋੜ ਪੈਂਦੀ ਹੈ। ਸੋਚ ਮਨੁੱਖੀ ਸ਼ਖਸੀਅਤ ਦਾ ਮੂਲ ਆਧਾਰ-ਸਤੰਭ ਹੈ। ਸੋਚ-ਵਿਚਾਰ ਹੀ ਮਨੁੱਖ ਨੂੰ ਸਤਿ, ਸਦਾਚਾਰ ਸਮਝਣ ਵਿਚ ਸਹਾਈ ਹੁੰਦੀ ਹੈ। ਜਦੋਂ ਸੋਚ-ਵਿਚਾਰ ਇਕ ਸਦਾਚਾਰਕ ਵਿਕਾਸਗਾਮੀ ਮਾਰਗ ਦੀ ਪਾਂਧੀ ਹੋ ਜਾਂਦੀ ਹੈ ਤਾਂ ਫਿਰ ਮਾਨਵਵਾਦ ਦੇ ਸੰਕਲਪ ਦੀ ਸਾਰਥਕਤਾ ਦ੍ਰਿਸ਼ਟੀਗੋਚਰ ਹੋਣ ਲਗਦੀ ਹੈ। ਬੀਮਾਰ ਅਤੇ ਰੋਗੀ ਵਿਚਾਰਾਂ ਨੂੰ ਖਤਮ ਕਰਕੇ ਰਚਨਾਤਮਕ ਯੋਗਤਾ ਪੈਦਾ ਕਰਨੀ ਹੈ। ਸਰੀਰ ਗ੍ਰਿਹ ਨੂੰ ਜਾਗਰੂਕ ਅਵਸਥਾ ਵਿਚ ਰੱਖਣਾ ਹੈ। ਅਨੁਸ਼ਾਸਨ, ਸਦਾਚਾਰ ਮਨੁੱਖੀ ਜੀਵਨ ਨੂੰ ਸਫਲਤਾ ਦੀ ਟੀਸੀ ਤੇ ਪਹੁੰਚਾ ਸਕਦੇ ਸਨ: "ਇਸ ਗ੍ਰਿਹ ਮੈ ਕੋਈ ਜਾਗਤ ਰਹੈ, ਸਾਬਤ ਵਸਤੁ ਓਹ ਅਪੁਨੀ ਲਹੈ।"(ਪੰਨਾ-182) ਇਸ ਜੀਵਨ - ਵਿਧੀ ਦੁਆਰਾ ਹੀ ਮਾਨਵ ਦੀ ਸਦਾਚਾਰਕ ਉੱਤਮਤਾ ਪਛਾਣੀ ਜਾਂਦੀ ਹੈ ਤੇ ਬਰਕਰਾਰ ਰੱਖੀ ਜਾਂਦੀ ਹੈ। ਨਿੱਜੀ ਜੀਵਨ ਵਿਚ ਨੈਤਿਕਤਾ ਨੂੰ ਅਪਣਾ ਕੇ ਸਮੂਹਿਕ ਨੈਤਿਕਤਾ ਵੱਲ ਕਿਵੇਂ ਵਧਿਆ ਜਾ ਸਕਦਾ ਹੈ? ਨਿੱਜੀ ਕਲਿਆਣ ਤੇ ਸਮੂਹਕ ਕਲਿਆਣ ਵੱਲ ਕਿਵੇਂ ਵਧਿਆ ਜਾ ਸਕਦਾ ਹੈ। ਇਸ ਸੰਦਰਭ ਵਿਚ ਡਾ. ਵਜ਼ੀਰ ਸਿੰਘ ਲਿਖਦੇ ਹਨ:

> ਵਿਅਕਤੀ ਲਈ ਨੈਤਿਕਤਾ ਦਾ ਇਕ ਗੰਭੀਰ ਸੁਨੇਹਾ ਇਹ ਹੈ ਕਿ ਹੋਰਨਾਂ ਨੂੰ ਆਪਣੀ ਸੂਝ ਬੂਝ ਅਨੁਸਾਰ ਜਿਉਣ ਦੇਣਾ ਉਸਦੇ ਆਪਣੇ ਹਿੱਤ ਵਿਚ ਹੈ, ਜਿਸ ਜੀਵਨ-ਜਾਚ ਵਿਚ ਸਾਥੀਆਂ ਦੀ ਭਲਾਈ ਤੇ ਪ੍ਰਸੰਨਤਾ ਪਹਿਲੀ ਥਾਂ ਉਤੇ ਹਨ, ਉਹ ਨਰੋਈ ਤੇ ਪ੍ਰਸੰਨ ਜੀਵਨ-ਜਾਚ ਹੈ। ਵਰਤਮਾਨ ਕੌਮੀ ਤੇ ਕੌਮਾਂਤਰੀ ਜੀਵਨ ਖੋਹਾ-ਖੋਹੀ, ਸੰਕਟ ਅਤੇ ਲੜਾਈ ਦੀਆਂ ਸੰਭਾਵਨਾਵਾਂ ਬੇਸ਼ੱਕ ਮਨੁੱਖਤਾ ਲਈ ਖਤਰੇ ਅਤੇ ਤੌਖਲੇ

> ਉਤਪੰਨ ਕਰਦੇ ਹਨ, ਪਰ ਮਨੁੱਖ ਦੀ ਨੈਤਿਕ ਸੂਝ - ਸਿਆਣਪ ਓਨੀ ਹੀ ਦਲੇਰੀ ਨਾਲ ਇਸ ਵੰਗਾਰ ਦੇ ਟਾਕਰੇ ਦੀ ਸਮਰੱਥਾ ਪੈਦਾ ਕਰ ਲੈਂਦੀ ਹੈ ਅਤੇ ਉਜੱਲੇ ਭਵਿੱਖ ਦੀ ਆਸ ਫੇਰ ਜਿਉਂਦ ਪੈਂਦੀ ਹੈ।[1]

ਇਸ ਪ੍ਰਕਾਰ ਇਹ ਸਪਸ਼ਟ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਮਨੁੱਖ ਦੀ ਨਿੱਜੀ ਨੈਤਿਕਤਾ, ਸਦਾਚਾਰਕ ਉਚਤਾ, ਆਪਣੀ ਸੂਝ ਸਿਆਣਪ ਨਾਲ ਮਾਨਵਵਾਦੀ ਕੀਮਤਾਂ ਨੂੰ ਕਾਇਮ ਕਰਨ ਵਿਚ ਸਹਾਈ ਹੁੰਦੀ ਹੈ। ਨਾਨਕ-ਬਾਣੀ ਦਾ ਸਦਾਚਾਰ ਆਸਤਕ ਸਦਾਚਾਰ ਹੈ। ਆਸਤਕ ਮਾਨਵਵਾਦ ਹੈ। ਜਿਹੜਾ ਮਨੁੱਖ ਧਾਰਮਿਕ ਹੈ ਅਤੇ ਉਸਦਾ ਵਿਹਾਰ ਸਦਾਚਾਰਕ ਨਹੀਂ ਉਹ ਜਾਂ ਤਾਂ ਦੰਭੀ ਹੈ ਤੇ ਜਾਂ ਉਸਦਾ ਧਰਮ ਝੂਠਾ ਹੈ। ਧਰਮ ਦੀ ਓਟ ਵਿਚ ਉਸ ਸਮੇਂ ਪਾਖੰਡੀ ਜੀਵਨ ਜੀਵਿਆ ਜਾਂਦਾ ਸੀ। ਪਰਮਾਤਮਾ ਨਾਲ ਸੱਚਾ ਪਿਆਰ ਮਨੁੱਖ ਲਈ ਗੈਰ-ਸਦਾਚਾਰਕ ਹੋਣਾ ਅਸੰਭਵ ਬਣਾ ਦਿੰਦਾ ਹੈ। ਹਉਮੈ ਮਰਦੀ ਹੈ ਤਾਂ ਅਨੇਕ ਪਾਪਾਂ ਦਾ ਨਾਸ਼ ਹੁੰਦਾ ਹੈ। ਸਦਾਚਾਰ ਮਾਨਵਵਾਦ ਦਾ ਆਧਾਰ ਹੈ। ਸਦਾਚਾਰਕ ਮਾਨਵੀ ਸੰਕਲਪਾਂ ਦੀ ਵਿਹਾਰਕ ਪੱਧਰ ਤੇ ਪ੍ਰਾਪਤੀ ਇਹ-ਲੋਕਵਿਚ ਰਹਿ ਕੇ ਹੀ ਹੋ ਸਕਦੀ ਹੈ। ਸਦਾਚਾਰ, ਮਾਨਵਵਾਦ ਇਹ-ਲੋਕ ਦੇ ਸੰਕਲਪ ਹਨ - ਪਰਲੋਕ ਦੇ ਨਹੀਂ। ਧਰਤੀ ਦੇ ਸੰਕਲਪ ਹਨ, ਆਕਾਸ਼ -ਪਾਤਾਲ ਦੇ ਨਹੀਂ। ਸਦਾਚਾਰ ਦੀ 'ਭਾਂਜਵਾਦੀ ਦ੍ਰਿਸ਼ਟੀਕੋਣ' ਨਾਲ ਵਿਰੋਧਤਾ ਹੈ। ਸਦਾਚਾਰ ਅਤੇ ਪਲਾਇਨਵਾਦ ਪਰਸਪਰ ਵਿਰੋਧੀ ਹਨ। ਸਦਾਚਾਰ ਅਤੇ ਇਹ-ਲੋਕ ਹਮ-ਜੋਲੀ ਹਨ। ਨਿਵਿਰਤੀ ਮਾਰਗ ਨਾਲੋਂ ਪਰਵਿਰਤੀ ਮਾਰਗ ਉਤਮ ਹੈ। ਸਦਾਚਾਰ ਸੰਗਤ ਵਿਚ ਹੀ ਸੰਭਵ ਹੋ ਸਕਦਾ ਹੈ, ਜੰਗਲਾਂ ਵਿਚ ਨਹੀਂ। ਬੋਧੀ, ਜੈਨੀ, ਨਾਥ ਜੋਗੀ, ਵੇਦਾਂਤ, ਸੰਸਾਰ ਤਿਆਗ ਦਾ ਉਪਦੇਸ਼ ਦਿੰਦੇ ਸਨ ਅਤੇ ਇਹ ਉਪਦੇਸ਼ ਸਦਾਚਾਰ ਸਮਾਜਕਤਾ, ਮਾਨਵਵਾਦ ਦੇ ਵਿਰੁੱਧ ਹੈ। ਸਰਬ-ਪੱਖੀ ਸਮਾਜਿਕ-ਉਥਾਨ ਕਰਨਾ ਹੈ। ਗੁਰੂ-ਨਾਨਕ ਬਾਣੀ ਵਿਚ ਧਾਰਮਿਕ ਅਤੇ ਦਾਰਸ਼ਨਿਕ ਪੱਧਰ ਤੇ ਇਕ ਵਿਚਾਰ-ਧਾਰਾਈ ਉਸਾਰ ਦੀ ਸਥਾਪਨਾ ਕੀਤੀ ਗਈ ਹੈ। ਮਨੁੱਖ ਨਿੱਜੀ ਪੱਧਰ ਤੇ

---

1. ਡਾ. ਵਜ਼ੀਰ ਸਿੰਘ, ਨੈਤਿਕ ਨਿਯਮ, ਪੰਨਾ -101

ਮਾਨਸਿਕ ਕਾਇਆ ਕਲਪ ਕਰਕੇ, ਸਮਾਜਿਕ ਸੰਦਰਭ ਵਿਚ, ਸਰਬੱਤ ਦਾ ਭਲਾ ਕਰਨਾ ਹੈ। ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ : ਨਾਨਕ ਬਾਣੀ ਅਗਰਗਾਮੀ, ਸਰਬੱਤ ਦੇ ਭਲੇ ਵਾਲੀ ਸਦਾਚਾਰ-ਭਰਪੂਰ ਮਾਨਵਵਾਦੀ ਵਿਚਾਰਧਾਰਾ ਲੋਕਾਈ ਦੇ ਕਲਿਆਣ ਲਈ ਨਵੇਂ ਰਾਹਾਂ ਨੂੰ ਰੌਸ਼ਨ ਕਰਦੀ ਹੈ।

(ਅ) <u>ਮਨੁੱਖ ਦੀ ਅੰਦਰੂਨੀ ਸ਼ਖਸੀਅਤ ਦਾ ਵਿਕਾਸ ਅਤੇ ਮਾਨਵਵਾਦ:</u>

ਮਾਨਵ ਆਪਣੀ ਅੰਦਰੂਨੀ ਸ਼ਖਸੀਅਤ ਦਾ ਵਿਕਾਸ ਕਰਕੇ, ਆਪਣੀ ਮਾਨਸਿਕ ਕਾਇਆ-ਕਲਪ ਕਰਕੇ ਹੀ ਮਾਨਵਤਾ ਬਾਰੇ ਸੋਚ ਸਕਦਾ ਹੈ। ਨਹੀਂ ਤਾਂ ਮਨੁੱਖ ਸੁਆਰਥਪਰਤਾ ਦੀ ਜਿਲ੍ਹਣ ਵਿਚ ਅਤੇ ਹੋਰ ਅਨੇਕ ਮਾਨਸਿਕ ਬੁਰਾਈਆਂ ਦੀ ਜਕੜਬੰਦ ਵਿਚ ਬੰਦ ਰਹੇਗਾ। ਮਾਨਸਿਕ ਵਿਕਾਸ ਹਿਰਦੇ-ਵਿਸ਼ਾਲਤਾ ਦੀ ਨਿਸ਼ਾਨੀ ਹੈ। ਹਿਰਦੇ ਦੀ ਵਿਸ਼ਾਲਤਾ ਮਾਨਵਵਾਦ ਦਾ ਮੂਲ -ਸੂਤ ਹੈ। ਮਨੁੱਖ ਦੇ ਆਪਣੇ ਪ੍ਰਤੀ ਅਤੇ ਸਮਾਜ, ਵਿਸ਼ਵ ਪ੍ਰਤੀ ਵੀ ਫਰਜ਼ ਹੈ। ਹਿਰਦੇ ਦੀ ਵਿਸ਼ਾਲਤਾ, ਬੌਧਿਕ ਸੂਝ-ਬੂਝ ਹੀ ਮਨੁੱਖ ਨੂੰ ਇਹਨਾਂ ਫਰਜ਼ਾਂ ਦੀ ਸੋਝੀ ਕਰਵਾ ਸਕਦੀ ਹੈ। ਮਾਨਵ -ਸ਼ਖਸੀਅਤ ਉੱਤਮ-ਵਿਚਾਰ ਆਦਰਸ਼ ਅਤੇ ਅਧਿਆਤਮਕ ਸੂਖਮ ਰਮਜ਼ਾਂ ਦੇ ਪ੍ਰਗਟਾ ਦਾ ਮਾਧਿਅਮ ਹੈ। ਮਾਨਵਵਾਦੀ ਅਤੇ ਅਧਿਆਤਮਵਾਦੀ ਕਦਰਾਂ ਦਾ ਸਮੂਹ ਹੈ। ਮਨੁੱਖ ਆਪਣੇ ਫਰਜ਼ਾਂ ਦੀ ਪੂਰਤੀ ਤਾਂ ਹੀ ਕਰ ਸਕਦਾ ਹੈ ਜੇ ਉਹ ਆਪਣੇ ਆਪ ਨੂੰ ਮਾਨਸਿਕ ਗੁਲਾਮੀ ਦੀ ਜਿਲ੍ਹਣ 'ਚੋਂ ਬਾਹਰ ਕੱਢੇ। ਮਾਨਸਿਕ-ਗੁਲਾਮੀ, ਹੀਣ-ਭਾਵਨਾ ਵਿਚੋਂ ਨਿਕਲ ਕੇ ਹੀ ਸਵੈ-ਪਹਿਚਾਣ ਹੋ ਸਕਦੀ ਹੈ। ਨਾਨਕ-ਬਾਣੀ ਅਨੁਸਾਰ "ਜੇ ਜੀਵੈ ਪਤਿ ਲਥੀ ਜਾਇ, ਸਭੁ ਹਰਾਮੁ ਜੇਤਾ ਕਿਛੁ ਖਾਇ।" ਗੁਰੂ ਨਾਨਕ ਨੇ ਮਨੁੱਖ ਨੂੰ ਸਦਾਚਾਰਕ ਤੌਰ ਤੇ ਉਚੇ-ਸੁੱਚੇ ਹੋਣ ਲਈ ਅਤੇ ਖੁਦੀ ਦਾ ਸਤਿਕਾਰ ਕਰਨ ਲਈ ਕਿਹਾ। ਜੇਕਰ ਮਨੁੱਖ ਵਿਚ ਖੁਦ ਵਿਚ ਹੀ, ਮਨ ਵਿਚ ਗੁਲਾਮੀ ਦੀ ਭਾਵਨਾ ਹੈ, ਆਪ ਹੀ ਹੀਣ-ਭਾਵਨਾ ਦਾ ਸ਼ਿਕਾਰ ਹੈ, ਆਪ ਹੀ ਜੀਣ ਜੋਗਾ ਨਹੀਂ ਤਾਂ ਦੂਸਰਿਆਂ ਲਈ ਕੀ ਕਲਿਆਣਕਾਰੀ ਕੰਮ ਕਰੇਗਾ? ਕੁਝ ਵੀ ਨਹੀਂ। ਨਾਨਕ-ਬਾਣੀ ਪਹਿਲਾਂ ਮਨੁੱਖ ਨੂੰ ਗੁਲਾਮੀ ਦੀ ਜਿਲ੍ਹਣ ਵਿਚੋਂ ਨਿਕਲਣ ਲਈ ਕਹਿੰਦੀ ਹੈ। ਆਪਣੀ ਪਤਿ-ਭਾਵਨਾ ਤੋਂ ਬਿਨਾ ਜੀਵਨ ਦਾ ਕੋਈ ਵੀ ਵਿਚਾਰ [illegible] ਸਾਰਥਕ ਨਹੀਂ। ਮਾਨਸਿਕ ਗੁਲਾਮੀ ਤੋਂ ਉਪਰ ਉਠਣ ਲਈ ਸੁਚੇਤ ਕੀਤਾ ਹੈ। ਮਾਨਸਿਕ ਹੀਣ-ਭਾਵਨਾ ਦਾ ਸ਼ਿਕਾਰ ਮਨੁੱਖ ਮਾਨਸਿਕ ਰੋਗੀ ਹੁੰਦਾ ਹੈ। ਇਹ ਰੋਗ ਮਨੁੱਖ ਨੂੰ ਕੋਈ ਰਚਨਾਤਮਕ

ਕਰਮ ਨਹੀਂ ਕਰਨ ਦਿੰਦਾ। ਜਿਹੜਾ ਮਨੁੱਖ ਆਪਣਾ ਭਾਰ ਹੀ ਨਹੀਂ ਚੁੱਕ ਸਕਦਾ ਉਹ ਦੂਸਰਿਆਂ ਦਾ ਕੀ ਚੁਕੇਗਾ। ਸਵਸਥ ਵਿਅਕਤੀ ਹੀ ਸਦਾਚਾਰਕ ਪੱਧਰ ਤੇ ਲੋਕ-ਕਲਿਆਣਕਾਰੀ ਕਰਮ ਕਰ ਸਕਦਾ ਹੈ। ਰੋਗੀ ਮਾਨਸਿਕ ਅਵਸਥਾ ਦਾ ਧਾਰਨੀ ਗੁਲਾਮੀ ਦੀ ਹੀਣ-ਭਾਵਨਾ ਦਾ ਭਾਰ ਹੀ ਢੋਈ ਜਾਂਦਾ ਹੈ। ਸੋ, ਸਦਾਚਾਰਕ ਮਾਨਵਵਾਦੀ ਕਰਮ ਕਰਨ ਲਈ, ਪਹਿਲਾਂ ਮਾਨਸਿਕ ਗੁਲਾਮੀ, ਹੀਣ-ਭਾਵਨਾ ਤੋਂ ਆਪਣੇ ਆਪ ਨੂੰ ਸੁਤੰਤਰ ਕਰਨਾ ਜ਼ਰੂਰੀ ਹੈ, ਮਾਨਸਿਕ ਨਰੋਆਪਨ ਹੀ ਸਮਾਜਿਕ ਭਲਾਈ ਬਾਰੇ ਸੋਚ ਸਕੇਗਾ।

ਮੱਧਕਾਲੀਨ ਯੁੱਗ ਵਿਚ ਸਮੁੱਚੀ ਮਾਨਵ-ਜਾਤੀ ਨੂੰ ਪਿਆਰ ਕਰਨ ਵਾਲੇ ਵਿਦਵਾਨਾਂ ਅਤੇ ਸੁਧਾਰਕਾਂ ਲਈ ਚਿੰਤਾ ਦਾ ਸਭ ਤੋਂ ਵੱਡਾ ਕਾਰਣ, ਸਦਾਚਾਰਕ ਖੇਤਰ ਵਿਚ ਮਨੁੱਖ ਦੀ ਗਿਰਾਵਟ ਸੀ। ਵਿਅਕਤੀਗਤ ਸਦਾਚਾਰ ਦੀ ਗਿਰਾਵਟ ਸਮੂਹਿਕ ਪੱਧਰ ਉਤੇ ਭ੍ਰਿਸ਼ਟਾਚਾਰ, ਅਤਿਆਚਾਰ ਅਤੇ ਦੁਰਾਚਾਰ ਨੂੰ ਜਨਮ ਦਿੰਦੀ ਹੈ। ਇਸ ਸੰਦਰਭ ਵਿਚ ਗੁਰੂ ਸਾਹਿਬ ਦੀ ਧਾਰਨਾ ਹੈ ਕਿ ਜੇ ਹਰੇਕ ਵਿਅਕਤੀ ਦਾ ਆਚਰਣ ਉਚਾ ਅਤੇ ਸੁੱਚਾ ਹੋ ਜਾਏ ਤਾਂ ਸਾਰੇ ਸਮਾਜ ਦਾ ਸਮੂਹਿਕ ਆਚਰਣ ਆਪਣੇ ਆਪ ਉਚਾ ਅਤੇ ਸੁੱਚਾ ਹੋ ਜਾਂਦਾ ਹੈ। ਇਸ ਉਚੇ ਅਤੇ ਸੁੱਚੇ ਆਚਰਣ ਦਾ ਸੁਆਮੀ ਬਣਨ ਦੇ ਅਭਿਲਾਸ਼ੀ ਮਨੁੱਖ ਦੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਇਹ ਹੁੰਦੀ ਹੈ ਕਿ :ਕਿਵ ਸਚਿਆਰਾ ਹੋਈਐ ।ਕਿਵ ਕੂੜੈ ਤੁਟੈ ਪਾਲਿ।।(ਜਪੁਜੀ ਸਾਹਿਬ,ਮਹਲਾ ੧) ਅਰਥਾਤ ਮਾਨਵਵਾਦੀ ਆਦਰਸ਼ਕ ਸਮਾਜ ਵਿਚ ਰਹਿਣ ਵਾਲੇ ਹਰੇਕ ਪ੍ਰਾਣੀ ਦਾ ਮਨੋਰਥ ਇਹ ਹੋਣਾ ਚਾਹੀਦਾ ਹੈ ਕਿ ਉਹ ਸੱਚ ਦਾ ਧਾਰਣੀ ਬਣ ਕੇ ਝੂਠ ਦੀ ਜਕੜਣ ਵਿਚੋਂ ਨਿਜਾਤ ਕਿਵੇਂ ਪਾਵੇ। ਇਸ ਤਰ੍ਹਾਂ ਗੁਰੂ ਨਾਨਕ ਦੀ ਸਦਾਚਾਰ ਸੰਬੰਧੀ ਫਿਲਾਸਫੀ ਦਾ ਕੇਂਦਰੀ-ਬਿੰਦੂ ਸੱਚ ਹੈ। ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਅਤੇ ਇਸਨੂੰ ਆਪਣੇ ਇਕ-ਮਾਤਰ ਨਿਯੰਤਰਣ ਵਿਚ ਰੱਖਣ ਵਾਲੀ ਆਦਿ-ਸ਼ਕਤੀ ਨੂੰ ਵੀ ਗੁਰੂ ਨਾਨਕ ਸਾਹਿਬ ਨੇ ਸੱਚ-ਸਰੂਪ ਮੰਨਿਆ ਹੈ ਅਤੇ ਮਨੁੱਖ ਦਾ ਅੰਤਿਮ ਮਨੋਰਥ, ਗੁਰੂ ਨਾਨਕ ਦੀ ਧਾਰਣਾ ਅਨੁਸਾਰ ਉਸ ਸੱਚ ਨਾਲ ਅਭੇਦ ਹੋ ਜਾਣਾ ਹੀ ਹੈ ਅਤੇ ਅਭੇਦ ਹੋ ਜਾਣ ਤੋਂ ਬਾਅਦ ਸੰਸਾਰ ਤੋਂ ਵਿਰਕਤ ਨਹੀਂ ਹੋਣਾ ਸਗੋਂ 'ਮਾਨਵਵਾਦੀ ਕਰਮਾਂ' ਨਾਲ ਸਮਾਜ ਦਾ ਕਲਿਆਣ ਕਰਨਾ ਹੈ। ਨਾਨਕ-ਬਾਣੀ ਵਿਚਲੇ ਮਾਨਵਵਾਦੀ ਸੰਕਲਪ ਦੀ ਪ੍ਰਾਪਤੀ ਲਈ ਸਮਾਜਿਕ ਅਤੇ ਨਿੱਜੀ ਦੋਨੋਂ ਤਰ੍ਹਾਂ ਦੀ ਨੈਤਿਕਤਾ ਜ਼ਰੂਰੀ ਹੈ।

ਪਹਿਲੀ ਸ਼੍ਰੇਣੀ ਦੀ ਨੈਤਿਕਤਾ ਸਮਾਜਿਕ ਜ਼ਰੂਰਤਾਂ ਦੀ ਪੂਰਤੀ ਵਿਚ ਨਿਹਿਤ ਹੈ ਅਤੇ ਦੂਸਰੀ ਸ਼੍ਰੇਣੀ ਦੀ ਨੈਤਿਕਤਾ ਮਨੁੱਖ ਦੀ ਪ੍ਰਤਿਭਾ ਅਤੇ ਉਸਦੀ ਅੰਤਰ-ਦ੍ਰਿਸ਼ਟੀ ਵਿਚ ਅਭਿਵਿਅਕਤ ਹੁੰਦੀ ਹੈ।[1] ਇਸ ਤਰ੍ਹਾਂ ਸਦਾਚਾਰਕ ਸੰਦਰਭ ਵਿਚ ਗੁਰੂ ਸਾਹਿਬ ਦਾ ਚਿੰਤਨ, ਉਨ੍ਹਾਂ ਦੇ ਅਧਿਆਤਮਕ ਚਿੰਤਨ ਦਾ ਹੀ ਇਕ ਵਿਸ਼ੇਸ਼ ਉਪ-ਭਾਗ ਹੈ। ਲੌਕਿਕ ਅਧਿਆਤਮਿਕ ਕੀਮਤਾਂ ਦੀ ਪਿਠ-ਭੂਮੀ ਵਿਚ, ਮਾਨਵ-ਜਾਤੀ ਦੇ ਹਿੱਤ ਲਈ, ਗੁਰੂ ਸਾਹਿਬ ਨੇ, ਜਿਨ੍ਹਾਂ ਸਦਾਚਾਰਕ ਕੀਮਤਾਂ ਦੀ ਸਥਾਪਨਾ ਕੀਤੀ ਹੈ ਉਨ੍ਹਾਂ ਦਾ ਅਨੁਸਰਣ ਕਰਨ ਵਾਲਾ ਜਨ-ਸਮੂਹ, ਨਿਰਸੰਦੇਹ ਇਕ ਆਦਰਸ਼ਕ ਸਮਾਜ ਦੀ ਉੱਤਮ ਉਦਾਹਰਣ ਪ੍ਰਸਤੁਤ ਕਰਦਾ ਹੈ । ਡਾ. ਸੁਰਿੰਦਰ ਸਿੰਘ ਕੋਹਲੀ ਦੇ ਵਿਚਾਰ ਇਸ ਸੰਦਰਭ ਵਿਚ ਇਸ ਪ੍ਰਕਾਰ ਹਨ:

> ਗੁਰੂ ਨਾਨਕ ਦੇਵ ਜੀ ਦੀ ਸਦਾਚਾਰ ਨੀਤੀ ਅਤੇ ਧਰਮ ਅੰਤਰ-ਸੰਬੰਧਿਤ ਹਨ। ਇਹ ਉਹਨਾਂ ਦੇ ਵਿਚਾਰਾਂ ਦੀ ਦੇਹ ਅਤੇ ਆਤਮਾ ਹਨ। ਆਤਮਕ ਚੜ੍ਹਤ ਲਈ ਆਚਰਣ ਦੇ ਨਿਯਮਾਂ ਦਾ ਹੋਣਾ ਆਵੱਸ਼ਕ ਹੈ। ਸਦਾਚਾਰ ਨੀਤੀ ਆਤਮਕ ਉਥਾਨ ਦਾ ਆਧਾਰ ਹੈ। ਜਦ ਤਕ ਕਿ ਸਦਾਚਾਰਕ ਗੁਣ ਪੈਦਾ ਨਾ ਕੀਤੇ ਜਾਣ, ਜਿਗਿਆਸੂ ਆਤਮਕ ਸੱਤਾ ਦੀ ਉਚੀ ਪੱਧਰ ਤੇ ਨਹੀਂ ਪਹੁੰਚ ਸਕਦਾ। ਕਰਮ, ਗਿਆਨ ਅਤੇ ਸ਼ਰਧਾ ਦੇ ਸੰਤੁਲਤ ਮੇਲ ਦੀ ਜ਼ਰੂਰਤ ਹੈ। ਗੁਰੂ ਜੀ ਕਿਸੇ ਕਿਸਮ ਦੇ ਵੀ ਰੀਤੀਵਾਦ ਦੇ ਵਿਰੁੱਧ ਸਨ, ਕਿਉਂਕਿ ਮੁਕਤੀ ਕਦੀ ਵੀ ਕਰਮ-ਕਾਂਡਾਂ ਰਾਹੀਂ ਪ੍ਰਾਪਤ ਨਹੀਂ ਹੁੰਦੀ। ਇਸ ਸੰਦਰਭ ਵਿਚ ਸਾਰੇ ਕਰਮ-ਕਾਂਡ ਵਿਅਰਥ ਹਨ। ਸਾਰੇ ਰਸਤੇ, ਜਿਹੜੇ ਉਸ ਮਾਲਕ ਵਲ ਨਹੀਂ ਜਾਂਦੇ, ਉਹਨਾਂ ਤੇ ਨਹੀਂ ਚਲਣਾ ਚਾਹੀਦਾ। ਇਸ ਤਰ੍ਹਾਂ ਰੱਬੀ ਗੁਣਾਂ ਨੂੰ ਜੀਵਨ ਵਿਚ ਅਸਲੀ ਜਾਮਾ ਪਹਿਨਾਉਣਾ ਚਾਹੀਦਾ ਹੈ।[1]

---

1. "The first type of morality is rooted in the needs of Society and the second type of morality is the expression of man's genius and insight as a voluntary act of goodness and kindness towards others."
(V.Narayan Karan Reddy: Sarvodaya Ideology And Acharya Vinobha Bhave, P.61)

ਮਾਨਵੀ ਜੀਵਨ ਵਿਚ ਸਦਾਚਾਰਕ ਉੱਚਤਾ, ਸੁੱਚਤਾ ਰਾਹੀਂ ਹੀ ਪਾਈ ਜਾ ਸਕਦੀ ਹੈ। ਗੁਰਵਾਕ ਹੈ: ; ਸੁਚਿ ਹੋਵੈ ਤਾਂ ਸਚੁ ਪਾਈਐ।" 'ਸੁੱਚ' ਦੇ ਵਿਚਾਰ ਦੀ ਸੁੰਦਰਤਾ, ਅਹਿਮੀਅਤ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ। ਲੇਕਿਨ ਮੱਧਕਾਲ ਵਿਚ ਧਾਰਮਿਕ ਪੁਜਾਰੀਆਂ, ਪੰਡਤਾਂ, ਜੋਗੀਆਂ, ਕਾਜ਼ੀਆਂ, ਆਦਿ ਨੇ 'ਸੁੱਚ' ਦੇ ਸੁੰਦਰ ਵਿਚਾਰ ਨੂੰ ਆਪਣੇ ਗਲਤ ਅਮਲਾਂ ਸਦਕਾ ਗੰਦਲਾ ਕੀਤਾ ਹੋਇਆ ਸੀ। ਪੂਜਾ ਵਾਲੀਥਾਂ ਨੂੰ ਲਿੰਬਣਾ-ਪੋਚਣਾ, ਹੋਰ ਕਈ ਕਿਸਮ ਦੇ ਵਿਖਾਵੇ ਵਾਲੇ ਧਾਰਮਿਕ ਕਰਮ-ਕਾਂਡ ਕਰਨੇ ਆਮ ਜਿਹੀ ਗੱਲਬਣ ਚੁੱਕੀ ਸੀ। ਇਹ ਸਭ ਕੁਝ 'ਸੁੱਚਿ' ਦੀ ਸਥਾਪਤੀ ਲਈ ਕੀਤਾ ਜਾਂਦਾ ਸੀ। ਲੇਕਿਨ ਇਸ 'ਸੁਚਿ' ਨੂੰ ਕਿਸੇ ਵੀ ਸ਼ੂਦਰ ਦੀ ਆਮਦ ਨਾਲ ਖਤਮ ਸਮਝਿਆ ਜਾਂਦਾ ਸੀ। ਸੂਤਕ ਨਾਲ ਵੀ ਇਹ ਸੁੱਚ ਕਾਇਮ ਨਹੀਂ ਸੀ ਰਹਿੰਦੀ। ਇਹ 'ਸੁੱਚ' ਇਤਨੀ ਕਮਜ਼ੋਰ ਸੀ ਕਿ ਇਸਤਰੀ ਦਾ ਪਰਛਾਵਾਂ ਵੀ ਨਹੀਂ ਸੀ ਪਰਵਾਨ ਕਰਦੀ। ਇਸ ਸਾਰੀ ਸਥਿਤੀ ਨੂੰ ਵੇਖ ਕੇ, ਘੋਖ ਕੇ ਗੁਰੂ ਨਾਨਕ ਨੇ 'ਸੁੱਚ' ਦੀ ਸਹੀ ਵਿਆਖਿਆ ਲੋਕਾਂ ਨੂੰ ਸਮਝਾਈ। ਗੁਰੂ ਨਾਨਕ ਅਨੁਸਾਰ:

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥

( ਵਾਰ ਆਸਾ, ਪੰਨਾ-472)

ਅਤੇ

ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥

( ਸਿਰੀ ਰਾਗ, ਮਹਲਾ ੧, ਪੰਨਾ-19)

ਨਾਨਕ-ਬਾਣੀ ਨੇ ਮਜ਼੍ਹਬੀ ਸੰਕਲਪਾਂ ਨਾਲ ਜੁੜੇ ਗਲਤ ਮਨੁੱਖੀ ਸੰਸਕਾਰਾਂ, ਰਸਮਾਂ ਰਿਵਾਜਾਂ ਨੂੰ ਤੋੜਨ ਲਈ ਜਿਹਾ। ਗੁਰੂ ਸਾਹਿਬ ਦੀਉਪਰੋਕਤ ਬਾਣੀ ਤੋਂ ਸਪਸ਼ਟ ਹੈ ਕਿ 'ਸੁੱਚ' ਸਿਰਫ਼ ਬਾਹਰੀ ਸਫ਼ਾਈ ਦਾ ਨਾਂ ਨਹੀਂ। ਕੇਵਲ ਸਰੀਰ ਨੂੰ ਸਾਫ਼ ਕਰ ਲੈਣ ਨਾਲ ਸੁੱਚੇ ਨਹੀਂ ਬਣ ਜਾਈਦਾ। ਸਪਸ਼ਟ ਰੂਪ ਵਿਚ ਗੁਰੂ ਸਾਹਿਬ ਮਨ ਦੀ ਸਫ਼ਾਈ ਉਪਰ ਜੋਰ ਦਿੰਦੇ ਹਨ। ਮਨ ਵਿਚ ਪਰਮਾਤਮਾ ਦੇ ਵੱਸ ਜਾਣ ਨਾਲ ਵਿਕਾਰ ਨਹੀਂ ਰਹਿੰਦੇ ਅਤੇ ਮਨ ਨਿਰਮਲ ਹੋ ਜਾਂਦਾ ਹੈ। ਗੁਰੂ ਸਾਹਿਬ ਉਹਨਾਂ ਪਵਿੱਤਰ ਮਾਨਵਵਾਦੀ ਰੂਹਾਂ ਤੋਂ ਵਾਰੀ ਜਾਂਦੇ ਹਨ ਜਿਹੜੀਆਂ ਦਿਨ-ਰਾਤ ਸਦਾ ਸੱਚ ਬੋਲਦੀਆਂ ਹਨ, ਗੁਰਵਾਕ ਹੈ:

ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੈ।

( ਵਾਰ ਗਉੜੀ, ਮਹਲਾ ੧, ਪੰਨਾ-312)

ਮਨੁੱਖ ਮੁੱਲਾਂ ਦਾ ਸਰੋਤ ਤੇ ਸ੍ਰਿਸ਼ਟਾ ਹੈ। ਉਹ ਸੁਤੰਤਰ ਹੈ, ਉਸਦੀ ਮਹੱਤਤਾ ਹੈ ਅਤੇ ਉਹ ਆਪਣੇ ਬਾਰੇ ਖੁਦ ਉਤਰਦਾਈ ਹੈ। ਮਨੁੱਖ ਉਹ ਨਹੀਂ ਜੋ ਉਹ ਆਪਣੇ ਬਾਰੇ ਸੋਚਦਾ ਹੈ, ਵਾਸਤਵ ਵਿਚ ਮਨੁੱਖ ਉਹ ਕੁਝ ਹੈ, ਜੋ ਕੁਝ ਉਹ ਆਪਣੇ ਆਪ ਨੂੰ ਬਣਾਂਦਾ ਹੈ, ਉਹੀ ਉਸਦਾ ਅਸਲੀ ਰੂਪ ਹੈ। ਸੰਸਾਰ ਵਿਚ ਸਭ ਪ੍ਰਾਣੀ ਇਕ ਦੂਸਰੇ ਤੋਂ ਅਲਗ ਅਸਤਿਤਵ ਰੱਖਦੇ ਹਨ, ਇਸ ਲਈ ਹਰ ਪ੍ਰਾਣੀ ਆਪਣੇ ਅਸਤਿਤਵ ਲਈ, ਆਪਣੇ ਚੰਗੇ ਮੰਦੇ ਕਰਮਾਂ ਲਈ ਖੁਦ ਹੀ ਜਿੰਮੇਵਾਰ ਹੈ। ਸੱਚ ਹੀ ਈਸ਼ਵਰ ਹੈ, ਦੀਨ ਦੁਖੀਆਂ ਦਾ ਸਹਾਈ ਹੈ। ਉਹ ਸੱਚ ਲਈ, ਹੱਕ ਲਈ ਜੂਝਦੇ ਲੋਕਾਂ ਦਾ ਪੱਖੀ ਹੈ। ਪਰਮਾਤਮਾ ਦੇ ਗੁਣਾਂ ਨੂੰ ਮਨੁੱਖੀ ਜੀਵਨ ਵਿਚ ਅਮਲੀ ਜਾਮਾ ਪਹਿਨਾਉਣਾ ਮਾਨਵਵਾਦ ਹੈ। ਅਰਥਾਤ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਰੱਖਣ ਵਾਲੇ ਲੋਕ ਕਰਮ ਕਰਨ ਤੋਂ ਇਨਕਾਰੀ ਨਹੀਂ। ਸਮਾਜ ਤੋਂ 'ਭਾਂਜਵਾਦੀ ਦ੍ਰਿਸ਼ਟੀ' ਨਹੀਂ ਅਪਨਾਉਣੀ ਬਲਕਿ ਇਹ-ਲੋਕ ਵਿਚ ਰਹਿ ਕੇ ਨੇਕ ਕਰਮ ਕਰਕੇ ਮਾਨਵਵਾਦ ਦੇ ਸੰਕਲਪ ਨੂੰ ਕਾਇਮ ਕਰਦਾ ਹੈ। ਇਸ ਸੰਦਰਭ ਵਿਚ ਡਾ. ਅਤਰ ਸਿੰਘ ਦੇ ਵਿਚਾਰ ਵਰਨਣਯੋਗ ਹਨ:

> ਇਸ ਲੋਕ-ਪੱਖੀ, ਸੰਘਰਸ਼ਸ਼ੀਲ ਪਰਮਾਤਮਾ ਦੀ ਪਰਾਪਤੀ ਦਾ ਰਾਹ ਸੰਘਰਸ਼ ਹੈ, ਨਿਤ ਸੰਘਰਸ਼। ਸਥਾਪਨਾਵਾਂ ਤੋਂ ਸੁਤੰਤਰ, ਭੈ ਤੋਂ ਮੁਕਤ, ਗਿਆਨਵਾਨ ਮਨੁੱਖ ਨਿਰੰਤਰ ਸੰਘਰਸ਼ਸ਼ੀਲ ਹੀ ਹੋ ਸਕਦਾ ਹੈ। ਉਸਦਾ ਉਦੇਸ਼ ਨਾ ਕਾਮ ਹੈ, ਨਾ ਅਰਥ ਹੈ, ਨਾ ਮੋਖ ਹੈ, ਨ ਰਿਧੀਆਂ ਨਾ ਸਿੱਧੀਆਂ, ਕੇਵਲ ਜੂਝ ਮਰਨਾ। ਇਉਂ ਗਿਆਨ ਕ੍ਰਿਆਸ਼ੀਲਤਾ ਵਿਚ ਪਰਵਰਤਿਤ ਹੋ ਕੇ ਇਤਿਹਾਸ ਦਾ ਸਿਰਜਕ ਬਣਦਾ ਹੈ।[1]

ਗੁਰੂ ਨਾਨਕ ਨੇ ਇਤਿਹਾਸ ਨੂੰ ਨਵੇਂ ਮਿਆਰ, ਮਾਨਵ-ਚੇਤਨਾ, ਨਵੀਨ-ਸੋਚਣੀ ਕਰਮ-ਸ਼ਕਤੀ, ਨਵੀਨ-ਸਾਹਸ, ਆਦਰਸ਼ ਪ੍ਰਦਾਨ ਕੀਤੇ। ਗੁਰੂ ਨਾਨਕ ਦਾ ਮਾਨਵਵਾਦ ਸਰਬ ਲੌਕਿਕ, ਸਹਾਨੁਭੂਤੀ ਦਾ ਧਨੀ ਹੈ। ਸਮੁੱਚੀ ਮਨੁੱਖਤਾ ਦੇ ਹਿਤੈਸ਼ੀ ਗੁਰੂ ਨਾਨਕ ਨੇ ਵਿਸ਼ਵ-ਪਿਆਰ ਦਾ ਪੈਗਾਮ ਏਕਤਾ ਅਤੇ ਅਮਨ ਦੀਆਂ ਭਾਵਨਾਵਾਂ ਦਾ

---

1. ਡਾ. ਅਤਰ ਸਿੰਘ, <u>ਸਮਦਰਸ਼ਨ</u>, ਪੰਨਾ-118

ਪ੍ਰਚਾਰ ਕੀਤਾ। ਪਲੀਤ ਅਤੇ ਪਤਿਤ ਵਾਤਾਵਰਣ ਨੂੰ ਰੂਹਾਨੀ ਅਤੇ ਨੈਤਿਕ ਕੀਮਤਾਂ ਨਾਲ ਪਾਕ ਕੀਤਾ। ਗੁਰੂ ਨਾਨਕ ਸਿਰਫ਼ ਰਹੱਸਵਾਦੀ ਨਹੀਂ ਸਨ, ਸਗੋਂ ਮਾਨਵਵਾਦੀ ਸਨ ਅਤੇ ਮਾਨਵਵਾਦੀ ਕੀਮਤਾਂ ਤੇ ਲੋਕਾਈ ਨੂੰ ਜਾਣੂ ਕਰਵਾਇਆ। ਇਸ ਕਰਕੇ ਉਹਨਾਂ ਨੇ ਅਗਿਆਨ ਰੂਪੀ ਹਨੇਰ-ਗਰਦੀ ਦਾ ਚਿਤਰ ਉਲੀਕਿਆ, ਲੋਕਾਈ ਅਗਿਆਨ-ਵਸ, ਭੇਖੀ ਅਤੇ 'ਪਾਖੰਡੀ' ਆਗੂਆਂ ਦੇ ਮਗਰ ਲਗੀ ਹੋਈ ਸੀ। ਉਹਨਾਂ ਨੂੰ ਅਗਿਆਨਤਾ ਵਿਚੋਂ ਕੱਢ ਕੇ ਉਚੀਆਂ ਧਾਰਨਾਵਾਂ ਪ੍ਰਦਾਨ ਕੀਤੀਆਂ। ਸਮਾਜਿਕ ਹਾਲਤ ਤੋ ਅਲਗ-ਥਲਗ ਆਤਮਕ ਵਾਤਾਵਰਣ ਵਿਚ ਜੋਗ-ਧਿਆਨ ਤੇ ਭਗਤੀ ਨੂੰ ਵੀ ਉਹ ਧਰਮ ਨਹੀਂ ਸੀ ਸਮਝਦੇ। ਉਹਨਾਂ ਦੇ ਵਿਅਕਤਿਤਵ ਵਿਚ ਆਤਮਕ ਰਹੱਸਵਾਦ ਅਤੇ ਸਮਾਜਿਕ ਚੇਤਨਾ ਦੋਨੋਂ ਹੀ ਮਿਲਦੇ ਹਨ ਅਤੇ ਪਰਮਾਤਮਾ ਦੀ ਭਗਤੀ ਵਿਚ ਲੀਨ ਹੁੰਦੇ ਹੋਇਆਂ ਵੀ ਉਹਨਾਂ ਸਮਾਜਿਕ ਮਸਲਿਆਂ ਤੋਂ ਛੁਟਕਾਰਾ ਪਾਉਣ ਲਈ ਕਿਸੇ ਅਧਿਆਤਮਕ ਰਹੱਸਵਾਦ ਵਿਚ ਸ਼ਰਣ ਲੈਣ ਦਾ ਯਤਨ ਨਹੀਂ ਕੀਤਾ। ਦੂਸਰੇ ਭਗਤ ਕਵੀ, ਅਧਿਆਤਮਕ ਮਸਤੀ ਵਿਚ ਸਮਾਜਿਕ ਚੇਤਨਾ ਨੂੰ ਡੁਬੋ ਕੇ ਆਨੰਦ ਹਿਲੋਰੇ ਲੈ ਰਹੇ ਸਨ। ਇਸ ਲਈ ਉਹਨਾਂ ਦੀ ਵਿਚਾਰਧਾਰਾ ਦੇ ਅਗਾਂਹਵਧੂ ਨਤੀਜੇ ਨਾ ਨਿਕਲੇ। ਲੇਕਿਨ ਗੁਰੂ ਨਾਨਕ-ਬਾਣੀ, ਅਗਾਂਹਵਧੂ, ਮਾਨਵਵਾਦੀ ਬਾਣੀ ਹੈ। ਸਭ ਕੁਝ ਹੁਕਮ ਤੇ ਸੁੱਟ ਕੇ ਮਨੁੱਖ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦਾ। ਨਾਨਕ-ਬਾਣੀ ਅਨੁਸਾਰ ਮਨੁੱਖ ਨੇ ਸਦਾਚਾਰਕ ਕਰਮ ਕਰਨੇ ਹਨ, ਨੇਕ ਰਾਹਾਂ ਤੇ ਚਲਣਾ ਹੈ:

(ੳ) ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ।।

(ਆਸਾ ਦੀ ਵਾਰ, ਮਹਲਾ ੧, ਪੰਨਾ-470)

(ਅ) ਕਰਣੀ ਬਾਝਹੁ ਭਿਸਤਿ ਨ ਪਾਇ ।।

(ਰਾਮਕਲੀ, ਮਹਲਾ ੧, ਪੰਨਾ-952)

(ੲ) ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ।।

(ਸਾਰੰਗ, ਮਹਲਾ ੧)

ਮਨੁੱਖ ਬਾਰੇ ਨਿਆਂ ਉਸਦੀ ਕਰਣੀ, ਅਮਲਾਂ ਦੇ ਆਧਾਰ ਤੇ ਹੋਵੇਗਾ। ਸੋ। ਇਸ ਕਸੌਟੀ ਅਧੀਨ ਵੀ ਮਨੁੱਖ ਨੂੰ ਸਦਾਚਾਰਕ ਕਰਮ ਕਰਨ ਦੀ ਸਿੱਖਿਆ ਦਿੱਤੀ ਗਈ ਹੈ। ਜਿਹੜੀ ਕਰਨੀ, ਅਮਲ ਮਨੁੱਖ ਨੂੰ ਰੱਬ ਦੇ ਰਾਹ ਦੀ ਸੋਝੀ ਕਰਵਾਉਂਦੇ ਹਨ, ਗੁਰਮੁਖ ਦੀ ਜੀਵਨ-ਜਾਚ ਵਿਚ ਢਾਲਦੇ ਹਨ, ਉਹ ਮੌਜ ਦੀ ਸਾਰਥਕ ਹਨ, ਸਰਬ-

ਸਮਿਆਂ ਲਈ ਸਾਰਥਕ ਹਨ। ਮਾਨਵ-ਜਾਤੀ ਦਾ ਤਾਂ ਹੀ ਕਲਿਆਣ ਹੋ ਸਕਦਾ ਹੈ ਜੇ ਮਨੁੱਖੀ ਸ਼ਖਸੀਅਤ ਇਸ ਸੱਚੇ ਵਿਚ ਢਲ ਜਾਵੇਗੀ। ਨਾਨਕ-ਬਾਣੀ ਜਿਹੜਾ ਸਦਾਚਾਰਕ ਮਾਰਗ ਪਰਮਾਤਮਾ ਨੂੰ ਮਿਲਣ ਦਾ ਦਸਦੀ ਹੈ, ਉਹ ਮਾਰਗ ਨਾਸਤਕ ਮਨੁੱਖਾਂ ਲਈ ਵੀ ਅਰਥ-ਭਰਪੂਰ ਹੈ ਜਿਹੜੇ ਪਰਮਾਤਮਾ ਦੀ ਪ੍ਰਾਪਤੀ ਤਾਂ ਨਹੀਂ ਚਾਹੁੰਦੇ, ਲੇਕਿਨ ਮਨੁੱਖੀ ਭਾਈਚਾਰੇ ਦੀ ਸਿਰਾਤ ਚਾਹੁੰਦੇ ਹਨ। ਰੱਬ ਦੀ ਰਾਹ ਅਤੇ ਮਾਨਵਵਾਦ ਦੀ ਰਾਹ ਇਕੋ ਹੀ ਹੈ। ਰੱਬ ਦੀ ਰਾਹ ਤੇ ਤੁਰਦੀ ਸ਼ਖਸੀਅਤ ਦਾ ਰੂਪ ਉਸ ਸ਼ਖਸੀਅਤ ਨਾਲ ਮਿਲਦਾ ਜੁਲਦਾ ਹੈ ਜਿਸਨੇ ਮਨੁੱਖ ਨੂੰ ਮਾਨਵਤਾ ਦੀ ਸਿਖਰ ਤੇ ਜਾ ਖੜਾ ਕਰਨਾ ਹੈ, ਰੱਬ ਨੂੰ ਮਿਲਣ ਤੇ ਪ੍ਰਾਪਤ ਹੋਣ ਵਾਲਾ ਅਨੰਦ ਅਤੇ ਮਾਨਵਵਾਦ ਦੇ ਸਿਖਰ ਤੇ ਪਹੁੰਚ ਕੇ ਪ੍ਰਾਪਤ ਹੋਣ ਵਾਲਾ ਅਨੰਦ, ਦੋਵੇਂ ਇਕੋ ਜਿਹੀ ਖੁਸ਼ੀ ਦੇ ਲਖਾਇਕ ਹਨ। ਲੇਕਿਨ ਇਸਦਾ ਭਾਵ ਇਹ ਨਹੀਂ ਕਿ ਮਨੁੱਖ ਹੋਣ ਵਿਚਲੇ ਵਿਗਿਆਨਕ ਸਿਧਾਂਤਾਂ ਦੇ ਆਧਾਰਾਂ ਨੂੰ ਤਿਆਗ ਦਈਏ। ਵਿਗਿਆਨਕ ਸਿਧਾਂਤ, ਆਦਰਸ਼ਵਾਦੀ ਸਿਧਾਂਤ ਦੇ ਇਸ ਨੁਕਤੇ ਦਾ ਤਿਆਗ ਕਰਦਾ ਹੈ ਜਾਂ ਵਿਰੋਧ ਕਰਦਾ ਹੈ ਕਿ: ਨਿੱਜੀ ਵਿਅਕਤੀਗਤ ਸਖਸ਼ੀ ਕਾਇਆ-ਕਲਪ ਹੀ ਸਮਾਜ ਦੇ ਕਾਇਆ-ਕਲਪ ਦਾ ਰਾਹ ਹੈ। ਇਸਦੇ ਵਿਪਰੀਤ ਵਿਗਿਆਨਕ ਸਿਧਾਂਤ ਮਨੁੱਖ ਦੇ ਕਲਿਆਣ ਲਈ, ਸਮਾਜਿਕ ਪਰਿਵਰਤਨ ਵੀ ਜ਼ਰੂਰੀ ਸਮਝਦੇ ਹਨ। ਸਮਾਜਕ ਪਲਟੇ ਨੂੰ ਵੀ ਪਹਿਲ ਦਿੰਦੇ ਹਨ, ਜਿਸ ਪਿਛੋਂ ਵਿਅਕਤੀਗਤ ਕਾਇਆ-ਕਲਪ ਲਈ ਹਾਲਾਤ ਸੁਖਾਵੇਂ ਹੋ ਜਾਣਗੇ। ਲੇਕਿਨ ਸਮਾਜਕ ਪਲਟਾ, ਸਮਾਜਕ ਸੁਧਾਰ ਲਿਆਉਣ ਲਈ ਵੀ ਸਦਾਚਾਰਕ ਤੌਰ ਤੇ ਉਚੀਆਂ-ਸੁੱਚੀਆਂ ਪਹੁੰਚੀਆਂ ਹੋਈਆਂ ਸ਼ਖਸੀਅਤਾਂ ਦੀ ਲੋੜ ਹੈ। ਨਾਨਕ-ਬਾਣੀ ਮਨੁੱਖੀ ਸ਼ਖਸੀਅਤ ਦਾ ਸਦਾਚਾਰਕ ਪੱਧਰ ਤੇ ਕਾਇਆ-ਕਲਪ ਲਈ ਸਾਰਥਕ-ਹਥਿਆਰ ਹੈ। ਇਸ ਬਾਣੀ ਨੂੰ ਅਮਲੀ ਪੱਧਰ ਤੇ ਅਪਣਾ ਕੇ ਮਨੁੱਖ ਮਾਨਵਵਾਦੀ ਸੰਕਲਪਾਂ ਦੀ ਪ੍ਰਾਪਤੀ ਕਰ ਸਕਦਾ ਹੈ।

ਮੱਧਕਾਲ ਸਹੀ ਅਰਥਾਂ ਵਿਚ, ਤਰਕ ਦੇ ਉਲਟ ਵਿਸ਼ਵਾਸ ਤੇ ਰੂੜ੍ਹੀਗਤ ਦਾ ਯੁੱਗ ਸੀ। ਨਾਨਕ-ਬਾਣੀ ਨੇ ਵਿਅਕਤੀ ਦੇ ਅਸਤਿਤਵ ਦੀ ਅਹਿਮੀਅਤ ਪ੍ਰਗਟਾਈ ਤੇ ਉਸਦੀ ਸੁਤੰਤਰਤਾ ਦੀ ਰੱਖਿਆ ਕੀਤੀ। ਮੱਧਕਾਲੀਨ ਇਤਿਹਾਸ ਵਿਚ ਨਾਨਕ-ਬਾਣੀ ਨੇ ਹੀ ਪਹਿਲੀ ਵਾਰ ਧਾਰਮਿਕ ਅਤੇ ਸਮਾਜਿਕ ਜਕੜਬੰਦੀਆਂ ਨੂੰ ਨਿਰੋਲ ਸਦਾਚਾਰਕ ਅਤੇ ਮਾਨਵੀ ਪੱਧਰ ਤੇ ਲਲਕਾਰਿਆ ਹੈ। ਇਤਿਹਾਸ ਦੇ ਇਸ ਚਮਤਕਾਰ

ਦਾ ਸਿਹਰਾ ਨਾਨਕ-ਬਾਣੀ ਦੇ ਸਿਰ ਹੈ। ਉਸ ਸਮੇਂ ਮਨੁੱਖੀ ਪੱਧਰ ਤੇ ਬਲਵਾਨ ਅਤੇ ਸੋਚਵਾਨ ਪੁਰਸ਼ਾਂ ਦੀ ਸ਼੍ਰੇਣੀ ਨੇ ਆਪਣੀ ਪ੍ਰਭੁਤਾ ਅਤੇ ਸੱਤਾ ਨੂੰ ਕਾਇਮ ਰੱਖਣ ਲਈ ਦੈਵੀ ਹੱਕਾਂ ਦੀ ਪ੍ਰਾਪਤੀ, ਜਾਤ-ਪਾਤ ਦਾ ਭੇਦ ਅਤੇ ਲੋੜ ਅਨੁਸਾਰ ਸ਼ਕਤੀ ਦੀ ਵਰਤੋਂ ਨਾਲ ਸਮੁੱਚੇ। ਜਨ-ਸਮੂਹ ਨੂੰ ਹੀਣਾ ਬਣਾਇਆ ਹੋਇਆ ਸੀ। ਹੀਣਾਪਣ, ਮਾਨਸਿਕ ਗੁਲਾਮੀ, ਪਾਪੀ ਹੋਣ ਦਾ ਅਹਿਸਾਸ ਮਨੁੱਖ ਨੂੰ ਗੈਰ-ਸਦਾਚਾਰਕ, ਅਣ-ਮਨੁੱਖੀ ਕੀਮਤਾਂ ਨੂੰ ਅਪਨਾਉਣ ਦੀ ਪ੍ਰੇਰਨਾ ਦਿੰਦਾ ਹੈ, ਜਿਸ ਨਾਲ ਝੂਠ, ਪਾਪ ਪਾਪ ਬੇਰਹਿਮੀ, ਪਾਖੰਡ ਆਪਣੀ ਪੂਰਨਤਾ ਵਲ ਵਧਦੀਆਂ ਹਨ। ਗੁਰੂ ਨਾਨਕ ਦੇ ਸਮੇਂ ਝੂਠ, ਪਾਖੰਡ ਆਪਣੇ ਸਿਖਰ ਤੇ ਸੀ। ਠੱਗ-ਮਾਰਨ, ਰੱਤ-ਚੂਸਣ ਦਾ ਕੰਮ ਸਿਖਰ ਤੇ ਸੀ। ਨਾਨਕ-ਬਾਣੀ ਵਿਚ ਗੈਰ-ਸਦਾਚਾਰਕ ਕਰਮਾਂ ਦੀ ਨਿਖੇਧੀ ਕਰਕੇ ਸਦਾਚਾਰਕ ਕਰਮ ਕਰਨ ਲਈ ਪ੍ਰੇਰਿਆ ਗਿਆ ਹੈ। ਮਨੁੱਖ ਮੂਲ ਤੌਰ ਤੇ ਸਮਾਜ ਦਾ ਅੰਗ ਹੈ। ਇਕਾਈ ਦਾ ਅੰਗ ਲੇਕਿਨ ਮਨੁੱਖੀ ਸਮਾਜ ਦੇ ਅਨੇਕਾਂ ਪਰਦੇ ਹਨ, ਜਿਹੜੇ ਉਸਨੂੰ ਆਪਣਾ ਮੂਲ ਨ ਨਹੀਂ ਪਛਾਨਣ ਦਿੰਦੇ। ਇਹ ਪਰਦੇ ਜਾਤ, ਧਰਮ, ਰੰਗ,ਨਸਲ, ਮਜ਼ਹਬ ਮੁਲਕ ਤੇ ਕੌਮਾਂ ਦੇ ਹਨ, ਇਹਨਾਂ ਰੋਕਾਂ ਤੋਂ ਅੱਗੇ ਨਾ ਦੇਖ ਸਕਣ ਵਾਲਾ, ਮਨੁੱਖ ਮਨੁੱਖ ਦਾ ਵੈਰੀ ਹੈ। ਇਹਨਾਂ ਰੋਕਾਂ ਦੇ ਆਧਾਰਾਂ ਤੇ ਮਨੁੱਖ ਦੁਰਾਚਾਰੀ ਕਰਮ ਕਰਦਾ ਹੈ। ਮਨੁੱਖਾਂ ਦੇ ਚਿਹਰੇ ਵੱਖਰੇ ਹੋ ਸਕਦੇ ਹਨ, ਜ਼ੁਬਾਨ ਵੱਖਰੀ ਹੋ ਸਕਦੀ ਹੈ, ਧਰਮ ਵੱਖਰਾ ਹੋ ਸਕਦਾ ਹੈ, ਦਰਸ਼ਨ ਵੱਖਰਾ ਹੋ ਸਕਦਾ ਹੈ, ਦੇਸ਼ ਦੀ ਸੀਮਾ ਵੱਖਰੀ ਹੋ ਸਕਦੀ ਹੈ, ਲੇਕਿਨ ਨੈਤਿਕ, ਸਦਾਚਾਰਕ ਆਧਾਰ ਤੇ ਮਨੁੱਖ ਮਨੁੱਖ ਦਾ ਦੁਸ਼ਮਣ ਨਹੀਂ ਹੋ ਸਕਦਾ। ਮਾਇਆ ਮਨੁੱਖ ਦੀ ਦਾਸੀ ਹੈ, ਮਾਲਕਿਨ ਨਹੀਂ। ਮਨੁੱਖ ਨੂੰ ਮਾਇਆ ਦਾ ਤਿਆਗ ਕਰਨਾ ਚਾਹੀਦਾ ਹੈ ਸੰਸਾਰ ਦਾ ਨਹੀਂ। ਮਾਇਆ ਮਨੁੱਖੀ ਮਨ ਵਿਚ ਹਉਮੈ ਭਰ ਦਿੰਦੀ ਹੈ ਅਤੇ ਅਮਾਨਵੀ ਕਰਮਾਂ ਵਲ ਪ੍ਰੇਰਿਤ ਕਰਦੀ ਹੈ। ਸਦਾਚਾਰ ਮਾਇਆ ਤੋਂ ਉਪਰ ਹੈ। ਸਦਾਚਾਰ ਮਾਨਵਵਾਦ ਹੈ। ਮਾਇਆ ਮਾਨਵਤਾ ਦੇ ਉਲਟ ਕਰਮ ਕਰਵਾ ਦਿੰਦੀ ਹੈ। ਮਨੁੱਖੀ ਨਿਜੀ ਜੀਵਨ ਦੀ ਪਵਿੱਤਰਤਾ ਹੀ ਮਾਨਵਵਾਦੀ ਕੀਮਤਾਂ ਨੂੰ ਕਾਇਮ-ਰੱਖਣ ਵਿਚ ਸਹਾਇਕ ਹੁੰਦੀ ਹੈ। ਨਾਨਕ-ਬਾਣੀ ਮਨੁੱਖ ਨੂੰ ਸਦਾਚਾਰਕ ਪੱਧਰ ਤੇ ਵਿਕਸਿਤ ਹੋਣ ਲਈ ਪ੍ਰੇਰਿਤ ਕਰਦੀ ਹੈ:

ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥
ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥

ਕਹੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ।।
ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨਾ ਦੀ ਪਾਈਐ ।।
ਮਤਿ ਥੋੜੀ ਸੇਵ ਗਵਾਈਐ ।।10।।

(ਵਾਰ ਆਸਾ, ਮਹਲਾ ੧, ਪੰਨਾ-468)

ਕੂੜ, ਝੂਠ, ਲਾਲਚ, ਪਦਾਰਥ ਨੂੰ ਛੱਡਿਆਂ ਆਪਣਾ ਮਨ ਸੌਚਾ ਅਤੇ ਪਵਿੱਤਰ ਹੋਵੇਗਾ। ਆਪਾ ਉਚਾ ਕੀਤਿਆਂ ਹੀ ਮਨੁੱਖ ਸਦਾਚਾਰਕ ਕਰਮ ਕਰ ਸਕੇਗਾ। ਅਤੇ ਮਾਨਵੀ ਕੀਮਤਾਂ ਦੀ ਸਥਾਪਤੀ ਵਿਚ ਸਹਿਯੋਗ ਦੇ ਸਕੇਗਾ। ਨਾਨਕ-ਬਾਣੀ ਅਨੁਸਾਰ ਦੁਨਿਆਵੀ ਪਦਾਰਥਾਂ ਦਾ ਲਾਲਚ ਛੱਡ ਕੇ, ਸਦਾਚਾਰਕ ਸੋਚ ਦੇ ਮਾਰਗ ਦਾ ਪਾਂਧੀ ਬਣਨਾ ਹੈ:

ਹਿਰਦੈ ਸਚੁ ਏਹ ਕਰਣੀ ਸਾਰੁ ।।
ਹੋਰ ਸਭ ਪਾਖੰਡ ਪੂਜ ਖੁਆਰ ।।

(ਪ੍ਰਭਾਤੀ ਮਹਲਾ ੧, ਪੰਨਾ-1343)

ਸਦਾਚਾਰੀ ਨੀਤੀ ਦੀ ਧਰਮ ਨੂੰ ਦੇਣ ਵੀ ਘੱਟ ਮਹੱਤਵਪੂਰਨ ਨਹੀਂ ਹੈ। ਸਦਾਚਾਰਕ ਨੀਤੀ ਨੇ ਓਹ ਸਮਾਜਿਕ ਮਨੋਰਥਾਂ ਜਿਨ੍ਹਾਂ ਨੂੰ ਧਰਮ ਦੀ ਪ੍ਰਵਾਨਗੀ ਦੀ ਲੋੜ ਹੈ ਨੂੰ ਤਰੱਕੀ ਦੇਣ ਅਤੇ ਪਛਾਨਣ ਵਿਚ ਧਰਮ ਦੀ ਸਹਾਇਤਾ ਕੀਤੀ ਹੈ। ਸਦਾਚਾਰਕ ਨੀਤੀ ਦੀ ਗੈਰ-ਹਾਜ਼ਰੀ ਵਿਚ ਧਰਮ ਸੰਕੀਰਣ ਤੇ ਵਿਰੋਧਭਾਵੀ ਹੋ ਜਾਂਦਾ ਹੈ ਅਤੇ ਮਨੁੱਖਾਂ ਵਿਚਕਾਰ ਈਰਖਾ ਤੇ ਪੱਖਪਾਤ ਦੀ ਸਥਿਤੀ ਉਪਜਾਉਂਦਾ ਹੈ ਤੇ ਖਿਚਾਣਾ ਫੈਲਾ ਸਕਦਾ ਹੈ। ਸਦਾਚਾਰ ਅਤੇ ਧਰਮ ਇਕ ਦੂਸਰੇ ਦੇ ਪੂਰਕ ਹਨ।[1] ਅਤੇ ਅਮਲੀ ਪੱਧਰ ਤੇ ਇਕ ਦੂਸਰੇ ਦੇ ਪੂਰਕ ਬਣ ਕੇ ਹੀ ਮਾਨਵਵਾਦੀ ਕੀਮਤਾਂ ਦੀ ਸਥਾਪਤੀ ਕਰ ਸਕਦੇ ਹਨ। ਸਦਾਚਾਰ 'ਜੋ ਕੁਝ ਹੈ' ਅਤੇ 'ਜੋ ਕੁਝ ਹੋਣਾ ਚਾਹੀਦਾ ਹੈ', ਦੇ ਵਿਚਕਾਰ ਅੰਤਰ ਦੱਸ ਕੇ ਮਨੁੱਖੀ ਜੀਵਨ ਦੀ ਅਗਵਾਈ ਕਰਦਾ ਹੈ। ਨੇਕੀ ਤੋਂ ਬਿਨਾ ਮਨੁੱਖ ਦਾ ਆਚਰਣ ਪ੍ਰਣਾਲੀ ਵਿਚ ਕੋਈ ਸਥਾਨ ਨਹੀਂ ਹੈ। ਨੈਤਿਕਤਾ ਵਿਚ ਉੱਚੀ ਸਚਿਆਈ, ਨਿਆਂ, ਹੌਸਲਾ, ਨਿਮਰਤਾ, ਸੰਤੋਖ ਤੇ ਪਿਆਰ ਜਿਹੇ ਸਦਗੁਣ ਮੁਖ ਸਥਾਨ ਰੱਖਦੇ ਹਨ। ਧਰਮ ਨੈਤਿਕ ਕਰਮਾਂ ਨੂੰ ਮਨੋਵਿਗਿਆਨਕ ਸਹਾਇਕ ਦਿੰਦਾ

---

1. "The ethics and religion of Guru Nanak are complementary. They are body and spirit of his thought."
(Dr.S.S.Kohli, 'Philosophy of Guru Nanak'.P.34)

ਹੈ। ਨਿਰਭਉ-ਨਿਰਵੈਰ ਈਸ਼ਵਰ ਦੇ ਗੁਣ ਬਨ, ਇਹੋ ਮਨੁੱਖ-ਜਾਤ ਲਈ ਆਦਰਸ਼ ਮੰਨੇ ਗਏ ਹਨ। ਧਰਮ, ਨੈਤਿਕ-ਕੀਮਤਾਂ ਨੂੰ ਯਥਾਰਥਕਤਾ ਪ੍ਰਦਾਨ ਕਰਨ ਵਿਚ ਸਹਾਈ ਹੁੰਦਾ ਹੈ। ਧਰਮ ਅਤੇ ਸਦਾਚਾਰ ਮਨੁੱਖ ਨੂੰ ਉੱਤਮਤਾ ਵਲ ਕਿਵੇਂ ਲਿਜਾਂਦੇ ਹਨ। ਇਸ ਸੰਦਰਭ ਵਿਚ ਡਾ. ਵਜ਼ੀਰ ਸਿੰਘ ਇਸ ਤਰ੍ਹਾਂ ਲਿਖਦੇ ਹਨ।

> ਧਰਮ ਅਤੇ ਸਦਾਚਾਰ ਦਾ ਉਦੇਸ਼ ਮਨੁੱਖ ਨੂੰ ਉੱਤਮਤਾ ਵਲ ਲਿਜਾਣਾ ਹੈ। ਧਰਮ ਸ਼ਰਧਾ ਦੀ ਵਿਧੀ ਰਾਹੀਂ ਵਿਅਕਤੀ ਨੂੰ ਜੀਵਨ ਦੇ ਉਚੇਰੇ ਪੱਖਾਂ ਦੀ ਸੋਝੀ ਦੇਣ ਦਾ ਯਤਨ ਕਰਦਾ ਹੈ। ਇਸ ਮਤਲਬ ਲਈ ਉਹ ਪਾਪ-ਪੁੰਨ, ਨਰਕ-ਸੁਰਗ, ਅਧੋਗਤੀ ਤੇ ਮੁਕਤੀ ਆਦਿਕ ਸੰਕਲਪਾਂ ਦੀ ਵਰਤੋਂ ਕਰਦਾ ਹੈ। ਪਰ ਧਰਮ ਦਾ ਵਧੇਰੇ ਵਿਸ਼ੇਸ਼ ਪੱਖ ਮਹਾਨ ਵਿਅਕਤੀਆਂ, ਰਿਸ਼ੀਆਂ ਤੇ ਸੰਤਾਂ ਦੇ ਬਚਨ ਤੇ ਉਪਦੇਸ਼ ਹਨ, ਜਿਨ੍ਹਾਂ ਵਿਚ ਸਾਧਾਰਨ ਲੋਕਾਂ ਦੀ ਕੇਵਲ ਸ਼ਰਧਾ ਹੁੰਦੀ ਹੈ, ਪਰ ਵਿਚਾਰਵਾਨ ਵਿਅਕਤੀਆਂ ਲਈ ਅਤ ਆਤਮਿਕ ਸੰਦੇਸ਼ ਛੁਪੇ ਹੁੰਦੇ ਹਨ। ਡੂੰਘੀ ਖੋਜ ਨਾਲ ਜਾਚਿਆਂ ਇਨ੍ਹਾਂ ਸੰਦੇਸ਼ਾਂ ਵਿਚੋਂ ਮਨੁੱਖ-ਮਾਤਰ ਦੀ ਸਰਬ-ਸਾਂਝੀ ਭਲਾਈ, ਆਤਮਿਕ ਉਨੱਤੀ ਅਤੇ ਆਨੰਦਮਈ ਅਵਸਥਾ ਦੀ ਪ੍ਰਾਪਤੀ ਦੇ ਸੰਕੇਤ ਮਿਲਦੇ ਹਨ, ਜੋ ਲਗ-ਭਗ ਸਾਰੇ ਧਰਮ-ਸਿਧਾਂਤਾਂ ਵਿਚ ਸਾਂਝੇ ਹਨ। ਇਹਨਾਂ ਸੰਕੇਤਾਂ ਦੀ ਸੁਰ, ਵਿਅਕਤੀ ਦੇ ਮਨ ਵਿਚੋਂ ਪੱਖ-ਪਾਤ ਵਿਤਕਰੇ ਹਟਾਂਦੀ ਹੈ ਤੇ ਉਸਨੂੰ ਮਨੁੱਖੀ ਏਕਤਾ ਨਾਲ ਇਕ-ਸੁਰ ਕਰਦੀ ਹੈ। ਇਸ ਤੋਂ ਅਗੇਰੇ, ਧਰਮ ਦੇ ਇਹ ਸੰਕੇਤ ਵਿਅਕਤੀ ਨੂੰ ਬ੍ਰਹਿਮੰਡ ਵਿਚ ਪਸਰੀ ਕਿਸੇ ਰਹੱਸਮਈ ਹਕੀਕਤ ਦੀ ਟੋਹ ਲਾਉਣ ਦੀ ਸਮਰੱਥਾ ਦਿੰਦੇ ਹਨ ਤੇ ਉਸਨੂੰ ਅਜਿਹੀ ਵਿਸਮਾਦਿਤ, ਆਨੰਦਿਤ ਅਵਸਥਾ ਵਿਚ ਲੈ ਜਾਂਦੇ ਹਨ, ਜਿਸਨੂੰ ਮੁਕਤੀ, ਨਿਰਵਾਣ ਜਾਂ ਪਰਮਪਦ ਦੀ ਪ੍ਰਾਪਤੀ ਕਹਿੰਦੇ ਹਨ। ਇਹ ਸੋਝੀ ਤੇ ਪ੍ਰਾਪਤੀ ਵਿਅਕਤੀ ਨੂੰ ਸ੍ਰੇਸ਼ਟ ਮਨੁੱਖ ਬਣਾਂਦੀ ਹੈ

ਤੇ ਉਸਨੂੰ ਮਾਨਵਵਾਦੀ ਹਿੱਤਾਂ ਦੀ ਰਖਵਾਲੀ ਲਈ
ਉਤੇਜਿਤ ਕਰਦੀ ਹੈ।[1]

ਸਦਾਚਾਰਕ ਆਧਾਰ ਤੇ ਪਵਿੱਤਰਤਾ ਪ੍ਰਾਪਤ ਕਰਨ ਲਈ "ਹਿਰਦੇ ਸੱਚ" ਵਾਲੀ ਅਵਸਥਾ ਦੀ ਨਾਨਕ-ਬਾਣੀ ਵਿਚ ਵਧੇਰੇ ਵਿਆਖਿਆ ਕੀਤੀ ਗਈ ਹੈ। ਉਪਰੋਂ ਮਿੱਠੇ, ਚਲਾਕੀ ਭਰੇ ਸ਼ਬਦ ਅਤੇ ਅੰਦਰੋਂ ਕੂੜ ਅਤੇ ਕੂੜ ਦੁਆਲੇ ਗਲੇਫ਼ਿਆਂ ਸੱਚ ਸੱਚ ਨਹੀਂ ਪਾਖੰਡ ਹੈ। ਵਿਸ਼, ਵਿਸ਼ ਹੀ ਰਹੇਗੀ ਚਾਹੇ ਉਸਨੂੰ ਖੰਡ ਵਿਚ ਹੀ ਕਿਉਂ ਨਾ ਲਪੇਟ ਦਿੱਤਾ ਜਾਵੇ। ਗੁਰੂ ਸਾਹਿਬ ਸਪਸ਼ਟ ਸ਼ਬਦਾਂ ਵਿਚ ਇਸ ਤਰ੍ਹਾਂ ਕਹਿੰਦੇ ਹਨ।

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚ ਤਾਂ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਈ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੈ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥

( ਵਾਰ ਆਸਾ, ਮਹਲਾ ੧, ਪੰਨਾ-468)

ਗੁਰੂ ਸਾਹਿਬ ਨੇ ਅੰਦਰੋਂ ਸੱਚੇ ਹੋਣ ਨੂੰ ਹੀ ਸੱਚਾ ਹੋਣਾ ਦੱਸਿਆ ਹੈ। ਸੱਚਾ ਹਿਰਦਾ ਕਿਸੇ ਭੇਖ, ਦੰਭ ਜਾਂ ਪਾਖੰਡ ਤੋਂ ਰਹਿਤ ਹੁੰਦਾ ਹੈ। ਜਿਥੇ ਸੱਚ ਹੈ ਉਥੇ ਸਿੱਧ-ਪੱਧਰੀ, ਸਰਲ ਜ਼ਿੰਦਗੀ ਮਿਲੇਗੀ ਅਤੇ ਸੱਚ ਦਾ ਨਿਵਾਸ ਵੀ ਉਸ ਹਿਰਦੇ ਵਿਖੇ ਹੋ ਸਕੇਗਾ ਜੋ ਹਿਰਦਾ ਸਾਫ਼, ਸਾਦਾ ਤੇ ਛਲਛਿਦ੍ਰ ਰਹਿਤ ਹੈ, ਵਿਖਾਵੇ ਦੀਆਂ

1. ਡਾ. ਵਜ਼ੀਰ ਸਿੰਘ, ਨਾਨਕ ਬਾਣੀ ਚਿੰਤਨ, ਪੰਨਾ-23

ਲਿਸ਼ਕੋਰੀਆਂ ਤੋਂ ਰਹਿਤ ਹੈ। ਸੱਚ-ਦੀਪ ਲੋਅ ਤੋਂ ਵਿਹੂਣਾ, ਇਹ ਪਦਾਰਥਵਾਦ, ਮਾਨਸਕ -ਵਿਦਿਆ ਤੇ ਝੂਠੀਆਂ ਸਿਆਣਪਾਂ ਦੀ ਫੋਕੀ ਫਿਲਾਸਫੀ ਦੇ ਘੁੱਪ ਹਨੇਰੇ ਵਿਚ ਪਲਚਿਆ ਮਨੁੱਖ ਇਕ ਨਹੀਂ, ਅਨੇਕ ਵਾਰੀ ਆਪਣੀ ਅਸਲੀ ਮੰਜ਼ਿਲਾ ਤੋਂ ਥਿੜਕਦਾ ਹੈ। ਸੱਚੇ ਨੂੰ ਸੇਵਨ ਨਾਲ ਹੀ ਸੱਚੇ ਸੁੱਚੇ ਜੀਵਨ ਵਾਲਾ ਬਣਿਆ ਜਾ ਸਕਦਾ ਹੈ। " ਕੂੜ ਨਿਖੁਟੇ ਨਾਨਕਾ, ਓੜਕਿ ਸਚ ਰਹੀ"(ਮਹਲਾ ੧, ਪੰਨਾ-953) ਸੱਚਾ ਆਚਾਰ, ਸਭ ਕਰਮਾਂ, ਧਰਮਾਂ ਨਾਲੋਂ ਉਚੇਰਾ ਹੈ। ਸਦਾਚਾਰ ਸੱਚਾ ਆਚਾਰ ਹੈ। ਸੱਚਾ ਆਚਾਰ ਮਾਨਵਵਾਦ ਦਾ ਪ੍ਰਤੀਕ ਹੈ। ਸੱਚ, ਪਿਆਰ, ਏਕਤਾ, ਬਰਾਬਰੀ, ਭਾਈਚਾਰਾ ਸਦਾਚਾਰ ਦੇ ਮੌਲਿਕ ਲੱਛਣ ਹਨ। ਇਹਨਾਂ ਤੇ ਚਲ ਕੇ ਹੀ ਮਾਨਸਿਕ ਵਿਕਾਸ ਹੋ ਸਕੇਗਾ। ਮਨੁੱਖੀ ਸ਼ਖਸੀਅਤ ਦਾ ਵਿਕਾਸ ਹੋ ਸਕੇਗਾ, ਸਮਾਜ ਅਤੇ ਵਿਸ਼ਵ ਵਿਚ ਮਾਨਵਵਾਦ ਦੇ ਸੰਕਲਪ ਨੂੰ ਪਹਿਚਾਣਿਆ ਜਾ ਸਕੇਗਾ। "ਸਚਹੁ ਓਰੈ ਸਭ ਕੋਈ, ਉਪਰਿ ਸਚਿ ਆਚਾਰ"( ਮਹਲਾ ੧) ਨਾਨਕ-ਬਾਣੀ ਵਿਚ 'ਸਚਿ ਆਚਾਰ' ਦੀ, ਸਦਾਚਾਰ ਦੀ, ਬਹੁਤ ਅਹਿਮ ਦਰਸਾਈ ਗਈ ਹੈ। ਸਦਾਚਾਰ ਮਾਨਵਵਾਦ ਦਾ ਸਮੁੱਚ ਹੈ। ਆਸਤਕ-ਨਾਸਤਕ ਦੋਹਾਂ ਲਈ ਸਦਾਚਾਰ ਦੀ ਇਕੋ ਜਿਹੀ ਮਹੱਤਤਾ ਹੈ। ਦੋਨੋਂ ਸਦਾਚਾਰਕ ਮਾਰਗ ਦੇ ਪਾਂਧੀ ਬਣ ਕੇ ਮਾਨਵਵਾਦੀ ਬਣ ਸਕਦੇ ਹਨ। ਸਦਾਚਾਰ ਰਾਹੀਂ ਮਾਨਵਵਾਦੀ ਕੀਮਤਾਂ ਵਲ ਵਧਿਆ ਜਾ ਸਕਦਾ ਹੈ। ਧਰਮ ਦਾ ਮਾਰਗ ਸ਼ਰਧਾ ਦਾ ਮਾਰਗ ਹੈ। ਸਦਾਚਾਰ ਦਾ ਮਾਰਗ ਚੇਤਨਤਾ ਅਤੇ ਸੱਚ ਦਾ ਮਾਰਗ ਹੈ। ਧਰਮ ਵਿਚ ਈਸ਼ਵਰ ਪ੍ਰਮੁੱਖ ਹੈ। ਸਦਾਚਾਰ ਵਿਚ ਮਨੁੱਖੀ ਜੀਵਨ ਦੀਆਂ ਕਦਰਾਂ ਕੀਮਤਾਂ ਪ੍ਰਮੁੱਖ ਹਨ। ਸਦਾਚਾਰ ਮਨੁੱਖੀ ਆਚਰਨ ਨੂੰ ਕਦਰਾਂ-ਕੀਮਤਾਂ ਦੀ ਸੇਧ ਪ੍ਰਦਾਨ ਕਰਦਾ ਹੈ। ਧਰਮ ਅਤੇ ਸਦਾਚਾਰ ਦੋਨੋਂ ਹੀ ਮਨੁੱਖ ਨੂੰ ਸੁਆਰਥੀ ਹਿੱਤਾਂ ਦਾ ਤਿਆਗ ਕਰਨ ਅਤੇ ਪਰਮਾਰਥ ਕਰਨ ਲਈ ਸੁਚੇਤ ਕਰਦੇ ਹਨ। ਨਿਸ਼ਾਨਾ ਦੋਹਾਂ ਦਾ ਮਨੁੱਖ ਨੂੰ ਸੁਹਣੇਰਾ ਸੁਚੱਜਾ ਜੀਵਨ-ਜਿਊਣ ਦੀ ਜਾਚ ਪ੍ਰਦਾਨ ਕਰਨਾ ਹੈ।

ਉੱਚਾ-ਸੁੱਚਾ ਸਦਾਚਾਰਕ ਜੀਵਨ ਬਤੀਤ ਕੀਤਿਆਂ ਹੀ ਪ੍ਰਾਣੀ-ਮਾਤਰ ਦੀ ਭਲਾਈ ਕੀਤੀ ਜਾ ਸਕਦੀ ਹੈ। 'ਸੁਰਤਿ' ਅਤੇ 'ਮਤਿ' ਦੀ ਪਵਿੱਤਰਤਾ ਸਦਾਚਾਰਕ ਰਾਹਾਂ ਦੀ ਸੋਝੀ ਕਰਵਾਉਂਦੀ ਹੈ। ਸੁਰਤਿ ਅਤੇ ਮਤਿ ਦਾ ਅਟੁੱਟ, ਅੰਤਰੀਵੀ ਰਿਸ਼ਤਾ ਹੈ। ਜਿਹੋ ਜਿਹੀ ਮਨੁੱਖ ਦੀ ਸੁਰਤਿ ਹੋਵੇ ਉਹੋ ਜਿਹੀ ਮਤਿ ਹੋ ਜਾਂਦੀ ਹੈ। ਜੇ 'ਸੁਰਤਿ' ਮੈਂ-ਹਉਮੈ ਵੱਸ ਹੋਵੇ ਜਾਂ ਮਾਇਆ-ਮੋਹ ਬੰਧਨ ਵਸ ਹੋਵੇ ਤਾਂ ਉਹ ਸੁੱਤੇ ਸਿੱਧ ਹੀ 'ਪ੍ਰਭੂ

ਇਕਾਗਰਤਾ' ਨਾਲੋਂ ਟੁੱਟ ਕੇ ਵਰਨ, ਜਾਤਿ, ਰੂਪ-ਰੰਗ, ਰੇਖ-ਭੇਖ ਤੇ ਕੁਲ ਕ੍ਰਿਤ ਦੇ ਵਿਤਕਰੇ ਵੰਡਾਂ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਵਿਤਕਰਿਆਂ, ਵੰਡਾਂ ਵਿਚ ਪਈ ਹੋਈ 'ਸੁਰਤਿ' ਨਾ ਤਾਂ ਰਹੱਸਵਾਦੀ, ਅਧਿਆਤਮਿਕ ਹੋ ਸਕਦੀ ਹੈ ਅਤੇ ਨਾ ਹੀ ਸਿਰਜਨਾਤਮਿਕ ਮਾਨਵਵਾਦੀ ਹੋ ਸਕਦੀ ਹੈ।

ਗੁਰੂ ਨਾਨਕ ਸਮੇਂ ਸਮਕਾਲੀ ਸਮਾਜ ਵਿਚ ਮਨੁੱਖਾਂ ਦੀ ਸੁਰਤਿ ਵਿਆਪਕ ਪੱਧਰ ਉਤੇ ਵਿਤਕਰੇ ਅਤੇ ਵੰਡਾਂ ਵਿਚ ਪ੍ਰਵੇਸ਼ ਕਰ ਚੁੱਕੀ ਸੀ। ਮਨੁੱਖੀ ਸਮਾਜ ਉਸ ਵੇਲੇ ਮਾਨਵਤਾ, ਧਰਮ ਅਤੇ ਵਰਨ ਪੱਧਰ ਉਤੇ ਵੰਡੋ ਹੋਈ ਸੀ। ਉਸ ਸਮੇਂ ਲੋਕਾਂ ਦੀ 'ਸੁਰਤਿ' ਵਿਚ ਨਾ ਆਰਾਧਦੀ ਸੀ ਅਤੇ ਨਾ ਹੀ ਉਹਨਾਂ ਦੀ 'ਮਤਿ' ਵਿਚ ਕੋਈ ਸਰਬੱਤ ਦੇ ਭਲੇ ਦੀ ਭਾਵਨਾ ਸੀ। ਉਸ ਸਮੇਂ ਲੋਕ ਸਦਾਚਾਰ ਦੀ ਅਹਿਮੀਅਤ ਤੋਂ ਅਗਿਆਨ ਸਨ। ਉਸ ਸਮੇਂ ਮੁਸਲਮਾਨਾਂ ਅਤੇ ਹਿੰਦੂਆਂ ਵਿਚ ਜਾਤੀ ਅਤੇ ਜਮਾਤੀ ਦੋਹਾਂ ਪੱਧਰਾਂ ਤੇ ਆਪਸ ਵਿਚ ਭਿੰਨਤਾ ਸੀ। ਹਿੰਦੂ ਸਮਾਜ ਅੰਦਰੋਂ ਖੋਖਲਾ ਅਤੇ ਨਿਰਬਲ ਹੋ ਚੁੱਕਾ ਸੀ। ਨਾ ਉਸ ਵਿਚ ਜਾਤ ਦੀ ਸਾਂਝ ਸੀ ਅਤੇ ਨਾ ਹੀ ਜਮਾਤੀ ਇਕਸੁਰਤਾ ਸੀ। ਅਜਿਹੇ ਸਮਾਜ ਵਿਚ ਵਿਚਰ ਰਹੀ ਮਨੁੱਖੀ 'ਸੁਰਤਿ' ਨੂੰ ਗੁਰੂ ਨਾਨਕ ਨੇ ਅਧਿਆਤਮਕ ਅਤੇ ਸਦਾਚਾਰਕ ਵਾਤਾਵਰਣ ਪ੍ਰਦਾਨ ਕਰਕੇ ਜਗਾਇਆ। 'ਮਤਿ' ਉਹੀ ਚੰਗੀ ਹੈ ਜਿਹੜੀ ਮਾਨਵਤਾ ਦੇ ਗੀਤ ਗਾਵੇ, ਜਿਹੜੀ ਆਖੇ:-

> ਏਕੋ ਹੈ ਭਾਈ ਏਕੋ ਹੈ ।।
>
> ( ਆਦਿ ਗ੍ਰੰਥ, ਮਹਲਾ ੧, ਰਾਗੁ ਆਸਾ, ਚਉਪਦੇ, ਪੰਨਾ-350)

ਜਿਹੜੀ ਆਖੇ:

> ਸਭੇ ਸਾਝੀਵਾਲ ਸਦਾਇਨਿ
> ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ ।
>
> ( ਆਦਿ ਗ੍ਰੰਥ, ਰਾਮ ਮਾਝ, ਮਹਲਾ 5, ਪੰਨਾ-97)

ਨਾਨਕ-ਬਾਣੀ ,ਮਨੁੱਖ ਨੂੰ ਸੰਸਾਰ ਵਿਚ ਰਹਿ ਕੇ ਸਦਾਚਾਰਕ ਅਮਲ ਕਰਨ ਲਈ ਪ੍ਰੇਰਿਤ ਕਰਦੀ ਹੈ। ਇਸ ਸੰਸਾਰ ਨੂੰ ਮਿਥਿਆ ਸਮਝ ਕੇ ਇਸ ਤੋਂ ਭੱਜਣਾ ਨਹੀਂ। 'ਨਾਨਕ ਸਚੇ ਕੀ ਸਾਚੀ ਕਾਰੁ' (ਜਪੁਜੀ) ਇਹ ਸੰਪੂਰਣ ਕਰਮ-ਖੇਤਰ ਹੈ। ਜੀਵਨ ਵਿਚ ਤਿੰਨਾਂ ਮਾਰਗਾਂ ਦਾ ਪਾਂਧੀ ਬਣਨਾ ਹੈ: ਭਗਤੀ ਮਾਰਗ ਗਿਆਨ ਮਾਰਗ ਕਰਮ-ਮਾਰਗ। ਮਨੁੱਖ ਦੀ ਉਚੱਤਾ-ਸੁਚੱਤਾ ਉਸਦੇ ਕਰਮਾਂ ਤੋਂ ਨਾਪਣੀ

ਹੈ।[1] ਲਿੰਗ, ਧਰਮ, ਜਾਤ, ਮਜ਼ਹਬ ਦੇ ਆਧਾਰ ਤੇ ਮਨੁੱਖ ਮਨੁੱਖ ਵਿਚ ਭੇਦ-ਭਾਵ ਕਰਨਾ ਅਣਮਨੁੱਖੀ ਗੈਰ-ਸਦਾਚਾਰਕ ਕਰਮ ਹੈ। ਬਿਨਾ ਕਿਸੇ। ਭੇਦ-ਭਾਵ ਦੇ ਸਭ ਦਾ ਭਲਾ ਕਰਨਾ ਹੈ। ਸੰਸਾਰ ਵਿਚ ਰਹਿੰਦਿਆਂ ਹੋਇਆਂ ਇਸ ਤੋਂ ਨਿਰਲੇਪ ਰਹਿਣਾ ਹੈ, ਮਾਇਆ ਦਾ ਤਿਆਗ ਕਰਨਾ ਹੈ, ਸੰਸਾਰ ਦਾ ਨਹੀਂ। ਇਹਨਾਂ ਆਧਾਰਾਂ ਤੇ ਹੀ ਸਦਾਚਾਰਕ ਕਰਮ ਕਰਨੇ ਹਨ:

(ੳ) ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ ॥
( ਸੂਹੀ ਮਹਲਾ ੧, ਪੰਨਾ-730)

(ਅ) ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
( ਰਾਮਕਲੀ ਮਹਲਾ ੧, ਪੰਨਾ-938)

ਭਾਂਜਵਾਦੀ ਦ੍ਰਿਸ਼ਟੀਕੋਣ ਦੇ ਵਿਪਰੀਤ, ਗੁਰੂ ਨਾਨਕ-ਬਾਣੀ ਅਨੁਸਾਰ, ਇਹ-ਲੋਕ ਵਿਚ ਸਦਾਚਾਰਕ ਕਰਮ ਕਰਨੇ ਹਨ। ਇਸ ਪ੍ਰਸੰਗ ਵਿਚ ਸ. ਨਰੈਣ ਸਿੰਘ ਦੇ ਸ਼ਬਦ ਵਰਨਣਯੋਗ ਹਨ: "Guru Nanak's philosophy was all-pervasive and revolutionary. He was a humanist and his Philosophy was man-centered, interested in human Potential and human affairs."[2]

ਸਦਾਚਾਰਕ ਮਾਰਗ ਤੇ ਚਲਣ ਲਈ, ਇਸ ਜੀਵਨ ਨੂੰ ਸੁਹਣੇਰਾ ਬਣਾਉਣ ਲਈ, ਅਰੋਗ ਮਨ ਅਤੇ ਅਰੋਗ ਸਰੀਰ ਰੱਖਣਾ ਵੀ ਸਦਾਚਾਰਕ ਮਾਰਗ ਦੀ ਪਹਿਲੀ ਪੌੜੀ ਹੈ। ਜਦ ਤਕ ਮਨੁੱਖ ਦਾ ਸਰੀਰ ਨਿਰੋਗ ਨਹੀਂ ਹੋਵੇਗਾ ਉਹ ਸਮਾਜ-ਲਈ ਕੰਮ ਨਹੀਂ ਕਰ ਸਕੇਗਾ। ਨਾਨਕ-ਬਾਣੀ ਮਨੁੱਖ ਨੂੰ ਨਿੱਜੀ ਪੱਧਰ ਤੇ ਆਪਣੇ ਤਨ-ਮਨ ਨੂੰ ਨਿਰੋਗ ਬਣਾਉਣ ਲਈ ਕਹਿੰਦੀ ਹੈ। ਇਸ ਪ੍ਰਸੰਗ ਵਿਚ ਡਾ. ਨਿਰਮਲ ਸਿੰਘ ਗਿੱਲ ਇਸ ਪ੍ਰਕਾਰ

---

1. Meafure the value of men in terms of their spiritual statures and not in terms of their caste, for, there is no caste in the next world.'
(Narain Singh, Roots of Hindu-Sikh Unity, P-342)

2. Narain Sinch, Roots of Hindu-Sikh Unity, P-194

ਲਿਖਦੇ ਹਨ:

> ਪਰ ਸਰੀਰ ਵਲੋਂ ਬੇ-ਰੁਖੀ ਨੂੰ ਗੁਰੂ ਨਾਨਕ ਦੇਵ ਜੀ ਨੇ ਬੜੀ ਸਖਤੀ ਨਾਲ ਨਿੰਦਿਆ ਹੈ। ਆਪ ਜੀ ਦਾ ਕਹਿਣਾ ਹੈ ਕਿ ਸਰੀਰ ਪ੍ਰਭੂ ਦਾ ਨਿਵਾਸ-ਸਥਾਨ ਹੈ। ਇਸ ਦੁਆਰਾ ਮਾਨਵਤਾ ਲਈ ਕੰਮ ਕਰਨਾ ਹੁੰਦਾ ਹੈ, ਇਸ ਲਈ ਇਸ ਵੱਲੋਂ ਲੋੜੀਂਦਾ ਧਿਆਨ ਨਾ ਦੇਣਾ ਗਲਤ ਹੈ। ਸਰਬ-ਮੁਕਤੀ ਲਈ ਕੇਵਲ ਸਰੀਰ ਦੇ ਮਾਧਿਅਮ ਦੁਆਰਾ ਹੀ ਕੰਮ ਕੀਤਾ ਜਾ ਸਕਦਾ ਹੈ। ਸਰੀਰ ਮਨੁੱਖ ਲਈ ਹੀ ਨਹੀਂ ਬਲਕਿ ਮਨੁੱਖੀ-ਸਮਾਜ ਲਈ ਵੀ ਹੈ।[1]

ਇਸ ਆਧਾਰ ਤੇ ' ਜੋ ਬ੍ਰਹਿਮੰਡੇ, ਸੋਈ ਪਿੰਡੇ' ਦੀ ਸੂਝ ਪ੍ਰਾਪਤੀ ਹੋ ਸਕਦੀ ਹੈ। ਮਨੁੱਖ ਸਦਾਚਾਰਕ ਪੂਰਣਤਾ ਪ੍ਰਾਪਤ ਕਰਕੇ, ਇਕੋ ਸਮੇਂ ਪਰਮਾਤਮਾ ਦੀ ਪ੍ਰਾਪਤੀ ਵੀ ਕਰ ਲੈਂਦਾ ਹੈ ਅਤੇ ਮਾਨਵਵਾਦੀ ਵੀ ਹੋ ਜਾਂਦਾ ਹੈ। ਜੀਵਨ ਵਿਚ ਨਿੱਜ ਤੋਂ ਪਰ ਵਲ ਵਧਣਾ ਹੈ। ਆਪਣੇ ਨਿੱਜੀ-ਆਪੇ ਦਾ ਸਮਾਜੀਕਰਣ ਕਰਕੇ ਸਮੂਹ ਮਾਨਵ ਦੇ ਕਲਿਆਣ ਲਈ ਕੰਮ ਕੀਤਾ ਜਾ ਸਕਦਾ ਹੈ। ਜੀਵਨ ਵਿਚ ਕਰਮ ਕਰਦਿਆਂ ਮੁਕਤੀ ਪ੍ਰਾਪਤੀ ਕਰਨੀ ਹੈ। ਕਰਮ ਦਾ ਅਭਾਵ ਨਹੀਂ ਕਰਨਾ।[2] ਕਰਮ ਮਾਰਗ

---

1. ਡਾ. ਨਿਰਮਲ ਸਿੰਘ ਢਿੱਲੋਂ,"ਗੁਰਬਾਣੀ ਵਿਚ ਜੀਵਨ-ਮੁਕਤ ਦਾ ਸੰਕਲਪ" ਗੁਰਮਤਿ ਕਾਵਿ-ਅੰਕ, ਖੋਜ ਪ੍ਰਤ੍ਰਿਕਾ,ਪੰਜਾਬੀ ਯੂਨੀਵਰਸਿਟੀ,ਪਟਿਆਲਾ, ਅੰਕ 26, ਸਤੰਬਰ 1985, ਪੰਨਾ-77

2. (ੳ) It is not negation of actions but performace of actions in a detached spirit.It is not Naiskarma, but Niskama Karm the giving up os not of action itself,but of interest, desire,fruit,attachment regarding action.Desire binds a man, he sould therefore act in such a way when action does not bind ......the Gita-teachings stands not for renunciation of action, but for renunciation in action. It is emphatically stated that Sanyasa does not mean the renunciation of action,but of interest,desire and attachment.

(The Gita, IV th Chapter, Salok XX)

(ਅ) ਕਰਮ ਕਰਤ ਹੋਵੈ ਨਿਹਕਰਮ
ਤਿਸੁ ਬੈਸਨੋ ਕਾ ਨਿਰਮਲ ਧਰਮ ॥

(ਆਦਿ ਗ੍ਰੰਥ, ਮਹਲਾ ੫, ਸੁਖਮਨੀ ਸਾਹਿਬ, ਪੰਨਾ-274)

ਤੇ ਚਲ ਕੇ ਹੀ ਸਦਾਚਾਰ ਦਾ ਅਮਲੀ ਪੱਧਰ ਤੇ ਪ੍ਰਯੋਗ ਕੀਤਾ ਜਾ ਸਕਦਾ ਹੈ। ਮਾਨਵਵਾਦੀ ਬਣਿਆ ਜਾ ਸਕਦਾ ਹੈ। ਨਾਨਕ-ਬਾਣੀ ਅਨੁਸਾਰ ਮਨੁੱਖ ਨੇ ਮਨ, ਬਚਨ ਅਤੇ ਕਰਮ-ਤਿੰਨਾਂ ਆਧਾਰਾਂ ਤੇ ਸਦਾਚਾਰੀ ਬਣਨਾ ਹੈ। ਸਦਾਚਾਰਕ ਆਧਾਰ ਤੇ ਸਭ ਮਨੁੱਖਾਂ ਨੂੰ ਬਰਾਬਰ ਸਮਝਣਾ ਹੈ। ਇਸ ਗੱਲ ਨੂੰ ਗੁਰੂ ਨਾਨਕ' ਜਪੁਜੀ-ਸਾਹਿਬ' ਵਿਚ ਹੋਰ ਸਪਸ਼ਟ ਕਰਦਿਆਂ ਫ਼ੁਰਮਾਉਂਦੇ ਹਨ: 'ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ।।" ਅਰਥਾਤ ਮਨੁੱਖ ਜਾਤੀ ਵਿਚ ਪ੍ਰਭੂ ਦੀ ਜੋਤ ਅਤੇ ਪ੍ਰਭੂ ਦੀ ਜੋਤ ਵਿਚ ਹੀ ਮਨੁੱਖ ਜਾਤੀ ਹੈ। ਨਾਨਕ-ਬਾਣੀ ਇਸ ਤੱਥ ਬਾਰੇ ਹੋਰ ਇਸ ਤਰ੍ਹਾਂ ਸਪਸ਼ਟ ਕਰਦੀ ਹੈ:

ਸਭਿ ਮਹਿ ਜੋਤਿ ਜੋਤਿ ਹੈ ਸੋਇ ।।
ਤਿਸਦੈ ਚਾਨਣ ਸਭ ਮਹਿ ਚਾਨਣੁ ਹੋਇ ।।

( ਰਾਗ ਧਨਾਸਰੀ, ਮਹਲਾ ੧,ਪੰਨਾ-13)

ਸਦਾਚਾਰਕ ਪਵਿੱਤਰਤਾ ਹਾਸਲ ਕਰਨ ਲਈ, ਨਾਨਕ-ਬਾਣੀ, ਮਨੁੱਖ ਦਾ ਮਾਰਗ -ਦਰਸ਼ਨ ਕਰਦੀ ਹੈ। ਸਦਾਚਾਰਕ ਉਚੱਤਾ-ਸੁਚੱਜਤਾ ਹਾਸਲ ਕਰਨ ਲਈ 'ਹਉਮੈ' ਦੇ 'ਦੀਰਘ' ਰੋਗ ਤੋਂ ਨਵਿਰਤ ਹੋਣ ਲਈ ਕਿਹਾ ਹੈ। ਗੁਰੂ ਨਾਨਕ ਨੇ 'ਆਸਾ ਦੀ ਵਾਰ' ਵਿਚ 'ਹਉਮੈ' ਤੋਂ ਛੁਟਕਾਰਾ ਪਾਉਣ ਬਾਰੇ ਵਿਸਤਾਰ ਸਹਿਤ ਲਿਖਿਆ ਹੈ। ਇਸ ਸੰਦਰਭ ਵਿਚ ਡਾ. ਕਾਲਾ ਸਿੰਘ ਬੇਦੀ ਦੇ ਵਿਚਾਰ ਵਰਨਣਯੋਗ ਹਨ:

> 'ਹਉਮੈ' ਸ਼ਬਦ ਦੋ ਸ਼ਬਦਾਂ ਦਾ-ਹਉ+ਮੈਂ = ਦਾ ਸੰਗ੍ਰਹਿ ਹੈ। ਹਉ ਦਾ ਭਾਵ 'ਹਾਂ' ਅਤੇ 'ਮੈਂ' ਤੋਂ ਭਾਵ ਆਪ ਦਾ ਹੈ, ਮਤਲਬ 'ਮੈਂ'ਹਾਂ। ਗੁਰੂ ਜੀ ਇਸ ਸ਼ਬਦ ਦੇ ਅਰਥ ਅਹੰਕਾਰ ਤੱਕਬਰ ਅਤੇ ਗਰੂਰ ਮੰਨਦੇ ਹਨ। ਗੁਰੂ ਸਾਹਿਬਾਂ ਦਾ ਵਿਚਾਰ ਹੈ ਕਿ 'ਹਉਮੈ' ਉਹ ਅਵਗੁਣ ਹੈ ਜਿਸਦੇ ਆਉਂਦਿਆਂ ਹੀ ਮਨੁੱਖੀ ਗੁਣਾਂ ਦਾ ਨਾਸ਼ ਹੋ ਜਾਂਦਾ ਹੈ। 'ਹਉਮੈ' ਵਿਚ ਫਸਿਆ ਮਨੁੱਖ ਸਦਾ ਆਵਾਗਵਨ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ, ਕਿਉਂਕਿ ਆਪਣੀ ਔਕੜੀ ਹੋਣ ਮੰਨ ਬਹਿੰਦਾ ਹੈ

ਅਤੇ ਪਰਮਾਤਮਾ ਦੀ ਹਸਤੀ ਤੋਂ ਇਨਕਾਰੀ ਹੋ ਜਾਂਦਾ ਹੈ।[1]

ਹਉ ਵਿਚਿ ਆਇਆ ਹਉ ਵਿਚਿ ਗਇਆ ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥
ਹਉ ਵਿਚਿ ਦਿਤਾ ਹਉ ਵਿਚਿ ਲਇਆ ॥
ਹਉ ਵਿਚਿ ਖਟਿਆ ਹਉ ਵਿਚ ਗਇਆ ॥

( ਵਾਰ ਆਸਾ ਮਹਲਾ ੧, ਪੰਨਾ-466)

ਹਉਮੈ ਵੀ ਕਈ ਪ੍ਰਕਾਰ ਦੀ ਹੈ:[2]

1. ਧਾਰਮਿਕ ਜਾਂ ਅਧਿਆਤਮਕ ਹਉਮੈ
2. ਵਿਦਿਆਗਤ ਹਉਮੈ
3. ਕਰਮ-ਕਾਂਡ ਸੰਬੰਧੀ ਹਉਮੈ
4. ਜਾਤ-ਸੰਬੰਧੀ ਹਉਮੈ
5. ਧਨ-ਸੰਪਤੀ ਦੀ ਹਉਮੈ
6. ਖਬੂ-ਪਰਿਵਾਰ ਸੰਬੰਧੀ ਹਉਮੈ
7. ਰੂਪ- ਜੋਬਨ ਦੀ ਹਉਮੈ ਆਦਿ

ਗੁਰੂ ਨਾਨਕ ਨੇ ਹਰ ਪ੍ਰਕਾਰ ਦੀ ਹਉਮੈ ਨੂੰ ਨਿੰਦਿਆ ਹੈ ਅਤੇ ਇਸ ਸਚਾਈ ਤੇ ਜੋਰ ਦਿੱਤਾ ਹੈ ਕਿ: 'ਹਉਮੈ' ਨੂੰ ਛੱਡੇ ਬਿਨਾ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ, ਮਨੁੱਖ ਨੂੰ ਆਪੇ ਦੀ ਸੋਝੀ ਨਹੀਂ ਹੋ ਸਕਦੀ, ਮਨੁੱਖ ਮਾਨਵਵਾਦੀ ਨਹੀਂ ਬਣ ਸਕਦਾ। ਮਾਨਵੀ ਕੀਮਤਾਂ ਦੀ ਸੋਝੀ ਨਹੀਂ ਪਾ ਸਕਦਾ। ਹਉਮੈ ਇਕ ਦੀਰਘ ਰੋਗ ਹੈ ਪਰ ਜੇ ਮਨੁੱਖ 'ਹਉਮੈ' ਦੇ ਅਰਥ ' ਮੈਂ ਕੀ ਹਾਂ' ਦੀ ਖੋਜ ਵਿਚ ਲੱਗ ਜਾਵੇ ਤਾਂ ਉਸ ਵੇਲੇ ਵਿਚ ਹਉਮੈ ਦਾਰੂ ਬਣ ਜਾਂਦੀ ਹੈ ਕਿਉਂਕਿ ਖੁਦ-ਸ਼ਨਾਸੀ ਹੀ ਖੁਦਾ-ਸ਼ਨਾਸੀ ਹੈ। ਖੁਦ-ਸ਼ਨਾਸੀ ਹੀ ਮਾਨਵਵਾਦ ਵਲ ਪਹਿਲਾ ਕਦਮ ਹੈ। ਸਦਾਚਾਰ ਖੁਦ-ਸ਼ਨਾਸੀ ਦਾ ਰਾਹ ਦਰਸਾਉਂਦਾ ਹੈ। ਆਪਣੇ ਆਪ ਨੂੰ ਮਾਨਸਿਕ ਤੌਰ ਤੇ ਉਚੇਰਾ ਕਰਕੇ, ਹਉਮੈ ਦਾ

---

1. ਡਾ. ਕਾਲਾ ਸਿੰਘ ਬੇਦੀ, "ਆਸਾ ਦੀ ਵਾਰ", ਗੁਰਮਤਿ ਪ੍ਰਕਾਸ਼: ਗੁਰੂ ਨਾਨਕ ਬਾਣੀ ਅੰਕ, ਜਿਲਦ 13, ਅੰਕ-7, ਸਤੰਬਰ 1969, ਪੰਨਾ-287
2. ਡਾ. ਕਾਲਾ ਸਿੰਘ ਬੇਦੀ, " ਆਸਾ ਦੀ ਵਾਰ" ਗੁਰਮਤਿ ਪ੍ਰਕਾਸ਼, ਗੁਰੂ ਨਾਨਕ ਬਾਣੀ ਅੰਕ, ਸਤੰਬਰ 1969, ਪੰਨਾ-288

ਤਿਆਗ ਕਰਕੇ , ਨਿਮਰਤਾ ਧਾਰਨ ਕਰਕੇ, ਖੁਦੀ ਨੂੰ ਖਤਮ ਕਰਕੇ ਈਸ਼ਵਰ ਦੀ ਸੋਝੀ ਹੁੰਦੀ ਹੈ, ਇਸ ਤੋਂ ਬਾਅਦ ਮਾਨਵੀ-ਹਿਰਦਾ ਵਿਸ਼ਾਲ ਹੋ ਜਾਂਦਾ ਹੈ, ਪਰ-ਉਪਕਾਰੀ ਹੋ ਜਾਂਦਾ ਹੈ, ਮਾਨਵਵਾਦ ਵੱਲ ਵਧਣਾ ਸ਼ੁਰੂ ਕਰ ਦਿੰਦਾ ਹੈ। ਗੁਰੂ ਨਾਨਕ ਨੇ ਇਸ ਸੰਦਰਭ ਵਿਚ ਸਦਾਚਾਰਕ ਸਿੱਖਿਆ ਦਿੰਦੇ ਹੋਏ ਇਸ ਤਰ੍ਹਾਂ ਕਿਹਾ ਹੈ ਕਿ:

ਹਉਮੈ ਦੀਰਘੁ ਰੋਗੁ ਹੈ ਦਾਰੂ ਭੀ ਇਸ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥

( ਵਾਰ ਆਸਾ, ਮਹਲਾ ੧, ਪੰਨਾ-466)

ਵਿਦਿਆਗਤ ਅਹੰਕਾਰ ਗੁਰੂ ਨਾਨਕ ਇਹਨਾਂ ਸ਼ਬਦਾਂ ਵਿਚ ਖਤਮ ਕਰਦੇ ਹਨ:

ਪੜਿ ਪੜਿ ਗੱਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਅਹਿ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥

( ਵਾਰ ਆਸਾ, ਮਹਲਾ ੧, ਪੰਨਾ-467)

ਅਤੇ

ਲਿਖਿ ਲਿਖਿ ਪੜਿਆ॥ ਤੇਤਾ ਕੜਿਆ ॥
ਬਹੁ ਤੀਰਥ ਭਵਿਆ॥ ਤੇਤੋ ਲਵਿਆ ॥

( ਵਾਰ ਆਸਾ, ਮਹਲਾ ੧, ਪੰਨਾ-467)

ਹਉਮੈ ਸਭ ਤੋਂ ਬੁਰੀ ਗੱਲ ਹੈ। ਮਨੁੱਖ ਹਉਮੈ-ਗ੍ਰਸਤ ਹੋ ਕੇ ਬੁਰੇ ਕਰਮ ਕਰਦਾ ਹੈ। ਜੀਵਨ ਇਸ ਅੰਤਰੀ ਹੋਂਦ ਦੀ ਹੱਦ-ਬੰਦੀ ਵਿਚ ਰਹਿ ਕੇ, ਤੇਰ-ਮੇਰ ਵਾਲੀ ਹੱਦ-ਬੰਦੀ ਵਿਚ ਰਹਿ ਕੇ ਪਰਉਪਕਾਰੀ ਕਰਮ ਨਹੀਂ ਕਰ ਸਕਦਾ। ਸਦਾਚਾਰਕ ਆਧਾਰ ਤੇ, ਹਉਮੈ ਜੋ ਦੀਰਘ ਰੋਗ ਹੈ, ਨੂੰ ਛੱਡ ਕੇ ਨਿਮਰਤਾ ਧਾਰਨ ਕਰੇ। ਮਨੁੱਖ ਨੂੰ ਦੂਸਰਿਆਂ ਨਾਲ ਚੰਗਾ ਵਿਵਹਾਰ ਕਰਨ ਦਾ ਗੁਣ ਗ੍ਰਹਿਣ ਕਰਨ ਦੀ ਲੋੜ ਹੈ। ਕਿਸੇ ਨੂੰ ਬੁਰਾ ਭਲਾ ਕਹਿਣਾ ਤੇ ਮੂਰਖਾਂ ਨਾਲ ਝਗੜਾ ਖੜਾ ਕਰਨਾ ਗਿਆਨੀ ਜਾਂ ਅਕਲਮੰਦ ਮਨੁੱਖਾਂ

ਦਾ ਕੰਮ ਨਹੀਂ:

ਜਾ ਰਹਿਣਾ ਨਾਹੀ ਐਤੁ ਜਗਿ ਤਾ ਕਾਇਤ ਗਾਰਬਿ ਹੰਢੀਐ ।।
ਮੰਦਾ ਕਿਸੈ ਨਾ ਆਖੀਐ ਪੜਿ ਅਖਰੁ ਏਹੁ ਬੁਝੀਐ ।।
ਮੂਰਖੈ ਨਾਲ ਨਾ ਲੁਝੀਐ ।।

( ਵਾਰ ਆਸਾ, ਮਹਲਾ ੧, ਪੰਨਾ-473)

ਸਦਾਚਾਰਕ ਮਾਰਗ ਦਾ ਪਾਂਧੀ ਬਣਨ ਲਈ ਮਨ ਵਿਚਲੀ ਹਉਮੈ ਨੂੰ ਖਤਮ ਕਰਨਾ ਪਵੇਗਾ। ਸੰਸਾਰ ਦੀ ਸਾਰੀ ਕ੍ਰਿਆ ਮਨੁੱਖ ਦੀ ਹਉਮੈ ਨਾਲ ਜੁੜੀ ਹੋਈ ਹੈ। ਮਾਇਆ ਦਾ ਪ੍ਰਭਾਵ ਮਨੁੱਖ ਅੰਦਰ ਹਉਮੈ ਦਾ ਰੋਗ ਪੈਦਾ ਕਰਦਾ ਹੈ। ਇਹ ਹਉਮੈ ਹੀ ਮਨੁੱਖ ਤੋਂ ਗੈਰ-ਮਾਨਵਵਾਦੀ ਕਰਮ ਕਰਾਉਂਦੀ ਹੈ। ਇਹ ਮਨੁੱਖ ਨੂੰ ਮਾਨਵਤਾ ਤੋਂ ਦੂਰ ਲਿਜਾਂਦੀ ਹੈ। ਹਉਮੈ ਤੋਂ ਨਿਵਰਤੀ ਪ੍ਰਾਪਤ ਕਰਕੇ ਹੀ ਮਾਨਵੀ-ਮੁੱਲਾਂ ਦੀ ਸੋਝੀ ਪਾਈ ਜਾ ਸਕਦੀ ਹੈ ਅਤੇ ਸਦਾਚਾਰਕ ਤੌਰ ਤੇ ਸ੍ਰੇਸ਼ਠ ਬਣਿਆ ਜਾ ਸਕਦਾ ਹੈ। ਗੁਰੂ ਨਾਨਕ ਨੇ ਇਨਸਾਨ ਨੂੰ ਇਸ ਸੰਸਾਰ ਵਿਚਲੀਆਂ ਝੂਠੀਆਂ ਕੀਮਤਾਂ ਤੋਂ ਨਿਰਲੇਪ ਰਹਿਣ ਤੇ ਚੰਗੇ ਗੁਣ ਗ੍ਰਹਿਣ ਕਰਨ ਲਈ ਕਿਹਾ ਹੈ। ਝੂਠੀਆਂ ਵਡਿਆਈਆਂ ਝੂਠਾ ਇੱਜ਼ਤ-ਮਾਣ, ਕਾਮ-ਕ੍ਰੋਧ, ਲੋਭ-ਮੋਹ ਹੰਕਾਰ ਅਥਵਾ ਹਉਮੈ ਦਾ ਤਿਆਗ ਕਰਕੇ ਨੈਤਿਕ ਗੁਣਾਂ: ਨਿਮਰਤਾ, ਹਲੀਮੀ, ਸੇਵਾ, ਸੰਤੋਖ, ਪਿਆਰ, ਦਇਆ ਤੇ ਸੱਚ ਦਾ ਪੱਲਾ ਫੜਨ ਦੀ ਸਿੱਖਿਆ ਦਿਤੀ ਹੈ। ਇਹ ਝੂਠੀਆਂ ਮਾਨ-ਮਰਿਯਾਦਾਵਾਂ ਇਥੇ ਹੀ ਰਹਿ ਜਾਂਦੀਆਂ ਹਨ, ਚੰਗੇ ਕਰਮ ਕਰਨ ਵਾਲਿਆਂ ਨੂੰ ਸਤਿਕਾਰ ਮਿਲਦਾ ਹੈ ਅਤੇ ਮੰਦੇ ਕਰਮ ਕਰਨ ਵਾਲਿਆਂ ਨੂੰ ਸਜ਼ਾ/ਗੁਰੂ ਨਾਨਕ ਕਹਿੰਦੇ ਹਨ:-

ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ।।
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ।।
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ।।
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ।।
ਮਨਿ ਅੰਧੈ ਜਨਮੁ ਗਵਾਇਆ ।।

( ਵਾਰ ਆਸਾ, ਮਹਲਾ ੧, ਪੰਨਾ-464)

ਹਉਮੈ ਨੂੰ ਛੱਡ ਕੇ ਸਦਾਚਾਰੀ ਗੁਣਾਂ ਨਿਮਰਤਾ, ਪਿਆਰ ਨੂੰ ਧਾਰਨ ਕਰਨਾ ਹੀ ਗਿਆਨ ਹੈ। ਗੁਣਾਂ ਵਿਚ ਹੀ ਗਿਆਨ ਹੈ। ਗੁਣ ਹੀ ਸਦਾਚਾਰ ਹਨ। ਜੋ ਮਨੁੱਖ

ਗੁਣਾਂ ਨੂੰ ਗ੍ਰਹਿਣ ਕਰਦਾ ਹੈ, ਉਹਨਾਂ ਨੂੰ ਵਿਚਾਰਦਾ ਹੈ, ਉਹੀ ਗਿਆਨੀ ਹੈ:

ਗੁਣ ਵੀਚਾਰੇ ਗਿਆਨੀ ਸੋਇ।।ਗੁਣ ਮਹਿ ਗਿਆਨੁ ਪਰਾਪਤਿ ਹੋਇ।।

( ਮਹਲਾ ੧, ਪੰਨਾ-931 )

ਜੀਵਨ ਦੀਆਂ ਉਚੇਰੀਆਂ ਕੀਮਤਾਂ, ਸਦਾਚਾਰਕ ਕੀਮਤਾਂ ਨੂੰ ਜੀਵਨ ਵਿਚ ਗ੍ਰਹਿਣ ਕਰਨ ਨਾਲ ਹੀ ਮਾਨਵਵਾਦੀ ਸੰਕਲਪ ਦੀ ਪ੍ਰਾਪਤੀ ਹੋ ਸਕਦੀ ਹੈ। ਮਾਨਵ-ਕਲਿਆਣ ਹੀ ਸਦਾਚਾਰਕ ਜੀਵਨ ਦਾ ਮੁੱਖ ਆਸ਼ਾ ਹੈ। ਸਦਾਚਾਰ ਦਾ ਅਧਿਐਨ ਹੀ ਜੀਵਨ ਦਾ ਅਧਿਐਨ ਹੈ। ਮਾਨਵਵਾਦ, ਸਦਾਚਾਰ ਲੋਕਾਂ ਦੇ ਜਜ਼ਬਾਤਾਂ ਦੀ ਤਰਜਮਾਨੀ ਦੇ ਨਾਲ ਨਾਲ ਲੋਕਾਂ ਦੀ ਅਗਵਾਈ ਵੀ ਕਰਦਾ ਹੈ। ਹਉਮੈ, ਗੈਰ-ਸਦਾਚਾਰਕ ਕਰਮ ਹੈ। ਹਉਮੈ ਦੁਖ ਹੈ, ਰੋਗ ਹੈ। ਹਉਮੈ ਜ਼ਹਿਰ ਹੈ, ਹਨੇਰਾ ਹੈ। ਹਰ ਸੰਘਰਸ਼ ਹਰ ਝਗੜੇ ਦੀ ਇਹੋ ਜੜ੍ਹ ਹੈ। ਹਉਮੈ ਸਦਾ ਭ੍ਰੋਜਲਾ ਵਿਚ ਪਾਈ ਰੱਖਦੀ ਹੈ। ਹਉਮੈ ਮਨੁੱਖ ਜਾਤੀ ਦਾ ਵੱਡਾ ਰੋਗ ਹੈ। ਹਉਮੈ, ਮਾਨਵਵਾਦ ਵਿਰੋਧੀ-ਧਾਰਨਾ ਹੈ। ਇਹ ਸਾਡੇ ਵਿਚ ਵਖੇਵੇਂ ਪਾਉਂਦੀ ਹੈ। ਪੰਜੇ ਵਿਕਾਰ 'ਹਉਮੈ' ਦੇ ਰੁੱਖ ਦੀਆਂ ਸ਼ਾਖਾਵਾਂ ਹਨ। 'ਮੈਂ' - 'ਮੇਰ-ਪੁਣਾ' ਮਾਨਵਵਾਦ-ਵਿਰੋਧੀ ਸੰਕਲਪ ਹਨ। ਮਾਇਆ ਨਾਲ, ਸੰਸਾਰਕ ਪਦਾਰਥਾਂ ਨਾਲ ਅੰਨ੍ਹਾ-ਪ੍ਰੇਮ, ਗੈਰ-ਮਾਨਵੀ ਹੈ। ਹਉਮੈ ਨਾਲ ਅਮਾਨਵੀ ਰੁਚੀਆਂ ਪੈਦਾ ਹੁੰਦੀਆਂ ਹਨ। ਵਿਕਾਰ ਪੈਦਾ ਹੁੰਦੇ ਹਨ। ਅਭਿਮਾਨ ਦੀ ਖੁਮਾਰੀ ਚੜ੍ਹੀ ਰਹਿੰਦੀ ਹੈ। ਹਉਮੈ ਇਕ ਦੁਖਾਂਤ ਹੈ। ਇਸ ਨਾਲ ਅਧਿਆਤਮਕ ਆਧਾਰ ਤੇ ਰੱਬ ਅਤੇ ਮਨੁੱਖ ਦੇ ਸੰਬੰਧ ਵਿਗੜ ਜਾਂਦੇ ਹਨ। ਇਸ ਨਾਲ ਇਹ-ਲੋਕ ਵਿਚ ਮਨੁੱਖ-ਮਨੁੱਖ ਨਾਲ ਸੰਬੰਧ ਵਿਗੜ ਜਾਂਦੇ ਹਨ। ਆਪਣੀ ਆਤਮਾ ਨਾਲ ਮਨੁੱਖ ਦੇ ਸੰਬੰਧ ਵਿਗੜ ਜਾਂਦੇ ਹਨ। ਹਉਮੈ ਤੋਂ ਬਚਣ ਦੇ ਸਾਧਨ: ਤਿਆਗ ਅਤੇ ਸਤਿ-ਸੰਗਤ ਹਨ। ਹਉਮੈ ਦਾ ਤਿਆਗ ਸਦਾਚਾਰਕ ਕਰਮ ਹੈ। ਸਤਿ-ਸੰਗਤ ਰਾਹੀਂ ਸਦਾਚਾਰਕ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ। ਪੁੰਨ ਕਰਮਾਂ ਦਾ ਅਹੰਕਾਰ, ਮਾਨਵਵਾਦੀ ਕਰਮਾਂ ਦੀ ਹਉਮੈ ਵੀ, ਪੁੰਨ-ਕਰਮਾਂ ਦਾ ਨਾਸ਼ ਕਰਦੀ ਹੈ। ਮਨੁੱਖ ਨੂੰ ਤਿਆਗ ਦੀ ਵੀ ਹਉਮੈ ਹੋ ਜਾਂਦੀ ਹੈ ਜੋ ਆਪਣੇ ਆਪ ਵਿਚ ਗੈਰ-ਸਦਾਚਾਰਕ ਕਰਮ ਹੈ। ਮਨ ਵਿਚ ਜੇ ਸਬਰ ਆ ਜਾਵੇ, ਹਉਮੈ ਖਤਮ ਹੋ ਜਾਵੇ ਲੇਕਿਨ ਅੱਖਾਂ ਨਾ ਰੱਜਣ ਤਾਂ ਵੀ ਕੋਈ ਕੱਜ ਨਹੀਂ। ਮਨ ਨੂੰ ਸੰਜਮ ( Self-preservation ) ਵਿਚ ਬੰਨ੍ਹਣਾ ਹੈ। ਹਉਮੈ ਦਾ ਵਿਸਥਾਰ

( Self-expansion ) ਨਹੀਂ ਕਰਨੀ। ਬੇਹੂਦਾ ਹਉਮੈ ਵਿਸਥਾਰ ( Self-multiplication ) ਸਦਾਚਾਰਕ ਕਰਮਾਂ ਦੇ ਰਾਹ ਵਿਚ ਰੋੜਾ ਹੈ। ਹਉਮੈ ਨੂੰ ਵਧਾਉਣ ਦੀ ਥਾਂ, ਇਸਨੂੰ ਸੰਘਾਰਨ ਤੇ ਚੋਰ ਦਿੱਤਾ ਜਾਣਾ ਸਦਾਚਾਰਕ ਪ੍ਰਸੰਗ ਹੈ। ਹਉਮੈ ਇਕ ਰੋਗ ਨਹੀਂ, ਰੋਗ ਦੀ ਖਾਣ ਵੀ ਹੈ, ਜੋ ਆਤਮਕ ਦੁੱਖ, ਅਧਿਆਤਮਕ ਮੌਤ, ਮਾਨਵਵਾਦ, ਸਦਾਚਾਰ ਦੀ ਮੌਤ ਦਾ ਕਾਰਣ ਬਣਦੀ ਹੈ। ਨਾਨਕ-ਬਾਣੀ ਹਰ ਮਨੁੱਖ ਨੂੰ ਇਸਦੀ ਦਵਾਈ ਲਭਣ ਲਈ ਕਹਿੰਦੀ ਹੈ:

ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ।।

( ਮਲਾਰ ਵਾਰ ੧,1279/15)

ਨਾਨਕ-ਬਾਣੀ ਅਨੁਸਾਰ ਹਉਮੈ ਦੇ ਭਿੰਨ ਤਰ੍ਹਾਂ ਦੇ ਭਿਆਨਕ ਪ੍ਰਭਾਵ ਮਨੁੱਖੀ ਸ਼ਖਸੀਅਤ ਤੇ ਪੈਂਦੇ ਹਨ, ਹਉਮੈ ਦੇ ਮਾਰੂ ਪ੍ਰਭਾਵਾਂ ਤੋਂ ਬਚ ਕੇ ਸਦਾਚਾਰਕ ਮਾਰਗ ਦੇ ਪਾਂਧੀ ਬਨਣ ਨਾਲ ਹੀ ਮਨੁੱਖੀ ਸ਼ਖਸੀਅਤ ਆਪਣੀ ਉੱਤਮ ਮੰਜ਼ਿਲ ਵਲ ਵਧ ਸਕੇਗੀ। ਨਾਨਕ-ਬਾਣੀ ਵਿਚ ਹਉਮੈ ਦੇ ਭਿੰਨ ਭਿੰਨ ਪਹਿਲੂਆਂ ਦੇ ਮਾਰੂ ਪ੍ਰਭਾਵਾਂ ਤੋਂ ਬਚ ਕੇ ਸਦਾਚਾਰਕ ਮਾਰਗ ਤੇ ਤੁਰਨ ਲਈ ਪ੍ਰੇਰਿਆ ਗਿਆ ਹੈ:

(ੳ) ਹਉਮੈ ਰੋਗ ਮਹਾ ਦੁਖੁ ਲਾਗਾ ਗੁਰਮਤਿ ਲੇਵਹੁ ਰੋਗ ਗਇਆ ।।

( ਰਾਮਕਲੀ ਮਹਲਾ ੧, 906/16)

(ਅ) ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰ ।

( ਰਾਮਕਲੀ ਮਹਲਾ ੧,937/8)

(ੲ) ਹਉਮੈ ਕਰਤ ਭਵਜਲਿ ਪਰਿਆ ।।

( ਮਾਰੂ ਮਹਲਾ ੧, 1030/15)

(ਸ) ਹਉਮੈ ਬੰਧਨ ਬੰਧਿ ਭਵਾਵੈ ।।

( ਗਉੜੀ ਮਹਲਾ ੧, 227/1)

(ਹ) ਹਉਮੈ ਮਾਇਆ ਕੈ ਗਲਿ ਫੰਧੇ ।।

( ਮਾਰੂ ਮਹਲਾ ੧, 1041/4)

(ਕ) ਹਉਮੈ ਮਾਰਿ ਮਿਲੈ ਪ੍ਰਭੁ ਸਾਰੇ ।।

( ਧਨਾਸਰੀ ਮਹਲਾ ੧,686/1)

(ਖ) ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥

( ਗਉੜੀ ਮਹਲਾ ੧, 226/15)

(ਗ) ਹਉਮੈ ਬੂਝੈ ਤਾ ਦਰੁ ਸੂਝੈ ॥

( ਵਾਰ ਆਸਾ ਮਹਲਾ ੧,466/11)

(ਘ) ਮਾਰੇ ਪੰਚ ਅਪੁਨੈ ਵਸਿ ਕੀਏ
ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥

( ਆਸਾ ਮਹਲਾ ੧, 415/13)

ਙ) ਹਉ ਹਉ ਮੈ ਮੈ ਵਿਚਹੁ ਖੋਵੈ
ਦੂਜਾ ਮੇਟੈ ਏਕੋ ਹੋਵੈ ॥

( ਰਾਮਕਲੀ ਮਹਲਾ ੧,ਓਅੰਕਾਰ,943/5)

(ਚ) ਹਉਮੈ ਮਾਰੇ ਸਬਦੇ ਜਾਗੈ ॥

( ਆਸਾ ਮਹਲਾ ੧,   / 2)

(ਛ) ਹਉਮੈ ਜਾਇ ਸਬਦਿ ਘਰੁ ਲਹੀਐ

( ਰਾਮਕਲੀ ਮਹਲਾ ੧,904/12)

(ਜ) ਹਉਮੈ ਬੂਝੈ ਤਾਂ ਦਰੁ ਸੂਝੈ ॥

( ਵਾਰ ਆਸਾ ਮਹਲਾ ੧,466/13)

(ਝ) ਹਉਮੈ ਨਿਵਰੈ ਗੁਰ ਸਬਦੁ ਵੀਚਾਰੈ
ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥

( ਗਉੜੀ ਮਹਲਾ ੧,226/16)

ਇਸ ਪ੍ਰਕਾਰ, ਨਾਨਕ-ਬਾਣੀ ਵਿਚ ਹਉਮੈ ਦੀ ਬਹੁਤ ਹੀ ਵਿਸਤ੍ਰਿਤ ਪੱਧਰ ਤੇ ਚਰਚਾ ਕੀਤੀ ਗਈ ਹੈ। ਗੁਰਬਾਣੀ, ਦੁਰਾਚਾਰ ਦੀ ਜੜ੍ਹ, ਹਉਮੈ, ਦਾ ਤਿਆਗ ਕਰਨ ਲਈ ਬਾਰ ਬਾਰ ਪ੍ਰੇਰਿਤ ਕਰਦੀ ਹੈ। ਹਉਮੈ ਦਾ ਤਿਆਗ, ਮਾਨਵਵਾਦੀ ਰਾਹਾਂ ਦੀ ਸੋਝੀ ਕਰਵਾਉਂਦਾ ਹੈ। ਇਸ ਲਈ ਗੁਰਬਾਣੀ ਵਿਚ ਹਉਮੈ ਪ੍ਰਤੀ ਮਨੁੱਖ ਨੂੰ ਬਾਰ ਬਾਰ ਸੁਚੇਤ ਕੀਤਾ ਗਿਆ ਹੈ। ਡਾ. ਜਸਵੰਤ ਸਿੰਘ ਨੇਕੀ ਇਸ ਸੰਦਰਭ ਵਿਚ ਇਸ ਤਰ੍ਹਾਂ ਲਿਖਦੇ ਹਨ ਕਿ:

> ਗੁਰਮਤਿ ਦਰਸ਼ਨ ਵਿਚ 'ਹਉਮੈ' ਇਕ ਮਹੱਤਵਪੂਰਨ ਬੁਨਿਆਦੀ ਸੰਕਲਪ ਹੈ। 'ਹਉ' ਜਾਂ 'ਹਉਮੈ' ਪਦ ਗੁਰੂ ਗ੍ਰੰਥ ਸਾਹਿਬ ਵਿਚ ਸੈਂਕੜੇ ਵਾਰ ਆਇਆ ਹੈ। ਇਸਦੇ ਸਮਾਨਾਰਥਕ ਜਾਂ ਸਮਾਨੰਤਰ ਅਰਥਾਂ ਵਾਲੇ ਸ਼ਬਦ - ਅਹੰ,ਅਹੰਕਾਰਣ, ਅਹੰਕਾਰ ਜਾਂ ਹੰਕਾਰ, ਅਹੰਤਾ, ਮੈਂਮੇਰ, ਆਪਾ, ਖੁਦੀ, ਗੁਮਾਨ ਗਰਬ, ਮਾਨ, ਅਭਿਮਾਨ ਆਦਿ- ਸਭ ਰਲਾ ਕੇ ਕਈ ਹਜ਼ਾਰ ਵਾਰ ਆਏ ਹਨ। ਸ਼ਾਇਦ ਇਤਨੀ ਵਾਰ ਕਈ ਵੱਡੇ ਸੰਕਲਪ 'ਨਾਮ','ਹੁਕਮ','ਮਾਇਆ','ਕਾਲ', 'ਨਦਰ' ਆਦਿ ਵੀ ਨਹੀਂ ਆਏ।[1]

ਹਉਮੈ ਦਾ ਤਿਆਗ ਕਰਕੇ ਹੀ ਮਨੁੱਖ ਸੱਚੇ ਅਰਥਾਂ ਵਿਚ ਸਦਾਚਾਰੀ, ਮਾਨਵਵਾਦੀ ਬਣ ਸਕਦਾ ਹੈ। ਸਦਾਚਾਰਕ ਆਧਾਰ ਤੇ ਮਨੁੱਖ ਦਾ ਮੁਕਤੀ ਅਤੇ ਸਰਵ-ਮੁਕਤੀ ਦਾ ਆਦਰਸ਼ ਹੈ। 'ਆਪ ਮੁਕਤੁ ਮੁਕਤੁ ਕਰੈ ਸੰਸਾਰ।।ਨਾਨਕ ਤਿਸੁ ਜਨ ਕਉ ਸਦਾ ਨਮਸਕਾਰ ।।[2] ਸੰਸਾਰ ਦੀ ਖੇਡ ਗੈਰ-ਸੰਜੀਦਗੀ ਅਤੇ ਮਨੋਰਥਹੀਣਤਾ ਵਾਲੀ ਗੱਲ ਨਹੀਂ ਹੈ। ਮਨੁੱਖ ਦੋਹਰੀ ਜਿੰਮੇਵਾਰੀ ਅਧੀਨ ਕੰਮ ਕਰ ਰਿਹਾ ਹੈ। ਉਸਨੇ ਸਵੈ-ਵਿਕਾਸ ਕਰਕੇ ਸਮੂਹ ਦੀ ਭਲਾਈ ਕਰਨੀ ਹੈ। ਇਹ ਸ੍ਰਿਸ਼ਟੀ ਕਰਮ-ਖੇਤਰ ਹੈ। ਹਉਮੈ ਦਾ ਤਿਆਗ ਕਰਕੇ ਹੀ ਮਾਨਵਵਾਦ ਦੇ ਸੰਕਲਪ ਦੀ ਅਮਲੀ ਪੱਧਰ ਤੇ ਪ੍ਰਾਪਤੀ ਕੀਤੀ ਜਾ ਸਕਦੀ ਹੈ। ਸਦਾਚਾਰਕ ਉਚੱਤਾ ਪ੍ਰਾਪਤ ਕਰਨ ਲਈ ਹਉਮੈ ਦਾ ਤਿਆਗ ਕਰਨਾ ਮੌਲਿਕ ਰੂਪ ਵਿਚ ਜ਼ਰੂਰੀ ਹੈ।

> ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ
> ਜਰ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ।।
> ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ।।
>
> (ਮਾਰੂ ਮਹਲਾ ੧,ਅਸ਼ਟਪਦੀਆਂ,ਪੰਨਾ-1010)

---

1. ਡਾ. ਜਸਵੰਤ ਸਿੰਘ ਨੇਕੀ, "ਹਉਮੈ ਦੀਰਘ ਰੋਗ ਹੈ",ਆਲੋਚਨਾ,ਅਕਤੂਬਰ-ਦਸੰਬਰ,ਪੰ-1
2. ਮਹਲਾ -5, ਸੁਖਮਨੀ ਸਾਹਿਬ ,ਪਉੜੀ-23, ਪੰਨਾ-295

ਹਉਮੈ-ਵੱਸ ਹੋ ਕੇ ਮਨੁੱਖ ਬੁਰੇ ਕਰਮ ਕਰਦਾ ਹੈ। ਸਦਾਚਾਰਕ ਕਰਮ ਕਰਨ ਲਈ ਹਉਮੈ ਦਾ ਤਿਆਗ ਜ਼ਰੂਰੀ ਹੈ:

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥

(ਰਾਗੁ ਆਸਾ, ਮਹਲਾ ੧, ਪਟੀ, ਪੰਨਾ-433)

ਸਵੈ-ਮੁਕਤੀ ਤੇ ਸਰਬ-ਮੁਕਤੀ ਦੀ ਧਾਰਨਾ ਪੂਰੀ ਕਰਨ ਲਈ ਮਨੁੱਖ ਨੂੰ ਸਦਾਚਾਰਕ ਪੱਧਰ ਤੇ ਉਚੇਰਾ ਰੂਪ ਧਾਰਨ ਕਰਨਾ ਪਵੇਗਾ। ਹਉਮੈ ਦਾ ਤਿਆਗ ਕਰਕੇ ਹੀ ਮਾਨਸਿਕ ਸੰਤੁਲਨ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਇਸੇ ਆਧਾਰ ਤੇ ਹੀ ਸਦਾਚਾਰਕ ਅਖੰਡਤਾ ਸਥਾਪਤ ਕੀਤੀ ਜਾ ਸਕਦੀ ਹੈ। ਮਨੁੱਖੀ-ਵਿਹਾਰ ਸਦਾਚਾਰਕ ਹੋਣਾ ਚਾਹੀਦਾ ਹੈ। ਇਸ ਸੰਦਰਭ ਵਿਚ ਗੁਰੂ ਨਾਨਕ ਇਸ ਪ੍ਰਕਾਰ ਲਿਖਦੇ ਹਨ:

(ੳ) ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥

(ਵਾਰ ਆਸਾ, ਮਹਲਾ ੧, ਪੰਨਾ-465)

(ਅ) ਫਲੁ ਤੇਵੇਹੋ ਪਾਈਐ ਜੇਵੇ ਹੀ ਕਾਰ ਕਮਾਈਐ ॥

(ਵਾਰ ਆਸਾ, ਮਹਲਾ ੧, ਪੰਨਾ-468)

(ੲ) ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ।

( ਵਾਰ ਆਸਾ, ਮਹਲਾ ੧, ਪੰਨਾ-470)

(ਸ) ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥

(ਵਾਰ ਆਸਾ, ਮਹਲਾ ੧, ਪੰਨਾ 437)

(ਹ) ਜੇਹੇ ਕਰਮ ਕਮਾਇ ਤੇਹਾ ਹੋਇਸੀ॥

( ਮਹਲਾ ੧, ਪੰਨਾ-730)

(ਕ) ਬਿਨ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥

( ਰਾਗੁ ਮਾਰੂ, ਮਹਲਾ ੧, ਪੰਨਾ-992)

ਮਨੁੱਖ ਤਾਂ ਹੀ ਸਦਾਚਾਰਕ ਕਰਮ ਇਸ ਸੰਸਾਰ ਵਿਚ ਕਰ ਸਕਦਾ ਹੈ ਜੇ ਉਹ ਆਪਣੇ ਮਨ ਵਿਚੋਂ ਹਉਮੈ ਕੱਢ ਦੇਵੇਗਾ। ਗੁਰਵਾਕ ਹੈ: "ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ।""(ਵਾਰ ਆਸਾ, ਮਹਲਾ ੧, ਪੰਨਾ-473)

ਹਉਮੈ ਦੇ ਵਿਪਰੀਤ ਨਿਮਰਤਾ ਦੇ ਧਾਰਨੀ ਬਨਣਾ ਹੈ। ਨੈਤਿਕ ਮੁੱਲਾਂ ਦੇ ਬਿਨਾ ਕੋਈ ਵੀ ਮਨੁੱਖੀ ਸ਼ਖਸੀਅਤ ਵਧ ਫੁੱਲ ਨਹੀਂ ਸਕਦੀ। ਸਦਾਚਾਰਕ ਮੂਲ ਖੁਦੀ-ਵਿਕਾਸ ਅਤੇ ਸਮਾਜ-ਵਿਕਾਸ ਨਾਲ ਸੰਬੰਧ ਰੱਖਦੇ ਹਨ। ਹਉਮੈ ਨਾਲ ਮਨ ਦੀ ਭੁੱਖ ਵਧਦੀ ਹੀ ਜਾਂਦੀ ਹੈ। ਗੁਰਵਾਕ ਹੈ: 'ਰੂਪੀ ਭੁਖ ਨਾ ਉਤਰੈ ਜਾ ਦੇਖਾ ਤਾ ਭੁਖ।। ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ।।(ਆਦਿ ਗ੍ਰੰਥ,ਮਹਲਾ ੧,ਵਾਰ ਮਲਾਰ ਕੀ, ਪੰਨਾ-1287) ਡਾ. ਭਗਤ ਸਿੰਘ 'ਹੀਰਾ', ਹਉਮੈ ਦੇ ਕੁਪ੍ਰਭਾਵ ਬਾਰੇ ਇਸ ਤਰ੍ਹਾਂ ਲਿਖਦੇ ਹਨ: "ਮਾਇਆ ਦੇ ਪ੍ਰਭਾਵ ਹੇਠਾਂ ਜੀਵ ਹਉਮੈ ਆਸ਼੍ਰਿਤ ਕਰਮ ਕਰਦਾ ਹੈ, ਜੋ ਸ਼ਖਸੀਅਤ ਦਾ ਖਿਆਲ ਪਰੇਰਾ ਕਰਦੇ ਹਨ ਤੇ ਮਮਤਾ ਦੇ ਰੂਪ ਵਿਚ ਪ੍ਰਗਟ ਹੋ ਕੇ ਜੀਵ ਲਈ ਕਰੜੇ ਬੰਧਨ ਬਣ ਜਾਂਦੇ ਹਨ ਤੇ ਦੁੱਖ ਦਾ ਮੂਲ ਹਨ।"[1]

ਹਉਮੈ ਨੈਤਿਕ ਪਤਨ ਦੀ ਜੜ੍ਹ ਹੈ। ਪੰਖ-ਬੰਧ ਮਰਨਾ ਮਾਇਆ ਦਾ ਸਦਾਚਾਰ ਹੈ, ਸੁਹਜ-ਸੁਭਾਵਕ ਜੀਵਨ ਦੇ ਉਲਟ ਹੈ। ਹਉਮੈ ਦਾ ਕਾਰਨ ਅਗਿਆਨ ਹੈ। ਵਿਅਕਤੀਗਤ ਆਪੇ ਨੂੰ ਜਦੋਂ ਮਨੁੱਖ ਸਰਵਉੱਚ ਮਹਾਨਤਾ ਦੇਣ ਦੇ ਭੁਲੇਖੇ ਵਿਚ ਪੈ ਜਾਂਦਾ ਹੈ ਤਾਂ ਉਸਦਾ ਸਿੱਟਾ ਹਉਮੈ ਹੀ ਹੈ। ਆਪਣੇ ਆਪ ਨੂੰ ਬੇਲੋੜੀ ਅਹਿਮੀਅਤ ਦੇਣ ਕਾਰਨ ਲਈ ਮਨੁੱਖ ਆਪਣੇ ਧਨ, ਸਰੀਰਕ ਸੁੰਦਰਤਾ, ਵਿਦਿਆ, ਅਤੇ ਕਰਮਕਾਂਡੀ ਜੀਵਨ ਦਾ ਅਭਿਮਾਨ ਕਰਦਾ ਹੈ ਅਤੇ ਇਸ ਅਗਿਆਨ ਅਤੇ ਅਭਿਮਾਨ ਕਾਰਨ ਹੀ ਸਭ ਦੇ ਅੰਦਰ ਇਕ ਆਤਮਾ ਨਹੀਂ ਦੇਖ ਸਕਦਾ। ਏਕਤਾ ਅਤੇ ਬਰਾਬਰੀ ਦੇ ਸੰਕਲਪ ਹਉਮੈ-ਯੁਕਤ ਵਿਅਕਤੀ ਨੂੰ ਸਮਝ ਨਹੀਂ ਪੈਂਦੇ। ਹਉਮੈ ਦੀ ਭਾਵਨਾ ਦਾ ਮਨੁੱਖੀ ਸਦਾਚਾਰ ਤੇ ਮਾਰੂ ਪ੍ਰਭਾਵ ਪੈਂਦਾ ਹੈ। ਹਉਮੈ ਨਿਰੰਤਰ ਅਗਿਆਨ ਅਵਸਥਾ ਦੀ ਇਕ ਗੰਢ ਹੈ ਅਤੇ ਜਦ ਤਕ ਮਨੁੱਖ ਹਉਮੈ ਵਿਚ ਰਹਿੰਦਾ ਹੈ, ਸਰਬ-ਵਿਆਪਕ ਆਤਮਾ ਦੇ ਪ੍ਰਕਾਸ਼ ਦਾ ਭਾਗੀ ਨਹੀਂ ਬਣ ਸਕਦਾ। ਮਾਨਵਵਾਦੀ ਸ਼ਖਸੀਅਤ ਦਾ ਧਾਰਨੀ ਨਹੀਂ ਬਣ ਸਕਦਾ।

ਜਿਹੜੇ ਲੋਕ ਸਮਾਜ ਤੋਂ ਦੂਰ ਜਾ ਕੇ ਰਹਿੰਦੇ ਹਨ ਅਰਥਾਤ ਭਾਜਵਾਦੀ ਦ੍ਰਿਸ਼ਟੀਕੋਣ ਅਪਣਾਉਂਦੇ ਹਨ। ਉਹ ਵੀ ਹਉਮੈ-ਯੁਕਤ ਹੁੰਦੇ ਹਨ। ਆਪਣੀ ਸਮਝ ਅਨੁਸਾਰ ਤਾਂ ਇਹ ਸੰਜਮੀ ਜੀਵਨ ਜਿਉਂਦੇ ਹਨ, ਹਉਮੈ ਨੂੰ ਮਾਰਨ ਦਾ ਯਤਨ ਕਰਦੇ ਹਨ, ਲੇਕਿਨ ਇਸ ਤਰ੍ਹਾਂ ਉਹਨਾਂ ਦੀ ਹਉਮੈ ਖਤਮ ਨਹੀਂ ਹੁੰਦੀ। ਇਹਨਾਂ ਨੂੰ ਤਿਆਗ ਦਾ

---

1. ਭਗਤ ਸਿੰਘ ਹੀਰਾ, <u>ਗੁਰਮਤ ਵਿਚਾਰਧਾਰਾ</u>, ਪੰਨਾ-514

ਅਭਿਮਾਨ ਹੋ ਜਾਂਦਾ ਹੈ ਅਤੇ ਇਹਨਾਂ ਦੀ ਹਉਮੈ-ਮੁਕਤ ਹੋਣ ਦੀ ਕੋਈ ਸਮਾਜਕ ਕੀਮਤ ਨਹੀਂ ਰਹਿ ਜਾਂਦੀ। ਇਹ ਸਦਾਚਾਰਕ ਜੀਵਨ ਵਿਚ ਸਹਾਇਕ ਨਹੀਂ ਹੁੰਦੇ। ਇਹਨਾਂ ਦੇ ਸਦਗੁਣਾਂ ਦੀ, ਸਦਾਚਾਰ ਦੀ, ਸੰਜਮ, ਪਵਿੱਤਰਤਾ, ਵਿਵੇਕ, ਸਹਿਨਸ਼ੀਲਤਾ ਦੀ ਵਿਹਾਰਕ ਪੱਧਰ ਤੇ ਪਰਖ ਨਹੀਂ ਹੁੰਦੀ। ਭਾਰਤੀ ਸਦਾਚਾਰਕ ਸੰਕਲਪ ਨੂੰ ਇਸ ਲਈ ਦੋਸ਼ੀ ਸਮਝਿਆ ਜਾਂਦਾ ਹੈ ਕਿ ਇਹ ਨਾਂਹ-ਵਾਦੀ ਹੈ। ਇਸ ਵਿਚ ਮਨੁੱਖ ਨੂੰ ਨਾ ਕਰਨ ਦੇ ਨਿਰਦੇਸ਼ਕ ਦਿੱਤੇ ਜਾਂਦੇ ਹਨ, ਲੇਕਿਨ ਇਹ ਨਹੀਂ ਦੱਸਿਆ ਜਾਂਦਾ ਕਿ ਮਨੁੱਖ ਦੀ ਕੁਝ ਕਰੇ। ਜੀਵਨ ਪ੍ਰਤੀ ਨਾਕਾਰਾਤਮਕ ਦ੍ਰਿਸ਼ਟੀਕੋਣ ਹੈ। ਮੱਧਕਾਲ ਵਿਚ ਜਨਤਾ ਨਿਰਾਸ਼ਾ ਵਿਚ ਘਿਰੀ ਹੋਈ ਸੀ ਅਤੇ ਭਾਂਜਵਾਦੀ ਦ੍ਰਿਸ਼ਟੀਕੋਣ ਅਖਤਿਆਰ ਕਰ ਚੁੱਕੀ ਸੀ। ਵਾਸਤਵਿਕਤਾ ਇਹ ਹੈ ਕਿ ਜੇਕਰ ਸਦਾਚਾਰਕ ਮਾਰਗ ਦੇ ਪਾਂਧੀ ਬਨਣਾ ਹੈ ਤਾਂ ਜੀਵਨ ਤੋਂ ਬੇਮੁਖ ਨਹੀਂ ਹੋਣਾ। ਸ਼੍ਰੇਸ਼ਟ ਕਰਮ ਕਰਨੇ ਹਨ। ਜਦੋਂ ਸਦਾਚਾਰ ਦੀ, ਸਦਗੁਣਾਂ ਦੀ, ਵਿਹਾਰਕ ਪੱਧਰ ਤੇ ਗੱਲ ਕੀਤੀ ਜਾਂਦੀ ਹੈ ਤਾਂ ਉਹ ਸ੍ਰੇਸ਼ਟ ਕਰਮ ਅਖਵਾਉਂਦੇ ਹਨ। ਚੰਗੇ ਕਰਮ ਉਹ ਹੀ ਹਨ ਜਿਹੜੇ ਆਪਣੀ ਅਤੇ ਦੂਸਰਿਆਂ ਦੀ ਭਲਾਈ ਲਈ ਕੀਤੇ ਜਾਣ। ਮਨੁੱਖ ਆਪਣਾ ਜੀਵਨ ਸਵੱਛ ਕਰੇਗਾ, ਉਚੇਰਾ ਬਣਾਏਗਾ, ਆਤਮਾ ਦਾ ਵਿਕਾਸ ਕਰੇਗਾ ਤਾਂ ਹੀ ਦੂਸਰਿਆਂ ਦੀ ਭਲਾਈ ਕਰ ਸਕਦਾ ਹੈ। ਉਤਮ ਜੀਵਨ ਸਮੂਹਕਤਾ ਦਾ ਜੀਵਨ ਹੈ ਅਰਥਾਤ ਪਰਉਪਕਾਰ ਨਾਲ ਸਮੋਇਆ ਹੋਇਆ ਹੈ। ਆਨੰਦ ਕੇਵਲ ਆਪਣੇ ਨਿੱਜ ਵਾਸਤੇ ਹੁੰਦਾ ਹੈ ਪਰ ਉਤੱਮਤਾ ਮਨੁੱਖ ਮਾਤਰ ਦੇ ਸਰਬਕਾਲੀਨ ਸੁਖ ਲਈ ਹੁੰਦੀ ਹੈ। ਸਦਾਚਾਰ ਨੇ ਨਿੱਜ ਅਤੇ ਪਰ ਦੀ ਉਤੱਮਤਾ ਸਥਾਪਿਤ ਕਰਨੀ ਹੈ। ਸਦਾਚਾਰੀ ਤਾਂ ਹੀ ਬਣਿਆ ਜਾ ਸਕਦਾ ਹੈ ਜੇ ਹਉਮੈ ਦੇ ਵਿਪਰੀਤ ਨਿਮਰਤਾ ਦੇ ਧਾਰਨੀ ਬਣਾਂਗੇ। ਨਿਮਰਤਾ ਉਚ ਪੱਧਰ ਦੇ ਪਿਆਰ ਦੀ ਜ਼ਰੂਰੀ ਸ਼ਰਤ ਹੈ ਅਤੇ ਉਚ ਪੱਧਰ ਦਾ ਪਿਆਰ ਨਿਮਰਤਾ ਦੀ ਸੰਪੂਰਨਤਾ ਨਿਮਰਤਾ ਕਮਜ਼ੋਰੀ ਨਹੀਂ, ਸ਼ਕਤੀ ਹੈ, ਬਹਾਦਰੀ ਹੈ। ਹਉਮੈ ਕਮਜ਼ੋਰੀ ਹੈ। ਨਿਮਰਤਾ ਹੰਕਾਰ ਦਾ ਨਾਸ਼ ਹੈ। ਦਵੈਤ ਦਾ ਅੰਤ ਹੈ। ਨਿਮਰਤਾ ਸਦਾਚਾਰ ਹੈ। ਨਿਮਰਤਾ ਮਾਨਵਵਾਦ ਹੈ। ਕਈ ਮਨੁੱਖ ਹਉਮੈ ਦੇ ਮਾਰੂ ਪ੍ਰਭਾਵ ਤੋਂ ਬਚਣ ਲਈ ਕਰਮ ਦਾ ਹੀ ਅਭਾਵ ਕਰ ਦਿੰਦੇ ਹਨ। ਇਹ ਦ੍ਰਿਸ਼ਟੀਕੋਣ ਵੀ ਉਚਿਤ ਨਹੀਂ ਕਿਉਂਕਿ ਕਰਮ ਦੇ ਇਸ ਅਭਾਵ ਨਾਲ ਜਿਥੇ ਚੰਗੇ ਮੰਦੇ ਕੰਮ ਅਸੰਭਵ ਹੋ ਜਾਂਦੇ ਹਨ, ਉਥੇ ਚੰਗੇ ਕਰਮ ਵੀ ਸੰਭਵ ਨਹੀਂ ਹੋ ਸਕਦੇ। ਨਿੱਜੀ ਮੁਕਤੀ ਲਈ ਹੀ ਸਾਰੇ ਤ੍ਰਾਣ ਲਗਾ ਦੇਣੇ ਵੀ ਇਕ

ਪ੍ਰਕਾਰ ਦੀ ਹਉਮੈ ਹੀ ਹੈ ਅਤੇ ਸਮਾਜਿਕ ਜ਼ਿੰਮੇਵਾਰੀ ਤੋਂ ਮੂੰਹ ਮੋੜਨ ਦੇ ਬਰਾਬਰ ਹੈ। ਲੋੜ ਤਾਂ ਇਸ ਗੱਲ ਦੀ ਹੈ ਕਿ ਮਨੁੱਖ ਮਾੜੇ ਪਾਸੇ ਪੈਰ ਨਾ ਰੱਖੇ, ਕੇਵਲ ਸੱਚ ਦੀ ਸਾਧਨਾ ਅਤੇ ਚੰਗੀ ਕਰਨੀ ਨਾਲ ਹੀ ਆਪਣੇ ਅਤੇ ਸੰਸਾਰ ਦੇ ਬੰਧਨ ਤੋੜੇ:

ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ
ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।
ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ।

( ਵਾਰ ਆਸਾ, ਮਹਲਾ ੧, ਪੰਨਾ-466)

ਚਾਰਲਸ ਮੂਰ ਨੇ ਠੀਕ ਹੀ ਕਿਹਾ ਹੈ:- ਨੈਤਿਕ ਜੀਵਨ, ਜਦੋਂ ਸਮਾਜਿਕ ਧਰਾਤਲ ਉਤੇ ਸਥਿਤ ਹੁੰਦਾ ਹੈ ਤਾਂ ਉਹ ਅਧਿਆਤਮਿਕ ਜੀਵਨ ਹੀ ਹੁੰਦਾ ਹੈ, ਉਹ ਕ੍ਰਿਆਸ਼ੀਲ ਅਧਿਆਤਮਿਕਤਾ ਹੀ ਹੈ।"[1] ਨਾਨਕ-ਬਾਣੀ ਨੀਤੀ-ਸ਼ਾਸਤਰ ਵੀ ਹੈ। ਇਹ ਮਨੁੱਖ ਦੇ ਵਿਅਕਤੀਗਤ ਅਤੇ ਸਮਾਜਿਕ ਵਿਵਹਾਰ ਲਈ ਮਨੁੱਖ ਨੂੰ ਉਚਾ-ਸੁੱਚਾ ਰਾਹ ਦਰਸਾਉਂਦੀ ਹੈ। ਭਾਰਤੀ ਸੰਸਕਾਰਾਂ ਦੇ ਪ੍ਰਵਾਹ ਵਿਚ ਉਠਣ ਵਾਲੀ ਇਕ ਸ੍ਰੇਸ਼ਟ ਤਰੰਗ ਹੈ, ਪ੍ਰਵਾਹ ਦਾ ਕੋਈ ਨਵਾਂ ਮੋੜ ਜਾਂ ਨਵੀਂ ਧਾਰਾ ਨਹੀਂ ਹੈ। ਨਾਨਕ-ਬਾਣੀ ਵਿਚ ਮਾਨਵਵਾਦੀ ਕਦਰਾਂ-ਕੀਮਤਾਂ ਦੀਉਜੱਲ ਸੱਤਾ ਵਿਦਮਾਨ ਹੈ। ਮਨੁੱਖੀ ਸ਼ਖਸੀਅਤ ਦੇ ਸਭ ਤੋਂ ਭਿਅੰਕਰ ਸ਼ਤਰੂ 'ਹਉਮੈ' ਦੇ ਰੋਗ ਤੋਂ ਛੁਟਕਾਰਾ ਪਾਉਣ ਲਈ ਨਾਨਕ-ਬਾਣੀ ਵਿਚ ਮਨੁੱਖ ਨੂੰ ਬਾਰ ਬਾਰ ਸੁਚੇਤ ਕੀਤਾ ਗਿਆ ਹੈ। ਹਉਮੈ ਜ਼ਿੰਦਗੀ ਦੇ ਸਾਰੇ ਵਿਹਾਰ ਨੂੰ ਦੁਰਾਚਾਰੀ ਬਣਾ ਦਿੰਦੀ ਹੈ। ਸਦਾਚਾਰ ਦਾ ਮੂਲਾਧਾਰ ਤੱਤ ਨਿਮਰਤਾ ਹੈ ਨਾ ਕਿ ਹਉਮੈ। ਨਿਮਰਤਾ ਮਾਨਵਵਾਦ ਵੱਲ ਜਾਣ ਵਾਲਾ ਮਾਰਗ ਹੈ। ਇਸ ਮਾਰਗ ਤੇ ਚੱਲ ਕੇ ਹੀ ਨਿੱਜ ਤੇ ਪਰ ਦਾ ਕਲਿਆਣ ਹੋ ਸਕਦਾ ਹੈ। ਨਿਮਰਤਾ-ਵੱਸ, ਇਹ ਸੰਸਾਰ ਤਿਆਗ ਕੇ ਜੰਗਲਾਂ ਵਿਚ ਨਹੀਂ ਜਾਣਾ ਬਲਕਿ ਨਿਮਰਤਾ ਧਾਰਨ ਕਰਕੇ, ਇਸ ਦੁਨੀਆਂ ਵਿਚ, ਰਹਿ ਕੇ ਸਦਾਚਾਰੀ ਕਰਮ ਕਰਨੇ ਹਨ। ਡਾ. ਪ੍ਰੇਮ ਪ੍ਰਕਾਸ਼ ਦੇ ਵਿਚਾਰ ਇਸ ਸੰਦਰਭ ਵਿਚ ਵਰਨਣਯੋਗ ਹਨ:

---

1. "The moral life, in its Social aspect, is the spiritual life; it is spirituality in actio n."
(Charles A.Moore:"Spirituality in the West,",P.28)

> ਨਿਰਗੁਣ ਕਾਵਿ ਦੇ ਬਾਨੀ ਗੁਰੂ ਨਾਨਕ ਦੀ ਸਮੁੱਚੀ ਨੈਤਿਕ ਦ੍ਰਿਸ਼ਟੀ ਮਨੁੱਖ ਨੂੰ ਇਸ ਜੋਗ ਬਣਾਉਣ ਦੀ ਸੀ ਕਿ ਮਨੁੱਖ ਇਕ ਪਾਸੇ ਆਪਣੀਆਂ ਸਮਾਜਿਕ, ਘਰੇਲੂ ਤੇ ਦੁਨਿਆਵੀ ਜ਼ਿੰਮੇਵਾਰੀਆਂ ਨੂੰ ਸੁਚੱਜੇ ਢੰਗ ਨਾਲ ਨਿਭਾਵੇ ਅਤੇ ਦੂਜੇ ਪਾਸੇ ਅਧਿਆਤਮਿਕ ਮੰਡਲਾਂ ਨਾਲ ਜੁੜਿਆ ਰਹੇ। ਇਸ ਲਈ ਜਿਥੇ ਉਨ੍ਹਾਂ ਨੇ ਭਾਰਤੀ ਪ੍ਰੇਮ ਆਦਿ ਧਰਮ-ਸਾਧਨਾਵਾਂ ਉਤੇ ਜ਼ੋਰ ਦਿੱਤਾ ਹੈ, ਉਥੇ ਅਖਲਾਕੀ ਗੁਣਾਂ ਅਉਗੁਣਾਂ, ਪਾਪ-ਪੁੰਨ, ਸ਼ੁਭ-ਅਸ਼ੁਭ ਕਰਮਾਂ, ਤਰਕਾਂ ਨਾਲ ਆਪਣੇ ਖਿਆਲਾਂ ਨੂੰ ਸਾਫ਼ ਸਪਸ਼ਟ ਕੀਤਾ ਹੈ।[1]

ਹਉਮੈ ਦਾ ਤਿਆਗ ਕਰਕੇ ਹੀ, ਸ਼ੁਭ ਕਰਮ ਕਰਨ ਵਾਲਾ, ਸਦਾਚਾਰੀ ਮਨੁੱਖ ਬਣਿਆ ਜਾ ਸਕਦਾ ਹੈ। ਹਉਮੈ ਨੂੰ ਖ਼ਤਮ ਕਰਨ ਦਾ ਇਕ ਹੋਰ ਅਸੂਲ ਇਸ ਪ੍ਰਕਾਰ ਹੈ ਕਿ: ਮਨੁੱਖ ਆਪਣੇ ਆਪ ਨੂੰ ਮਾਫ਼ ਨਾ ਕਰੇ, ਦੂਸਰਿਆਂ ਨੂੰ ਮਾਫ਼ ਕਰੇ। ਮਨੁੱਖ ਸਮੇਂ ਸਮੇਂ ਤੇ ਆਪਣੇ ਮਨ ਦਾ ਨਿਰੀਖਣ ਕਰੇ। ਮਨ ਜੇ ਹਉਮੈ ਵਿਚ ਆਵੇ ਤਾਂ ਉਸਦੀ ਵਾਗ ਨਿਮਰਤਾ ਵਲ ਮੋੜੇ। ਮਨੁੱਖੀ ਮਨ ਆਪਣੇ ਸਹੀ ਕਰਤਵ ਨੂੰ ਪਛਾਣੇ ਅਤੇ ਉਸਦਾ ਪਾਲਨ ਕਰਨ ਲਈ ਬੁੱਧੀ ਅਤੇ ਸ਼ਕਤੀ, ਸਮਰੱਥਾ ਦੀ ਪ੍ਰਾਪਤੀ ਲਈ ਯਤਨ ਕਰੇ। ਗੁਰੂ ਨਾਨਕ ਨੇ ਸਦਾਚਾਰਕ ਸੰਦਰਭ ਵਿਚ ਕਿਹਾ ਹੈ ਕਿ: ਮਨੁੱਖ ਨੂੰ ਪ੍ਰਾਣੀ-ਮਾਤਰ ਨਾਲ ਮਿੱਠਾ, ਨਿਮਰ ਵਤੀਰਾ ਕਰਨਾ ਚਾਹੀਦਾ ਹੈ। ਰੁੱਖਾ, ਕੌੜਾ ਜਾਂ ਫਿੱਕਾ ਬੋਲ ਮਨੁੱਖ ਦਾ ਤਨ ਅਤੇ ਮਨ ਫਿੱਕਾ ਕਰ ਦਿੰਦਾ ਹੈ, ਦਰਗਾਹ ਵਿਚ ਵੀ ਅਜਿਹੇ ਮਨੁੱਖ ਨੂੰ ਧੱਕੇ ਮਿਲਦੇ ਹਨ ਤੇ ਫਿਟਕਾਰਾਂ ਪੈਂਦੀਆਂ ਹਨ ਅਤੇ ਉਹ ਸਜ਼ਾ ਦਾ ਭਾਗੀ ਬਣਦਾ ਹੈ:

ਨਾਨਕ ਫਿਕੈ ਬੋਲਿਐ ਤਨੁ ਮਨੁ ਫਿੱਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥
ਫਿਕਾ ਦਰਗਾਹ ਸਦੀਐ ਮੁਹਿ ਥੁਕਾ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥

( ਵਾਰ ਆਸਾ, ਮਹਲਾ ੧,ਪੰਨਾ-3 473)

---

1. ਡਾ. ਪ੍ਰੇਮ ਪ੍ਰਕਾਸ਼ ਸਿੰਘ, " ਗੁਰੂ ਨਾਨਕ ਬਾਣੀ ਦੇ ਵਿਸ਼ੇਸ਼ ਪ੍ਰਸੰਗ ਵਿਚ ਪੰਜਾਬੀ ਨਿਰਗੁਣ ਕਾਵਿ- ਧਾਰਾ ਦਾ ਆਲੋਚਨਾਤਮਕ ਅਧਿਐਨ",ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1971, ਪੰਨਾ-224

ਫਿੱਕਾ ਬੋਲਣ ਨਾਲ ਨਫ਼ਰਤ ਪੈਦਾ ਹੁੰਦੀ ਹੈ। ਨਿਮਰਤਾ ਅਤੇ ਮਿੱਠੀ ਜ਼ੁਬਾਨ ਸਭ ਗੁਣਾਂ ਦਾ ਨਿਚੋੜ ਹੈ। ਪਰ ਨਿਮਰਤਾ, ਪਾਖੰਡ ਜਾਂ ਹੋਵੇ, ਵਿਖਾਵੇ ਦੀ ਨਾ ਹੋਵੇ। ਗੁਰੂ ਜੀ ਨੇ ਮਿੱਠਾ ਬੋਲਣ ਅਤੇ ਨੀਵਾਂ ਹੋ ਕੇ ਚਲਣ ਤੇ ਜ਼ੋਰ ਦਿੱਤਾ ਹੈ। ਉਹਨਾਂ ਨੇ ਹੰਕਾਰ ਦਾ ਤਿਆਗ ਕਰਕੇ ਮਨ ਦੀ ਗਰੀਬੀ ਧਾਰਨ ਕਰਨ ਲਈ ਕਿਹਾ ਹੈ। ਨਾਮ, ਨਿਮਰਤਾ ਸਾਧ-ਸੰਗ ਗੁਰੂ ਨਾਨਕ ਦੇ ਮਾਨਵਵਾਦ ਦੇ ਆਧਾਰ ਹਨ। ਗੁਰੂ ਨਾਨਕ ਦੇ ਮਾਨਵਵਾਦ ਵਿਚ ਨਿਮਰਤਾ ਦੀ ਵਿਸ਼ੇਸ਼ ਭੂਮਿਕਾ ਹੈ। ਸਦਾਚਾਰੀ ਬਨਣ ਲਈ ਇਹਨਾਂ ਆਧਾਰਾਂ ਤੇ ਅਮਲ ਕਰਨਾ ਜ਼ਰੂਰੀ ਹੈ। ਸਿੰਬਲ ਰੁੱਖ ਦੇ ਪ੍ਰਤੀਕ ਰਾਹੀਂ ਗੁਰੂ ਨਾਨਕ ਨੇ ਹੰਕਾਰੀ ਮਨੁੱਖ ਦੇ ਲੱਛਣ ਦੱਸ ਕੇ ਮਿੱਠਤ ਨੂੰ ਸਭ ਗੁਣਾਂ ਦਾ ਤੱਤ ਦੱਸਿਆ ਹੈ:

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥
ਓਇ ਜੇ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
ਫਲ ਫਿੱਕੇ ਫੁਲ ਬਕਬਕੇ ਕੰਮਿ ਨਾ ਆਵਹਿ ਪਤ ॥
ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤ ॥

(ਵਾਰ ਆਸਾ, ਮਹਲਾ ੧, ਪੰਨਾ-470)

ਨਿਮਰਤਾ ਕਮਜ਼ੋਰੀ ਨਹੀਂ, ਸ਼ਕਤੀ ਹੈ, ਬਹਾਦਰੀ ਹੈ, ਨਿਮਰਤਾ ਹੰਕਾਰ ਦਾ ਨਾਸ਼ ਹੈ। ਦਵੈਤ ਦਾ ਅੰਤ ਹੈ। ਨਿਮਰਤਾ ਧਾਰਨ ਕਰਕੇ, ਸਮਾਜਿਕ ਕਰਤਵ ਨਿਭਾਉਂਦੇ ਹਨ, ਤਾਂ ਹੀ ਮਨੁੱਖ ਵਿਸ਼ਵ-ਭਾਈਚਾਰੇ ਦੀ ਸਥਾਪਨਾ ਕਰ ਸਕਦਾ ਹੈ। ਹਉਮੈ ਦੀ ਉਲਟ ਅਵਸਥਾ ਸੇਵਾ ਹੈ। ਨਿਮਰਤਾ ਅਤੇ ਸੇਵਾ ਦੇ ਸੰਕਲਪ, ਮਾਨਵਵਾਦੀ ਸੰਕਲਪ ਦੀ ਪ੍ਰਾਪਤੀ ਵਿਚ ਸਹਾਈ ਹੁੰਦੇ ਹਨ। ਅਜਿਹਾ ਕਰਨ ਨਾਲ ਮਨ ਵਿਚ ਭਰਾਤਰੀ-ਭਾਵ ਪੈਦਾ ਹੁੰਦੇ ਹਨ। ਭਰਾਤਰੀ-ਭਾਵ ਹੀ ਮਾਨਵਵਾਦ ਹੈ।

ਨਾਨਕ-ਬਾਣੀ ਮਨੁੱਖ ਨੂੰ ਸਦਾਚਾਰੀ ਕਰਮ ਕਰਨ ਲਈ ਬਾਰ ਬਾਰ ਕਹਿੰਦੀ ਹੈ। ਇਹ ਸੰਸਾਰ ਨਾਸ਼ਮਾਨ ਹੈ, ਕੂੜ ਹੈ। ਇਸ ਨਾਲ ਮੋਹ ਪਾਉਣਾ ਅਗਿਆਨਤਾ ਹੈ। ਮਨੁੱਖ ਨੇ ਇਥੇ ਹਮੇਸ਼ਾਂ ਨਹੀਂ ਰਹਿਣਾ, ਇਸ ਲਈ ਮਨੁੱਖ ਨੂੰ ਇਥੇ ਵਸਦੇ ਪ੍ਰਾਣੀਆਂ ਨਾਲ ਪਿਆਰ ਅਤੇ ਨਿਮਰਤਾ ਨਾਲ ਪੇਸ਼ ਆਉਣਾ ਚਾਹੀਦਾ ਹੈ। ਪ੍ਰਾਣੀ-ਮਾਤਰ ਨਾਲ ਪਿਆਰ ਕੀਤਿਆਂ ਹੀ ਪ੍ਰਭੂ ਅਤੇ ਮਾਨਵਵਾਦ ਦੀ ਪ੍ਰਾਪਤੀ ਹੁੰਦੀ ਹੈ। ਨੇਕ ਕਰਮਾਂ ਨੂੰ ਵਿਸਾਰ ਕੇ ਇਸ ਮਾਇਆ ਜਾਲ ਵਿਚ ਫਸਣਾ ਠੀਕ ਨਹੀਂ:

> ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ।।
> ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ।।
> (ਵਾਰ ਆਸਾ ਮਹਲਾ ੧, ਪੰਨਾ-468)

ਮਨੁੱਖਾ ਸਰੀਰ ਵੀ ਨਾਸ਼ਮਾਨ ਹੈ। ਹਰ ਰੋਜ਼ ਅਨੇਕ ਮਨੁੱਖ ਮਰਦੇ ਹਨ ਲੇਕਿਨ ਮਨੁੱਖ ਇਸ ਤੋਂ ਸਬਕ ਨਹੀਂ ਸਿਖਦਾ। ਮਨੁੱਖ ਨੇ ਮੰਦੇ, ਦੁਰਾਚਾਰੀ ਕਰਮ ਤਿਆਗ ਕੇ ਚੰਗੇ, ਸਦਾਚਾਰੀ ਨੇਕ ਕਰਮ ਕਰਨੇ ਹਨ:

> ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ।।
> ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ।।
> (ਵਾਰ ਆਸਾ, ਮਹਲਾ ੧, ਪੰਨਾ-470)

ਸਦਾਚਾਰਕ ਮਾਰਗ ਦੇ ਪਾਂਧੀ ਬਨਣ ਲਈ ਮਨੁੱਖ ਨੂੰ ਇਕ ਹੋਰ ਗੁਣ ਦਾ ਧਾਰਨੀ ਬਨਣਾ ਪਵੇਗਾ, ਉਹ ਗੁਣ ਹੈ, ਸੰਤੋਖ, ਸਬਰ । ਇਸ ਸੰਦਰਭ ਵਿਚ ਡਾ. ਸੁਰਜੀਤ ਸਿੰਘ ਇਸ ਪ੍ਰਕਾਰ ਲਿਖਦੇ ਹਨ:

> ਸੰਤੋਖ ਲੋਭ ਦਾ ਉਲਟ ਹੈ। ਮਨੁੱਖ ਦੀਆਂ ਕਾਮਨਾਵਾਂ ਦਾ ਕਿਧਰੇ ਅੰਤ ਨਹੀਂ ਹੁੰਦਾ। ਹਜ਼ਾਰਾਂ ਦੀ ਖੱਟੀ ਪਿਛੋਂ ਲੱਖਾਂ ਲਈ ਦੌੜ ਸ਼ੁਰੂ ਹੋ ਜਾਂਦੀ ਹੈ। ਪਰ ਤ੍ਰਿਪਤੀ ਫੇਰ ਵੀ ਨਹੀਂ ਹੁੰਦੀ। ਇਕ ਕਾਮਨਾ ਦੂਜੀ ਨੂੰ ਜਨਮ ਦਿੰਦੀ ਹੈ। ਇਸ ਤਰ੍ਹਾਂ ਮਨੁੱਖ ਨੈਤਿਕ ਅਤੇ ਅਨੈਤਿਕ ਭਾਵਨਾਵਾਂ ਦੀ ਪਰਵਾਹ ਨਾ ਕਰਦਾ ਹੋਇਆ ਸੰਸਾਰੀ ਸੁਖਾਂ ਦੇ ਸਾਧਨ ਇਕੱਠੇ ਕਰਨ ਦੀ ਦੌੜ ਵਿਚ ਲੱਗਿਆ ਰਹਿੰਦਾ ਹੈ। ਇਕੱਤਰਿਤ ਮਾਇਆ ਦੁਆਰਾ ਵਿਭਿੰਨ ਪ੍ਰਕਾਰ ਦੇ ਭੋਗ ਕਰਦਾ ਹੋਇਆ ਵੀ ਸਦਾ ਅਤ੍ਰਿਪਤ ਹੀ ਰਹਿੰਦਾ ਹੈ। ਇਸ ਬੇ-ਲੋੜੇ ਅਰਥ ਸੰਗ੍ਰਹਿ ਅਤੇ ਭੋਗ ਲਾਲਸਾ ਨੂੰ ਬਾਹਰੀ ਦੰਡ ਦੇ ਡਰ ਨਾਲ ਰੋਕਿਆ ਜਾ ਸਕਦਾ ਹੈ ਜਾਂ ਆਂਤਰਿਕ ਨਿਯੰਤ੍ਰਣ ਨਾਲ। ਅਧਿਆਤਮਿਕ ਨੈਤਿਕਤਾ ਬਾਹਰੀ ਡਰ ਨਾਲੋ ਆਂਤਰਿਕ ਨਿਯੰਤ੍ਰਣ ਨੂੰ ਵਧੇਰੇ

> ਸਾਰਥਕ ਤੇ ਸਫਲ ਮੰਨਦੀ ਹੈ। ਸਵੈ-ਇੱਛਾ ਨੈਤਿਕਤਾ ਦਾ ਮੁੱਖ ਗੁਣ ਹੈ।[1]

ਮਨੁੱਖ ਦੇ ਮਨ ਵਿਚ ਜੇ ਸਬਰ, ਸੰਤੋਖ, ਹੋਵੇਗਾ ਤਾਂ ਹੀ ਦੂਸਰਿਆਂ ਨੂੰ ਬਰਾਬਰ ਦਾ ਹਿੱਸਾ ਦੇਵੇਗਾ, ਨਹੀਂ ਤਾਂ ਲੋਭ-ਵੱਸ ਹੋ ਕੇ ਆਪ ਜ਼ਿਆਦਾ ਲੈ ਤੇ ਜ਼ਿਆਦਾ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿਚ ਰਹੇਗਾ। ਦੂਸਰਿਆਂ ਨੂੰ ਆਪਣੇ ਬਰਾਬਰ ਨਹੀਂ ਸਮਝੇਗਾ। ਮਨੁੱਖ ਆਪਣੇ ਆਪ ਨੂੰ ਸਭ ਜੀਵਾਂ ਅੰਦਰ ਅਤੇ ਸਭ ਜੀਵਾਂ ਨੂੰ ਆਪਣੇ ਅੰਦਰ ਵੇਖੇ। ਸਮਦ੍ਰਿਸ਼ਟੀ ਦਾ ਧਾਰਨੀ ਬਣੇ। ਮਨੁੱਖ ਅੰਦਰ ਬੰਧੀ ਹੈ, ਉਹ ਲੋਭ ਛੱਡ ਕੇ ਆਪਣੇ ਆਪ ਨੂੰ ਮਾਨਸਿਕ ਤੌਰ ਤੇ ਵਿਕਸਿਤ ਕਰਕੇ ਹੀ ਸਭ ਨੂੰ ਬਰਾਬਰ ਸਮਝ ਸਕਦਾ ਹੈ।

ਸਦਾਚਾਰ ਦਾ ਇਕ ਹੋਰ ਲੱਛਣ: ਕਥਨੀ ਅਤੇ ਕਰਨੀ ਵਿਚ ਏਕਤਾ ਰੱਖਣਾ ਹੈ। ਮਨੁੱਖ ਨੂੰ ਸਦਾਚਾਰੀ ਬਨਣ ਲਈ ਇਸ ਲੱਛਣ ਦਾ ਧਾਰਨੀ ਵੀ ਹੋਣਾ ਪਵੇਗਾ ਜਿਸ ਮਨੁੱਖ ਦੀ ਕਹਿਣੀ ਅਤੇ ਕਰਣੀ ਵਿਚ ਇਕਸੁਰਤਾ ਨਹੀਂ, ਉਹ ਸਦਾਚਾਰੀ ਨਹੀਂ, ਦੰਭੀ ਹੈ, ਦੁਰਾਚਾਰੀ ਹੈ। ਮਾਨ ਅਤੇ ਪਦਾਰਥਾਂ ਦੇ ਲਾਲਚ ਵਿਚ ਫੱਸ ਕੇ ਝੂਠੇ ਦਿਖਾਵੇ ਮਾਤਰ ਕਰਮ ਕਰਨੇ ਅਤੇ ਲਿਬਾਸ ਤਥਾ ਚਿੰਨ ਭਲੇ ਲੋਕਾਂ ਵਾਲੇ, ਅਪਣਾ ਕੇ, ਅੰਦਰੋਂ ਝੂਠੇ, ਕਪਟੀ ਹੋਣਾ, ਪਾਖੰਡ ਹੈ, ਭੇਖ, ਝੂਠ ਦਿਖਾਵਾ ਹੈ। ਗੈਰ-ਸਦਾਚਾਰਕ ਕਰਮ ਹੈ। ਜਿਹੜਾ ਮਨੁੱਖ ਧਾਰਮਿਕ ਹੈ ਅਤੇ ਉਸਦਾ ਵਿਹਾਰ ਸਦਾਚਾਰਕ ਨਹੀਂ ਉਹ ਜਾਂ ਤਾਂ ਦੰਭੀ, ਪਾਖੰਡੀ ਹੈ ਅਤੇ ਜਾਂ ਉਸਦਾ ਧਰਮ ਝੂਠਾ ਹੈ। ਧਰਮ ਦੀ ਓਟ ਵਿਚਉਸ ਸਮੇਂ ਪਾਖੰਡੀ ਜੀਵਨ ਜੀਵਿਆ ਜਾਂਦਾ ਸੀ। ਪਰਮਾਤਮਾ ਨਾਲ ਕੂੜਾ ਪਿਆਰ, ਮਾਨਵਵਾਦ ਨਾਲ ਕੂੜਾ-ਪਿਆਰ, ਮਨੁੱਖ ਲਈ, ਗੈਰ ਸਦਾਚਾਰਕ ਹੋਣਾ ਅਸੰਭਵ ਬਣਾ ਦਿੰਦਾ ਹੈ। ਹਉਮੈ ਮਰਦੀ ਹੈ ਤਾਂ ਉਸ ਨਾਲ ਅਨੇਕ ਪਾਪਾਂ ਦਾ ਨਾਸ਼ ਹੁੰਦਾ ਹੈ। ਪਾਖੰਡ ਤੋਂ ਰਹਿਤ ਜੀਵਨ ਹੀ ਸਦਾਚਾਰੀ, ਪਵਿੱਤਰ ਜੀਵਨ ਹੈ ਅਤੇ ਅਜਿਹਾ ਸਦਾਚਾਰਕ ਜੀਵਨ ਸਮਾਜ ਵਿਚ ਹੀ ਸੰਭਵ ਹੈ, ਜੰਗਲਾਂ ਵਿਚ ਇਕੱਲੇ ਇਸਦਾ ਕੋਈ ਅਰਥ ਨਹੀਂ। ਸਦਾਚਾਰਕ ਜੀਵਨ ਦਾ ਪ੍ਰਗਟਾਉ, ਸਮਾਜ ਵਿਚ ਦੂਸਰੇ ਮਨੁੱਖਾਂ ਨਾਲ ਵਰਤੋਂ ਤੋਂ ਹੀ ਹੁੰਦੀ ਹੈ।

---

1. ਡਾ. ਸੁਰਜੀਤ ਸਿੰਘ, "ਸੁਖਮਨੀ ਦਾ ਸਦਾਚਾਰ", ਨਾਨਕ ਪ੍ਰਕਾਸ਼ ਪਤ੍ਰਿਕਾ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਿਲਦ ਵੀਹਵੀਂ ,ਦਸੰਬਰ,ਦੂਜਾ ਅੰਕ ਪੰ-141

ਕਾਮ-ਸੰਜਮ ਨੂੰ ਸਦਾਚਾਰ ਦਾ ਪ੍ਰਮੁੱਖ ਅੰਗ ਮੰਨਿਆ ਜਾਂਦਾ ਹੈ। ਜਤ-ਸੱਤ ਤੇ ਅਧਿਕ ਜ਼ੋਰ ਦਿੱਤਾ ਜਾਂਦਾ ਹੈ। ਜਿਸ ਟਕਸਾਲ ਵਿਚ ਸਦਾਚਾਰਕ ਜੀਵਨ ਘੜਿਆ ਜਾਣਾ ਹੈ, ਉਸਦਾ ਮੁੱਢ 'ਜਤ-ਸਤ-ਸੰਜਮ' ਨਾਲ ਹੀ ਬੱਝਦਾ ਹੈ। 'ਜਪੁਜੀ' ਵਿਚ ਵਿਚਾਰ ਹੈ: 'ਜਤੁ ਪਹਾਰਾ ਧੀਰਜੁ ਸੁਨਿਆਰ'। (ਜਪੁਜੀ, ਪਉੜੀ 38) ਸਦਾਚਾਰਕ ਆਧਾਰ ਤੇ ਵਿਚਾਰ ਕਰਦੇ ਹੋਏ ਗੁਰੂ ਨਾਨਕ ਨੇ ਕਾਮ-ਕ੍ਰੋਧ ਨੂੰ ਮਾਰੂ ਸ਼ਕਤੀਆਂ ਕਿਹਾ ਹੈ:

(ੳ) ਕਾਮ ਕ੍ਰੋਧ ਕਾਇਆ ਕਉ ਗਾਲੈ।।ਜਿਉ ਕੰਚਨ ਸੁਹਾਗਾ ਢਾਲੈ ।।

( ਰਾਮਕਲੀ ਮਹਲਾ ੧, ਪੰਨਾ-932)

(ਅ) ਅਠਵੈ ਕ੍ਰੋਧੁ ਹੋਆ ਤਨ ਨਾਸੁ ।।

( ਵਾਰ ਮਾਝ, ਮਹਲਾ ੧, ਪੰਨਾ-137)

ਗੁਰੂ ਨਾਨਕ ਫੋਕੀਆਂ ਫਿਲਾਸਫੀਆਂ, ਰਸਮਾਂ, ਰਿਵਾਜ਼ਾਂ, ਰੀਤਾਂ ਅਤੇ ਜਾਤਾਂ ਤੋਂ ਉਚਾ ਉਠੇ ਅਤੇ ਲੋਕਾਂ ਨੂੰ ਵੀ ਉਠਾਇਆ। ਖੇਤੀ ਕਰਦੇ ਵਾਹਕ ਨੂੰ ਗੁਰੂ ਨਾਨਕ ਨੇ ਕਿਹਾ ਕਿ ਉਹ ਕੰਮ ਕਰਦਾ, ਫਸਲ ਵੱਢਦਾ, ਹੱਲ ਚਲਾਂਦਾ ਹੀ ਪਰਮਾਤਮਾ ਨੂੰ ਪਾ ਸਕਦਾ ਹੈ, "ਖੇਤੀ ਵਣਜ ਨਾਵੈ ਕੀ ਓਟ"।ਇਸੇ ਤਰ੍ਹਾਂ ਗੁਰੂ ਨਾਨਕ ਨੇ ਅੱਗੇ ਫਿਰ ਇਸ ਤਰ੍ਹਾਂ ਕਿਹਾ ਹੈ ਕਿ:

ਮਨ ਹਾਲੀ ਕਿਰਸਾਣੀ ਕਰਣੀ, ਸਰਮ ਪਾਣੀ, ਤਨੁ ਖੇਤੁ ।।
ਨਾਮੁ ਬੀਜੁ, ਸੰਤੋਖ ਸੁਹਾਗਾ, ਰਖੁ ਗਰੀਬੀ ਵੇਸ ।।

( ਮਹਲਾ ੧, ਪੰਨਾ-595)

ਗੁਰੂ ਨਾਨਕ ਨੇ ਸਦਾਚਾਰੀ-ਪੁਰਖ ਨੂੰ ਧੰਨ ਕਿਹਾ ਹੈ। ਜਿਹੜਾ ਸਬਰ, ਸੰਤੋਖ ਦਇਆ ਦੇ ਗੁਣਾਂ ਨੂੰ ਅਪਣਾ ਕੇ ਚਲਦਾ ਹੈ ਉਹ ਹੀ ਸੱਚਾ-ਸੁੱਚਾ ਪੁਰਸ਼ ਹੈ: 'ਧਨੁ ਸੁ ਮਾਣਸ ਨਾਨਕਾ ਜੋ ਗਲਿ ਚਲੈ ਪਾਇ'। ਉਹ ਹੀ ਜੋਗੀ ਜਤੀ-ਸਤੀ ਹੈ ਜਿਹੜਾ ਸਦਾਚਾਰ ਨੂੰ ਪਛਾਣਦਾ ਹੈ:"ਸੋ ਜੋਗੀ ਜੋ ਜੁਗਤ ਪਛਾਣੈ,ਗੁਰ ਪ੍ਰਸਾਦੀ ਏਕੋ ਜਾਣੈ" ਗੁਰੂ ਨਾਨਕ ਨੇ ਸਦਾਚਾਰਕ ਸੰਦਰਭ ਵਿਚ ਨਾਮ ਦਾਨ, ਇਸ਼ਨਾਨ ਨੂੰ ਵੀ ਰੱਖਿਆ ਹੈ। ਨਾਮ ਸਿਮਰਨਾ, ਰੱਬ ਦਾ ਨਾਂ ਲੈਣਾ ਇਸ ਗੱਲ ਦਾ ਪ੍ਰਤੀਕ ਹੈ ਕਿ: ਨੇਕੀ ਵੱਲ ਮੂੰਹ ਕਰਨਾ, ਨੇਕੀ ਦੇ ਸੋਮੇ ਤੋਂ ਨੇਕ ਗੁਣ ਗ੍ਰਹਿਣ ਕਰਨੇ ਅਤੇ ਫਿਰ ਉਹਨਾਂ ਨੂੰ ਜੀਵਨ ਵਿਚ ਅਪਨਾਉਣਾ। 'ਦਾਨ' ਇਸ ਗੱਲ ਦਾ ਪ੍ਰਤੀਕ ਹੈ ਕਿ ਸਦਾਚਾਰਕ ਸ਼ਖਸੀਅਤ ਆਪ ਸੰਜਮ ਵਿਚ ਰਹਿ ਕੇ ਦੂਸਰਿਆਂ ਦਾ ਦਰਦ ਵੰਡਾਉਂਦੀ ਹੈ।'ਇਸ਼ਨਾਨ

ਕਰਨ' ਨਾਲ ਮਨੁੱਖ ਆਪਣੇ ਨਿੱਜੀ ਦਲਿੱਦਰ ਨੂੰ ਖਤਮ ਕਰਦਾ ਹੈ। ਜੇ ਨਿੱਜੀ ਪੱਧਰ ਤੇ ਮਨੁੱਖ ਆਪ ਉਚਾ-ਸੁੱਚਾ ਹੋਵੇਗਾ ਨਾ ਹੀ ਦੂਸਰਿਆਂ ਦਾ ਭਲਾ ਸੋਚ ਸਕੇਗਾ, ਕਰ ਸਕੇਗਾ। ਗੁਰੂ ਨਾਨਕ ਨੇ ਸਦਾਚਾਰ ਦੀ ਬਹੁਤ ਸਰਲ, ਸਾਦਾ ਅਤੇ ਸਪਸ਼ਟ ਵਿਆਖਿਆ ਕੀਤੀ ਹੈ ਅਤੇ ਲੋਕਾਈ ਨੂੰ ਮਾਨਵਵਾਦੀ ਰਾਹਾਂ ਤੇ ਤੋਰਿਆ ਹੈ। ਗੁਰੂ ਨਾਨਕ ਨੇ ਉਚਾ ਆਚਰਣ ਬਣਾਉਣ ਤੇ ਜੋਰ ਦਿੱਤਾ : ਪਿਆਰ, ਭਰਾਤਰੀ-ਭਾਵ, ਸਦਾਚਾਰ ਖੁਲ੍ਹ-ਦਿਲੀ, ਸਾਦਗੀ ਆਦਿ ਨੂੰ ਜੀਵਨ ਲਈ ਅਤਿ ਲੋੜੀਂਦੀਆਂ ਚੀਜ਼ਾਂ ਦੱਸਿਆ।

ਮਨੁੱਖ ਜਿਸ ਤਰ੍ਹਾਂ ਦੇ ਕਰਮ ਕਰਦਾ ਹੈ, ਉਸਦੇ ਆਧਾਰ ਤੇ ਹੀ ਉਹ ਪਛਾਣਿਆ ਜਾਂਦਾ ਹੈ, ਉਹ ਮਨੁੱਖ ਜੋ ਗੁਰ-ਸਿੱਖਿਆ ਉਪਰ ਤੁਰਦੇ ਹਨ, ਮਾਇਆ ਵਿਚ ਖਚਿਤ ਨਹੀਂ ਹੁੰਦੇ ਉਹ ਗੁਰਮੁਖ ਹਨ, ਆਪ ਮੁਕਤ ਹੋ ਜਾਂਦੇ ਹਨ ਅਤੇ ਦੂਸਰਿਆਂ ਨੂੰ ਵੀ ਮੁਕਤ ਕਰਦੇ ਹਨ ਅਤੇ ਮਾਇਆ ਵਿਚ ਫਸੇ ਮਨੁੱਖ ਮਨਮੁਖ ਹਨ ਜੋ ਹਮੇਸ਼ਾਂ ਆਵਾਗਵਣ ਦੇ ਚੱਕਰ ਵਿਚ ਫਸੇ ਰਹਿੰਦੇ ਹਨ। ਮਨੁੱਖ ਨੇ ਦੁਰਾਚਾਰੀ ਕਰਮਾਂ ਤੋਂ ਦੂਰ ਰਹਿਣਾ ਹੈ, ਅਜਿਹਾ ਕਰਨ ਨਾਲ ਉਹ ਇਹ-ਲੋਕ ਵਿਚ ਵੀ ਪ੍ਰਾਣੀ-ਮਾਤਰ ਦਾ ਭਲਾ ਕਰ ਸਕੇਗਾ ਅਤੇ ਦਰਗਾਹ ਵਿਚ ਵੀ ਸ਼ਰਮਿੰਦਾ ਨਹੀਂ ਹੋਣਾ ਪਵੇਗਾ:-

ਪੜਿਆ ਹੋਵੈ ਗੁਨਹਗਾਰ ਤਾ ਓਮੀ ਸਾਧੁ ਨ ਮਾਰੀਐ ॥
ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥
ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥
ਪੜਿਆ ਅਤੇ ਓਮੀਆਂ ਵੀਚਾਰੁ ਅਗੈ ਵੀਚਾਰੀਐ ॥
ਮੁਹਿ ਚਲੈ ਸੁ ਅਗੈ ਮਾਰੀਐ ॥

(ਵਾਰ ਆਸਾ, ਮਹਲਾ ੧, ਪੰਨਾ-469)

ਹਰੇਕ ਸਦਾਚਾਰਕ ਪ੍ਰਣਾਲੀ ਦੇ ਪਿੱਛੇ ਕੋਈ ਆਚਰਣ-ਸਿਧਾਂਤ ਕੰਮ ਕਰਦਾ ਹੈ ਅਤੇ ਇਹ ਸਿਧਾਂਤ ਵਿਅਕਤੀ ਦੇ ਸਮਾਜਿਕ ਵਤੀਰੇ ਦੇ ਆਧਾਰ ਨਿਰਧਾਰਿਤ ਕਰਦੇ ਹਨ। ਕੀ ਮਨੁੱਖ ਨਿੱਜੀ ਸੁਖ ਦੀ ਪ੍ਰਾਪਤੀ ਲਈ ਕਰਮਸ਼ੀਲ ਹੋਵੇ? ਕੀ ਮਨੁੱਖ ਨਿੱਜੀ-ਮੁਕਤੀ ਤੇ ਸਮੂਹ-ਮੁਕਤੀ ਦੀ ਭਲਾਈ ਲਈ ਯਤਨ ਕਰੇ? ਨਿੱਜ ਤੋ ਪਰ ਵਲ ਦੀ ਯਾਤਰਾ ਕਿਵੇਂ ਕਰਨੀ ਹੈ? ਭਾਈਚਾਰੇ ਜਾਂ ਮਨੁੱਖਤਾ ਦੇ ਹਿੱਤਾਂ ਲਈ ਉਦੱਮ ਕਿਵੇਂ ਕਰਨਾ ਹੈ? ਮਨੁੱਖੀ-ਜੀਵਨ ਦੀਆਂ ਸ਼੍ਰੋਮਣੀ-ਕੀਮਤਾਂ ਕੀ ਹਨ? ਅਤੇ ਉਹਨਾਂ ਦੀ ਪ੍ਰਾਪਤੀ ਕਿਵੇਂ ਕਰਨੀ ਹੈ? ਅਮਲੀ-ਜੀਵਨ ਵਿਚ ਇਹਨਾਂ ਕੀਮਤਾਂ ਦੀ ਸਾਰਥਕਤਾ ਕਿਵੇਂ ਵਧਾਈ ਜਾ ਸਕਦੀ ਹੈ? ਇਸ ਕਿਸਮ ਦੇ ਪ੍ਰਸ਼ਨਾਂ ਸੰਬੰਧੀ ਵਿਚਾਰ

ਸਦਾਚਾਰ ਅਧਿਐਨ ਦਾ ਭਾਗ ਹਨ। 'ਨਾਨਕ-ਬਾਣੀ' ਵਿਚ ਮਨੁੱਖੀ ਜੀਵਨ ਦੇ ਸਦਾਚਾਰਕ ਪੱਖ ਨਾਲ ਸੰਬੰਧਿਤ ਪ੍ਰਸ਼ਨਾਂ ਦਾ ਹੱਲ ਦਿੱਤਾ ਗਿਆ ਹੈ ਅਤੇ ਮਨੁੱਖ ਨੂੰ ਉੱਤਮ-ਸਦਾਚਾਰਕ ਮਾਰਗ ਦੀ ਸੋਝੀ ਕਰਵਾਈ ਗਈ ਹੈ। 'ਆਸਾ ਦੀ ਵਾਰ' ਵਿਚ ਅਜਿਹੇ ਪ੍ਰਸ਼ਨਾਂ ਦੀ ਨਿੱਗਰ ਚਰਚਾ ਕੀਤੀ ਗਈ ਹੈ। ਸਦਾਚਾਰ ਹੀ ਮਾਨਵੀ ਉਚੱਤਾ-ਸੁਚੱਤਾ ਦਾ ਲਖਾਇਕ ਹੈ। ਨਾਨਕ-ਬਾਣੀ ਵਿਚ ਮਨੁੱਖੀ ਸਦਾਚਾਰ ਦੇ ਵਿਸ਼ੇਸ਼ ਲੱਛਣਾਂ ਦਇਆ ਅਤੇ ਪੁੰਨ ਤੇ ਵੀ ਜ਼ੋਰ ਦਿੱਤਾ ਗਿਆ ਹੈ। ਆਪਣੀ ਉਚੀ-ਸੁੱਚੀ ਕਿਰਤ ਵਿਚੋਂ ਕੁਝ ਪੁੰਨ-ਪ ਦਾਨ ਕਰਨ ਦੀ ਵੀ ਲੋੜ ਹੈ: "ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥(ਵਾਰ ਆਸਾ, ਮਹਲਾ ੧, ਪੰਨਾ-468) ਨਾਨਕ-ਬਾਣੀ ਵਿਚਲੇ ਸਦਾਚਾਰਕ ਸਿਧਾਂਤ ਮਾਨਵਵਾਦੀ ਰਾਹਾਂ ਦੀ ਸੋਝੀ ਕਰਾਉਂਦੇ ਹਨ। ਇਸ ਬਾਣੀ ਵਿਚ 'ਲਿਵ' ਅਤੇ 'ਸੇਵਾ' ਦੇ ਹੋਰ ਸਦਾਚਾਰਕ ਲੱਛਣ ਮਨੁੱਖ ਲਈ ਸੰਬੰਧਿਤ ਕੀਤੇ ਹਨ। ਲਿਵ ਨਾਮ ਸਿਮਰਨ ਦਾ ਹੀ ਰੂਪ ਹੈ। ਸੰਸਾਰ ਦੇ ਕੰਮ-ਧੰਧਿਆਂ ਵਿਚ ਰਹਿੰਦੇ ਹੋਏ ਈਸ਼ਵਰ ਵਿਚ ਸੁਰਤ ਟਿਕਾਈ ਰੱਖਣੀ ਹੈ। ਇਹ ਵਿਅਕਤੀਗਤ ਕ੍ਰਿਆ ਹੈ। ਦੂਸਰਾ ਸਦਾਚਾਰਕ ਲੱਛਣ 'ਸੇਵਾ' ਹੈ। ਸੇਵਾ ਸਮਾਜਿਕ ਪ੍ਰਕਰਣ ਵਿਚ ਹੀ ਸੰਭਵ ਹੋ ਸਕਦੀ ਹੈ। ਇਹ ਸਾਂਝੀ ਭਲਾਈ ਹਿੱਤ ਕਾਰਜ ਕਰਨ ਦੀ ਭਾਵਨਾ ਹੈ। ਸੇਵਾ ਪਰਉਪਕਾਰ ਹੈ। ਲੇਕਿਨ ਮਨੁੱਖੀ ਮਨ ਵਿਚ ਸੇਵਾ ਦੀ ਭਾਵਨਾ ਤਾਂ ਹੀ ਆ ਸਕਦੀ ਹੈ ਜੇ ਉਹ ਨਿੱਜੀ ਤੌਰ ਤੇ 'ਸੰਤੋਖ' ਦਾ ਧਾਰਨੀ ਹੋਵੇਗਾ। ਗੁਰੂ ਨਾਨਕ ਦੇ ਸਦਾਚਾਰਕ ਸਿਧਾਂਤਾਂ ਵਿਚ ਸਤੁ, ਸੰਤੋਖ, ਗਿਆਨ ਨੂੰ ਸ੍ਰੇਸ਼ਟ ਮੰਨਿਆ ਗਿਆ ਹੈ।

ਸਦਾਚਾਰਕ ਜੀਵਨ ਵਿਚ ਸਬਰ, ਸੰਤੋਖ ਦਾ ਸਥਾਨ ਬਹੁਤ ਉਚਾ ਹੈ। ਸੰਤੋਖ ਮੰਦੇ ਕੰਮਾਂ ਤੋਂ ਬਚਾਉਂਦਾ ਹੈ। ਮਨੁੱਖ ਆਪ ਸੰਤੋਖ ਦਾ ਧਾਰਨੀ ਹੋਵੇਗਾ ਤਾਂ ਹੀ ਦੂਸਰਿਆਂ ਦਾ ਭਲਾ ਕਰ ਸਕੇਗਾ। ਸੰਤੋਖੀ ਮਨ ਮਾਨਵੀ-ਮੁੱਲਾਂ ਦੀ ਅਹਿਮੀਅਤ ਨੂੰ ਜਾਣਦਾ ਹੈ। ਸੰਤੋਖੀ ਮਨੁੱਖ ਮਾਇਆ ਦੇ ਜਾਲ ਵਿਚ ਫਸਣੋਂ ਬਚ ਜਾਂਦਾ ਹੈ। ਆਪ ਸੰਤੋਖੀ ਬਣ ਕੇ ਦੂਸਰਿਆਂ ਦਾ ਭਲਾ ਕਰਨ ਵਾਲਾ ਮਨੁੱਖ ਮਾਨਵਵਾਦੀ ਹੈ ਅਤੇ ਪ੍ਰਭੂ ਦੀ ਦਰਗਾਹ ਵਿਚ ਮਾਣ ਪਾਉਂਦਾ ਹੈ। ਇਸ ਪ੍ਰਕਾਰ ਗੁਰੂ ਸਾਹਿਬ ਨੇ ਮਨੁੱਖ ਦੀ ਉਨਤੀ ਲਈ ਉਸਨੂੰ ਆਪਣੇ ਅੰਦਰ ਸਦਾਚਾਰੀ ਗੁਣ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੱਤੀ ਹੈ। ਗੁਰੂ ਨਾਨਕ ਦੇ ਦੱਸੇ ਸਦਾਚਾਰਕ ਸਿਧਾਂਤਾਂ ਉਪਰ ਚਲ ਕੇ ਹੀ ਮਨੁੱਖ ਮਾਨਵਵਾਦੀ ਬਣ ਸਕਦਾ ਹੈ। ਇਸ ਪ੍ਰਸੰਗ ਵਿਚ ਡਾ. ਜਗਬੀਰ ਸਿੰਘ ਦਸਦੇ ਹਨ ਕਿ: ਕਿਵੇਂ ਮਨੁੱਖ ਆਦਰਸ਼ਕ . ਮਨੁੱਖ ਬਣ ਕੇ ਹੀ ਮਨੁੱਖਤਾ ਦੇ ਗੌਰਵ ਨੂੰ ਉਜਾਗਰ ਕਰ ਸਕਦਾ ਹੈ:

> ਗੁਰਮੁਖਤਾ ਦਾ ਆਦਰਸ਼ ਸਥਾਪਿਤ ਕਰਦਿਆਂ ਗੁਰੂ ਨਾਨਕ ਨੇ ਮਨੁੱਖ ਨੂੰ ਆਪਣੀ ਮੂਲ ਪ੍ਰਕ੍ਰਿਤੀ ਦਾ ਪੁਨਰ-ਉਥਾਨ ਕਰਨ ਅਤੇ ਆਪਣੀ ਹੋਂਦ ਦੀਆਂ ਸਰਬ-ਉੱਚ ਸੰਭਾਵਨਾਵਾਂ ਸਿੱਧ ਕਰਨ ਦੀ ਪ੍ਰੇਰਨਾ ਕੀਤੀ ਹੈ। ਮੁੱਢਲੇ ਮਨੁੱਖ ਅਤੇ ਆਦਰਸ਼ਕ ਮਨੁੱਖ ਵਿਚਲੀ ਨੈਤਿਕ -ਅਧਿਆਤਮਕ ਵਿੱਥ ਇਸ ਗੱਲ ਦਾ ਪ੍ਰਮਾਣ ਹੈ ਕਿ ਗੁਰੂ ਕਵੀ ਨੇ ਇਕ ਅਸੀਮ ਸੰਭਾਵਨਾਵਾਂ ਭਰਪੂਰ ਮਨੁੱਖੀ ਪ੍ਰਕ੍ਰਿਤੀ ਦਾ ਸੰਕਲਪ ਸਾਹਮਣੇ ਰੱਖਿਆ ਹੈ। ਆਦਰਸ਼ ਮਨੁੱਖ ਬਣ ਕੇ ਹੀ ਮਨੁੱਖ ਆਪਣੀ ਮਨੁੱਖਤਾ ਦੇ ਗੌਰਵ ਨੂੰ ਉਜਾਗਰ ਕਰ ਸਕਦਾ ਹੈ ।[1]

ਆਦਰਸ਼ਕ ਮਨੁੱਖ ਹੀ ਸਦਾਚਾਰੀ ਮਨੁੱਖ ਹੈ। ਸਦਾਚਾਰੀ ਹੀ ਮਾਨਵਵਾਦੀ ਮਨੁੱਖ ਹੈ। ਸਦਾਚਾਰ, ਨੇਮ ਕਰਮ, ਮਨੁੱਖੀ ਜੀਵਨ ਦੇ ਸਾਰੇ ਗੁਣਾਂ ਦਾ ਸਮੂਹ ਹੈ। ਸੇਵਾ ਦਾ ਸੰਕਲਪ, ਇਕ ਅਜਿਹਾ ਸਦਾਚਾਰਕ ਗੁਣ ਹੈ ਜਿਹੜਾ ਹਉਮੈ ਨੂੰ ਖਤਮ ਕਰਕੇ ਮਨ ਨੂੰ ਨੀਵਾਂ ਕਰਦਾ ਹੈ, ਜਦੋਂ ਮਨੁੱਖ ਦਾ ਮਨ ਨੀਵਾਂ ਹੋ ਜਾਂਦਾ ਹੈ ਤਾਂ ਫਿਰ ਉਹ ਦੂਸਰਿਆਂ ਨੂੰ ਆਪਣੇ ਬਰਾਬਰ ਸਮਝਣ ਲਗਦਾ ਹੈ, ਮਾਨਵਵਾਦ ਦੀ ਸਥਾਪਤੀ ਵਲ ਵਧਣ ਲਗਦਾ ਹੈ। 'ਸੇਵਾ' ਸਦਾਚਾਰ ਦੀ ਮੂਲ ਹੈ। ਮੂਲਾਧਾਰ ਤੱਤ ਹੈ। ਸੇਵਾ ਨੈਤਿਕ ਸੰਤੁਲਨ ਸਥਾਪਿਤ ਰਖਣ ਲਈ ਇਕ ਪ੍ਰਕਾਰ ਦੀ ਸਾਧਨਾ ਹੈ। ਭਾਈ ਗੁਰਦਾਸ ਦੇ ਸ਼ਬਦਾਂ ਵਿਚ: 'ਵਿਣ ਸੇਵਾ ਧ੍ਰਿਗ ਹੱਥ ਪੈਰ ਹੋਰ ਨਿਹਫਲ ਕਰਣੀ' ਸੇਵਾ ਦੀ ਭਾਵਨਾ ਤੋਂ ਬਿਨਾ ਆਦਰਸ਼ਕ ਮਨੁੱਖ ਦੇ ਸੰਕਲਪ ਬਾਰੇ ਸੋਚਣਾ ਹੀ ਅਸੰਭਵ ਹੈ। ਪ੍ਰਿੰ. ਪ੍ਰਕਾਸ਼ ਸਿੰਘ 'ਸੇਵਾ' ਸ਼ਬਦ ਦੇ ਅਰਥ ਇਸ ਪ੍ਰਕਾਰ ਦਸਦੇ ਹਨ: "ਸੇਵਾ ਦੇ ਅਰਥ -- ਸੇਵਾ ਸੰਸਕ੍ਰਿਤ ਦੇ ਸ਼ਬਦ ਸੇਵ੍ਰ ( सेव् ) ਦਾ ਵਿਕਸਿਤ ਰੂਪ ਹੈ, ਸੇਵ੍ਰ ਦੇ ਅਰਥ ਹਨ: ਸੇਵਾ ਕਰਨਾ, ਚਾਕਰੀ ਕਰਨਾ, ਭਰੋਸਾ ਰੱਖਣਾ, ਪੂਜਾ ਕਰਨੀ। ਸੰਗਿਆ ਰੂਪ ਵਿਚ ਸੇਵਾ ਦਾ ਅਰਥ ਸੇਵਾ ਟਹਿਲ ਜਾਂ ਖਿਦਮਤ ਹਨ।"[2] ਭਾਰਤੀ ਪਰੰਪਰਾ ਵਿਚ ਤਿਆਗ

---

1. ਡਾ. ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਪੰਨਾ-80
2. ਪ੍ਰਿੰ. ਪ੍ਰਕਾਸ਼ ਸਿੰਘ, " ਗੁਰਮਤਿ ਵਿਚ ਸੇਵਾ ਦਾ ਸੰਕਲਪ", ਨਾਨਕ ਪ੍ਰਕਾਸ਼ ਪ੍ਰਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ,ਸੇਵਾ ਵਿਸ਼ੇਸ਼ ਅੰਕ, ਜਿਲਦ ਅਠਾਰ੍ਹਵੀਂ, ਅੰਕ ਦੂਜਾ, ਦਸੰਬਰ 1984, ਪੰਨਾ-19

ਨੂੰ ਮਹੱਤਵ ਦਿੱਤਾ ਜਾਂਦਾ ਸੀ। ਸਮਾਜ ਤੋਂ ਭਾਂਜਵਾਦੀ ਦ੍ਰਿਸ਼ਟੀਕੋਣ ਅਪਨਾਉਣ ਤੇ ਜ਼ੋਰ ਦਿੱਤਾ ਜਾਂਦਾ ਸੀ। ਲੇਕਿਨ ਸਿੱਖ ਧਰਮ ਵਿਚ ਗ੍ਰਿਹਸਥ ਅਤੇ ਸੰਨਿਆਸ ਦੇ ਸਮਨਵੇ ਵਿਚੋਂ ਪੈਦਾ ਹੋਈ ਨਿਸ਼ਕਾਮ ਭਾਵਨਾ ਤੇ ਜ਼ੋਰ ਦਿੱਤਾ ਜਾਂਦਾ ਹੈ। ਤਿਆਗ, ਭਾਂਜਵਾਦੀ ਦ੍ਰਿਸ਼ਟੀਕੋਣ ਨੂੰ ਛੱਡ ਕੇ, ਸੇਵਾ ਦਾ ਮਾਨਵਵਾਦੀ ਸੰਕਲਪ ਨਾਨਕ-ਬਾਣੀ ਨੇ ਲੋਕਾਈ ਨੂੰ ਪ੍ਰਦਾਨ ਕੀਤਾ। ਸੇਵਾ ਅਤੇ ਚੰਗੇ ਅਮਲ ਕਰਨ ਵਾਲਾ ਮਨੁੱਖ ਹੀ ਸਭ ਤੋਂ ਵੱਡਾ ਮਨੁੱਖ ਹੈ, ਜਿਵੇਂ ਕਿ: _'ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵੱਡਾ ਕਿ ਮੁਸਲਮਾਨੋਈ? ਬਾਬਾ ਆਖੇ ਹਾਜੀਆ ਸੁਭਿ ਅਮਲਾਂ ਬਾਝਹੁ ਦੋਨੋ ਰੋਈ ।'

ਗੁਰਬਾਣੀ ਅਨੁਸਾਰ: ਬਦੀ ਦਾ ਮਸਲਾ ਸਮਾਜਿਕ ਤੇ ਮਨੁੱਖੀ ਮਸਲਾ ਹੈ। ਇਸਦਾ ਹੱਲ ਵੀ ਸਮਾਜਿਕ ਤੇ ਮਨੁੱਖੀ ਅਮਲ ਨਾਲ ਹੀ ਹੋ ਸਕਦਾ ਹੈ ਅਤੇ ਹੋਵੇਗਾ।[1] ਸੇਵਾ ਦਾ ਸੰਕਲਪ ਬਦੀ ਨੂੰ ਖਤਮ ਕਰ ਸਕਦਾ ਹੈ। ਸੇਵਾ ਦਾ ਘੇਰਾ ਸੀਮਿਤ ਨਹੀਂ। ਹਰ ਪ੍ਰਾਣੀ ਦੀ ਸੇਵਾ ਕਰਨੀ ਹੀ ਮਾਨਵਵਾਦੀ ਕਰਮ ਹੈ। ਮਾਨਵਤਾ ਦੀ ਸੇਵਾ ਈਸ਼ਵਰ ਦੀ ਸੇਵਾ ਹੈ। ਗੁਰੂ ਨਾਨਕ ਅਨੁਸਾਰ:-

ਵਿਚਿ ਦੁਨੀਆ ਸੇਵ ਕਮਾਈਐ ।।
ਤਾ ਦਰਗਹ ਬੈਸਣੁ ਪਾਈਐ ।।
ਕਹੁ ਨਾਨਕ, ਬਾਹ ਲੁਡਾਈਐ ।।

(ਗੁਰੂ ਗ੍ਰੰਥ ਸਾਹਿਬ, ਸਿਰੀ ਰਾਗ, ਮਹਲਾ ੧, ਪੰਨਾ-26)

ਗੁਰੂ ਨਾਨਕ 'ਆਸਾ ਦੀ ਵਾਰ' ਵਿਚ ਕਹਿੰਦੇ ਹਨ ਕਿ: ਸੱਚ, ਸੰਤੋਖ, ਸੱਚੇ-ਆਚਾਰ ਦੇ ਧਾਰਨੀ ਹੋਏ ਬਿਨਾ ਪ੍ਰਾਣੀ ਮਾਤਰ ਦੀ ਸਹੀ ਸੇਵਾ ਕਰ ਸਕਣੀ ਅਸੰਭਵ ਹੈ। ਨਾਨਕ ਬਾਣੀ ਅਨੁਸਾਰ:

ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ ।।
ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ।।
ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ।।
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ।।

---

1. (ਪ੍ਰੋ.) ਕਿਸ਼ਨ ਸਿੰਘ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ -30

ਵਡਿਆਈ ਵਡਾ ਪਾਇਆ ॥

(ਵਾਰ ਆਸਾ, ਮਹਲਾ ੧, ਪੰਨਾ-467)

ਸਵੈ-ਕੇਂਦਰਿਤ ਮਨੁੱਖ ਨੂੰ ਆਪਣੇ ਤੋਂ ਬਿਨਾ ਦੂਸਰੀ ਹੋਂਦ ਵਿਖਾਈ ਹੀ ਨਹੀਂ ਦਿੰਦੀ। ਭੌਤਿਕਵਾਦੀ ਜਾਗਦਾ ਵੀ ਸੁੱਤਾ ਹੈ। ਮਾਨਵਵਾਦੀ, ਬ੍ਰਹਮਗਿਆਨੀ ਉਹ ਹੈ ਜਿਸਨੂੰ ਪਰਉਪਕਾਰ ਦਾ ਚਾਅ ਚੜ੍ਹਿਆ ਰਹੇ।[1] ਨਾਨਕ-ਬਾਣੀ ਅਨੁਸਾਰ: ਸਾਧ, ਸੰਤ ਬ੍ਰਹਮਗਿਆਨੀ, ਜੀਵਨ-ਮੁਕਤ ਪਰਮਾਤਮਾ ਦੀ ਪ੍ਰਾਪਤੀ ਕਰਕੇ ਵੀ ਧਰਤੀ ਤੇ ਰਹਿੰਦਾ ਹੈ। ਉਹ ਸਮਾਜ ਵਿਚ ਰਹਿੰਦਾ ਹੈ। ਲੋਕਾਂ ਦੀ ਸੇਵਾ ਕਰਦਾ ਹੈ। ਮਾਨਵ-ਸਮੂਹ, ਸਮਾਜ ਨਾਲੋਂ ਟੁੱਟਣ ਦੀ ਬਜਾਏ, ਸਮਾਜ ਨਾਲ ਜੁੜਦਾ ਹੈ। ਸਮਾਜ ਨਾਲ ਜੁੜਨ ਵਿਚ ਹੀ ਉਸਦੇ ਜੀਵਨ ਦੀ ਸਾਰਥਕਤਾ ਹੈ। ਮਾਨਵਵਾਦੀ ਮਾਇਆ ਦਾ ਤਿਆਗ ਕਰਕੇ ਸਮਾਜ ਨਾਲ ਜੁੜਨ ਵਿਚ ਹੀ ਉਸਦੇ ਜੀਵਨ ਦੀ ਸਾਰਥਕਤਾ ਹੈ। ਮਾਨਵਵਾਦੀ ਮਾਇਆ ਦਾ ਤਿਆਗ ਕਰਕੇ ਮਨੁੱਖ ਦੀ ਪੀੜ ਨੂੰ ਸਮਝਦਾ ਹੈ, ਕਿਰਤ ਅਤੇ ਕਿਰਤੀ ਦਾ ਸਤਿਕਾਰ ਕਰਦਾ ਹੈ। ਜਾਤ-ਪਾਤ ਦਾ ਖੰਡਨ ਕਰਦਾ ਹੈ। ਮਾਨਵੀ-ਹੋਂਦ, ਮਾਨਵੀ-ਜੀਵਨ ਦਾ ਸਤਿਕਾਰ ਕਰਦਾ ਹੈ। ਸਦਾਚਾਰ ਦਾ, ਮਾਨਵਵਾਦ ਦਾ ਕੇਂਦਰੀ-ਬਿੰਦੂ, ਮਾਨਵ-ਕਲਿਆਣ ਹੈ। ਮਾਨਵ-ਕਲਿਆਣ ਦੀ ਭਾਵਨਾ, ਇੱਛਾ ਹੀ ਸੇਵਾ ਦੇ ਸੰਕਲਪਾਂ ਦਾ ਆਧਾਰ -ਭੂਤ ਬਣਦੀ ਹੈ। ਮਨੁੱਖਤਾ ਦੀ ਤਨ-ਮਨ ਧਨ ਨਾਲ ਸੇਵਾ ਕਰਕੇ ਹੀ ਮਾਨਵਵਾਦ ਦੀ ਸਿਖਰਲੀ ਪੌੜੀ ਤੇ ਪਹੁੰਚਿਆ ਜਾ ਸਕਦਾ ਹੈ। ਚਾਹੇ ਨਾਨਕ-ਬਾਣੀ ਵਿਚ ਈਸ਼ਵਰ ਨੂੰ ਪਹਿਲੇ ਸਥਾਨ ਤੇ ਰੱਖਿਆ ਗਿਆ ਹੈ ਲੇਕਿਨ ਈਸ਼ਵਰ ਦੀ ਪ੍ਰਾਪਤੀ ਲਈ ਮਨੁੱਖ ਨੂੰ ਸਦਾਚਾਰੀ ਬਣਨ ਲਈ ਕਦਮ-ਕਦਮ ਤੇ ਸੁਚੇਤ ਕੀਤਾ ਹੈ। ਮਨੁੱਖ ਦੇ ਸਦਾਚਾਰੀ ਬਣੇ ਬਿਨਾ ਉਸਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਸੰਦਰਭ ਵਿਚ ਡਾ. ਵਜ਼ੀਰ ਸਿੰਘ ਇਸ ਤਰ੍ਹਾਂ ਲਿਖਦੇ ਹਨ:

> ਇਹ ਠੀਕ ਹੈ ਕਿ ਗੁਰੂ ਨਾਨਕ-ਬਾਣੀ ਦੀ ਕੀਮਤਾਂ ਸੰਬੰਧੀ ਕੁਲ ਵਿਚਾਰ ਵਿਚ ਈਸ਼ਵਰ ਹੀ ਪ੍ਰਥਮ ਤੇ ਅੰਤਿਮ ਹੈ: ਫੇਰ ਵੀ ਈਸ਼ਵਰ ਦੀ 'ਕੀਮਤ' ਮਨੁੱਖ ਦੀ ਖਾਤਰ ਹੈ, ਨਾ ਕਿ ਆਪਣੇ ਆਪ ਵਿਚ। ਆਤਮਿਕ ਉਨਤੀ ਹਿੱਤ ਸਾਰੀ

---

1. ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ (ਆਦਿ ਗ੍ਰੰਥ, ਗਉੜੀ ਸੁਖਮਨੀ ਮਹਲਾ 5 ਪੰਨਾ-੨੯੬)

> ਸਿੱਖਿਆ ਤੇ ਉਪਦੇਸ਼ ਮਨੁੱਖ ਨੂੰ ਹੀ ਸੰਬੋਧਿਤ ਹਨ,
> ਅਤੇ ਆਦਿ-ਗ੍ਰੰਥ ਦੀ ਕੁਲ -ਬਾਣੀ ਅੰਤਿਮ ਵਿਸ਼ਲੇਸ਼ਣ
> ਵਿਚ ਇਨਸਾਨ ਦੇ ਵਿਚਾਰ ਹਿੱਤ ਹੀ ਰਚੀ ਗਈ ਹੈ।[1]

ਇਸ ਧਰਤੀ ਉਪਰ ਮਨੁੱਖੀ ਜੀਵਨ ਦੀ ਇਕੋ-ਇਕ ਸੱਚੀ ਬੁਨਿਆਦ ਸਦਾਚਾਰ ਆਚਰਨ ਹੈ। ਮਨੁੱਖੀ ਸੱਚ-ਆਚਾਰ ਸਭ ਤੋਂ ਉਪਰ ਹੈ। ਅਧਿਆਤਮਕ ਸੱਚ ਦੀ ਅਭਿਲਾਖੀ ਅਤੇ ਮਨੁੱਖਤਾ ਦਾ ਹਿਤੈਸ਼ੀ ਇਕੋ ਹੀ ਵਿਅਕਤੀ ਹੈ। ਨਾਨਕਵਾਦੀ ਜੀਵਨ-ਜਾਚ ਵਿਚ ਸਦਾਚਾਰਕ ਕੀਮਤਾਂ ਤੇ ਸਦਗੁਣਾਂ ਦੀ ਵਿਸ਼ੇਸ਼ ਥਾਂ ਹੈ। ਲੋਕ-ਹਿਤੈਸ਼ੀ ਸਦਾਚਾਰਕ ਰੁਚੀਆਂ ਰੱਖਿਆਂ ਹੀ ਮਾਨਵਵਾਦੀ ਬਣਿਆ ਜਾ ਸਕਦਾ ਹੈ। ਨੈਤਿਕ ਤਾ ਦਾ ਰੁਖ ਮਿਲਵਰਤਨ ਕਰਨ ਦੀ ਭਾਵਨਾ ਹੈ। ਨਾਨਕ-ਬਾਣੀ ਇਸੇ ਪੱਖੋਂ ਮਾਨਵਵਾਦੀ ਰੁਖ ਪ੍ਰਤੀ ਸੁਚੱਜੀ ਸੇਧ ਦਿੰਦੀ ਹੈ। ਦੂਸਰੇ ਦਾ ਦਰਦ ਵੰਡਾਉਣਾ ਹੀ ਮਾਨਵਤਾ ਦੀ ਸੱਚੀ ਸੇਵਾ ਹੈ। ਸਦਾਚਾਰੀ ਆਚਰਨ ਦੀ ਪਰਖ ਸਮਾਜ ਵਿਚ ਰਹਿ ਕੇ ਹੀ ਹੋ ਸਕਦੀ ਹੈ, ਸਮਾਜ ਤੋਂ ਬਾਹਰ ਜੰਗਲ ਵਿਚ, ਵੀਰਾਨ ਵਿਚ ਨਹੀਂ। ਜੰਗਲ ਵਿਚ ਰਹਿ ਰਹੇ ਮਨੁੱਖ ਨੂੰ ਸਦਾਚਾਰੀ ਜਾਂ ਦੁਰਾਚਾਰੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਹ ਕਰਮ-ਅਭਾਵੀ ਹੁੰਦਾ ਹੈ। ਸਦਾਚਾਰੀ ਕਰਮ ਦਾ ਪਹਿਲਾ ਮਾਪਦੰਡ ਵਿਅਕਤੀ ਦਾ ਆਪਣੇ ਸਾਥੀਆਂ ਪ੍ਰਤੀ ਸਲੀਕਾ ਤੇ ਵਤੀਰਾ ਹੈ ਜੋ ਉਸ ਦੀਆਂ ਸਮਾਜਿਕ ਰੁਚੀਆਂ ਦਾ [illegible] ਲਖਾਇਕ ਹੈ। ਮਾਨਵਵਾਦ ਮਨੁੱਖੀ ਆਚਰਨ ਦੀ ਉਚੱਤਾ-ਸੁਚੱਤਾ ਤੇ ਜ਼ੋਰ ਦਿੰਦਾ ਹੈ। ਇਸ ਸੰਦਰਭ ਵਿਚ ਡਾ. ਵਜ਼ੀਰ ਸਿੰਘ ਦੇ ਵਿਚਾਰ ਵਰਨਣਯੋਗ ਹਨ:

> ਮਾਨਵਵਾਦੀ ਆਚਰਨ-ਸਿਧਾਂਤ ਧਰਮ, ਦਰਸ਼ਨ ਤੇ ਵਿਗਿਆਨ
> ਤਿੰਨਾਂ ਪਾਸੋਂ ਸੱਤਾ ਪ੍ਰਾਪਤ ਕਰਕੇ ਮਨੁੱਖੀ ਜੀਵਨ ਵਿਚ
> ਅੰਤਿਮ ਕੀਮਤਾਂ ਦੀ ਕਮਾਈ ਵੱਲ ਕਦਮ ਪੁੱਟਦਾ ਹੈ, ਚਾਹੇ
> ਕੋਈ ਵਿਅਕਤੀ ਕੀਮਤਾਂ ਨੂੰ ਸਚਾਈ ਤੇ ਸੁੰਦਰਤਾ ਦੇ ਅੱਖਰਾਂ
> ਵਿਚ ਸੋਚੇ, ਚਾਹੇ ਕੋਈ ਦੂਸਰਾ ਇਹਨਾਂ ਨੂੰ ਨਿਆਂਕਾਰੀ
> ਤੇ ਫਰਜ਼ਾਂ ਦੀ ਪੂਰਤੀ ਖਿਆਲ ਕਰੇ, ਤੇ ਚਾਹੇ ਕਿਸੇ ਹੋਰ ਲਈ

---

1. ਡਾ. ਵਜ਼ੀਰ ਸਿੰਘ, ਨਾਨਕ-ਬਾਣੀ ਚਿੰਤਨ, ਪੰਨਾ-39

ਕੀਮਤਾਂ ਤੇ ਭਾਵ ਮਨੁੱਖੀ ਪ੍ਰਸੰਨਤਾ, ਖੇੜਾ ਜਾਂ ਆਨੰਦ ਹੋਵੇ।[1]

ਨਾਨਕ ਬਾਣੀ ਮਾਨਵਵਾਦੀ ਹੈ ਅਤੇ ਸਦਾਚਾਰਕ ਆਧਾਰ ਤੇ ਮਾਨਵੀ ਆਚਰਨ ਨੂੰ ਉਚ ਬਨਾਉਣ ਦੇ ਨਿਰਦੇਸ਼ਨ ਦਿੰਦੀ ਹੈ। ਗੁਰੂ ਨਾਨਕ ਨੇ ਇਹ ਦੱਸਿਆ ਹੈ ਕਿ: ਅਨੈਤਿਕ ਜਾਂ ਮੰਦੇ ਕਰਮ ਭਵਿੱਖਤ ਦੇ ਬੰਧਨ ਅਤੇ ਦੁੱਖ ਦਾ ਕਾਰਣ ਬਣਦੇ ਹਨ ਅਤੇ ਇਸਦੇ ਉਲਟ, ਨੈਤਿਕਤਾ, ਸਦਾਚਾਰ, ਬੰਧਨ ਤੋਂ ਮੁਕਤ ਕਰਦੀ ਹੈ:

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ<br>
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥

(ਮਹਲਾ ੧, ਪੰਨਾ-595)

ਮੋਹ ਨੂੰ ਜੰਜਾਲ ਕਿਹਾ ਹੈ। ਇਸ ਬੰਧਨ ਹੈ, ਨੈਤਿਕਤਾ ਦੇ ਰਾਹ ਵਿਚ ਰੁਕਾਵਟ ਹੈ। ਮਨੁੱਖ ਵਿਚ ਸਬਰ, ਸੰਤੋਖ ਅਤੇ ਸੰਜਮ ਹੋਣਾ ਜ਼ਰੂਰੀ ਹੈ:

ਖਾਇਆ ਮੈਲੁ ਵਧਾਇਆ ਪੈਧੈ ਘਰ ਕੀ ਹਾਣਿ<br>
ਬਕਿ ਬਕਿ ਵਾਦੁ ਚਲਾਇਆ ਬਿਨੁ ਨਾਵੈ ਬਿਖੁ ਜਾਣਿ ॥

(ਮਹਲਾ ੧, ਪੰਨਾ -1331)

ਚੁੱਪ ਰਹਿਣ ਵਾਲਾ ਜਾਂ ਘਟ ਬੋਲਣ ਵਾਲਾ ਮਨੁੱਖ ਚੰਗਾ ਹੁੰਦਾ ਹੈ, ਸਦਾਚਾਰ ਦੀ ਸਥਾਪਤੀ ਵਿਚ ਸਹਾਇਕ ਹੁੰਦਾ ਹੈ:

ਭੌਂਕੈ ਕੋਪੁ ਖੁਆਰੁ ਹੋਇ ਫਕੜੁ ਪਿਟੈ ਅੰਧੁ ॥<br>
ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥

(ਮਹਲਾ ੧, ਪੰਨਾ-1288)

ਫਿੱਕਾ ਬੋਲਣ ਵਾਲੇ ਨੂੰ ਸਜ਼ਾ ਮਿਲਦੀ ਹੈ:

ਫਿੱਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥<br>
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥

(ਮਹਲਾ ੧, ਪੰਨਾ-473)

---

1. ਡਾ. ਵਜ਼ੀਰ ਸਿੰਘ, ਨਾਨਕ-ਬਾਣੀ ਚਿੰਤਨ, ਪੰਨਾ-103

ਸਦਾਚਾਰਕ ਆਧਾਰ ਤੇ ਮਨੁੱਖ ਨੂੰ ਨਸੀਹਤ ਦਿੱਤੀ ਹੈ:-

ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥

( ਮਹਲਾ ੧, ਪੰਨਾ-469)

ਮਾਨਵਵਾਦੀ ਰਾਹਾਂ ਤੇ ਤੁਰਨ ਲਈ ਮਨੁੱਖ ਨੂੰ ਆਪਣਾ ਆਪ ਵੀ ਦਇਆ ਨਾਲ ਰਹਿਮਤ ਨਾਲ ਸ਼ਿੰਗਾਰਨਾ ਪਵੇਗਾ। ਦਇਆ ਦਾ ਖਜ਼ਾਨਾ ਅਖੁਟ ਹੈ, ਜਿਤਨੀ ਦਇਆ ਮਨੁੱਖ ਅਪਣਾਵੇਗਾ ਉਤਨਾ ਹੀ ਮਾਨਵੀ-ਕਲਿਆਣ ਦੇ ਵਧੇਰੇ ਨੇੜੇ ਹੁੰਦਾ ਜਾਵੇਗਾ। ਗੁਰਮਤੀ ਸਾਹਿਤ ਵਿਚ 'ਦਇਆ' ਨੂੰ 'ਭੰਡਾਰ' ਵੀ ਕਿਹਾ ਗਿਆ ਹੈ। ਗੁਰੂ ਸਾਹਿਬ ਨੇ ਦਇਆ ਨੂੰ ਦੇਵਤਾ ਦੀ ਉਪਾਧੀ ਦਿੱਤੀ ਹੈ:

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥

( ਵਾਰ ਸਾਰੰਗ ਮਹਲਾ ੧,ਪੰਨਾ-1245)

ਦਇਆ ਮਹਾਨ ਗੁਣ ਹੈ। ਦਇਆਵਾਨ ਪੁਰਖ ਦੂਸਰੇ ਲਈ ਆਪਣੀ ਜਾਨ ਵੀ ਵਾਰ ਦਿੰਦਾ ਹੈ ਲੇਕਿਨ ਕਦੀ ਕਿਸੇ ਦੀ ਜਾਨ ਨਹੀਂ ਲੈਂਦਾ। ਉਹ ਸੱਚਾ ਭਗਤ ਹੈ, ਮੁਨੀ ਹੈ:-

ਦਇਆ ਦਿਗੰਬਰੁ ਦੇਹ ਬੀਚਾਰੀ ॥
ਆਪਿ ਮਰੈ ਅਵਰਾ ਨਹ ਮਾਰੀ ॥

(ਰਾਗੁ ਆਸਾ, ਮਹਲਾ ੧,ਪੰਨਾ-356)

ਸੱਚੇ ਮਾਨਵਵਾਦੀ ਮਾਰਗ ਤੇ ਚਲਣ ਵਾਲੇ ਪ੍ਰਾਣੀ ਦੀ ਪ੍ਰਸ਼ੰਸਾ ਹੁੰਦੀ ਹੈ:

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨ ॥

( ਮਹਲਾ ੧, ਪੰਨਾ-136)

ਇਸ ਸੰਸਾਰ ਦੇ ਝੂਠੇ ਪਦਾਰਥਾਂ, ਮਾਇਆ ਦਾ ਮਾਣ ਨਹੀਂ ਕਰਨਾ ਬਲਕਿ ਸੰਜਮ ਵਿਚ ਰਹਿ ਕੇ ਮਾਨਵਵਾਦੀ ਕਰਮ ਕਰਨੇ ਹਨ:

(ੲ) ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥

( ਮਹਲਾ ੧, ਪੰਨਾ-23)

(ਅ) ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ ॥

( ਮਹਲਾ ੧, ਪੰਨਾ-689 )

(ੲ) ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ ॥

( ਆਦਿ ਗ੍ਰੰਥ, ਰਾਗ ਮਾਰੂ, ਬਾਣੀ ਜੈਦੇਉ ਕੀ, ਪੰਨਾ-1106)

ਸਭ ਭੇਦ ਭਾਵ ਖਤਮ ਕਰਕੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਵਾਲਾ ਸਮਾਜ ਸਥਾਪਿਤ ਕਰਨਾ ਹੈ। ਵਿਦਿਆ ਗ੍ਰਹਿਣ ਕਰਕੇ ਸਦਾਚਾਰੀ ਅਮਲ ਕਰਨੇ ਹਨ:

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥
ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥

( ਮਹਲਾ ੧, ਪੰਨਾ-356)

ਵਿਦਿਆ ਦਾ ਮਨੋਰਥ ਸਦਾਚਾਰੀ ਜੀਵਨ-ਜਾਚ ਅਪਨਾਉਣ ਲਈ ਪ੍ਰੇਰਿਤ ਕਰਨਾ ਹੈ:

ਗੁਰਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥

( ਮਹਲਾ ੧, ਪੰਨਾ-1329)

ਸਦਾਚਾਰੀ ਬਣਨ ਲਈ ਯੋਗ ਭੋਜਨ ਦਾ ਸੇਵਨ ਕਰਨਾ ਹੈ:

ਬਾਬਾ ਹੋਰੁ ਖਾਣਾ ਖੁਸੀ ਖੁਆਰ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥

( ਮਹਲਾ ੧, ਪੰਨਾ-16)

ਪਹਿਨਣ ਵਿਚ ਵੀ ਸਾਦਗੀ ਵਰਤ ਕੇ ਹੀ ਮਨੁੱਖ ਸਦਾਚਾਰੀ ਕਰਮ ਕਰ ਸਕਦਾ ਹੈ:

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥

( ਮਹਲਾ ੧, ਪੰਨਾ-16)

ਆਪਣੀਆਂ ਲੋੜਾਂ ਨੂੰ ਘਟਾ ਕੇ, ਸੰਜਮ ਵਿਚ ਰੱਖ ਕੇ ਹੀ ਮਨੁੱਖ ਦੂਸਰਿਆਂ ਦੀ ਸੇਵਾ ਕਰ ਸਕਦਾ ਹੈ। ਮਨੁੱਖਤਾ ਦੀ ਸੇਵਾ ਪਰਮਾਤਮਾ ਦੀ ਸੇਵਾ ਹੈ। ਭਾਰਤੀ

ਧਾਰਮਿਕ ਸਾਹਿਤ ਦਾ ਅਧਿਐਨ ਕਰਦਿਆਂ ਸਵੈ-ਸਪਸ਼ਟ ਹੋ ਜਾਂਦਾ ਹੈ ਕਿ: ਸੇਵਾ ਕਰਨੀ ਦਾਸਾਂ ਜਾਂ ਨੀਵੀਂ ਸ਼੍ਰੇਣੀ ਵਾਲੇ ਲੋਕਾਂ ਦਾ ਫਰਜ਼ ਸੀ। ਲੇਕਿਨ ਨਾਨਕ-ਬਾਣੀ ਵਿਚ ਸੇਵਾ ਕਰਨੀ ਦਾਸਾਂ ਜਾਂ ਨੀਵੀਂ ਸ਼੍ਰੇਣੀ ਵਾਲੇ ਲੋਕਾਂ ਦਾ ਕੰਮ ਨਹੀਂ ਬਲਕਿ ਸਦਾਚਾਰਕ ਆਧਾਰ ਤੇ ਹਰ ਪ੍ਰਾਣੀ ਦਾ ਫਰਜ਼ ਹੈ ਕਿ ਉਹ ਦੂਸਰੇ ਸਭ ਪ੍ਰਾਣੀਆਂ ਦੀ ਬਿਨਾ ਵਿਤਕਰੇ ਦੇ ਸੇਵਾ ਕਰੇ। ਸੇਵਾ ਨਾਲ ਮਨ ਨੀਵਾਂ ਹੁੰਦਾ ਹੈ। ਦੂਸਰੇ ਮਾਨਵ ਦਾ ਦਰਦ ਵੰਡਾਉਣਾ ਹੀ ਮਾਨਵਵਾਦ ਹੈ। ਨਾਨਕ ਬਾਣੀ ਵਿਚ ਸੇਵਾ ਦਾ ਬਹੁਤ ਮਹੱਤਵ ਦਰਸਾਇਆ ਗਿਆ ਹੈ। ਇਸ ਸੰਦਰਭ ਵਿਚ ਡਾ. ਰਤਨ ਸਿੰਘ ਜੱਗੀ ਇਸ ਤਰ੍ਹਾਂ ਲਿਖਦੇ ਹਨ; "ਗੁਰੂ ਨਾਨਕ ਦੀ ਸਾਧਨਾ ਵਿਚ ਸੇਵਾ ਦਾ ਬਹੁਤ ਮਹੱਤਵ ਹੈ। ਇਹ ਬਹੁਤ ਉਚੀ ਸਾਧਨਾ ਹੈ। ਮਨੁੱਖ ਦੀ ਹਰ ਹਰਕਤ ਹਉਮੈ ਵਾਲੀ ਹੁੰਦੀ ਹੈ। ਸੇਵਾ ਦੀ ਭਾਵਨਾ ਹੀ ਹਉਮੈ ਨੂੰ ਨਸ਼ਟ ਕਰ ਸਕਦੀ ਹੈ। ਕਿਉਂਕਿ ਹਉਮੈ ਧੁੰਧ ਗੁਬਾਰ ਹੈ, ਸੇਵਾ ਪ੍ਰਕਾਸ਼ ਹੈ: ਹਉਮੈ ਆਪਣੇ ਆਪ ਵਿਚ ਜਾਂ ਆਪਣੇ ਲਈ ਜੀਣਾ ਹੈ, ਸੇਵਾ ਦੁਆਰਾ ਦੂਜਿਆਂ ਲਈ ਜੀਵਿਆ ਜਾ ਸਕਦਾ ਹੈ।"[1] ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ 'ਸੇਵਾ' ਬਾਰੇ ਇਸ ਪ੍ਰਕਾਰ ਲਿਖਦੇ ਹਨ:"ਸੇਵਾ ਦਾ ਮਤਲਬ ਹੀ ਪਰ-ਸੇਵਾ ਹੈ। ਅਰਥਾਤ ਸੌੜੀ ਵਲਗਣਾਂ ਤੋਂ ਮੁਕਤ ਹੋ ਕੇ ਇਨਸਾਨੀ ਭਾਈਚਾਰੇ ਲਈ ਕਰਮ ਕਰਨਾ।"[2] ਆਪਣੇ ਬਜ਼ੁਰਗਾਂ ਦੀ ਆਗਿਆ ਦਾ ਪਾਲਣ ਕਰਨਾ ,ਇਸ਼ਨਾਨ ਕਰਵਾਉਣਾ, ਸਾਫ਼ ਥਾਂ ਤੇ ਬਿਠਾਉਣਾ, ਝਾੜੂ ਬਹਾਰੀ ਕਰਨੀ, ਪੱਖਾ ਝੱਲਣਾ, ਲੋੜਵੰਦਾਂ, ਅਨਾਥਾਂ, ਅਪਾਹਜਾਂ ਦੁਖੀਏ ਤੇ ਦਰਦਵੰਦਾਂ ਉਪਰ ਦਇਆ ਕਰਕੇ ਉਨ੍ਹਾਂ ਦੀ ਸਹਾਇਤਾ ਕਰਨੀ ਸੇਵਾ ਵਿਚ ਸ਼ਾਮਿਲ ਹੈ। ਨਿਮਰਤਾ ਅਤੇ ਸੇਵਾ ਸਦਾਚਾਰ ਦਾ ਆਧਾਰ-ਬਿੰਦੂ ਹਨ।

ਸੇਵਾ ਨਾਲ ਸਮਾਜ ਸੁਧਾਰ ਵੀ ਹੋ ਜਾਂਦਾ ਹੈ। ਗਰੀਬਾਂ, ਲੋੜਵੰਦਾਂ ਲਈ ਸਾਧਨ ਪੈਦਾ ਹੋ ਜਾਂਦੇ ਹਨ। ਸੇਵਾ ਨਿਸ਼ਕਾਮ ਹੋਣੀ ਚਾਹੀਦੀ ਹੈ। ਸੇਵਾ ਸਿਮਰਨ ਹੈ, ਭਗਤੀ ਹੈ, ਪਰਉਪਕਾਰ ਹੈ, ਸੇਵਾ ਹੀ ਜੀਵਨ ਹੈ, ਮਾਨਵਵਾਦ ਹੈ। ਫਲ ਮਿਲਦਾ ਹੈ, ਮੁਕਤੀ। ਅਧਿਆਤਮਵਾਦ ਦੀ ਸਿਖਰ ਈਸ਼ਵਰ ਦੀ ਪ੍ਰਾਪਤੀ ਹੁੰਦੀ ਹੈ, ਸੇਵਾ ਨਾਲ ਮਾਨਵਵਾਦੀ ਬਣ ਸਕੀਦਾ ਹੈ। ਪਰਮਾਤਮਾ ਦੀ ਦਰਗਾਹ ਵਿਚਉਹਨਾਂ ਨੂੰ ਢੋਈ ਮਿਲਦੀ ਹੈ ਜਿਹੜੇ ਮਨੁੱਖ ਇਹ-ਲੋਕ ਵਿਚ ਸੇਵਾ ਦੇ ਸੰਕਲਪ ਨੂੰ ਅਮਲੀ ਪੱਧਰ ਤੇ ਅਪਣਾਉਂਦੇ

---

1. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ-439
2. ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਦੀ ਨਿਰਗੁਣਧਾਰਾ, ਪੰਨਾ-255

ਹਨ।[1] ਪਰਮਾਤਮਾ ਆਪ ਸੰਗਤ ਵਿਚ ਵਸਦਾ ਹੈ: "ਵਿਚਿ ਸੰਗਤ ਹਰਿ ਪ੍ਰਭੁ ਵਸੈ ਜੀਉ।" ਇਸ ਤਰ੍ਹਾਂ ਸੰਗਤ ਦੀ ਸੇਵਾ ਪਰਮਾਤਮਾ ਦੀ ਸੇਵਾ ਹੈ। ਲੰਗਰ ਤਿਆਰ ਕਰਨਾ, ਭਾਂਡੇ ਮਾਂਜਕੇ, ਪਾਣੀ ਢੋਣਾ, ਜੋੜੇ ਝਾੜਨੇ ਆਦਿ ਸੇਵਾ ਦੇ ਭਿੰਨ ਭਿੰਨ ਸਰੂਪ ਹਨ। ਮਨੁੱਖ ਦਾ ਆਚਰਣ ਬਨਾਉਣ ਵਿਚ ਸਮਾਜ ਅਤੇ ਉਸਦੇ ਸਮਾਜਿਕ ਚੌਗਿਰਦੇ ਦਾ ਬਹੁਤ ਹਿੱਸਾ ਹੁੰਦਾ ਹੈ। ਆਚਰਨਿਕ ਗਿਰਾਵਟ ਨੂੰ ਸਦਾਚਾਰਕ ਸਿਧਾਂਤਾਂ ਦੇ ਆਧਾਰ ਤੇ ਹੀ ਉੱਨਤ ਕੀਤਾ ਜਾ ਸਕਦਾ ਹੈ। ਇਸ ਆਚਰਣਕ ਉਚੱਤਾ ਨੂੰ ਸੱਚ ਨਾਲੋ ਵੀ ਵਧ ਮਹੱਤਾ ਦਿਤੀ ਗਈ ਹੈ। ਪਰਮਾਤਮਾ ਸੱਚੇ-ਸੁੱਚੇ ਸਰੀਰ ਰੂਪੀ ਭਾਂਡੇ ਵਿਚ ਹੀ ਸਮਾਉਂਦਾ ਹੈ। ਨਾਨਕ-ਬਾਣੀ ਅਨੁਸਾਰ:"ਸੂਚੈ ਭਾਂਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ।" (ਪੰਨਾ-597)। ਸੇਵਾ ਦਾ ਸੰਕਲਪ ਮਨੁੱਖ ਨੂੰ ਸੰਸਾਰ ਨਾਲ ਜੋੜਦਾ ਹੈ। ਜਦ ਤਕ ਮਨੁੱਖ ਆਪਣੇ ਜੀਵਨ ਨੂੰ ਸੇਵਾ ਵਿਚ ਨਹੀਂ ਲਾਉਂਦਾ, ਉਸਦੀ ਤਪੱਸਿਆ, ਭਗਤੀ, ਗਿਆਨ, ਸੁਕੰਮ ਨੂੰ ਨਹੀਂ ਪਹੁੰਚਦੀ। ਸੇਵਾ ਰਾਹੀਂ ਧਾਰਮਿਕਤਾ ਅਤੇ ਸੰਸਾਰਿਕਤਾ ਦਾ ਮੇਲ ਹੁੰਦਾ ਹੈ। ਨਾਮ ਜਪਣਾ, ਕਿਰਤ ਕਰਨਾ ਅਤੇ ਵੰਡ ਛੱਕਣਾ ਸੇਵਾ ਸੰਕਲਪ ਵਿਚ ਹੀ ਸ਼ਾਮਲ ਹਨ। ਗੁਰਬਾਣੀ ਅਨੁਸਾਰ: "ਜਨ ਕੀ ਸੇਵਾ ਉਤਮ ਕਾਮਾ।"(ਪੰਨਾ-164) ਸੇਵਾ ਸਰਬ ਸਾਂਝੇ ਹਿੱਤ ਦੀ ਕਰਨੀ ਹੈ। ਸੇਵਾ ਕਰਨ ਲਈ ਆਪਣੇ ਆਪ ਤੇ ਸੰਜਮ ਰੱਖਣੀ ਪਵੇਗਾ, ਨਾਨਕ ਬਾਣੀ ਅਨੁਸਾਰ:-ਬਿਨ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ।"(ਪੰਨਾ-992) ਹਉਮੈ ਨੂੰ ਖਤਮ ਕਰਨ ਲਈ ਸੇਵਾ ਇਕ ਸਾਧਨ ਹੈ। ਗ੍ਰਿਹਸਥ-ਆਸ਼ਰਮ ਵਿਚ ਰਹਿ ਕੇ ਮਨੁੱਖ ਜ਼ਿਆਦਾ ਸੇਵਾ ਕਰ ਸਕਦਾ ਹੈ। ਸੇਵਾ ਨਾਲ ਮਨ ਅਤੇ ਸਰੀਰ ਦੋਵੇਂ ਪਵਿੱਤਰ ਹੁੰਦੇ ਹਨ। ਸੇਵਾ, ਸਦਾਚਾਰ ਅਤੇ ਸਮਾਜਿਕ ਪੱਖ ਦਾ ਥੰਮ ਹੈ। ਸਵਰਗਾਂ ਦੀ ਇੱਛਾ ਨਾਲੋ ਇਸ ਦੁਨੀਆਂ ਵਿਚ ਗਰੀਬਾਂ ਦੀ ਸੇਵਾ ਮਨੁੱਖ ਨੂੰ ਪਰਮਾਤਮਾ ਦੇ ਵਧੇਰੇ ਨੇੜੇ ਲਿਜਾਂਦੀ ਹੈ। ਵਿਚਾਰਾਂ ਅਨੁਸਾਰ ਅਤੇ ਅਮਲੀ ਪੱਧਰ ਤੇ ਏਕਤਾ ਅਤੇ ਬਰਾਬਰੀ ਦਾ ਪ੍ਰਚਾਰ, ਸਭ ਨੂੰ ਬਰਾਬਰ ਸਮਝਣਾ, ਸਾਰੇ ਵਿਸ਼ਵ ਨੂੰ ਇਕੋ ਹੀ ਧਾਗੇ ਵਿਚ ਪਰੋਣ ਦਾ ਯਤਨ ਕਰਨਾ ਮਾਨਵਤਾ ਦੀ, ਈਸ਼ਵਰ ਦੀ, ਸੱਚੀ ਸੇਵਾ ਹੈ। ਗੁਰੂ ਨਾਨਕ ਨੇ ਮਹਿਸੂਸ

---

1. ਵਿਚਿ ਦੁਨੀਆ ਸੇਵ ਕਮਾਈਐ
   ਤਾ ਦਰਗਹਿ ਬੈਸਣੁ ਪਾਈਐ ॥

   ( ਆਦਿ ਗ੍ਰੰਥ, ਸਿਰੀ ਰਾਗੁ,ਮਹਲਾ ੧,ਪੰਨਾ-26)

ਕੀਤਾ ਕਿ ਉਸ ਸਮੇ ਸਮਕਾਲੀ ਧਰਮਾਂ ਵਿਚ ਜਨ-ਸਾਧਾਰਣ ਨੂੰ ਜੋ ਥਾਂ ਮਿਲਣੀ ਚਾਹੀਦੀ ਸੀ, ਨਹੀਂ ਮਿਲ ਰਹੀ ਸੀ, ਸੋ ਗੁਰੂ ਨਾਨਕ-ਬਾਣੀ ਵਿਚ ਸੇਵਾ ਨੂੰ ਮਹੱਤਵ ਪ੍ਰਦਾਨ ਕਰਕੇ ਸਭ ਨੂੰ ਬਰਾਬਰ ਥਾਂ ਤੇ ਲਿਆ ਖੜਾ ਕੀਤਾ ਹੈ। ਹਉਮੈ ਜੋ ਮਨ ਤੇ ਕਬਜ਼ਾ ਕਰ ਲੈਂਦੀ ਹੈ ਤਾਂ ਮਨੁੱਖੀ ਮਨ ਵਿਚ ਮਾਨਵ ਲਈ ਸਤਿਕਾਰ, ਬਰਾਬਰੀ ਦੀ ਭਾਵਨਾ, ਸੇਵਾ-ਭਾਵਨਾ ਖ਼ਤਮ ਹੋ ਜਾਂਦੀ ਹੈ।[1] ਸੇਵਾ-ਭਾਵਨਾ ਮਨ ਨੂੰ ਨਿਮਰ ਬਣਾਉਂਦੀ ਹੈ। ਇਸ ਸੰਦਰਭ ਵਿਚ ਡਾ. ਸੁਰਜੀਤ ਸਿੰਘ ਦੇ ਵਿਚਾਰ ਇਸ ਪ੍ਰਕਾਰ ਹਨ:

> ਉਪਨਿਸ਼ਦਾਂ ਵਿਚ ਇਸ ਤਰ੍ਹਾਂ ਦੇ ਕਥਨ ਮਿਲਦੇ ਹਨ ਜਿਨ੍ਹਾਂ ਤੋਂ ਜਾਣ ਪੈਂਦਾ ਹੈ ਕਿ ਮਾਨਵ ਸਰੀਰ ਵਿਚ ਘਿਰਣਾ ਯੋਗ ਰਚਨਾ ਹੈ। ਇਸਨੂੰ ਛੇਤੀ ਤੋਂ ਛੇਤੀ ਤਿਆਗ ਦੇਣਾ ਹੀ ਚੰਗਾ ਹੈ। ਮੈਤ੍ਰੀ-ਉਪਨਿਸ਼ਦ ਵਿਚ ਮਨੁੱਖ ਦੇ ਸਰੀਰ ਨੂੰ ਦੁਰਗੰਧ ਭਰਪੂਰ ਹੱਡੀਆਂ, ਚਮੜੀ, ਪੱਠੇ, ਮਿੱਝ, ਗੋਸ਼ਤ, ਬਲਗਮ, ਵੀਰਜ ਲਹੂ, ਮੂਤ੍ਰ ਅਤੇ ਹਵਾ ਆਦਿ ਦਾ ਢੇਰ ਦੱਸਿਆ ਹੈ। ਇਸ ਤਰ੍ਹਾਂ ਸੁਬਾਲਾ ਉਪਨਿਸ਼ਦ ਵਿਚ ਇਸਨੂੰ ਚਰਬੀ ਅਤੇ ਗੋਸ਼ਤ ਵਿਚ ਭਰੇ ਹੋਏ ਲਿਜਲਿਜੇ ਤਰਲ ਅਤੇ ਤੱਰਕੇ ਹੋਏ ਪਦਾਰਥਾਂ ਨਾਲ ਭਰਪੂਰ ਦੱਸਿਆ ਹੈ। ਇਸ ਤਰ੍ਹਾਂ ਦੇ ਕਥਨਾਂ ਨੂੰ ਸਾਹਮਣੇ ਰੱਖਦੇ ਹੋਏ ਆਪਣੇ ਜਾਂ ਦੂਜੇ ਨੂ ਦੇ ਸਰੀਰ ਲਈ ਸਤਿਕਾਰ ਭਾਵਨਾ ਦਾ ਅਭਾਵ ਹੋ ਜਾਣਾ ਸੁਭਾਵਿਕ ਹੀ ਹੈ। ਜਦ ਮਾਨਵ ਦੇਹ ਲਈ ਸਤਿਕਾਰ ਭਾਵਨਾ ਦਾ ਹੀ ਅਭਾਵ ਹੋ ਗਿਆ ਤਾਂ ਸੇਵਾ ਭਾਵਨਾ ਕਿਥੋ ਆਉਣੀ ਹੋਈ? ਗੁਰਮਤਿ ਵਿਚ ਮਨੁੱਖਾ ਦੇਹ ਲਈ ਅਤਿ ਸਤਿਕਾਰ ਦੀ ਭਾਵਨਾ ਪ੍ਰਗਟਾਈ ਗਈ ਹੈ। ਇਹ ਇਸ ਕਰਕੇ ਪਵਿੱਤਰ ਹੈ ਕਿ ਇਸ ਵਿਚ ਸਿਰਜਣਹਾਰ ਦੀ ਜੋਤਿ ਸਥਾਪਿਤ ਹੈ। ਇਸ ਵਿਚ ਗੁਹਜ ਰਤਨ' ਛੁਪੇ

1. ਪਸ਼ੂ ਪਰੇਤ ਮੁਗਧ ਤੇ ਬੁਰੀ
ਤਿਸਹਿ ਨ ਬੂਝੈ ਜਿਨਿ ਏਹ ਸਿਰੀ ।

(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗੁ ਰਾਮਕਲੀ,
ਮਹਲਾ 5, ਪੰਨਾ-890)

ਹੋਏ ਹਨ। ਕੋਈ ਗੁਰਮੁਖ ਗੁਰੂ ਸੇਵਾ ਨਾਲ ਆਪਣੇ ਅੰਦਰੋਂ ਖੋਜ ਕੇ ਲੱਭ ਸਕਦਾ ਹੈ:[1]

ਇਹੁ ਸਰੀਰੁ ਸਭੁ ਧਰਮ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ।।
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ।।
( ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗਉੜੀ,ਮ.5,ਪੰ-309)

ਜਿਹੜੇ ਮਨੁੱਖ ਸਿਰਫ਼ ਪਰਮਾਤਮਾ ਦੀਆਂ ਗੱਲਾਂ ਕਰਦੇ ਹਨ ਅਤੇ ਮਨੁੱਖ ਦੀ ਸੇਵਾ ਦੀ ਗੱਲ ਤੋਂ ਕਿਨਾਰਾਕਸ਼ੀ ਕਰਦੇ ਹਨ, ਉਹ ਮਾਨਵਵਾਦੀ ਮਨੁੱਖ ਨਹੀਂ। ਈਸ਼ਵਰ ਵੀ ਉਹਨਾਂ ਲੋਕਾਂ ਤੇ ਖੁਸ਼ ਹੁੰਦੇ ਹਨ ਜਿਹੜੇ ਦੂਸਰਿਆਂ ਦੇ ਕਲਿਆਣ ਦੀ ਗੱਲ ਕਰਦੇ ਹਨ। ਅਸਲੀ ਭਗਤੀ, ਕ੍ਰਿਆਸ਼ੀਲ ਰੂਪ ਵਿਚ ਮਾਨਵ-ਸੇਵਾ ਹੀ ਹੈ। ਸੇਵਾ ਦਾ ਕੋਈ ਰੂਪ ਹੋਵੇ, ਪ੍ਰਧਾਨਤਾ ਹੱਥੀਂ ਸੇਵਾ ਦੀ ਹੀ ਸਮਝੀ ਜਾਂਦੀ ਹੈ। ਆਪ ਸੇਵਾ ਕਰਨ ਨਾਲ ਮਨ ਵਿਚ ਨਿਮਰਤਾ ਆਉਂਦੀ ਹੈ। ਖੁਸ਼ੀ ਨਾਲ ਕੀਤੀ ਸੇਵਾ ਚੰਗੀ ਹੈ। ਗੁਲਾਮੀ ਅਤੇ ਸੇਵਾ ਅਲੱਗ ਅਲੱਗ ਹਨ। ਨਿਸ਼ਕਾਮ ਭਾਵਨਾ ਨਾਲ ਕੀਤੀ ਸੇਵਾ ਹੀ ਮਾਨਵੀ-ਕਲਿਆਣ ਹਿੱਤ ਸਮਝੀ ਜਾਂਦੀ ਹੈ। ਅਜਿਹਾ ਕਰਕੇ ਹੀ ਮਨੁੱਖ ਵਿਸ਼ਵ ਦ੍ਰਿਸ਼ਟੀਕੋਣ ਦਾ ਧਾਰਨੀ ਬਣ ਸਕਦਾ ਹੈ। ਸੁਆਰਥੀ ਭਾਵਨਾ ਛੱਡ ਕੇ ਪਰਮਾਰਥ ਦੀ ਭਾਵਨਾ ਪਕੜਦੀ ਹੈ। ਨਿੱਜ ਤੋਂ ਵਿਸ਼ਵ ਵਲ ਮੁੜਨ ਨਾਲ ਹੀ ਸੱਚੀ ਸੇਵਾ ਹੁੰਦੀ ਹੈ ਨਹੀਂ ਤਾਂ ਮਨ ਤੇਰ-ਮੇਰ ਦੀਆਂ ਲਹਿਰਾਂ ਵਿਚ ਗੋਤੇ ਖਾਂਦਾ ਰਹਿੰਦਾ ਹੈ। ਗੁਰਵਾਕ ਹੈ: 'ਸੇਵਾ ਕਰਤ ਹੋਇ ਨਿਹਕਾਮੀ, ਤਿਸ ਕਉ ਹੋਤੁ ਪਰਾਪਤਿ ਸੁਆਮੀ(ਪੰ-286) ਮਾਨਵ-ਜਾਤੀ ਦੀ ਨਿਸ਼ਕਾਮ ਸੇਵਾ ਕਰਕੇ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਸੇਵਾ ਕਰਨ ਨਾਲ ਸਾਡੇ ਵਿਚ ਮਾਨਵੀ ਗੁਣ ਆਉਂਦੇ ਹਨ। ਹਉਮੈ ਦੀਆਂ ਰੁਚੀਆਂ ਨੂੰ ਖਤਮ ਕਰਨ ਲਈ ਸੇਵਾ ਇਕ ਪ੍ਰਕਾਰ ਦੀ ਗੋਡੀ ਹੈ। ਸੇਵਾ ਮਾਨਵਵਾਦੀ ਜੀਵਨ ਦੀ ਸੰਚਾਲਕ ਸ਼ਕਤੀ ਹੈ। ਸੁਆਰਥ ਪਰ ਤੋਂ ਨਿੱਜ ਵੱਲ ਦੀ ਯਾਤਰਾ ਹੈ। ਪਰਮਾਰਥ ਨਿੱਜ ਤੋਂ ਪਰ ਵੱਲ ਦੀ ਯਾਤਰਾ ਹੈ। ਸੇਵਾ ਰਾਹੀਂ ਮਨੁੱਖ ਪਰਮਾਰਥ-ਮਾਰਗ ਦਾ ਪਾਂਧੀ ਬਣਦਾ ਹੈ। ਸਾਰੀ ਕਾਇਨਾਤ ਵਿਚੋਂ ਮਨੁੱਖ ਦਾ ਸਭ ਤੋਂ ਨੇੜੇ ਦਾ ਸੰਬੰਧ ਮਨੁੱਖ ਨਾਲ ਹੈ, ਮਾਨਵਤਾ ਨਾਲ ਹੈ। ਮਾਨਵਤਾ ਦੀ ਸੇਵਾ ਕਈ ਤਰੀਕਿਆਂ ਨਾਲ ਕੀਤੀ

---

1. ਡਾ. ਸੁਰਜੀਤ ਸਿੰਘ,"ਗੁਰਮਤ ਵਿਚ ਸੇਵਾ:ਪਰੰਪਰਾ,ਆਧਾਰ ਵਿਧਾਨ ਤੇ ਪ੍ਰਾਪਤੀ" ਨਾਨਕ ਪ੍ਰਕਾਸ਼ ਪਤ੍ਰਿਕਾ,ਸੇਵਾ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ,ਪਟਿਆਲਾ ਦਸੰਬਰ 1984, ਪੰਨਾ-109

ਜਾ ਸਕਦੀ ਹੈ। ਤਨ, ਮਨ, ਧਨ ਨਾਲ ਸੇਵਾ। ਵਿਚਾਰਾਂ ਨਾਲ ਸੇਵਾ: ਮਾਨਵਜਾਤੀ ਪ੍ਰਤੀ ਬਹੁਤ ਮਹੱਤਵਪੂਰਨ ਸੇਵਾ ਹੈ- ਭਾਵੁਕ ਤੌਰ ਤੇ ਸਭ ਨੂੰ ਬਰਾਬਰ ਸਮਝਣਾ, ਏਕੇ ਦੀ ਭਾਵਨਾ ਪੈਦਾ ਕਰਨੀ। ਸਾਰੀ ਮਨੁੱਖਤਾ ਆਪਣੀ ਹੈ। ਮਾਨਸਿਕ ਸੇਵਾ- ਮਨ ਨੂੰ ਉਚਾ ਕਰਕੇ ਸਭ ਨੂੰ ਬਰਾਬਰ ਸਮਝਣ ਦੀ ਸੇਵਾ ,ਵਿਚਾਰਧਾਰਕ ਆਧਾਰ ਤੇ ਸਭ ਤੋ ਵੱਡੀ ਸੇਵਾ ਹੈ। ਮਾਨਵ-ਜਾਤੀ ਦੀ ਸੇਵਾ ਖੁਸ਼ੀ ਨਾਲ, ਸੱਚੀ ਸੇਵਾ ਕਰਨੀ ਹੈ: "ਛੱਟਾ ਵਟੀ ਜੋ ਭਰੇ ਨ ਘੁਟ ਨ ਉਫਾਰੁ।ਸੇਤੀ ਖੁਸੀ ਸਵਾਰੀਐ ਨਾਨਕ ਕਾਰਜ ਸਾਰ।"( ਪੰਨਾ-787) ਗੁਰਬਾਣੀ ਅਨੁਸਾਰ: ਸੇਵਾ ਨਿਮਰਤਾ ਨਾਲ, ਖੁਸ਼ੀ ਨਾਲ ਕਰਨੀ ਹੈ, ਖੁਸ਼ੀਬਤ ਸਮਝ ਕੇ ਨਹੀ। ਸੇਵਾ ਅਧਿਆਤਮਿਕਤਾ ਅਤੇ ਮਾਨਵਤਾ ਦੀ ਸਰਬ-ਉਚ ਪ੍ਰਾਪਤੀ ਹੈ। ਸੇਵਾ ਨਾਲ ਮਨ ਵਿਚ ਨਿਮਰ ਭਾਵ ਆਉਂਦੇ ਹਨ। ਨਾਨਕ-ਬਾਣੀ ਅਨੁਸਾਰ: "ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ।।"(ਵਾਰ ਆਸਾ ਮਹਲਾ ੧,ਪੰਨਾ-470) ਨਾਨਕ ਫਲਸਫੇ ਵਿਚ ਨੈਤਿਕ ਆਚਾਰ-ਵਿਹਾਰ ਉਪਰ ਜਿਨਾ ਜੋਰ ਦਿੱਤਾ ਗਿਆ ਹੈ ਉਤਨਾ ਸ੍ਰਿਸ਼ਟੀ ਦੀ ਬਣਤਰ ਅਤੇ ਆਤਮਾ ਦੇ ਸਰੂਪ ਉਪਰ ਨਹੀਂ ਦਿੱਤਾ ਗਿਆ।[1]

ਵਿਚਾਰਾਂ ਦੇ ਆਧਾਰ ਤੇ, ਮਨੁੱਖ ਜਾਤੀ ਨੂੰ ਪ੍ਰਾਣੀ-ਮਾਤਰ ਨੂੰ, ਬਰਾਬਰ ਸਮਝਣਾ, ਇਹ ਮਨੁੱਖ ਜਾਤੀ ਪ੍ਰਤੀ ਮਹਾਨ, ਮਹੱਤਵਪੂਰਨ ਸੇਵਾ ਹੈ। ਇਸ ਦੁਨੀਆਂ ਵਿਚ ਹੋਰ ਕੋਈ ਜਾਤ ਨਹੀਂ। ਮਨੁੱਖ ਦੀ ਸਿਰਫ਼ ਇਕੋ ਇਕ ਜਾਤ ਹੈ ਮਾਨਵਤਾ ਮਨੁੱਖਤਾ। ਗੁਰੂ ਨਾਨਕ ਮਨੁੱਖੀ ਸਮਾਨਤਾ ਦੇ ਪੋਰਜ਼ੋਰ ਹਮਾਇਤੀ ਸਨ। ਇਸ ਲਈ ਕਿਸੇ ਜਾਤ-ਪਾਤ, ਵਿਸ਼ਵਾਸ, ਪੂਜਾ-ਢੰਗ, ਧਰਮ ਦੇ ਆਧਾਰ ਤੇ ਕਿਸੇ ਨਾਲ ਕਿਸੇ ਕਿਸਮ ਦਾ ਵਿਤਕਰਾ ਨਹੀਂ ਕਰਨਾ। ਸ੍ਰੀ ਰਾਗ ਵਿਚ ਗੁਰੂ ਨਾਨਕ ਨੇ ਕਿਹਾ ਹੈ:

ਸਭ ਕੋ ਊਚਾ ਆਖੀਐ ਨੀਚ ਨ ਦੀਸੈ ਕੋਇ ।।
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ।।

---

1. "In the teaching of Nanak,morality holds a very high place,few of India,even of the world,religions have laid down a more exalted moral code than is to be formed in the pages of the Granth.Purity of life is set forth as the highest object of human endeavour."

(ਡਾ.ਸੀਤਾ ਰਾਮ ਬਾਹਰੀ,"ਨਾਨਕ ਫਲਸਫੇ ਦਾ ਸਾਧਨਾ ਪੱਖ",ਗੁਰਮਤਿ ਸਾਹਿਤ, ਭਾਸ਼ਾ ਵਿਭਾਗ,ਪੰਜਾਬ,ਪਟਿਆਲਾ, 1970,ਪੰਨਾ-268)

ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ।।

(ਸ੍ਰੀ ਰਾਗ,ਮਹਲਾ ੧, ਪੰਨਾ-62)

ਮਨੁੱਖ ਦੀ ਇਹ ਕਮਜ਼ੋਰੀ ਹੈ ਕਿ ਉਹ ਕਿਸੇ ਦੂਸਰੇ ਪ੍ਰਾਣੀ ਨੂੰ ਆਪਣੇ ਬਰਾਬਰ ਨਹੀਂ ਸਮਝਦਾ। ਇਹ ਆਪਣੇ ਆਪ ਵਿਚ ਗੈਰ-ਸਦਾਚਾਰਕ ਕਰਮ ਹੈ। ਲੇਕਿਨ ਗੁਰਮਤਿ ਅਨੁਸਾਰ:- 'ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।।(ਰਾਗ ਮਾਝ,ਮਹਲਾ 5,ਪੰਨਾ-97) ਸਭ ਭਾਈ ਭਾਈ ਹਨ। ਚੰਗੇ ਵਿਚਾਰਾਂ ਦਾ ਪ੍ਰਚਾਰ ਕਰਕੇ, ਮਾਨਵਤਾ ਦੀ ਸੱਚੀ ਸੇਵਾ ਕਰਨੀ ਹੈ। ਗੁਰੂ ਨਾਨਕ ਦੀ ਇਸ ਖੇਤਰ ਵਿਚ ਦੇਣ ਤੇ ਟਿੱਪਣੀ ਕਰਦਿਆਂ ਹੋਇਆਂ, ਇਸ ਪ੍ਰਸੰਗ ਵਿਚ ਡਾ. ਗੋਕਲ ਚੰਦ ਨਾਰੰਗ ਇਸ ਪ੍ਰਕਾਰ ਲਿਖਦਾ ਹੈ: --"ਮਨੁੱਖ ਭਾਈ ਭਾਈ ਹਨ ਅਤੇ ਉਨ੍ਹਾਂ ਨੂੰ ਲਾਜ਼ਮੀ ਤੌਰ ਤੇ ਭਰਾਵਾਂ ਸਮਾਨ ਰਹਿਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਕ੍ਰਿਆਵਾਂ ਨਿਆਂ ਅਤੇ ਪ੍ਰੇਮ ਤੇ ਪ੍ਰੇਰਿਤ ਹੋਣੀਆਂ ਚਾਹੀਦੀਆਂ ਹਨ।"[1]

ਨਿਮਰਤਾ, ਦਇਆ, ਖਿਮਾ, ਨਿਡਰਤਾ, ਸਹਿਨਸ਼ੀਲਤਾ, ਨਿਰਵੈਰਤਾ ਆਦਿ ਗੁਣ ਗੁਰਮੁਖ ਵਿਚ ਵਿਦਮਾਨ ਹੁੰਦੇ ਹਨ। ਗੁਰਮੁਖ ਦੀ ਮਾਨਵਵਾਦੀ ਹੁੰਦਾ ਹੈ। ਮਨਮੁਖ ਅਮਾਨਵਵਾਦੀ ਹੈ। ਉਹ ਮਨ ਦੇ ਆਖੇ ਹੀ ਸਭ ਕੁਝ ਕਰਦਾ ਹੈ। ਜਿਵੇਂ ਮਨ ਤਰੰਗ ਉਠਦੀ ਹੈ, ਉਸੇ ਤਰ੍ਹਾਂ ਕਰਨ ਲਗ ਪੈਂਦਾ ਹੈ। ਗੁਰੂ ਆਗਿਆ ਜਾਂ ਸਮਾਜ ਦੇ ਨੈਤਿਕ ਵਿਧਾਨ ਦੀ ਵੀ ਪ੍ਰਵਾਹ ਨਹੀਂ ਕਰਦਾ। ਡਾ. ਰਤਨ ਸਿੰਘ ਜੱਗੀ ਅਨੁਸਾਰ "ਜੋ ਮਨੁੱਖ ਅੰਧਕਾਰਪੂਰਨ ਮਨ ਦਾ ਸਹਾਰਾ ਲੈ ਕੇ ਸੰਸਾਰਿਕਤਾ ਨੂੰ ਹੀ ਸਭ ਕੁਝ ਸਮਝ ਬਹਿੰਦਾ ਹੈ ਅਤੇ ਪਰਮਾਰਥਿਕ ਆਨੰਦ ਵਲ ਧਿਆਨ ਨਹੀਂ ਦਿੰਦਾ, ਉਹ ਗੁਰੂ ਨਾਨਕ ਦੀ ਭਾਸ਼ਾ ਵਿਚ ਮਨਮੁਖ ਹੈ।"[2] ਅਜਿਹਾ ਮਨੁੱਖ ਮਾਨਵੀ ਮੁੱਲਾਂ ਤੋਂ ਅਗਿਆਤ ਹੁੰਦਾ ਹੈ। ਗੁਰੂ ਨਾਨਕ ਅਨੁਸਾਰ ਅਨੈਤਿਕ ਮਨੁੱਖ ਨੂੰ ਝੂਠ, ਕਪਟ, ਪਾਖੰਡ ਚੰਗੇ ਲਗਦੇ ਹਨ।[3]

---

1. ਡਾ. ਗੋਕਲ ਚੰਦ ਨਾਰੰਗ, *ਸਿੱਖ ਮਤ ਦਾ ਪਰਿਵਰਤਨ,* ਪੰਨਾ -25
2. ਡਾ. ਰਤਨ ਸਿੰਘ ਜੱਗੀ, *ਗੁਰੂ ਨਾਨਕ ਦੀ ਵਿਚਾਰਧਾਰਾ*, ਪੰਨਾ-215
3. ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ।।
   ਮਨਮੁਖ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ।।
   (ਆਸਾ ਅਸ਼ਟਪਦੀਆਂ, ਮਹਲਾ ੧,ਪੰਨਾ-419)

ਅਜਿਹਾ ਮਨੁੱਖ ਝੂਠ ਦੀ ਪੂੰਜੀ ਨਾਲ ਹੀ ਵਪਾਰ ਕਰਦਾ ਹੈ, ਉਹ ਅਮਾਨਵੀ ਕਰਮ ਕਰਦਾ ਹੈ।[1]

ਸਾਧ-ਸੰਗਤ, ਮਨੁੱਖ ਦੀ ਆਤਮਕ ਉਨਤੀ ਦੇ ਨਾਲ ਨਾਲ ਜੀਵਨ ਦੀ ਸਦਾਚਾਰਕ ਉਨਤੀ ਲਈ ਜ਼ਰੂਰੀ ਹੈ। ਸ੍ਰੇਸ਼ਟ ਹੈ, ਲੋੜੀਦੀ ਹੈ। ਮਾਨਵਵਾਦੀ ਮਾਰਗ ਦੀ ਰਾਹ-ਦਰਸਾਊ ਹੈ। ਭਲੇ ਪੁਰਸ਼ਾਂ ਦੀ ਸੰਗਤ ਵਿਚ ਰਹਿ ਕੇ ਹੀ ਮਨੁੱਖ ਸਦਾਚਾਰ ਗ੍ਰਹਿਣ ਕਰ ਸਕਦਾ ਹੈ। ਸਾਧ-ਸੰਗਤ ਦੇ ਸੰਕਲਪ ਦਾ ਮਨੁੱਖ ਦੇ ਸਦਾਚਾਰੀ ਜੀਵਨ ਵਿਚ ਬਹੁਤ ਮਹੱਤਵ ਹੈ। ਭਲੇ ਪੁਰਸ਼ ਸਦਾਚਾਰਕ ਮਾਰਗ ਦਰਸ਼ਨ ਕਰਦੇ ਹਨ।[2] ਸਾਧ ਸੰਗਤ ਦੇ ਪ੍ਰਭਾਵ ਸਦਕਾ ਸਦਾਚਾਰਕ ਵਿਹਾਰ ਵਲ ਹੁੰਦੇ ਪਰਿਵਰਤਨ ਦੀ ਪ੍ਰੋੜਤਾ ਗੁਰਬਾਣੀ ਦੀਆਂ ਇਹਨਾਂ ਤੁਕਾਂ ਵਿਚ ਕੀਤੀ ਗਈ ਹੈ:

(ੳ) ਊਤਮ ਸੰਗਤਿ ਊਤਮੁ ਹੋਵੈ।। ਗੁਣ ਕਉ ਧਾਵੈ ਅਵਗੁਣ ਧੋਵੈ ।।

(ਆਸਾ ਮਹਲਾ ੧, ਅਸ਼ਟਪਦੀਆਂ, ਪੰਨਾ-414)

(ਅ) ਸਤਿ ਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ।
ਗੁਰ ਪਰਸਾਦੀ ਘਟਿ ਚਾਨਣਾ ਆਨੇਰੁ ਗਵਾਇਆ ।
ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ ।

(ਸਾਰੰਗ, ਮਹਲਾ ੧, ਪੰਨਾ-1245)

(ੲ) ਮਿਲਿ ਸੰਤ ਸਭਾ ਮਨ ਮਾਂਜੀਐ, ਭਾਈ ਹਰਿ ਕੈ ਨਾਮ-ਨਿਵਾਸੁ
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸ ।।

(ਸੋਰਠਿ, ਮਹਲਾ ੧)

ਨਾਨਕ ਬਾਣੀ ਵਿਚ ਸਾਧ-ਸੰਗਤ ਅਥਵਾ ਸਤਿ-ਸੰਗਤ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। ਸਤਿ ਸੰਗਤ ਸਮਾਜਿਕ ਜੀਵਨ ਨੂੰ ਸੁਖਾਵਾਂ, ਮਨ ਨੂੰ ਸ਼ਾਂਤ ਅਤੇ

---

1. ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ।

(ਸਿਰੀ ਰਾਗ, ਅਸ਼ਟਪਦੀਆਂ, ਮਹਲਾ ੧, ਪੰਨਾ-61)

2. "InAdi Granth there is a great emphasis on the Society of the God. The society of the Good is known as Sadh Sangat. In this compay of Saints the mind of the individual becomes pure."

(Dr.Surinder Singh Kohli, A Critical study of Adi Granth, P.296)

ਆਚਰਨ ਨੂੰ ਉਚਾ-ਸੁੱਚਾ ਬਣਾਉਂਦੀ ਹੈ। ਸਦਾਚਾਰ ਦਾ ਆਚਰਨ ਨਾਲ ਸਿੱਧਾ ਸੰਬੰਧ ਹੈ। ਆਚਰਨ ਦਾ ਸਮਾਜ ਨਾਲ ਸਿੱਧਾ ਸੰਬੰਧ ਹੈ। ਚਰਿਤਰ ਉਸਾਰੀ ਲਈ ਸੰਤਾਂ ਦੀ ਸੰਗਤ, ਸਦਾਚਾਰੀ ਵਿਅਕਤੀਆਂ ਦੀ ਸੰਗਤ ਜ਼ਰੂਰੀ ਹੈ, ਲਾਜ਼ਮੀ ਹੈ ਕਿਉਂਕਿ ਸਦਾਚਾਰੀ ਵਿਅਕਤੀਆਂ ਦੇ ਵਿਚਾਰਾਂ ਨੂੰ ਗ੍ਰਹਿਣ ਕਰਨ ਉਪਰੰਤ ਵਿਅਕਤੀ ਸੱਚ ਦੇ ਮਾਰਗ ਉਤੇ ਚਲ ਕੇ ਕੁਰਾਹੇ ਪੈਣ ਅਤੇ ਭਟਕਣ ਤੋਂ ਬਚ ਜਾਂਦਾ ਹੈ। ਸਾਧ-ਸੰਗਤ ਵਿਚ ਬੈਠ ਕੇ ਮਨੁੱਖ ਸਦਾਚਾਰੀ, ਮਾਨਵਵਾਦੀ ਗੁਣ ਗ੍ਰਹਿਣ ਕਰਦਾ ਹੈ। ਇਸ ਪ੍ਰਸੰਗ ਵਿਚ ਡਾ. ਮਨਸੁਖਾਨੀ ਦੇ ਵਿਚਾਰ ਵਰਣਨਯੋਗ ਹਨ:

> By joining the congregational prayers and contacts with saints, the devotee gets divine knowledge. The inspiration given by Good people leads to the development of spiritual personality. The holy people preach purity through personal knowledge and kindle the heart with universal love. They warn the people of the Five great vices. Psychologically, association of holy men acts as a deterrent against evil thoughts and evel deeds." 1

ਸਾਧ-ਸੰਗਤ ਮਨੁੱਖ ਨੂੰ ਸਦਾਚਾਰ, ਸਤਿ ਅਤੇ ਨੇਕੀ ਸਿਖਾਉਂਦੀ ਹੈ। ਚੰਗਾ ਧਰਮ ਅਤੇ ਚੰਗਾ ਸਦਾਚਾਰ ਅਮਲੀ ਤੌਰ ਤੇ ਇਕ ਦੂਜੇ ਨਾਲ ਜੁੜੇ ਹੋਏ ਹਨ। ਸਦਾਚਾਰ ਲਈ ਧਰਮ ਉਹੀ ਕੁਝ ਹੈ ਜੋ ਧਰਤੀ ਵਿਚ ਬੀਜੇ ਬੀਜ ਲਈ ਪਾਣੀ ਹੈ। ਮਨੁੱਖ ਦੀਆਂ ਸਭ ਸੁਆਰਥੀ ਇੱਛਾਵਾਂ ਸਦਾਚਾਰ ਦੇ ਵਿਰੁੱਧ ਹਨ, ਲੇਕਿਨ ਦੂਸਰਿਆਂ ਦਾ ਭਲਾ ਕਰਨ ਲਈ ਆਪਣੇ ਆਪ ਨੂੰ ਵਧੇਰੇ ਚੰਗਾ ਬਣਾਉਣ ਦੀ ਇੱਛਾ ਸਮੁੱਚੇ ਹੀ ਸਦਾਚਾਰ ਹੈ। ਸਭ ਤੋਂ ਉਚਾ ਸਦਾਚਾਰ ਨਿਯਮ, ਮਾਨਵਵਾਦੀ ਨਿਯਮ ਇਹ ਹੈ ਕਿ ਮਨੁੱਖ ਇਕ ਰਸ ਮਨੁੱਖਤਾ ਦੇ ਭਲੇ ਲਈ ਕੰਮ ਕਰੇ।

ਮਾਨਵਵਾਦੀ ਚਿੰਤਨ ਜਿਸ ਵਿਸ਼ਾਲ ਵਿਸ਼ਵ ਨੂੰ ਧਿਆਨ ਦਾ ਪਾਤਰ ਬਣਾਉਂਦਾ

---

1. Dr.Gobind Singh Mansukhani, Introduction to Sikhism, P-87

ਹੈ, ਉਸਦੀ ਵਿਸ਼ਾਲਤਾ, ਜੇਕਰ ਮਨੁੱਖੀ ਮਨੋਤਾਂ ਨੂੰ ਵੀ ਛੂਹ ਜਾਵੇ ਤਾਂ ਨਾ ਕੇਵਲ ਆਦਰਸ਼ਕ ਸਮਾਜ ਤੇ ਸਰਬ-ਵਿਆਪੀ ਪ੍ਰਸੰਨਤਾ ਦਾ ਸੁਪਨਾ ਸਾਕਾਰ ਹੋ ਸਕਦਾ ਹੈ, ਸਗੋਂ ਸਦਾਚਾਰਕ ਪ੍ਰਗਤੀ ( Moral Progress ) ਦੀ ਗਤੀ ਹੋਰ ਤਿਖੇਰੀ ਹੋ ਸਕਦੀ ਹੈ ਅਤੇ ਮਾਨਵੀ ਭ੍ਰਾਤ੍ਰੀਵੱਤ ਕੀਮਤਾਂ ਨੂੰ ਕਾਇਮ ਰੱਖ ਸਕਦੀ ਹੈ।

**(ੲ) <u>ਗੁਰੂ ਨਾਨਕ ਬਾਣੀ ਰਾਹੀਂ ਵਿਸ਼ਵ-ਧਰਮ ਦੀ ਸਥਾਪਨਾ:</u>**

ਨਾਨਕ-ਬਾਣੀ ਵਿਚ ਆਤਮ-ਵਿਕਾਸ ਦੀ ਜਿਹੜੀ ਸਿੱਖਿਆ ਮਿਲਦੀ ਹੈ ਉਹ ਵਿਅਕਤੀ ਨੂੰ ਵਿਸ਼ਵ-ਵਿਅਕਤੀ ਦੀ ਦ੍ਰਿਸ਼ਟੀ ਪ੍ਰਾਪਤ ਕਰਨ ਵਿਚ ਸਹਾਇਕ ਹੁੰਦੀ ਹੈ, ਜਿਹੜੀ ਮਨੁੱਖ ਨੂੰ ਤੰਗ ਬੰਧਨਾਂ ਤੋਂ ਮੁਕਤ ਕਰਦੀ ਹੈ ਅਤੇ ਵਿਸ਼ਵ-ਧਰਮ 'ਮਾਨਵਵਾਦ' ਦੀ ਸਥਾਪਤੀ ਵਿਚ ਸਹਾਇਕ ਹੁੰਦੀ ਹੈ। ਨਾਨਕ-ਬਾਣੀ ਵਿਚ ਸਦਾਚਾਰਕ ਆਧਾਰ ਤੇ ਮਨੁੱਖ ਨੂੰ ਸਰਬੱਤ ਦਾ ਭਲਾ ਕਰਨ ਲਈ ਪ੍ਰੇਰਿਆ ਗਿਆ ਹੈ। ਸੱਚੀ ਮਨੁੱਖ-ਹਿਤੈਸ਼ੀ ਭਾਵਨਾ ਰੱਖਣ ਲਈ ਕਿਹਾ, ਜਿਸਦੇ ਆਧਾਰ ਤੇ ਨਵਾਂ ਨਰੋਆ ਸਰਬਪੱਖੀ ਮਨੁੱਖਾ ਸਭਿਆਚਾਰ ਉਸਾਰਿਆ ਜਾ ਸਕਦਾ ਹੈ। ਗੁਰੂ ਨਾਨਕ ਨੇ ਮਾਨਵ-ਕਲਿਆਣ ਦੀ ਭਾਵਨਾ ਨੂੰ ਸਰਬ-ਉਚ ਦਰਜਾ ਦਿੱਤਾ ਹੈ। ਜਿਹੜੇ ਲੋਕ ਅਗਿਆਨਤਾ ਦੇ ਚਿੱਕੜ ਵਿਚ ਫਸੇ ਹੋਏ ਸਨ ਉਹਨਾਂ ਨੂੰ ਗਿਆਨ ਦੇ ਕੇ ਬਾਹਰ ਕੱਢਿਆ ਅਤੇ ਸਵੈ-ਵਿਸ਼ਵਾਸ ਦੀ ਭਾਵਨਾ ਜਗਾਈ। ਉਹਨਾਂ ਲੋਕਾਂ ਨੂੰ ਜਾਗ੍ਰਿਤ ਕੀਤਾ ਜਿਹਨਾਂ ਵਿਚ ਆਤਮ-ਸਨਮਾਨ ਦੀ ਭਾਵਨਾ ਖਤਮ ਹੋ ਚੁਕੀ ਸੀ:

ਜੇ ਜੀਵੈ ਪਤ ਲਥੀ ਜਾਇ।ਸਭੁ ਹਰਾਮੁ ਜੇਤਾ ਕਿਛੁ ਖਾਇ ।
( ਮਹਲਾ ੧, ਪੰਨਾ-142)

ਬੇਪੱਤੇ ਮਨੁੱਖ ਨੂੰ ਵੰਗਾਰ ਦਿੱਤੀ:

ਜਿਨ ਜੀਵੰਦਿਆਂ ਪਤਿ ਨਹੀਂ ਮੁਇਆਂ ਮੰਦੀ ਸੋਇ
ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ ।
( ਮਹਲਾ ੧, ਪੰਨਾ-1242)

ਕਹਿਣ ਦਾ ਭਾਵ ਇਹ ਹੈ ਕਿ: ਗੁਰੂ ਨਾਨਕ ਨੇ ਮਨੁੱਖ ਨੂੰ ਉਸਦੇ ਨਿੱਜੀ ਮਾਨਸਿਕ ਗਿਰਾਵਟ ਵਾਲੇ ਪੱਧਰ ਤੋਂ ਉਪਰ ਚੁੱਕ ਕੇ, ਉਸ ਵਿਚ ਸਵੈ-ਵਿਸ਼ਵਾਸ ਦੀ ਭਾਵਨਾ ਪੈਦਾ ਕਰਕੇ, ਉਸ ਵਿਚ ਸਦਾਚਾਰਕ ਗੁਣ ਪੈਦਾ ਕਰਕੇ, ਉਸਨੂੰ ਵਿਸ਼ਵ -

ਭਾਈਚਾਰੇ ਨਾਲ ਜੋੜਿਆ। ਨਾਨਕ ਬਾਣੀ ਨਾਲ ਵਿਸ਼ਵ-ਭਾਈਚਾਰੇ, ਵਿਸ਼ਵ-ਧਰਮ ਦੀ ਸਥਾਪਨਾ ਹੁੰਦੀ ਦਿਖਾਈ ਦਿੰਦੀ ਹੈ। ਮਨੁੱਖ ਦੀ ਸਖਸ਼ੀ-ਉਨਤੀ ਆਪਣੇ ਆਪ ਵਿਚ ਅਧੂਰੀ ਹੈ, ਜਦ ਤਕ ਕਿ ਇਹ ਸਮੁੱਚੀ ਮਨੁੱਖਤਾ ਨੂੰ ਕਲਾਵੇ ਵਿਚ ਨਹੀਂ ਲੈ ਲੈਂਦੀ। ਇਸ ਸੰਬੰਧ ਵਿਚ ਡਾ. ਵਜ਼ੀਰ ਸਿੰਘ ਇਸ ਤਰ੍ਹਾਂ ਲਿਖਦੇ ਹਨ:

> ਵਿਅਕਤੀਗਤ ਜੀਵਨ ਦੀ ਕਦਰ-ਕੀਮਤ ਨੈਤਿਕ ਉਨਤੀ ਲਈ ਮੌਲਿਕ ਅਨਿਵਾਰੀ ਤੱਥ ਹੈ, ਪਰ ਇਸਨੂੰ ਮਾਨਵਵਾਦੀ ਭਾਵਨਾ ਨਾਲੋਂ ਨਿਖੇੜ ਕੇ ਕਿਸੇ ਸਦਾਚਾਰਕ ਪ੍ਰਾਪਤੀ ਦੀ ਆਸ ਨਹੀਂ ਹੋ ਸਕਦੀ। ਮਨੁੱਖ ਕੀ ਹੈ? ਉਸਦੇ ਨਿਜੱਤਵ ਦਾ ਕੀ ਮੁੱਲ ਹੈ? ਇਸਦਾ ਵਧੇਰੇ ਤਸੱਲੀਬਖਸ਼ ਉੱਤਰ ਸਮੁੱਚੀ ਮਨੁੱਖ ਜਾਤੀ ਨੂੰ ਕਲਾਵੇ ਵਿਚ ਲੈਣ ਵਾਲੇ ਸਿਧਾਂਤ ਵਿਚੋਂ ਮਿਲੇਗਾ, ਨਾ ਕਿ ਕਿਸੇ ਇਕ ਧਰਮ ਦੀ ਕਟੜਤਾ ਵਿਚੋਂ, ਜਾਂ ਜਗਤ ਵਲੋਂ ਉਪਰਾਮਤਾ ਦੇ ਸਬਕ ਵਿਚੋਂ। ਮਾਨਵਵਾਦ ਨੂੰ ਕੇਵਲ ਜਜ਼ਬਾਤੀ ਪੱਧਰ ਉਤੇ ਅਪਨਾ ਕੇ ਗੁੰਝਲ ਹੱਲ ਨਹੀਂ ਹੋ ਜਾਂਦੀ; ਇਸਦੇ ਸੰਕਲਪਿਕ ਢਾਂਚੇ ਦੀ ਆਲੋਚਕ ਦ੍ਰਿਸ਼ਟੀ ਤੋਂ ਜਾਂਚ ਪੜਤਾਲ ਅਤੇ ਨਿੱਤ-ਬਦਲਦੀ ਕੌਮਾਂਤਰੀ ਸਥਿਤੀ ਦੀ ਸਮਝ-ਸੂਝ ਮਾਨਵਵਾਦੀ ਜੀਵਨ-ਜਾਚ ਦੀਆਂ ਬੁਨਿਆਦੀ ਸ਼ਰਤਾਂ ਹਨ। ਵਰਤਮਾਨ ਯੁੱਗ ਦਾ ਵਿਅਕਤੀ ਸਮੁੱਚੀ ਮਨੁੱਖਤਾ ਦੀਆਂ ਪ੍ਰਾਪਤੀਆਂ ਦਾ ਵਾਰਸ ਹੈ; ਇਸੇ ਵਿਰਸੇ ਨੂੰ ਵਧੇਰੇ ਅਮੀਰ ਤੇ ਪ੍ਰਫੁਲਿਤ ਕਰ ਕੇ ਨਵੀਂ ਪੁਸ਼ਤ ਨੂੰ ਸੌਂਪ ਜਾਣਾ ਅਜਿਹਾ ਨੈਤਿਕ ਕਰਤੱਵ ਹੈ, ਜਿਸ ਤੋਂ ਬਿਨਾ ਸਦਾਚਾਰਕ ਪ੍ਰਤੀਤੀ ਦੀ ਨਾ ਚਿਤਵਨਾ, ਨਾ ਵਿਆਖਿਆ ਸੰਭਵ ਜਾਪਦੀ ਹੈ।[1]

ਇਸੇ ਸੰਦਰਭ ਵਿਚ ਡਾ. ਪ੍ਰੇਮ ਪ੍ਰਕਾਸ਼ ਸਿੰਘ ਇਸ ਤਰ੍ਹਾਂ ਲਿਖਦੇ ਹਨ:

> ਨਿਰਗੁਣ [illegible] ਕਵੀਆਂ ਨੇ ਜਿਥੇ ਮਨੁੱਖ ਦੇ ਨਿੱਜੀ ਆਪੇ ਨੂੰ

---

1. ਡਾ. ਵਜ਼ੀਰ ਸਿੰਘ, ਨੈਤਿਕ [illegible] ਨਿਯਮ, ਪੰਨਾ-98

> ਦ੍ਰਿਸ਼ਟੀਗੋਚਰ ਰਖਕੇ ਨੈਤਿਕ ਫਰਜ਼ਾਂ ਨੂੰ ਪ੍ਰਗਟਾਇਆ ਹੈ
> ਉਥੇ ਮਨੁੱਖ ਨੂੰ ਸਮਾਜਿਕ ਭਾਈਚਾਰੇ ਦੇ ਪ੍ਰਸੰਗ ਵਿਚ ਵਾਚ
> ਕੇ ਉਸਦੇ। ਨਿਮਿਤ ਆਚਾਰ-ਸੂਤ੍ਰ ਪੇਸ਼ ਕੀਤੇ ਹਨ। ਸਹੀ ਗੱਲ
> ਤਾਂ ਇਹ ਹੈ ਕਿ ਗੁਰੂ ਨਾਨਕ ਮਨੁੱਖ ਨੂੰ ਕੇਂਦਰ ਮੰਨ ਕੇ
> ਆਪਣੇ ਸਗਲ ਅਧਿਆਤਮਵਾਦ ਤੇ ਆਚਾਰ -ਪ੍ਰਣਾਲੀ
> ਦਾ ਪ੍ਰਗਟੀਕਰਣ ਕਰਦੇ ਹਨ। ਉਹਨਾਂ ਦੇ ਯੁੱਗ ਦੀ ਮੰਗ ਹੀ
> ਇਹ ਸੀ ਕਿ ਮਨੁੱਖੀ ਕੀਮਤਾਂ ਦਾ ਨਵੇਂ ਸਿਰੇ ਤੋਂ
> ਮੁਲਿਆਂਕਨ ਕੀਤਾ ਜਾਵੇ। ਯੁੱਗ ਦੀ ਇਸ ਮੰਗ ਨੂੰ ਗੁਰੂ ਨੇ
> ਭਲੀ ਪ੍ਰਕਾਰ ਪਛਾਣਿਆ ਅਤੇ ਆਪਣੀ ਸੋਚਣੀ, ਤਕਣੀ
> ਤੇ ਕਥਨੀ ਵਿਚ ਇਨ੍ਹਾਂ ਤਰਜੀਹਿਆਂ ਨੂੰ ਸਾਕਾਰ ਕੀਤਾ।
> ਇਸ ਲਈ ਗੁਰੂ ਨਾਨਕ ਤੇ ਉਹਨਾਂ ਦੇ ਪਰਵਰਤੀ ਨਿਰਗੁਣ
> ਕਵੀਆਂ ਦੀ ਕਾਵਿ-ਬਾਣੀ ਵਿਚ ਆਚਾਰ-ਪੱਖ ਦਾ ਪ੍ਰਮੁੱਖ
> ਨਿਸ਼ਾਨਾ ਮਨੁੱਖ ਤੇ ਮਨੁੱਖਤਾ ਦੀ ਪ੍ਰਤਿਸ਼ਠਾ ਹੈ। ਉਨ੍ਹਾਂ ਦੇ
> ਆਚਾਰ ਦਾ ਆਰੰਭ ਹੀ ਮਨੁੱਖੀ ਏਕਤਾ, ਬਰਾਬਰੀ,
> ਭ੍ਰਾਤਰੀਭਾਵ, ਵਿਸ਼ਵ-ਕੁਟੰਬ ਅਤੇ ਇਨਸਾਨੀ ਭਾਈਚਾਰੇ
> ਦੇ ਸਿਧਾਂਤ ਤੋਂ ਹੁੰਦਾ ਹੈ। ਇਸ ਭਾਵ ਦੇ ਮਹਾਨ ਬੋਲ(ਬਚਨ)
> ਉਨ੍ਹਾਂ ਦੀਆਂ ਰਚਨਾਵਾਂ ਵਿਚ ਬੜੇ ਜ਼ੋਰ ਨਾਲ ਗੂੰਜੇ ਹਨ।[1]

ਨਾਨਕ-ਬਾਣੀ ਵਿਚ ਵਿਅਕਤੀਗਤ ਜੀਵਨ ਵਿਚ ਉਨਤੀ ਕਰਕੇ, ਸਮੂਹਿਕਤਾ ਵਲ ਵੱਧਣ ਦੀ ਪ੍ਰੇਰਣਾ ਹੈ। ਇਸ ਰਾਹੀਂ ਇਕ ਅਜਿਹੇ ਸਭਿਆਚਾਰਕ ਸਮਾਜ ਦੀ, ਵਿਸ਼ਵ-ਧਰਮ ਦੀ ਸਥਾਪਨਾ ਹੁੰਦੀ ਹੈ, ਜੋ ਗੁਰਮੁਖਾਂ ਦਾ ਸਮਾਜ ਹੋਵੇ, ਜਿਥੇ ਵੈਰ-ਵਿਰੋਧ ਨਾ ਹੋਵੇ। ਜਿਥੇ ਕਿਸੇ ਨੂੰ ਇਕ ਦੂਸਰੇ ਦਾ ਡਰ ਨਾ ਹੋਵੇ, ਜਿਥੇ ਕੋਈ ਉਚਾ ਨੀਵਾਂ ਨਾ ਹੋਵੇ, ਜਿਥੇ ਹਰ ਕੋਈ ਇਕ ਦੂਸਰੇ ਦੇ ਦੁਖ-ਸੁਖ ਦਾ ਭਾਈਵਾਲ ਹੋਵੇ। ਜਿਥੇ ਸਹਿਨਸ਼ੀਲਤਾ ਤੇ ਪਿਆਰ ਹੋਵੇ, ਜਿਥੇ ਭਾਵਨਾਵਾਂ ਸਾਂਝੀਆਂ ਹੋਣ, ਜਿਥੇ ਸਤਿ ਦਾ ਰਾਜ ਹੋਵੇ, ਜਿਥੇ ਮਨੁੱਖਤਾ ਦੇ ਪ੍ਰਫੁੱਲਤ ਹੋਣ ਵਿਚ ਰੁਕਾਵਟ ਨਾ ਹੋਵੇ,

---

1. ਡਾ. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਬਾਣੀ ਦੇ ਵਿਸ਼ੇਸ਼ ਪ੍ਰਸੰਗ ਵਿਚ ਪੰਜਾਬੀ ਨਿਰਗੁਣ ਕਾਵਿ-ਧਾਰਾ ਦਾ ਆਲੋਚਨਾਤਮਿਕ ਅਧਿਐਨ,1971,ਪੰਜਾਬ ਯੂਨੀ. ਚੰਡੀਗੜ੍ਹ, ਪੰਨਾ-238-39

ਅਜਿਹੇ ਸਮਾਜ ਵਿਚ ਮਾਨਵ-ਏਕਤਾ ਸਥਾਪਿਤ ਹੋ ਸਕਦੀ ਹੈ, ਮਾਨਵੀ ਕੀਮਤਾਂ ਨੂੰ ਸਤਿਕਾਰਿਆ ਜਾ ਸਕਦਾ ਹੈ, ਮਾਨਵਵਾਦ ਦੀ ਹੋਂਦ ਪਛਾਣੀ ਜਾ ਸਕਦੀ ਹੈ। ਅਜਿਹੇ ਸਮਾਜ ਵਿਚ ਗੁਰੂ ਸਾਹਿਬ ਨੇ ਜਾਤ-ਪਾਤ, ਦੇਸ਼ ਕੌਮ ਤੇ ਰੰਗ ਰੂਪ ਦੇ ਸਭ ਵਿਤਕਰੇ ਦੂਰ ਕਰ ਦਿੱਤੇ।

ਅੱਜ ਮਨੁੱਖ ਦੀ ਰੁਚੀ ਭੌਤਿਕਤਾ ਵੱਲ ਵਧ ਰਹੀ ਹੈ। ਪ੍ਰਾਚੀਨ ਸੁੰਦਰ ਆਦਰਸ਼ਾਂ ਪਿਆਰ ਤੇ ਸਚਾਈ ਦੇ ਆਦਰਸ਼ਾਂ ਤੋਂ ਮਨੁੱਖ ਦੂਰ ਹੁੰਦਾ ਜਾ ਰਿਹਾ ਹੈ। ਮਾਨਵਵਾਦੀ ਆਦਰਸ਼ਾਂ ਤੋਂ ਦੂਰ ਹੋ ਕੇ ਗੈਰ-ਮਾਨਵਵਾਦੀ ਰੁਚੀਆਂ ਵੱਲ ਵਧ ਰਿਹਾ ਹੈ।[1]

ਅੱਜ ਦੀ ਮਾਨਵਤਾ ਨੂੰ ਰੂਹਾਨੀਅਤ ਦੀ ਲੋੜ ਹੈ ਜਿਹੜੀ ਘਸੀਆਂ ਹੋਈਆਂ ਰੀਤਾਂ ਤੇ ਪੁਰਾਣੇ ਵਿਚਾਰਾਂ ਦੀ ਕੈਦ ਤੋਂ ਮੁਕਤ ਹੋਵੇ, ਜਿਸਦਾ ਆਧਾਰ ਪਿਆਰ, ਸੱਚ ਤੇ ਸੇਵਾ ਹੋਵੇ, ਜਿਸਦਾ ਨਫ਼ਰਤ ਦੁਸ਼ਮਣੀ ਤੇ ਰੂੜ੍ਹੀਵਾਦ ਨਾਲ ਕੋਈ ਸੰਬੰਧ ਨਾ ਹੋਵੇ। ਨਾਨਕ ਬਾਣੀ ਵਿਚ ਅਜਿਹਾ ਆਤਮਿਕ, ਮਾਨਵਵਾਦੀ ਜੀਵਨ ਧਾਰਨ ਕਰਨ ਲਈ ਕਿਹਾ ਗਿਆ ਹੈ। ਇਸ ਮਾਨਵਵਾਦੀ ਧਰਮ ਦੀ ਸਰਬਕਾਲੀ ਅਹਿਮੀਅਤ ਹੈ। ਗੁਰੂ ਸਾਹਿਬ ਦੇ ਇਸ ਧਰਮ ਦੇ ਮਾਨਵ ਵਿਚ ਚੇਤਨਾ ਪੈਦਾ ਕੀਤੀ।

ਇਸ 'ਸਰਬ-ਸਾਂਝੇ ਧਰਮ' ਨਾਲ ਦੁਖੀ ਆਤਮਾਵਾਂ, ਬੀਮਾਰ ਮਨਾਂ, ਪੀੜਿਤ ਦਿਲਾਂ ਨੂੰ ਰੂਹਾਨੀ ਸੰਜੀਵਨੀ,ਸ਼ਾਂਤੀ ਪ੍ਰਾਪਤ ਹੁੰਦੀ ਹੈ। ਇਖਲਾਕੀ ਕਦਰਾਂ-ਕੀਮਤਾਂ ਇਤਿਹਾਸ ਦੇ ਹਰ ਦੌਰ ਵਿਚ ਮਨੁੱਖ ਨੂੰ ਵਧੀਆ ਸਮਾਜਿਕ ਜੀਵਨ ਬਸਰ ਕਰਨ ਲਈ ਪ੍ਰੇਰਦੀਆਂ ਰਹੀਆਂ ਹਨ। ਜੋ ਮਹੱਤਵ ਇਹਨਾਂ ਕਦਰਾਂ-ਕੀਮਤਾਂ ਦਾ ਵਰਤਮਾਨ ਸਮਾਜ ਵਿਚ ਹੈ, ਉਹ ਸ਼ਾਇਦ ਪਹਿਲਾਂ ਕਦੀ ਨਹੀਂ ਸੀ। ਅੱਜ ਇਨਸਾਨ ਦੇ ਸਾਹਮਣੇ ਜਿੰਨੇ ਵੱਡੇ ਖਤਰੇ ਹਨ, ਉਨੇ ਉਸਨੇ ਕਦੀ ਸੋਚੇ ਵੀ ਨਹੀਂ ਹੋਣਗੇ। ਕੇਵਲ ਇਖਲਾਕੀ ਸ਼ਕਤੀ; ਇਹ ਮਾਨਵਵਾਦੀ ਵਿਚਾਰਧਾਰਾ ਹੀ ਮਨੁੱਖ ਨੂੰ ਇਹਨਾਂ ਭਿਆਨਕ ਖਤਰਿਆਂ ਦੇ ਹੱਥੋਂ ਮਲੀਆਮੇਟ ਹੋਣ ਤੋਂ ਬਚਾ ਸਕਦੀ ਹੈ। ਨਾਨਕ-ਬਾਣੀ

---

1. The changeless values of spirit, the pursuit of truth and the practice of love which have nourished the great pages of history do not seem to be relevant to an age steepled in Science, deserted by religion and deprived of even humanist ideals. We seem to have reached the height of irresponsibility.'

(Dr.S.Radhakrishnan, Religion and culture, P-75)

ਵਿਚਲੇ ਮਾਨਵਵਾਦੀ ਅੰਸ਼, ਵਿਸ਼ਵ-ਭਰਾਤ੍ਰੀਅਤਾ ਵਾਲੇ ਸਾਰਵਭੌਮਿਕ ਧਰਮ ਦੀ ਸਥਾਪਨਾ ਕਰਦੇ ਹਨ। ਗੁਰੂ ਨਾਨਕ ਅਨੁਸਾਰ:

ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ
ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ ।।

( ਰਾਗੁ ਵਡਹੰਸ, ਮਹਲਾ ੧, ਪੰਨਾ-557)

ਇਹ "ਤਿਨ ਭਾਵੈ ਸਭੁ ਕੋਇ" ਵਾਲਾ ਸਮਾਜ ਉਸਾਰਨਾ ਹੀ ਗੁਰੂ ਨਾਨਕ ਦਾ ਉਦੇਸ਼ ਸੀ। ਗੁਰੂ ਨਾਨਕ ਨੇ ਸੰਗਤ ਨੂੰ ਇਸ ਉਦੇਸ਼ ਦੀ ਪੂਰਤੀ ਦਾ ਮਾਧਿਅਮ ਬਣਾਇਆ। ਹਰ ਕਿਸੇ ਨਾਲ ਸਾਂਝ ਮਹਿਸੂਸ ਕਰਨੀ, ਉਚ-ਨੀਚ ਦਾ ਭੇਦ-ਭਾਵ ਖਤਮ ਕਰਕੇ ਉਸਨੂੰ ਆਪਣੇ ਬਰਾਬਰ ਦਾ ਸਮਝ ਕੇ ਸਤਿਕਾਰ ਦੇਣ ਲਈ ਕਿਹਾ। ਅਰਥਾਤ ਮਾਨਵਵਾਦੀ ਕੀਮਤਾਂ ਦਾ ਲੋਕਾਈ ਵਿਚ ਪ੍ਰਸਾਰ ਕੀਤਾ। ਵਿਸ਼ਵ-ਧਰਮ ਦੀ ਸਥਾਪਨਾ ਕੀਤੀ। ਧਰਮ ਨੂੰ ਮਨੁੱਖ ਦੇ ਨਿੱਜੀ-ਮੁਕਤੀ ਵਾਲੇ ਅੰਸ਼ ਤਕ ਹੀ ਸੀਮਿਤ ਨਹੀਂ ਰੱਖਿਆ ਬਲਕਿ ਇਸ ਵਿਚਲੇ ਸਮੂਹਿਕ ਅੰਸ਼, ਭਰਾਤ੍ਰੀ-ਭਾਵ ਵਾਲੇ ਅੰਸ਼ ਨੂੰ ਵਧੇਰੇ ਵਿਸਤਾਰਨ ਤੇ ਜ਼ੋਰ ਦਿੱਤਾ। ਇਹੀ ਮਾਨਵਵਾਦੀ ਆਦਰਸ਼ਾਂ ਦਾ ਆਧਾਰ-ਬਿੰਦੂ ਹੈ। ਇਸ ਤਰ੍ਹਾਂ ਨਾਨਕ-ਬਾਣੀ ਵਿਚ 'ਮਾਨਵਵਾਦੀ ਮਨੁੱਖ' ਦਾ ਉਦੇ ਹੁੰਦਾ ਹੈ ਜਿਹੜਾ ਆਤਮਗਤ ਚੇਤਨਾ ਦੇ ਸੀਮਿਤ ਘੇਰੇ ਵਿਚੋਂ ਨਿਕਲ ਕੇ ਮਾਨਵੀ ਹੋਂਦ ਦਾ ਪਰਿਸ਼ਕਾਰ ( Sublimation ) ਕਰਦਾ ਹੈ।

ਗੁਰੂ ਸਾਹਿਬ ਦਾ ਸੰਤ ਮਾਰਗ ਕੇਵਲ ਅਧਿਆਤਮਵਾਦ ਵਲ ਨਹੀਂ ਤੁਰਦਾ। ਸਗੋਂ ਉਨ੍ਹਾਂ ਨੇ ਅਧਿਆਤਮਵਾਦ, ਪਦਾਰਥਵਾਦ ਤੇ ਰਾਜਸੀ ਚੇਤਨਾ ਦਾ ਸੰਗਰਾਮ ਕੀਤਾ ਹੈ।[1] ਸਾਡਾ ਮੰਤਵ ਸਿਰਫ਼ ਏਨਾ ਹੈ ਕਿ ਗੁਰੂ ਨਾਨਕ ਦੀ ਵਿਚਾਰਧਾਰਾ ਅਧਿਆਤਮਕ ਚਿੰਤਨ ਨੂੰ ਨਾਲ ਰੱਖਦੀ ਹੋਈ ਆਪਣੇ ਯੁੱਗ ਦੀ ਕ੍ਰਾਂਤੀਕਾਰੀ ਆਵਾਜ਼ ਸੀ ਅਤੇ ਉਨ੍ਹਾਂ ਨੂੰ ਕੇਵਲ ਆਦਰਸ਼ਵਾਦੀ ਤੇ ਮਾਨਵਵਾਦੀ ਕਹਿ ਕੇ ਸੰਸਾਰ ਦੀ ਕ੍ਰਾਂਤੀਕਾਰੀ ਧਾਰਾ ਤੋਂ ਅਲੱਗ ਕਰਨਾ ਗ਼ਲਤ ਹੈ।[2]

ਇਸ ਤਰ੍ਹਾਂ ਗੁਰੂ ਨਾਨਕ ਨੂੰ ਕ੍ਰਾਂਤੀਕਾਰੀ ਮੰਨ ਕੇ ਹੀ ਉਹਨਾਂ ਦੀ ਇਨਕਲਾਬੀ

---

1. ਡਾ. ਕੁਲਬੀਰ ਸਿੰਘ ਕਾਂਗ, ਮਹਾਂ ਕਵੀ ਗੁਰੂ ਨਾਨਕ, ਪੰਨਾ-83
2. ਉਹੀ, ਪੰਨਾ-86

ਰੂਹ ਨੂੰ ਸਮਝਿਆ ਜਾ ਸਕਦਾ ਹੈ ਅਤੇ ਇਸ ਵਿਕਾਸ ਤੇ ਉਹਨਾਂ ਨੂੰ ਅਮਲੀ ਵਿਹਾਰਕ ਮਾਨਵਵਾਦੀ ਕਿਹਾ ਜਾ ਸਕਦਾ ਹੈ।

ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਸੁਰੱਖਿਆ ਦੀ ਸਥਿਤੀ ਨੂੰ ਮਜ਼ਬੂਤ ਕਰਨਾ ਮਾਨਵ-ਜਾਤੀ ਦੀ ਅੱਜ ਸਭ ਤੋਂ ਮਹੱਤਵਪੂਰਣ ਸਮੱਸਿਆ ਹੈ। ਇਹ ਤਦ ਹੋ ਸਕਦਾ ਹੈ ਜਦੋਂ ਮਨੁੱਖ ਇਕ ਦੂਸਰੇ ਦੀਆਂ ਭਾਵਨਾਵਾਂ ਨੂੰ ਸਮਝ ਕੇ ਉਹਨਾਂ ਦਾ ਆਦਰ ਕਰੇਗਾ। ਸਥਾਈ ਸ਼ਾਂਤੀ ਅਤੇ ਸੁਖ ਲਈ ਮਨੁੱਖ ਨੂੰ ਮਾਨਵਵਾਦੀ ਮਾਰਗ ਤੇ ਚਲ ਕੇ ਅਹਿਮ ਭੂਮਿਕਾ ਅਦਾ ਕਰਨੀ ਪਵੇਗੀ। ਇਸ ਸਮੇਂ ਸਾਡੇ ਸਾਹਮਣੇ ਦੋ ਹੀ ਰਸਤੇ ਹਨ: (ੳ) ਜਾਂ ਤਾਂ ਅਸੀਂ ਇਕ ਸਮਾਨ ਹਿੱਤਾਂ ਦੇ ਆਧਾਰ ਤੇ ਇਕ ਨਵੇਂ ਸਮਾਜ ਦਾ ਨਿਰਮਾਣ ਕਰੀਏ ਜਾਂ (ਅ) ਪੂਰਨ ਵਿਨਾਸ਼ ਨੂੰ ਸਵੀਕਾਰ ਕਰੀਏ। ਪਹਿਲਾ ਵਿਕਲਪ ਨਿਰਸੰਦੇਹ ਹੀ ਉੱਤਮ ਹੈ ਪਰ ਉਸਦੇ ਲਈ ਸਾਨੂੰ ਵਿਹਾਰਕ ਪੱਧਰ ਤੇ ਮਾਨਵ-ਵਾਦੀ, ਸਦਾਚਾਰਕ ਸੰਸਕ੍ਰਿਤੀ ਨੂੰ ਪ੍ਰੋਤਸਾਹਨ ਦੇਣਾ ਪਵੇਗਾ। ਉਸਦੇ ਲਈ ਧਰਮ, ਜਾਤੀ, ਰੰਗ ਦੀਆਂ ਬਨਾਵਟੀ ਰੁਕਾਵਟਾਂ ਨੂੰ ਦੂਰ ਕਰਕੇ ਮਨੁੱਖ-ਮਨੁੱਖ ਦੇ ਵਿਚਕਾਰ ਸ਼ੁਧ ਮਾਨਵੀ ਸੰਬੰਧਾਂ ਨੂੰ ਮਜ਼ਬੂਤ ਕਰਨਾ ਪਵੇਗਾ। ਮਾਨਵਵਾਦੀ ਮਾਰਗ ਦਾ ਪਾਂਧੀ ਬਣਨਾ ਪਵੇਗਾ।

****

## ਸਿੰਘਾਵਲੋਕਨ

ਉਹ ਸਾਰੇ ਵਿਸ਼ਵਾਸ, ਭਾਵਨਾਵਾਂ, ਕ੍ਰਿਆਵਾਂ ਵਿਚਾਰ ਆਦਿ, ਜਿਹੜੇ ਮਾਨਵ-ਜੀਵਨ ਦੇ ਵਿਕਾਸ-ਕ੍ਰਮ ਵਿਚ ਯੋਗ ਦੇਣ ਵਾਲੇ ਹਨ, ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਦਾ ਪੋਸ਼ਣ ਕਰਦੇ ਹਨ, ਮਨੁੱਖੀ ਸ਼ਖ਼ਸੀਅਤ ਦਾ ਸਰਬ-ਪੱਖੀ ਵਿਕਾਸ ਕਰਦੇ ਹਨ, ਮਾਨਵਵਾਦ ਦੇ ਸੰਕਲਪ ਦੇ ਅੰਤਰਗਤ ਆ ਜਾਂਦੇ ਹਨ। ਮਾਨਵਵਾਦੀ ਦਰਸ਼ਨ ਉਹਨਾਂ ਸਾਰੇ ਨਿਯਮਾਂ, ਪ੍ਰਤਿਬੰਧਾਂ ਅਤੇ ਵਰਜਨਾਵਾਂ ਨੂੰ ਹਟਾਉਣਾ ਚਾਹੁੰਦਾ ਹੈ, ਜਿਹਨਾਂ ਦਾ ਮਾਨਵੀ ਸੁਖ ਅਤੇ ਸ਼ਾਂਤੀ ਦੇ ਲਈ ਕੋਈ ਮਹੱਤਵ ਨਹੀਂ ਹੈ। ਮਾਨਵਵਾਦ ਇਕ ਅਜਿਹੀ ਸਮਾਜਕ ਵਿਵਸਥਾ ਦੀ ਰਚਨਾ ਕਰਦਾ ਹੈ ਜਿਸ ਵਿਚ ਮਨੁੱਖ ਨੂੰ ਆਪਣੇ ਗੁਣਾਂ ਦੇ ਅਨੁਰੂਪ ਆਪਣਾ ਵਿਕਾਸ ਕਰਨ ਦੇ ਲਈ ਅਸੀਮ ਸੁਤੰਤਰਤਾ ਪ੍ਰਾਪਤ ਹੋਵੇ, ਪਾਰਸਪਰਿਕ ਸਹਿਯੋਗ ਅਤੇ ਸਹਿਨਸ਼ੀਲਤਾ ਹੀ, ਇਸ ਪ੍ਰਕਾਰ ਦੇ ਸਮਾਜ ਵਿਚ, ਆਪਸੀ ਸੰਬੰਧਾਂ ਦੇ ਆਧਾਰ ਬਣਦੇ ਹਨ।

ਮਾਨਵਵਾਦੀ ਸਾਹਿਤ, ਮਾਨਵ ਦੁਆਰਾ, ਮਾਨਵ ਦੇ ਲਈ ਅਤੇ ਮਾਨਵ ਨੂੰ ਆਧਾਰ ਬਣਾ ਕੇ ਲਿਖਿਆ ਜਾਂਦਾ ਹੈ। ਮਾਨਵੀ ਮੁੱਲਾਂ ਦੇ ਮਹੱਤਵ ਦਾ ਸਮਰਥਨ ਮਾਨਵੀ-ਜੀਵਨ ਆਦਰਸ਼ਾਂ ਦੀ ਪ੍ਰਤਿਸ਼ਠਾ ,ਮਾਨਵ-ਮਨ ਦੀਆਂ ਇਛਾਵਾਂ ਅਤੇ ਅਕਾਂਖਿਆਵਾਂ ਦੀ ਅਭਿਵਿਅਕਤੀ, ਮਾਨਵ-ਜੀਵਨ ਦੇ ਅੰਤਰ-ਬਾਹਰੀ ਸੰਘਰਸ਼ ਦੀ ਸਪਸ਼ਟ ਅਭਿਵਿਅੰਜਨਾ, ਮਾਨਵ ਦੀ ਮਰਿਆਦਾ ਅਤੇ ਮਹੱਤਤਾ ਦੀ ਸਥਾਪਨਾ ਆਦਿ ਸਾਹਿਤ ਵਿਚ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਤੀਨਿਧਤਵ ਕਰਨ ਵਾਲੀਆਂ ਮੁੱਖ ਵਿਸ਼ੇਸ਼ਤਾਵਾਂ ਹਨ। ਜਿਹਨਾਂ ਨੂੰ ਦੂਸਰੇ ਸ਼ਬਦਾਂ ਵਿਚ ਮਾਨਵਵਾਦੀ ਸਾਹਿਤਕ ਵਿਚਾਰਧਾਰਾ ਦੀਆਂ ਵਿਸ਼ੇਸ਼ਤਾਵਾਂ ਵੀ ਕਿਹਾ ਜਾ ਸਕਦਾਹੈ।

ਮਾਨਵਵਾਦੀ ਸਾਹਿਤ, ਵਿਅਕਤੀ ਨੂੰ ਆਪਣੀ ਸੁਤੰਤਰਤਾ, ਆਜ਼ਾਦੀ ਆਤਮ-ਨਿਰਭਰਤਾ ਦੀ ਪ੍ਰਾਪਤੀ ਦੇ ਲਈ ਪ੍ਰੇਰਣਾ ਦਿੰਦਾ ਹੈ, ਉਸਦੀ ਪ੍ਰਤਿਭਾ ਨੂੰ ਜਾਗ੍ਰਤ ਕਰਦਾ ਹੈ ਅਤੇ ਵਿਰੋਧੀ ਸ਼ਕਤੀਆਂ ਦੇ ਵਿਰੁੱਧ ਸੰਘਰਸ਼ ਕਰਨ ਦੀ ਸ਼ਕਤੀ ਦਿੰਦਾ ਹੈ। ਮਾਨਵਵਾਦੀ ਸਾਹਿਤ, ਇਸ ਤਰ੍ਹਾਂ ਇਕ ਸਮਾਨਾਂਤਰ ਸਰਕਾਰ ਹੈ ਜਿਹੜੀ ਵਿਅਕਤੀ ਨੂੰ ਆਪਣੇ ਹੀ ਆਸ ਪਾਸ ਦੇ ਸਮਾਜ ਦੇ ਖ਼ਿਲਾਫ਼ ਅਤੇ ਖ਼ੁਦ ਆਪਣੇ ਖ਼ਿਲਾਫ਼ ਵੀ ਸੁਰੱਖਿਆ ਪ੍ਰਦਾਨ ਕਰਦਾ ਹੈ। ਮਾਨਵਵਾਦੀ ਸਾਹਿਤ ਵਿਅਕਤੀ ਦੇ ਹਿੱਤਾਂ ਦੀ ਰਾਖੀ ਕਰਕੇ ਉਸ ਲਈ ਪ੍ਰਗਤੀ ਦੇ ਮਾਰਗ ਖੋਲ੍ਹਦਾ ਹੈ।

ਗੁਰੂ ਨਾਨਕ ਦੇਵ ਜੀ ਮਾਨਵਵਾਦੀ ਸਨ। ਗੁਰੂ ਸਾਹਿਬ ਦਾ ਵਿਸ਼ਵਾਸ, ਉਹਨਾਂ

ਦੀ ਸਾਧਨਾ ਅਤੇ ਉਹਨਾਂ ਦੇ ਜੀਵਨ ਦਾ ਆਦਰਸ਼, ਭਾਵੇਂ ਬੁਨਿਆਦੀ ਤੌਰ ਤੇ ਅਧਿਆਤਮਕ ਹੀ ਹਨ, ਪਰੰਤੂ ਜਿਸ ਆਧਾਰ ਉਤੇ ਇਹਨਾਂ ਦਿਸ਼ਾਵਾਂ ਦਾ ਉਨ੍ਹਾਂ ਨੇ ਅਨੁਸੰਧਾਨ ਕੀਤਾ, ਉਹ ਨਿਰਸੰਦੇਹ ਲੌਕਿਕ ਹਨ। ਗੁਰੂ ਸਾਹਿਬ ਕੇਵਲ ਰਹੱਸਵਾਦੀ ਹੀ ਨਹੀਂ ਸਨ, ਸਗੋਂ ਉਹਨਾਂ ਨੇ ਆਪਣੀ ਅਧਿਆਤਮਕ ਸਾਧਨਾ ਦੇ ਨਾਲ ਨਾਲ, ਆਪਣੇ ਯੁਗ ਦੇ ਲੋਕ-ਜੀਵਨ ਨੂੰ ਵਿਆਪਕ ਰੂਪ ਵਿਚ ਵੇਖਿਆ ਅਤੇ ਘੋਖਿਆ, ਪਰਖਿਆ ਵੀ ਹੈ। ਉਹਨਾਂ ਨੇ ਆਪਣੇ ਨਵੇਂ ਨਰੋਏ ਤੇ ਅਨੂਠੇ ਆਤਮਕ ਤਜਰਬਿਆਂ ਤੇ ਯਥਾਰਥ ਸਮਾਜਕ ਚੇਤਨਾ ਦੀ ਰੌਸ਼ਨੀ ਵਿਚ, ਸਮੁੱਚੀ ਮਾਨਵ-ਜਾਤੀ ਦੀਆਂ ਆਤਮਕ, ਭਾਈਚਾਰਕ ਤੇ ਰਾਜਨੀਤਿਕ ਸਮੱਸਿਆਵਾਂ ਬਾਰੇ ਵਿਚਾਰ ਪ੍ਰਗਟ ਕੀਤੇ ਅਤੇ ਸਮੱਸਿਆਵਾਂ ਦੇ ਉਪਾਅ ਦੱਸੇ। ਇਸ ਲੋਕ-ਜੀਵਨ ਦੇ ਯਥਾਰਥਕ ਗਿਆਨ ਦੇ ਆਧਾਰ ਉਤੇ ਹੀ ਉਨ੍ਹਾਂ ਨੇ ਆਪਣੀ ਦ੍ਰਿਸ਼ਟੀ ਨੂੰ ਵਿਕਸਿਤ ਕੀਤਾ। ਇਸ ਸ੍ਰਿਸ਼ਟੀ ਨੂੰ 'ਸੱਚੇ ਤੇਰੇ ਖੰਡ' ਕਿਹਾ। ਇਹ ਸ੍ਰਿਸ਼ਟੀ ਕਰਮ-ਖੇਤਰ ਹੈ। ਇਸ ਸ੍ਰਿਸ਼ਟੀ ਨੂੰ ਚੰਗੇਰਾ ਬਣਾਉਣਾ ਹੈ। ਇਸ ਵਿਚ ਰਹਿ ਕੇ ਲੋਕ ਕਰਮ ਕਰਦੇ ਹਨ। ਭਾਂਜਵਾਦੀ ਦ੍ਰਿਸ਼ਟੀਕੋਣ ਅਖਤਿਆਰ ਨਹੀਂ ਕਰਨਾ, ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਉਸਦੇ ਜੀਵਨ ਦਾ ਸਮਾਜਿਕ ਪੱਖ ਹੀ ਉਸਨੂੰ ਦੂਸਰੇ ਜੀਵਾਂ ਨਾਲੋਂ ਵੱਖਰਿਆਂ ਕਰਦਾ ਹੈ। ਜਿਹੜਾ ਮਨੁੱਖ ਇਕੱਲਾ ਜੰਗਲ ਵਿਚ ਰਹਿ ਰਿਹਾ ਹੈ, ਉਸ ਲਈ ਚੰਗਿਆਈ, ਬੁਰਿਆਈ ਨੇਕੀ ਦੀ ਹੋਂਦ ਨਿਰਮੂਲ ਹੈ। ਗੁਣਾਂ ਦੀ ਹੋਂਦ ਸਮਾਜ ਵਿਚ ਹੀ ਹੈ। ਮਾਨਵਵਾਦੀ ਦੀ ਹੋਂਦ, ਪਰਖ ਸਮਾਜ ਵਿਚ ਹੀ ਹੁੰਦੀ ਹੈ। ਮਨੁੱਖੀ ਰਿਸ਼ਤਿਆਂ ਦੇ ਸੰਦਰਭ ਵਿਚ ਨੇਕੀ-ਬਦੀ ਦੀ ਪਛਾਣ ਹੁੰਦੀ ਹੈ। ਪੰਜ ਵਿਕਾਰ ਮਨੁੱਖ ਨੂੰ ਦੈਂਤ ਵਿਚ ਬਦਲ ਦਿੰਦੇ ਹਨ।

ਗੁਰੂ ਨਾਨਕ ਨੇ ਨਿਧੜਕ ਹੋ ਕੇ ਜ਼ਿੰਦਗੀ ਅਤੇ ਸੱਚ ਬਾਰੇ ਆਪਣੇ ਵਿਚਾਰ ਕਹੇ। ਉਹਨਾਂ ਦਾ ਉਪਦੇਸ਼ ਸਾਰੀ ਸ੍ਰਿਸ਼ਟੀ ਦੇ ਲੋਕਾਂ ਲਈ ਸੀ ਨਾ ਕੇਵਲ ਕਿਸੇ ਖਾਸ ਜਾਤੀ ਸ਼੍ਰੇਣੀ ਜਾਂ ਫਿਰਕੇ ਲਈ। ਉਹਨਾਂ ਨੇ ਹਰ ਧਰਮ ਦੀਆਂ ਅਟੱਲ ਸਚਾਈਆਂ ਨੂੰ ਅਪਣਾਇਆ ਅਤੇ ਪਾਖੰਡਾਂ ਦਾ ਵਿਰੋਧ ਕਰਕੇ ਮਾਨਵਵਾਦੀ ਵਿਚਾਰ ਮਾਨਵਤਾ ਨੂੰ ਦਿੱਤੇ। ਗੁਰੂ ਨਾਨਕ ਦਾ, ਮਾਨਵਤਾ ਦੇ ਮਾਨਵਵਾਦੀ ਦੋ ਅਟੱਲ ਸਿਧਾਂਤਾਂ ਤੇ ਵਿਸ਼ਵਾਸ ਸੀ- (ੳ) ਏਕ ਪਿਤਾ ਏਕਸ ਕੇ ਹਮ ਬਾਰਕ (ਅ) ਸਭ ਮਨੁੱਖ ਜਾਤੀ ਦੀ ਭਰਾਤ੍ਰੀਅਤਾ। ਨਾਨਕ-ਬਾਣੀ ਨੂੰ ਮਾਨਵਵਾਦੀ ਕਿਹਾ ਹੈ, ਇਸ ਲਈ ਕਿਉਂਕਿ ਉਸ ਵਿਚ ਪਰਮਾਤਮਾ ਦੇ ਨਾਲ ਨਾਲ ਮਾਨਵ ਦੀ ਗੱਲ ਕੀਤੀ ਗਈ ਹੈ।

ਮਾਨਵ ਨੂੰ ਬੇਹਤਰੀਨ ਬਨਾਉਣ ਦੇ ਉਪਰਾਲੇ ਦੱਸੇ ਹਨ, ਮਾਨਵ ਜੀਵਨ ਨੂੰ ਚੰਗੇ ਤੋਂ ਚੰਗਾ ਬਨਾਉਣ ਲਈ ਕਿਹਾ ਹੈ। ਸਮਾਜਿਕ ਜੀਵ ਹੋਣ ਕਰਕੇ ਮਨੁੱਖ ਦੇ ਸਮੂਹ ਕਾਰਜਾਂ ਵਿਚ ਜਿਨ੍ਹਾਂ ਭਾਵਨਾਵਾਂ ਦਾ ਦਖਲ ਹੁੰਦਾ ਹੈ ਉਨ੍ਹਾਂ ਵਿਚ ਸਮਾਜਿਕਤਾ ਦਾ ਵਿਸ਼ੇਸ਼ ਮਹੱਤਵ ਹੈ। ਸਾਧਾਰਣ ਰੂਪ ਵਿਚ ਮਨੁੱਖ ਦਾ ਕੋਈ ਕਾਰਜ ਸਮਾਜ-ਨਿਰਪੇਖ ਨਹੀਂ ਹੋ ਸਕਦਾ। ਮਨੁੱਖ ਦੀ ਸਮਾਜਿਕ ਅਨੁਭੂਤੀ ਹੀ ਉਸਨੂੰ ਪਸ਼ੂਆਂ ਨਾਲੋਂ ਵਖਰਿਆਉਂਦੀ ਹੈ। ਇਹ ਅਨੁਭੂਤੀ ਬਦਲਦੀਆਂ ਸਮਾਜਿਕ ਕੀਮਤਾਂ ਦੇ ਨਾਲ ਨਾਲ ਪਰਵਰਤਿਤ ਹੁੰਦੀ ਰਹਿੰਦੀ ਹੈ। ਗੁਰੂ ਨਾਨਕ ਨੇ ਪ੍ਰਾਣੀ-ਮਾਤਰ ਦਾ ਨਿੱਜੀ ਜੀਵਨ ਉਚਾ-ਸੁੱਚਾ ਬਨਾਉਣ ਦੇ ਮਾਰਗ ਦੱਸੇ ਹਨ ਅਤੇ ਚੁਫੇਰੇ ਵਾਤਾਵਰਣ ਨੂੰ ਵੀ ਨਿਤਾਰ ਕੇ ਸਵੱਛ ਕਰਨ ਲਈ ਕਿਹਾ ਹੈ ਤਾਂ ਕਿ ਮਾਨਵਵਾਦੀ ਕੀਮਤਾਂ ਨੂੰ ਕਾਇਮ ਕੀਤਾ ਜਾ ਸਕੇ, ਉਹਨਾਂ ਦੀ ਰੱਖਿਆ ਕੀਤੀ ਜਾ ਸਕੇ। ਗੁਰੂ ਨਾਨਕ ਦੀ ਸਾਧਨਾ ਵਿਅਕਤੀਨਿਸ਼ਠ ਹੋਣ ਦੇ ਨਾਲ ਨਾਲ ਸਮਾਜ-ਨਿਸ਼ਠ ਵੀ ਹੈ। ਗੁਰੂ ਸਾਹਿਬ ਭਗਤ-ਕਵੀਆਂ ਦੀ ਉਸ ਸ਼੍ਰੇਣੀ ਵਿਚੋਂ ਨਹੀਂ ਸਨ, ਜਿਹੜੇ ਅਧਿਆਤਮਕ ਜੀਵਨ ਦੇ ਪਾਰਲੌਕਿਕ ਤੱਤ ਨੂੰ ਹੀ ਇਕ ਮਾਤਰ ਸੱਚ ਮੰਨਣ ਵਾਲੇ ਅਪਸਾਰਵਾਦੀ ਸਾਧਕ ਸਨ ਅਤੇ ਜਿਹਨਾਂ ਦੀ ਦ੍ਰਿਸ਼ਟੀ ਵਿਚ, ਲੋਕ, ਸਮਾਜ ਅਤੇ ਜਗਤ ਦੇ ਵਿਵਹਾਰਕ ਜੀਵਨ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਸੀ, ਇਹਨਾਂ ਅਪਸਾਰਵਾਦੀ ਭਗਤਾਂ ਦੇ ਉਲਟ ਗੁਰੂ ਸਾਹਿਬ ਨੇ ਮਨੁੱਖ ਉੱਤੇ ਆਪਣੀ ਦ੍ਰਿਸ਼ਟੀ ਕੇਂਦਰਿਤ ਰੱਖਣ ਦਾ ਕਾਰਣ, ਸਾਧਨਾ ਦੀ ਭੂਮਿਕਾ ਵਿਚ, ਸੰਪੂਰਨ ਲੋਕ-ਜੀਵਨ ਸਵੀਕਾਰ ਕੀਤਾ ਹੈ।

ਧਾਰਮਿਕ ਸੰਦਰਭ ਵਿਚ ਗੁਰੂ ਨਾਨਕ ਨੇ ਲੋਕਾਈ ਨੂੰ ਮਾਨਵਵਾਦੀ ਸੰਕਲਪਾਂ ਤੋਂ ਸੁਚੇਤ ਕੀਤਾ। ਉਸ ਸਮੇਂ ਧਾਰਮਿਕ ਖੇਤਰ ਵਿਚ ਧੁੰਧੂਕਾਰ ਸੀ। ਸੰਸਾਰ ਘੋਰ ਅਗਿਆਨਤਾ ਅਤੇ ਅੰਧਕਾਰ ਵਿਚ ਫਾਥਾ ਹੋਇਆ ਸੀ। ਇਕ ਪਾਸੇ ਬੁੱਤ-ਪ੍ਰਸਤੀ ਅਤੇ ਪਾਖੰਡ ਸਨ ਅਤੇ ਦੂਜੇ ਪਾਸੇ ਜ਼ੁਲਮ ਅਤੇ ਤਸ਼ੱਦਦ ਕਾਰਨ ਸੰਸਾਰ ਵਿਚ ਗਿਲਾਨੀ , ਗੁਲਾਮੀ, ਨਿਰਾਸਤਾ ਮਚੀ ਹੋਈ ਸੀ। ਧਾਰਮਿਕ ਆਧਾਰ ਤੇ ਲੋਕ ਅਧੋਗਤੀ ਵੱਲ ਜਾ ਰਹੇ ਸਨ। ਭਰਮ ਅਤੇ ਧਰਮ ਖਤਮ ਹੋ ਗਏ ਸਨ। ਲੋਕ ਅਣਜਾਣ ਸਨ। ਪੁਜਾਰੀ ਖੁਦਗਰਜ਼ ਸਨ। ਪੁਜਾਰੀ ਸ਼੍ਰੇਣੀ ਨੇ ਆਪਣੇ ਸੁਆਰਥਾਂ ਦੀ ਪੂਰਤੀ ਹਿੱਤ ਬੇਅਰਥ ਧਾਰਮਿਕ ਰਸਮਾਂ ਅਤੇ ਵਹਿਮਾਂ ਵਿਚ ਲੋਕਾਈ ਨੂੰ ਪਾਇਆ ਹੋਇਆ ਸੀ, ਬਾਹਰਲੇ ਪਾਖੰਡਾਂ ਵਿਚ ਅਧਿਆਤਮਕਤਾ ਡੁੱਬ ਚੁੱਕੀ ਸੀ। ਧਾਰਮਿਕ ਆਗੂਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਕਥਨੀ ਅਤੇ ਕਰਨੀ ਵਿਚ ਬਿਲਕੁਲ ਵਿਰੋਧ ਸੀ। ਮਨੁੱਖਤਾ

ਨੂੰ ਜੋੜਨ ਦੀ ਥਾਂ ਵਿਛੋੜਨ ਦਾ ਕਾਰਣ ਬਣ ਰਹੇ ਸਨ। ਗੁਰੂ ਨਾਨਕ ਨੇ ਝੂਠੇ ਸਾਧੂਆਂ ਦੇ ਪਾਖੰਡਾਂ ਤੇ ਛਲਾਂ ਛਿਦਰਾਂ ਨੂੰ ਭੰਡਿਆ। ਲੋਕਾਂ ਨੂੰ ਸੱਚਾ ਮਾਨਵਵਾਦੀ ਰਾਹ ਦੱਸਿਆ ਤੇ ਭੇਖੀ ਸਾਧੂਆਂ ਤੋਂ ਬਚ ਕੇ ਰਹਿਣ ਦਾ ਉਪਦੇਸ਼ ਦਿੱਤਾ। ਵੱਖ ਵੱਖ ਦੇਵੀ-ਦੇਵਤਿਆਂ ਦੀ ਅਰਾਧਨਾ ਛੱਡ ਕੇ, ਇਕ ਪਰਮਾਤਮਾ ਦੀ ਉਪਾਸਨਾ ਲਈ ਪ੍ਰੇਰਿਆ। ਧਾਰਮਿਕ ਖਿਮਾ ਤੇ ਧਾਰਮਿਕ ਸਹਿਨਸ਼ੀਲਤਾ, ਪਿਆਰ, ਏਕਤਾ, ਸ਼ਾਂਤੀ ਦਾ ਮਾਨਵਵਾਦੀ ਸੁਨੇਹਾ ਲੋਕਾਈ ਦੀ ਭੇਟਾ ਕੀਤਾ।

ਸਮਾਜਿਕ ਸੰਦਰਭ ਵਿਚ ਇਹ ਕਿਹਾ ਜਾ ਸਕਦਾ ਹੈ ਉਸ ਸਮੇ ਸਮਾਜ ਵਿਚ ਫੈਲੇ ਹੋਏ ਵਹਿਮ, ਭਰਮ, ਪਾਖੰਡ ਸਮਾਜ ਨੂੰ ਅਧੋਗਤੀ ਵਲ ਲਿਜਾ ਰਹੇ ਸਨ ਇਹਨਾਂ ਨੇ ਲੋਕਾਂ ਦੇ ਜੀਵਨ ਨੂੰ ਡੂੰਘੇ ਟੋਏ ਵਿਚ ਸੁੱਟ ਦਿੱਤਾ ਸੀ। ਆਪਸੀ ਖਿਚੋਤਾਣ ਕਾਰਣ ਸਮਾਜ ਕਮਜ਼ੋਰ ਹੋ ਰਿਹਾ ਸੀ। ਜਾਤਾਂ-ਪਾਤਾਂ ਦਾ ਬੜਾ ਵਿਚਾਰ ਸੀ, ਚਾਰ ਵਰਨ ਬਣ ਚੁੱਕੇ ਸਨ। ਬ੍ਰਾਹਮਣ ਦੂਸਰੀਆਂ ਜਾਤਾਂ ਨੂੰ ਨੀਚ ਸਮਝਦੇ ਸਨ। ਚਾਰੇ ਪਾਸੇ ਪਾਖੰਡ, ਢੌਂਗ ਅਤੇ ਆਡੰਬਰ ਦਾ ਬੋਲਬਾਲਾ ਸੀ। ਅੰਧ-ਵਿਸ਼ਵਾਸ, ਕੁਰੀਤੀਆਂ, ਸਿੱਧਾਂ-ਜੋਗੀਆਂ, ਪੁਜਾਰੀਆਂ ਦੀ ਕਰੂਪਤਾ, ਸੁਆਰਥਤਾ ਤੇ ਭ੍ਰਿਸ਼ਟਾਚਾਰ ਦਾ ਨੰਗਾ ਨਾਚ ਹੋ ਰਿਹਾ ਸੀ। ਸਮਾਜਿਕ ਖਿਮਾ ਤੇ ਕਈ ਤਰ੍ਹਾਂ ਦੇ ਤਸ਼ੱਦਦ ,ਦਮਨ, ਜ਼ੁਲਮ ਸਹਿ ਸਹਿ ਕੇ ਲੋਕਾਂ ਦਾ ਮਨ ਕਮਜ਼ੋਰ, ਬੁਜ਼ਦਿਲ ਹੋ ਚੁੱਕਾ ਸੀ। ਲੋਕ ਮਾਨਸਿਕ ਗਿਰਾਵਟ ਦਾ ਸ਼ਿਕਾਰ ਹੋ ਚੁੱਕੇ ਸਨ। ਲੋਕਾਈ ਵਿਚ ਸਵੈ-ਮਾਨ ਦੀ ਭਾਵਨਾ ਖਤਮ ਹੋ ਚੁੱਕੀ ਸੀ। ਗੁਰੂ ਸਾਹਿਬ ਨੇ ਲੋਕਾਂ ਨੂੰ ਭਿਆਨਕ ਸਮਾਜਕ ਰੋਗਾਂ ਤੋ ਜਾਣੂੰ ਕਰਵਾਇਆ ਅਤੇ ਨਰੋਏ ਮਾਨਵਵਾਦੀ ਰਾਹਾਂ ਦੀ ਸੋਝੀ ਕਰਵਾ ਕੇ ਸਮਾਜਿਕ ਸੰਦਰਭ ਵਿਚ ਲੋਕਾਂ ਦੇ ਜੀਵਨ ਨੂੰ ਪਵਿੱਤਰ, ਸਾਦਾ ਅਤੇ ਸਰਲ ਕਰਨ ਦਾ ਯਤਨ ਕੀਤਾ। ਜਾਤ-ਪਾਤ ਨੂੰ ਵਿਅਰਥ ਦੱਸ ਕੇ, ਸੰਗਤ ਅਤੇ ਪੰਗਤ ਦੇ ਸੰਕਲਪਾਂ ਦੇ ਆਧਾਰ ਤੇ ਲੋਕਾਂ ਵਿਚ ਸਮਾਨਤਾ ਅਤੇ ਏਕਤਾ ਵਰਗੇ ਮਾਨਵੀ ਗੁਣਾਂ ਦਾ ਪ੍ਰਸਾਰ ਕੀਤਾ। ਸਾਂਝੀਵਾਲਤਾ ਦੀ ਭਾਵਨਾ ਦਾ ਪ੍ਰਸਾਰ ਕੀਤਾ। 'ਸਰਬ ਜੀਆਂ ਮਹਿ ਏਕੋ ਰਵੈ। ਮਨਮੁਖ ਅਹੰਕਾਰੀ ਫਿਰਿ ਜੂਨੀ ਭਵੈ' (ਗਉੜੀ ਮਹਲਾ ੧,ਪੰਨਾ-228)

ਗੁਰੂ ਸਾਹਿਬ ਸਮੇ ਰਾਜਨੀਤਿਕ ਅਤੇ ਆਰਥਿਕ ਸੰਦਰਭ ਵਿਚ ਅਰਾਜਕਤਾ ਪ੍ਰਧਾਨ ਸੀ। ਹੁਕਮਰਾਨ ਸ਼੍ਰੇਣੀ ਭੋਗ ਵਿਲਾਸ ਵਿਚ ਗ੍ਰਸੀ ਹੋਈ ਸੀ। ਸੁਆਰਥ ਅਤੇ ਅਹੰਕਾਰ ਕਰਕੇ ਲੋਕਾਂ ਤੇ ਜ਼ੁਲਮ ਢਾਹ ਰਹੀ ਸੀ। ਉਸ ਸਮੇਂ,ਲੁਟ-ਖਸੁੱਟ ਜ਼ੋਰਾਂ ਤੇ ਸੀ, ਇਕ ਦੂਜੇ ਦੇ ਹੱਕ ਨੂੰ ਮਾਰ ਕੇ ਉਸਨੂੰ ਤੰਗ ਕਰਨਾ ਆਮ ਪ੍ਰਚਲੱਤ ਸੀ। ਗੁਰੂ ਸਾਹਿਬ

ਨੇ ਅਜਿਹੀਆਂ ਕੁਰਾਹਾਂ ਨੂੰ ਨਿੰਦਿਆ ਹੈ। ਪਰਾਏ ਹੱਕਾਂ ਨੂੰ ਮੁਰਦਾਰ ਨਾਲ ਤੁਲਨਾ ਦਿੱਤੀ ਹੈ। ਮੁਰਦਾਰ ਖਾਣਾ ਹੈਵਾਨਾਂ ਦਾ ਕੰਮ ਹੈ, ਇਨਸਾਨਾਂ ਦਾ ਨਹੀਂ। ਦਸਾਂ ਨੌਹਾਂ ਦੀ ਕਿਰਤ ਕਰਨ ਦੀ ਪ੍ਰੇਰਨਾ ਦਿੱਤੀ। ਇਹ ਕਿਰਤ ਹੀ ਉਚੀ-ਸੁੱਚੀ ਹੈ। ਦਸਾਂ ਨੌਹਾਂ ਦੀ ਕਿਰਤ ਹੀ ਹੱਕ ਦੀ ਕਮਾਈ ਹੈ। ਰਾਜਨੀਤਿਕ ਖੇਤਰ ਵਿਚ ਹਿੰਦੂ-ਮੁਸਲਮ ਏਕਤਾ ਦਾ ਪ੍ਰਸਾਰ ਕੀਤਾ। ਇਸ ਪ੍ਰਕਾਰ ਗੁਰੂ ਨਾਨਕ ਨੇ ਰਾਜਨੀਤਿਕ ਅਤੇ ਆਰਥਿਕ ਖੇਤਰ ਵਿਚ ਲੋਕਾਂ ਨੂੰ ਨਰੋਏ ਮਾਨਵਵਾਦੀ ਵਿਚਾਰ ਪ੍ਰਦਾਨ ਕੀਤੇ।

ਸਦਾਚਾਰਕ ਖੇਤਰ, ਮਾਨਵਵਾਦ ਦਾ ਆਧਾਰ -ਭੂਤ ਤੱਤ ਹੈ। ਇਕ ਵਿਆਪਕ ਅਰਥਾਂ ਵਿਚ ਤਾਂ ਸਾਰਾ ਨੀਤੀ-ਸ਼ਾਸਤਰ ਮਾਨਵਵਾਦੀ ਹੈ ਕਿਉਂਕਿ ਇਸਦਾ ਕੇਂਦਰੀ ਅਧਿਐਨ ਮਨੁੱਖ ਦਾ ਨੈਤਿਕ ਵਤੀਰਾ ਹੈ ਅਤੇ ਵਤੀਰਾ ਕੇਵਲ ਮਨੁੱਖ ਦਾ ਹੀ ਨੈਤਿਕ ਜਾਂ ਅਨੈਤਿਕ ਹੋ ਸਕਦਾ ਹੈ। ਇਸਦੇ ਇਨ੍ਹਾਂ ਵਤੀਰੇ ਨੂੰ ਨੈਤਿਕ ਜਾਂ ਅਨੈਤਿਕ ਮੰਨਣ ਲਈ ਇਹ ਵੀ ਜ਼ਰੂਰੀ ਹੈ ਕਿ ਮਨੁੱਖ ਨੂੰ ਉਸਦੇ ਆਚਰਣ ਦੇ ਲਈ ਸੁਤੰਤਰ ਮੰਨਿਆ ਜਾਵੇ ਅਤੇ ਇਸ ਤਰ੍ਹਾਂ ਸੁਤੰਤਰਤਾ ਦੀ ਧਾਰਣਾ ਨੀਤੀ ਸ਼ਾਸਤਰ ਦੀ ਪੂਰਵ-ਮਾਨਤਾ ਹੈ ਜਿਸਨੂੰ ਸਾਰੇ ਮਾਨਵਵਾਦੀ ਸਵੀਕਾਰ ਕਰਦੇ ਹਨ। ਮਨੁੱਖ ਇਸ ਮਾਨਵਵਾਦੀ ਸਿਧਾਂਤ ਅਨੁਸਾਰ ਸਰਵਉੱਚ ਪ੍ਰਾਣੀ ਹੈ ਇਸ ਤਰ੍ਹਾਂ(ੳ) ਮਨੁੱਖ ਦਾ ਉਹ ਆਚਰਣ ਜਿਹੜਾ ਮਾਨਵੀ ਨਹੀਂ ਹੈ- ਬਰਬਰ ਅਤੇ ਪਾਸ਼ਵਿਕ ਹੈ- ਕਦੀ ਨੈਤਿਕ ਨਹੀਂ ਕਿਹਾ ਜਾ ਸਕਦਾ(ਅ) ਮਨੁੱਖ ਤੋਂ ਉਪਰ ਕਿਸੇ ਭੀ ਸ਼ਕਤੀ ਦੀ ਪਰਿਕਲਪਨਾ ਜਿਹੜੀ ਮਨੁੱਖੀ ਸੁਤੰਤਰਤਾ ਦਾ ਹਨਨ ਕਰਦੀ ਹੈ, ਨੈਤਿਕ ਰੂਪ ਨਾਲ ਗਲਤ ਹੈ। ਮਨੁੱਖ ਦੀ ਨਿੱਜੀ ਜੀਵਨ ਦੀ ਪਵਿੱਤਰਤਾ ਹੀ ਉਸਨੂੰ ਮਾਨਵਵਾਦੀ ਰਾਹਾਂ ਤੇ ਤੋਰਦੀ ਹੈ। ਸਦਾਚਾਰਕ ਸਿੱਖਿਆ ਮਨੁੱਖ ਨੂੰ ਕੇਵਲ ਉਸਦੇ ਆਪਣੇ ਸਮਾਜ ਨਾਲ ਹੀ ਨਹੀਂ ਸਗੋਂ ਸਮੁੱਚੀ ਮਨੁੱਖਤਾ ਨਾਲ ਸੰਬੰਧਿਤ ਕਰਦੀ ਹੈ ਅਤੇ ਇਹ ਯੋਗ ਸੰਬੰਧ, ਯੋਗ ਵਰਤਾਰਾ ਸੀ ਉਸਦੇ ਨੈਤਿਕ ਗੁਣਾਂ ਨੂੰ ਉਘਾੜਦਾ ਹੈ। ਉਹ ਆਪਣੇ ਅਤੇ ਆਲੇ ਦੁਆਲੇ ਤਕ ਹੀ ਸੀਮਿਤ ਨਹੀਂ ਰਹਿੰਦਾ, ਸਗੋਂ ਉਹ ਇਕ ਵਿਸ਼ਾਲ ਦ੍ਰਿਸ਼ਟੀ ਤੋਂ ਵੇਖਦਾ ਹੈ। ਉਸਦਾ ਹਰ ਕੰਮ ,ਹਰ ਸੋਚ, ਸਾਰੀ ਮਨੁੱਖਤਾ ਦੇ ਭਲੇ ਲਈ ਹੁੰਦੀ ਹੈ। ਗੁਰੂ ਨਾਨਕ ਮਨੁੱਖ ਨੂੰ ਇਹੋ ਸਿੱਖਿਆ ਹੀ ਦਿੰਦੇ ਹਨ। ਗੁਰੂ ਸਾਹਿਬ ਮਨੁੱਖ-ਮਾਤਰ ਨੂੰ ਹਉਮੈ, ਮਾਇਆ ਅਤੇ ਕੂੜ ਆਦਿਕ ਭਾਵਾਂ ਤੋਂ ਰਹਿਤ ਹੋ ਕੇ ਹੀ ਚੰਗੇ ਨੈਤਿਕ ਗੁਣਾਂ ਦਾ ਧਾਰਨੀ ਬਣਾਉਣਾ ਚਾਹੁੰਦੇ ਹਨ। ਮਨੁੱਖ ਦੀ ਕਥਨੀ ਅਤੇ ਕਰਨੀ 'ਚੋਂ ਪਵਿੱਤਰ ਸਦਾਚਾਰ ਦੀ ਝਲਕ ਦਿਖਾਈ ਦੇਵੇ। ਗੁਰੂ ਸਾਹਿਬ ਨੇ ਮਨੁੱਖ ਨੂੰ ਪਦਾਰਥਕ

ਅਤੇ ਸੰਸਾਰਕ ਝਮੇਲਿਆਂ ਤੋਂ ਦੂਰ ਰਹਿਣ ਅਤੇ ਵਿਸ਼ੇ ਵਿਕਾਰਾਂ ਦੇ ਜੰਜਾਲ ਤੋਂ
ਬਚ ਕੇ ਰਹਿਣ ਲਈ ਕਿਹਾ ਹੈ। ਮਨੁੱਖ ਜਿਹਨਾਂ ਝਮੇਲਿਆਂ ਦਾ ਗੁਲਾਮ ਨਾ
ਬਣੇ ਬਲਕਿ ਇਹਨਾਂ ਤੇ ਕਾਬੂ ਪਾਏ, ਤਾਂ ਹੀ ਉਹ ਮਾਨਵਵਾਦੀ, ਸਦਾਚਾਰਕ
ਰਾਹਾਂ ਤੇ ਚਲ ਸਕੇਗਾ।

ਕਿਸੇ ਵੀ ਰੂਪ ਵਿਚ ਜਾਂ ਕਿਨਾਂ ਵੀ ਸ਼ਬਦਾਂ ਵਿਚ ਕਹਿ ਲਿਆ ਜਾਵੇ,
ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਸਾਹਿਬ ਦੀ ਬਾਣੀ ਆਪਣੇ ਵੇਲੇ ਦੇ
ਸਮਕਾਲੀ ਵਾਤਾਵਰਣ ਦੇ ਪਿਛੋਕੜ ਉਤੇ ਉਸਾਰੀ ਗਈ ਉਹਨਾਂ ਦੀ ਅਧਿਆਤਮਕ
ਵਿਚਾਰਧਾਰਾ ਨੂੰ ਪੂਰਨ ਅਤੇ ਅਸਲ ਰੂਪ ਵਿਚ ਅਭਿਵਿਅਕਤ ਕਰਦੀ ਹੈ। ਗੁਰੂ ਨਾਨਕਨੇ
ਝੂਠ ਅਤੇ ਸੱਚ ਦੋ ਸਿਰਿਆਂ ਦਾ ਵਰਨਣ ਕੀਤਾ ਹੈ। ਝੂਠ ਦਾ ਖੰਡਨ ਅਤੇ ਸੱਚ ਦਾ ਮੰਡਨ
ਕੀਤਾ ਹੈ। ਗੁਰੂ ਨਾਨਕ ਦੀ ਬਾਣੀ ਦਾ ਮੁਖ ਵਿਸ਼ਾ 'ਸਤਿ' ਦਾ ਪ੍ਰਕਾਸ਼ ਹੈ ਅਤੇ
ਉਦੇਸ਼ ਹੈ - ਅਗਿਆਨਤਾ ਅਤੇ ਮਾਸੂਮਤਾ ਕਰਕੇ ਸਮਕਾਲੀ ਸਮਾਜ ਦੇ ਭਰਮਾਂ,
ਵਹਿਮਾਂ ਵਿਚ ਫਸੇ ਜੀਵਨ ਦਾ ਕਲਿਆਣ ,ਉਸ ਜਿਲ੍ਹਣ ਵਿਚ ਫਸੇ ਜੀਵਨ ਨੂੰ
ਗਿਆਨ ਦਾ ਪ੍ਰਕਾਸ਼ ਦੇ ਕੇ ਅਗਿਆਨਤਾ ਦੇ ਹਨੇਰੇ ਵਿਚੋਂ ਕੱਢਣਾ ਅਤੇ ਅਸਲੀਅਤ
ਤੋਂ ਜਾਣੂ ਕਰਵਾਉਣਾ ਅਤੇ ਸਦੀਆਂ ਦੀ ਗੁਲਾਮੀ ਸਦਕਾ ਉਸ ਅੰਦਰ ਉਸਰੇ ਹੀਣਤਾਭਾਵ
ਨੂੰ ਕੱਢਣਾ ਹੈ। ਇਸ ਮਨੋਰਥ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਕਾਮ,ਕ੍ਰੋਧ,ਲੋਭ
ਮੋਹ, ਹੰਕਾਰ, ਨਿੰਦਿਆ, ਨਫ਼ਰਤ, ਵੈਰ-ਵਿਰੋਧ, ਈਰਖਾ ਆਦਿ ਦੁਸ਼ਟ ਸ਼ਕਤੀਆਂ
ਤੋਂ ਨਿਜਾਤ ਪ੍ਰਾਪਤ ਕਰ ਲੈਣ ਵਾਲਾ ਅਤੇ ਸੇਵਾ-ਭਾਵ, ਨਿਮਰਤਾ, ਮਿਠਾਸ, ਸਾਦਗੀ
ਸੰਤੋਖ, ਹਮਦਰਦੀ ਆਦਿ ਸਦਗੁਣਾਂ ਨੂੰ ਆਪਣੇ ਆਚਰਣ ਦਾ ਆਧਾਰ ਬਣਾ
ਲੈਣ ਵਾਲਾ ਮਨੁੱਖ, ਸਦਾਚਾਰਕ ਦ੍ਰਿਸ਼ਟੀ ਤੋਂ, ਗੁਰੂ ਨਾਨਕ ਸਾਹਿਬ ਦੇ ਮਾਨਵਵਾਦੀ
ਵਿਚਾਰਾਂ ਅਨੁਸਾਰ, ਆਦਰਸ਼ਕ ਮਨੁੱਖ ਹੁੰਦਾ ਹੈ। ਇਹੋ ਜਿਹਾ ਮਨੁੱਖ "ਪ੍ਰੇਮ" ਦੀ
ਸਾਖਿਆਤ ਮੂਰਤੀ ਹੁੰਦਾ ਹੈ। ਇਸ ਲਈ ਸਮੁੱਚੀ ਸ੍ਰਿਸ਼ਟੀ ਦੇ ਕਣ ਕਣ ਵਿਚ ਈਸ਼ਵਰ
ਦੀ ਤਸਵੀਰ ਹੀ ਉਸਨੂੰ ਵਿਆਪਕ ਦਿਸਦੀ ਹੈ। ਜਗਤ ਦੇ ਸਭ ਪ੍ਰਾਣੀਆਂ ਦੇ ਮਨਾਂ
ਨੂੰ ਈਸ਼ਵਰ ਦਾ ਨਿਵਾਸ ਅਸਥਾਨ ਮੰਨ ਕੇ ਚਲਣ ਵਾਲੇ ਮਨੁੱਖ ਲਈ ਕੋਈ ਵਿਅਕਤੀ
ਵੀ ਪਰਾਇਆ ਜਾਂ ਓਪਰਾ ਨਹੀਂ ਰਹਿੰਦਾ। ਸਭ ਨੂੰ ਪਿਆਰ ਕਰਨ ਵਾਲੇ
ਇਸ ਪੂਰਨ-ਮਨੁੱਖ ਦਾ ਹਿਰਦਾ ਇਤਨਾ ਵਿਸ਼ਾਲ ਹੋ ਜਾਂਦਾ ਹੈ ਕਿ ਸਭ ਧਰਮਾਂ,
ਸਭ ਜਾਤੀਆਂ ਅਤੇ ਸਭ ਦੇਸ਼ਾਂ ਦੇ ਪ੍ਰਾਣੀ ਉਸਨੂੰ ਆਪਣੇ ਭਾਈ ਹੀ ਪ੍ਰਤੀਤ ਹੋਣ ਲਗ
ਪੈਂਦੇ ਹਨ,. ਇਸ ਤਰ੍ਹਾਂ ਗੁਰੂ ਸਾਹਿਬ ਦੀ ਬਾਣੀ ਵਿਸ਼ਵ-ਦ੍ਰਿਸ਼ਟੀ ਵਾਲੇ

ਮਾਨਵਵਾਦ ਦੀ ਸਥਾਪਨਾ ਕਰਦੀ ਹੈ। ਗੁਰੂ ਨਾਨਕ ਦੇ ਵਿਚਾਰਾਂ ਅਤੇ ਅਮਲਾਂ ਵਿਚ ਫਿਰਕਾਪ੍ਰਸਤੀ ਜਾਂ ਸਥਾਨਕ ਤੰਗਦਿਲੀ ਲਈ ਕੋਈ ਥਾਂ ਨਹੀਂ ਸੀ। ਜਿਥੇ ਵੀ ਗਏ ਉਹਨਾਂ ਨੇ ਹਰ ਪ੍ਰਾਣੀ ਮਾਤਰ ਨੂੰ ਆਪਣਾ ਮੀਤ, ਸਖਾ ਤੇ ਬੰਧਪ ਹੀ ਸਮਝਿਆ। " ਨਾ ਕੋ ਬੈਰੀ ਨਹੀ ਬਿਗਾਨਾ। ਸਗਲ ਸੰਗਿ ਹਮ ਕਉ ਬਨਿ ਆਈ"(ਕਾਨੜਾ ਮਹਲਾ 5, ਪੰਨਾ-1299) ਉਹਨਾਂ ਦਾ ਆਦਰਸ਼ ਸੀ ਅਤੇ ਇਸ ਆਦਰਸ਼ ਨੂੰ ਵਿਹਾਰਕ ਰੂਪ ਵੀ ਦਿੱਤਾ। ਇਸ ਸਰਬ ਸਾਂਝੇ ਆਦਰਸ਼ ਦੇ ਸੱਚੇ ਸਰਬ-ਵਿਆਪਕ ਮਾਨਵਵਾਦ ਨੂੰ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ: ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭੱਲਾ।"

ਸਰਬੱਤ ਦਾ ਭਲਾ ਹੀ ਮਾਨਵਵਾਦ ਹੈ। ਸਰਬੱਤ ਦੇ ਭਲੇ ਲਈ ਮਾਨਵਵਾਦੀ ਸੰਘਰਸ਼ ਕਰਨਾ ਹੀ ਨਾਨਕ ਬਾਣੀ ਦਾ ਮੰਤਵ ਹੈ। ਗੁਰੂ ਸਾਹਿਬ ਨੇ ਮਨੁੱਖ ਨੂੰ ਕਿਸੇ ਫਿਰਕੇ ਦੇ ਛੋਟੇ ਜਿਹੇ ਚੌਖਟੇ ਵਿਚ ਬੰਨਣ ਲਈ ਨਹੀਂ ਕਿਹਾ, ਸਗੋਂ ਉਹਨਾਂ ਨੇ ਮਨੁੱਖ ਵਿਚ ਇਨਸਾਨੀਅਤ ਦੀ ਲੋੜ ਉਤੇ ਜੋਰ ਦੇ ਕੇ ਅਧਿਆਤਮਕ ਜੀਵਨ-ਜਾਚ ਲਈ ਪ੍ਰੇਰਿਆ ਹੈ। ਗੁਰੂ ਸਾਹਿਬ ਪਹਿਲੇ ਧਾਰਮਿਕ ਨੇਤਾ ਹੋਏ ਹਨ ਜਿਨ੍ਹਾਂ ਨੇ ਮਨੁੱਖੀ ਸਮਾਨਤਾ ਉਤੇ ਜੋਰ ਦਿੰਦੇ ਹੋਏ ਪ੍ਰਭੂ- ਪ੍ਰਾਪਤੀ ਲਈ ਰਸਤਾ ਦੱਸਿਆ। ਫਾਲਤੂ ਕਰਮ-ਕਾਂਡਾਂ ਦੀ ਨਿਖੇਧੀ ਕਰਕੇ ਸੱਚ ਦੇ ਰਸਤੇ ਤੇ ਚਲਣ ਲਈ ਕਿਹਾ।

ਮਹੱਤਵਪੂਰਨ ਗੱਲ ਇਹ ਹੈ ਗੁਰੂ ਜੀ ਦੀ ਬਾਣੀ, ਵਿਗਿਆਨਕ ਆਲੋਚਨਾ ਦੀ ਦ੍ਰਿਸ਼ਟੀ ਤੋਂ ਵੇਖਿਆ, ਅੱਜ ਵੀ ਉਨੀ ਹੀ ਸੱਜਰੀ, ਢੁਕਵੀਂ ਸ਼ਕਤੀਸ਼ਾਲੀ, ਗੌਰਵਮਈ ਅਤੇ ਨਰੋਏ ਅਮਲ ਦੀ, ਸੇਧ ਦੀ ਸਮਰੱਥਾ ਰੱਖਦੀ ਹੈ ਜਿੰਨੀ ਕਿ ਆਪਣੇ ਉਚਾਰਣ ਸਮੇਂ ਰੱਖਦੀ ਸੀ।

ਇਸਦਾ ਭਾਵ ਇਹ ਕਦਾਚਿਤ ਨਹੀਂ ਕਿ ਗੁਰੂ ਜੀ ਤੋਂ ਪਿਛੋਂ ਹੋਰ ਵਿਚਾਰਵਾਨਾਂ ਵਿਦਵਾਨਾਂ, ਬੁੱਧਜੀਵੀਆਂ, ਧਾਰਮਿਕ ਅਤੇ ਸਮਾਜਿਕ ਆਗੂਆਂ ਨੇ ਭਾਰਤੀ ਮਨੁੱਖਵਾਦੀ ਵਿਚਾਰਧਾਰਾ ਵਿਚ ਆਪਣਾ ਵੱਖਰਾ ਹਿੱਸਾ ਨਹੀਂ ਪਾਇਆ ਅਤੇ ਇਸਦਾ ਭਾਵ ਇਹ ਵੀ ਨਹੀਂ ਕਿ ਗੁਰੂ ਸਾਹਿਬ ਦੇ ਸਮੇਂ ਤੋਂ ਲੈ ਕੇ ਅੱਜ ਦੇ ਸਮੇਂ ਦੀਆਂ ਸਥਿਤੀਆਂ ਦਾ ਢੇਰ ਸਾਰਾ ਬੁਨਿਆਦੀ ਫਰਕ ਨਹੀਂ ਪੈ ਗਿਆ। ਇਸਦਾ ਅਰਥ ਇਹ ਵੀ ਨਹੀਂ ਲਿਆ ਜਾਣਾ ਚਾਹੀਦਾ ਕਿ ਵਿਗਿਆਨ ਅਤੇ ਸਨਅਤ ਦੀ ਉਸ ਘਟੋਤ ਵਾਲੇ ਸਮਾਜ ਦੇ ਮੁਕਾਬਲੇ ਤੇ ਇਤਨੀ ਮਹਾਨ ਉਨਤੀ ਨੇ ਸਮਾਜੀ ਸਮੱਸਿਆਵਾਂ ਅਤੇ ਉਹਨਾਂ ਦੀ ਨਜਿੱਠਣ ਦੀ ਮਾਨਵੀ ਯੁਕਤੀ ਨੂੰ ਤਬਦੀਲ ਨਹੀਂ ਕੀਤਾ। ਪਰੰਤੂ ਇਸਦੀ ਸਾਰਥਕਤਾ

ਕੇਵਲ ਇਹ ਹੈ ਕਿ ਗੁਰੂ ਸਾਹਿਬ ਦੀ ਬਾਣੀ ਦਾ ਸੱਜਰਾਪਨ ਨਵੀਨਤਾ, ਸਰਵੱਗਤਾ, ਨਰੋਆਪਨ, ਉਹਨਾਂ ਦੇ ਪ੍ਰਬਲ ਮਾਨਵਵਾਦ ਵਿਚ ਹੈ। ਜੋ ਕਦੇ ਵੀ ਪੁਰਾਣਾ ਨਹੀਂ ਹੋ ਜਾਣਾ। ਜੋ ਸਰਬ-ਕਾਲੀ, ਸਦੀਵੀ ਅਹਿਮੀਅਤ ਦਾ ਧਾਰਨੀ ਹੈ। ਇਹ ਮਾਨਵਵਾਦ ਅਸਪਸ਼ਟ ਨਹੀਂ, ਸਗੋਂ ਨਿੱਗਰ ਹੈ। ਇਹ ਵਿਅਕਤੀਆਂ ਜਾਤੀ ਅਤੇ ਸਮਾਜਿਕ ਸਮੱਸਿਆਵਾਂ ਤੋਂ ਭਾਜ ਨੂੰ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਮੰਨਦਾ। 'ਕਰਮ ਕਰਹਿ ਹੋਹਿ ਨਿਹਕਾਮੀ' ਨੂੰ ਮੰਨਦਾ ਹੈ। ਇਹ ਮਾਨਵਵਾਦ ਸਿਰਫ਼ ਹਿੰਦੂ ਅਤੇ ਮੁਸਲਮ ਏਕਤਾ ਦਾ ਹੀ ਹੋਕਾ ਨਹੀਂ ਦਿੰਦਾ ਸਗੋਂ ਜ਼ੋਰਦਾਰ ਢੰਗ ਨਾਲ ਅਤੇ ਅਧਿਕ ਦਾਰ ਸਮਾਜ ਦੇ ਦਲਿਤ ਲੋਕਾਂ, ਲੁਟ-ਖੋਹ ਦੀਆਂ ਸ਼ਿਕਾਰ ਸ਼੍ਰੇਣੀਆਂ ਅਤੇ ਹਾਕਮਾਂ ਦੇ ਸਤਾਏ ਲੋਕਾਂ ਪ੍ਰਤੀ ਸਹਾਨੁਭੂਤੀ ਪ੍ਰਗਟ ਕਰਦਾ ਹੈ, ਮਨੁੱਖ ਨੂੰ ਜ਼ਾਬਰਾਂ ਤੇ ਜ਼ਾਲਮਾਂ ਤੋਂ ਨਿਜਾਤ ਦਿਵਾਉਂਦਾ ਹੈ।

ਮਾਨਵਵਾਦ ਦੇ ਇਕ ਵਿਸ਼ੇਸ਼ ਸੰਦਰਭ ਦੇ ਤੌਰ ਤੇ ਗੁਰੂ ਨਾਨਕ ਸਾਹਿਬ ਨੇ ਉਸ ਸਮੇਂ ਦੇ ਭਾਰਤੀ ਸਰਹਦਾਂ ਅਤੇ ਸੰਪਰਦਾਵਾਂ ਦੀਆਂ ਬੇਜਾਨ ਰਸਮਾਂ ਅਤੇ ਬੰਦਸ਼ਾਂ ਅਤੇ ਜਾਤਾਂ ਵਿਚਕਾਰ ਉਚ-ਨੀਚ ਦੇ ਫ਼ਰਕ ਅਤੇ ਦਵੈਤ-ਭਾਵ ਨੂੰ ਮਨੁੱਖੀ-ਗੁਣਾਂ ਦੀ ਸਰਬ-ਸ੍ਰੇਸ਼ਠਤਾ, ਸਰਵ-ਉੱਚਤਾ, ਮਹਾਨਤਾ ਦੇ ਆਧਾਰ ਉਤੇ ਮੇਟਣ ਲਈ ਦਿਨ ਰਾਤ ਘਾਲਣਾ ਕੀਤੀ। ਸੱਚਾ ਧਰਮ ਉਹ ਹੈ, ਜੋ ਸਾਨੂੰ ਆਪਣੇ ਲਈ ਤੇ ਸਾਰੇ ਆਲੇ ਦੁਆਲੇ ਦੇ ਲੋਕਾਂ ਲਈ ਵਧੇਰੇ ਚੰਗੇ, ਵਧੇਰੇ ਸੰਤੋਖੀ, ਸਾਬਰ ਅਤੇ ਸਹਿਨਸ਼ੀਲ ਬਣਾਵੇ ਅਤੇ ਸਰਬ-ਸਾਂਝੇ ਧਰਮ ਦੀ ਪਾਲਣਾ ਕਰਨ ਲਈ ਪ੍ਰੇਰੇ। ਨਾਨਕ ਬਾਣੀ ਇਹਨਾਂ ਗੁਣਾਂ ਦੀ ਧਾਰਨੀ ਹੈ ਅਤੇ ਇਹਨਾਂ ਆਧਾਰਾਂ ਤੇ ਹੀ ਮਾਨਵੀ ਰਾਹਾਂ ਨੂੰ ਰੌਸ਼ਨ ਕਰਦੀ ਹੈ। ਗੁਰੂ ਸਾਹਿਬ ਦੀ ਰਚਨਾ ਦਾ ਡੂੰਘੇ ਤੌਰ ਤੇ ਵਿਸ਼ਲੇਸ਼ਣ ਕੀਤਿਆਂ ਇਕ ਗੱਲ ਸਪਸ਼ਟ ਰੂਪ ਵਿਚ ਦ੍ਰਿਸ਼ਟੀਗੋਚਰ ਹੋਈ ਹੈ- ਉਹ ਹੈ ਉਹਨਾਂ ਦੀ ਕਵਿਤਾ ਵਿਚਲਾ ਆਧੁਨਿਕਤਮ ਦ੍ਰਿਸ਼ਟੀਕੋਣ। ਨਾਨਕ ਬਾਣੀ ਦੀ ਭਾਵਨਾ ਅਮਰ ਹੈ, ਉਹ ਸਦੀਵੀ ਹੈ - ਆਵਾਰ੍ਹ ਸਦੀਆਂ ਦੀ ਹੈ, ਪੰਜ ਸੌ ਸਾਲ ਬੀਤਣ ਉਪਰੰਤ ਵੀ ਉਹਨਾਂ ਦੀ ਕਵਿਤਾ ਦਾ 'ਸੱਚ' ਅੱਜ ਵੀ ਉਜਵਲ ਤੇ ਚਮਕੀਲਾ ਹੈ। ਸਮਾਜ ਦੇ ਜਿਨ੍ਹਾਂ ਨਾਸੂਰਾਂ ਬਾਰੇ ਗੁਰੂ ਸਾਹਿਬ ਨੇ ਪੰਜ ਸਦੀਆਂ ਪਹਿਲਾਂ ਸੰਕੇਤ ਕੀਤਾ ਸੀ - ਉਹ ਨਾਸੂਰ ਅੱਜ ਦੇ ਸਮਾਜ ਵਿਚ ਵੀ ਪਾਏ ਜਾਂਦੇ ਹਨ। ਇਸ ਅਮਰ-ਬਾਣੀ, ਰਚਨਾ ਦੀ ਸੇਧ ਲੈ ਕੇ ਅਸੀਂ ਵਰਤਮਾਨ ਸਮਾਜਕ, ਰਾਜਨੀਤਿਕ ਤੇ ਧਾਰਮਿਕ ਸੰਸਾਰ ਵਿਚ ਵੀ ਨਵ-ਆਦਰਸ਼ ਦੀਆਂ ਸੂਹੀਆਂ ਕਿਰਨਾਂ ਦੀ ਵਰਖਾ ਕਰਨੇ ਲਈ ਪੁਆਂਧੇ ਕਾਲੇ ਚਿਹਰੇ

ਪੋ ਸਕਦੇ ਹਾਂ। ਉਹਨਾਂ ਦੀ ਕਵਿਤਾ ਦੇ ਦਿਲ ਦਾ ਧੜਕਦਾ ਹੁੰਗਾਰਾ ਸਾਨੂੰ ਅੱਜ ਵੀ ਪੂਰੀ ਤਰ੍ਹਾਂ ਸੁਣਾਈ ਦਿੰਦਾ ਹੈ। ਇਹ ਹੁੰਗਾਰਾ ਪ੍ਰਬਲ ਮਾਨਵਵਾਦ , ਸਰਬੱਤ ਦੇ ਭਲੇ ਦਾ ਹੈ। ਨਾਨਕ ਬਾਣੀ ਦੇ ਸੁਨੇਹੇ ਵਿਚ ਸਾਰਵਭੌਮਿਕ ਸੱਚਾਈ ਹੈ। ਗੁਰੂ ਸਾਹਿਬ ਨੇ ਛੂਤ-ਛਾਤ, ਜਾਤ ਪਾਤ ਅਤੇ ਪਾਖੰਡਾਂ ਵਿਰੁੱਧ ਉਪਦੇਸ਼ ਕੀਤਾ ਅਤੇ ਮਾਨਵ ਜਾਤੀ ਨੂੰ ਇਕ ਸੰਪੂਰਨ ਨੈਤਿਕ ਨਿਯਮਾਵਲੀ ਪ੍ਰਦਾਨ ਕੀਤੀ ਅਤੇ ਵਿਸ਼ਵ-ਭਰਾਤ੍ਰੀਅਤਾ ਦਾ ਸੁਨੇਹਾ ਦਿੱਤਾ।

ਗੁਰੂ ਸਾਹਿਬ ਨੇ ਕਥਨੀ ਦੀ ਥਾਂ ਕਰਨੀ ਤੇ ਜ਼ੋਰ ਦਿੱਤਾ। ਨਿਰਭਉ ਅਤੇ ਨਿਰਵੈਰ ਹੋਣ ਦੀ ਸਿੱਖਿਆ ਦ੍ਰਿੜ ਕਰਾਈ। ਕਿਰਤ ਨੂੰ ਲਾਜ਼ਮੀ ਦਸ ਕੇ ਆਤਮ-ਨਿਰਭਰ ਬਣਾਇਆ ਅਤੇ ਆਤਮ-ਵਿਸ਼ਵਾਸ ਪੈਦਾ ਕੀਤਾ, ਕਿਰਤ ਅਤੇ ਕਿਰਤੀ ਦਾ ਸਤਿਕਾਰ ਬਣਾਇਆ। ਸੁਆਰਥ ਦੀ ਬਿਰਤੀ ਦੀ ਬਦਲੀ। ਨਿਰੀ ਵਿਅਕਤੀਗਤ ਮੁਕਤੀ ਦਾ ਰਸਤਾ ਨਾਲ ਨ ਦੱਸਿਆ, ' ਵੰਡ ਕੇ ਛੱਕਣ ' ਦੀ ਭਾਵਨਾ ਨਾਲ ਲੋਕ-ਭਲਾਈ, ਲੋਕ ਸਾਂਝ ਅਤੇ ਸੁਹਿਰਦਤਾ ਵਧਾਈ। ਗੁਰੂ ਸਾਹਿਬ ਨੇ ਲੋਕਾਂ ਨੂੰ ਲੁਟੀ ਰਹਿਤ ਅਤੇ ਜਾਤੀ-ਰਹਿਤ ਸਮਾਜ ਦੀ ਸਿਰਜਣਾ ਵਲ ਪ੍ਰੇਰਿਆ। ਮਨੁੱਖ ਰਾਹੀਂ ਸਿਰਜੀਆਂ ਹੋਈਆਂ ਸਮਾਜਿਕ ਹੱਦ-ਬੰਦੀਆਂ ਨੂੰ ਤੋੜ ਕੇ ਵਿਸ਼ਵ-ਭਾਈਚਾਰਾ, ਵਿਸ਼ਵ-ਸ਼ਾਂਤੀ ਸਥਾਪਤ ਕਰਨ ਵਾਲਾ ਅੰਤਰਰਾਸ਼ਟਰੀ ਮਾਨਵਵਾਦੀ ਸੰਕਲਪ ਪ੍ਰਦਾਨ ਕੀਤਾ। ਮਨੁੱਖ ਦੀਆਂ ਪਦਾਰਥਕ ਅਤੇ ਉਸ ਦੀਆਂ ਅਧਿਆਤਮਕ ਰੁਚੀਆਂ ਵਿਚਾਲੇ ਸੰਤੁਲਨ ਲਿਆਏ ਬਗੈਰ ਕਿਸੇ ਪ੍ਰਕਾਰ ਦਾ ਮਨੁੱਖੀ ਵਿਕਾਸ ਸੰਭਵ ਨਹੀਂ। ਇਸ ਸੰਤੁਲਨ ਦਾ ਅਭਾਵ ਹਮੇਸ਼ਾਂ ਵਿਨਾਸ਼ ਅਤੇ ਵਿਕਾਰ ਉਪਜਾਉਂਦਾ ਹੈ। ਸੰਤੁਲਨ ਸੰਜਮ ਨਾਲ ਆਉਂਦਾ ਹੈ। ਸਵੈ ਲਈ 'ਸੰਜਮ' ਅਤੇ ਪਰ ਲਈ 'ਦਾਨ' ਮਾਨਵਵਾਦ ਦੇ ਪ੍ਰਤੀਕ ਬਣਦੇ ਹਨ। ਨਾਨਕ ਬਾਣੀ ਅੱਜ ਵੀ ਗਲਤ ਕੀਮਤਾਂ ਅਤੇ ਉਹਨਾਂ ਦੇ ਸਮਰਥਕਾਂ, ਰਾਖਿਆਂ ਨੂੰ ਚੈਲੰਜ ਕੇ ਰੋਕ ਸਕਦੀ ਹੈ ਅਤੇ ਇਕ ਨਵਾਂ ਸਮਾਜਿਕ ਪਰਿਵਰਤਨ ਲਿਆ ਸਕਦੀ ਹੈ।

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ: ਗੁਰੂ ਨਾਨਕ ਬਾਣੀ ਵਿਚ ਭਾਰਤੀ ਸਭਿਆਚਾਰ ਦੀ ਸਾਰੀ ਤਸਵੀਰ ਵਿਦਮਾਨ ਹੈ। ਲੇਕਿਨ ਗੁਰੂ ਸਾਹਿਬ ਨੇ ਉਸਦੀ ਅਜਿਹੀ ਨੁਹਾਰ ਬਦਲੀ, ਬਿਮਾਰ-ਖਿਆਲਾਂ ਦੀ ਥਾਂ ਅਜਿਹੇ ਅਰੋਗ ਵਿਚਾਰ ਦਿੱਤੇ ਲੋਕਾਂ ਦੀ ਰਹਿਣੀ-ਬਹਿਣੀ ਅਤੇ ਵਰਤਣ-ਵਰਤਾਵ, ਮਨੁੱਖੀ ਜੀਵਨ ਦੇ ਹਰ ਖੇਤਰ ਵਿਚ, ਅਜਿਹੀ ਵਿਲੱਖਣਤਾ [illegible] ਲਿਆਂਦੀ ਜਿਸਨੇ ਇਕ ਨਵੀਂ ਸੰਸਕ੍ਰਿਤੀ

ਕਾਇਮ ਕੀਤੀ, ਜਿਸ ਵਿਚ ਹਰ ਕੋਈ ਬਰਾਬਰ ਹੈ, ਇਸਤਰੀ ਜਾਤੀ ਦਾ ਆਦਰ ਹੈ, ਨਾ ਜਾਤ-ਪਾਤ ਦੀ ਊਚ-ਨੀਚ ਹੈ, ਨਾ ਲਿੰਗ-ਭੇਦ ਦੀ ਅਤੇ ਜਿਸ ਵਿਚ ਸਤਯੰ, ਸ਼ਿਵੰ, ਸੁੰਦਰੰ ਦੀ ਭਾਵਨਾ ਪ੍ਰਤੱਖ ਝਲਕਾਂ ਮਾਰਦੀ ਹੈ। ਇਸ ਤਰ੍ਹਾਂ ਗੁਰੂ ਨਾਨਕ ਦਾ ਮਾਨਵਵਾਦੀ ਦ੍ਰਿਸ਼ਟੀਕੋਣ: ਅਧਿਆਤਮਕ ਰਹਿਬਰ, ਸਮਾਜ-ਸੁਧਾਰਕ ਅਤੇ ਮਾਨਵੀ ਕੀਮਤਾਂ ਦਾ ਪੱਖ   ਪੂਰਕ ਹੈ। ਨਾਨਕ ਬਾਣੀ ਨੇ ਮਾਨਵੀ ਸੋਚ ਨੂੰ ਸਪਸ਼ਟ ਕਰਕੇ ਮਾਨਵੀ ਕੀਮਤਾਂ ਦੀ ਸ੍ਰੇਸ਼ਠਤਾ ਅਤੇ ਅਮਰੱਤਵ ਅਤੇ ਸਰਬਕਾਲੀਨਤਾ ਨੂੰ ਬੁਲੰਦ ਕੀਤਾ। ਇਹ ਮਾਨਵਵਾਦੀ ਦ੍ਰਿਸ਼ਟੀਕੋਣ: ਮਨੁੱਖੀ ਜੀਵਨ ਨੂੰ ਸੌਖਾ, ਸਦਾਚਾਰਾ, ਸੁੰਦਰ ਤੇ ਆਸ਼ਾ ਭਰਪੂਰ ਬਣਾਉਣ ਦਾ ਸਾਧਨ ਹੈ। ਅਜੋਕੇ ਭਾਰਤੀ ਸਮਾਜ ਅੰਦਰ ਵੱਖਵਾਦੀ ਰੁਚੀਆਂ ਦੇ ਖ਼ਾਤਮੇ ਲਈ ਜੇ ਇਸੇ ਮਾਨਵਵਾਦੀ ਮਾਰਗ-ਦਰਸ਼ਨ ਨੂੰ ਅਪਣਾਇਆ ਜਾਵੇ ਤਾਂ ਕਲਿਆਣ ਸੰਭਵ ਹੈ। ਅੱਜ ਜਦ ਇਹ ਸੰਸਾਰ ਭਿੰਨ ਭਿੰਨ ਹਿੱਸਿਆਂ ਵਿਚ ਵੰਡਿਆ ਜਾ ਰਿਹਾ ਹੈ, ਯੁੱਧ ਅਤੇ ਮਹਾਂ-ਨਾਸ਼ ਦੀ ਸ਼ੰਕਾ ਹਰ ਪਲ ਸਾਨੂੰ ਵਿਚਲਿਤ ਕਰ ਰਹੀ ਹੈ, ਅੰਤਰਰਾਸ਼ਟਰੀ ਘ੍ਰਿਣਾ ਅਤੇ ਦਵੈਸ਼ ਦੀ ਹਨੇਰੀ ਵਿਚ ਸਾਂਸਕ੍ਰਿਤਕ ਮਾਨਵੀ-ਮੁੱਲ ਰੁੜ੍ਹਦੇ ਜਾ ਰਹੇ ਹਨ। ਅਜਿਹੀ ਸਥਿਤੀ ਵਿਚ ਮਾਨਵਵਾਦ ਸੰਪੂਰਨ ਮਾਨਵਤਾ ਦੇ ਕਲਿਆਣ ਦਾ ਦਰਸ਼ਨ ਪ੍ਰਸਤੁਤ ਕਰਦਾ ਹੈ।

****

## ਪੁਸਤਕ-ਸੂਚੀ

### ਪੰਜਾਬੀ


ਅਤਰ ਸਿੰਘ (ਡਾ.), *ਸਮਦਰਸ਼ਨ,*
ਲਾਹੌਰ ਬੁੱਕ ਸ਼ਾਪ, ਘੰਟਾ ਘਰ, ਲੁਧਿਆਣਾ,
ਜੁਲਾਈ, 1982

----, *ਸਾਹਿਤ ਸੰਵੇਦਨਾ,*
ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, ਪਹਿਲੀ
ਵਾਰ, ਮਾਰਚ 1984

ਅਮੋਲ, ਸ.ਸ., *ਨਾਨਕ ਬੋਲੇ ਅੰਮ੍ਰਿਤ ਬਾਣੀ,* (ਭਾਗ 1)
ਸ਼ਾਂਤੀ ਪ੍ਰਕਾਸ਼ਨ, ਲੁਧਿਆਣਾ, ਪਹਿਲੀਵਾਰ, 1977

ਇੱਸਰ, ਦੇਵਿੰਦਰ ਸਿੰਘ, *ਸਾਹਿਤ ਅਤੇ ਆਧੁਨਿਕ ਚੇਤਨਾ,*
ਪੰਜਾਬੀ ਰਾਈਟਰਜ਼ ਕੋਆਪਰੇਟਿਵ ਇੰਡਸਟ੍ਰੀਅਲ
ਸੋਸਾਇਟੀ ਲਿਮਟਿਡ, ਨਵੀਂ ਦਿੱਲੀ, 1980

ਏ. ਓਵਚਾਰੈਂਕੋ, *ਸਮਾਜਵਾਦੀ ਯਥਾਰਥਵਾਦ ਅਤੇ ਆਧੁਨਿਕ*
*ਸਾਹਿਤਕ ਪ੍ਰਕ੍ਰਿਆ,* ਪੰਜਾਬ ਬੁੱਕ ਸੈਂਟਰ,
ਐਸ ਸੀ ਓ, 1126-27, ਸੈਕਟਰ 22-ਬੀ, ਚੰਡੀਗੜ੍ਹ

ਸੂਰੀ, ਕਰਤਾਰ ਸਿੰਘ (ਡਾ.), *ਵਿਚਾਰ-ਵਿਮਰਸ਼,*
ਨਾਨਕ ਸਿੰਘ ਪੁਸਤਕਮਾਲਾ, ਪ੍ਰੀਤਨਗਰ,
ਅੰਮ੍ਰਿਤਸਰ, ਪਹਿਲੀ ਵਾਰ, 1976

ਸਾਹਿਬ ਸਿੰਘ, (ਪ੍ਰੋ.), *ਆਸਾ ਦੀ ਵਾਰ, ਸਟੀਕ*
ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, ਮਾਰਚ, 1981

-----, *ਧਰਮ ਤੇ ਸਦਾਚਾਰ,*
ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, 1985

ਸਤਿਬੀਰ ਸਿੰਘ (ਪ੍ਰਿੰ.), *ਸਾਡਾ ਇਤਿਹਾਸ (ਦਸ ਪਾਤਸ਼ਾਹੀਆਂ)*
(1469-1708) ਭਾਗ ਪਹਿਲਾ,
ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ,
ਪੰਜਵੀਂ, ਐਡੀਸ਼ਨ, 1984

| | |
|---|---|
| ਹੀਰਾ, ਭਗਤ ਸਿੰਘ, | ਗੁਰਮਤਿ ਵਿਚਾਰਧਾਰਾ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ-1969 |
| ----, | ਗੁਰਮਤਿ ਵਿਚ ਬ੍ਰਹਮ ਦਾ ਸਰੂਪ, ਭਗਤ ਸਿੰਘ ਹੀਰਾ, 22/21-ਬੀ, ਤਿਲਕ ਨਗਰ ਨਵੀਂ ਦਿੱਲੀ ,1987 |
| ਹਰਿਭਜਨ ਸਿੰਘ (ਡਾ.), | ਅਧਿਐਨ ਅਤੇ ਅਧਿਆਪਨ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ,1970 |
| ਹਮਦਰਦਵੀਰ ਸਿੰਘ(ਪ੍ਰੋ.)। | ਆਧੁਨਿਕ ਸਾਹਿਤਕ ਅਨੁਭਵ(ਪੰਜਾਬੀ ਸਾਹਿਤ ਬਾਰੇ ਨਵਾਂ ਸਿਹਤਮੰਦ ਦ੍ਰਿਸ਼ਟੀਕੋਣ) ਸਰਬ ਪ੍ਰਕਾਸ਼ਨ, ਲੁਧਿਆਣਾ, ਪਹਿਲੀਵਾਰ,1972 |
| ਕੋਹਲੀ, ਸੁਰਿੰਦਰ ਸਿੰਘ(ਡਾ.)(ਸੰਪਾ) | ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ-ਕਲਾ, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, ਪਹਿਲੀ ਵਾਰ, ਨਵੰਬਰ 1969 |
| ----(ਸੰਪਾਦਕ), | ਗੁਰੂ ਤੇਗ ਬਹਾਦਰ ਜੀਵਨ ਸਮਾਂ ਅਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀ. ਚੰਡੀਗੜ੍ਹ,1976 |
| ਕਾਹਨ ਸਿੰਘ(ਭਾਈ), | ਗੁਰਮਤਿ ਪ੍ਰਭਾਕਰ, ਗੁਰਮਤਿ ਪ੍ਰੈਸ, ਅੰਮ੍ਰਿਤਸਰ, ਮਿਤੀਹੀਣ |
| ----, | ਗੁਰਮਤਿ ਮਾਰਤੰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1982 |
| ----, | ਗੁਰੁਸ਼ਬਦ ਰਤਨਾਕਰ ਮਹਾਨਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ,1960 |
| ਕਾਂਗ, ਕੁਲਬੀਰ ਸਿੰਘ(ਡਾ.), | ਪੰਜਾਬੀ ਸਾਹਿਤ-ਇਕ ਆਧੁਨਿਕ ਚਿੰਤਨ, ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ, ਪਹਿਲੀ ਐਡੀਸ਼ਨ, 1954 |
| ----, | ਮਹਾਂ ਕਵੀ ਗੁਰੂ ਨਾਨਕ(ਪੁਨਰ ਮੁਲਾਂਕਣ ਤੇ ਪੁਨਰ ਵਿਆਖਿਆ,)ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, ਪਹਿਲੀ ਵਾਰ,1977 |

ਕੌਰ ਸਿੰਘ(ਅਕਾਲੀ), ਗੁਰੂ ਸ਼ਬਦ ਰਤਨ-ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ,1969

ਕਿਸ਼ਨ ਸਿੰਘ(ਪ੍ਰੋ.), ਗੁਰਬਾਣੀ ਵਿਚ ਬਦੀ ਦਾ ਸੰਕਲਪ, ਪ੍ਰਕਾਸ਼ਕ:ਕੁਲਦੀਪ ਸਿੰਘ,ਪ੍ਰਕਾਸ਼ਨ ਅਫ਼ਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ ਪਹਿਲੀ ਛਾਪ, ਨਵੰਬਰ 1973

----, ਸਿੱਖ ਇਨਕਲਾਬ ਦਾ ਮੋਢੀ, ਗੁਰੂ ਨਾਨਕ,ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ, ਪਹਿਲੀ ਵਾਰ, ਅਗਸਤ, 1973

----, ਗੁਰਬਾਣੀ ਦਾ ਸੱਚ, ਸੰਗ ਪ੍ਰਕਾਸ਼ਨ, ਨਵੀਂ ਦਿੱਲੀ, ਅਪ੍ਰੈਲ,1976

ਕੁਲਵੰਤ ਕੌਰ, ਗੁਰਮਤਿ ਕਾਵਿ-ਇਕ ਅਧਿਐਨ, ਲੋਕਹਿਤ ਪ੍ਰਕਾਸ਼ਨ,ਐਸ ਸੀ ਓ 52-58-59 ਸੈਕਟਰ 17-ਸੀ,ਚੰਡੀਗੜ੍ਹ, 1984

ਗੁਰਮੁਖ ਨਿਹਾਲ ਸਿੰਘ, ਗੁਰੂ ਨਾਨਕ:ਜੀਵਨ, ਯੁੱਗ ਅਤੇ ਉਪਦੇਸ਼, ਗੁਰੂ ਨਾਨਕ ਫਾਊਂਡੇਸ਼ਨ,ਨਵਯੁੱਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1969

ਗੁਰਦੇਵ ਸਿੰਘ (ਡਾ.), ਗੁਰੂ ਨਾਨਕ, ਵਿਚਾਰ ਅਤੇ ਕਾਵਿ ਕਲਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ,ਮਿਤੀਹੀਣ

ਢਿੱਲੋਂ,ਨਿਰਮਲ ਸਿੰਘ(ਡਾ.), ਗੁਰੂ ਨਾਨਕ ਬਾਣੀ ਵਿਚ ਮੁਕਤੀ ਮਾਰਗ, ਪ੍ਰਕਾਸ਼ਕ:581 ਐਲ,ਮਾਡਲ ਟਾਊਨ,ਜਲੰਧਰ ਜਨਵਰੀ,1982

ਗੁਰਚਰਨ ਸਿੰਘ(ਡਾ.), ਸਾਹਿਤ ਸਿਧਾਂਤ ਤੇ ਸਮੱਸਿਆ, ਸਮੀਖਿਆ ਮਹਾਂਗ੍ਰੰਥ,ਭਾਗ-1,ਮਦਾਨ ਪਬਲਿਸ਼ਰਜ਼ ਪਟਿਆਲਾ, ਜਨਵਰੀ,1971

ਘੁੰਮਣ, ਬਿਕਰਮ ਸਿੰਘ(ਡਾ.), ਆਸਾ ਦੀ ਵਾਰ, ਚਿੰਤਨ ਤੇ ਕਲਾ,
ਲਿਟਰੇਚਰ ਹਾਊਸ, ਅੰਮ੍ਰਿਤਸਰ,1981

ਚੰਦ, ਰਣਧੀਰ ਸਿੰਘ(ਡਾ.) ਤੇ ਘੁੰਮਣ ਬਿਕਰਮ ਸਿੰਘ, ਕਹਾਣੀਕਾਰ ਕੁਲਵੰਤ ਸਿੰਘ ਵਿਰਕ,
ਨਿਊ ਬੁੱਕ ਕੰਪਨੀ, ਜਲੰਧਰ, ਪਹਿਲੀ ਵਾਰ,1972

ਚਰਨਜੀਤ ਸਿੰਘ ਐਮ.ਏ.(ਪ੍ਰੋ.), ਸੋਚ ਕੀ ਬਾਣੀ ਨਾਨਕੁ ਆਖੈ,
ਪ੍ਰਕਾਸ਼ਕ ਪ੍ਰੋ. ਚਰਨਜੀਤ ਸਿੰਘ ਐਮ.ਏ,
43/12,ਈਸਟ ਮੋਰ ਪਟੇਲ ਨਗਰ,ਨਵੀਂ ਦਿੱਲੀ
ਮਿਤੀਹੀਣ

ਛਾਬੜਾ ,ਜਗਜੀਤ ਸਿੰਘ, ਗੁਰੂ ਨਾਨਕ ਬਾਣੀ, ਇਕ ਅਧਿਐਨ,
ਸੀਮਾ ਪ੍ਰਕਾਸ਼ਨ, ਜਲੰਧਰ, ਪਹਿਲੀ ਵਾਰ,
ਮਈ, 1971

ਜਗੀਰ ਸਿੰਘ (ਡਾ.), ਗੁਰਮਤਿ ਮੀਮਾਂਸਾ,
ਪਵਿੱਤਰ,ਪ੍ਰਮਾਣਿਕ ਪ੍ਰਕਾਸ਼ਨ,151 ,ਗੁਰੂ ਨਾਨਕ
ਨਗਰ, ਤ੍ਰਿਪੜੀ(ਟਾਊਨਸ਼ਿਪ)ਪਟਿਆਲਾ,1984

ਜਗੀਰ ਸਿੰਘ ਜਗਤਾਰ(ਸੰਪਾ.), ਗੁਰੂ ਨਾਨਕ, ਇਕ ਸ਼੍ਰਿਸ਼ਟੀਕੋਣ,
ਮੁਹਾਂਦਰਾ ਪ੍ਰਕਾਸ਼ਨ, ਬਰਨਾਲਾ, ਪਹਿਲੀ ਵਾਰ
ਅਕਤੂਬਰ,1970

ਜੋਧ ਸਿੰਘ(ਭਾਈ), ਗੁਰਮਤਿ ਨਿਰਣਯ,
ਮਾਡਲ ਟਾਊਨ,ਲੁਧਿਆਣਾ, 1932

----, ਗੁਰੂ ਨਾਨਕ ਸਿਮਰਤੀ ਵਿਆਖਿਆਨ,
ਪੰਜਾਬੀ ਯੂਨੀਵਰਸਿਟੀ,ਪਟਿਆਲਾ,1966-67

----, (ਸੰਕਲਿਤ), ਗੁਰੂ ਨਾਨਕ ਮੱਤ ਦਰਪਨ,
ਭਾਸ਼ਾ ਵਿਭਾਗ,ਪੰਜਾਬ,ਪਟਿਆਲਾ,1970

----(ਸੰਪਾਦਕ), ਗੁਰੂ ਨਾਨਕ ਬਾਣੀ,
ਨੈਸ਼ਨਲ ਬੁੱਕ ਟਰੱਸਟ,ਇੰਡੀਆ,ਨਵੀਂ ਦਿੱਲੀ,
1970, ਦੂਜੀ ਵਾਰ,1976

| | |
|---|---|
| ਜੋਗਿੰਦਰ ਸਿੰਘ(ਪ੍ਰੋ.), | ਸ੍ਰੀ ਗੁਰੂ ਗ੍ਰੰਥ ਦਰਪਣ,<br>ਪੰਜਾਬੀ ਪ੍ਰਕਾਸ਼ਕ,6268/6,ਦੇਵ ਨਗਰ ਨਵੀਂ ਦਿੱਲੀ-5, ਜਨਵਰੀ,1966 |
| ਜਗਬੀਰ ਸਿੰਘ (ਡਾ.), | ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ,<br>ਭਾਸ਼ਾ ਵਿਭਾਗ, ਪੰਜਾਬ, ਪਟਿਆਲਾ,1973 |
| ----, | ਬਾਣੀ ਸੰਸਾਰ,<br>ਰਵਿੰਦਰ ਪ੍ਰਕਾਸ਼ਨ, ਡਬਲਿਊ-2 -13,ਮਨੋਹਰ ਪਾਰਕ, ਦਿੱਲੀ-35, 1975 |
| ਜਸਬੀਰ ਕੌਰ(ਡਾ.), | ਨਾਨਕ ਬਾਣੀ ਵਿਚ ਵਿਅਕਤੀ ਤੇ ਸਮਾਜ ਦਾ ਸੰਕਲਪ,<br>ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972 |
| ਜੱਗੀ, ਰਤਨ ਸਿੰਘ (ਡਾ.), | ਗੁਰੂ ਨਾਨਕ ਦੀ ਵਿਚਾਰਧਾਰਾ,<br>ਨਵਯੁੱਗ ਪਬਲਿਸ਼ਰਜ਼, ਦਿੱਲੀ 1969 |
| ਢਿੱਲੋਂ,ਜਸਵਿੰਦਰ ਕੌਰ(ਡਾ.), | ਗੁਰੂ ਨਾਨਕ ਦੀ ਕੀਮਤ-ਮੀਮਾਂਸਾ,<br>ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪਹਿਲੀ ਵਾਰ, 1982 |
| ਤਾਲਿਬ, ਗੁਰਬਚਨ ਸਿੰਘ(ਪ੍ਰੋ.) (ਸੰਪਾ), | ਧਰਮ ਦੀ ਉਤਪਤੀ ਤੇ ਵਿਕਾਸ,<br>ਅਨੁਵਾਦਕ ਪ੍ਰੋ. ਜਨਕ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ,1985 |
| ਤਾਂਘ, ਈਸ਼ਰ ਸਿੰਘ(ਡਾ.), | ਪੱਛਮੀ ਸਮੀਖਿਆ ਦੇ ਸਿਧਾਂਤ,<br>ਲੀਨਾ ਪਬਲਿਸ਼ਰਜ਼, ਪਟਿਆਲਾ,ਮਿਤੀਹੀਣ |
| ਤਿਵਾੜੀ, ਵਿਸ਼ਵਨਾਥ(ਡਾ.), | ਕ੍ਰਾਂਤੀਕਾਰੀ ਗੁਰੂ ਨਾਨਕ,<br>ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਮਿਤੀਹੀਣ |
| ਤਾਰਨ ਸਿੰਘ(ਡਾ.), | ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ,<br>ਸ਼੍ਰੋ.ਗੁ.ਪ੍ਰਬੰਧਕ ਕਮੇਟੀ,ਅੰਮ੍ਰਿਤਸਰ, 1963 |

ਤਾਰਨ ਸਿੰਘ (ਡਾ.), *ਨਾਨਕ:ਦਰ ਘਰ,*
ਭਾਈ ਫ਼ਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ,1958

----, *ਗੁਰੂ ਨਾਨਕ ਚਿੰਤਨ ਤੇ ਕਲਾ,*
ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ,
ਜਲੰਧਰ, ਦੂਜੀ ਵਾਰ, 1969

----, *ਨੇਮ ਤੇ ਪ੍ਰੇਮ,*
ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ,1969

ਤ੍ਰਿਪਤ ਕੌਰ(ਡਾ.), *ਆਦਿ ਗ੍ਰੰਥ ਵਿਚ ਇਸਤਰੀ ਦਾ ਸੰਕਲਪ,*
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1982

ਦੁਸਾਂਝ, ਸੁਰਿੰਦਰ ਸਿੰਘ, *ਗੁਰੂ ਨਾਨਕ ਬਾਰੇ ਸੋਚ ਦੀ ਖੋਜ,*
ਸਾਹਿਤ ਕਲਾ ਪ੍ਰਕਾਸ਼ਨ, ਲੁਧਿਆਣਾ,
ਪਹਿਲੀ ਵਾਰ, 1972

ਦਲਜੀਤ ਸਿੰਘ(ਸੰਪਾ), *ਗੁਰੂ ਨਾਨਕ ਜੋਤਿ ਤੇ ਸਰੂਪ,*
ਦੇਵਦੂਤ ਪ੍ਰਕਾਸ਼ਨ, ਲੁਧਿਆਣਾ, ਮਿਤਹੀਣ

ਢਿੱਲੋਂ, ਜੀ ਐਸ(ਡਾ.), *ਭਾਰਤੀ ਰਾਜਨੀਤਿਕ ਵਿਚਾਰਧਾਰਾ,*
ਪ੍ਰਾਚੀਨ ਅਤੇ ਆਧੁਨਿਕ (ਭਾਗ ਪਹਿਲਾ),
ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ,
ਪਟਿਆਲਾ,1984

ਦੀਪ, ਦਵਿੰਦਰ ਕੌਰ(ਡਾ.), *ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਨਾਨਕ*
*ਬਾਣੀ ਵਿਚ ਭਾਰਤੀ ਸਭਿਆਚਾਰ ਦਾ ਚਿਤ੍ਰਨ,*
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ,1983

ਦਵਿੰਦਰਬੀਰ ਸਿੰਘ(ਡਾ.), *ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਕਿਰਤ*
ਦਾ ਸੰਕਲਪ, ਪੰਜਾਬ ਯੂਨੀ. ਚੰਡੀਗੜ੍ਹ, 1980

ਨਰੋਤਮ ਤਾਰਾ ਸਿੰਘ(ਪੰਡਿਤ), *ਗ੍ਰੰਥ ਸ੍ਰੀ ਗੁਰਮਤ ਨਿਰਣਯ ਸਾਗਰ,*
ਖੋਸਲੇ ਸੰਸਕ੍ਰਿਤ ਪ੍ਰੈਸ, ਲਾਹੌਰ,1925

ਪ੍ਰੇਮ ਪ੍ਰਕਾਸ਼ ਸਿੰਘ(ਡਾ.), ਗੁਰੂ ਨਾਨਕ ਬਾਣੀ ਦੇ ਵਿਸ਼ੇਸ਼ ਪ੍ਰਸੰਗ ਵਿਚ ਪੰਜਾਬੀ ਨਿਰਗੁਣ ਕਾਵਿ ਧਾਰਾ ਦਾ ਆਲੋਚਨਾਤਮਕ ਅਧਿਐਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1971

------, ਗੁਰੂ ਨਾਨਕ ਤੇ ਨਿਰਗੁਣਧਾਰਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1973

ਪ੍ਰਤਾਪ ਸਿੰਘ (ਗਿਆਨੀ), ਗੁਰਮਤਿ ਫਿਲਾਸਫੀ, ਸਿੱਖ ਸੰਸਕਾਰ, ਰਹਿਤ ਮਰਯਾਦਾ ਅਤੇ ਰਹਿਤਨਾਮੇ, ਖਾਲਸਾ ਬ੍ਰਦਰਜ਼, ਮਾਈ ਸੇਵਾਂ ਅੰਮ੍ਰਿਤਸਰ, 9ਵੀਂ ਐਡੀਸ਼ਨ, 1979

ਪ੍ਰੀਤਮ ਸਿੰਘ (ਪ੍ਰੋ.), ਸਿੱਖ ਵਿਚਾਰਧਾਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਮਈ 1968

----, ਸਿੱਖ ਫਲਸਫੇ ਦੀ ਰੂਪ ਰੇਖਾ(ਸੰਪਾ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਮਿਤੀਹੀਣ

ਬਲਬੀਰ ਸਿੰਘ(ਡਾ.), ਸੁਰਤਿ-ਸ਼ਬਦ ਵਿਚਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972

ਬੇਦੀ, ਕਾਲਾ ਸਿੰਘ (ਡਾ.), ਗੁਰੂ ਨਾਨਕ ਦਰਸ਼ਨ, ਪੰਜਾਬੀ ਪ੍ਰਕਾਸ਼ਕ, ਨਵੀਂ ਦਿੱਲੀ, 1965

----, ਵਾਰਕਾਰ ਗੁਰੂ ਨਾਨਕ, ਪੰਜਾਬੀ ਬੁੱਕ ਸਟੋਰ, ਨਵੀਂ ਦਿੱਲੀ, 1968

ਬੈਂਸ, ਹਰਦਿਆਲ, ਸ਼ਹੀਦਾਂ ਦਾ ਪੈਗਾਮ, ਪ੍ਰਕਾਸ਼ਕ: ਮਾਰਕਸ ਏਂਗਲਜ਼, ਲੈਨਿਨ ਸਟਾਲਿਨ ਇੰਸਟੀਚਿਊਟ, ਟੋਰਾਂਟੋ, ਜਨਵਰੀ, 1985

ਭੋਗਲ, ਪਿਆਰਾ ਸਿੰਘ(ਪ੍ਰੋ.), ਸਾਹਿਤਕ ਨਿਬੰਧ, ਯੂਨੀਵਰਸਲ ਕਾਲਜ, ਕਨਾਟ ਸਰਕਸ, ਜਲੰਧਰ, ਮਿਤੀਹੀਣ

ਭਾਟੀਆ, ਸੁਰਜੀਤ ਸਿੰਘ, ਸੁਚੇਤ ਚੇਤਨਾ,
ਲਾਹੌਰ ਬੁੱਕ ਸ਼ਾਪ, ਲੁਧਿਆਣਾ,1982

ਮਨਮੋਹਨ ਸਿੰਘ(ਡਾ.), ਗੁਰੂ ਨਾਨਕ ਅਤੇ ਭਗਤੀ ਅੰਦੋਲਨ,
ਮਨਦੀਪ ਪ੍ਰਕਾਸ਼ਨ, 9/56,ਮੋਤੀ ਨਗਰ, ਨਵੀਂ ਦਿੱਲੀ-15, ਅਕਤੂਬਰ 1970

------, ਭਗਤੀ ਅੰਦੋਲਨ ਪ੍ਰਤੀ ਗੁਰੂ ਨਾਨਕ ਦੇਵ ਜੀ ਦੀ ਦੇਣ,
ਮਨਦੀਪ ਪ੍ਰਕਾਸ਼ਨ, 9/56,ਮੋਤੀ ਨਗਰ, ਨਵੀਂ ਦਿੱਲੀ-15, 1975

ਮੱਧਕਾਲੀਨ ਪੰਜਾਬੀ ਸਾਹਿਤ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ,1970

ਮੈਕਲੋਡ, ਡਬਲਯੂ.ਐਚ., ਗੁਰੂ ਨਾਨਕ ਦੇ ਉਪਦੇਸ਼,
ਅਨੁਵਾਦਕ, ਮੋਹਨਜੀਤ ਸਿੰਘ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ,1974

ਮੈਨੀ,ਧਰਮਪਾਲ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ, ਇਕ ਪਰਿਚਯ,
5,ਫੀਲਡ ਗੰਜ, ਲੁਧਿਆਣਾ

-----, ਪੰਜਾਬੀ ਭਗਤੀ ਸਾਹਿਤ,
ਕੇ ਲਾਲ ਐਂਡ ਕੰਪਨੀ, ਕਨਾਟ ਸਰਕਸ, ਜਲੰਧਰ, 1972

ਰਾਮ ਸਿੰਘ(ਡਾ.), ਗੁਰੂ ਨਾਨਕ ਬਾਣੀ ਪਰਖ ਤੇ ਸਮਝ,
ਮਨੋਹਰ ਪੁਸਤਕ ਮਾਲਾ, ਮਕਾਨ ਨੰਬਰ 1, ਸੈਕਟਰ -15-ਏ,ਚੰਡੀਗੜ੍ਹ,ਮਾਰਚ,1989

ਰਾਜਿੰਦਰ ਕੌਰ, ਗੁਰੂ ਨਾਨਕ ਵਿਚਾਰਧਾਰਾ,
ਅਕਾਲ ਸਤਿਸੰਗ ਪਬਲਿਸ਼ਿੰਗ ਹਾਊਸ,ਜਲੰਧਰ,1977

ਰੈਨਾ, ਰਾਜਨੌਰ(ਪ੍ਰੋ.), ਗੁਰੂ ਨਾਨਕ-ਕਾਵਿ ਵਿਚ ਆਚਾਰ-ਨੀਤੀ (ਨੈਤਿਕਤਾ) ਦਾ ਸੰਕਲਪ,
ਜਗਜੀਤ ਪ੍ਰਕਾਸ਼ਨ, ਸਿੰਘਪੁਰ ਕਲਾਂ, ਬਾਰਾਮੂਲਾ, (ਕਸ਼ਮੀਰ), 1973

| | |
|---|---|
| ਰੰਗਾ ਨਾਥਾਨੰਦ(ਸੁਆਮੀ), | *ਸੁਆਮੀ ਵਿਵੇਕਾਨੰਦ ਤੇ ਉਨ੍ਹਾਂ ਦਾ ਮਾਨਵਵਾਦ,* ਅਨੁਵਾਦਕ:ਜਸਬੀਰ ਕੌਰ ਆਹੂਜਾ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1984 |
| ਵਜ਼ੀਰ ਸਿੰਘ(ਡਾ.), | *ਨਾਨਕ ਬਾਣੀ ਚਿੰਤਨ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, ਦਸੰਬਰ,1969 |
| ----, | *ਗੁਰੂ ਨਾਨਕ ਸਿਧਾਂਤ,* ਪੰਜਾਬੀ ਸਾਹਿਤ ਅਕਾਦਮੀ,ਲੁਧਿਆਣਾ,1969 |
| ----, | *ਨੈਤਿਕ ਨਿਯਮ,* ਪੰਜਾਬੀ ਯੂਨੀਵਰਸਿਟੀ, ਪਟਿਆਲ,1975 |
| ----, | *ਸਾਹਿਤ,ਕਲਾ, ਦਰਸ਼ਨ-ਸਾਹਿਤਕ ਦਾਰਸ਼ਨਿਕ ਲੇਖ,* ਮਦਾਨ ਪਬਲਿਸ਼ਰਜ਼,ਪਟਿਆਲਾ,1981 |
| ----, | *ਧਰਮ ਦਾ ਦਾਰਸ਼ਨਿਕ ਪੱਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ,1986 |
| ਵੋਹਰਾ, ਆਸ਼ਾ ਨੰਦ(ਡਾ.), | *ਸ੍ਰੀ ਗੁਰੂ ਨਾਨਕ ਦੇਵ ਜੀ:ਰਚਿਤ ਆਸਾ ਦੀ ਵਾਰ- ਇਕ ਸਾਂਸਕ੍ਰਿਤਕ ਅਧਿਐਨ,* ਜੈਨ ਬੁੱਕ ਡਿਪੋ, ਰੋਹਤਕ ,ਜਨਵਰੀ,1971 |
| ਵਿਨੋਬਾ ਭਾਵੇ, | *ਜਪੁਜੀ,* ਅਨੁਵਾਦਕ,ਸੀਤਾ ਰਾਮ ਬਾਹਰੀ,ਪੰਜਾਬੀ ਯੂਨੀਵਰਸਿਟੀ, ਪਟਿਆਲਾ,1969 |
| ਵ.ਕੋਰਨੇਵ, ਅਨੁਵਾਦਕ:ਗੁਰਬਖਸ਼, | *ਗੁਰੂ ਨਾਨਕ(ਲੇਖ-ਸੰਗ੍ਰਹਿ),* ਪ੍ਰਗਤੀ ਪ੍ਰਕਾਸ਼ਨ, ਸੋਵੀਅਤ ਯੂਨੀਅਨ,1977 |
| ਸ਼ਰਮਾ, ਕ੍ਰਿਸ਼ਨ ਲਾਲ ਅਤੇ ਭਾਟੀਆ ਨਰਿੰਦਰ ਕੌਰ(ਸੰਪਾ) | *ਬਾਣੀ ਵਿਲਾਸ:ਗੁਰੂ ਨਾਨਕ ਅਧਿਐਨ ਵਿਭਾਗ,* ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ,1982 |
| ਸ਼ੇਰ ਸਿੰਘ(ਡਾ.), | *ਵਿਚਾਰਧਾਰਾ,* ਲਾਹੌਰ ਬੁੱਕ ਸ਼ਾਪ,ਲੁਧਿਆਣਾ |
| ----, | *ਗੁਰਮਤਿ ਦਰਸ਼ਨ,* ਸ਼੍ਰੋ.ਗੁ.ਪ੍ਰ.ਕਮੇਟੀ,ਅੰਮ੍ਰਿਤਸਰ,1961 |
| 'ਸ਼ੇਰ',ਸ਼ੇਰ ਸਿੰਘ, | *ਸਚਿਆਰ ਗੁਰੂ ਨਾਨਕ,* ਪੰਜਾਬ ਕਿਤਾਬ ਘਰ ਮਾਈ ਹੀਰਾਂ ਗੇਟ, ਜਲੰਧਰ, ਜ਼ਾਹਿਰ,11ਸਤੰਬਰ 1972 |

ਪੱਤਰਕਾਵਾਂ:

ਆਲੋਚਨਾ (ਗੁਰੂ ਨਾਨਕ ਅੰਕ) ਪੰਜਾਬੀ ਸਾਹਿਤ ਅਕਾਡਮੀ, ਜਨਵਰੀ-ਦਸੰਬਰ, 1969

ਗੁਰਮਤਿ ਪ੍ਰਕਾਸ਼, ( ਗੁਰੂ ਨਾਨਕ ਬਾਣੀ ਅੰਕ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਸਤੰਬਰ 1969, ਨਵੰਬਰ 1982, ਅਗਸਤ 1970

ਗੁਰਦੁਆਰਾ ਗਜ਼ਟ, ਜਿਲਦ 52, ਮਹੀਨਾ ਜੂਨ, 1982, ਅੰਕ 6, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਸੋਧ, ਸੰਪਾ ਤੇ ਪਬਲਿਸ਼ਰਜ਼ ਗੁਰਦੇਵ ਸਿੰਘ ਪ੍ਰੂੰਨ੍ਹੂ, ਨਵੀਂ ਦਿੱਲੀ, ਸਤੰਬਰ 1976, ਅਪ੍ਰੈਲ, 1983

ਸਾਹਿਤ ਸਮਾਚਾਰ ਦਾ ਗੁਰੂ ਸਾਹਿਤ ਅੰਕ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970

ਜਾਗ੍ਰਤੀ, ਨਵਵਰਸ਼ ਅਤੇ ਸੰਪਰਦਾਇਕ ਸਦਭਾਵਨਾ ਵਿਸ਼ੇਸ਼ ਅੰਕ, ਪ੍ਰਕਾਸ਼ਨ, ਡਾਇਰੈਕਟਰ ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਚੰਡੀਗੜ੍ਹ, ਜਨਵਰੀ 1984

ਜਾਗ੍ਰਤੀ, " " " " ਸਤੰਬਰ 1984

ਨਾਨਕ ਪ੍ਰਕਾਸ਼ ਪਤ੍ਰਿਕਾ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਿਲਦ 1, ਅੰਕ 1, ਦਸੰਬਰ 1970

ਨਾਨਕ ਪ੍ਰਕਾਸ਼ ਪਤ੍ਰਿਕਾ, ( ਪੰਜਾਬੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦਾ ਤ੍ਰੈ-ਮਾਸਕ ਪੱਤਰ) ਸੰਪਾ. ਡਾ. ਤਾਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਿਲਦ ਪਾਵੀਂ, ਅੰਕ ਦੂਜਾ, 31 ਦਸੰਬਰ, 1973

ਨਾਨਕ ਪ੍ਰਕਾਸ਼ ਪਤ੍ਰਿਕਾ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਿਲਦ ਸੋਲ੍ਹਵੀਂ ਅੰਕ ਦੂਜਾ, ਦਸੰਬਰ 1983

ਨਾਨਕ ਪ੍ਰਕਾਸ਼ ਪ੍ਰਤਿਕਾ: ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀ. ਪਟਿਆਲਾ, ਸੰਗਤ ਵਿਸ਼ੇਸ਼ ਅੰਕ, ਜਿਲਦ 17ਵੀਂ, ਅੰਕ ਪਹਿਲਾ, ਜੂਨ, 1984

ਨਾਨਕ ਪ੍ਰਕਾਸ਼ ਪਤ੍ਰਿਕਾ: ਗੁਰੂ ਨਾਨਕ ਅਧਿਐਨ ਵਿਭਾਗ, ਪੰਜਾਬੀ ਯੂਨੀ. ਪਟਿਆਲਾ, ਸੇਵਾ ਵਿਸ਼ੇਸ਼ ਅੰਕ, ਜਿਲਦ ਅਠਾਰ੍ਹਵੀਂ, ਅੰਕ ਦੂਜਾ, ਦਸੰਬਰ 1984

ਨਾਨਕ ਪ੍ਰਕਾਸ਼ ਪਤ੍ਰਿਕਾ, ਭਗਤੀ ਵਿਸ਼ੇਸ਼ ਅੰਕ, ਜਿਲਦ ਉਨ੍ਹੀਵੀਂ, ਅੰਕ ਪਹਿਲਾ ਜੂਨ, 1985

ਨਾਨਕ ਪ੍ਰਕਾਸ਼ ਪਤ੍ਰਿਕਾ, ਜਿਲਦ ਵੀਹਵੀਂ, ਅੰਕ ਦੂਜਾ, ਦਸੰਬਰ 1985

ਨਾਨਕ ਪ੍ਰਕਾਸ਼ ਪਤ੍ਰਿਕਾ: ਗੁਰੂ ਨਾਨਕ ਅਧਿਐਨ ਵਿਭਾਗ , ਪੰਜਾਬੀ ਯੂਨੀਵਰਸਿਟੀ ਪਟਿਆਲਾ, ਜਿਲਦ ਪੈਂਤੀਵੀਂ, ਪਹਿਲਾ ਅੰਕ, ਜੂਨ, 1966

ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਮਾਰਚ 1970,ਜੂਨ,1976

ਪਰਖ, ਗੁਰੂ ਨਾਨਕ ਸਿਮ੍ਰਤੀ ਅੰਕ, ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ, ਨੰਬਰ 1,1969

ਖੋਜ ਪਤ੍ਰਿਕਾ , ਅੰਕ 4, ਮਈ 31, 1970,ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਿੱਖ ਵਿਚਾਰਧਾਰਾ, ਨਵੀਂ ਦਿੱਲੀ, ਨਵੰਬਰ 1984 (ਗੁਰਮਤਿ ਮਿਸ਼ਨਰੀ ਦਾ ਮਾਸਕ ਪਤਰ)

ਖੋਜ ਦਰਪਣ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, ਜਨਵਰੀ 1974,ਅੰਕ 1

ਸਾਡਾ ਵਿਰਸਾ ਸਾਡਾ ਗੌਰਵ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਗੁਰਦੁਆਰਾ ਸ਼ਹੀਦਾਂ ਮਾਡਲ ਟਾਊਨ, ਲੁਧਿਆਣਾ, ਅਪ੍ਰੈਲ 1987, ਅੰਕ ਚੌਥਾ


****

ਹਿੰਦੀ ਪੁਸਤਕਾਂ:


ਉਪਾਧਿਆਇ, ਬਲਦੇਵ, *ਭਾਰਤੀਯ ਦਰਸ਼ਨ,* ਸ਼ਾਰਦਾ ਮੰਦਿਰ, ਕਾਸ਼ੀ, 1960

ਗੰਗਾਦੱਤ ਤਿਵਾਰੀ(ਡਾ.), *ਆਧੁਨਿਕ ਰਾਜਨੀਤਿਕ ਵਿਚਾਰਧਾਰਾਵਾਂ,* ਮੀਨਾਕਸ਼ੀ ਪ੍ਰਕਾਸ਼ਨ, ਬੇਗਮ ਬ੍ਰਿਜ,ਮੇਰਠ,1976

ਗਣਪਤੀਚੰਦਰ ਗੁਪਤ(ਡਾ.), *ਸਾਹਿਤਯ ਕਾ ਵਿਗਿਆਨਕ ਵਿਵੇਚਨ,*

ਗੁਪਤ,ਦੇਵੀ ਪ੍ਰਸਾਦ (ਡਾ.), *ਸਾਹਿਤ: ਸਿਧਾਂਤ ਔਰ ਸਮਾਲੋਚਨਾ,* ਆਤਮਾ ਰਾਮ ਐਂਡ ਸੰਨਜ਼, ਦਿੱਲੀ, ਚੰਡੀਗੜ੍ਹ ਲਖਨਊ, 1978

ਜੈ ਪ੍ਰਕਾਸ਼ ਨਾਰਾਇਣ, *ਸਮਾਜਵਾਦ, ਸਰਵੋਦਯ ਔਰ ਲੋਕਤੰਤਰ,* (ਅਨੁਵਾਦਕ)ਸ਼੍ਰੀ ਸਚਿਦਾਨੰਦ,ਪਟਨਾ, ਬਿਹਾਰ ਹਿੰਦੀ ਗ੍ਰੰਥ ਅਕਾਦਮੀ, ਸੰਮੇਲਨਭਵਨ, ਅਕਤੂਬਰ, 1973

ਦ੍ਵਿਵੇਦੀ, ਹਜ਼ਾਰੀ ਪ੍ਰਸਾਦ(ਡਾ.), *ਮਧਯਕਾਲੀਨ ਧਰਮ ਸਾਧਨਾ,* ਇਲਾਹਾਬਾਦ ਸਾਹਿਤਯ ਭਵਨ,ਪ੍ਰਾ.ਲਿ. 1962, ਤੀਸਰਾ ਐਡੀਸ਼ਨ

-----, *ਮੱਧਯਕਾਲੀਨ ਬੋਧ ਕਾ ਸਵਰੂਪ,* ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀ.ਚੰਡੀਗੜ੍ਹ ਮਾਰਚ 1970

ਨਵਲ ਕਿਸ਼ੋਰ (ਡਾ.), *ਮਾਨਵਵਾਦ ਔਰ ਸਾਹਿਤਯ,* ਪ੍ਰਕਾਸ਼ਕ: ਅਰਵਿੰਦ ਕੁਮਾਰ, ਰਾਧਾ ਕ੍ਰਿਸ਼ਨ ਪ੍ਰਕਾਸ਼ਨ, ਦਿੱਲੀ-6, 1972

ਪਾਂਡੇ,ਗੋਬਿੰਦ ਚੰਦ੍ਰ, *ਮੂਲਯ ਮੀਮਾਂਸਾ,* ਰਾਜਸਥਾਨ ਹਿੰਦੀ ਗ੍ਰੰਥ ਅਕਾਦਮੀ, ਜੈਪੁਰ,1973

ਪੋਦਾਰ, ਹਨੁਮਾਨ ਪ੍ਰਸਾਦ, *ਮਾਨਵ ਧਰਮ,* ਗੀਤਾ ਪ੍ਰੈਸ, ਗੋਰਖਪੁਰ, 1976

ਪਾਠਕ, ਦਿਵਾਕਰ(ਡਾ.), <u>ਭਾਰਤੀਯ ਨੀਤੀ ਸ਼ਾਸਤਰ,</u>
ਪ੍ਰਕਾਸ਼ਕ, ਬਿਹਾਰ ਹਿੰਦੀ ਗ੍ਰੰਥ ਅਕਾਦਮੀ
195-ਬੀ, ਸ੍ਰੀ ਕ੍ਰਿਸ਼ਨਪੁਰੀ, ਪਟਨਾ-800001
ਦੂਜਾ ਸੰਸਕਰਣ, ਜੂਨ 1982

ਬਾਲੀ, ਦੇਵਰਾਜ(ਡਾ.), <u>ਮਾਨਵਵਾਦ ਕੀ ਪਾਸ਼ਚਿਮੀ ਔਰ ਭਾਰਤੀਯ ਪਰੰਪਰਾ,</u>
(ਦਾਰਸ਼ਨਿਕ ਨਿਬੰਧ)
ਯੁਵਾ ਹਿੰਦੀ ਲੇਖਕ ਸੰਘ, ਚੌਕੀ ਸਰਾਜਾਂ, ਜੰਮੂ
ਮਿਤੀਹੀਣ

<u>ਮਾਨਵਤਾ ਕੇ ਮੂਲ ਸਿਧਾਂਤ,</u> ਪ੍ਰਕਾਸ਼ਕ: ਮਾਨਵ ਸੇਵਾ ਸੰਘ, ਵ੍ਰਿੰਦਾਵਨ, ਮਥਰਾ
(ਉਤਰ ਪ੍ਰਦੇਸ਼) ਫਰਵਰੀ, 1961

ਮਿਸ਼ਰ, ਸ਼ਿਵ ਕੁਮਾਰ, <u>ਦਰਸ਼ਨ, ਸਾਹਿਤਯ ਔਰ ਸਮਾਜ,</u>
ਪੀਪਲਜ਼ ਲਿਟਰੇਸੀ, 517, ਮਟੀਆ ਮਹੱਲ,
ਦਿੱਲੀ 110006, ਪਹਿਲਾ ਸੰਸਕਰਣ, 1981

ਮੰਗਲ, ਲਾਲ ਚੰਦ ਗੁਪਤ(ਡਾ.), <u>ਅਸਤਿਤਵਵਾਦ ਔਰ ਨਈ ਕਹਾਨੀ,</u>
ਦਿੱਲੀ-7, 1975

ਮਿਸ਼ਰ, ਜਯ ਰਾਮ(ਡਾ.), <u>ਨਾਨਕ-ਬਾਣੀ,</u> ਮਿਤਰ ਪ੍ਰਕਾਸ਼ਨ, ਪ੍ਰਾਈਵੇਟ
ਲਿਮਿਟਿਡ, ਇਲਾਹਾਬਾਦ ਸੰਮਤ, 2018 ਬਿ.

----, <u>ਸ੍ਰੀ ਗੁਰੂ ਗ੍ਰੰਥ ਦਰਸ਼ਨ,</u>
ਸਾਹਿਤਯ ਭਵਨ(ਪ੍ਰਾਈਵੇਟ) ਲਿਮਿਟਿਡ
ਇਲਾਹਾਬਾਦ 1960

ਮੇਘ, ਰਮੇਸ਼ ਕੁੰਤਲ, <u>ਸੌਂਦਰਯ ਮੂਲਯ ਔਰ ਮੂਲਯਾਂਕਨ,</u>
ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, 1975

ਵਰਮਾ, ਸੁਰੇਂਦਰ(ਡਾ.), <u>ਨੀਤੀ ਸ਼ਾਸਤਰ ਕੀ ਸਮਕਾਲੀਨ ਪ੍ਰਵਿਰਤੀਆਂ</u>
ਪ੍ਰਕਾਸ਼ਕ, ਮਧਯ ਪ੍ਰਦੇਸ਼ ਹਿੰਦੀ ਗ੍ਰੰਥ ਅਕਾਦਮੀ
ਭੋਪਾਲ, ਪਹਿਲਾ ਸੰਸਕਰਣ, 1981

ਸਹਿਗਲ, ਮਨਮੋਹਨ (ਡਾ.), ਸੰਤ ਕਾਵਯ ਕਾ ਦਾਰਸ਼ਨਿਕ ਵਿਸ਼ਲੇਸ਼ਣ, ਭਾਰਤੇਂਦੂ ਭਵਨ, ਚੰਡੀਗੜ੍ਹ, 1965, ਪਹਿਲਾ ਐਡੀਸ਼ਨ

----, ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਖਣ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971

ਐਸ. ਪੋਪੋਵ, ਮਾਨਵਤਾ ਔਰ ਸਮਾਜਵਾਦ, ਅਨੁ. [illegible] ਨਾਰਾਇਣ ਭੱਟ, 22 ਕੇਸਰਬਾਗ ਪ੍ਰਕਾਸ਼ਕ: ਲਖਨਊ, ਜੁਲਾਈ 1981, ਪਹਿਲਾ ਸੰਸਕਰਣ ।

ਹਿੰਦੀ ਸਾਹਿਤ-ਕੋਸ਼, ਗਿਆਨ ਮੰਡਲ, ਬਨਾਰਸ, ਮਿਤੀਹੀਣ

ਆਨੰਦ, ਕੁਮਾਰ, ਮਨੁਸ਼ਯ ਕਾ ਵਿਰਾਟ ਰੂਪ(ਲੋਕ ਵਿਵਹਾਰ ਸੰਬੰਧੀ ਗਿਆਨ ਕੋਸ਼), ਰਾਜਪਾਲ ਐਂਡ ਸੰਨਜ਼, ਕਸ਼ਮੀਰੀ ਗੇਟ, ਦਿੱਲੀ, ਚੌਥਾ ਸੰਸਕਰਣ, 1970

ਪਤ੍ਰਿਕਾਵਾਂ:

ਆਜਕਲ, ਨਵੰਬਰ 1983, ਅੰਕ 7, ਪ੍ਰਕਾਸ਼ਨ ਵਿਭਾਗ, ਪਟਿਆਲਾ ਹਾਊਸ, ਨਵੀਂ ਦਿੱਲੀ-1

----, ਮਾਰਚ 1989, ਅੰਕ 11, " " " " " " "

ਪੰਜਾਬ ਸੌਰਭ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਰਾਸ਼ਟਰੀ ਏਕਤਾ ਅੰਕ, ਅਕਤੂਬਰ-ਨਵੰਬਰ 1983, ਮਈ 1984

-----, " " " " " " " " ਮਈ, 1984

ਕਲਿਆਣ, ਨਵੰਬਰ 1989, ਅੰਕ 11, ਗੀਤਾ-ਪ੍ਰੈਸ, ਗੋਰਖਪੁਰ

****

ENGLISHBOOKS

Anthur Schopenhauer, Religion and other essays, Swan Sonneusc HEIN & Co. PATERNOSTER SQUARE, London, 1890

Attar Singh(Dr.), Secularism and Sikh Faith, Guru Nanak Dev University, Amritsar, Ist Edi.May 1973

Avtar Singh, Ethics of Sikhs, Panjabi University, Patiala, 1970

Albert and others, Great Traditions in Ethics: Panjabi University, Patiala, 1968

Anand, Balwant Singh, GuruNanak: Religion and Ethics, Panjabi University, Patiala, 1968

Bal, Surjit Singh, Life of Guru Nanak, Publication Bureau, Panjab University, Chandigarh, III Ed. 1969.

Bahm, A.J., Philosophy -An Introduction, Asia Publishing House, Bombay 1969

Banerjee, Anil Chandra, Guru Nanakand His Times, Panjabi University, Patiala, 1971

———, Guru Nanak to Guru Gobind Singh, Rajesh Publications, New Delhi 1978.

Banerjee Indubhushan, Evolutionof the Khalsa, Vol.Ist, A.R.Mukherjee, 2 College, Square, Calcutta, 1947

Banerjee, Nikunj Vihari, Thespirit of Indian Philosophy, Arnold Heinemann Publishers, Mew Delhi, 1974.

Balasubrahmania, K., Hindu Ideals, Bharti Vidya Bhawan, Bombay, 1964

Barrier, Garold, TheSikhs and their Literature, Manohar Book Service, New Delhi 1970

Bhattacharya, Harinder(Ed), *Cultural Heritage of The Rama Krishan Mission of calcutta, 1969.*

Bhai Ardaman Singh — *Guru Nanak's solution of National Unity and Integration,* Panjab University, Chandigarh, 1975,-76

Briggs, Michall H., *Handbook of Philosophy,* Philosophical Library, New York, 1959

Budha Prakash, *Political and social Movements in Ancient Panjab,* Motilal Banarsi Dass Ltd,Delhi-1964

Cunningham, J.D., *History of the Sikh,* Oxford University Press,1918

Charles A.Moore, *Spirituality in the West,* Panjab University,Chandigarh Unesco Centre, 1955, Ist Ed.

Darshan Singh (Dr.), *Indian Bhaktitradition and Sikh Gurus,* Lyall book Depot,Ludhiana, 1968.

-------, *The Religion of Guru Nanak,* Lyall Book Depot,Ludhiana,1970

Dass Gupta,S.N., *A History of Indian Philosophy* Vol.I,University Press Cambridge, 1952.

Eherenfeld,David, *The Arrogance of Humanism,* New York,Oxford University Press 1978.

Field Dorothy, *The Religion of the Sikhs,* Ess Ess Publication Delhi 1976

Ganda Singh (Dr.) *The Sikhs and Sikhism,* Sikh History Society, Patiala,19

Gopal Singh (Dr.), *Shri Guru Granth Sahib,* (English Version) Gurdas Kapur & Sons,Pvt.Ltd.Delhi, 1960,Ist E

-------, *The Religon of the Sikhs,* Asia Publishing House,New Delhi,

Grewal, J.S. — Guru Nanak in History, Panjab University, Chandigarh, 1969

Gupta, Hari Ram, — History of Sikh Gurus, U.C.Kapur & Sons, M-58, Main Market, Greater Kailash, New Delhi. 1974.

Harbans Singh, — The Message of Sikhism, Gurdwara Prabhandhak Committee, Delhi -1968.

-----, — Guru Nanak and origins of Sikh Faith, Bombay Asia Publishing House, 1969.

-----(Ed), — Perspectives of Guru Nanak, (Seminar Papers) Patiala, Panjab University, 1975

-----, — Guru Nanak, Panjabi University, Patiala, 1980

Hardayal, — Hints for self-culture, Raj Kamal Publications, Ltd Delhi, 1948

Ishal Singh, — Nanakism: A new world order temporal and Spiritual, Ranjit Publishing House, New Delhi, Fresh Ed, Nov. 1969

-----, — The Philosophy of Guru Nanak, A comparative Study, Ranjit Publishing House, New Delhi-27, First Ed. Nov. 1969.

Iyanger, K.R. Srivivasa (Ed) — Guru Nanak-A Homage, Sahitya Akademi, New Delhi-1972

Jacques Maritain, — The Humanism, London, Geoffery Bles, /New York, First Published 1932, 6th Ed, 1954

J.A.C. Facginger Anar, — Hukanism V/s Theism, Julian Hartt, Yali Uni. Divinity Achool, The Antiocs Press Publishers 1951.

Jogindar Singh (Sir), — The Miracle of Sikhism, Lahore Book Shop, Mohan Lal Road, Laore.

Jodh Singh (Bhai), **Some Studies in Sikhism.** Lahore book Shop, Ludhiana, 1953

K.Damodaran, **Man and Society inIndian philosophy.** People's Publishing House, New Delhi, Ammedabad , Bombay, May 1970

Khazan Singh, **Philosophy of the Sikh Religion.** Language Deptt.Panjab, Patiala, 1970

Khushwant Singh, **The History of the Sikhs.** New Jershy Princeton Uni.Press, 1963

Kohli Surinder Singh(Dr.) **A criticalstudy of Adi Granth.** The Panjabi Writers Co-operative Industrial Society Ltd, New Delhi, 1961.

------, **Outlines of Sikh Thought.** Panjab Parkashan Karol Bagh, New Dehi, 1968.

Lochlin, C.H.(Dr.), **The Sikhs And Their Scriptures.** Lukhnow Publishing house, Lukhnow, 1958, Ist Edition

Mansukhani, Gobind Singh(Dr.) **Introduction of Sikhism.** Hemkunt Press E-I/16, Patel Road, New Delhi -110008

Mcleod, W.H., **Guru Nanak And the Sikh Religion.** Oxford University Press, 2/11, Ansari Road, Daryaganj, New Delhi-110002, 1968

M.A.Macauliffe, **The Sikh Religion.** S.Chand & Co.New Delhi, 1967, (Indian Print )

Mark Juergensmeyer and N.Gerald Barrier, (Edited) **Sikh Studies Comparative Perspectives ona changing Tradition** Berkeley Religions Studies, Service, Graduate Theological Union, Berkeley, California, 1979.

Mulk Raj Anand, **The Humanism of M.K.Gandhi.** Publication Bureau, Panjab University, Chandigarh.

N.Kittell(Trans), **Humanism Atheism:Principles and Practice.** Nanosti Press Agency, Pub.House Moscow, undated.

Narang, Gokal Chand, Transformation of Sikhism, New Book Society of India, New Delhi, 1956.

O'Dea Thomas F., The Sociology of Religon, Prentice-Hall of India, Pvt Ltd New Delhi, 1969.

Osborn R., Hunanism and moral theory, George Allen and Unwin Ltd, London 1959.

Otto Rudolf, The Ideaof Holy, Tr. B. Tunn, London, 1931

P.Thomas, Indian Women Through the Ages, Asia Publishing House, New York, 1964.

Peace, M.L, Guru Nanak - The unique Liberator, Miss Dorak Gurdinor Australia and Rattan Kaur, Jullundur, 1968.

Patrick Write, George Thomas, Introduction to Philosophy, Russian House, London, 1958.

Puran Singh (Prof.), The Book of Ten Masters, London 1926.

Panjabi University Patiala, Budhism, 1969

-------, Christianity, 1969

-------, Hinduism, 1969

-------, Islam, 1969

-------, Sikhism, 1969

Ray Niharranjan, The Sikh Gurus and the Sikh Society, Delhi, Munshi Ram Manohar Lal, 1975.

Radha Krishnan S., Indian Philosophy, George Allen and Unwin, London 1948.

----, Religion and Culture, Orient Paperbacks, 36 C, Cannaught Place, New Delhi, 110001, 1968.

Radha Krishnan, S., Eastern religion and Western Though, Orient Paperbacks, 36-C Connaught Place, New Delhi-110001 1969.

-----, An Idealistic view of life, " " "

-----, Religion And Society, " " " " "

-----, Recovery of Faith, " " " " " "

Radha K. and P.T. Raju(Ed), The Concept of Man, George Allen and Unwin, London, 1966

Ross, W.D. Fonndation of Ethics, Oxford, 1963

Roy, M.N. New Humanism, Renaissance Publishers, Calcutta, 1961.

Sethi, Amarjit Singh, Universal Sikhism, Hemkunt Press Publishers New Delhi -1972

Sher Singh (Dr.), Philosophy of Sikhism, Steerling Publishers Delhi, 1966.

Sohan Singh, The Seeker's Path, Bombay, Orient Languages, 1950, Ist Edition,

-----, The Asa Di war, The Ballad of God and Man, Deptt. of Guru Nanak Studies, G.N.D. University Amritsar, Ist Edi 1987.

Talib Gurbachan Singh, Guru Nanak :His personality and Vision, Gurdas Kapur Ltd Delhi. undated.

Teja Singh, (Principal), Guru Nanak and His Mission, Shiromani Gurdwara Prabhandhak Committee, Amritsar, undated.

Teja Singh & Ganda Singh, A short History of the Sikhs, Vol.I&II Orient Languages Ltd, 1950

Vivekananda, Swami, Karamyoga, Advaita Ashrama, Mayawati, Almora, Himalaya, 1960.

| | |
|---|---|
| Wazir Singh (Dr.), | Aspects ofGuru Nanak's Philosophy, Lahore BOok Shop, Ludhiana,1969. |
| -----, | Humanism of Guru Nanak, ( A philosophical Inquiry) Ess Ess Publications, 1977. |
| -----,(Ed) | Religions Phuralism and Co-Existence, Publication Bureau, Panjabi University,Patiala, 1986. |
| William Foxwell Albright, | History Archaeology and Christain Humanism, Adam & Charles Black Limited London, 1968. |
| William James, | The varieties of Religion Experience, New york, Collier Books, 1961, Collier Ltd. |

Encylopaedias:

Encyclopaedia Britanica, 1768, A New Survey of univers al knowledge, Vol.II Gunnery to Hydroxylenines, Ency.Bri.Chicago London, Toronto

New Standard Encylopaedaia Vol.Six Standard Educational Corporation, Chicago.

Encyclopaedia of Religion and Ethics, Vol.II and IV Edited James Hastings Charles Scribers London New York,1966.

Encyclopaedia of Philosophy, Editor in Chief, Paul Edward, The Macmilliam Company and Free Press, New YOrk,1972.

Encyclopaedia Americana, Vol.II

Encyclopaedia of Social Sciences, Vols. VII,VIII

**Mag azines:**

Journal of Sikh Studies VolXI No.1, February, 1984, Deptt of Guru Nanak [illegible] Sikh Studies, Guru Nanak Dev University, Amritsar.

The Journal of Religious Studies, (Guru Gobind Singh Deptt of Religious Studies, Vol.VII Spring 1979, No I, Panjabi university, Patiala.

Advance, Vol.XXXIII, September 1984, No.9 Publisher Director Information and Publicity, Panjab.

Art of Living, Vol.XI No.6-7, June - July, 1984. Publisher: Mubarak Singh 44, Model Town, Amritsar, 143001

YOJANA, Vol.29, No.14 & 15, August 15, Special Publications Division, Patiala, House, New Delhi, 110001, 1985.

-------, Vol.32, No. 14 & 15, August, 15, 1988.

****